ੴ
ਏਕੋ ਜਪੁ ਏਕੋ ਸਾਲਾਹ

ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ
ਲੁਧਿਆਣਾ

# ਅਣਡਿੱਠੀ ਦੁਨੀਆ

ਭਾਈ ਸਾਹਿਬ
ਰਣਧੀਰ ਸਿੰਘ


www.sikhbookclub.com

# ਤਤਕਰਾ


| ਪ੍ਰਕਰਣ | ਪੰਨਾ |
|---|---|
| - ਵਚਨ ਅਰੰਭ | ਹ |
| ੧. ਅੱਗਾ ਹੈ | ੧ |
| ੨. ਆਸਤਕ ਤੇ ਨਾਸਤਕ | ੫ |
| ੩. ਅਕਾਲ ਪੁਰਖ ਦਾ ਦਰਸ ਮਿਲਾਪ | ੧੬ |
| ੪. ਅਗਮ ਅਗੋਚਰ ਵਾਹਿਗੁਰੂ ਦੀ ਲਖਤਾ | ੪੧ |
| ੫. ਪੇਖਨਹਾਰਿਆਂ ਦੀ ਸਮ ਦ੍ਰਿਸ਼ਟਤਾ | ੪੪ |
| ੬. ਅਦ੍ਰਿਸ਼ਟ ਦ੍ਰਿਸ਼ਟਿਆਂ ਦੀ ਬਿਸਮਾਦਤਾ | ੪੫ |
| ੭. ਅਕਾਲ ਪੁਰਖ ਦੀ ਦਰਗਾਹ | ੫੨ |
| ੮. ਧਰਮਰਾਇ ਦੀ ਦਰਗਾਹ | ੧੦੦ |
| ੯. ਨਰਕ ਸੁਰਗ | ੧੪੫ |
| ੧੦. ਜਮ ਅਤੇ ਜਮਪੁਰੀ | ੧੭੯ |
| ੧੧. ਮਰਨ ਸਮੇਂ ਦੀ ਜਮਾਂ ਦੀ ਝਾਕੀ | ੧੯੨ |
| ੧੨. ਗੁਰਮੁਖਾਂ ਦੇ ਦੁਆਲੇ ਚੌਕੀ | ੨੪੦ |
| ਗੁਰਮੁਖਾਂ ਨੂੰ ਜੀਉ ਕਹਿਣ ਦਾ ਫਲ | ੨੮੮ |
| ੧੩. ਧਰਮਰਾਇ, ਚਿਤਰ ਗੁਪਤ ਤੇ ਆਵਾਗਵਨ | ੨੯੨ |
| ਪ੍ਰੇਤ-ਉਧਾਰ | ੩੧੨ |


●

# ਛੇਵੀਂ ਵਾਰ

'ਅਣਡਿਠੀ ਦੁਨੀਆ' ਇਸ 23×36/16 ਸਾਈਜ਼ ਵਿਚ ਪਹਿਲਾਂ ਦੋ ਵਾਰ ੧੯੭੭ ਅਤੇ ੧੯੮੩ ਵਿਚ ਪ੍ਰੈਸ-ਟਾਈਪ ਨਾਲ ਛਪ ਚੁਕੀ ਹੈ। ਜਤਨ ਕਰਨ ਤੇ ਵੀ ਪ੍ਰੈਸ-ਟਾਈਪ ਵਿਚ ਕਿਤੇ ਨਾ ਕਿਤੇ ਕੋਈ ਗ਼ਲਤੀ ਛਪ ਹੀ ਜਾਂਦੀ ਹੈ। ਐਤਕੀਂ ਪੁਸਤਕ ਨੂੰ ਫ਼ੋਟੋ-ਸਟੈਟ ਰਾਹੀਂ ਛਪਵਾਇਆ ਜਾ ਰਿਹਾ ਹੈ। ਪਰ ਨੈਗਿਟਵ ਬਣਾਉਣ ਤੋਂ ਪਹਿਲਾਂ ਸਾਰੀ ਪੁਸਤਕ ਦੀ ਪੂਰੀ ਤਰ੍ਹਾਂ ਸੁਧਾਈ ਕੀਤੀ-ਕਰਾਈ ਗਈ ਹੈ, ਤਾਕਿ ਅਗੇ ਤੋਂ ਕੋਈ ਗ਼ਲਤੀ ਛਪਣ ਵਿਚ ਨਾ ਆ ਸਕੇ।


ਅਤਿ ਦੀ ਮਹਿੰਗਾਈ ਕਾਰਨ ਕਾਗ਼ਜ਼, ਛਪਾਈ ਤੇ ਜਿਲਦਾਂ ਦੇ ਰੇਟ ਦਿਨ-ਬਦਿਨ ਵਧੀ ਹੀ ਜਾ ਰਹੇ ਹਨ, ਜਿਸ ਕਾਰਨ ਪੁਸਤਕ ਦੀ ਕੀਮਤ ਪਹਿਲਾਂ ਨਾਲੋਂ ਕਿਤੇ ਵਧ ਰਖਣੀ ਪਈ ਹੈ। ਪਰ ਸਾਡਾ ਜਤਨ ਇਹੋ ਹੈ ਕਿ ਗੁਰਮਤਿ ਪਰਚਾਰ ਨੂੰ ਮੁਖ ਰਖ ਕੇ ਇਨ੍ਹਾਂ ਪੁਸਤਕਾਂ ਨੂੰ ਲਾਗਤ ਮਾਤਰ ਤੇ ਹੀ ਸਿਖ ਸੰਗਤਾਂ ਦੇ ਪੇਸ਼ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਮਾਇਆ ਕਮਾਉਣ ਦਾ ਸਾਧਨ ਨਾ ਬਣਾਇਆ ਜਾਵੇ।

ਬਲਬੀਰ ਸਿੰਘ
ਸਕੱਤਰ
ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

੨੩-ਜੀ, ਸਰਾਭਾ ਨਗਰ
ਲੁਧਿਆਣਾ
੧੩-੬-੯੦




www.sikhbookclub.com



ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ


www.sikhbookclub.com

# ਅਣਡਿੱਠੀ ਦੁਨੀਆ

ਭਾਈ ਸਾਹਿਬ ਰਣਧੀਰ ਸਿੰਘ

**ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ**

ਐਫ-ਬਲਾਕ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ - 141 012

 www.sikhbookclub.com

© ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

1949, 1960, 1967, 1977, 1983, 1990, 1994, 1999,
ਅੱਠਵੀਂ ਵਾਰ ਨਵੰਬਰ 2003
ਨੌਵੀਂ ਵਾਰ ਨਵੰਬਰ 2010

**ਮੁੱਲ : 60-00 ਰੁਪਏ**

*ਪ੍ਰਕਾਸ਼ਕ :*
**ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ,**
ਐਫ਼-ਬਲਾਕ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ - 141 012

*ਪ੍ਰਿੰਟਰ :*
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

 www.sikhbookclub.com

# ਵਚਨ ਅਰੰਭ

ਆਤਮ-ਗਿਆਨ ਦੇ ਸਬੰਧ ਵਿਚ ਅਸ਼ਰਧਕ ਲੋਕ ਕਈ ਤਰ੍ਹਾਂ ਦੇ ਸ਼ੰਕੇ ਕਰਦੇ ਰਹਿੰਦੇ ਹਨ। ਅਜ ਕਲ ਕਮਿਊਨਿਜ਼ਮ ਦੇ ਅਸਰ ਕਰਕੇ ਨੌਜਵਾਨ ਤਬਕਾ ਰੂਹਾਨੀਅਤ ਤੋਂ ਮੁਨਕਰ ਹੋ ਰਿਹਾ ਹੈ। ਹੋਰ ਗੱਲਾਂ ਦੇ ਨਾਲ ਉਨ੍ਹਾਂ ਦਾ ਰੱਬ ਤੇ ਰੱਬੀ ਗੱਲਾਂ ਵਿਰੁਧ ਪ੍ਰਚਾਰ ਕਰਨਾ ਖ਼ਾਸ ਉਦੇਸ਼ ਬਣ ਗਿਆ ਹੈ। ਇਸ ਗ਼ਲਤ ਪ੍ਰਚਾਰ ਦੇ ਅਸਰ ਕਰਕੇ ਬਹੁਤ ਸਾਰੇ ਹੋਣਹਾਰ ਨੌਜਵਾਨ ਤੇ ਬਹੁਤ ਕਰਕੇ ਸਕੂਲਾਂ ਕਾਲਜਾਂ ਦੇ ਵਿਦਿਆਰਥੀ ਗੁਮਰਾਹ ਹੋ ਰਹੇ ਹਨ। ਇਸ ਲਈ ਲੋੜ ਸੀ ਕਿ ਅਜਿਹੇ ਸਵਾਲਾਂ ਸਬੰਧੀ ਇਕ ਪੁਸਤਕ ਲਿਖੀ ਜਾਏ, ਜਿਸ ਵਿਚ ਇਨ੍ਹਾਂ ਗੱਲਾਂ ਦਾ ਨਿਰਣਾ ਹੋਵੇ ਕਿ ਅਕਾਲ ਪੁਰਖ ਹੈ, ਇਸ ਦੁਨੀਆ ਤੋਂ ਅਗੇ ਹੋਰ ਅਣ-ਦਿਸਦਾ ਜਗਤ ਭੀ ਵਸਦਾ ਹੈ, ਜਿਸ ਦਾ ਨਿਰਣਾ ਗੁਰਬਾਣੀ ਵਿਚ ਚੰਗੀ ਤਰ੍ਹਾਂ ਕੀਤਾ ਗਿਆ ਹੈ। ਤੇ ਗੁਰੂ ਸਾਹਿਬਾਨ ਨੇ ਅਗਲੀ ਦੁਨੀਆ ਦੇ ਪਰਤੱਖ ਵਰਤਾਰੇ ਵਰਤਦੇ ਆਪ ਦੇਖ ਕੇ ਗੁਰਬਾਣੀ ਵਿਚ ਬਿਆਨ ਕੀਤੇ ਹਨ, ਜਿਹਾ-ਕੁ ਬਚਨ ਹੈ—

ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ ਸੁ ਨਾਨਕੁ ਆਖਿ ਸੁਣਾਵੈ ॥
(੨॥੧੦) ਆਸਾ ਮਹਲਾ ੫, ਪੰਨਾ ੩੭੩

ਸੋ ਅਗਲੀ ਦੁਨੀਆ ਦਾ ਨਿਰਣਾ ਗੁਰਬਾਣੀ ਦੀ ਰੌਸ਼ਨੀ ਵਿਚ ਇਸ ਪੁਸਤਕ **ਅਣਡਿੱਠੀ ਦੁਨੀਆ** ਵਿਚ ਕੀਤਾ ਗਿਆ ਹੈ। ਇਸ ਵਿਚ ਹੇਠ ਲਿਖੇ ਪ੍ਰਕਰਣ ਹਨ—ਅੱਗਾ ਹੈ, **ਅਕਾਲ** ਪੁਰਖ ਦੀ ਦਰਗਾਹ, ਧਰਮਰਾਇ ਦੀ ਕਚਹਿਰੀ, ਚਿਤਰ ਗੁਪਤ, ਮਰਨ ਤੋਂ ਪਿਛੋਂ ਜੀਵ ਨੂੰ ਧਰਮਰਾਇ ਦੀ ਕਚਹਿਰੀ ਵਿਚ ਜਾ ਕੇ ਲੇਖਾ ਦੇਣਾ ਪੈਂਦਾ ਹੈ, ਨਰਕ ਸੁਰਗ ਇਤਿਆਦਿ। ਪੁਸਤਕ ਵਿਚ ਹਰ ਪ੍ਰਕਰਣ ਸਬੰਧੀ ਗੁਰਬਾਣੀ ਦੇ ਪਰਮਾਣ ਇਤਨੇ ਦਿਤੇ ਹਨ ਕਿ ਖੋਜੀ ਸਜਣਾਂ ਲਈ ਇਕ ਭੰਡਾਰ ਭਰਿਆ ਪਿਆ ਹੈ। ਨਾਲ ਹੀ ਇਨ੍ਹਾਂ ਪਰਮਾਣਾਂ ਦੀ ਅਰਥ-ਵਿਆਖਿਆ ਭੀ ਕੀਤੀ ਗਈ ਹੈ। ਪੁਸਤਕ ਵਿਚ ਜਮਾਂ ਦੇ ਅੱਖੀਂ ਦੇਖਣ ਤੇ ਪ੍ਰੇਤ ਹੋਏ ਲੋਕਾਂ ਦੇ ਉਧਾਰ ਸਬੰਧੀ ਅਖੀਂ ਦੇਖੀਆਂ ਮਿਸਾਲਾਂ ਭੀ ਦਿਤੀਆਂ ਗਈਆਂ ਹਨ। ਇਸ ਤਰ੍ਹਾਂ ਦੀ ਇਹ ਪਹਿਲੀ ਪੁਸਤਕ ਹੀ ਪ੍ਰਕਾਸ਼ਤ ਹੋਈ ਹੈ।

ਖੋਜੀ ਗੁਰਮੁਖਾਂ ਵਲੋਂ ਗੁਰਮਤਿ-ਗਿਆਨ ਬਾਬਤ ਕਈ ਪ੍ਰਕਾਰ ਦੀਆਂ ਵਿਚਾਰਾਂ ਤੇ ਸ਼ੰਕੇ ਹੁੰਦੇ ਰਹਿੰਦੇ ਹਨ, ਜਿਹਾ ਕਿ ਜਪੁਜੀ ਸਾਹਿਬ ਵਿਚ ਵਰਨਣ ਕੀਤੇ ਪੰਜ ਖੰਡਾਂ (ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸਚ ਖੰਡ)

 www.sikhbookclub.com

ਬਾਰੇ ਇਹ ਸਵਾਲ ਕਿ ਕੀ ਇਹ ਵਾਸਤਵ ਵਿਚ ਹਨ ਯਾ ਨਹੀਂ ? ਗੁਰਮਤਿ ਵਿਚ ਦਸਮ-ਦੁਆਰ ਤੇ ਅਨਹਦ ਸ਼ਬਦ ਦਾ ਕੀ ਨਿਰਣਾ ਹੈ ? ਕੀ ਨਰਕ ਸੁਰਗ ਆਦਿ ਅਗਲੀ ਦੁਨੀਆ ਹੈ ਯਾ ਨਹੀਂ ? ਇਨ੍ਹਾਂ ਸਵਾਲਾਂ ਸਬੰਧੀ ਭਾਈ ਸਾਹਿਬ ਰਣਧੀਰ ਸਿੰਘ ਜੀ ਵਲੋਂ ਅਗੇ 'ਸਚਖੰਡ ਦਰਸ਼ਨ', 'ਅਨਹਦ ਸ਼ਬਦ ਦਸਮ ਦੁਆਰ' ਪੁਸਤਕਾਂ ਛਪ ਚੁਕੀਆਂ ਹਨ । 'ਇਹ ਜਗ ਮਿੱਠਾ, ਅਗਲਾ ਕਿਨ ਡਿੱਠਾ' ਦੇ ਸ਼ੰਕੇ ਬਾਰੇ ਇਹ '**ਅਣਡਿੱਠੀ ਦੁਨੀਆ**' ਪੁਸਤਕ ਪਾਠਕਾਂ ਦੇ ਪੇਸ਼ ਹੈ ।

ਇਕ ਸਵਾਲ ਇਹ ਬੜਾ ਜ਼ਰੂਰੀ ਹੈ ਕਿ ਕਰਮਾਂ ਵਿਚ ਜੀਵ ਕਿਵੇਂ ਪ੍ਰਵਿਰਤ ਹੋਇਆ, ਇਹ ਕਰਮ ਕਰਨ ਲਈ ਕਿਥੋਂ ਤਕ ਜ਼ਿਮੇਵਾਰ ਹੈ, ਕਰਮਾਂ ਨਾਲ ਅਕਾਲ ਪੁਰਖ ਦੀ ਕਿਰਪਾ ਦਾ ਕਿਥੋਂ ਤਕ ਸਬੰਧ ਹੈ ? ਇਨ੍ਹਾਂ ਸਵਾਲਾਂ ਸਬੰਧੀ ਪੁਸਤਕ '**ਕਰਮ ਨਿਰਣੇ**' ਲਿਖੀ ਜਾ ਰਹੀ ਹੈ* ।

ਪੁਸਤਕ 'ਅਣਡਿੱਠੀ ਦੁਨੀਆ' ਭਾਈ ਸਾਹਿਬ ਜੀ ਨੇ ਸੰਨ ੧੯੪੫-੪੬ ਵਿਚ ਲਿਖੀ ਸੀ, ਪਰ ਦੇਸ਼ ਵਿਚ ਗੜ-ਬੜ ਹੋਣ ਦੇ ਕਾਰਨ ਇਸ ਦੇ ਛਪਣ ਵਿਚ ਦੇਰ ਹੋ ਗਈ । ਇਸ ਦੇ ਛਪਣ ਦਾ ਸਮਾਂ ਹੁਣ ਹੀ ਠੀਕ ਲਗਾ ਹੈ । ਪੁਸਤਕ ਵਿਚ ਸਾਰੇ ੧੩ ਪ੍ਰਕਰਣ ਹਨ । ਆਸ ਹੈ ਕਿ ਆਤਮ ਤੇ ਗੁਰਮਤਿ ਗਯਾਨ ਦੇ ਖੋਜੀਆਂ ਲਈ ਇਹ ਪੁਸਤਕ ਅਦੁਤੀ ਤੇ ਲਾਭਦਾਇਕ ਸਾਬਤ ਹੋਵੇਗੀ ।

ਗੁਜਰਵਾਲ-੧ ਨਵੰਬਰ ੧੯੪੯ ਨਾਹਰ ਸਿੰਘ ਗਯਾਨੀ

## ਪ੍ਰੇਤ ਉਧਾਰ

ਪੁਸਤਕ 'ਅਣਡਿੱਠੀ ਦੁਨੀਆ' ਦੇ ਸਫ਼ਾ ੩੧੨ ਤੋਂ ੩੧੭ ਤਕ ਇਕ ਮਕਾਨ ਵਿਚ ਅਖੰਡ-ਪਾਠ ਕਰ ਕੇ ਇਕ ਪ੍ਰੇਤ ਦੇ ਉਧਾਰ ਕਰਨ ਦਾ ਪ੍ਰਸੰਗ ਦਰਜ ਹੈ । ਪਾਠਕ ਸਜਨ ਅਕਸਰ ਇਹ ਪੁਛਿਆ ਕਰਦੇ ਹਨ ਕਿ ਇਹ ਪ੍ਰੇਤ-ਉਧਾਰ ਵਾਲਾ ਕੌਤਕ ਕਿਥੇ ਵਰਤਿਆ ਸੀ । ਇਸ ਸਬੰਧ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਤਾਂ ਇਹੋ ਕਿਹਾ ਸੀ ਕਿ ਸਾਨੂੰ ਹੁਣ ਪਤਾ ਨਹੀਂ । ਪਰ ਸਾਨੂੰ ਡਾਕਟਰ ਸੇਵਾ ਸਿੰਘ ਜੀ ਬਾਜਵਾ ਪਿੰਡ ਕਾਦੀਆਂ ਜ਼ਿਲਾ ਗੁਰਦਾਸਪੁਰ ਦੀ ਪਹਿਲੀ ਦਸੰਬਰ ੧੯੬੦ ਦੀ ਲਿਖੀ ਹੋਈ ਚਿਠੀ ਆਈ ਹੈ, ਜਿਸ ਵਿਚ ਉਨ੍ਹਾਂ ਦਸਿਆ ਹੈ ਕਿ ਕਾਦੀਆਂ ਦੇ ਮੁਖ ਸੇਵਾਦਾਰ ਸੰਤ ਧਰਮਸਾਲੀਏ ਭਾਈ ਹਰਨਾਮ ਸਿੰਘ ਜੀ ਸੁਰਗਵਾਸੀ ਦੇ ਭਰਾ ਨੇ ਪੰਜ ਛੇ ਸਾਲ ਹੋਏ, ਕਾਦੀਆਂ ਗੁਰਦਵਾਰੇ ਵਿਚ ਦਸਿਆ ਸੀ ਕਿ ਇਹ ਕੌਤਕ ਰਾਜਸਥਾਨ ਦੇ ਸ਼ਹਿਰ ਜੈ ਪੁਰ ਵਿਚ ਵਰਤਿਆ ਸੀ । ਇਹ ਮਕਾਨ ਬੜਾ ਪੁਰਾਣਾ ਤੇ ਘੁਮਿਆਰਾਂ ਦੇ ਮਹੱਲੇ ਸਰਕਾਰੀ ਖ਼ਜ਼ਾਨੇ ਕੋਲ ਹੈ । ਅਸੀਂ ਆਪਣੇ ਜੁਆਈ ਨਾਲ ਇਕ ਦਿਨ ਇਸ ਮਕਾਨ ਦੇ ਪਾਸ ਦੀ ਲੰਘ ਰਹੇ ਸੀ ਤਾਂ ਮੇਰਾ ਜੁਆਈ, ਜੋ ਓਵਰਸੀਅਰ ਹੈ, ਉਸ ਨੇ ਦੱਸਿਆ ਕਿ 'ਇਹ ਮਕਾਨ ਮੈਨੂੰ ਦਸ ਹਜ਼ਾਰ ਨੂੰ ਮਿਲਦਾ ਸੀ ਪਰ ਮੈਂ ਨਹੀਂ ਲਿਆ, ਜੋ ਪਿਛੋਂ ੪੦ ਹਜ਼ਾਰ ਨੂੰ ਵਿਕ ਗਿਆ । ਏਸ ਮਕਾਨ ਵਿਚ ਭੂਤਾਂ ਪ੍ਰੇਤਾਂ ਦਾ ਵਾਸਾ ਸੀ । ਸਿੰਘਾਂ ਦੇ ਇਕ ਜਥੇ ਨੇ ਏਥੇ ਅਖੰਡਪਾਠ ਕਰ ਕੇ ਪ੍ਰੇਤਾਂ ਦਾ ਉਧਾਰ ਕੀਤਾ ਸੀ । ਪਹਿਲਾਂ ਏਸ ਮਕਾਨ ਵਿਚ ਰਾਤ ਨੂੰ ਕੋਈ ਨਹੀਂ ਟਿਕ ਸਕਦਾ ਸੀ । ਦੋ ਅਖੰਡ-ਪਾਠ ਹੋਏ ਸਨ ।'

ਅਸੀਂ ਇਹ ਸਾਰੀ ਖ਼ਬਰ ਡਾਕਟਰ ਸੇਵਾ ਸਿੰਘ ਜੀ ਦੀ ਲਿਖਤ ਦੇ ਅਧਾਰ ਪਰ ਦਰਜ ਕਰ ਦਿਤੀ ਹੈ ।

**ਨਾਹਰ ਸਿੰਘ ਗਯਾਨੀ**

*ਇਹ ਪੁਸਤਕ 'ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ' ਦੇ ਨਾਂ ਹੇਠ ਛਪ ਚੁਕੀ ਹੈ ।

# ਅਣਡਿੱਠੀ ਦੁਨੀਆ

 www.sikhbookclub.com

੧ੴ ਸਤਿਗੁਰ ਪ੍ਰਸਾਦਿ ॥

—: o :—

ਵਿਚਿ ਦੁਨੀਆ ਸੇਵ ਕਮਾਈਐ ॥

ਤਾ ਦਰਗਹ ਬੈਸਣੁ ਪਾਈਐ ॥੪॥੩੩॥

ਸਿਰੀਰਾਗੁ ਮ: ੧, ਪੰਨਾ ੨੬

ੴ ਵਾਹਿਗੁਰੂ ਜੀ ਕੀ ਫ਼ਤਹ ॥

# ੧

# ਅੱਗਾ ਹੈ

ਅਜ ਕਲ ਆਮ ਤੌਰ ਤੇ ਸਾਰੀ ਦੁਨੀਆ ਵਿਚ ਇਹ ਵਾ ਵਗੀ ਹੋਈ ਹੈ ਕਿ ਦ੍ਰਿਸ਼ਟਮਾਨ (ਜੋ ਕੁਝ ਦਿਸ ਰਹਿਆ ਹੈ) ਤੋਂ ਬਿਨਾਂ ਅਣਦਿਸਦੇ (ਅਦ੍ਰਿਸ਼ਟ) ਨੂੰ ਉੱਕਾ ਹੀ ਨਹੀਂ ਮੰਨਿਆ ਜਾਂਦਾ। ਖ਼ਾਸ ਕਰ ਮਗ਼ਰਬੀ ਤਾਅਲੀਮ ਦੀ ਮੁੱਠੀ ਹੋਈ ਸਾਰੀ ਲੁਕਾਈ ਇਸ ਗੱਲ ਤੋਂ ਮੁਨਕਰ ਹੀ ਹੋ ਰਹੀ ਹੈ ਕਿ ਇਸ ਦਿਸਦੇ ਲੌਕਿਕ ਪਸਾਰੇ ਤੋਂ ਪਾਰ ਕੋਈ ਪਰਲੌਕਿਕ ਸਾਰ ਰਚਨਾਰਾ (ਰਚਤ ਪਸਾਰਾ) ਭੀ ਹੈ। ਅਥਵਾ ਇਸ ਦਿਸ ਰਹੀ ਸਾਰੀ ਖੰਡ ਬ੍ਰਹਿਮੰਡੀ ਕਾਇਨਾਤ ਦਾ ਅਦ੍ਰਿਸ਼ਟ ਰਚਨਹਾਰਾ ਭੀ ਹੈ। ਇਹ ਦਹਿਰੀਆਪਨ ਸਾਰੇ ਸੰਸਾਰ ਵਿਚ ਛਾ ਰਹਿਆ ਹੈ। ਇਹ ਨਾਸਤਕਤਾ ਚਾਰ ਚੁਫੇਰੇ ਧੁਮ ਧੁਮਾ ਰਹੀ ਹੈ। ਹੋਰ ਤਾਂ ਹੋਰ, ਗੁਰਮਤਿ ਧਰਮ ਰੂਪੀ ਮੰਨੇ-ਪਰਮੰਨੇ ਆਸਤਕ ਧਰਮ ਦੇ ਪੈਰੋਕਾਰ ਭੀ ਅਣਗਿਣਤ ਅਕਸਰੀਅਤ ਵਿਚ ਏਸੇ ਵਹਿਣ ਵਿਚ ਰੁੜ੍ਹੇ ਚਲੇ ਜਾ ਰਹੇ ਹਨ। ਬਹੁਤ ਸਾਰੇ ਸਿਖ ਸਦਾਉਣਹਾਰੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ-ਮਈ ਤਾਅਲੀਮ ਦੇ ਮੰਨਣ ਮਨਾਉਣਹਾਰੇ ਦਾਅਵੇਦਾਰ ਕਹਾਉਤੀ ਆਗੂ ਅੰਤਰਗਤੀ ਏਸ ਅਸਰਧਕਤਾ ਦੇ ਸ਼ਿਕਾਰ ਹੋ ਰਹੇ ਹਨ ਕਿ ਵਾਸਤਵ ਵਿਚ ਦਿਸ ਰਹੇ ਪੁਲਾੜ ਸਫ਼ੀਅਰ (sphere, region) ਤੋਂ ਪਾਰ ਹੋਰ ਕੁਛ ਨਹੀਂ, ਸਭ ਨਾਬੂਦ ਹੈ। ਓਹ ਇਕ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਅਲੀਮ ਤੋਂ ਹੀ ਮੁਨਹਰਫ਼ ਹਨ। ਐਵੇਂ ਨਾਮ ਮਾਤ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਅਤਕਿਦ ਸਿਖ ਕਹਾਉਂਦੇ ਹਨ। ਅਸਲ ਵਿਚ ਏਅਤਕਾਦ ਓਹਨਾਂ ਦਾ ਨੇਸਤੋ ਨਾਬੂਦ ਹੀ ਹੈ। ਜੇ ਸਰਧਾ ਸਿਦਕ ਯਕੀਨ ਸਚਮੁੱਚ ਹੋਵੇ ਤਾਂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮਗਰ ਬਚਨਾਂ ਨੂੰ ਸਤਿ ਸਤਿ ਕਰਕੇ ਮੰਨਣ।

ਸਤਿਗੁਰੂ ਦੇ ਸਚੇ ਸਿਦਕੀ ਸਿੱਖਾਂ ਨੂੰ ਸਤਿਗੁਰੂ-ਬਚਨਾਂ ਉਤੇ ਸੱਚਾ ਭਰੋਸਾ ਹੈ। ਇਹ ਹੋ ਸਕਦਾ ਹੈ ਕਿ ਕਈ ਇਕ ਗੁਰ-ਬਚਨਾਂ ਦੁਆਰਾ ਗੁਰਬਾਣੀ ਵਿਖੇ

ਦਰਸਾਈ ਬਿਵਸਥਾ ਦੀ ਸਮਝ-ਸਮਝਾਈ ਦੀ ਓਹਨਾਂ ਨੂੰ ਅਜੇ ਰਸਾਈ ਨਾ ਹੋਈ ਹੋਵੇ, ਅਥਵਾ ਗੁਰ-ਵਾਕਾਂ ਵਿਖੇ ਦਰਸਾਈ ਬਿਵਸਥਾ ਓਹਨਾਂ ਦੇ ਅੰਤਰਿ ਆਤਮੇ ਵਾਪਰੀ ਹੀ ਨਾ ਹੋਵੇ, ਕਿਉਂਕਿ ਸਚਾ ਸ਼ਾਹਦੇ-ਹਾਲ ਯਕੀਨ ਕਿਸੇ ਘਟਨਾ ਦੀ ਸੱਤਤਾ ਦਾ ਤਦੇ ਹੀ ਹੋ ਸਕਦਾ ਹੈ ਜਦ ਕਿ ਸਾਂਗੋ ਪਾਂਗ ਦਿਬ-ਦਰਸਤਾ, ਅਦ੍ਰਿਸ਼ਟ ਦਿੱਬਤਾ ਦੀ ਓਹਨਾਂ ਨੂੰ ਹੋਇ ਆਵੇ। ਪ੍ਰੰਤੂ ਸਤਿਗੁਰੂ ਦੇ ਸਚਿਆਰੇ ਸਿੱਖਾਂ ਨੂੰ ਜੇਕਰ ਅਜੇ ਇਹ ਅਵਸਥਾ ਪ੍ਰਾਪਤ ਨ ਹੋਈ ਹੋਵੇ ਤਦ ਓਹ ਮਨਮੁਖਤਾ ਭਰੀ ਇਹ ਹਮਾਕਤ ਕਦੇ ਨਹੀਂ ਕਰਦੇ ਕਿ ਉਸ ਅਵਸਥਾ ਨੂੰ ਮੰਨਣੋਂ ਹੀ ਮੁਨਕਰ ਹੋ ਜਾਣ। ਸਗੋਂ ਉਹ ਮਨ, ਬਚਨ, ਕਰਮ ਕਰਕੇ ਮੰਨਦੇ ਹਨ ਕਿ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਗਾਧ ਬੋਧ ਬਾਣੀ-ਮਈ ਬਚਨ ਸਦਾ ਸੱਤਿ ਅਤੇ ਯਥਾਰਥ ਹਨ; ਚਾਹੇ ਸਮਝੋਂ ਅਗੋਚਰ ਹਨ, ਪਰ ਹਨ ਸਤੋ ਸੱਤ।

ਉਹਨਾਂ ਨੇ ਦ੍ਰਿੜ੍ਹ ਕਰਕੇ ਨਿਸਚੇ ਕਰ ਲਿਆ ਹੁੰਦਾ ਹੈ ਕਿ ਜੋ ਕੁਝ ਗੁਰਬਾਣੀ ਅੰਦਰ ਫੁਰਮਾਨ ਹੋ ਚੁੱਕਾ ਹੈ, ਉਹ ਗੁਰਸਿੱਖਾਂ ਲਈ ਧਾਰਨ ਕਰਨ ਯੋਗ ਗੁਰਮਤਿ ਅਸੂਲ ਹਨ। ਪਰ ਇਹ ਜੋ ਕੁਝ ਉਹਨਾਂ ਨੇ ਨਿਸਚੇ ਕਰਿ ਧਾਰਨ ਕਰ ਲਿਆ ਹੁੰਦਾ ਹੈ, ਕੋਈ ਅੰਧ ਵਿਸ਼ਵਾਸ ਕਰਕੇ ਨਹੀਂ ਧਾਰਨ ਕੀਤਾ ਹੁੰਦਾ। ਸਤਿਗੁਰੂ ਦੀ ਗੁਰੱਤਤਾ ਤੇ ਪੂਰਨ ਪਤੀਜ ਕੇ, ਕੋਈ ਤੱਤ ਪਤੀਆਰਾ ਚਮਤਕਾਰ ਚਮਤਕਾਰਤ ਹੋਇਆ, ਪਤੀਆਰਤ ਹੋਇਆ ਪੇਖ ਕੇ ਹੀ ਸੱਚਾ ਸਿਦਕ-ਭਰੋਸਾ ਸਰਧਾਵਤ ਹੋਇ ਆਇਆ ਹੁੰਦਾ ਹੈ। ਇਸ ਬਿਧਿ ਸਚੀ ਸਰਧਾ-ਭਾਵਨੀ ਉਦੀਪਤ ਹੋਇਆਂ, ਬਹੁਰ ਸਤਿਗੁਰੂ ਦੇ ਸਮਗਰ ਬਚਨਾਂ ਉਤੇ ਹੀ ਅਹਿੱਲ ਈਮਾਨ ਆ ਗਿਆ ਹੁੰਦਾ ਹੈ। ਇਸ ਅਹਿੱਲ ਈਮਾਨ ਨੂੰ ਅੰਧ ਵਿਸ਼ਵਾਸ ਨਹੀਂ ਕਹਿਆ ਜਾ ਸਕਦਾ। ਇਸ ਅਹਿੱਲ ਈਮਾਨ ਦੀ ਪੀਡੀ ਗੰਢ ਅੰਤਰਿ ਆਤਮੇ ਬਝਿਆਂ ਹੀ, ਸਚੀ ਸਿੱਖੀ-ਮਈ ਗੁਰਮਤਿ-ਮਾਰਗ ਉਤੇ ਚਲਣਹਾਰਿਆਂ ਗੁਰਸਿੱਖਾਂ ਦੀ ਆਤਮ-ਕਲਾ ਕਰਕੇ ਦਿਨੋ-ਦਿਨ ਚੜ੍ਹਦੀ ਕਲਾ ਹੁੰਦੀ ਹੈ।

ਗੁਰਸਿੱਖੀ ਦੇ ਮੰਡਲ ਵਿਚ ਆਇਆਂ ਹੀ, ਅਰਥਾਤ ਅੰਮ੍ਰਿਤ ਛਕ ਕੇ ਸਿੰਘ ਸਜਦਿਆਂ ਹੀ, ਗੁਰਮੰਤ੍ਰ ਗੁਰਦੀਖਿਆ ਦੀ ਪਾਰਸ ਕਲਾ ਵਰਤਦਿਆਂ ਹੀ ਅਜਿਹੀ ਅਲੌਕਿਕ ਰੱਬੀ ਰਹਿਮਤਾਨੀ ਨਦਰ ਨਦਰੀਵਤ ਹੋ ਜਾਂਦੀ ਹੈ ਕਿ ਮਾਨੋ ਉਹਨਾਂ ਦੀ ਕਾਇਆਂ ਪਲਟ ਹੋ ਕੇ ਨਵ-ਜਨਮਾ ਪਰਮਾਰਥੀ ਜੀਵਨ ਵਿਗਸੀਵਤ ਹੋਇ ਆਵੰਦਾ ਹੈ। ਇਸ ਨਵਲ ਨਵੇਲੇ ਆਤਮ-ਵਿਗਾਸ ਦੇ ਪ੍ਰਭਾਵ ਕਰਿ ਹੀ ਜਗਿਆਸੂ ਜਨ ਨੂੰ ਪਰਮਾਰਥ ਜਾਗ ਵਾਲੇ ਜੀਵਨ ਵਿਚ

ਜੀਉ ਉਠਣ ਦੀ ਜਾਗ ਲਗਦੀ ਹੈ । ਇਸ ਨਵ-ਜੀਵਨੀ ਜਾਗਰਤ ਵਿਚ ਸੁਜਾਗ ਹੋਏ ਵਡਭਾਗੇ ਗੁਰਸਿੱਖ ਨੂੰ ਗੁਰਬਾਣੀ ਅੰਦਰਿ ਦਰਸਾਏ ਉਹਨਾਂ ਅਗੰਮੀ ਭਾਵਾਂ ਦੀ ਸੱਤਤਾ ਉਤੇ ਸਚੀ ਸਰਧਾ ਸਿਦਕੀਵਤ ਹੋਇ ਆਵੰਦੀ ਹੈ, ਜਿਨ੍ਹਾਂ ਦੇ ਸਮਝਣ ਦੀ ਪਹੁੰਚ-ਰਸਾਈ ਅਜੇ ਉਹਨਾਂ ਦੀ ਨਹੀਂ ਹੋਈ ਹੁੰਦੀ । ਉਹਨਾਂ ਨੂੰ ਇਹ ਯਕੀਨ ਪੱਕਾ ਹੁੰਦਾ ਹੈ ਕਿ ਸਚਿਆਈ (ਸੱਤਤਾ) ਸਪੇਖਸ਼ਤਾ ਆਤਮ-ਅਭਿਆਸ-ਕਮਾਈ ਉਪਰ ਹੀ ਨਿਰਭਰ ਹੈ । ਇਸ ਨਿਰਭਰਤਾ ਦੇ ਸੁਭਰ ਭਰੀਵੇ ਹੋਏ ਉਹ ਹਰਦਮ ਆਸਾਵੰਤ ਰਹਿੰਦੇ ਹਨ ਕਿ ਤਿਨ੍ਹਾਂ ਸੱਤਤਾਈਆਂ ਦਾ ਜ਼ਹੂਰ ਭੀ ਜ਼ਰੂਰ ਹੋਵੇਗਾ । ਏਸ ਅਵਿਸ਼ਵਾਸ ਅੰਦਰ ਉਹ ਕਦੇ ਨਹੀਂ ਆਉਂਦੇ ਕਿ ਜਦ ਤਾਈਂ ਕੋਈ ਅਨ-ਉਪੜੀ ਮੰਜ਼ਲ ਵਾਲੀ ਸਚਿਆਈ ਜ਼ਹੂਰ ਪਜ਼ੀਰ ਨ ਹੋ ਜਾਵੇ, ਓਦੋਂ ਤਾਈਂ ਉਹ ਸਚਿਆਈ, ਸਚਿਆਈ ਹੀ ਨਹੀਂ । ਗੁਰ-ਬਚਨਾਂਤ ਦਰਸਾਈ ਸਚਿਆਈ ਤਾਂ ਹਰਦਮ, ਸਦਾ ਸਦਾ ਸਚਿਆਈ ਹੀ ਹੈ । ਕਸਰ ਹੈ ਤਾਂ ਸਚਿਆਈ ਨੂੰ ਸਚਿਆਰਤ ਕਰਨ ਵਾਲਿਆਂ ਦੀ ਹੈ; ਸਤਤਾਈ ਨੂੰ ਸਤਿਆਰਤ ਕਰਨ ਵਾਲਿਆਂ ਦੀ ਹੈ । ਪਾਰ ਪਹੁੰਚੇ ਗੁਰਮੁਖਾਂ ਦੀ ਤਾਂ ਗਹਿਣ ਗਤਿ ਹੀ ਕੀ ਹੈ, ਉਹਨਾਂ ਤਾਈਂ ਤਾਂ ਗੁਰ-ਬਚਨਾਂਤ ਦਰਸਾਈ ਸੱਤਤਾ ਸਦਾ ਪ੍ਰਗਟ ਪਹਾਰੇ ਹੀ ਸਤਿ ਸਤਿ ਜ਼ਹੂਰ ਪਜ਼ੀਰ ਹੈ । ਜਿਹੜੇ ਨਾਮ ਲੇਵੇ, ਗੁਰੂ ਦੇ ਸਿੱਖ ਅਜੇ ਇਸ ਈਮਾਨ ਯਕੀਨ ਤੋਂ ਡੋਲਦੇ ਹੀ ਫਿਰਦੇ ਹਨ ਅਤੇ ਗੁਰਬਾਣੀ ਅੰਦਰ ਆਈਆਂ ਉਹਨਾਂ ਸੱਤਤਾਈਆਂ ਉਤੇ ਉਟੰਕਨ ਕਰਦੇ ਹਨ ਜੋ ਉਹਨਾਂ ਦੀ ਸਮਝ ਵਿਚ ਨਹੀਂ ਆਈਆਂ, ਤਿਨ੍ਹਾਂ ਬੇ-ਯਕੀਨੇ, ਈਮਾਨ-ਹੀਨੇ, ਸ਼ੱਕ-ਸ਼ਕੂਕ-ਗੁਸੀਨੇ, ਨੀਮ ਨਾਸਤਕਾਂ, ਐਗਨਾਸਟਕਾਂ (agnostics) ਨਮਿਤ ਹੀ ਇਹ ਅਗਲੇਰਾ ਮਜ਼ਮੂਨ ਪੁਸਤਕ ਦੀ ਸ਼ਕਲ ਵਿਚ ਤਿਆਰ ਕਰ ਕੇ ਉਹਨਾਂ ਦੇ ਅਗੇ ਰਖਿਆ ਹੈ, ਜਿਸ ਵਿਚ ਇਹ ਨਿਰੂਪਨ ਅਤੇ ਸਿੱਧ ਕੀਤਾ ਜਾਵੇਗਾ ਕਿ ਗੁਰਬਾਣੀ ਵਿਚ ਦਰਸਾਏ ਆਮ ਸਮਝੋਂ ਅਗੋਚਰੇ ਪਦਾਰਥ ਸੱਤ ਹਨ, ਅਸੱਤ ਨਹੀਂ ।

ਸ਼ੰਕਾਵਾਦੀ ਸ਼ੰਕਾ ਕਰਦੇ ਹਨ ਕਿ ਜੋ ਅੱਖੀਂ ਦਿਸਦਾ ਨਹੀਂ, ਉਸ ਦੀ ਹੋਂਦ ਤੇ ਸ਼ੱਕ ਹੈ । ਜੋ ਪਦਾਰਥ ਪੰਜ ਗਿਆਤ-ਇੰਦਰਿਆਂ ਦਾ ਵਿਸ਼ਾ ਨਹੀਂ, ਓਹ ਅਸੱਤ ਕਰਕੇ ਮੰਨਦੇ ਹਨ । ਉਹਨਾਂ ਦੀ ਸਮਝ ਵਿਚ ਰੱਬ ਦੀ ਹਸਤੀ ਕੋਈ ਨਹੀਂ । ਓਹ ਇਸ ਦਿਸਦੀ ਦੁਨੀਆ ਤੋਂ ਬਿਨਾਂ ਹੋਰ ਕਿਸੇ ਅਣਦਿਸਦੀ ਦੁਨੀਆ ਦੇ ਮੰਨਣੋਂ ਇਨਕਾਰੀ ਹਨ । ਬਹੁਤਿਆਂ ਦਾ ਸੰਦੇਹ ਹੈ ਕਿ ਅੱਗਾ ਹੈ ਕਿ ਨਹੀਂ ? 'ਇਹ ਜੱਗ ਮਿੱਠਾ ਅਗਲਾ ਕੀਹਨੇ ਡਿੱਠਾ' ਦੇ ਮਿਸਦਾਕ (ਅਖਾਣ) ਵਾਲਿਆਂ ਦੀ ਧਰਨ ਠਿਕਾਣੇ ਕਰਨ ਲਈ ਹੀ ਇਸ ਲੇਖ ਦੇ ਲਿਖਣ ਦੀ


www.sikhbookclub.com

ਲੋੜ ਪਈ ।

ਅਣ-ਦਿਸਦੀ ਸੂਖਮ ਰਚਨਾ ਚਾਹੇ ਆਮ ਅਲਪੱਗ ਦ੍ਰਿਸ਼ਟੀਓਂ ਅਣਡਿਠ ਹੈ, ਪਰ ਓਸ ਦੀ ਵਾਸਤਵਤਾ ਵਿਚ ਰਾਈ ਮਾਤਰ ਭੀ ਫ਼ਰਕ ਨਹੀਂ । ਮਿਸਾਲ ਦੇ ਤੌਰ ਤੇ ਨਰਕ ਸੁਰਗ, ਆਵਾਗਵਨ, ਜਮ ਮਾਰਗ, ਧਰਮ ਰਾਇ ਤੇ ਗ਼ੈਬੀ ਦਰਗਾਹ ਦੀਆਂ ਅਗੇ ਵਾਲੀਆਂ ਗੱਲਾਂ ਜੋ ਉਹਨਾਂ ਨੂੰ ਐਵੇਂ ਕਲਪਿਤ ਹੀ ਪ੍ਰਤੀਤ ਹੁੰਦੀਆਂ ਹਨ, ਇਹਨਾਂ ਅਤੇ ਇਸ ਪ੍ਰਕਾਰ ਦੀਆਂ ਅਨੇਕਾਂ ਗੱਲਾਂ ਤੇ ਰੌਸ਼ਨੀ ਪਾਈ ਜਾਵੇਗੀ । ਗੁਰਮਤਿ ਦੁਆਰਾ ਅਤੇ ਗੁਰਵਾਕਾਂ ਦੀ ਪੂਰਨ ਪ੍ਰੋੜ੍ਹਤਾ ਦੁਆਰਾ ਹੀ ਸਿੱਧ ਕੀਤਾ ਜਾਵੇਗਾ ਕਿ ਜਿਸ ਦਿਸਦੇ ਅਗਾਧ ਪੁਲਾੜ ਖਲਾਂ ਵਿਚ ਬਹੁਤ ਕੁਝ ਸੂਖਮ ਰਚਨਾ ਵੱਸ ਰਹੀ ਹੈ, ਦਾ ਕਹਿਣਾ ਹੀ ਕੀ ਹੈ, ਉਹ ਏਹਨਾਂ ਪੰਜ ਭੂਤਕ ਅੱਖੀਆਂ ਦੇ ਓਹਲੇ ਹੈ, ਪਰ ਇਸ ਦੀ ਭੀ ਵਾਸਤਵੀ ਹੋਂਦ ਹੈ । ਇਸ ਵਿਸ਼ੇ ਨੂੰ ਅਸੀਂ ਗੁਰਬਾਣੀ ਦੇ ਪ੍ਰਮਾਣਾਂ ਦੀ ਪ੍ਰੋੜ੍ਹਤਾ ਦੁਆਰਾ ਸਾਬਤ ਕਰਾਂਗੇ ।

 www.sikhbookclub.com

# ੨

# ਆਸਤਕ ਤੇ ਨਾਸਤਕ

ਸਭ ਤੋਂ ਪਹਿਲਾਂ ਆਸਤਕਤਾ ਦਾ ਆਸਰਾ ਅਕਾਲ ਪੁਰਖ ਦੀ ਹੋਂਦ-ਹਸਤੀ ਨੂੰ ਮੰਨਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੱਗਰ ਬਾਣੀ ਦਾ ਮੁਢਲਾ ਅਸੂਲ ਅਕਾਲ ਪੁਰਖ ਨੂੰ "ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ" ਮੰਨਣਾ ਹੈ। ਅਜ ਅਕਾਲ ਪੁਰਖ ਦੀ ਹਸਤੀ ਨੂੰ ਮਹਿਜ਼ ਇਸ ਕਰਕੇ ਹੀ ਮੰਨਣੋਂ ਮੁਨਕਰਤਾ ਹੋ ਰਹੀ ਹੈ ਕਿ ਇਹ ਅੱਖੀਂ ਦਿਸਦਾ ਨਹੀਂ। ਅਖੀਂ ਦਿਸਦਾ ਨਹੀਂ, ਇਸ ਕਰਕੇ ਹੈ ਹੀ ਨਹੀਂ।

ਸੰਸਾਰ ਵਿਖੇ ਜੋ ਬੁਰਿਆਈ ਹੋ ਰਹੀ ਹੈ, ਜੋ ਓਪੱਦ੍ਰਵ ਹੋ ਰਹੇ ਹਨ, ਉਸ ਦਾ ਕਾਰਨ ਮੁਖ ਇਹੀ ਹੈ ਕਿ ਆਮ ਨਾਸਤਕਤਾ ਇਹ ਵਰਤ ਰਹੀ ਹੈ ਕਿ ਅਕਾਲ ਪੁਰਖ ਹੈ ਹੀ ਨਹੀਂ। ਜੇ ਇਹ ਨਿਸਚਾ ਯਕੀਨ ਹੋਵੇ ਕਿ ਓਹ ਹੈ, ਸਦਾ ਸਿਰ ਤੇ ਖੜਾ ਹੈ, ਨੇੜੇ ਹੂੰ ਤੇ ਨੇੜੇ ਹੈ ਅਤੇ ਸਭ ਦੇ ਨਿਕਟ ਵਸ ਰਿਹਾ ਹੈ, ਤਾਂ ਕੋਈ ਭੀ ਜੀਵ ਬੁਰਾਈ ਨ ਕਰੇ, ਕੋਈ ਭੀ ਬੁਰਾ ਕੰਮ ਨ ਕਰੇ, ਬਿਖ-ਮਾਇਆ ਦੇ ਸੰਚਨ ਵਿਚ ਹੀ ਪਰਵਿਰਤ ਨ ਰਹੇ। ਬਿਖ-ਮਾਇਆ ਸੰਚਨ ਵਿਚ ਮੁਸਤਗ਼ਰਕ ਹੋਇਆ, ਉਹ ਮਾਇਆ ਮੋਹਣੀ ਨੂੰ ਜੱਫੇ ਪਾਈ ਫਿਰਦਾ ਹੈ। ਜੇ ਸਿਰ ਤੇ ਸ੍ਰੀ ਕਰਤਾਰ ਨੂੰ ਨਿਕਟ ਕਰ ਬੁਝੇ ਤਾਂ ਬੁਰਿਆਂ ਕੰਮਾਂ ਤੋਂ ਜ਼ਰੂਰ ਡਰੇ ਅਤੇ ਬਿਖ-ਮਾਇਆ ਵਿਖੇ ਖਚਤ ਹੋਣੋਂ ਬਚੇ, ਪਰ ਬਚਦਾ ਨਹੀਂ। ਉਸ ਨੂੰ ਪ੍ਰਮਾਤਮਾ ਦੇ ਨਿਕਟ ਹੋਣ ਦਾ ਭੇਦ ਹੀ ਨਹੀਂ ਆਇਆ। ਇਸ ਨਿਕਟਤਾ ਦਾ ਭੇਦ, ਤੱਤ ਲਖਤਵੀ ਭੇਦ ਕੇਵਲ ਗੁਰਮਤਿ ਦੁਆਰਾ, ਸਤਿਗੁਰੂ ਲਖਾਏ ਤੱਤ-ਬੋਧ-ਗਿਆਨ ਦੁਆਰਾ ਹੀ ਪਾਇਆ ਜਾ ਸਕਦਾ ਹੈ। ਸਤਿਗੁਰੂ-ਲਖਾਏ ਇਸ ਤੱਤ-ਭੇਦ ਬਿਨਾਂ ਸਾਰੀ ਲੁਕਾਈ ਮਾਇਆ-ਮੁਹਾਈ ਹੀ ਫਿਰਦੀ ਹੈ।

ਉਂਜ ਕਹਿਣ ਮਾਤਰ ਨੂੰ ਤਾਂ ਬਥੇਰੇ ਕਹਿੰਦੇ ਫਿਰਦੇ ਹਨ ਕਿ ਪ੍ਰਮਾਤਮਾ ਹੈ ਅਤੇ ਨੇੜੇ ਹੀ ਹੈ, ਪਰ ਇਸ ਅਕਾਲ ਪੁਰਖ ਦੀ ਹੋਂਦ ਨਿਕਟਤਾ ਦਾ ਤੱਤ-ਭੇਦ ਤਿਨ੍ਹਾਂ ਵਿਰਲੇ ਗੁਰਮੁਖਾਂ ਨੂੰ ਹੀ ਆਇਆ ਹੈ ਜਿਨ੍ਹਾਂ ਨੇ ਸਚ-ਮੁਚ ਅਕਾਲ ਪੁਰਖ

ਨੂੰ ਨੇੜੇ ਕਰ ਲਖਿਆ ਜਾਤਾ, ਪਰਤੱਖ ਪਛਾਤਾ ਹੈ ।

ਅਕਾਲ ਪੁਰਖ ਦੀ ਅਖਾਉਤੀ ਹੋਂਦ ਮਨਾਉਤੀ ਵਾਲੀ ਲੁਕਾਈ ਜੇ ਮਨ, ਬਚ, ਕਰਮ ਕਰਕੇ ਸਚ ਮੁਚ ਅਕਾਲ ਪੁਰਖ ਦੀ ਹਸਤੀ ਨੂੰ ਮੰਨੇ ਤੇ ਨੇੜੇ ਕਰਕੇ ਪੇਖੇ-ਪਰਖੰਨੇ ਤਾਂ ਬਿਭਚਾਰ, ਬਦ-ਇਖ਼ਲਾਕੀ, ਚੋਰੀ, ਯਾਰੀ, ਠੱਗੀ, ਐਸ਼-ਇਸ਼ਰਤੀ ਬਿਖਿਆ ਪਸਰਗੀ, ਮਿਥਿਆ ਸਮੱਗਰੀ ਸੰਗ੍ਰਹਿਨ ਕਰਨ ਵਿਚ ਕਿਉਂ ਪਰਵਿਰਤ ਹੋਵੇ । ਇਸ ਬਿਖਿਆ ਠਗਉਰੀ ਦਾ ਠਗੀਰਿਆ ਹੋਇਆ, ਓਹ ਇਸ ਬਿਖਈ ਐਸ਼ ਇਸ਼ਰਤ ਵਿਚ ਤਾਂ ਹੀ ਲੱਥ-ਪੱਥ ਹੁੰਦਾ ਹੈ ਕਿ ਮੋਹ ਮਾਇਆ ਠਗਉਰੀ ਦੇ ਠੱਗੇ ਹੋਏ ਜੱਗ ਨੇ ਪਰਮੇਸ਼ਰ ਰੂਪੀ ਸੱਚੇ-ਅਫਸਰ ਨੂੰ ਸੰਗ ਕਰਕੇ ਨਹੀਂ ਜਾਣਿਆ, ਨਿਕਟਵਰਤੀ ਨਹੀਂ ਪਛਾਣਿਆ ਹੈ । ਬਾਝ ਗੁਰੂ ਸਭ ਜਗਤ ਬਉਰਾਨਿਆ, ਭਰਮ ਭੁਲਾਨਿਆ ਹੀ ਫਿਰਦਾ ਹੈ । ਗੁਰੂ ਘਰ ਅੰਦਰ ਗੁਰਮਤਿ ਗ੍ਰਹਿਣ ਕੀਤਿਆਂ ਹੀ ਇਹ ਸੱਚੀ ਸੂਝ ਬੂਝ ਆਉਂਦੀ ਹੈ ਕਿ ਸਚ ਮੁਚ ਸਿਰ ਤੇ ਸਿਰਜਣਹਾਰ ਕਰਤਾਰ ਸਦਾ ਸੁਣਦਾ, ਪੇਖਦਾ, ਸਾਰੀਆਂ ਕਰਮ ਕਰਤੂਤਾਂ ਦਾ ਸ਼ਾਹਦਿ-ਹਾਲ ਹੈ ।

ਸੰਸਾਰ ਉਤੇ ਜਿਤਨਾ ਭੀ ਕੂੜ-ਕੁਸੱਤ, ਝੂਠ ਬੋਲਣ ਦਾ ਭਰਮਾਰਾ, ਬਦ-ਕਿਰਦਾਰਾ ਹੈ, ਏਸੇ ਕਰਕੇ ਹੈ ਕਿ ਦਰ-ਅਸਲ ਸੰਸਾਰ ਦਾ ਸਮੁਚਾ ਲੋਕ-ਲੁਕਾਰਾ ਪਰਮੇਸ਼ਰ ਦੀ ਹਸਤੀ ਮਈ ਹੋਂਦ, ਨਿਕਟੋਂਦ ਤੋਂ ਘੁਥ-ਘੁਥਾਰਾ ਹੋਇਆ ਵਿਆ ਅੰਧ ਵਰਤਾਰੇ ਵਿਚ ਖੱਚਤ ਹੈ । ਮਾਇਆ ਦਾ ਮਿਥਨ-ਮੁਹਾਰਾ ਭੀ ਏਸੇ ਮੂੜ੍ਹਤਾ ਦੇ ਕਾਰਨ ਹੈ ਕਿ ਸਭ ਖ਼ਲਕਾਰਾ ਨਾਸਤਕਤਾ ਮਈ ਅਗਿਆਨ ਦਾ ਮੁੱਠਾ-ਗਮਰੁੱਠਾ ਹੋਇਆ ਹੈ । ਇਸ ਅਗਿਆਨਤਾ ਦੇ ਕਾਰਨ ਅੱਵਲ ਤਾਂ ਰੱਬ ਨੂੰ ਕੋਈ ਮੰਨਦਾ ਹੀ ਨਹੀਂ, ਜੇ ਮੰਨਦਾ ਹੈ ਤਾਂ ਉਸ ਨੂੰ ਨਿਕਟ ਪਰਗਟ ਅਤੇ ਘਟ ਅੰਤਰਿ ਪਛਾਨਣ ਦੇ ਥਾਉਂ ਬਾਹਰ ਭਾਲਣ-ਭਟਕਾਲਣ, ਢੂੰਡ-ਢੂੰਡਾਲਣ ਵਿਚ ਹੀ ਬਿਰਥਾ ਭੱਜਾ ਫਿਰਦਾ ਹੈ । ਵਾਹਿਗੁਰੂ ਨੂੰ ਅੰਤਰਿ ਭਾਲਣ-ਸੰਭਾਲਣ ਦਾ ਤੱਤ-ਗਿਆਨ ਕੇਵਲ ਸਤਿਗੁਰੂ ਦੁਆਰਾ ਹੀ ਪ੍ਰਾਪਤ ਹੋ ਸਕਦਾ ਹੈ । ਸੋ ਬਾਝ ਗੁਰੂ ਸਭ ਲੋਈ, ਲੋਕ ਲਕੋਈ, ਧੰਦੇ ਧੰਦੋਈ, ਖਪਤ ਖਪਤੋਈ ਹੋਈ ਫਿਰਦੀ ਹੈ ।

ਜਿਨ੍ਹਾਂ ਗੁਰਮੁਖਾਂ ਦੇ ਮਸਤਕ ਲਿਲਾਟ ਮੱਥੇ ਸੱਚੇ ਸੁਹਾਗ ਦਾ ਸੁਭ ਲਖਣਾ ਭਾਗ ਲਿਖਿਆ ਹੁੰਦਾ ਹੈ, ਓਹਨਾਂ ਦੇ ਸਤਿਗੁਰੂ ਦੀ ਸੇਵਾ, ਭਾਵਨਾ, ਸਿਮਰਨ-ਅਭਿਆਸ-ਕਿਰਤ ਕਮਾਵਣ ਕਰਕੇ ਬੱਜਰ ਕਪਾਟ ਖੁਲ੍ਹ ਜਾਂਦੇ ਹਨ; ਬੱਸ ! ਕਪਾਟ ਖੁਲ੍ਹਿਆਂ ਹੀ ਅਕਾਲ ਪੁਰਖ ਦੀ ਨਿਕਟਤਾ, ਅੰਤਰ ਬਾਹਰ ਮਉਜੂਦਤਾ ਲਖੀ ਜਾਂਦੀ ਹੈ । ਇਸ ਉਪਰਲੀ ਵਿਸਥਾਰ ਵਿਆਖਯਤਾ ਦੀ

ਪ੍ਰੋੜ੍ਹਤਾ ਹੇਠ-ਲਿਖਿਆ ਗੁਰਵਾਕ ਕਿਆ ਖ਼ੂਬ ਕਰਦਾ ਹੈ ! ਯਥਾ ਗੁਰਵਾਕ—

ਨਿਕਟਿ ਬੁਝੈ ਸੋ ਬੁਰਾ ਕਿਉ ਕਰੈ ॥
ਬਿਖੁ ਸੰਚੈ ਨਿਤ ਡਰਤਾ ਫਿਰੈ ॥
ਹੈ ਨਿਕਟੇ ਅਰੁ ਭੇਦੁ ਨਾ ਪਾਇਆ ॥
ਬਿਨੁ ਸਤਿਗੁਰ ਸਭ ਮੋਹੀ ਮਾਇਆ ॥੧॥
ਨੇੜੈ ਨੇੜੈ ਸਭੁ ਕੋ ਕਹੈ ॥
ਗੁਰਮੁਖਿ ਭੇਦੁ ਵਿਰਲਾ ਕੋ ਲਹੈ ॥੧॥ਰਹਾਉ॥
ਨਿਕਟਿ ਨ ਦੇਖੈ ਪਰ ਗ੍ਰਿਹਿ ਜਾਇ ॥
ਦਰਬੁ ਹਿਰੈ ਮਿਥਿਆ ਕਰਿ ਖਾਇ ॥
ਪਈ ਠਗਉਰੀ ਹਰਿ ਸੰਗਿ ਨ ਜਾਨਿਆ ॥
ਬਾਝੁ ਗੁਰੂ ਹੈ ਭਰਮਿ ਭੁਲਾਨਿਆ ॥੨॥
ਨਿਕਟਿ ਨ ਜਾਨੈ ਬੋਲੈ ਕੂੜੁ ॥
ਮਾਇਆ ਮੋਹਿ ਮੂਠਾ ਹੈ ਮੂੜੁ ॥
ਅੰਤਰਿ ਵਸਤੁ ਦਿਸੰਤਰਿ ਜਾਇ ॥
ਬਾਝੁ ਗੁਰੂ ਹੈ ਭਰਮਿ ਭੁਲਾਇ ॥੩॥
ਜਿਸੁ ਮਸਤਕਿ ਕਰਮੁ ਲਿਖਿਆ ਲਿਲਾਟ ॥
ਸਤਿਗੁਰੁ ਸੇਵੇ ਖੁਲੇ ਕਪਾਟ ॥
ਅੰਤਰਿ ਬਾਹਰਿ ਨਿਕਟੇ ਸੋਇ ॥
ਜਨ ਨਾਨਕ ਆਵੈ ਨ ਜਾਵੈ ਕੋਇ ॥੪॥੩॥੧੬॥

[ਭੈਰਉ ਮ: ੫, ਪੰਨਾ ੧੧੩੯

ਵਾਹਿਗੁਰੂ ਦੀ ਨਿਕਟਤਾ, ਸਦਾ ਨੇਰੇ ਹੂ ਨੇਰਤਾ, ਇਸ ਗੁਰਵਾਕ ਦੁਆਰਾ ਸਪੱਸ਼ਟ ਸਤ-ਆਸਤਕਤਾ ਹੈ । ਨਿਗੁਰੇ, ਨਿਗੋਸਾਏ, ਨਾਮ-ਹੀਣੇ, ਨਕਟ-ਪੰਥੀਆਂ ਨੂੰ ਨਾ ਹੀ ਇਸ ਨਿਕਟਤਾ ਦੀ ਸੂਝ-ਬੂਝ ਹੈ, ਨਾ ਹੀ ਅਕਾਲ ਪੁਰਖ ਦੀ ਹੋਂਦ ਤੇ ਨਿਸਚਾ ਹੈ । ਨਿਸਚੇ-ਵਿਹੂਣ ਨਾਸਤਕਤਾ ਹੀ ਨਾਸਤਕਤਾ ਵਿਆਪ ਰਹੀ ਹੈ, ਸਾਰੇ ਸੰਸਾਰ ਵਿਖੇ । ਅਕਾਲ ਪੁਰਖ ਨੂੰ ਸਦਾ ਹਜ਼ੂਰ, ਨਿਕਟ ਨਿਕਟੂਰ ਨ ਜਾਨਣ ਬੁਝਣ ਦੇਖਣ ਕਰਿ ਹੀ ਨਾਸਤਕਤਾ-ਗ੍ਰਸੇ ਸਾਕਤ ਪੁਰਸ਼ ਇਕ ਦੂਜੇ ਨਾਲ ਬੁਰਾਈ ਕਰ ਰਹੇ ਹਨ । ਏਕ ਸਿਉ ਲਿਵ ਲਾਵਣਹਾਰਿਆਂ ਨੇ ਹੀ ਇਹ ਭਰਮ ਰਿਦੰਤਰੋਂ ਚੁਕਾਇਆ ਹੈ, ਕਿਉਂਕਿ ਘਟ ਅੰਤਰਿ ਹੀ ਆਤਮ ਚੀਨਣ ਕਰਿ, ਉਹਨਾਂ ਨੂੰ ਸਦਾ ਹਾਜ਼ਰ ਅਤੇ ਨਿਕਟ ਨਿਕਟਾਜ਼ਰ ਹੀ ਵਾਹਿਗੁਰੂ ਪ੍ਰੀਤਮ


www.sikhbookclub.com

ਪ੍ਰਤੱਖ ਦ੍ਰਿਸ਼ਟਿ ਆਇਆ ਹੈ । ਅਤੇ ਦ੍ਰਿਸ਼ਟਿ ਆਵਣ ਕਰਿ ਤਿਨ੍ਹਾਂ ਸਗਲਾ ਭਰਮ ਚੁਕਾਇਆ ਹੈ । ਨਾਸਤਕਤਾ ਵਾਲੀ ਭ੍ਰਾਂਤੀ ਤਿਨ੍ਹਾਂ ਨੂੰ ਸੁਪਨੰਤ੍ਰ ਭੀ ਨਹੀਂ ਭਰਮਾਉਂਦੀ । ਤਾਂ ਤੇ ਉਹ ਪਰਪੰਚ ਪਸਾਰੇ ਦਾ ਮੋਹ-ਮਮਤਾਰਾ ਛੱਡ ਕੇ ਸਦਾ ਸਹਿਜ ਅਨੰਦ ਘਰਿ ਅਸਥਿਤ ਅਡੋਲ ਵਸਦੇ ਰਸਦੇ ਹਨ । ਉਹ ਬੁਰਾ ਕਰਨਹਾਰੇ ਨਾਲ ਭੀ ਭਲਾ ਹੀ ਕਰਦੇ ਹਨ । ਤਿਨ੍ਹਾਂ ਨੂੰ ਬੁਰਾ ਕੋਈ ਪਰਤੀਤ ਹੁੰਦਾ ਹੀ ਨਹੀਂ ਤੇ ਨਾ ਹੀ ਉਹ ਕਿਸੇ ਨੂੰ ਝੂਠਾ ਸਮਝ ਕੇ ਉਸ ਨਾਲ ਝਗੜਾ ਪਾਉਂਦੇ ਹਨ ਤੇ ਸੱਥ ਮਚਾਉਂਦੇ ਹਨ । ਸਤਿਗੁਰੂ ਨੂੰ ਮਿਲਣ ਕਰਕੇ ਤਿਨ੍ਹਾਂ ਨੂੰ ਨਵ-ਨਿਧ ਨਾਮ ਦੀ ਐਸੀ ਪ੍ਰਾਪਤੀ ਹੋਇ ਆਈ ਹੁੰਦੀ ਹੈ ਕਿ ਅਹਿਨਿਸ ਨਾਮ ਨਾਲ ਹੀ ਤਿਨ ਕੀ ਲਿਵ ਲੱਗੀ ਰਹਿੰਦੀ ਹੈ । ਰਸ ਜੋਤਿ ਵਿਗਾਸ ਦੇ ਅੰਤ੍ਰੀਵੀ ਹੁਲਾਸ ਸੇਤੀ ਵਿਗਸੇ ਵਿਗਸਾਏ ਹੋਏ, ਉਹ ਸਹਿਜ ਸੁਭਾਏ ਹੀ ਤਤ-ਰਸ ਨਾਮ ਦਾ ਵਿਲੋਵਨਾ ਹੀ ਬਿਲੋਵੰਦੇ ਰਹਿੰਦੇ ਹਨ, ਜਿਸ ਦੇ ਪਰਤਾਪ ਕਰਿ ਵਾਹਿਗੁਰੂ ਦੀ ਹਾਜ਼ਰ ਹਜ਼ੂਰਤਾ ਤਿਨ੍ਹਾਂ ਨੂੰ ਖਿਨ ਖਿਨ ਹੀ ਬਣੀ ਬਣਾਤੀ ਰਹਿੰਦੀ ਹੈ । ਯਥਾ ਗੁਰਵਾਕ—

ਪਰਪੰਚੁ ਛੋਡਿ ਸਹਜ ਘਰਿ ਬੈਸਹੁ ਝੂਠਾ ਕਹਹੁ ਨ ਕੋਈ ॥
ਸਤਿਗੁਰ ਮਿਲਹੁ ਨਵੈ ਨਿਧਿ ਪਾਵਹੁ ਇਨ ਬਿਧਿ ਤਤੁ ਬਿਲੋਈ ॥੨॥
ਭਰਮੁ ਚੁਕਾਵਹੁ ਗੁਰਮੁਖਿ ਲਿਵ ਲਾਵਹੁ ਆਤਮੁ ਚੀਨਹੁ ਭਾਈ ॥
ਨਿਕਟਿ ਕਰਿ ਜਾਣਹੁ ਸਦਾ ਪ੍ਰਭੁ ਹਾਜਰੁ ਕਿਸੁ ਸਿਉ ਕਰਹੁ ਬੁਰਾਈ॥੩॥

[ਰਾਮਕਲੀ ਮ: ੫, ਪੰਨਾ ੮੮੩

ਹਰਿ-ਕੀਰਤਨ ਰਸ ਰੰਗ ਭੋਗਣਹਾਰਿਆਂ, ਗੁਰਮੁਖ ਜਨਾਂ ਨੂੰ ਵਾਹਿਗੁਰੂ ਸਿਰਜਨਹਾਰ ਸਦਾ ਹੀ ਨਿਕਟ ਦਿਸਦਾ ਹੈ । ਇਸ ਕਰਕੇ ਉਹ ਪਾਪ ਕਰਨੋਂ ਹਰ ਦਮ ਸੰਗਦੇ ਸੰਕੋਚਦੇ ਰਹਿੰਦੇ ਹਨ । ਤਿਨ੍ਹਾਂ ਐਸੇ ਆਸਤਕਾਂ, ਅਨਿੰਨ ਭਗਤਾਂ ਦੇ ਸਭੇ ਹੀ ਕਾਰਜ ਕਰਨਹਾਰ ਕਰਤਾਰ ਸੰਭਾਰਦਾ (ਸੰਵਾਰਦਾ) ਹੈ ਅਤੇ ਐਥੇ ਓਥੇ ਲੋਕ ਪਰਲੋਕ ਵਿਖੇ ਤਿਨ੍ਹਾਂ ਦੇ ਮੁਖ ਉਜਲਾਰਦਾ ਹੈ । ਯਥਾ ਗੁਰਵਾਕ—

ਹਰਿ ਕੀਰਤਨ ਰਸ ਭੋਗ ਰੰਗੁ ॥
ਮਨ ਪਾਪ ਕਰਤ ਤੂ ਸਦਾ ਸੰਗੁ ॥
ਨਿਕਟਿ ਪੇਖੁ ਪ੍ਰਭੁ ਕਰਣਹਾਰ ॥
ਈਤ ਊਤ ਪ੍ਰਭ ਕਾਰਜ ਸਾਰ ॥੩॥

[ਬਸੰਤ ਮ: ੫, ਪੰਨਾ ੧੧੮੩

ਜਿਹੜੇ ਸਾਕਤ ਪੁਰਸ਼ ਅੱਖੀਆਂ ਹੁੰਦਿਆਂ, ਰਸਨਾ ਹੁੰਦਿਆਂ, ਕੰਨਾਂ ਹੁੰਦਿਆਂ ਅੰਨ੍ਹੇ ਗੁੰਗੇ ਬੋਲੇ ਹਨ, ਐਸੇ ਨਾਸਤਕਾਂ ਨੂੰ ਨਿਕਟ ਨੇੜੇ ਵਸਦਾ ਵਾਹਿਗੁਰੂ

ਦੂਰ ਹੀ ਪਰਤੀਤ ਹੁੰਦਾ ਹੈ। ਤਾਂ ਤੇ ਇਹ ਉਸ ਵਾਹਿਗੁਰੂ ਦੀ ਨਿਕਟਤਾ ਦੀ ਪਰਤੀਤ ਵਿਹੂਣੇ ਪਾਪੀ ਹੀ ਪਾਪ ਕਮਾਉਂਦੇ ਹਨ। ਯਥਾ ਗੁਰਵਾਕ—

ਪੇਖਤ ਚਾਖਤ ਕਹੀਅਤ ਅੰਧਾ ਸੁਨੀਅਤ ਸੁਨੀਐ ਨਾਹੀ ॥
ਨਿਕਟਿ ਵਸਤੁ ਕਉ ਜਾਣੈ ਦੂਰੇ ਪਾਪੀ ਪਾਪ ਕਮਾਹੀ ॥੧॥

[ਸੂਹੀ ਮ: ੫, ਪੰਨਾ ੭੪੧

ਮਨਮੁਖਾਂ, ਸਾਕਤਾਂ, ਦੁਹੇਲਿਆਂ ਨਾਸਤਕਾਂ ਨੂੰ ਨਿਕਟ ਵਸਦਾ ਵਾਹਿਗੁਰੂ ਦੀਂਹਦਾ ਹੀ ਨਹੀਂ। ਉਹ ਤਾਂ ਸਦਾ ਹੀ ਨਿਕਟ ਵਸਦਾ ਹੈ ਅਤੇ ਸਭ ਦੇ ਮੰਦੇ ਚੰਗੇ ਕਰਮਾਂ ਨੂੰ ਦੇਖਦਾ ਹੈ। ਪਰ ਇਸ ਸੱਤਤਾ ਸਚਿਆਈ ਨੂੰ ਵਿਰਲੇ ਗੁਰਮੁਖਿ ਹੀ ਬੂਝਦੇ ਹਨ। ਸੱਚੀ ਭੈ-ਭਾਵਨੀ ਤਿਨ੍ਹਾਂ ਨੂੰ ਹੀ ਉਪਜਦੀ ਹੈ ਅਤੇ ਭੈ-ਭਾਵਨੀ ਪਏ ਬਿਨਾਂ(ਅੰਦਰ ਉਗਵੇ ਬਿਨਾਂ) ਭਗਤੀ ਨਹੀਂ ਹੁੰਦੀ (ਹੋ ਨਹੀਂ ਸਕਦੀ)। ਗੁਰਮੰਤ੍ਰ ਗੁਰਦੀਖਿਆ ਨੂੰ ਪ੍ਰਾਪਤ ਕੀਤਿਆਂ ਹੀ, ਨਾਮ-ਸ਼ਬਦ ਵਿਚ ਰਤਿਆਂ ਹੀ ਸੱਚੀ ਭਗਤੀ ਹੁੰਦੀ ਹੈ। ਇਹੀ ਸਚੀ ਆਸਤਕਤਾ ਹੈ ਅਤੇ ਏਸੇ ਵਿਚ ਹੀ ਸੱਚਾ ਸੁਖ ਹੈ। ਤਾਂ ਤੇ ਸਚਾ ਗਿਆਨ-ਪਦਾਰਥ ਨਾਮ ਹੀ ਹੈ, ਜਿਸਦੇ ਅਭਿਆਸ ਪਰਤਾਪ ਕਰਿ ਸਚੇ ਅਕਾਲ ਪੁਰਖ ਦੇ ਨਿਕਟ ਜਾਨਣ ਪਛਾਨਣ ਵਾਲਾ ਸੱਚਾ ਗਿਆਨ ਪ੍ਰਾਪਤ ਹੁੰਦਾ ਹੈ। ਇਸ ਸਚੇ ਗਿਆਨ ਨੂੰ ਗੁਰਮੁਖ ਜਨ ਹੀ ਪਾਉਂਦੇ ਹਨ, ਅਤੇ ਰਸ ਰਸਾ ਕੇ ਅੰਤਰਿ ਆਤਮੇ ਹੰਢਾਉਂਦੇ ਹਨ (ਰੰਗ ਰਲੀਆਂ ਮਾਣਦੇ ਹਨ)। ਇਸ ਅੰਤਰਿ ਰਸ-ਰਸੇ, ਰੋਮ ਰੋਮ ਧਸੇ, ਅਸਲ ਸਚੇ ਸੁਚੇ ਗਿਆਨ ਬਿਨਾਂ ਹੋਰ ਕਥਨੀ ਬਦਨੀ ਵਾਲੇ ਗਿਆਨ ਸਭ ਕੂੜਾਵੇ ਗਿਆਨ ਹਨ। ਇਹ ਕੂੜਾਵੇ ਗਿਆਨ ਕਥਿ ਕਥਿ ਸਭ ਕੋਈ ਬਫਾਉਂਦਾ ਅਫਰਾਉਂਦਾ ਹੈ ਅਤੇ ਕਥ ਕਥ ਕੇ ਬਾਦ ਰੂਆਉਂਦਾ, ਦੁਖ ਪਾਉਂਦਾ ਹੈ। ਇਸ ਫੋਕਟ ਕਥਨੀ-ਕਹਿਣੀ ਤੇ ਕੋਈ ਕਾਇਮ ਭੀ ਨਹੀਂ ਰਹਿੰਦਾ। ਤਾਂ ਤੇ ਇਹ ਕਥਨੀ-ਕਹਿਣੀ ਉਨ੍ਹਾਂ ਦੀ ਐਵੇਂ ਬਾਦ ਹੀ ਜਾਂਦੀ ਹੈ; ਰੰਚਕ ਭੀ ਫਲਦਾਇਕ ਨਹੀਂ ਹੁੰਦੀ। ਨਾਮ-ਰਸ ਰੱਤਿਆਂ ਨੂੰ ਹੀ ਸੱਚਾ ਮੁਕਤ ਫਲ ਮਿਲਦਾ ਹੈ, ਕਿਉਂਕਿ ਸੱਚਾ ਗਿਆਨ ਤਿਨ੍ਹਾਂ ਨੂੰ ਹੀ ਪ੍ਰਾਪਤ ਹੁੰਦਾ ਹੈ। ਨਾਮ ਰਸ-ਲੀਣ ਹੋਣਾ ਹੀ ਸੱਚਾ ਗਿਆਨ ਹੈ, ਇਹੀ ਸਚਾ ਧਿਆਨ ਹੈ, ਪਰੰਤੂ ਇਹ ਸਚਾ ਗਿਆਨ ਧਿਆਨ ਗੁਰੂ ਘਰ ਵਿਖੇ ਪ੍ਰਾਪਤ ਹੁੰਦਾ ਹੈ, ਹੋਰ ਕਿਤੇ ਨਹੀਂ। ਗੁਰੂ ਨਾਨਕ ਦੇ ਦੁਆਰਿਓਂ ਹੀ ਮਿਲਦਾ ਹੈ, ਗੁਰੂ-ਦੁਆਰਿਓਂ ਵਰੋਸਾਏ ਹੋਏ ਗੁਰੂ ਘਰ ਦੇ ਗੁਰਮੁਖ ਜਨਾਂ ਦੇ ਰਿਦੰਤਰ ਸੱਚਾ ਵਾਹਿਗੁਰੂ ਪਰਤੱਖ ਵਸਦਾ ਪਰਗਟ ਪਹਾਰੇ ਤਿਨ੍ਹਾਂ ਨੂੰ ਨਦਰੀਂ ਆਉਂਦਾ ਹੈ। ਕਿਉਂਕਿ ਅਜਿਹੇ ਗੁਰਮੁਖ ਜਨਾਂ ਦੀ ਨਿਰੀ ਕਥਨਾ-ਕਥਨੀ ਨਹੀਂ ਹੁੰਦੀ, ਸਚੀ ਨਾਮ-ਕਮਾਈ ਕਰਨ ਕਰਕੇ ਸਚੀ ਜੋਤਿ, ਜੋਤੀਸਰ ਦੀ ਉਹਨਾਂ ਦੇ

ਅੰਦਰ ਆ ਉਤਰਦੀ ਹੈ ਅਤੇ ਉਤਰ ਕੇ ਅੰਦਰ ਹੀ ਸਮਾਇ ਰਹਿੰਦੀ ਹੈ। ਐਸੀ ਅੰਤਰਿ-ਜੋਤਿ-ਸਮਾਇ-ਰਹਿਣੀ-ਰਹਿਤ ਵਾਲੇ ਗੁਰਮੁਖ ਜਨ ਸਦਾ ਅੰਤ੍ਰਿਮੁਖ ਰਹਸਾਵੰਦੇ ਹਨ। ਐਸੀ ਰਹਿਤ-ਰਹਿਣੀ ਮਨਮੁਖਾਂ ਦੀ ਨਹੀਂ ਹੁੰਦੀ। ਤਿਨ੍ਹਾਂ ਦੀ ਤਾਂ ਮਹਿਜ਼ ਕਥਨੀ ਹੀ ਕਥਨੀ ਹੈ। ਰਹਿਤ-ਰਹੱਸਨੀ ਬਿਹੂਣ ਫੋਕਟ ਕਥਨੀ ਚੁੰਚ ਗਿਆਨ ਕਿਸੇ ਭੀ ਲੇਖੇ ਨਹੀਂ। ਨਾਮ ਤੋਂ ਭੁਲਿਆਂ ਭਟਕਿਆਂ ਦਾ ਕਿਤੇ ਭੀ ਠਉਰ ਠਿਕਾਣਾ ਨਹੀਂ ਅਤੇ ਕਿਤੇ ਭੀ ਉਹਨਾਂ ਨੂੰ ਢੋਈ ਨਹੀਂ ਮਿਲਦੀ। ਉਹਨਾਂ ਨੂੰ ਗੁਰਮੁਖ ਗਿਆਨ (ਸੱਚਾ ਵਾਸਤਵੀ ਗਿਆਨ) ਕਿਤੋਂ ਭੀ ਪ੍ਰਾਪਤ ਨਹੀਂ ਹੁੰਦਾ। ਤਾਂ ਤੇ ਉਹ ਢੋਰ ਦੇ ਢੋਰ, ਨਾਸਤਕ ਨਿਕੋਰ ਹੀ ਰਹਿੰਦੇ ਹਨ। ਨਾਸਤਕ ਮਨਮੁਖਾਂ ਦਾ ਮਨ ਸਦਾ ਮਾਇਆ ਰੂਪੀ ਭਵਜਲ ਵਿਚ ਹੀ ਗੋਤੇ ਖਾਂਦਾ ਰਹਿੰਦਾ ਹੈ ਅਤੇ ਮਮਤਾ ਰੂਪੀ ਜਾਲ ਨਾਲ ਬੰਧਿਆ ਹੋਇਆ ਬਿਖ ਹੀ ਬਿਹਾਝਦਾ, ਬਿਖ ਹੀ **ਅਖਾਜ** ਖਾਜਦਾ ਰਹਿੰਦਾ ਹੈ ਅਤੇ ਸਾਰਿਆਂ ਅੰਦਰ ਬਿਖ-ਮਾਇਆ ਹੀ ਵਿਆਪੀ ਹੋਈ ਦੇਖਦਾ ਹੈ ਅਤੇ ਉਸ ਨੂੰ ਅਕਾਲ ਪੁਰਖ ਦਿਸਦਾ ਹੀ ਨਹੀਂ। ਸਦਾ ਕਾਲ ਦੇ ਚੱਕਰ ਵਿਚ ਹੀ ਭਉਂਦਾ ਫਿਰਦਾ ਹੈ। ਜਿਤਨੀ ਭੀ ਆਵਣ ਜਾਵਣੀ ਮੇਦਨੀ ਹੈ ਸੋ ਸਭ ਕਾਲ ਅੰਦਰ ਗ੍ਰਸੀ ਹੋਈ ਹੈ। ਗੁਰਮੁਖ ਬਣ ਕੇ, ਨਾਮ ਨੂੰ ਰਿਦੇ ਅੰਦਰ ਸੰਭਾਲ ਕੇ ਹੀ ਇਹ ਕਾਲ ਚੱਕਰ ਕਟਿਆ ਜਾਂਦਾ ਹੈ। ਨਾਮ-ਕਮਾਈ ਕੀਤਿਆਂ ਹੀ ਮੂਧਾ ਪਿਆ ਹੋਇਆ ਕੰਵਲ ਸਿੱਧਾ ਹੁੰਦਾ ਹੈ। ਫੇਰ ਹੀ (ਇਸ ਬਿਧ ਹੀ) ਆਤਮ ਉਦੋਤੀਏ, ਪ੍ਰਮਾਤਮ ਜੋਤਿ-ਜੋਤੀਏ ਕੰਵਲ ਖੁਲ੍ਹਦੇ ਹਨ ਅਤੇ ਇਕ ਇਹੋ ਕਾਰਜ ਰਾਸ ਆਇਆਂ ਸਾਰੇ ਕਾਰਜ ਰਾਸ ਹੁੰਦੇ ਹਨ। ਤਾਂ ਤੇ ਸਚਾ ਗਿਆਨੀ ਓਹੀ ਹੈ ਜਿਸ ਨੇ ਗੁਰਮਤਿ ਨਾਮ ਰੂਪੀ ਸ਼ਬਦ ਵਿਖੇ ਲਿਵ ਲਾਈ ਹੈ ਅਤੇ ਇਸ ਲਿਵ-ਪਰਤਾਪ ਕਰਿ ਸਚੀ ਅਕਾਲ ਜੋਤਿ ਦ੍ਰਿਸ਼ਟ-ਦ੍ਰਿਸ਼ਟਾਈ ਹੈ। ਮਨਮੁਖਾਂ, ਅਗਿਆਨੀ ਅੰਧਲਿਆਂ ਨੇ ਤਾਂ ਐਵੇਂ ਝੂਠੀ ਗਿਆਨ-ਪ੍ਰਾਪਤੀ ਦਾ ਕੂੜ ਬੋਲਿ ਬੋਲਿ ਆਪਣੀ ਪਤਿ ਹੀ ਗਵਾਈ ਹੈ। ਸਚੀ ਗਿਆਨ-ਰਹਿਣੀ ਰਹਿਣ ਵਾਲਿਆਂ ਗੁਰਮੁਖਾਂ ਤੋਂ ਕਰਤੇ ਪੁਰਖ ਨੇ ਆਪ ਤੁਠ ਕੇ ਸਚੀ ਭਗਤਿ-ਕਮਾਈ ਕਰਾਈ ਹੈ। ਅਤੇ ਸਚੀ ਵਡਿਆਈ ਆਪਣੇ ਅਜਿਹੇ ਗੁਰਮੁਖ ਭਗਤ ਜਨਾਂ ਨੂੰ ਦਿਵਾਈ ਹੈ, ਜਿਨ੍ਹਾਂ ਦੇ ਅੰਦਰ ਸਚੀ ਜਗਮਗ ਜੋਤਿ ਜਗਾਈ ਹੈ। ਇਸ ਜੋਤਿ ਤੋਂ ਸਖਣੇ ਮਨਮੁਖਾਂ, ਅੰਧਲੇ ਅਗਿਆਨੀ ਸਾਕਤਾਂ, ਨਾਸਤਕਾਂ ਦੀ ਦ੍ਰਿਸ਼ਟੀ ਅੰਦਰ ਨਾਸਤਕਤਾਈ, ਅਗਿਆਨਤਾ-ਮਈ ਕਾਲੀ ਬੋਲੀ ਅੰਧਿਆਰੀ ਰਾਤ ਹੀ ਪਈ ਹੋਈ ਹੈ, ਅਤੇ ਪਈ ਰਹਿੰਦੀ ਹੈ। ਨਾਮ-ਕਮਾਈ ਦੁਆਰਾ ਘਟ-ਪ੍ਰਗਟਾਈ ਜੋਤਿ ਦੇ ਚਾਨਣ ਦੁਆਰਾ ਹੀ ਸਚੀ ਆਸਤਕਤਾ ਦਾ ਉਜਿਆਰਾ ਹੁੰਦਾ ਹੈ। ਤਾਂ ਤੇ ਨਾਮ ਬਿਨਾਂ ਝੂਠੇ ਅਗਿਆਨੀ ਅੰਧਲੇ ਨਾਸਤਕਾਂ ਅੰਦਰ ਨਾਸਤਕਤਾ ਦੀ

ਕੁਚੀਲਤਾ ਮਈ ਕਛੂਤ ਹੀ ਵਿਆਪੀ ਰਹਿੰਦੀ ਹੈ। ਜੋਤਿ ਨਾਮ ਰੂਪੀ ਸਚਾ ਗਿਆਨ-ਵੇਦ ਪ੍ਰਕਾਰਿਆਂ, ਅੰਤਰ ਉਰਧਾਰਿਆਂ, ਰਸਨੰਦਰਿ ਉਚਾਰਿਆਂ, ਅੰਤਰਿ ਆਤਮੇ ਅਨਹਦ ਸ਼ਬਦ ਉਦੋਤੀ, ਸਚੀ ਭਗਤਿ ਧੁਨ ਸਰੋਤੀ ਸ੍ਰਵਣੋਤ ਹੁੰਦੀ ਹੈ, ਜਿਸ ਨੂੰ ਸੁਣਿ ਸੁਣਿ ਅਕਾਲ ਪੁਰਖ ਦੀ ਤੱਤ ਹੋਂਦ ਮਈ ਆਸਤਕਤਾ ਦੀ ਪਰਤੀਤ ਆਉਂਦੀ ਹੈ ਅਤੇ ਜੋਤੀਸ਼ ਵਾਹਿਗੁਰੂ ਦੀ ਜੋਤਿ-ਜਗਉਤੀ ਪਰਤੱਖ ਨਜ਼ਰ ਆਉਂਦੀ ਹੈ। ਤਾਂ ਤੇ ਨਾਮ ਦ੍ਰਿੜ੍ਹ ਹੋਣਾ ਹੀ ਗੁਰਮੁਖਾਂ ਦਾ ਸਚਾ ਸ਼ਾਸਤ੍ਰ ਸਿੰਮ੍ਰਿਤ ਵੇਦ ਹੈ। ਇਸ ਦੇ ਪਰਤਾਪ ਕਰਿ ਸਚੀ ਸ਼ਾਂਤ ਅਤੇ ਸੀਤਲਤਾ ਅੰਦਰ ਵਰਤ ਜਾਣੀ ਇਹ ਕਰਮਾਂ ਸਿਰ ਉਤਮ (ਸਭ ਤੋਂ ਸ੍ਰੇਸ਼ਟ) ਕਰਮ ਹੈ। ਨਾਮ-ਹੀਣੇ ਮਨਮੁਖ ਸਦਾ ਨਾਸਤਕ ਹੀ ਰਹਿੰਦੇ ਹਨ ਅਤੇ ਇਸ ਨਾਸਤਕਤਾ ਦੇ ਕਾਰਨ ਲਖ ਚਉਰਾਸੀਹ ਜੂਨਾਂ ਵਿਚ ਹੀ ਭ੍ਰਮ ਭ੍ਰਮ ਦੁਖ ਹੀ ਦੁਖ ਸਹਿੰਦੇ ਰਹਿੰਦੇ ਹਨ। ਇਹ ਲਖ ਚਉਰਾਸੀਹ ਜੂਨਾਂ ਵਿਚ ਭਉਣ ਵਾਲੇ ਆਵਾਗਵਨੀ ਬੰਧਨ ਨਾਮ ਅੰਦਰ ਵਸਾਇਆਂ ਹੀ ਟੁਟਦੇ ਹਨ। ਨਾਮ ਨਿਧਿ-ਆਸਨ ਕੀਤਿਆਂ ਹੀ ਅਕਾਲ ਪੁਰਖ (ਨਾਮੀ) ਦੀ ਸਚੀ ਪੂਜਾ ਪ੍ਰਤਿਸ਼ਟਤਾ ਬਣ ਆਉਂਦੀ ਹੈ ਅਤੇ ਸਚੀ ਆਸਤਕਤਾ ਵਾਲੀ ਪ੍ਰਤਿਸ਼ਟਤਾ ਬਝਦੀ ਹੈ। ਨਾਮ ਦੀ ਉਚ ਕਮਾਈ ਕਰਨ ਕਰਿ ਗੁਰਮੁਖ ਨਾਮ ਅਭਿਆਸੀ ਨੂੰ ਜਿਥੇ ਕਿਤੇ, ਅੰਤਰਿ ਬਾਹਰ, ਅਕਾਸ਼ਾਂ ਪਹਾੜਾਂ ਵਿਖੇ ਇਕੋ ਅਕਾਲ ਪੁਰਖ ਹੀ ਪਰੀਪੂਰਨ ਸਮਾਇਆ ਪਰਤੱਖ ਨਜ਼ਰੀਂ ਆਵੰਦਾ ਹੈ। ਐਸੀ ਪਰਤੱਖ ਦੇਖਣੀ ਦੇਖ ਕੇ ਹੀ ਅਤੇ ਅੰਤਰਿ ਬਿਸੇਖ ਕੇ ਹੀ ਇਹ ਕਹਿਣਾ ਬਣਦਾ ਹੈ ਕਿ ਅਕਾਲ ਪੁਰਖ ਹੈ। ਐਵੇਂ ਅਖੌਤੀ ਆਖਣ ਭਾਖਣ ਵਿਚ ਕੋਈ ਸੁਆਦ ਨਹੀਂ। ਇਹ ਉਪਰਲਾ ਵੀਚਾਰ ਇਸ ਅਗਲੇ ਵਾਕ ਦੀ ਢੁਕਵੀਂ ਵਿਆਖਿਆ ਹੈ। ਯਥਾ ਗੁਰਵਾਕ—

ਨਿਕਟਿ ਵਸੈ ਦੇਖੈ ਸਭੁ ਸੋਈ ॥
ਗੁਰਮੁਖਿ ਵਿਰਲਾ ਬੂਝੈ ਕੋਈ ॥
ਵਿਣੁ ਭੈ ਪਇਐ ਭਗਤਿ ਨ ਹੋਈ ॥
ਸਬਦਿ ਰਤੇ ਸਦਾ ਸੁਖੁ ਹੋਈ ॥੧॥
ਐਸਾ ਗਿਆਨੁ ਪਦਾਰਥੁ ਨਾਮੁ ॥
ਗੁਰਮੁਖਿ ਪਾਵਸਿ ਰਸਿ ਰਸਿ ਮਾਨੁ ॥੧॥ਰਹਾਉ॥
ਗਿਆਨੁ ਗਿਆਨੁ ਕਥੈ ਸਭੁ ਕੋਈ ॥
ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥
ਕਥਿ ਕਹਣੈ ਤੇ ਰਹੈ ਨ ਕੋਈ ॥
ਬਿਨੁ ਰਸ ਰਾਤੇ ਮੁਕਤਿ ਨ ਹੋਈ ॥੨॥

 www.sikhbookclub.com

ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥
ਸਾਚੀ ਰਹਤ ਸਚਾ ਮਨਿ ਸੋਈ ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥
ਨਾਵਹੁ ਭੂਲੇ ਥਾਉ ਨ ਕੋਈ ॥੩॥
ਮਨੁ ਮਾਇਆ ਬੰਧਿਓ ਸਰ ਜਾਲਿ ॥
ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ ॥
ਜੋ ਆਂਜੈ ਸੋ ਦੀਸੈ ਕਾਲਿ ॥
ਕਾਰਜੁ ਸੀਧੋ ਰਿਦੈ ਸਮ੍ਹਾਲਿ ॥੪॥
ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥
ਮਨਮੁਖਿ ਹਉਮੈ ਪਤਿ ਗਵਾਈ ॥
ਆਪੇ ਕਰਤੈ ਭਗਤਿ ਕਰਾਈ ॥
ਗੁਰਮੁਖਿ ਆਪੇ ਦੇ ਵਡਿਆਈ ॥੫॥
ਰੈਣਿ ਅੰਧਾਰੀ ਨਿਰਮਲ ਜੋਤਿ ॥
ਨਾਮ ਬਿਨਾ ਝੂਠੇ ਕੁਚਲ ਕਛੋਤਿ ॥
ਬੇਦੁ ਪੁਕਾਰੈ ਭਗਤਿ ਸਰੋਤਿ ॥
ਸੁਣਿ ਸੁਣਿ ਮਾਨੈ ਵੇਖੈ ਜੋਤਿ ॥੬॥
ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥
ਗੁਰਮੁਖਿ ਸਾਂਤਿ ਊਤਮਾ ਕਰਮੰ ॥
ਮਨਮੁਖਿ ਜੋਨੀ ਦੂਖ ਸਹਾਮੰ ॥
ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥
ਮੰਨੇ ਨਾਮੁ ਸਚੀ ਪਤਿ ਪੂਜਾ ॥
ਕਿਸੁ ਵੇਖਾ ਨਾਹੀ ਕੋ ਦੂਜਾ ॥
ਦੇਖਿ ਕਹਉ ਭਾਵੈ ਮਨਿ ਸੋਇ ॥
ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥

[ਬਿਲਾਵਲੁ ਅਸਟ: ਮ: ੧, ਘਰੁ ੧੦, ਪੰਨਾ ੮੩੧

ਆਮ ਅਲਪੱਗ ਇਨਸਾਨ ਵਾਹਿਗੁਰੂ ਭਗਵਾਨ ਦੀ ਗਤਿ ਮਿਤ ਨਹੀਂ ਜਾਣ ਸਕਦੇ। ਉਹ, ਅਲਪੱਗ ਇਨਸਾਨੀ ਅਕਲ ਦੀ ਗਤਿ ਮਿਤ-ਮਿਣਨੀ-ਸ਼ਕਤੀਓਂ ਬਾਹਰਾ, ਅਵਿਗਤ ਹੈ; ਗਿਣਤੀ ਮਿਣਤੀ ਵਾਲੀ ਸਾਇੰਟਿਫ਼ਿਕ ਬੁਧੀਓਂ ਅਬੁਧ (ਅਬੁਝ) ਹੈ, ਅਗਿਣਤ ਹੈ। ਉਸ ਦੀ ਥਾਹ ਕਿਸੇ ਨੂੰ ਨਹੀਂ ਆ ਸਕਦੀ, ਉਹ ਅਥਾਹ ਹੈ; ਪਰ ਇਹ ਨਹੀਂ ਕਹਿ ਸਕਦੇ ਕਿ ਉਹ ਹੈ ਹੀ ਨਹੀਂ। ਉਹ ਸਗਲਿਆਂ

ਜੀਵਾਂ ਜੰਤਾਂ ਮੰਝਾਰ ਭੀ ਹੈ, ਬਾਹਰਵਾਰ ਭੀ ਹੈ, ਸਭ ਦਾ ਦਾਤਾਰ ਹੈ। ਅਣਮੰਗਿਆਂ ਦਾਨ ਦਿੰਦਾ ਹੈ। ਸਭ ਜੀਅ ਜੰਤ ਉਸ ਦੇ ਮੰਗਤੇ ਜਾਚਕ ਹਨ। ਜਾਚਕਾਂ, ਮੰਗਤ ਜਨਾਂ ਨੂੰ ਮੰਗਿਆਂ ਦਾਨ ਭੀ ਦਿੰਦਾ ਹੈ। ਜਾਚਨਾ, ਅਰਦਾਸ ਸਭ ਦੀ ਸੁਣਦਾ ਹੈ। ਇਸ ਕਰਕੇ ਨੇੜੇ ਹੂੰ ਤੋਂ ਨੇੜੇ ਹੈ। ਦੂਰ ਨਹੀਂ, ਸਭ ਦੇ ਸੰਗ ਵਸਦਾ ਹੈ। ਦ੍ਰਿਸ਼ਟੇ ਜਨਾਂ ਨੂੰ ਜ਼ਾਹਰਾ ਦ੍ਰਿਸ਼ਟੀ ਆਉਂਦਾ ਹੈ। ਆਪਣੇ ਭਗਤਾਂ ਦੇ ਵਸਗਤ ਹੋ ਕੇ ਉਹਨਾਂ ਨੂੰ ਗਲਵੱਕੜੀ ਪਾ ਕੇ ਆ ਮਿਲਦਾ ਹੈ। ਘਟ ਅੰਤਰਿ ਹੀ ਪਰਗਟ ਪ੍ਰਜ੍ਵਲਤ ਹੋ ਕੇ ਸੱਚੀ ਮੇਲ-ਮਿਲੌਣੀ ਮਿਲਦਾ ਹੈ। ਐਸੇ ਤ੍ਰੁੱਠ ਕੇ ਮਿਲਣ-ਹਾਰ ਪ੍ਰੀਤਮ ਵਾਹਿਗੁਰੂ ਦੀ ਮਹਿਮਾ ਮਿਣੀ ਜਾ ਸਕੇ ਤਾਂ ਕਿਸ ਬਿਧ ਮਿਣੀ ਜਾਵੇ। ਜਿਨ੍ਹਾਂ ਉਪਰ ਉਹ ਐਸੀ ਕਿਰਪਾ ਕਰ ਤ੍ਰੂਠਦਾ ਵਰ੍ਹਦਾ ਹੈ, ਤਿਨ੍ਹਾਂ ਭਗਤਾਂ ਸੰਤਾਂ ਸਾਧਾਂ ਦੇ ਚਰਨਾਂ ਤੇ ਸੀਸ ਧਰੀ ਰਖੀਏ। ਇਹੋ ਦਾਨ ਮਾਨ ਗੁਰੂ ਘਰੋਂ, ਗੁਰੂ ਦੁਆਰਿਓਂ, ਗੁਰੂ ਨਾਨਕ ਦੇ ਦਰੋਂ ਸਦਾ ਜਾਚੀਏ ਬਾਛੀਏ। ਇਉਂ ਵਾਹਿਗੁਰੂ ਦੀ ਪਰਤੱਖ ਹੋਂਦ-ਹਸਤੀ ਦਾ ਨਜ਼ਾਰਾ ਆਪਣੀ ਅੱਖੀਂ ਪੇਖੀ ਵਿਸੇਖੀਦਾ ਹੈ; ਜੈਸਾ ਕਿ ਇਹ ਗੁਰਵਾਕ ਸਾਖਾ ਭਰਦਾ ਹੈ—

ਅਵਿਗਤ ਅਗਣਤ ਅਥਾਹ ਠਾਕੁਰ ਸਗਲ ਮੰਝੇ ਬਾਹਰਾ ॥
ਸਰਬ ਜਾਚਿਕ ਏਕੁ ਦਾਤਾ ਨਹ ਦੂਰਿ ਸੰਗੀ ਜਾਹਰਾ ॥
ਵਸਿ ਭਗਤ ਥੀਆ ਮਿਲੇ ਜੀਆ ਤਾ ਕੀ ਉਪਮਾ ਕਿਤ ਗਨੀ ॥
ਇਹੁ ਦਾਨੁ ਮਾਨੁ ਨਾਨਕੁ ਪਾਏ ਸੀਸੁ ਸਾਧਹ ਧਰਿ ਚਰਨੀ ॥੪॥੨॥੫॥

[ਆਸਾ ਮ: ੧, ਪੰਨਾ ੪੫੬

ਜਿਨ੍ਹਾਂ ਨੂੰ ਗੁਰੂ ਨਾਨਕ ਦੇ ਦਰ ਘਰ ਤੋਂ ਸਚੇ ਨਾਮ-ਮੰਤਰ ਦੀ ਵਡਾਈ ਮਿਲੀ ਹੈ, ਤਿਨ੍ਹਾਂ ਦੀ ਗਹਿਣ-ਗਤ ਕੁਛ ਨਹੀਂ ਕਹੀ ਜਾ ਸਕਦੀ। ਐਸੇ ਸੰਤ ਜਨ ਨਾਮ ਜਪ ਜਪ ਤ੍ਰਿਪਤ ਅਘਾਇ ਰਹਿੰਦੇ ਹਨ, ਨਾਮ ਅਭਿਆਸ ਦੀ ਗੁਰਮਤਿ ਦਰਸਾਈ ਕਮਾਈ ਕਰਿ ਤਿਨ੍ਹਾਂ ਨੂੰ ਨਾਮ, ਲਾਲ ਅਮੋਲਾ ਲਾਲ ਹੋ ਕੇ ਅੰਤਰਿ ਹੀ ਪ੍ਰੁੱਕਰਿਆ, ਰਸ ਜੋਤੱਕਰਿਆ ਹੈ। ਇਸ ਜੋਤਿ-ਜੋਤੱਕਰੀ ਜਗਨਤਾ ਦੀ ਦਸ਼ਾ ਅੰਦਰ ਨਾਮ ਸਚ ਮੁਚ ਅਗਾਹ ਅਤੋਲਾ ਹੈ। ਨਾਮ ਦੀ ਇਸ ਅਗਾਹ ਅਤੋਲਤਾ ਵਾਲੀ ਪਰਕਾਸ਼ ਪ੍ਰਜ੍ਵਲਤਾ ਵਿਚ ਤ੍ਰਿਬੁਡ ਹੋ ਕੇ ਹੀ ਨਾਮੀ ਵਾਹਿਗੁਰੂ ਅਕਾਲ ਪੁਰਖ ਦੀ ਅਗਾਧਤਾ ਅਤੋਲਤਾ ਦਾ ਕਿੰਚਤ ਮਾਤ੍ਰ ਅੰਦਾਜ਼ਾ ਲਗ ਸਕਦਾ ਹੈ ਅਤੇ ਪਤਾ ਲਗਦਾ ਹੈ ਕਿ ਸਚਮੁਚ ਉਹ ਅਵਿਗਤ ਹੈ। ਇਸ ਅਵਿਗਤ ਦਾ ਤਤ ਗਿਆਨ ਗੁਰਮੁਖ ਜਨਾਂ ਨਾਮ ਅਭਿਆਸੀਆਂ ਨੂੰ ਹਸਤਾਮਲ ਵਤ ਪਰਗਟ ਹੋਇ ਆਵੰਦਾ ਹੈ। ਜਿਨ੍ਹਾਂ ਸੰਤ ਜਨਾਂ ਗੁਰਮੁਖਾਂ ਦਾ ਇਸ ਬਿਧਿ ਅਵਿਗਤ ਸਿਉਂ


www.sikhbookclub.com

ਮਨ ਮਾਨਿਆ ਹੈ, ਉਹ ਸਾਰੇ ਹੀ ਪਰੀਪੂਰਨ ਪਾਰਬ੍ਰਹਮ ਅਗੰਮ ਨੂੰ ਆਪਣੇ ਧਿਆਨ ਅੰਦਰ ਹੀ ਪਰਤੱਖ ਦੇਖਦੇ ਹਨ ਅਤੇ ਪੇਖ ਵਿਗਸਦੇ ਵਿਗਸਾਉਂਦੇ ਹਨ। ਐਸੀ ਉਚ ਪਦਵੀ ਨੂੰ ਪਾਇਕੇ ਭੀ ਸੰਕਲਪ ਮਾਤਰ ਭੀ ਓਹਨਾਂ ਨੂੰ ਇਹ ਫੁਰਨਾ ਨਹੀਂ ਫੁਰਦਾ ਸੂਖਸ਼ਮ ਤੋਂ ਸੂਖਸ਼ਮ ਅਭਿਮਾਨ ਅਹੰਕਾਰ ਦਾ, ਕਿ ਪ੍ਰਮੇਸ਼ਰ ਉਨ੍ਹਾਂ ਨੇ ਪਾ ਲਿਆ ਹੈ। ਇਸ ਪਰਮ ਪਦ ਨੂੰ ਪਾਇ ਕੇ ਤਿਨ੍ਹਾਂ ਦਾ ਇਸ ਜਾਮੇ ਅੰਦਰ ਹੀ ਨਿਹਚਲ ਥਾਨ ਵਿਚ ਵਾਸਾ ਹੋ ਜਾਂਦਾ ਹੈ। ਇਉਂ ਨਿਹਚਲ ਠਾਣੇ ਠਿਕਾਣੇ ਵਾਲਾ ਮਹਲ ਪਛਾਨਣਾ, ਗੁਰੂ, ਕੇਵਲ ਗੁਰੂ ਦੇ ਪਰਤਾਪ ਕਰਕੇ ਹੀ ਹੋ ਸਕਦਾ ਹੈ। ਇਸ ਮਹਲ ਅੰਦਰ ਗੁਰੂ ਅਤੇ ਵਾਹਿਗੁਰੂ ਅਕਾਲ ਪੁਰਖ ਦੋਹਾਂ ਨਾਲ ਹੀ ਮੇਲ ਹੋਇਆ ਰਹਿੰਦਾ ਹੈ। ਮੇਲ ਭੀ ਸਚੜਾ ਮੇਲ। ਇਸ ਮੇਲ ਮਿਲਾਉਣੀ ਦਾ ਸੁਹਾਗ ਭਾਗ ਮਾਣਦਿਆਂ ਅਹਿੰਨਿਸਿ ਜਾਗ ਸੁਜਾਗੇ ਰਹੀਦਾ ਹੈ ਅਤੇ ਜਾਗ ਸੁਜਾਗੇ, ਸਾਵਧਾਨਤਾ ਪਾਗੇ ਹੋਏ ਵਾਹਿਗੁਰੂ ਦੀ ਸਿਮਰਨ ਰੂਪੀ ਸੇਵਾ ਵਿਖੇ ਸਗੋਂ ਹੋਰ ਅਭੀਚ ਰੰਗਾਂ ਵਿਚ ਤਤਪਰ ਹੋਈਦਾ ਹੈ। ਇਹ ਆਤਮ ਬਿਵਸਥਾ ਪੂਰਨ ਤ੍ਰਿਪਤ ਅਘਾਵਨੀ, ਸਹਿਜ ਸਮਾਧਿ ਸਮਾਵਨੀ ਅਵਸਥਾ ਹੁੰਦੀ ਹੈ। ਇਹ ਸਦਾ ਅਸਥਿਰ ਹਰਿ ਭੰਡਾਰ ਗੁਰੂ ਨਾਨਕ ਸਾਹਿਬ ਦੇ ਦਰੋਂ ਦਰਬਾਰੋਂ ਹੀ ਹੱਥ ਆਂਵਦਾ ਹੈ। ਯਥਾ ਗੁਰਵਾਕ—

ਤ੍ਰਿਪਤਿ ਆਘਾਏ ਸੰਤਾ ॥
ਗੁਰ ਜਾਨੇ ਜਿਨ ਮੰਤਾ ॥
ਤਾ ਕੀ ਕਿਛੁ ਕਹਨੁ ਨ ਜਾਈ ॥
ਜਾ ਕਉ ਨਾਮ ਬਡਾਈ ॥੧॥
ਲਾਲੁ ਅਮੋਲਾ ਲਾਲੋ ॥
ਅਗਹ ਅਤੋਲਾ ਨਾਮੋ ॥੧॥ਰਹਾਉ॥
ਅਵਿਗਤ ਸਿਉ ਮਾਨਿਆ ਮਾਨੋ ॥
ਗੁਰਮੁਖਿ ਤਤੁ ਗਿਆਨੋ ॥
ਪੇਖਤ ਸਗਲ ਧਿਆਨੋ ॥
ਤਜਿਓ ਮਨ ਤੇ ਅਭਿਮਾਨੋ ॥੨॥
ਨਿਹਚਲੁ ਤਿਨ ਕਾ ਠਾਣਾ ॥
ਗੁਰ ਤੇ ਮਹਲੁ ਪਛਾਣਾ ॥
ਅਨਦਿਨੁ ਗੁਰ ਮਿਲਿ ਜਾਗੇ ॥
ਹਰਿ ਕੀ ਸੇਵਾ ਲਾਗੇ ॥੩॥

ਪੂਰਨ ਤ੍ਰਿਪਤਿ ਅਘਾਇ ॥
ਸਹਜ ਸਮਾਧਿ ਸੁਭਾਏ ॥
ਹਰਿ ਭੰਡਾਰੁ ਹਾਥਿ ਆਇਆ ॥
ਨਾਨਕ ਗੁਰ ਤੇ ਪਾਇਆ ॥੪॥੭॥੨੩॥

[ਮਾਰੂ ਮ: ੫, ਪੰਨਾ ੧੦੦੬

ਜਿਸ ਵਾਹਿਗੁਰੂ ਨੂੰ ਅਵਿਗਤ, ਗਹਿਣ-ਗਤ ਵਿਚ ਨਾ ਆਉਣ ਵਾਲਾ ਜਾਣ ਕੇ ਸ਼ਰਧਾ-ਹੀਨ ਲੋਕ ਕੋਰੇ ਨਾਸਤਕ ਹੋ ਬੈਠਦੇ ਹਨ, ਉਸ ਅਵਿਗਤ ਦੀ ਗਤਿ ਗੁਰੂ ਘਰ ਦੇ ਗੁਰਮੁਖ ਜਨਾਂ ਨੇ ਜਾਣੀ ਹੈ। ਪਰ ਤਾਂ ਜਾਣੀ ਹੈ ਜਾਂ ਸ਼ਬਦ-ਗੁਰਮੰਤ੍ਰ ਦੀ ਅਤੁੱਟ ਅਭਿਆਸ ਕਮਾਈ ਕੀਤੀ ਹੈ, ਐਵੇਂ ਨਹੀਂ। ਗੁਰ-ਸ਼ਬਦ ਦੁਆਰਾ ਜਾਣੀ ਪਛਾਣੀ ਹੋਈ ਅਵਿਗਤ ਦੀ ਗਤਿ ਗੁਰਮੁਖ ਜਨਾਂ ਨੂੰ "ਏਕੋ ਰਵਿ ਰਹਿਆ **ਨਿਰਬਾਨੀ**" ਤਾਈਂ ਪ੍ਰਤੱਖ ਲਖਾਉਂਦੀ ਹੈ। ਤਿਨ੍ਹਾਂ ਨੂੰ ਇਕ ਅਕਾਲ ਪੁਰਖ ਸਾਰੇ ਪਰੀ-ਪੂਰਨ ਰਵਿ ਰਹਿਆ ਦਿਖਾਈ ਦੇਂਦਾ ਹੈ। ਜਿਨ੍ਹਾਂ ਗੁਰਮੁਖਾਂ ਨੇ ਇਸ ਪਰਤੱਖ ਪਰਗਟ ਸਰੂਪ ਵਿਚ ਅਵਿਗਤ ਦੀ ਗਤਿ ਜਾਤੀ ਹੈ, ਤਿਨ੍ਹਾਂ ਦੇ ਦਸਮ ਦੁਆਰ ਦਿਨ ਰਾਤੀਂ ਅਨਹਦ ਸ਼ਬਦ ਵਜਦਾ ਰਹਿੰਦਾ ਹੈ। ਯਥਾ ਗੁਰਵਾਕ—

ਅਨਹਦ ਸਬਦੁ ਵਜੈ ਦਿਨੁ ਰਾਤੀ ॥
ਅਵਿਗਤ ਕੀ ਗਤਿ ਗੁਰਮੁਖਿ ਜਾਤੀ ॥
ਤਉ ਜਾਨੀ ਜਾ ਸਬਦਿ ਪਛਾਨੀ ॥
ਏਕੋ ਰਵਿ ਰਹਿਆ ਨਿਰਬਾਨੀ ॥੭॥(੮॥੩)

[ਰਾਮਕਲੀ ਮ: ੧ ਅਸਟ:, ਪੰਨਾ ੯੦੪

# ੩

# ਅਕਾਲ ਪੁਰਖ ਦਾ ਦਰਸ ਮਿਲਾਪ

ਤਿਨ੍ਹਾਂ ਨੂੰ ਤ੍ਰਿਭਵਣ ਸਾਰੇ ਵਿਖੇ ਹੀ ਜੋਤਿ ਸਬਾਇੜੀ ਹੀ ਪਰਦੀਪਤ ਹੋਈ ਦਿਸਦੀ ਹੈ। ਐਸੀ ਜੋਤਿ ਸਬਾਇੜੀ ਪਰਦੀਪਤ ਹੋਏ ਗੁਰਮੁਖ ਜਗਿਆਸੂ ਨੂੰ ਪ੍ਰਭੂ ਘਟ ਘਟ ਅੰਦਰਿ ਰਵ ਰਹਿਆ ਨਜ਼ਰੀਂ ਆਉਣ ਲਗ ਪੈਂਦਾ ਹੈ। ਉਹ ਨਾਇਕ ਸੁਆਮੀ, ਜੋ ਅਲੱਖ ਹੈ, ਹੋਰ ਕਿਸੇ ਬਿਧ ਭੀ ਲਖਿਆ ਨਹੀਂ ਜਾ ਸਕਦਾ, ਜੋ ਅਪਾਰ ਹੈ, ਜਿਸ ਦਾ ਪਾਰਾਵਾਰ ਹੋਰ ਕਿਵੇਂ ਭੀ ਨਹੀਂ ਪਾਇਆ ਜਾ ਸਕਦਾ, ਸੋ ਘਟ ਘਟ ਅੰਦਰ ਜਗਨ-ਜੋਤੀ ਹੋ ਕੇ ਸਮਾ ਰਹਿਆ ਪਰਤੱਖ ਦਿਸ ਰਿਹਾ ਹੁੰਦਾ ਹੈ। ਨਾ ਕੇਵਲ ਆਪਣੇ ਘਟ ਅੰਦਰ ਹੀ, ਬਲਕਿ ਦੂਜਿਆਂ ਦੇ ਘਟਾਂ ਅੰਦਰ ਭੀ ਜੋਤਿ ਪਰਗਾਸਿਆ ਹੋਇਆ ਦ੍ਰਿਸ਼ਟ ਗੋਚਰ ਹੁਇ ਆਵੰਦਾ ਹੈ। ਇਹ ਅਲਖ ਅਪਾਰ ਸਿਰਜਨਹਾਰਾ ਅਪਰੰਪਰ ਸੁਆਮੀ ਪ੍ਰਮੇਸ਼ਰ ਸ਼ਬਦ-ਦੀਪਕੀ ਗੁਰਮੁਖਾਂ ਨੂੰ ਘਟ ਅੰਦਰ ਹੀ ਜੱਫੀਆਂ ਪਾਇ ਕੇ ਆਣ ਮਿਲਦਾ ਹੈ, ਪਰ ਮਿਲਦਾ ਤਦ ਹੈ ਜਦੋਂ ਨਾਮ ਅਭਿਆਸ ਕਮਾਈ ਏਤਨੀ ਪ੍ਰਬਲ ਦਸ਼ਾ ਵਿਚ ਅਰੂੜ੍ਹਤ ਹੋ ਜਾਂਦੀ ਹੈ ਕਿ ਨਿਜ ਦੇਹ ਅਧਿਆਸ ਦੂਰ ਹੋ ਕੇ ਆਪਾ ਉੱਕਾ ਹੀ ਮਾਰਿਆ ਮਸਲਿਆ ਜਾਂਦਾ ਹੈ। ਬਸ, ਇਉਂ ਆਪਾ ਮਾਰਨਹਾਰਿਆਂ ਸ਼ਬਦ-ਕਮਾਊਆਂ ਨੂੰ ਹੀ ਅੰਤਰਿ ਆਤਮੇ ਆ ਮਿਲਦਾ ਹੈ। ਸ਼ਬਦ ਕਮਾਈ ਦੁਆਰਾ ਐਥੋਂ ਤਾਈਂ ਇਹ ਰੋਗ-ਹਉਮੀਆ-ਆਪਾ ਪਿਸ ਘਿਸ ਕੇ ਮਿਟ ਜਾਂਦਾ ਹੈ ਕਿ ਹਉਮੈ ਮਮਤਾ ਲੋਭ ਆਦਿ ਜਗਿਆਸੂ ਦੇ ਜਲ ਕੇ ਸੁਆਹ ਹੋ ਜਾਂਦੇ ਹਨ ਅਤੇ ਸਾਰੀ ਮੈਲ ਅੰਦਰੋਂ ਚੁਕੀ ਜਾਂਦੀ ਹੈ। ਏਹਨਾਂ ਉਪਰਲੀਆਂ ਕੁਵਸਤੂਆਂ ਦੇ ਥਾਉਂ ਫੇਰ ਘਟ ਅੰਦਰ ਵਾਹਿਗੁਰੂ ਅਤੇ ਵਾਹਿਗੁਰੂ ਦਾ ਦਰਸ਼ਨ ਹੀ ਉਰਧਾਰਿਆ ਰਹਿੰਦਾ ਹੈ। ਇਉਂ ਸ਼ਬਦ ਗੁਰ ਦੀ ਕਮਾਈ ਰੂਪੀ ਭਾਣੇ ਅੰਦਰ ਚਲਿਆਂ ਤਾਰਨਹਾਰਾ ਨਦਰਾਲੂ ਪੁਰਖ ਅਕਾਲ ਤੁਠ ਕੇ ਆਪ ਹੀ ਆਪਣੇ ਭਾਣੇ ਅੰਦਰ ਆਏ ਪਿਆਰਿਆਂ ਨੂੰ ਤਾਰ ਲੈਂਦਾ ਹੈ। ਫਿਰ ਜੋਤੀਸ਼ ਵਾਹਿਗੁਰੂ ਨੂੰ ਧਾਰਨ ਧਾਰ ਕੇ ਹੀ, ਅੰਮ੍ਰਿਤ ਨਾਮ ਚਖ ਕੇ ਤ੍ਰਿਪਤ ਹੋਈ ਨਾਇਕਾ ਨੂੰ ਦਰ ਜਾਇ ਕੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋ ਜਾਂਦਾ ਹੈ। ਇਹ ਸੁਹਾਗ ਭਰੀ ਬਿਵਸਥਾ ਨੂੰ ਸਦਾ ਮਾਨਣ ਲਈ ਬਿਨੇ ਅਲਾਉਣਾ ਇਕ

ਸਹਿਜ ਸੁਭਾਵੀ ਕਰਤਬ ਹੋਇ ਰਹਿੰਦਾ ਹੈ। ਯਥਾ ਗੁਰਵਾਕ —

ਜੋਤਿ ਸਬਾਇੜੀਏ ਤ੍ਰਿਭਵਣ ਸਾਰੇ ਰਾਮ ॥
ਘਟਿ ਘਟਿ ਰਵਿ ਰਹਿਆ ਅਲਖ ਅਪਾਰੇ ਰਾਮ ॥
ਅਲਖ ਅਪਾਰ ਅਪਾਰ ਸਾਚਾ ਆਪੁ ਮਾਰਿ ਮਿਲਾਈਐ ॥
ਹਉਮੈ ਮਮਤਾ ਲੋਭੁ ਜਾਲਹੁ, ਸਬਦਿ ਮੈਲੁ ਚੁਕਾਈਐ ॥
ਦਰਿ ਜਾਇ ਦਰਸਨੁ ਕਰੀ ਭਾਣੈ ਤਾਰਿ ਤਾਰਣਹਾਰਿਆ ॥
ਹਰਿਨਾਮੁ ਅੰਮ੍ਰਿਤੁ ਚਾਖਿ ਤ੍ਰਿਪਤੀ ਨਾਨਕਾ ਉਰਧਾਰਿਆ ॥੪॥੧॥
[ਬਿਲਾਵਲ ਮ: ੧ ਛੰਤ, ਪੰਨਾ ੮੪੩

ਨਿਰੰਜਨ ਵਾਹਿਗੁਰੂ ਨੂੰ ਮਿਲਾਵਣ ਲਈ ਨਾਮ ਨਿਰੰਜਨ ਹੀ ਸਮਰੱਥ ਹੈ। ਸੋ ਐਸਾ ਨਾਮ ਨਿਰੰਜਨ ਗੁਰਮਤਿ ਨਾਮ ਗੁਰਮੰਤ੍ਰ ਹੀ ਹੈ, ਜਿਸ ਦੇ ਪਾਰਸ-ਸ਼ਕਤੀਸ਼ਰੀ-ਅਭਿਆਸ ਅੰਦਰਿ ਐਸੀ ਪਾਰਸ-ਕਲਾ ਹੈ ਕਿ ਇਹ ਅਭਿਆਸ ਕਰਨਹਾਰੇ ਨੂੰ ਪਾਵਨ ਪਵਿੱਤ੍ਰ, ਪਤਿਤੋਂ ਪੁਨੀਤ ਕਰ ਦਿੰਦਾ ਹੈ ਅਤੇ ਸਰਬ ਅਗਿਆਨ ਭਰਮ ਅੰਧੇਰੇ ਹਰ ਦਿੰਦਾ ਹੈ। ਤਿਮਰ ਅਗਿਆਨ ਦਾ ਨਾਸ ਕਰ ਕੇ ਸਚੇ ਗੁਰਮਤਿ ਗਿਆਨ ਦਾ ਪਰਗਾਸ ਕਰ ਦਿੰਦਾ ਹੈ ਅਤੇ ਗੁਰਮਤਿ ਗਿਆਨ ਦਾ ਅੰਜਨ ਨੇਤ੍ਰਾਂ ਵਿਖੇ ਪਰਵੇਸ਼ ਕਰ ਕੇ ਨੈਨਾਂ ਨੇਤ੍ਰਾਂ ਨੂੰ ਦਿਬ ਦ੍ਰਿਸ਼ਟੇ ਬਣਾ ਕੇ ਵਾਹਿਗੁਰੂ ਨਿਰੰਜਨ ਦਾ ਪਰਤੱਖ ਦਰਸ਼ਨ ਕਰਾਇ ਦਿੰਦਾ ਹੈ। ਐਸਾ ਪਰਤੱਖ ਕਿ ਜਲ ਥਲ ਮਹੀਅਲਿ ਵਿਖੇ ਪਰੀਪੂਰਨ ਨਿਰੰਜਨ ਨਿਰੰਕਾਰ ਦਾ ਹੀ ਝਲਕਾ ਵਜਦਾ ਹੈ। ਐਸਾ ਗਿਆਨ ਨਿਰੰਜਨ ਪਰਗਟੰਜਨੀ-ਨਾਮ ਨਿਮਖ ਮਾਤ੍ਰ ਭੀ ਜਿਸ ਜਨ ਦੇ ਹਿਰਦੇ ਵਿਚ ਵਸਿਆ ਹੈ, ਤਿਸ ਦੇ ਸਭ ਕਿਲਵਿਖ ਵਿਸੂਰੇ ਮਿਟ ਜਾਂਦੇ ਹਨ। ਐਸਾ ਪਾਵਨ, ਪਤਿਤ-ਪੁਨੀਤ ਹੈ ਗੁਰਮਤਿ ਨਾਮ ਨਿਰੰਜਨ, ਕਿ ਸਰਬਦਾ ਭਉ ਭੰਜਨ ਅਗਾਧ ਬੋਧ ਸਮਰੱਥ ਸੁਆਮੀ ਅਲਖ ਨਿਰੰਜਨ ਵਾਹਿਗੁਰੂ ਸਨਮੁਖ ਦ੍ਰਿਸ਼ਟੀ ਗੋਚਰ ਦਰਸ਼ਨ ਦੇ ਰਹਿਆ ਇਉਂ ਜ਼ਾਹਰ ਜ਼ਹੂਰ ਤੇ ਹਾਜ਼ਰਾ ਹਜ਼ੂਰ ਬਿਗਸਦਾ ਬਿਗਸਾਉਂਦਾ, ਝਲਕਾਰੇ ਦਿੰਦਾ ਦਿਸ ਆਉਂਦਾ ਹੈ ਕਿ ਉਸ ਦੇ ਦਿਬਯ ਜੋਤੀਯ ਚਰਨ-ਕਮਲਾਂ ਦੇ ਨਾਲ ਲਪਟ ਲਪਟਾਇ ਕੇ ਚੋਜ ਬਿਨੋਦੀ ਕੇਲ ਕਰਨਾ, ਭਗਤ ਜਨਾਂ ਗੁਰਮੁਖਾਂ ਦੀ ਇਕ ਸੁਭਾਇਮਾਨ ਅਨੂਠੀ ਚਰਨ-ਜਪਨੀ ਪਗ-ਪਇਅੰਪਨੀ ਖੇਡ ਹੋ ਜਾਂਦੀ ਹੈ। ਗੁਰੂ ਨਾਨਕ ਸਾਹਿਬ ਐਸੇ ਗੁਰਮੁਖ ਜਨਾਂ ਦੇ ਚਰਨ-ਜੰਪਨ ਪਗ-ਪਇਅੰਪਨ ਦੀ ਜਾਚਨਾ ਸਿਖਾਉਂਦੇ ਹਨ ਜਿਨ੍ਹਾਂ ਨੇ ਇਸ ਬਿਧਿ ਅਲਖ ਨਿਰੰਜਨ ਨੂੰ ਗੁਪਤੋਂ ਪਰਗਟ ਕਰਿ ਦਿਖਾਇਆ ਹੈ ਤੇ ਪਰਤੱਖ ਲ਼ਖਣੀ ਲਖਾਇਆ ਹੈ ਅਤੇ ਅਗਾਧ ਬੋਧ ਵਾਹਿਗੁਰੂ ਨੂੰ ਸਹਿਜ

ਸੰਬੋਧਨ ਨਿਰਮਲ ਦਿਬ-ਦੀਦਨੀ-ਦ੍ਰਿਸ਼ਟੀ ਅੰਦਰਿ ਸਮਾਇਆ ਹੈ । ਯਥਾ ਗੁਰਵਾਕ —

ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥
ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ
ਜਲਿ ਥਲਿ ਮਹੀਅਲਿ ਪੂਰਿਆ ॥
ਇਕ ਨਿਮਖ ਜਾ ਕੈ ਰਿਦੈ ਵਸਿਆ
ਮਿਟੇ ਤਿਸਹਿ ਵਿਸੂਰਿਆ ॥
ਅਗਾਧਿ ਬੋਧ ਸਮਰਥ ਸੁਆਮੀ
ਸੰਰਬ ਕਾ ਭਉ ਭੰਜਨਾ ॥
ਨਾਨਕ ਪਇਅੰਪੈ ਚਰਣ ਜੰਪੈ
ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥(੪॥੩॥੬॥)

[ਆਸਾ ਮ: ੧ ਛੰਤ, ਪੰਨਾ ੪੫੬

ਸਚਮੁਚ ਨਾਮ ਜਪਣ ਕਰਿ, ਨਾਮ ਰਿਦੇ ਅਰਾਧਨ (ਬਿਚਾਰਨ) ਕਰਿ, ਪ੍ਰਭੂ ਪ੍ਰਮਾਤਮਾ ਦੀ ਐਸੀ ਪਾਰਸ-ਕਟਾਖਸ਼ੀ ਕਿਰਪਾ ਹੋਇ ਆਂਵਦੀ ਹੈ ਕਿ ਅਗਾਧ ਬੋਧ ਅਗਮ ਅਪਾਰ ਵਾਹਿਗੁਰੂ ਨਿਰੰਕਾਰ ਆਪਣੀ ਅਕਾਲ ਮੂਰਤੀ ਵਾਲੀ ਦਿਬਤਾ-ਮਈ ਅਕਾਰ-ਦਰਸ਼ਨਤਾ ਦੇ ਸਰੂਪ ਵਿਚ ਹਿਰਦੇ ਅੰਦਰਿ ਹੀ ਉਤਰ ਆਉਂਦਾ ਹੈ । ਯਥਾ ਗੁਰਵਾਕ—

ਅਗਾਧਿ ਬੋਧਿ ਹਰਿ ਅਗਮ ਅਪਾਰੇ ॥
ਨਾਮੁ ਜਪਤ ਨਾਮੁ ਰਿਦੈ ਬੀਚਾਰੇ ॥
ਨਾਨਕ ਕਉ ਪ੍ਰਭ ਕਿਰਪਾ ਧਾਰੇ ॥੪॥੧੧੧॥

[ਗਉੜੀ ਮ: ੫, ਪੰਨਾ ੨੦੨

ਕਿਰਪਾ ਧਾਰ ਆਉਂਦਾ ਹੈ ਪਰਤੱਖ ਰੂਪ ਵਿਚ । ਜੈਸੇ ਕਿ—

ਅਵਿਗਤ ਨਾਥੁ ਅਗੋਚਰ ਸੁਆਮੀ ॥
ਪੂਰਿ ਰਹਿਆ ਘਟ ਅੰਤਰਜਾਮੀ ॥
ਜਤ ਤਕ ਦੇਖਉ ਤੇਰਾ ਵਾਸਾ ॥
ਨਾਨਕ ਕਉ ਗੁਰਿ ਕੀਓ ਪ੍ਰਗਾਸਾ ॥੮॥੨॥੫॥

[ਭੈਰਉ ਮ: ੫ ਅਸਟ:, ਪੰਨਾ ੧੧੫੬-੫੭

ਸਭਨਾਂ ਨੂੰ ਇਕ ਜੋਤਿ ਤਾਰ ਪਰੋ ਕੇ ਨਥਣਹਾਰਾ ਨਾਥ, ਅਵਿਗਤ ਅਗੋਚਰ ਸੁਆਮੀ ਘਟਿ ਅੰਤਰਿ ਹੀ ਪਰੀ-ਪੂਰਨਤਾ ਸਹਿਤ ਆਇ ਸਮਾਉਂਦਾ ਹੈ । ਭਗਤ ਜਨਾਂ ਦੀ ਪ੍ਰੀਤ-ਪਰਤੀਤ ਦੀ ਲਖਤਾ ਹੋਣ ਕਰਿ ਉਹ ਐਸਾ ਅੰਤਰਜਾਮੀ ਹੈ ਕਿ ਅੰਤਰ ਦੀ ਗਤਿ ਬੁਝ ਕੇ ਆਸਾ ਪੂਰਦਾ ਹੈ । ਸਤਿਗੁਰੂ ਨਾਨਕ ਦੇ ਘਰ ਦੇ ਗੁਰਮੁਖ ਭਗਤ ਜਨਾਂ ਨੂੰ ਰਿਦੰਤਰੀ ਐਸਾ ਪਰਗਾਸ ਜੋਤਿ ਨਿਰੰਤਰੀ ਹੋਇ ਆਉਂਦਾ ਹੈ ਕਿ ਉਹ ਅੰਤਰ ਪਰਗਾਸ ਦਾ ਅਨੰਦ ਮਾਣਦੇ ਹੋਇ, ਸਨਮੁਖ ਸ੍ਰਿਸ਼ਟੇ ਹੋਏ ਹੋਏ ਏਵੇਂ ਅਲਾਉਂਦੇ ਹਨ : 'ਆਹਾ ! ਮੇਰੇ ਪਰਕਾਸ਼ ਰੂਪ ਅਨੂਪ ਸਰੂਪ ਵਾਹਿਗੁਰੂ ! ਜਿਥੇ ਕਿਥੇ ਭੀ ਅਸੀਂ ਦੇਖਦੇ ਹਾਂ, ਤੇਰਾ ਹੀ ਵਾਸਾ ਸਰੂਪ ਪਰਗਾਸਾ ਵੇਖਦੇ ਹਾਂ ।' ਇਹ ਜਤ-ਕਤ-ਵਾਸ-ਲਖਨੀ, ਪਰਗਾਸ-ਪੇਖਨੀ ਭਗਤ ਜਨਾਂ ਗੁਰਮੁਖਾਂ ਦੀ ਯਥਾਰਥ-ਲਖਨੀ ਸਾਖਾ ਹੈ, ਐਵੇਂ ਕਥਨੀ ਬਦਨੀ ਵਾਲੀ ਬੁਝਾਰਤ ਨਹੀਂ ਹੁੰਦੀ । ਐਵੇਂ ਚੁੰਚ-ਕਥਨੀ ਕਰਕੇ ਤਾਂ ਸਾਰਾ ਜੱਗ ਹੀ ਰਾਮ ਰਾਮ ਕਰਦਾ ਫਿਰਦਾ ਹੈ । ਇਉਂ ਚੁੰਚ-ਬਿਧਨੀ-ਕਥਨੀ ਕਰਿ ਰਾਮ ਨਹੀਂ ਪਾਇਆ ਜਾਂਦਾ । ਉਹ ਅਗੰਮ ਹੈ, ਅਗੋਚਰ ਹੈ ਅਤੇ ਅਤਿ ਵੱਡਾ ਹੈ ਅਤੇ ਐਸਾ ਅਤੁਲ ਹੈ ਕਿ ਤੋਲਿਆ ਨਹੀਂ ਜਾ ਸਕਦਾ । ਨਾ ਉਸਦੀ ਕੀਮਤ ਕਿਸੇ ਤੋਂ ਪਾਈ ਜਾਂਦੀ ਹੈ, ਨਾ ਉਹ ਕਿਸੇ ਭੀ ਉਪਾਇ ਕਰਕੇ ਲਇਆ ਪ੍ਰਗਟਾਇਆ ਜਾ ਸਕਦਾ ਹੈ । ਲਇਆ ਪ੍ਰਗਟਾਇਆ ਜਾ ਸਕਦਾ ਹੈ ਤਾਂ ਕੇਵਲ ਗੁਰੂ ਕੇ ਸ਼ਬਦ (ਗੁਰਮੰਤ੍ਰ) ਦੁਆਰਾ ਹੀ ਲਇਆ ਪ੍ਰਗਟਾਇਆ ਜਾ ਸਕਦਾ ਹੈ । ਗੁਰੂ ਵਾਹਿਗੁਰੂ ਸ਼ਬਦ ਅਭਿਆਸ ਦੀ ਪਾਰਸ-ਪਾਰਜਾਤੀ ਅਮਿਉ-ਰਸਾਇਣੀ ਕਲਾ ਅਜਿਹੀ ਵਰਤਦੀ ਹੈ ਕਿ ਗੁਰ-ਸ਼ਬਦ ਭੇਟਣ ਕਰਿ, ਉਹ ਅਭੇਦ ਰੂਪ ਹੋ ਕੇ ਮਨ ਅੰਦਰ ਹੀ ਆ ਵਸਦਾ ਹੈ । ਨਹੀਂ ਤਾਂ ਉਸਦੀ ਅਮਿਉ ਮਰੰਮੀ ਮਿਤ-ਮਰਯਾਦਾ ਕਿਸੇ ਤੋਂ ਨਹੀਂ ਪਾਈ ਜਾ ਸਕਦੀ । ਕੇਵਲ ਗੁਰੂ ਦੀ ਕਿਰਪਾ ਦੁਆਰਾ ਹੀ ਅੰਤਰਿ ਬਾਹਰਿ ਸਮਾਇ ਰਹਿਆ ਦਿਸ ਆਵੰਦਾ ਹੈ ਅਤੇ ਅੰਤਰ-ਆਤਮੇ ਜੋਤਿ ਝਿਲਮਿਲੀ ਜਫੀਆਂ ਪਾ ਕੇ ਐਸਾ ਆ ਮਿਲਦਾ ਹੈ ਕਿ ਫੇਰ ਸਦਾ ਮਿਲਿਆ ਹੀ ਰਹਿੰਦਾ ਹੈ । ਯਥਾ ਗੁਰਵਾਕ—

ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ ॥<br>
ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ ॥<br>
ਕੀਮਤਿ ਕਿਨੈ ਨ ਪਾਈਆ ਕਿਤੈ ਨ ਲਇਆ ਜਾਇ ॥<br>
ਗੁਰ ਕੈ ਸਬਦਿ ਭੇਦਿਆ ਇਨ ਬਿਧਿ ਵਸਿਆ ਮਨਿ ਆਇ ॥<br>
ਨਾਨਕ ਆਪਿ ਅਮੇਉ ਹੈ ਗੁਰ ਕਿਰਪਾ ਤੇ ਰਹਿਆ ਸਮਾਇ ॥<br>
ਆਪੇ ਮਿਲਿਆ ਮਿਲਿ ਰਹਿਆ ਆਪੇ ਮਿਲਿਆ ਆਇ ॥੧॥੧੮॥

[ਵਾਰ ਬਿਹਾਗੜਾ, ਪਉੜੀ ੧੮, ਪੰਨਾ ੫੫੫


www.sikhbookclub.com

ਇਹ ਬਿਸਮਾਦ-ਜਨਕ ਸਚਿਆਈ ਹੈ ਅਤੇ ਕੈਸੀ ਅਸਚਰਜ ਸਚਾਈ ਹੈ । ਜਿਸ ਠਾਕਰ ਪਰਮਾਤਮ ਪਰਮੇਸ਼ਰ ਨੂੰ ਅਗਾਧ ਬੋਧ ਸੁਣੀਦਾ ਹੈ, ਤਿਸ ਅਗਾਧ ਬੋਧ ਨਿਰੰਕਾਰ ਨੂੰ ਸਤਿਗੁਰੂ ਨੇ ਸਿਖਾਂ ਦੇ ਰਿਦੇ ਅੰਦਰਿ ਪ੍ਰਗਟਾਇ ਦਿੱਤਾ–

ਦੇਖਹੁ ਅਚਰਜੁ ਭਇਆ ॥
ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ
ਸੋ ਰਿਦੈ ਗੁਰਿ ਦਇਆ ॥ਰਹਾਉ॥(੪॥੩॥੧੪॥)

[ਸੋਰਠਿ ਮ: ੫, ਪੰਨਾ ੬੧੨

ਦੇਖੋ 'ਦਇਆ' ਦੀ ਏਥੇ ਕੈਸੀ ਫ਼ੋਰਸ (ਜ਼ੋਰ) ਹੈ, ਰਿਦੈ ਦੀਆ ਕਿਆ ? ਰਿਦੇ ਅੰਦਰ ਹੀ ਬਸਾਇ ਧਸਾਇ ਦੀਆ ਗੁਰੂ ਨੇ ।

ਅਕਾਲ ਪੁਰਖ ਕਿਵੇਂ ਮਿਲਦਾ ਹੈ ?

'ਸ਼ਬਦ-ਮਾਰਗੀਆਂ' ਗੁਰਮੁਖਾਂ ਦੀ ਅਹਿਨਿਸੀ ਅਭਿਆਸ ਪੂਜਾ ਹੀ ਅਣ-ਦ੍ਰਿਸ਼ਟੇ ਪਰਮਾਤਮਾ ਦੇਵ ਦੀ ਪੂਜਾ ਹੈ, ਸ਼ਬਦ-ਸੁਰਤ-ਅਭਿਆਸ ਕਰਦੇ ਕਰਦੇ ਰਸ-ਅਮੀ ਸੁਆਦ ਉਦੋਤ ਆ ਹੁੰਦਾ ਹੈ । ਇਹ, ਰਸ-ਅਮੀ ਦੇ ਸੁਆਦ ਪ੍ਰਾਇਣਿ ਹੋਇ ਸੁਆਸਾਂ ਨੂੰ ਰੋਕ ਕੇ ਗੁਰਮਤਿ ਅਭਿਆਸੀ ਜਨ ਹੰਸਲੇ, ਨਾਭੀ ਅੰਦਰਿ ਸੁਰਤ-ਚੁੱਭਾ ਲਾਇ ਬਹਿੰਦੇ ਹਨ । ਇਸ ਰਸ-ਰਮਨ ਬਿਰਤੀ-ਚੁੱਭੇ ਦੁਆਰਾ ਆਪ ਦੀ ਸੁਰਤ ਨੂੰ ਉਭਾਰ ਪਸਾਰ ਕੇ ਅਤਿ ਗਹਿਰ ਗੰਭੀਰ ਸਾਗਰ-ਰਤਨਾਗਰੀ ਠਾਕਰ ਨੂੰ ਜਾਇ ਢੂੰਡਦੇ ਹਨ । ਇਸ ਬਿਧਿ ਨਭ-ਨਾਭੀ ਪੁਲਾੜ ਅੰਦਰਿ ਹੀ ਅਨੂਪਮ ਠਾਕੁਰ-ਪੂਜਾ ਏਕੰਕਾਰੀ ਹੋਣ ਲਗ ਪੈਂਦੀ ਹੈ । ਇਸ ਸ਼ਬਦ-ਬੀਚਾਰੀ ਅਭਿਆਸ-ਪੂਜਾ ਦੇ ਪ੍ਰਭਾਵ ਕਰਿ, ਇਕੋ ਭਰਮ-ਭਉ-ਭੰਜਨ ਪੁਰਖ-ਨਿਰੰਜਨ ਦਾ ਤੱਤ ਗਿਆਨ ਐਸਾ ਪ੍ਰਜੂਲਤ ਹੋਇ ਆਵੰਦਾ ਹੈ ਕਿ ਤਿਨ੍ਹਾਂ ਦੇ ਗਿਆਨ ਦ੍ਰਿਸ਼ਟੇ ਲੋਇਣਾਂ ਸਾਮ੍ਹਣੇ ਏਕਸ ਬਿਨਾਂ ਹੋਰ ਦੂਜਾ ਨਜ਼ਰੀਂ ਹੀ ਨਹੀਂ ਆਉਂਦਾ । ਤਾਂ ਤੇ ਏਕ ਬਿਨਾਂ ਦੂਜੇ ਦੀ ਪੂਜਾ ਦਾ ਏਥੇ ਥਾਉਂ ਹੀ ਨਹੀਂ ।

ਇਹ ਸਚੜਾ ਸ਼ਬਦ-ਸੁਰਤੀਆਂ ਦਾ ਗੁਰਮਤਿ ਮਾਰਗ ਹੀ ਮਨੂਆ ਮਾਰਨ ਦਾ ਸਚੜਾ ਸਬੀਲਾ ਹੈ, ਇਉਂ ਮਨੂਆ ਮਾਰ ਕੇ ਹੀ ਨਿਰਮਲ ਪਦ ਚੀਨਿਆ ਜਾਂਦਾ ਹੈ, ਨਿਰਮਲ ਪਦ ਚੀਨ ਕੇ ਅਧਕ ਤੋਂ ਅਧਕ ਹਰਿ-ਰਸ-ਰੰਗ ਮਾਣੀਦਾ ਹੈ । ਇਸ ਬਿਧ ਹਰਿ-ਰਸ-ਰਤੇ ਅਧਕ ਰੰਗਾਂ ਵਾਲੇ ਗੁਰਮੁਖ ਅਭਿਆਸੀ ਜਨ, ਏਕਸ ਦੇ ਅਨਿੰਨ ਪੁਜਾਰੀ ਹੀ ਬਣੇ ਰਹਿੰਦੇ ਹਨ । ਗੁਰ **ਪ੍ਰਸਾਦ** ਕਰਿ ਐਸੀ ਅਗੰਮੀ ਸੂਝ ਬੂਝ ਉਹਨਾਂ ਨੂੰ ਹੋਇ ਆਵੰਦੀ ਹੈ ।

ਕੇਵਲ ਗੁਰਮਤਿ ਦਰਸਾਈ ਉਪਰ ਲਿਖਤ ਵਿਉਂਤ-ਵਿਧੀ ਅਨੁਸਾਰ ਹੀ

ਏਕੋ ਅਗਮ ਅਗੋਚਰ ਅਨਾਥ ਅਜੋਨੀ ਸੈਭੰ ਪ੍ਰਭੂ ਦਾ ਪਾਰਦਰਸੀ-ਗਿਆਨ-ਸਾਰ ਪ੍ਰਾਪਤ ਹੁੰਦਾ ਹੈ, ਇਸ ਤਤ ਗਿਆਨ ਰਸ ਜੋਤਿ ਨਾਲ ਸੁਭਰ-ਭਰੀਵੇ ਗੁਰਮੁਖ ਹੰਸਲਿਆਂ ਦਾ ਚਿੱਤ ਸਦਾ ਅਡੋਲ ਰਹਿੰਦਾ ਹੈ, 'ਮਨ ਹੀ ਤੇ ਮਨ ਮਾਨੀ' ਇਸ ਅਡੋਲ ਤਤ ਗਿਆਨ ਜੈਸੀ ਆਤਮ ਅਵਸਥਾ ਵਿਖੇ ਅਰੂੜ ਹੋ ਕੇ ਅਕੱਥ ਵਾਹਿਗੁਰੂ ਦੀ ਅਗੋਚਰ ਕਥਾ ਨੂੰ ਕਥ ਸਕੀਦਾ ਹੈ ਅਤੇ ਕਥ ਲਈਦਾ ਹੈ। ਯਥਾ ਗੁਰਵਾਕ—

ਗਹਿਰ ਗੰਭੀਰ ਸਾਗਰ ਰਤਨਾਗਰ ਅਵਰ ਨਹੀ ਅਨ ਪੂਜਾ ॥
ਸਬਦੁ ਬੀਚਾਰਿ ਭਰਮ ਭਉ ਭੰਜਨੁ ਅਵਰੁ ਨ ਜਾਨਿਆ ਦੂਜਾ ॥੫॥
ਮਨੂਆ ਮਾਰਿ ਨਿਰਮਲ ਪਦੁ ਚੀਨਿਆ ਹਰਿ ਰਸ ਰਤੇ ਅਧਿਕਾਈ ॥
ਏਕਸ ਬਿਨੁ ਮੈ ਅਵਰੁ ਨ ਜਾਨਾਂ ਸਤਿਗੁਰਿ ਬੂਝ ਬੁਝਾਈ ॥੬॥
ਅਗਮ ਅਗੋਚਰੁ ਅਨਾਥੁ ਅਜੋਨੀ ਗੁਰਮਤਿ ਏਕੋ ਜਾਨਿਆ ॥
ਸੁਭਰ ਭਰੇ ਨਾਹੀ ਚਿਤੁ ਡੋਲੈ ਮਨ ਹੀ ਤੇ ਮਨੁ ਮਾਨਿਆ ॥੭॥
ਗੁਰ ਪਰਸਾਦੀ ਅਕਥਉ ਕਥੀਐ ਕਹਉ ਕਹਾਵੈ ਸੋਈ ॥
ਨਾਨਕ ਦੀਨ ਦਇਆਲ ਹਮਾਰੇ ਅਵਰੁ ਨ ਜਾਨਿਆ ਕੋਈ ॥੮॥੨॥
[ਸਾਰੰਗ ਮ: ੧ ਅਸਟਪਦੀਆ, ਪੰਨਾ ੧੨੩੩

ਅਕਾਲ ਪੁਰਖ ਦਾ ਦਰਸ਼ਨ

ਗੁਰ ਪੂਰੇ ਦੀ ਐਸੀ ਵਡਿਆਈ ਹੈ ਕਿ ਗੁਰਮਤਿ ਨਾਮ ਅਭਿਆਸ ਕਰਿ, ਉਰਧਾਰਿ ਬੀਚਾਰਿਆ ਜਾਪ ਜਪ ਕੇ ਅਦ੍ਰਿਸ਼ਟ ਅਗੋਚਰ ਅਪਰੰਪਰ ਸੁਆਮੀ ਰਮੇ-ਰਮ ਮਨ-ਮੋਹਨ ਅੰਤਰਜਾਮੀ ਗੁਪਤੋਂ ਪਰਗਟ ਦਿਸ ਪੈਂਦਾ ਹੈ ਅਤੇ ਦਰਸ-ਝਲਕਾਰ ਦੇਣ ਲਗ ਜਾਂਦਾ ਹੈ। ਯਥਾ ਗੁਰਵਾਕ—

ਉਰਧਾਰਿ ਬੀਚਾਰਿ ਮੁਰਾਰਿ ਰਮੋ ਰਮ
ਮਨਮੋਹਨ ਨਾਮੁ ਜਪੀਨੇ ॥
ਅਦ੍ਰਿਸਟੁ ਅਗੋਚਰੁ ਅਪਰੰਪਰ ਸੁਆਮੀ
ਗੁਰਿ ਪੂਰੈ ਪ੍ਰਗਟ ਕਰਿ ਦੀਨੇ ॥੧॥ (੨॥੧॥)
[ਧਨਾਸਰੀ ਮ: ੪ ਘਰ ੫ ਦੁਪਦੇ, ਪੰਨਾ ੬੬੮

ਦੁਨੀਆ ਦ੍ਰਿਸ਼ਟਮਾਨ ਮਾਇਆ ਦੇ ਪਸਾਰੇ ਨੂੰ ਸਤ ਕਰਕੇ ਮੰਨਦੀ ਹੈ ਅਤੇ ਅਦ੍ਰਿਸ਼ਟ ਨੂੰ ਮੰਨਦੀ ਹੀ ਨਹੀਂ। ਗੁਰਮਤਿ ਅਨੁਸਾਰ ਆਦਿ ਜੁਗਾਦੀ ਹੈਭੀ ਹੋਸੀ, ਅਗਮ ਅਗੋਚਰ ਅਪਰ ਅਪਾਰ ਪਾਰਬ੍ਰਹਮ ਬਿਨਾਂ, ਹੋਰ ਸਭ ਕੁਝ ਝੂਠਾ ਹੈ, ਯਥਾ ਗੁਰਵਾਕ—

ਮੇਰਾ ਮਨੋ ਮੇਰਾ ਮਨੁ ਰਾਤਾ ਰਾਮ ਪਿਆਰੇ ਰਾਮ ॥
ਸਚੁ ਸਾਹਿਬੋ ਆਦਿ ਪੁਰਖੁ ਅਪਰੰਪਰੋ ਧਾਰੇ ਰਾਮ ॥
ਅਗਮ ਅਗੋਚਰੁ ਅਪਰ ਅਪਾਰਾ ਪਾਰਬ੍ਰਹਮੁ ਪਰਧਾਨੋ ॥
ਆਦਿ ਜੁਗਾਦੀ ਹੈਭੀ ਹੋਸੀ ਅਵਰੁ ਝੂਠਾ ਸਭੁ ਮਾਨੋ ॥੧॥
(੪॥੩॥੪॥੩॥) [ਆਸਾ ਮ: ੧ ਛੰਤ, ਪੰਨਾ ੪੩੭

ਇਸ ਅਗਮ ਅਗੋਚਰ ਅਲਖ ਅਪਾਰ ਦੀ ਸਤਤਾ ਹੀ ਗੁਰਮਤਿ ਅਨੁਸਾਰ ਪਰਧਾਨ ਹੈ। ਇਸ ਨੂੰ ਜਾਗਦੀ ਜੋਤਿ ਪੇਖ ਕੇ ਹੀ, ਅੰਤਰਜਾਮੀ ਨੂੰ ਬਿਸੇਖ ਕੇ ਹੀ, ਗੁਰੂ ਸਾਹਿਬਾਂ ਨੇ ਸਨਮੁਖ ਬੇਨਤੀ ਉਚਾਰਨ ਕੀਤੀ ਹੈ ਅਤੇ ਗੁਰਮੁਖ ਜਨਾਂ ਨੂੰ ਕਰਨੀ ਸਿਖਾਈ ਹੈ ਅਤੇ ਇਸ ਬਿਧਿ ਸਤਤਾ ਲਖਾਈ ਹੈ—

ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ ॥
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਘਟਿ ਘਟਿ ਜੋਤਿ ਤੁਮ੍ਹਾਰੀ ॥
[ਬਿਲਾਵਲੁ ਮ: ੧, ਪੰਨਾ ੭੯੫

ਇਹ ਗੱਲ ਬਿਲਕੁਲ ਸਹੀ ਹੈ ਕਿ ਇਸ ਅਗਮ ਅਗੋਚਰ ਪਾਰਬ੍ਰਹਮ ਪਰਮੇਸ਼ਰ ਨੂੰ ਜਣਾ ਕਣਾ ਕੋਈ ਸਿਆਣੇ ਤੋਂ ਵੱਡਾ ਸਿਆਣਾ ਭੀ ਨਹੀਂ ਅੱਪੜ ਸਕਦਾ। ਮਿਹਰਵਾਨ ਬੇਪਰਵਾਹ ਸੁਆਮੀ ਅੰਤਰਜਾਮੀ ਨੂੰ ਗੁਰ-ਪ੍ਰਸਾਦੀ ਹੀ ਮਿਲ ਸਕੀਦਾ ਹੈ, ਗੁਰ-ਸ਼ਬਦ ਕਮਾਈ ਕਰਕੇ। ਗੁਰ-ਸ਼ਬਦ ਦੀ ਸੇਵਾ ਕਮਾਈ ਓਸੇ ਗੁਰਮੁਖ ਜਨ ਤੋਂ ਹੁੰਦੀ ਹੈ ਜਿਸ ਉਪਰ ਉਸ ਮਿਹਰਵਾਨ ਦੀ ਮੇਹਰ ਆ ਹੁੰਦੀ ਹੈ।

ਐਸੇ ਨਦਰਿ-ਨਦ੍ਰਿਸ਼ਟੇ ਜਨ ਗੁਰਮਤਿ ਕਮਾਈ ਦੁਆਰਾ ਸਚੇ ਅਕਾਲ ਪੁਰਖ ਦੇ ਸਰੂਪ ਵਿਚ ਹੀ ਸਮਾਉਂਦੇ ਅਤੇ ਸਮਾਏ ਰਹਿੰਦੇ ਹਨ। ਇਸ ਸਹਿਜ ਸਮਾਵਣੀ ਅਹਿਮ ਅਵਸਥਾ ਨੂੰ ਮਾਣਦੇ ਹੋਏ ਦਿਨ ਰਾਤੀਂ ਸਚੇ ਦੇ ਗੁਣ ਗਾਉਂਦੇ ਰਹਿੰਦੇ ਹਨ। ਹਰਿ ਗੁਣ ਗਾਵੰਦੀ ਓਹਨਾਂ ਦੀ ਰਸਨਾ ਕਦੇ ਥਕਦੀ ਹੀ ਨਹੀਂ; ਐਸਾ ਹਰਿ ਰਸ ਆਇਆ ਹੁੰਦਾ ਹੈ ਉਹਨਾਂ ਦੀ ਗੁਣ ਗਾਵਣਹਾਰੀ ਰਸਨਾ ਨੂੰ !!

ਉਹਨਾਂ ਨੂੰ ਗਹਿਰ ਗੰਭੀਰ ਸਚੇ ਸਾਹਿਬ ਨੂੰ ਸਦਾ **ਸਦਾ** ਸਲਾਹੁਣ ਵਿਚ ਸੱਚੀ ਧੀਰਜ ਹੈ। ਜਿਸ ਅਗਮ ਅਗੋਚਰ ਦੀ ਕੀਮਤ ਨਹੀਂ ਪਾਈ ਜਾ ਸਕਦੀ, ਗੁਰਮੁਖਾਂ ਨੇ ਉਸਨੂੰ ਆਪਣੇ ਹਿਰਦੇ ਅੰਦਰ ਵਸਾ ਲਿਆ ਹੈ। ਧੰਦੇ ਧੰਦਈ ਹੋਈ ਲੋਕੀ (ਲੁਕਾਈ) ਨਿਰਾਲਮ ਨਿਰੰਕਾਰ ਨਿਰੰਜਨ ਨੂੰ ਨਹੀਂ ਪਛਾਣ ਸਕਦੀ ਗੁਰ ਪਰਸਾਦੀ ਹੀ ਕੋਈ ਨਾਮ ਕਮਾਈ ਵਾਲਾ ਗੁਰਮੁਖ ਜਨ ਬੁਝ ਸਕਦਾ ਹੈ। ਗੁਰਮਤੀ ਨਾਮ ਘਟ ਅੰਤਰਿ ਵਸਿਆਂ ਨਾਮੀ ਵਾਹਿਗੁਰੂ ਨਾਲ ਦਰਸ-ਮਿਲਾਪੀ

ਮੇਲਾ ਹੀ ਹੋ ਜਾਂਦਾ ਹੈ, ਯਥਾ ਗੁਰਵਾਕ—

ਅਗਮ ਅਗੋਚਰ ਵੇਪਰਵਾਹੇ ॥
ਆਪੇ ਮਿਹਰਵਾਨ ਅਗਮ ਅਥਾਹੇ ॥
ਅਪੜਿ ਕੋਇ ਨ ਸਕੈ ਤਿਸ ਨੋ ਗੁਰ ਸਬਦੀ ਮੇਲਾਇਆ ॥੧॥
ਤੁਧੁ ਨੋ ਸੇਵਹਿ ਜੋ ਤੁਧੁ ਭਾਵਹਿ ॥
ਗੁਰ ਕੈ ਸਬਦੇ ਸਚਿ ਸਮਾਵਹਿ ॥
ਅਨਦਿਨੁ ਗੁਣ ਰਵਹਿ ਦਿਨੁ ਰਾਤੀ ਰਸਨਾ ਹਰਿ ਰਸੁ ਭਾਇਆ ॥੨॥

[ਮਾਰੂ ਮ: ੩, ਪੰਨਾ ੧੦੬੭

ਸਚਾ ਸਾਹਿਬੁ ਗਹਿਰ ਗੰਭੀਰਾ ॥
ਸਦਾ ਸਲਾਹੀ ਤਾ ਮਨੁ ਧੀਰਾ ॥
ਅਗਮ ਅਗੋਚਰੁ ਕੀਮਤਿ ਨਹੀ ਪਾਈ
ਗੁਰਮੁਖਿ ਮੰਨਿ ਵਸਾਇਦਾ ॥੧੫॥
ਆਪਿ ਨਿਰਾਲਮੁ ਹੋਰ ਧੰਧੈ ਲੋਈ ॥
ਗੁਰ ਪਰਸਾਦੀ ਬੂਝੈ ਕੋਈ ॥
ਨਾਨਕ ਨਾਮੁ ਵਸੈ ਘਟ ਅੰਤਰਿ
ਗੁਰਮਤੀ ਮੇਲਿ ਮਿਲਾਇਦਾ ॥੧੬॥੩॥੧੭॥

[ਮਾਰੂ ਮ: ੩, ਪੰਨਾ ੧੦੬੧

ਜਿਸ ਅਕਾਲ ਪੁਰਖ ਦੀ ਹੋਂਦ-ਹਸਤੀ ਨੂੰ ਅਨੁਮਾਨਣ ਮਾਤ੍ਰ ਤੋਂ ਭੀ ਆਮ ਅਲਪੱਗ ਪੁਰਸ਼ਾਂ ਦੀ ਅਕਲ ਅੰਧਲੀ ਬੋਲੀ ਨੀਮ-ਨਿਸਚੋਲੀ ਹੋ ਰਹੀ ਹੈ, ਉਹ ਪੁਰਖ ਬਿਧਾਤਾ ਆਦਿ ਜੁਗਾਦਿ ਤੋਂ ਹੀ ਦਇਆ-ਪਤਿ ਦਾਤਾ, ਗੁਰਮਤਿ ਆਸਤਕਤਾ ਦਾ ਮੁਖ ਕੇਂਦਰ ਪਛਾਤਾ ਜਾਂਦਾ ਰਹਿਆ ਹੈ । ਪਰ ਜਿਨ੍ਹਾਂ ਪਛਾਤਾ ਹੈ, ਸੱਚ ਕਰਕੇ ਜਾਤਾ ਹੈ, ਪੂਰੇ ਗੁਰ ਕੇ ਸ਼ਬਦ-ਅਭਿਆਸ ਦੁਆਰਾ ਅੰਤਰਿ ਅਬਿਨਾਸ਼ ਚਾਨਣਾ ਪਰਗਟ ਹੋਣ ਪਰ ਹੀ ਸਤ ਪਛਾਤਾ ਹੈ । ਹੇ ਸਤਿ ਅਸਤਾਸ਼, ਸਦਾ ਅਬਿਨਾਸ਼ ਕਰਤੇ ! ਤੁਧੰਨੋ ਗੁਰ-ਸ਼ਬਦ-ਮੰਤ੍ਰ ਅਭਿਆਸ-ਕਮਾਈ ਦੁਆਰਾ ਸੇਵਨਹਾਰੇ, ਤੁਧ ਨੂੰ ਸਤ ਪਛਾਣਦੇ, ਤੁਧ ਹੀ ਜਿਹੇ ਹੋ ਗਏ ਹਨ ਅਤੇ ਤੁਧ ਹੀ ਵਿਚਿ ਸਮਾ ਗਏ ਹਨ । ਤੁਧ ਆਪ ਕਿਰਪਾ ਕਰਿ, ਤਿਨ੍ਹਾਂ ਨੂੰ ਆਪਣੇ ਵਿਚ ਸਮਾਇ ਕੇ ਮਿਲਾਇ ਲਇਆ ਹੈ ।

ਹੇ ਅਗੰਮ ਅਗੋਚਰ ਸਾਹਿਬ ! ਤੇਰੀ ਕੀਮਤ ਕਿਨੈ ਨਹੀਂ ਪਾਈ । ਸਭ ਜੀਆ-ਜੰਤ ਤੇਰੀ ਸੰਰਨਾਈ ਹੀ ਆਸਰਤ ਹੋ ਕੇ ਜੀਉਂਦੇ ਹਨ । ਜਿਉਂ ਤੈਨੂੰ

ਭਾਉਂਦਾ ਹੈ ਤਿਵੇਂ ਤੂੰ ਚਲਾਉਂਦਾ ਹੈਂ, ਅਤੇ ਜਿਸਨੋਂ ਚਾਹੇਂ ਤੂੰ ਤਿਸਨੂੰ ਸੁਮਾਰਗ ਪਾਉਂਦਾ ਹੈਂ। ਤੂੰ ਹੈਂ ਭੀ ਸਤਿ, ਪਰਮੇਸ਼ਰ ਸੱਚਾ, ਹੋਸੀ ਸਾਚਾ, ਸਤਿ ਕਰਤਾਰ, ਸਭਨਾਂ ਦਾ ਸਿਰਜਨਹਾਰ ਹੈਂ। ਤੁਧ ਬਿਨ ਹੋਰ ਕੋਈ ਕਰਤਾ ਸਿਰਜ-ਸੰਵਾਰਤਾ ਨਹੀਂ। ਤੂੰ ਸਭਨਾਂ ਦੀ ਸਾਰ ਸੰਭਾਲਣਹਾਰਾ ਸੁਖਦਾਤਾ ਹੈਂ ਅਤੇ ਸਭਨਾਂ ਨੂੰ ਆਪੇ ਰਿਜ਼ਕ ਸੰਬਾਹੁਣ ਪਹੁੰਚਾਉਣਹਾਰਾ ਹੈਂ। ਹੇ ਅਗਮੰ ਅਗੋਚਰ ਅਲਖ ਅਪਾਰ ਨਿਰੰਜਨਾ ਨਿਰੰਕਾਰਾ! ਤੇਰਾ ਪਾਰਾਵਾਰ ਕਿਨ੍ਹੈ ਨਹੀਂ ਪਾਇਆ। ਆਪਣਾ ਆਪ ਅਸਲ ਵਜੂਦ, ਵਾਸਤਵ ਕਰਿ ਤੂੰ ਆਪ ਹੀ ਪਛਾਨਣ ਯੋਗ ਹੈਂ। ਪਰ ਜਿਸ ਜਿਸ ਤਾਈਂ ਆਪਣੇ ਹਸਤ-ਹੋਂਦੀਏ ਵਜੂਦ ਨੂੰ ਬੁਝਾਉਂਦਾ ਲਖਾਉਂਦਾ ਹੈਂ, ਗੁਰਮਤਿ ਦੀ ਸਚੀ ਰੌਸ਼ਨੀ ਰੁਸ਼ਨਾਉਣੋਂ ਹੀ ਬੁਝਾਉਂਦਾ ਲਖਾਉਂਦਾ ਹੈਂ। ਯਥਾ ਗੁਰਵਾਕ—

ਆਦਿ ਜੁਗਾਦਿ ਦਇਆਪਤਿ ਦਾਤਾ ॥<br>
ਪੂਰੇ ਗੁਰ ਕੈ ਸਬਦਿ ਪਛਾਤਾ ॥<br>
ਤੁਧੁ ਨੋ ਸੇਵਹਿ ਸੇ ਤੁਝਹਿ ਸਮਾਵਹਿ<br>
ਤੂੰ ਆਪੇ ਮੇਲਿ ਮਿਲਾਇਦਾ ॥ ੧ ॥<br>
ਅਗਮ ਅਗੋਚਰ ਕੀਮਤਿ ਨਹੀ ਪਾਈ ॥<br>
ਜੀਅ ਜੰਤ ਤੇਰੀ ਸਰਣਾਈ ॥<br>
ਜਿਉ ਤੁਧੁ ਭਾਵੈ ਤਿਵੈ ਚਲਾਵਹਿ<br>
ਤੂ ਆਪੇ ਮਾਰਗਿ ਪਾਇਦਾ ॥ ੨ ॥<br>
ਹੈ ਭੀ ਸਾਚਾ ਹੋਸੀ ਸੋਈ ॥<br>
ਆਪੇ ਸਾਜੇ ਅਵਰੁ ਨ ਕੋਈ ॥<br>
ਸਭਨਾ ਸਾਰ ਕਰੇ ਸੁਖਦਾਤਾ<br>
ਆਪੇ ਰਿਜਕੁ ਪਹੁਚਾਇਦਾ ॥ ੩ ॥<br>
ਅਗਮ ਅਗੋਚਰ ਅਲਖ ਅਪਾਰਾ ॥<br>
ਕੋਇ ਨ ਜਾਣੈ ਤੇਰਾ ਪਰਵਾਰਾ ॥<br>
ਆਪਣਾ ਆਪੁ ਪਛਾਣਹਿ ਆਪੇ<br>
ਗੁਰਮਤੀ ਆਪਿ ਬੁਝਾਇਦਾ ॥ ੪ ॥

[ਮਾਰੂ ਮ: ੩, ਪੰਨਾ ੧੦੬੦

ਦਰ-ਹਕੀਕਤ ਵਾਹਿਗੁਰੂ ਅਗਮ ਅਗੋਚਰ ਹੈ, ਅਲਖ ਹੈ, ਪਰੰਤੂ ਗੁਰ-ਦੀਖਿਆ, ਗੁਰਮੰਤ੍ਰ ਦੀ ਕਮਾਈ ਕਰਨਹਾਰਿਆਂ ਗੁਰਮੁਖਾਂ ਨੇ ਹੀ ਪਰਤੱਖ ਕਰ ਜਾਣਿਆ ਹੈ। ਅਤੇ ਗੁਰਮੁਖਤਾ ਦੁਆਰਾ ਹੀ ਜਾਣਿਆ ਜਾਂਦਾ ਹੈ।

ਅਗਮ ਅਗੋਚਰੁ ਅਲਖੁ ਹੈ ਗੁਰਮੁਖਿ ਹਰਿ ਜਾਣੁ ॥੧੧॥
[ਸੂਹੀ ਵਾਰ, ਪੰਨਾ ੭੮੯

ਤਥਾ—ਪਾਰਬ੍ਰਹਮ ਅਪਰੰਪਰ ਦੇਵਾ ॥
ਅਗਮ ਅਗੋਚਰ ਅਲਖ ਅਭੇਵਾ ॥
ਦੀਨ ਦਇਆਲ ਗੋਪਾਲ ਗੋਬਿੰਦਾ
ਹਰਿ ਧਿਆਵਹੁ ਗੁਰਮੁਖਿ ਗਾਤੀ ਜੀਉ ॥੧॥ (੪॥੬॥੧੩॥)
[ਮਾਝ ਮ: ੫, ਪੰਨਾ ੯੮

ਗੁਰਮਤਿ ਲਖਾਈ ਗਾਤੀ ਦੁਆਰਾ ਹੀ ਧਿਆਇਆ ਜਾਂਦਾ ਹੈ । ਧਿਆਇ ਧਿਆਇ ਲਖਾਇਆ ਜਾਂਦਾ ਹੈ । ਸਿਮਰਨ ਦਾ ਮੰਤਵ ਹੀ ਇਹੀ ਹੈ ਕਿ ਅਗਮ ਅਗੋਚਰ ਅਲਖ ਅਪਾਰ ਪਾਰਬ੍ਰਹਮ ਨੂੰ ਲਖਿਆ ਜਾਵੇ । ਗੁਰਮਤਿ ਦ੍ਰਿੜ੍ਹਾਇਆ ਸਿਮਰਨ, ਦਿਨ-ਰੈਨਾਰੀ ਸਿਮਰਨ ਇਸ ਪ੍ਰਯੋਜਨ ਨੂੰ ਮੁਖ ਰਖ ਕੇ ਅਰੰਭਤ ਹੁੰਦਾ ਹੈ ਕਿ ਜਿਸਦਾ ਸਿਮਰਨ ਕੀਤਾ ਜਾਵੇ ਉਸ ਅਪ੍ਰਾਪਤ ਪਾਰਬ੍ਰਹਮ ਨੂੰ ਪ੍ਰਾਪਤ ਕੀਤਾ ਜਾਵੇ, ਯਥਾ ਗੁਰਵਾਕ—

ਅਗਮ ਅਗੋਚਰੁ ਅਲਖ ਅਪਾਰੇ ॥
ਨਾਨਕ ਸਿਮਰੈ ਦਿਨ ਰੈਨਾਰੇ ॥੩॥੯॥੧੫॥
[ਸੂਹੀ ਮ: ੫, ਪੰਨਾ ੭੪੦

ਗੁਰੂ ਨਾਨਕ ਸਰੂਪ ਦੇ ਦਸੇ ਜਾਮੇ ਅਗਮ-ਰੂਪ ਦਰਸਾਰੇ ਦੇ ਦ੍ਰਿਸ਼ਟ-ਦ੍ਰਿਸ਼ਟਾਰੇ ਝਲਕਾਰਿਆਂ ਨੂੰ ਸਨਮੁਖ ਦੇਖਦੇ ਹੋਏ ਹੀ ਸਿਮਰਨ ਅਨੰਦ ਮਗਨ ਰਹਿੰਦੇ ਹਨ, ਪਰ ਤਿਸੈ (ਦਿਨ-ਰੈਨਾਰੀ) ਸਿਮਰਨ ਦੀ ਪਾਰਸ-ਕਲਾ ਸਤਿਗੁਰਾਂ ਨੇ ਐਸੀ ਲਖਾਈ ਦ੍ਰਿੜ੍ਹਾਈ ਕਿ ਸਿਮਰਨ-ਸ਼ਕਤੀ ਕਰਿ ਅਦ੍ਰਿਸ਼ਟ ਅਗੋਚਰ ਪਾਰਬ੍ਰਹਮ ਭੀ ਦ੍ਰਿਸ਼ਟੀ-ਗੋਚਰ ਹੋਇ ਆਉਂਦਾ ਹੈ । ਅਤੇ ਸਿਮਰਨ ਕਰਨਹਾਰੇ ਗੁਰਸਿਖਾਂ ਪ੍ਰਤੀ ਸਦਾ ਸਦਾ ਜੁਗਾਂ ਪ੍ਰਯੰਤ ਦ੍ਰਿਸ਼ਟੀ ਗੋਚਰ ਹੁੰਦਾ ਰਹੇਗਾ । ਸੋ ਜਿਸ ਕਿਸੇ ਨੇ ਭੀ ਅਦ੍ਰਿਸ਼ਟ ਅਗੋਚਰ ਪ੍ਰਮਾਤਮਾ ਦਾ ਆਤਮ-ਦ੍ਰਿਸ਼ਟ ਦਰਸਾਰਾ ਦੇਖਣਾ ਹੋਵੇ ਸੋ ਗੁਰੂ-ਘਰ ਵਿਖੇ ਆਇ ਕੇ ਨਿਸੰਗ ਪੇਖੇ-ਪਰਖੇ, ਅਜ਼ਮਾਵੇ, ਆਪਣੀ ਅੱਖੀਂ ਦੇਖੇ । ਬਿਨ ਦੇਖੇ ਕੈਸੇ ਪਤੀਆਏ ਅਤੇ ਕੈਸੇ ਨਾਸਤਕਤਾ ਅਤੇ ਐਗਨਾਸਟਿਕਇਜ਼ਮ ਦੀ ਜ਼ਹਿਰ ਦੂਰ ਹੋ ਜਾਏ । ਕੇਵਲ **ਗੁਰਪ੍ਰਸਾਦ** ਕਰਿ, ਗੁਰੂ ਦੀ ਕਿਰਪਾ ਕਰਿ ਹੀ ਐਸਾ ਪਾਰਸ-ਰਸਾਇਣਾ ਸਿਮਰਨ, ਹਰਿ-ਸਿਮਰਨ ਪ੍ਰਾਪਤ ਹੁੰਦਾ ਹੈ । ਜਿਨ੍ਹਾਂ ਨੂੰ ਹੋਇਆ ਹੈ ਪ੍ਰਾਪਤ ਅਤੇ ਸਿਮਰਨ-ਪਰਤਾਪ ਕਰਿ ਹੋਏ ਹਨ ਅਦ੍ਰਿਸ਼ਟ ਦੇ ਦ੍ਰਿਸ਼ਟ ਦਰਸ਼ਨ, ਸੋ ਅਗਮ ਅਨੰਦਤ ਹੋ ਕੇ ਆ-ਮੁਹਾਰੇ ਪੁਕਾਰ ਉਠੇ ਹਨ—

ਨਿਧਿ ਸਿਧਿ ਰਿਧਿ ਹਰਿ ਹਰਿ ਹਰਿ ਮੇਰੈ ॥
ਜਨਮੁ ਪਦਾਰਥੁ ਗਹਿਰ ਗੰਭੀਰੈ ॥
ਲਾਖ ਕੋਟ ਖੁਸੀਆ ਰੰਗ ਰਾਵੈ
ਜੋ ਗੁਰ ਲਾਗਾ ਪਾਈ ਜੀਉ ॥੧॥
ਦਰਸਨੁ ਪੇਖਤ ਭਏ ਪੁਨੀਤਾ ॥
ਸਗਲ ਉਧਾਰੇ ਭਾਈ ਮੀਤਾ ॥
ਅਗਮ ਅਗੋਚਰੁ ਸੁਆਮੀ ਅਪੁਨਾ
ਗੁਰ ਕਿਰਪਾ ਤੇ ਸਚੁ ਧਿਆਈ ਜੀਉ ॥੨॥
ਜਾ ਕਉ ਖੋਜਹਿ ਸਰਬ ਉਪਾਏ ॥
ਵਡਭਾਗੀ ਦਰਸਨੁ ਕੋ ਵਿਰਲਾ ਪਾਏ ॥
ਊਚ ਅਪਾਰ ਅਗੋਚਰ ਥਾਨਾ
ਓਹੁ ਮਹਲੁ ਗੁਰੂ ਦੇਖਾਈ ਜੀਉ ॥੩॥
ਗਹਿਰ ਗੰਭੀਰ ਅੰਮ੍ਰਿਤ ਨਾਮੁ ਤੇਰਾ ॥
ਮੁਕਤਿ ਭਇਆ ਜਿਸੁ ਰਿਦੈ ਵਸੇਰਾ ॥
ਗੁਰਿ ਬੰਧਨ ਤਿਨ ਕੇ ਸਗਲੇ ਕਾਟੇ
ਜਨ ਨਾਨਕ ਸਹਜਿ ਸਮਾਈ ਜੀਉ ॥੪॥੧੬॥੨੩॥

[ਮਾਝ ਮ: ੫, ਪੰਨਾ ੧੦੧

ਦੇਖਿਆ, ਉਪਰਲਾ ਵਾਕ ਕੀ ਕੀ ਚਮਤਕਾਰ ਚਮਤਕਾਉਂਦਾ ਕਉਤਕਾਉਂਦਾ ਹੈ। ਜੋ ਜੋ ਵਡਭਾਗਾ ਜਨ ਗੁਰ-ਸਰਨਾਈ ਆਇਆ, ਭਾਵ ਗੁਰ-ਸਰਨਾਈ ਆਇ ਕੇ ਸੀਸ ਗੁਰੂ ਜੀ ਨੂੰ ਭੇਟ ਕੇ ਸਤਿਗੁਰ-ਚਰਨੀ ਲਗਿਆ ਹੈ ਅਤੇ ਗੁਰ-ਚਰਨੀ ਲੱਗ ਕੇ ਗੁਰ-ਦੀਖਿਆ ਗੁਰ-ਮੰਤ੍ਰ-ਪ੍ਰਾਪਤੀ ਕਰਿ ਹਰਿ ਹਰਿ ਸਿਮਰਨ ਲਗਿਆ ਹੈ, ਉਸ ਨੂੰ ਇਸ ਸਿਮਰਨ-ਪਰਤਾਪ ਕਰਿ ਨਿਧੀ ਸਿਧੀ ਰਿਧੀ ਦੀ ਸਹਿਜ-ਪ੍ਰਾਪਤੀ ਹੋ ਗਈ ਹੈ। ਰਿਧੀ ਸਿਧੀ ਨਉ-ਨਿਧੀ ਹੀ ਨਹੀਂ, ਮਨੁਖਾ-ਜਨਮ ਦਾ ਮੁਖ ਪ੍ਰਯੋਜਨ ਪਦਾਰਥ ਗਹਿਰ ਗੰਭੀਰ ਵਾਹਿਗੁਰੂ ਦੇ ਦਰਸ਼ਨਾਂ ਦੀ ਪ੍ਰਾਪਤੀ ਭੀ ਹੋ ਗਈ ਹੈ, ਜਿਸ ਅਮੋਘ ਪਦਾਰਥ ਪ੍ਰਾਪਤਿ ਹੋਣ ਕਰਿ, ਜਿਸ ਸ਼ਾਂਤੀ-ਰੰਗ ਰਾਵਨ ਕਰਿ, ਰੰਗ-ਰਲੀਆਂ ਮਾਨਣ ਕਰਿ ਲਾਖ ਕੋਟ ਖੁਸ਼ੀਆਂ ਦੇ ਅਗੰਮੀ ਨਸ਼ੇ ਚੜ੍ਹ ਜਾਂਦੇ ਹਨ। ਐਸੇ ਗਹਿਰ ਗੰਭੀਰ ਦਰਸ਼ਨਾਂ ਨੂੰ ਪੇਖਨਹਾਰਾ ਆਪ ਤਾਂ ਖ਼ੁਦ ਪੁਨੀਤ ਹੋਣਾ ਹੀ ਸੀ, ਉਹ ਸਗੋਂ ਸਗਲੇ ਭਾਈ ਮੀਤਾਂ ਸੰਗੀਤਾਂ ਜਨਾਂ ਨੂੰ ਭੀ ਉਧਾਰ ਲੈਂਦਾ ਹੈ। ਇਉਂ ਅਪਣਾਇਆ ਹੋਇਆ ਅਗਮ-ਅਗੋਚਰ ਸੁਆਮੀ, ਗੁਰੂ ਦੀ ਕਿਰਪਾ **ਪ੍ਰਸਾਦ** ਕਰਿ, ਫਿਰ ਸਗਲ ਉਧਾਰੇ ਹੋਏ ਭਾਈ ਮੀਤਾਂ ਜਨਾਂ

ਵਲੋਂ ਦ੍ਰਿੜ੍ਹਤਾ ਸਹਿਤ ਧਿਆਇਆ ਜਾਂਦਾ ਹੈ । ਜਿਸ ਇਕ ਗੁਰਸਿਖ ਵਡਭਾਗੇ ਨੂੰ ਦਰਸ਼ਨ ਪ੍ਰਾਪਤ ਹੋ ਗਇਆ, ਉਹ ਹੋਰਨਾਂ ਨੂੰ ਭੀ ਪ੍ਰੇਰ ਕੇ ਗੁਰ-ਸਰਨਾਗਤ ਲਿਆਉਂਦਾ, ਗੁਰ ਦੀਖਿਆ ਗੁਰੂ ਪਾਸੋਂ ਦ੍ਰਿੜ੍ਹਾਉਂਦਾ ਹੈ ।

ਇਸ ਵਰਤਮਾਨ ਸਮੇਂ ਵਿਖੇ ਸਿਵਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੋਰ ਕੋਈ ਗੁਰੂ ਨਹੀਂ, ਗੁਰੂ ਵਰੋਸਾਏ ਗੁਰਮੁਖ ਜਨ ਹੋਰਨਾਂ ਨੂੰ ਪ੍ਰੇਰ ਪ੍ਰੇਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਨਾਗਤ ਲਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਗੁਰੂ ਸਰੂਪ ਪੰਜਾਂ ਪਿਆਰਿਆਂ ਤੋਂ ਗੁਰਦੀਖਿਆ ਦਿਵਾ, ਤਿਨ੍ਹਾਂ ਦਾ ਸਦਾ ਉਧਾਰ ਕਰਦੇ ਕਰਾਉਂਦੇ ਹਨ । ਇਉਂ "ਸਗਲ ਉਧਾਰੇ ਭਾਈ ਮੀਤਾ" ਦਾ ਸਚਾ ਢੋਆ ਜੁੜਦਾ ਹੈ ।

ਜਿਸ ਅਗਮ ਅਗੋਚਰ ਦੀ ਪ੍ਰਾਪਤੀ ਹਿਤ ਅਨਮਤੀਆਂ ਦੇ ਸਰਬ ਅਤੇ ਅਨੇਕ ਨਾਨਾ ਭਾਂਤੀ ਉਪਾਵ ਅਕਾਰਥ ਜਾਂਦੇ ਹਨ, ਤਿਸ ਦੇ ਪਰਤੱਖ ਦਰਸ਼ਨ ਕੇਵਲ ਵਡਭਾਗੀ ਗੁਰਮੁਖ ਜਨਾਂ, ਗੁਰੂ-ਘਰ ਦੇ ਵਰੋਸਾਏ ਭਗਤ ਜਨਾਂ ਨੂੰ ਹੀ ਪ੍ਰਾਪਤ ਹੁੰਦੇ ਹਨ । ਸਚਮੁਚ ਐਸੇ ਗੁਰਮੁਖ ਜਨ ਵਡਭਾਗੀ ਸੰਸਾਰ ਵਿਖੇ ਵਿਰਲੇ ਥੋੜੇ ਹੀ ਹਨ । ਸਾਰੀ ਕਾਇਨਾਤੀ ਅਸੰਖ ਕਰੋੜੀ ਬੇਸ਼ੁਮਾਰ ਅਲਖ ਰਚਨਾ ਦੇ ਮੁਕਾਬਲੇ ਵਿਚ ਗੁਰੂ ਘਰੋਂ ਅਜਿਹੇ ਵਰੋਸਾਏ ਜਨ ਸਚਮੁਚ ਹੀ ਵਿਰਲਿਆਂ ਦੀ ਗਿਣਤੀ ਵਿਚ ਸ਼ੁਮਾਰ ਹੁੰਦੇ ਹਨ । ਐਸੇ ਅਗਮ ਅਗੋਚਰ ਦਰਸ਼ਨ ਲਖੀਸ਼ਰੀ ਵਿਰਲੀਸ਼ਰੀ ਗੁਰਮੁਖ ਜਨਾਂ ਦਾ ਮਰਤਬਾ ਭੀ ਊਚ ਅਪਾਰ ਅਗੰਮ ਥਾਨੀਸ਼ਰੀ ਹੁੰਦਾ ਹੈ । ਅਜਿਹਾ ਐਸਾ ਅਗਮ ਮਹੱਤਵੀ ਊਚ ਮਹਲੀ ਥਾਨ ਕੇਵਲ **ਗੁਰਪ੍ਰਸਾਦ** ਕਰਿ, ਗੁਰੂ ਘਰਿ ਨਿਵਾਜਿਆਂ ਗੁਰਮਤਿ ਮਤਿ ਅਵਲੰਬੀਆਂ ਨੂੰ ਹੀ ਪ੍ਰਾਪਤ ਹੁੰਦਾ ਹੈ । ਕਿਉਂਕਿ ਗੁਰਮਤਿ ਨਾਮ ਗੁਰਮੰਤ੍ਰੀ-ਦੀਖਿਆ ਦੀ ਪ੍ਰਾਪਤੀ ਹੋਰ ਕਿਤੋਂ ਨਹੀਂ । ਇਹ ਗੁਰਮੰਤਰ ਗੁਪਤ ਨਾਮ ਕੇਵਲ ਗੁਰੂ ਨਾਨਕ ਸਾਹਿਬ ਨੇ ਹੀ ਧੁਰ ਦਰਗਾਹੋਂ ਲਿਆਂਦਾ ਹੈ । ਇਥੇ ਹੋਰ ਕਿਸੇ ਦੀ ਗੰਮਤਾ ਨਹੀਂ ਸੀ । ਏਸੇ ਕਰਕੇ ਗੁਰਮੰਤ੍ਰ ਗੁਰਮਤਿ ਨਾਮ ਗਹਿਰ ਗੰਭੀਰ ਹੈ ਅਤੇ ਇਸ ਵਿਚ ਪਾਰਸ ਪਾਰਸਾਂ ਦੀ ਅੰਮ੍ਰਿਤ ਕਲਾ ਹੈ । ਹੇ ਵਾਹਿਗੁਰੂ ! ਇਸ ਤੇਰੇ ਗਹਿਰ ਗੰਭੀਰ ਅੰਮ੍ਰਿਤ-ਨਾਮ ਦਾ ਜਿਸ ਰਿਦੇ ਵਿਖੇ ਬਸੇਰਾ ਹੋ ਗਿਆ, ਉਹ ਰਿਦੀਸ਼ਰ ਜਨ ਮੁਕਤ ਭਇਆ ਹੈ । ਸਤਿਗੁਰ ਨੇ ਉਹਦੇ ਸਗਲੇ ਬੰਧਨ ਜਨਮ ਮਰਨ ਦੇ ਕਟ ਦਿਤੇ ਹਨ । ਅਤੇ ਉਹ ਸਦਾ ਲਈ ਸਹਿਜ ਪਦ ਵਿਚ ਆਇ ਗਇਆ ਹੈ । (ਇਹ ਉਪਰੰਤ ਗੁਰਵਾਕ ਦੀ ਤਤ ਵਿਆਖਿਆ ਹੀ ਅਨੁਵਾਦ ਹੈ ।)

ਐਸੇ ਗਿਆਨ-ਵਿਰਲੀਸ਼ਰਾਂ ਦੇ ਹਿਰਦੇ ਅੰਦਰ ਗੁਰੂ ਕਰਤਾਰ ਦੇ ਅਗੰਮ

ਅਪੜੀਏ ਜੋਤਿ-ਜਲਵਨੀ-ਚਰਨ ਆਇ ਵੁਠਦੇ ਹਨ। ਤਿਨ੍ਹਾਂ ਨੂੰ ਪ੍ਰਭੂ-ਤੁਠੇ ਨੇ ਸਰਬ ਸੁਖ ਸੁਭਾਇ ਦਿਤੇ ਹਨ। ਤਿਨ੍ਹਾਂ ਗੁਰ-ਚਰਨ ਵੁਠੀਸਰਾਂ ਦੀ ਲਿਵ ਅੰਤਰੀ ਸਹਿਜ ਸਮਾਧ ਲਗ ਜਾਂਦੀ ਹੈ। ਇਹ ਸਹਿਜ ਸਮਾਧ ਕੋਈ ਸੁੰਨ-ਮਸੁੰਨੀ ਖ਼ੁਸ਼ਕ ਸੂਨਤਾ ਵਾਲੀ ਨਹੀਂ ਹੁੰਦੀ, ਪ੍ਰੰਤੂ ਅਗਾਧ ਰਸ ਜੋਤਿ ਸੁਭਰ ਭਰੀ ਹੁੰਦੀ ਹੈ। ਇਸ ਲਿਵ-ਸਹਿਜ ਬਿਵਸਥਾ ਵਾਲੇ ਜੋਤਿ-ਜੋਤੰਬਰੇ ਰਸ ਨੂੰ ਕੇਵਲ ਓਹ ਰਸ ਲੈਣ-ਹਾਰੇ ਹੀ ਜਾਣਦੇ ਹਨ, ਹੋਰ ਕੋਈ ਨਹੀਂ ਜਾਣ ਸਕਦਾ, ਜਿਸ ਨੂੰ ਸਾਰ ਹੀ ਨਹੀਂ। ਯਥਾ ਗੁਰਵਾਕ—

ਸਭੇ ਸੁਖ ਭਏ ਪ੍ਰਭ ਤੁਠੇ ॥
ਗੁਰ ਪੂਰੇ ਕੇ ਚਰਣ ਮਨਿ ਵੁਠੇ ॥
ਸਹਜ ਸਮਾਧਿ ਲਗੀ ਲਿਵ ਅੰਤਰਿ
ਸੋ ਰਸੁ ਸੋਈ ਜਾਣੈ ਜੀਉ ॥੧॥
ਅਗਮ ਅਗੋਚਰੁ ਸਾਹਿਬੁ ਮੇਰਾ ॥
ਘਟ ਘਟ ਅੰਤਰਿ ਵਰਤੈ ਨੇਰਾ ॥
ਸਦਾ ਅਲਿਪਤੁ ਜੀਆ ਕਾ ਦਾਤਾ
ਕੋ ਵਿਰਲਾ ਆਪੁ ਪਛਾਣੈ ਜੀਉ ॥੨॥ (੪॥੩੫॥੪੨)
[ਮਾਝ ਮ: ੫, ਪੰਨਾ ੧੦੬

ਗੁਰਪ੍ਰਸਾਦਨੀ ਗੁਰ-ਦੀਖਿਆ ਬਿਹੂਣ ਅਨਮਤ ਅਵਲੰਬੀ ਸਾਧਿਕ ਸਿਧ ਗਿਆਨੀ ਧਿਆਨੀ ਬਥੇਰੇ ਧਿਆਉਂਦੇ ਹਨ, ਮਨ ਹਠ ਕਮਾਉਂਦੇ ਫਿਰਦੇ ਹਨ, ਪਰ ਤਿਨ੍ਹਾਂ ਪਾਸੋਂ ਅਗਮ ਅਗੋਚਰ ਵਾਹਿਗੁਰੂ ਦੀ ਕਿੰਛ ਮਿਤ ਨਹੀਂ ਜਾਣੀ ਗਈ। ਜਿਸ ਅਗਮ ਅਗੋਚਰ ਪਾਰਬ੍ਰਹਮ ਦੀ ਗਤਿ ਮਿਤ ਪਾਉਣ ਖ਼ਾਤਰ ਉਹ ਭੰਬਲ-ਭੂਸੇ ਖਾਂਦੇ ਫਿਰਦੇ ਹਨ, ਉਸ ਪਾਰਬ੍ਰਹਮ ਪਰਮੇਸ਼ਰ ਅਦ੍ਰਿਸ਼ਟ ਅਗੋਚਰ ਦਾ ਸਤਿਗੁਰੂ ਦੀ ਕਿਰਪਾ ਕਰਿ ਗੁਰਸਿਖ ਦੇ ਮਨ ਮੰਝਾਰ ਹੀ ਪਰਕਾਸ਼ ਉਜਿਆਰਾ ਹੋ ਗਇਆ ਹੈ; ਤਿਨ੍ਹਾਂ ਦਾ ਸਗਲਾ ਅਗਿਆਨ ਅੰਧਿਆਰਾ ਅਤੇ ਮਨ-ਮਤਸਤੀ ਖ਼ੁਦੀ ਤਕੱਬਰੀ ਦਾ ਭਰਮ-ਭੁਲਾਵਾ ਸਭ ਮਿਟ ਗਿਆ ਹੈ।

ਸਰਬ ਪਾਸਿਆਂ ਤੋਂ ਘੁਥਿਆ ਹੋਇਆ ਜੋ ਮਨਸ਼ਾ ਧਾਰ ਕੇ ਸਰਧਾ ਸੰਜੁਕਤ ਗੁਰੂ ਘਰ ਦੀ ਸਾਧ ਸੰਗਤ ਵਿਖੇ ਆਉਂਦਾ ਹੈ, ਉਸਦਾ ਜਨਮ ਮਰਨ ਦਾ ਸਗਲ ਸਹਿਸਾ ਮਿਟ ਜਾਂਦਾ ਹੈ। ਚਉਰਾਸੀਹ ਦਾ ਗੇੜ ਹੀ ਉਸਦਾ ਨਿਵਾਰਿਆ ਜਾਂਦਾ ਹੈ। ਉਸ ਦੇ ਸਗਲ ਆਸਾ-ਮਣੀ ਮਨੋਰਥ ਪੂਰੇ ਹੋ ਜਾਂਦੇ ਹਨ, ਪਾਰਸਮਈ ਗੁਰੂ ਘਰ ਦੇ ਅਤੇ ਗੁਰੂ ਸਰੂਪ ਸਾਧ ਸੰਗਤ ਦੇ ਦਰਸ਼ਨ ਪਰਸਨ ਸਾਰ ਹੀ; ਨਿਗੁਰਿਓਂ

ਸਗੁਰੇ ਹੋ ਕੇ ਅੰਮ੍ਰਿਤਧਾਰੀ ਸਤਿ ਦਰਬਾਰੀ ਭੇਟਨ-ਹਾਰੀ ਹੋਣ ਸਾਰ ਹੀ ਅਤੇ ਗੁਰ-ਮੰਤ੍ਰ ਗੁਰ-ਦੀਖਿਆ ਮਿਲਣ ਸਾਰ ਹੀ । ਉਹ ਫੇਰ ਗੁਣ ਨਿਧਾਨ ਅੰਮ੍ਰਿਤ ਹਰਿ-ਨਾਮ ਨੂੰ ਧਿਆਇ ਧਿਆਇ ਜੀਂਵਦੇ ਹਨ ਅਤੇ ਸੁਖ-ਜੀਵਨੀ ਜੀਵੰਦੇ ਵਿਗਸੀਵੰਦੇ ਹਨ । ਐਸਾ ਅਦ੍ਰਿਸ਼ਟ ਅਗੋਚਰ ਪ੍ਰਭੂ ਇਉਂ ਉਹਨਾਂ ਦਾ ਜੀਅ-ਪ੍ਰਾਨ ਮਨਹਿ ਅਧਾਰਾ ਹੋ ਜਾਂਦਾ ਹੈ ਅਤੇ ਭਗਤ ਜਨ ਓਸਦੇ ਅਪਾਰ ਗੁਣਾਂ ਨੂੰ ਗਾਇ ਗਾਇ ਹਰੇ ਥੀਵੰਦੇ ਹਨ । ਯਥਾ ਗੁਰਵਾਕ—

ਜੀਅ ਪ੍ਰਾਣ ਪ੍ਰਭ ਮਨਹਿ ਅਧਾਰਾ ॥
ਭਗਤ ਜੀਵਹਿ ਗੁਣ ਗਾਇ ਅਪਾਰਾ ॥
ਗੁਣਨਿਧਾਨੁ ਅੰਮ੍ਰਿਤੁ ਹਰਿ ਨਾਮਾ
ਹਰਿ ਧਿਆਇ ਧਿਆਇ ਸੁਖੁ ਪਾਇਆ ਜੀਉ ॥੧॥
ਮਨਸਾ ਧਾਰਿ ਜੋ ਘਰ ਤੇ ਆਵੈ ॥
ਸਾਧ ਸੰਗਿ ਜਨਮ ਮਰਣੁ ਮਿਟਾਵੈ ॥
ਆਸ ਮਨੋਰਥੁ ਪੂਰਨੁ ਹੋਵੈ
ਭੇਟਤ ਗੁਰ ਦਰਸਾਇਆ ਜੀਉ ॥੨॥
ਅਗਮ ਅਗੋਚਰ ਕਿਛੁ ਮਿਤਿ ਨਹੀ ਜਾਨੀ ॥
ਸਾਧਿਕ ਸਿਧ ਧਿਆਵਹਿ ਗਿਆਨੀ ॥
ਖੁਦੀ ਮਿਟੀ ਚੂਕਾ ਭੋਲਾਵਾ
ਗੁਰਿ ਮਨਹੀ ਮਹਿ ਪ੍ਰਗਟਾਇਆ ਜੀਉ ॥੩॥
ਅਨਦ ਮੰਗਲ ਕਲਿਆਣ ਨਿਧਾਨਾ ॥
ਸੂਖ ਸਹਜ ਹਰਿ ਨਾਮੁ ਵਖਾਨਾ ॥
ਹੋਇ ਕ੍ਰਿਪਾਲੁ ਸੁਆਮੀ ਅਪਨਾ
ਨਾਉ ਨਾਨਕ ਘਰ ਮਹਿ ਆਇਆ ਜੀਉ ॥੪॥੨੫॥੩੨॥

[ਮਾਝ ਮ: ੩, ਪੰਨਾ ੧੦੩-੪

ਅਨਦ ਮੰਗਲ-ਮਈ ਕਲਿਆਣ ਦਾ ਨਿਧਾਨ ਉਸਨੂੰ ਪ੍ਰਾਪਤ ਹੋਇਆ ਹੈ ਜਿਸ ਨੇ ਸੂਖ ਸਹਿਜ ਨਾਮ ਵਖਾਨਿਆ, ਸਿਮਰਨ ਸਿਮਰਾਨਿਆ, ਜਾਪ ਜਪਾਨਿਆ ਹੈ । ਨਾਮ ਨਿਧਾਨੀ ਪਰਧਾਨੀ ਨਾਮੀ ਵਾਹਿਗੁਰੂ ਸੁਆਮੀ ਅਗਮ ਅਗਾਮੀ, ਉਸ ਦੇ ਹਿਰਦੇ ਰੂਪੀ ਘਰ ਅੰਦਰਿ ਜੋਤਿ-ਜੋਤੀਸ਼ਰ ਹੋਇ ਆਇ ਪ੍ਰਗਟੰਨੇ ਹਨ । ਗੁਰੂ ਨਾਨਕ ਸਾਹਿਬ ਜਾਚਨਾ ਜਚਾਉਂਦੇ ਹਨ ਅਤੇ ਅਸਾਡੇ ਪ੍ਰਤੀ ਜਾਚਨਾ ਜਚਾਉਣੀ ਸਿਖਾਉਂਦੇ ਹਨ ਕਿ ਐਸੇ ਜੋਤੀਸ਼ਰ ਘਟ-ਪ੍ਰਗਟੀਸ਼ਰਾਂ ਸੰਤ ਜਨਾਂ ਦੀ, ਹੇ ਪਿਆਰੇ

ਪ੍ਰੀਤਮ ਸਿਰਜਨਹਾਰ ਕਰਤਾਰ ! ਸਾਨੂੰ ਖ਼ਾਕ ਧੂੜੀ ਪਾਕ ਦੇਹ, ਹੇ ਹਰੀ ਪ੍ਰਮਾਤਮਾ ! ਤੇਰੇ ਦੁਆਰੇ ਆਇ ਪਏ ਹਾਂ । ਐਸੇ ਸੰਤਾਂ ਦਾ ਦਰਸ਼ਨ ਪੇਖ-ਪਰਸ ਕੇ ਹੀ ਮਨ ਅਘਾਇ ਜਾਂਦਾ ਹੈ ਅਤੇ ਤਿਨ੍ਹਾਂ ਦੇ ਸੰਗ ਮਿਲ ਕੇ ਅਦ੍ਰਿਸ਼ਟ ਅਗੋਚਰ ਪਰਮਾਤਮਾ ਦਾ ਮਿਲਣਾ ਸੁਭਾਇ ਸਹਿਜਾਨਾ ਹੀ ਹੋ ਜਾਂਦਾ ਹੈ, ਨਹੀਂ ਤਾਂ ਹੇ ਅਗੰਮ ਅਗੋਚਰ ਬੇਅੰਤ ਅਥਾਹਾ ਪਰਮੇਸ਼ਰਾ ! ਹੋਰ ਕਿਸੇ ਤੋਂ ਤੇਰੀ ਕੀਮਤਿ ਕਥੀ ਨਹੀਂ ਜਾਂਦੀ। ਜਿਸ ਨੂੰ ਤੂੰ ਜਣਾਉਂਦਾ ਹੈਂ, ਸੋਈ ਤੁਧਨੋ ਜਾਣ ਪਛਾਣ ਸਕਦਾ ਹੈ । ਨਾ ਕੋਈ ਮੂਰਖ ਹੈ ਨ ਸਿਆਣਾ ਹੈ। ਸਭ ਵਿਚ ਤੇਰਾ ਭਾਣਾ ਵਰਤਦਾ ਹੈ, ਯਥਾ ਗੁਰਵਾਕ—

> ਨਾ ਕੋ ਮੂਰਖੁ ਨਾ ਕੋ ਸਿਆਣਾ ॥
> ਵਰਤੈ ਸਭ ਕਿਛੁ ਤੇਰਾ ਭਾਣਾ ॥
> ਅਗਮ ਅਗੋਚਰ ਬੇਅੰਤ ਅਥਾਹਾ '
> ਤੇਰੀ ਕੀਮਤਿ ਕਹਣੁ ਨ ਜਾਈ ਜੀਉ ॥੩॥
> ਖਾਕੁ ਸੰਤਨ ਕੀ ਦੇਹੁ ਪਿਆਰੇ ॥
> ਆਇ ਪਇਆ ਹਰਿ ਤੇਰੈ ਦੁਆਰੈ ॥
> ਦਰਸਨੁ ਪੇਖਤ ਮਨੁ ਆਘਾਵੈ
> ਨਾਨਕ ਮਿਲਣੁ ਸੁਭਾਈ ਜੀਉ ॥੪॥੭॥੧੪॥

[ਮਾਝ ਮ: ੫, ਪੰਨਾ ੯੮

ਨਿਰੰਕਾਰ ਵਾਹਿਗੁਰੂ ਜਿਸ ਦਾ ਤ੍ਰੈਗੁਣੀ ਅਕਾਰ ਕੋਈ ਨਹੀਂ, ਨਾ ਰੂਪ ਹੈ ਨਾ ਰੇਖ ਹੈ, ਨਾ ਰੰਗ ਹੈ, ਉਹ ਭਲਾ ਪੰਜ-ਭੂਤਕ ਅਲਪੱਗ ਦ੍ਰਿਸ਼ਟੀ ਦਾ ਵਿਸ਼ਾ, ਸਨਮੁਖ ਵਿਸ਼ਾ ਕਦ ਹੋ ਸਕਦਾ ਹੈ । ਜਿਨ੍ਹਾਂ ਨੂੰ ਦਿਬ ਦ੍ਰਿਸ਼ਟੇ ਦੀਦਿਆਂ ਦੀ ਬਖ਼ਸ਼ਿਸ਼ ਹੋਈ ਹੁੰਦੀ ਹੈ, ਓਹਨਾਂ ਨੂੰ ਪਹਿਲਾਂ ਨਿਰੰਕਾਰੀ ਨਾਮ ਧਿਆਵਣ ਦੀ ਨਦਰ ਗੁਰੂ ਦੁਆਰਿਓਂ ਹੋ ਜਾਂਦੀ ਹੈ । ਗੁਰਪ੍ਰਸਾਦ ਕਰਿ ਨਿਰੰਕਾਰੀ ਨਾਮ ਧਿਆਇ ਕੇ ਉਹਨਾਂ ਦੇ ਦਿਬ ਦ੍ਰਿਸ਼ਟੀ ਵਾਲੇ ਦੀਦੇ ਖੁਲ੍ਹ ਜਾਂਦੇ ਹਨ । ਦਿਬ ਦ੍ਰਿਸ਼ਟੇ ਦੀਦੇ ਖੁਲ੍ਹਣ ਸਾਰ ਉਹਨਾਂ ਨੂੰ ਉਸ ਅਦ੍ਰਿਸ਼ਟ ਅਗੋਚਰ ਆਦਿ ਪੁਰਖ ਅਪਰੰਪਰ ਸੁਆਮੀ ਦੇ ਪਰਤੱਖ ਦਰਸ਼ਨ ਹੋ ਜਾਂਦੇ ਹਨ । ਉਹ ਸੁਆਮੀ ਜੋ ਅਦ੍ਰਿਸ਼ਟਾ ਅਗਮ ਅਗੋਚਰਾ ਹੁੰਦਾ ਹੋਇਆ ਇਸ ਦ੍ਰਿਸ਼ਟਮਾਨ ਪਸਾਰੇ ਨੂੰ ਅਸਥਾਪਨ ਕਰਨਹਾਰਾ ਅਤੇ ਥਾਪ ਉਥਾਪਨਹਾਰਾ ਹੈ, ਕੈਸਾ ਅਸਚਰਜ ਹੈ ! ਥਾਪਨਹਾਰ ਦੀ ਹੀ ਥਾਪਨਾ ਹੈ ਜਿੰਨਾ ਦ੍ਰਿਸ਼ਟਮਾਨ ਪਸਾਰਾ ਦੀਹਦਾ ਹੈ, ਪਰ ਥਾਪਨਹਾਰਾ ਦਿਸਦਾ ਹੀ ਨਹੀਂ । ਦਿਸੇ ਕਿਵੇਂ ? ਉਸ ਨੂੰ ਦੇਖਣਹਾਰ ਦਿਬ-ਦੀਦੇ ਹੀ ਕਿਸੇ ਦੇ ਨਹੀਂ । ਦਿਬ-ਲਤੀਫ਼ੀ ਅਨਸਰਾਂ ਵਾਲੇ ਤੁਰੀਆ-ਗੁਣੀ ਥਾਪਨੀਸ਼੍ਰੀ ਈਸ਼ਰ ਦੀ, ਦਿਬ-ਲਤੀਫ਼ੀ ਦ੍ਰਿਸ਼ਟੀ

ਵਾਲੀਆਂ ਨੈਣਾਂ ਹੀ ਪੇਖ ਪਛਾਣ ਸਕਦੀਆ ਹਨ । ਗੁਰੂ ਘਰ ਦੇ ਗੁਰਮੁਖ ਜਨਾਂ ਨੂੰ ਇਹ ਅਖੜੀਆਂ ਅਤੱ (ਬਖ਼ਸ਼ਸ਼) ਹੋਈਆਂ ਹਨ, ਜਿਨ੍ਹਾਂ ਦੁਆਰਾ ਅਲਖ ਨਿਰੰਜਨ ਨਿਰੰਕਾਰ ਕਰਤਾਰ ਸਰੀਹਨ ਸਾਖਸ਼ਾਤ ਦਿਸਦਾ ਹੈ । ਗੁਰਮੁਖ ਜਨਾਂ ਦੀਆਂ ਅਲਖ ਲਖਵਾਣੀਆਂ, ਅਲਖ ਨੂੰ ਲਖਣੀਆਂ ਅਖੜੀਆਂ ਹੀ ਇਹ ਦਿੱਬ ਦ੍ਰਿਸ਼ਟਾਰ, ਦਿੱਬ ਅਕਾਲ ਮੂਰਤਾਰੜਾ ਦੀਦਾਰ ਕਰ ਸਕਦੀਆਂ ਹਨ । ਇਹ ਦਿੱਬ ਦ੍ਰਿਸ਼ਟੀਅਰੜੇ ਨੈਨ ਤਿਨ੍ਹਾਂ ਗੁਰਮੁਖਾਂ ਨੂੰ ਹੀ ਮਿਲਦੇ ਹਨ, ਜਿਨ੍ਹਾਂ ਨੂੰ ਦਇਆਲ ਕਿਰਪਾਲ ਪ੍ਰਭੂ ਆਪ ਨਦਰੀ ਨਦਰ ਨਿਹਾਲ ਹੋਇ, ਗੁਰ ਪ੍ਰਸਾਦ ਕਰਿ, ਨਿਰੰਕਾਰੀ ਨਾਮ ਦੀ ਬਖ਼ਸ਼ਸ਼ ਕਰਦਾ ਹੈ । ਨਿਰੰਕਾਰੀ ਨਾਮ ਅਭਿਆਸ ਜਾਪ ਕਰਦਾ ਹੋਇਆ, ਉਹ ਖ਼ੁਦ ਨਾਮ ਨਿਰੰਕਾਰ ਦੇ ਸਰੂਪ ਵਿਚ ਹੀ ਸਮਾਇ ਜਾਂਦਾ ਹੈ ।

ਹੇ ਵਾਹਿਗੁਰੂ, ਕਰਤਾਰ ! ਤੂੰ ਆਪੇ ਸੱਚਾ ਸਿਰਜਨਹਾਰ ਹੈਂ, ਤੂੰ ਭਗਤੀ ਭਰੇ ਭੰਡਾਰਾਂ ਵਾਲਾ ਹੈਂ । ਜਿਨ੍ਹਾਂ ਗੁਰਮੁਖਾਂ ਨੂੰ ਤੇਰੀ ਸਚੜੀ ਗੁਰੂ-ਦਰਗਾਹੀ ਟਕਸਾਲ ਤੋਂ ਅਕਾਲ ਮੂਰਤਾਲੀ ਨਾਮ ਮਿਲਦਾ ਹੈ, ਤਿਨ੍ਹਾਂ ਦਾ ਹੀ ਮਨ ਭਿਜਦਾ ਹੈ । ਤੇ ਸਚੇ ਦਰਸ਼ਨਾਂ ਨੂੰ ਦੇਖਦਾ ਪਤੀਜਦਾ ਹੈ । ਐਸੇ ਸਦ ਰੰਗ ਢੋਲੇ ਦੇ ਰਤੋਲੜੇ ਚੋਲੜਿਆਂ ਵਾਲੇ ਗੁਰਮੁਖ ਜਨ, ਰੱਬੀ ਰੰਗ ਨਾਲ ਭਿਜ ਪਰਸਿੱਜ ਕੇ, ਨਾਮੀ ਵਾਹਿਗੁਰੂ ਨੂੰ ਪੇਖਣ-ਸਾਰ ਹੀ, ਉਸ ਦੇ ਸਰੂਪ ਵਿਚ ਸਹਿਜ ਸਮਾਧ ਸਥਿਤ ਹੋ ਜਾਂਦੇ ਹਨ । ਸਹਿਜ ਸਮਾਧ ਸਮਾਇਕੇ, ਉਹਨਾਂ ਦੀ ਸਹਿਜ ਸਮਾਧੀ ਲੱਗੀ ਹੀ ਰਹਿੰਦੀ ਹੈ । ਇਸ ਸਹਿਜ ਲਗੀ ਸਮਾਧੀ ਵਿਚ ਭੀ ਉਹਨਾਂ ਦੀ ਪ੍ਰੇਮ-ਰੰਗ ਪ੍ਰਸਿੱਜੜੀ ਟੇਰ ਪੁਕਾਰ ਇਹੋ ਰਹਿੰਦੀ ਹੈ-"ਹੇ ਪ੍ਰਭੂ ਪ੍ਰੀਤਮ ਮੇਰੇ ! ਮੈਂ ਅਨਦਿਨ (ਦਿਨ ਰਾਤ) ਤੇਰੇ ਗੁਣ ਗਾਉਂਦਾ ਹੀ ਰਹਾਂ,ਤੈਨੂੰ ਸਲਾਹੁੰਦਾ ਸਿਫਤਾਉਂਦਾ ਹੀ ਰਹਾਂ ।"ਗੁਰਪ੍ਰਸਾਦੀ ਤੈਨੂੰ ਪਾਵਨ-ਹਾਰਿਆਂ,ਦਰਸਾਵਨ-ਹਾਰਿਆਂਦੀ ਹੋਰ ਜਾਚਨਾ ਹੀ ਕੋਈ ਨਹੀਂ ਰਹਿੰਦੀ, ਨਾ ਹੋਰ ਮਨੋਂ ਉਹ ਜਾਚਨਾ ਕਰਦੇ ਹਨ । ਹੇ ਸਚੇ ਪਾਤਸ਼ਾਹ ! ਸਚਮੁਚ ਤੁਧ ਅਗੰਮ ਅਗੋਚਰ ਦੀ ਗਤਿ ਮਿਤ ਪਾਈ ਹੀ ਨਹੀਂ ਜਾਂਦੀ । ਜਿਸਨੂੰ ਤੂੰ ਆਪਣੀ ਕਿਰਪਾ ਕਰਹਿੰ, ਤਿਸ ਨੂੰ ਆਪ ਹੀ ਆਪਣੇ ਸਰੂਪ ਅਰੂਪ ਦਰਸ਼ਨ ਅਨੂਪ ਵਿਖੇ ਮਿਲਾਇ ਵਸਲਾਇ ਲਵੇਂ । ਇਹ ਅਨੂਪ ਵਸਲ-ਮਿਲਾਪ ਗੁਰੂ ਪੂਰੇ ਦੇ ਸ਼ਬਦ-ਅਭਿਆਸ ਪਰਤਾਪ ਕਰਿ ਨਸੀਬ ਹੁੰਦਾ ਹੈ । ਬਸ ਗੁਰ-ਸ਼ਬਦ ਦੀ ਅਭਿਆਸ ਸੇਵ-ਕਮਾਈ ਸਰਬ ਸੁਖਾਂ ਸਿਰ ਸੁਖ, ਸਚੜੇ ਸੁਖਾਂ ਦੀ ਦਾਤੀ ਪਰਦਾਤੀ ਹੈ । ਯਥਾ ਗੁਰਵਾਕ—

ਆਦਿ ਪੁਰਖੁ ਅਪਰੰਪਰੁ ਆਪੇ ॥
ਆਪੇ ਥਾਪੇ ਥਾਪਿ ਉਥਾਪੇ ॥

ਸਭ ਮਹਿ ਵਰਤੈ ਏਕੋ ਸੋਈ
ਗੁਰਮੁਖਿ ਸੋਭਾ ਪਾਵਣਿਆ ॥੧॥
ਹਉ ਵਾਰੀ ਜੀਉ ਵਾਰੀ
ਨਿਰੰਕਾਰੀ ਨਾਮੁ ਧਿਆਵਣਿਆ ॥
ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ
ਗੁਰਮੁਖਿ ਅਲਖੁ ਲਖਾਵਣਿਆ ॥੧॥ਰਹਾਉ॥
ਤੂ ਦਇਆਲੁ ਕਿਰਪਾਲੁ ਪ੍ਰਭੁ ਸੋਈ ॥
ਤੁਧੁ ਬਿਨੁ ਦੂਜਾ ਅਵਰੁ ਨ ਕੋਈ ॥
ਗੁਰੁ ਪਰਸਾਦੁ ਕਰੇ ਨਾਮੁ ਦੇਵੈ
ਨਾਮੇ ਨਾਮਿ ਸਮਾਵਣਿਆ ॥੨॥
ਤੂੰ ਆਪੇ ਸਚਾ ਸਿਰਜਣਹਾਰਾ ॥
ਭਗਤੀ ਭਰੇ ਤੇਰੇ ਭੰਡਾਰਾ ॥
ਗੁਰਮੁਖਿ ਨਾਮੁ ਮਿਲੈ ਮਨੁ ਭੀਜੈ
ਸਹਜਿ ਸਮਾਧਿ ਲਗਾਵਣਿਆ ॥੩॥
ਅਨਦਿਨੁ ਗੁਣ ਗਾਵਾ ਪ੍ਰਭ ਤੇਰੇ ॥
ਤੁਧੁ ਸਾਲਾਹੀ ਪ੍ਰੀਤਮ ਮੇਰੇ ॥
ਤੁਧੁ ਬਿਨੁ ਅਵਰੁ ਨ ਕੋਈ ਜਾਚਾ
ਗੁਰਪਰਸਾਦੀ ਤੂੰ ਪਾਵਣਿਆ ॥੪॥
ਅਗਮੁ ਅਗੋਚਰੁ ਮਿਤਿ ਨਹੀ ਪਾਈ ॥
ਅਪਣੀ ਕ੍ਰਿਪਾ ਕਰਹਿ ਤੂੰ ਲੈਹਿ ਮਿਲਾਈ ॥
ਪੂਰੇ ਗੁਰ ਕੈ ਸਬਦਿ ਧਿਆਈਐ
ਸਬਦੁ ਸੇਵਿ ਸੁਖੁ ਪਾਵਣਿਆ ॥੫॥

[ਮਾਝ ਮ: ੪, ਪੰਨਾ ੧੨੯-੩੦

ਜੈਸੇ ਨਾਮੁ ਰਤਨ ਘਟ ਅੰਦਰਿ ਗੁਝਾ ਰਖਿਆ ਪਿਆ ਹੈ, ਘਟ ਅੰਤਰ ਹੀ, ਪਰ ਕਿਸੇ ਨੂੰ ਇਸ ਦਾ ਕੁਛ ਪਤਾ ਨਹੀਂ ਲਗਦਾ। ਅਲਖ ਹੀ ਰਹਿੰਦਾ ਹੈ, ਲਖਿਆ ਨਹੀਂ ਜਾਂਦਾ। ਗੁਰ-ਸ਼ਬਦ ਮੰਤ੍ਰ ਦੀ ਕਮਾਈ ਨਾਲ ਅੰਤ੍ਰੀਵੀ ਜੋਤਿ ਰਤਨ ਨਾਮੁ ਪਰਜੁਅਲਤ ਹੋਇ ਆਵੰਦਾ ਹੈ, ਏਸੇ ਤਰ੍ਹਾਂ ਅਗਮ ਅਗੋਚਰ ਸਭਿ ਤੇ ਊਚਾ ਅਕਾਲ ਪੁਰਖ ਅਦ੍ਰਿਸ਼ਟ ਅਤੇ ਅਲਖ ਹੀ ਰਹਿੰਦਾ ਹੈ, ਜਦ ਤਾਈਂ ਗੁਰ-ਸ਼ਬਦ ਦੀ ਅਭਿਆਸ ਕਮਾਈ, ਨਾਮ ਨਾਮੀ ਅਭੇਦ ਆਤਮ ਪਰਮਾਤਮ ਜੋਤਿ ਨੂੰ, ਪ੍ਰਕਾਸ਼ ਰੂਪ ਵਿਚ ਪ੍ਰਤਿਬਿੰਬਤ ਨਹੀਂ ਕਰ ਦਿੰਦੀ। ਤਾਂ ਤੇ


www.sikhbookclub.com

ਸ਼ਬਦ ਗੁਰਮੰਤ੍ਰ ਦਾ ਅਭਿਆਸ ਦੁਵੱਲੇ ਸਵੱਲੇ ਪਰਮਾਰਥ-ਸਚ ਲਾਹੇ ਪਰਦਾਨ ਕਰਦਾ ਹੈ। ਨਾਮ ਅਮਿਤ ਰਤੰਨੀ ਜੋਤਿ ਆਤਮ ਪਰਮਾਤਮ ਅਭੇਦਤਾ ਦੇ ਪ੍ਰਚੰਡ ਸਰੂਪ ਵਿਚ ਗੁਪਤੋਂ ਅਗੁਪਤ ਉਦੇ ਹੋਇ ਆਵੰਦੀ ਹੈ, ਗੋੜੋਂ ਅਗੋੜ ਹੋ ਜਾਂਦੀ ਹੈ। ਗੋੜ ਗੁਪਤ ਦਸ਼ਾ ਵਿਚ ਆਤਮ ਪਰਮਾਤਮ ਰੰਗਾਂ ਦਾ ਲੁਪਤ ਰਹਿਣਾ ਇਸ ਗੱਲ ਦਾ ਸਬੂਤ ਨਹੀਂ ਕਿ ਇਹਨਾਂ ਦਾ ਵਜੂਦ ਹੀ ਕੁਝ ਨਹੀਂ, ਨੇਸਤੋ ਨਾਬੂਦ ਹੀ ਹਨ। ਜੈਸੇ ਅਗਨੀ ਕਾਸਟ ਪਾਹਨ ਜਲ ਬਨਾਸਪਤੀ ਅੰਦਰ ਗੋਪ ਲੋਪ ਹੀ ਰਹਿੰਦੀ ਹੈ, ਜਦ ਤਾਈਂ ਕਿ ਇਸ ਨੂੰ ਜੁਗਤ ਸੇਤੀ ਪ੍ਰਚੰਡ ਨ ਕੀਤਾ ਜਾਏ ਤੇ ਜਦ ਤਾਈਂ ਅਗਨੀ ਅਲੋਪੋਂ ਗੋਪੋਂ ਪ੍ਰਚੰਡਤ ਨਹੀਂ ਹੋਇ ਆਈ, ਓਦੋਂ ਤਾਈਂ ਚਤਰ ਤੋਂ ਚਤਰ ਸਿਆਣੇ ਲੋਕ ਭੀ ਇਹੀ ਕਹਿੰਦੇ ਰਹੇ ਕਿ ਕਾਸਟ ਬਨਾਸਪਤੀ ਆਦਿ ਅਗਨੀ ਦੀ ਹੋਂਦ ਤੋਂ ਸੁਨ ਹਨ। ਇਸੇ ਤਰ੍ਹਾਂ ਪੰਚ-ਭੂਤਕੀ ਚੇਟਕਤਾ ਦੇ ਚੁੰਧਿਆਏ ਹੋਏ ਅੰਧਲੇ ਅਗਿਆਨੀ ਲੋਕ ਆਤਮ ਪ੍ਰਮਾਤਮ ਦੀ ਹੋਂਦ-ਹਸਤੀ ਤੋਂ ਭੀ ਮੁਨਕਰ ਦਿਖਾਈ ਦੇਂਦੇ ਹਨ ਅਤੇ ਬੜੇ ਬੜੇ ਸਾਇੰਸਦਾਨ ਹੁਣ ਤਾਈਂ ਭੀ ਮੁਨਕਰ ਹਨ। ਜੇ ਕੋਈ ਚਮਤਕਾਰ ਦਿਸੇ ਤਾਂ ਉਹ ਪਤੀਜਣ। ਇਹ ਉਨ੍ਹਾਂ ਦੇ ਅਭਾਗ ਹਨ ਕਿ ਉਨ੍ਹਾਂ ਨੂੰ ਚੁੰਬਕੀ ਚਮਤਕਾਰ ਨਾਯਾਬ ਹਨ। ਇਹ ਚਮਤਕਾਰਾਂ ਦਾ ਪ੍ਰਾਪਤ ਨ ਹੋਣਾ ਏਸ ਗੱਲ ਦਾ ਸਬੂਤ ਨਹੀਂ ਕਿ ਆਤਮ ਪ੍ਰਮਾਤਮ ਦੀ ਸਤਤਾ ਹੀ ਅਸੱਤ ਹੈ।

ਸਾਰੀ ਖ਼ਲਕਤ ਹੀ ਏਸ ਅਗਿਆਨਤਾ ਭਰੀ ਨਾਸਤਕਤਾ ਵਿਚ ਰੁੜ੍ਹਦੀ ਕੁੜ੍ਹਦੀ ਚਲੀ ਆਉਂਦੀ ਸੀ ਕਿ ਗੁਰੂ ਨਾਨਕ ਸਾਹਿਬ ਜੀ ਨੇ ਦਸ ਗੁਰੂ ਜੋਤਿ ਜਾਮੇ ਧਾਰ ਕੇ ਅਤੇ "ਜੋਤਿ ਓਹਾ ਜੁਗਤਿ ਸਾਇ" ਦੇ ਵਾਕ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਮਰ ਵਜੂਦੀ ਸਰੂਪ ਵਿਚ ਆਪਣੀ ਜੋਤਿ ਸੰਚਾਰ ਕੇ ਨਾ ਸਿਰਫ਼ ਏਸ ਗੱਲ ਦਾ ਦੀਦ ਬਿਚੱਖਣੀ ਸਬੂਤ ਦਿੱਤਾ ਹੈ ਕਿ ਨਿਰੰਕਾਰ ਨਿਰੰਜਨ ਅਕਾਲ ਪੁਰਖ ਹੈ, ਬਲਕਿ ਘਟ-ਜੋਤਿ-ਜਲਵੀਏ ਇਕ ਨਹੀਂ, ਅਨੇਕਾਂ ਪ੍ਰਮਾਰਥੀ ਪਾਤਰਤਾ ਵਾਲੇ ਗੁਰਮੁਖ ਜਨਾਂ ਨੂੰ ਪਰਗਟ ਕਰ ਦਿਖਲਾਇਆ। ਸਾਰਾ ਜਹਾਨ ਹੀ ਨਾਸਤਕਤਾ ਦੀ ਤਿਮਰ ਤਾਰੀਕ ਅੰਧਰਾਤੀ ਤੋਂ ਉਭਰ ਕੇ ਆਸਤਕਤਾ ਦੀ ਸਿਦਕ-ਸਰਧਾ ਵਿਚ ਲਹਿਰੇ ਮਾਰ ਉਠਿਆ। ਦਹਿਰੀਅਤ ਦੇ ਘੋਰ ਘੁਪ ਅੰਧੇਰੇ ਵਿਚੋਂ ਰੱਬੀ ਹਕੀਕਤ ਆਸ਼ਕਾਰ ਕਿਰਣ ਉਡ਼ਕ ਆਈ।

ਏਸ ਘੋਰ ਅੰਧਿਆਰ ਦੇ ਗ੍ਰਸੇ ਹੋਏ ਕਲੀਕਾਲ ਵਿਖੇ ਨਿਰੰਕਾਰੀ ਨਾਮ ਦਾ ਐਸਾ ਡੰਕਾ ਬਜਾਇਆ ਕਿ ਰੱਬ ਦੀ ਹੋਂਦ ਤੋਂ ਮੁਨਕਰ ਚਮਗਿੱਦੜਾਂ ਦੀ ਚਕਾ-ਚੌਂਧ ਦੂਰ ਹੋ ਗਈ, ਪੂਰਬ ਜਨਮ ਦੀ ਸਰਧਾ ਤੋਂ ਸਰਧਾਏ ਹੋਏ

ਵਡਭਾਗੇ ਸੰਤ ਪਿਆਰੇ ਸਚੇ ਦੇ ਧਾਰੇ ਹੋਏ ਤਾਂ ਪਰਤੱਖ ਰੱਬ ਦੇ ਦਰਸ਼ਨਾਂ ਨਾਲ ਹੀ ਬਿਸ਼ਗੁਫ਼ਤਾਏ ਗਏ (ਖਿੜ ਗਏ)। ਜਿਸ ਪਰਮਾਤਮ-ਦਰਸ਼ਨ ਦੀ ਨਿਮਖ ਮਾਤਰੀ ਝਲਕ ਨੂੰ ਸਾਧਿਕ ਸਿਧ ਬਿਲਲਾਉਂਦੇ ਫਿਰਦੇ ਰਹੇ ਅਤੇ ਬ੍ਰਹਮੇ ਇੰਦਰ ਜੈਸੇ ਕੋਟ ਤੇਤੀਸ ਖੋਜ ਖੋਜ ਹਾਰਦੇ ਰਹੇ, ਤਿਸ ਵਾਹਿਗੁਰੂ-ਦਰਸ਼ਨ ਨੂੰ ਗੁਰੂ ਘਰ ਦੇ ਗੁਰਮੁਖ ਜਨਾਂ ਨੇ ਹਿਰਦੇ ਅੰਦਰ ਪਾਇ ਪ੍ਰਗਟਾਇ ਲਿਆ ਅਤੇ ਏਸ ਦਰਸ਼ਨ-ਮੇਲ ਦੇ ਪ੍ਰੇਮ-ਰਹੱਸ ਨਾਲਿ ਅਨੰਦਤ ਹੋ ਕੇ ਅਕਾਲ ਪੁਰਖ ਦੀਆਂ ਉਸਤਤੀਆਂ ਗਾ ਉੱਠੇ; ਯਥਾ ਗੁਰਵਾਕ—

ਅੰਤਰਿ ਅਲਖੁ ਨ ਜਾਈ ਲਖਿਆ ॥
ਨਾਮੁ ਰਤਨੁ ਲੈ ਗੁਝਾ ਰਖਿਆ ॥
ਅਗਮੁ ਅਗੋਚਰੁ ਸਭ ਤੇ ਊਚਾ
ਗੁਰ ਕੈ ਸਬਦਿ ਲਖਾਵਣਿਆ ॥੧॥
ਹਉ ਵਾਰੀ ਜੀਉ ਵਾਰੀ
ਕਲਿ ਮਹਿ ਨਾਮੁ ਸੁਣਾਵਣਿਆ ॥
ਸੰਤ ਪਿਆਰੇ ਸਚੈ ਧਾਰੇ
ਵਡਭਾਗੀ ਦਰਸਨੁ ਪਾਵਣਿਆ ॥੧॥ਰਹਾਉ॥
ਸਾਧਿਕ ਸਿਧਿ ਜਿਸੈ ਕਉ ਫਿਰਦੇ ॥
ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ ॥
ਕੋਟਿ ਤੇਤੀਸਾ ਖੋਜਹਿ ਤਾ ਕਉ
ਗੁਰ ਮਿਲਿ ਹਿਰਦੈ ਗਾਵਣਿਆ ॥੨॥(੮॥੧॥੩੫॥)

[ਮਾਝ ਮ: ੫, ਪੰਨਾ ੧੩੦

"ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ" ਦਾ ਭਾਵ ਏਥੇ ਕੇਵਲ ਮੈਡੀਟੇਸ਼ਨ ਦਾ ਫੋਕਟ ਹਠ ਜੋਗ ਦਾ ਹੀ ਹੈ। ਪਾਰਬ੍ਰਹਮ ਪ੍ਰਮੇਸ਼ਰ ਦਾ ਅਸਲ ਧਿਆਨ ਧਰਨ ਦੀ ਮਤਿ ਸੁਮਤਿ ਗੁਰ ਪੂਰੇ ਤੋਂ ਹੀ ਪਾਈਦੀ ਹੈ। ਗੁਰ-ਸ਼ਬਦ ਦੁਆਰਾ ਦ੍ਰਿੜ੍ਹਾਈ ਧਾਰਨਾਈ ਅੰਤਰਿ-ਧਿਆਨਤਾ, ਪਾਰਬ੍ਰਹਮ ਪਰਮੇਸ਼ਰ ਦੀ ਹਸਤੀ ਨੂੰ ਮਹਿਜ਼ ਹੋਂਦ ਹੀ ਨਹੀਂ ਸਿੱਧ ਕਰਾਉਂਦੀ ਦਰਸਾਉਂਦੀ, ਬਲਕਿ ਨਿਰੰਕਾਰ ਨਿਰੰਜਨ ਨੂੰ ਸਭ ਕਾਇਨਾਤ ਦਾ ਕਰਨ ਕਰਾਵਨਹਾਰ, ਚਰੈਾਚਰ ਜੀਆ ਜੰਤ ਦਾ ਪ੍ਰਤਿਪਾਲਕ, ਖ਼ਾਲਕ, ਮਾਲਕ ਸਿਧਤਾਉਂਦੀ ਹੈ, ਅਤੇ ਅਗਮ ਅਗੋਚਰ ਸਦਾ ਬਿਅੰਤ ਨੂੰ ਪਰਤੱਖ ਹਾਜ਼ਰ ਨਾਜ਼ਰ ਜਣਾਇ ਕੈ ਸਿਮਰਨ ਕਰਨਾ ਸਿਖਾਉਂਦੀ ਹੈ : ਯਥਾ ਗੁਰਵਾਕ—

ਪਾਰਬ੍ਰਹਮੁ ਪਰਮੇਸੁਰੁ ਧਿਆਈਐ ॥
ਗੁਰ ਪੂਰੇ ਤੇ ਇਹ ਮਤਿ ਪਾਈਐ ॥੧॥ਰਹਾਉ॥
ਕਰਣ ਕਰਾਵਨਹਾਰ ਦਇਆਲ ॥
ਜੀਅ ਜੰਤ ਸਗਲੇ ਪ੍ਰਤਿਪਾਲ ॥
ਅਗਮ ਅਗੋਚਰ ਸਦਾ ਬੇਅੰਤਾ ॥
ਸਿਮਰਿ ਮਨਾ ਪੂਰੇ ਗੁਰ ਮੰਤਾ ॥੨॥(੪॥੨੫॥੯੪॥)
[ਗਉੜੀ ਗੁਆਰੇਰੀ ਮ: ੫, ਪੰਨਾ ੧੮੪

ਸਚ ਮੁਚ ਸਚਾ ਸਾਹਿਬ ਵਡਾ ਹੈ ਅਤੇ ਅਗਮ ਅਥਾਹ ਹੈ, ਬੇਪਰਵਾਹ ਹੈ। ਇਸ ਨੂੰ ਮਿਲਣਾ ਕਿਹੜਾ ਸਹਿਲਾ ਹੀ ਹੈ ? ਜਿਸ ਨੂੰ ਪੂਰਬਲੇ ਕਰਮਾਂ ਦੀ ਗਤੀ ਅਨੁਸਾਰ ਗੁਰੂ ਘਰ ਦੀ ਸਾਧ ਸੰਗਤਿ ਵਿਚ ਵਾਸਾ ਮਿਲਦਾ ਹੈ, ਉਸ ਦੀ ਪਹਿਲਾਂ ਮਾਇਆ-ਮਮਤਾਵੀ ਸਿਲਕ ਜੇਵੜੀ ਕੱਟੀ ਜਾਂਦੀ ਹੈ, ਤਾਂ ਉਹ ਸਚੇ ਮਾਰਗ ਪੈਂਦਾ ਹੈ। ਸੁਮਾਰਗ ਪੈ ਕੇ ਫੇਰ ਓਸ ਨੂੰ ਸੱਚੇ ਹੁਕਮ ਦੀ ਸੂਝ ਬੂਝ ਪੈਂਦੀ ਹੈ। ਏਕੋ ਨਾਮ ਨੂੰ ਹੁਕਮ ਪਛਾਣ ਕੇ ਉਹ ਨਾਮੁ ਅਭਿਆਸ ਕਮਾਈ ਮਈ ਸੱਚੀ ਸੇਵਾ ਵਿਚ ਜੁਟ ਜਾਂਦਾ ਹੈ, ਤਾਂ ਉਸ ਦਾ ਹੁਕਮ ਬੂਝਣਹਾਰੇ ਨੂੰ, ਸਚੇ ਸੇਵਕ ਦੀ ਪਦਵੀ ਗੁਰੂ ਘਰੋਂ ਮਿਲਦੀ ਹੈ। ਇਸ ਅਵਸਥਾ ਵਿਖੇ ਪ੍ਰਗ ਖਲੋਣ ਦੀ ਤੱਤ ਨਿਸ਼ਾਨੀ ਇਹ ਹੁੰਦੀ ਹੈ ਕਿ ਉਸ ਨੂੰ ਬੁਰਾ ਭਲਾ ਦੁਇ ਸਮਸਰ ਸੁਝਣ-ਸਹੋਜਣ ਲਗ ਪੈਂਦੇ ਹਨ ਅਤੇ ਉਸਦੀ ਹਉਮੈ ਅਹੰ-ਮਮਤਾ ਸਗਲੀ ਬਿਨਸ ਜਾਂਦੀ ਹੈ। ਤਿਥੈ, ਤਿਸ ਬਿਵਸਥਾ ਵਿਖੇ ਉਸਨੂੰ ਇਕੋ ਅਕਾਲ ਪੁਰਖ ਹੀ ਸਾਰੇ ਦਿਸਦਾ ਬੁਝਦਾ ਹੈ। ਐਸਾ ਪੂਰ-ਕਰੰਮਾ ਗੁਰਮੁਖ ਜਨ ਹੀ ਸਹਿਜ ਪਦ ਵਿਖੇ ਸਮਾਉਂਦਾ ਹੈ। ਐਸੇ ਪਾਰਦਰਸੀ ਵਾਹਿਗੁਰੂ ਦੇ ਭਗਤ ਸਦਾ ਹੀ ਸੁਖਵਾਸੀ, ਅਤੀਤ, ਗ੍ਰਿਹਸਤ-ਉਦਾਸੀ ਹੁੰਦੇ ਹਨ। ਬਾਲ ਸੁਭਾਇ ਸਦਾ ਗੁਰਮੁਖ ਜੀਵਨ ਬਤੀਤ ਕਰਦੇ ਹਨ। ਭਾਂਤ ਭਾਂਤੀ ਅਨਿਕ ਰੰਗੀ ਆਤਮ ਕੇਲ ਕਰਦੇ ਹਨ। ਵਾਹਿਗੁਰੂ ਉਹਨਾਂ ਨੂੰ ਪੁਤਰਾਂ ਵਾਂਗ ਲਾਡ ਲਡਾਉਂਦਾ ਹੈ।

ਉਸ ਅਗਮ ਅਗੋਚਰ ਦੀ ਕੀਮਤ ਨਹੀਂ ਪਾਈ ਜਾਂਦੀ, ਉਸ ਨੂੰ ਮਿਲ ਕੇ ਹੀ ਸਚੀ ਸ਼ਾਂਤੀ ਆਉਂਦੀ ਹੈ। ਪਰ ਉਸ ਨੂੰ ਤਦੇ ਹੀ ਮਿਲੀਦਾ, ਮਿਲ ਸਕੀਦਾ ਹੈ, ਜੇ ਉਹ ਆਪ ਹੀ ਮਿਲਾਇ ਲਵੇ। ਵਾਹਿਗੁਰੂ ਤਿਨ੍ਹਾਂ ਜਨਾਂ ਨੂੰ ਹੀ ਪਰਗਟ ਹੋਵੰਦਾ ਹੈ, ਜਿਨ੍ਹਾਂ ਦੇ ਧੁਰ ਮਸਤਕ ਲੇਖ ਲਿਖਿਆ ਹੋਵੰਦਾ ਹੈ। ਤਿਨ੍ਹਾਂ ਪ੍ਰਭੂ-ਪਰਗਟੰਨੇ ਗੁਰਮੁਖਾਂ ਨੂੰ ਸਨਮੁਖ ਦਿਦਾਰਾ ਐਸਾ ਹੁੰਦਾ ਹੈ ਕਿ ਓਹ ਸਦਾ ਓਸ ਦੇ ਹੁਕਮ ਅੰਦਰ ਮਾਇਲ ਹੁੰਦੇ ਹੋਏ ਇਉਂ ਬੇਨਤੀਆਂ ਕਰਨ ਵਿਚ

ਮਫ਼ਤੂਨ ਰਹਿੰਦੇ ਹਨ :—"ਹੇ ਵਾਹਿਗੁਰੂ ! ਤੂੰ ਆਪੇ ਕਾਰਨ ਕਰਨਹਾਰ ਕਰਤਾ ਹੈਂ । ਤੂੰ ਆਪੇ ਹੀ ਸਾਰੀ ਸ੍ਰਿਸ਼ਟੀ ਉਪਾਈ ਹੈ ਅਤੇ ਸਭ ਧਰਤੀ ਸਾਜਿ ਧਰੀ ਹੈ। ਸਾਨੂੰ ਗੁਰੂ ਨਾਨਕ ਨਿਰੰਕਾਰੀ ਨੇ ਤੇਰੇ ਸਰਣਿ-ਦੁਆਰੇ ਆਣਿ ਪਾਇਆ ਹੈ । ਤੂੰ ਸਾਨੂੰ ਸਦਾ ਆਪਣੇ ਭਾਣੇ ਅੰਦਰ ਹੀ ਸਾਜ ਸੰਵਾਰੀ ਰਖਦਾ ਹੈਂ, ਯਥਾ ਗੁਰਵਾਕ—

ਵਡਾ ਸਾਹਿਬੁ ਅਗਮ ਅਥਾਹਾ ॥
ਕਿਉ ਮਿਲੀਐ ਪ੍ਰਭ ਵੇਪਰਵਾਹਾ ॥
ਕਾਟਿ ਸਿਲਕ ਜਿਸੁ ਮਾਰਗਿ ਪਾਏ
ਸੋ ਵਿਚਿ ਸੰਗਤਿ ਵਾਸਾ ਪਾਇਦਾ ॥੧੨॥
ਹੁਕਮੁ ਬੂਝੈ ਸੋ ਸੇਵਕੁ ਕਹੀਐ ॥
ਬੁਰਾ ਭਲਾ ਦੁਇ ਸਮਸਰਿ ਸਹੀਐ ॥
ਹਉਮੈ ਜਾਇ ਤ ਏਕੋ ਬੂਝੈ
ਸੋ ਗੁਰਮੁਖਿ ਸਹਜਿ ਸਮਾਇਦਾ ॥੧੩॥
ਹਰਿ ਕੇ ਭਗਤ ਸਦਾ ਸੁਖਵਾਸੀ ॥
ਬਾਲ ਸੁਭਾਇ ਅਤੀਤ ਉਦਾਸੀ ॥
ਅਨਿਕ ਰੰਗ ਕਰਹਿ ਬਹੁ ਭਾਤੀ
ਜਿਉ ਪਿਤਾ ਪੂਤ ਲਾਡਾਇਦਾ ॥੧੪॥
ਅਗਮ ਅਗੋਚਰੁ ਕੀਮਤਿ ਨਹੀ ਪਾਈ ॥
ਤਾ ਮਿਲੀਐ ਜਾ ਲਏ ਮਿਲਾਈ ॥
ਗੁਰਮੁਖਿ ਪ੍ਰਗਟੁ ਭਇਆ ਤਿਨ ਜਨ ਕਉ
ਜਿਨ ਧੁਰਿ ਮਸਤਕਿ ਲੇਖੁ ਲਿਖਾਇਦਾ ॥੧੫॥
ਤੂੰ ਆਪੇ ਕਰਤਾ ਕਾਰਣ ਕਰਣਾ ॥
ਸ੍ਰਿਸਟਿ ਉਪਾਇ ਧਰੀ ਸਭ ਧਰਣਾ ॥
ਜਨ ਨਾਨਕੁ ਸਰਣਿ ਪਇਆ ਹਰਿ ਦੁਆਰੈ
ਹਰਿ ਭਾਵੈ ਲਾਜ ਰਖਾਇਦਾ ॥੧੬॥੧॥੫॥

[ਮਾਰੂ ਸੋਲਹੇ ਮ: ੫, ਪੰਨਾ ੧੦੭੬

ਗੁਰਮਤਿ ਅੰਦਰ ਅਗਮ ਅਗੋਚਰ ਵਾਹਿਗੁਰੂ ਨਿਰੰਕਾਰ ਨੂੰ ਸਭ ਦਾ ਸਚਾ ਸਿਰਜਨਹਾਰਾ ਕਰਕੇ ਮੰਨਿਆ ਗਿਆ ਹੈ । ਏਸੇ ਮਨੌਤੀ ਵਿਚ ਏਸ ਨੂੰ ਸੇਵਨਾ, ਭਗਤਿ ਕਰੇਵਨਾ ਸ੍ਰੇਸ਼ਟਾਇਆ ਗਿਆ ਹੈ । ਸ਼ਬਦ ਕਮਾਈ ਕੀਤਿਆਂ ਸਰਬ ਦਾ ਦੁਖ-ਨਿਵਾਰਣਹਾਰ ਸਿਧ ਹੋਏ ਪ੍ਰਗਟ ਹੁੰਦਾ ਹੈ। ਉਸ ਅਗਮ ਅਗੋਚਰ

ਦੀ ਕੀਮਤ ਕਿਨ੍ਹੇ ਨਹੀਂ ਪਾਈ । ਆਪੇ ਹੀ ਅਗਮ ਅਥਾਹ ਰਹਿਣ ਵਿਚ ਸੰਤੁਸ਼ਟ ਹੈ । ਗੁਰ ਪ੍ਰਸਾਦੀ ਉਸ ਨੂੰ ਮਨ ਅੰਦਰ ਵਸਾਇਆ ਜਾ ਸਕਦਾ ਹੈ । ਜੋ ਜਨ ਉਸ ਨੂੰ ਗੁਰਸ਼ਬਦ ਗੁਰਮੰਤ੍ਰ ਦੇ ਅਭਿਆਸ ਦੇ ਵਿਗਾਸ ਅੰਦਰ ਸਲਾਹੁੰਦੇ ਸਿਫਤਾਉਂਦੇ ਹਨ, ਤਿਨ੍ਹਾਂ ਨੂੰ ਉਹ ਸਦਾ ਵਧ ਤੋਂ ਵਧ ਗੁਣ ਕਰਨਹਾਰਾ ਹੀ ਹੈ, ਤਿਨ੍ਹਾਂ ਦਾ ਫੇਰ ਲੇਖਾ ਕੋਈ ਨਹੀਂ ਮੰਗ ਸਕਦਾ, ਨਾ ਮੰਗਦਾ ਹੈ ।

ਬ੍ਰਹਮਾ, ਬਿਸ਼ਨ, ਮਹੇਸ਼ ਪਏ ਆਪ-ਹੁਦਰੇ ਹੀ ਉਸ ਦੇ ਸੇਵਨਹਾਰੇ ਸੇਵਕ ਬਣਿ ਬਣਿ ਬਹਿੰਦੇ ਹਨ, ਪਰ ਉਸ ਅਲਖ ਅਭੇਵ ਬੇਅੰਤ ਪ੍ਰਭੂ ਦਾ ਅੰਤ ਨਹੀਂ ਪਾ ਸਕਦੇ । ਪਰ ਜਿਸ ਵਡਭਾਗੇ ਗੁਰਮੁਖ ਜਨ ਉਪਰ ਹੇ ਵਾਹਿਗੁਰੂ ! ਤੂੰ ਆਪਣੀ ਨਦਰ ਕਰਦਾ ਹੈਂ ਸੋ ਗੁਰਮੁਖ ਪਿਆਰਾ ਅਲਖ ਪ੍ਰਭੂ ਨੂੰ ਲਖ ਲੈਂਦਾ ਹੈ । ਸਾਰੇ ਜਗ ਵਿਚ ਇਕੋ ਅਕਾਲ ਪੁਰਖ ਹੀ ਵਰਤਦਾ ਹੈ ਅਤੇ ਗੁਪਤ ਵਰਤਦਾ ਹੈ, ਪਰ ਗੁਰਪ੍ਰਸਾਦੀ ਵਿਰਲੇ ਗੁਰਮੁਖ ਜਨਾਂ ਨੂੰ ਹੀ ਪ੍ਰਗਟ ਹੁੰਦਾ ਹੈ । ਜਿਹੜੇ ਗੁਰਮੁਖ ਪਿਆਰੇ ਗੁਰਸ਼ਬਦ ਦੀ ਅਭਿਆਸ ਕਮਾਈ ਦੁਆਰਾ ਉਸ ਦੀ ਸਚੜੀ ਸਿਫ਼ਤ ਸਲਾਹ ਕਰਦੇ ਹਨ, ਤਿਨ੍ਹਾਂ ਨਿਰਮਲ ਨਿਰੰਕਾਰੀ ਜਨਾਂ ਦਾ ਨਿਜ ਘਰ ਵਾਸਾ ਹੁੰਦਾ ਹੈ । ਜਿਸ ਅਗਮ ਅਗੋਚਰ ਦੀ ਕੀਮਤ ਕਿਸੇ ਤੋਂ ਨਹੀਂ ਪਾਈ ਜਾ ਸਕਦੀ, ਗੁਰਮੁਖ ਭਗਤ ਜਨ ਸਦਾ ਉਸ ਦੀ ਸਰਣਾਈ ਹੀ ਰਹਿੰਦੇ ਹਨ । ਗੁਰਮੁਖ ਨਾਮ ਧਿਆਵਨਹਾਰੇ ਸਦਾ ਉਸ ਦੇ ਭਾਣੇ ਅੰਦਰ ਹੀ ਸ਼ਾਕਰ ਰਹਿੰਦੇ ਹਨ, ਆਪਣੇ ਆਪ ਨੂੰ ਲਖਾਉਂਦੇ ਜਣਾਉਂਦੇ ਨਹੀਂ । ਸਚੇ ਸਾਹਿਬ ਦੇ ਦਰਿ ਕਬੂਲ ਹੋਏਵੇ ਅਨਿਨ ਗੁਰਮੁਖ ਭਗਤ ਜਨ, ਸਦਾ ਉਸ ਦੇ ਗੁਣ ਗਾਵਣ ਵਿਚ ਹੀ ਮਹਿਵ ਰਹਿੰਦੇ ਹਨ, ਕਿ ਹੇ ਸਚੇ ਸਾਹਿਬ ! ਸਾਨੂੰ ਸਦਾ ਸਚੀ ਸਿਫ਼ਤ ਸਲਾਹ ਹੀ ਦੇਵਹੁ, ਸਾਨੂੰ ਸਚੇ ਦਰਸ਼ਨ ਦੀ ਦਾਤ ਹੀ ਅਰਪੇਵਹੁ । ਅੰਤ ਨੂੰ ਸਚੜੇ ਸਰੂਪ ਦਰਸ਼ਨ ਵਿਚ ਹੀ ਸਮਾਇ ਲੇਵਹੁ; ਯਥਾ ਗੁਰਵਾਕ—

ਸੋ ਸਚੁ ਸੇਵਿਹੁ ਸਿਰਜਣਹਾਰਾ ॥
ਸਬਦੇ ਦੂਖ ਨਿਵਾਰਣਹਾਰਾ ॥
ਅਗਮੁ ਅਗੋਚਰੁ ਕੀਮਤਿ ਨਹੀ ਪਾਈ
ਆਪੇ ਅਗਮ ਅਥਾਹਾ ਹੇ ॥੧॥.........
ਅਗਮ ਅਗੋਚਰੁ ਕੀਮਤਿ ਨਹੀ ਪਾਈ ॥
ਗੁਰ ਪਰਸਾਦੀ ਮੰਨਿ ਵਸਾਈ ॥
ਸਦਾ ਸਬਦਿ ਸਾਲਾਹੀ ਗੁਣਦਾਤਾ
ਲੇਖਾ ਕੋਇ ਨ ਮੰਗੈ ਤਾਹਾ ਹੇ ॥੯॥

ਬ੍ਰਹਮਾ ਬਿਸਨੁ ਰੁਦ੍ਰ ਤਿਸ ਕੀ ਸੇਵਾ ॥
ਅੰਤੁ ਨ ਪਾਵਹਿ ਅਲਖ ਅਭੇਵਾ ॥
ਜਿਨ ਕਉ ਨਦਰਿ ਕਰਹਿ ਤੂੰ ਆਪਣੀ
ਗੁਰਮੁਖ ਅਲਖੁ ਲਖਾਹਾ ਹੇ ॥੧੦॥......
ਸਭ ਜਗ ਮਹਿ ਵਰਤੈ ਏਕੋ ਸੋਈ ॥
ਗੁਰਪਰਸਾਦੀ ਪਰਗਟੁ ਹੋਈ ॥
ਸਬਦੁ ਸਾਲਾਹਹਿ ਸੇ ਜਨ ਨਿਰਮਲ
ਨਿਜ ਘਰ ਵਾਸਾ ਤਾਹਾ ਹੇ ॥੧੪॥
ਸਦਾ ਭਗਤ ਤੇਰੀ ਸਰਣਾਈ ॥
ਅਗਮ ਅਗੋਚਰ ਕੀਮਤਿ ਨਹੀ ਪਾਈ ॥
ਜਿਉ ਤੁਧੁ ਭਾਵੈ ਤਿਉ ਤੂ ਰਾਖਹਿ
ਗੁਰਮੁਖਿ ਨਾਮੁ ਧਿਆਹਾ ਹੇ ॥੧੫॥
ਸਦਾ ਸਦਾ ਤੇਰੇ ਗੁਣ ਗਾਵਾ ॥
ਸਚੇ ਸਾਹਿਬ ਤੇਰੈ ਮਨਿ ਭਾਵਾ ॥
ਨਾਨਕੁ ਸਾਚੁ ਕਹੈ ਬੇਨੰਤੀ
ਸਚੁ ਦੇਵਹੁ ਸਚਿ ਸਮਾਹਾ ਹੇ ॥੧੬॥੧॥੧੦॥

[ਮਾਰੂ ਮ: ੩, ਪੰਨਾ ੧੦੫੩-੫੪

ਅਗਮ ਅਗੋਚਰ ਦਾ ਕੇਵਲ ਗੁਰਮਤਿ ਦੁਆਰਾ ਮਿਲਣਾ ਹੀ ਸੰਭਵ ਹੈ, ਜੈਸਾ ਕਿ ਇਹ ਅਗਲੇਰਾ ਗੁਰਵਾਕ ਭੀ ਸਾਖਾ ਭਰਦਾ ਹੈ—

ਅਗਮ ਅਗੋਚਰੁ ਕੀਮਤਿ ਨਹੀ ਪਾਇ ॥
ਤਾ ਮਿਲੀਐ ਜਾ ਲਏ ਮਿਲਾਇ ॥
ਗੁਣਵੰਤੀ ਗੁਣ ਸਾਰੇ ਨੀਤ ॥
ਨਾਨਕ ਗੁਰਮਤਿ ਮਿਲੀਐ ਮੀਤ ॥੧੭॥

[ਦਖਣੀ ਓਅੰਕਾਰ, ਪੰਨਾ ੯੩੨

ਘਰ ਬੈਠਿਆਂ ਹੀ ਅਗਮ ਅਗੋਚਰ ਵਾਹਿਗੁਰੂ ਦਾ ਪਾਵਣਾ ਗੁਰਮਤਿ ਦੀ ਇਕ ਸਰਬ ਸਾਧਾਰਨ ਪਰਧਾਨ ਅਹਮਤਾ ਹੈ; ਯਥਾ ਗੁਰਵਾਕ—

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥
ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥

ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥੫॥
[ਸਿਧ ਗੋਸਟਿ, ਪੰਨਾ ੯੬੮

ਸਾਰੀ ਸੁਰਤਿ-ਸਬਦ ਦੀ ਖੇਡ ਹੈ । ਨਾਮ ਵਖਾਨਣ ਸਿਮਰਨ ਦੁਆਰਾ ਖਿੰਡੀਆਂ ਹੋਈਆਂ ਬਿਰਤੀਆਂ ਇਕ-ਸੁਅਰ ਹੋ ਕੇ ਸੁਰਤਿ ਅਸਥਿਤ ਹੋ ਜਾਂਦੀਆਂ ਹਨ । ਵਿਚੇ ਗ੍ਰਿਹਸਤ ਰਹਿੰਦਿਆਂ ਹੀ ਜਲ-ਕੰਵਲ ਵਤ ਅਗਮ ਰਹੀਦਾ ਹੈ । ਜਲ ਵਿਚ ਤਰੰਦੜੀ ਮੁਰਗਾਈ ਦੇ ਖੰਭ ਜੈਸੇ ਜਿਉਂ ਕੇ ਤਿਉਂ ਅਭਿੱਜ ਅਸਿੱਜ ਰਹਿੰਦੇ ਹਨ, ਤੈਸੇ ਹੀ ਸ਼ਬਦ-ਸੁਰਤਿ-ਅਭਿਆਸੀ ਸਚੇ ਸੁਰਤੀਸ਼ਰ ਮਾਇਆਵੀ ਧੰਦ-ਬੰਧ ਤੋਂ ਅਲੇਪ ਹੀ ਰਹਿੰਦੇ ਹਨ । ਏਕੋ ਅਕਾਲ ਪੁਰਖ ਨੂੰ ਮਨ ਵਿਖੇ ਵਸਾਉਣ ਕਰਿ ਗ੍ਰਿਹਸਤ ਵਿਚ ਰਹਿੰਦੇ ਹੋਏ ਹਸਦੇ ਵਸਦੇ ਹੋਏ ਭੀ ਏਕਤਾ-ਵਾਸੀ ਰਹਿੰਦੇ ਹਨ । ਆਸਾ ਮਹਿ ਨਿਰਾਸ ਹੀ ਬਿਚਰਦੇ ਹਨ । ਅਗਮ ਅਗੋਚਰ ਨੂੰ ਜੋ ਜਨ ਖ਼ੁਦ ਦੇਖ ਕੇ ਫੇਰ ਦੂਜਿਆਂ ਨੂੰ ਦਿਖਾਉਂਦੇ ਹਨ, ਗੁਰੂ ਨਾਨਕ ਸਾਹਿਬ ਆਪਣੇ ਆਪ ਵਿਚ ਤਿਨ੍ਹਾਂ ਦੇ ਦਾਸ ਬਣਦੇ ਹਨ ।

ਗੋਬਿੰਦ ਗੁਣੀ ਨਿਧਾਨ ਸਚੇ ਧਣੀ ਦਾ ਅਗਮ ਰੂਪ ਹੈ । ਗੁਰਮਤਿ ਨਾਮ ਦੁਆਰਾ ਇਸ ਅਗਮ ਰੂਪ ਦਾ ਦਰ ਭੀ ਜੋਹ ਲਈਦਾ ਹੈ । ਨਾਮ ਦਾ ਸਚਾ ਵਾਪਾਰ ਵਾਪਾਰਨ ਕਰਿ, ਮੁਕਤੇ ਭੰਡਾਰੜਾ ਮੇਲ-ਮਿਲਾਪ ਐਸਾ ਹੋਇ ਆਉਂਦਾ ਹੈ ਕਿ ਫੇਰ ਮੇਲ ਚੁਕਦਾ ਹੀ ਨਹੀਂ ; ਯਥਾ ਗੁਰਵਾਕ—

ਅਗਮ ਰੂਪੁ ਗੋਬਿੰਦ ਕਾ ਅਨਿਕ ਨਾਮ ਅਪਾਰ ॥
ਧਨੁ ਧੰਨੁ ਤੇ ਜਨ ਨਾਨਕਾ ਜਿਨ ਹਰਿ ਨਾਮਾ ਉਰਿਧਾਰ ॥੪॥੧॥
[ਮਾਲੀ ਗਉੜੀ ਮ: ੫, ਪੰਨਾ ੯੮੬

ਅਗਮ ਅਗੋਚਰੁ ਤੂ ਧਣੀ ਅਵਿਗਤੁ ਅਪਾਰਾ ॥
ਗੁਰ ਸਬਦੀ ਦਰੁ ਜੋਈਐ ਮੁਕਤੇ ਭੰਡਾਰਾ ॥
ਨਾਨਕ ਮੇਲੁ ਨ ਚੁਕਈ ਸਾਚੇ ਵਾਪਾਰਾ ॥੮॥੧॥
[ਮਾਰੂ ਅਸਟਪਦੀਆ ਮ: ੧, ਪੰਨਾ ੧੦੦੯

ਇਕ ਗੁਰਮਤਿ ਨਾਮ ਹੀ ਚਾਰੇ ਜੁਗ ਉਧਾਰਨਹਾਰਾ ਹੈ, ਤਾਂਤੇ ਗੁਰਮੁਖਿ ਨਾਮ ਸਾਲਾਹਿਆਂ ਹੀ ਅਗਮ ਅਗੋਚਰ ਵੇਪਰਵਾਹ ਦੇ ਦਰਸ਼ਨ ਹੁੰਦੇ ਹਨ—

ਗੁਰਮੁਖਿ ਨਾਮਿ ਸਬਦਿ ਸਾਲਾਹੇ ॥
ਅਗਮ ਅਗੋਚਰ ਵੇਪਰਵਾਹੇ ॥
ਏਕ ਨਾਮਿ ਜੁਗ ਚਾਰਿ ਉਧਾਰੇ

ਸਬਦੇ ਨਾਮ ਵਿਸਾਹਾ ਹੇ ॥੧੧॥(੧੬॥੨॥੧੧॥)
[ਮਾਰੂ ਸੋਲਹੇ ਮ:੩, ਪੰਨਾ ੧੦੫੫

ਤਥਾ—ਅਗਮ ਨਿਗਮੁ ਸਤਿਗੁਰੂ ਦਿਖਾਇਆ ॥
ਕਰਿ ਕਿਰਪਾ ਅਪਨੈ ਘਰਿ ਆਇਆ ॥
ਅੰਜਨ ਮਾਹਿ ਨਿਰੰਜਨੁ ਜਾਤਾ
ਜਿਨ ਕਉ ਨਦਰਿ ਤੁਮਾਰੀ ਜੀਉ ॥੬॥(੧੦॥੧॥)
[ਮਾਰੂ ਮਹਲਾ ੩, ਪੰਨਾ ੧੦੧੬

ਜਿਨ੍ਹਾਂ ਨੂੰ ਨਦਰ ਹੋਈ ਹੈ, ਤਿਨ੍ਹਾਂ ਨੇ ਅੰਜਨ ਮਾਹਿ ਹੀ ਨਿਰੰਜਨ-ਨੂੰ ਪਾ ਲਿਆ ਹੈ, ਕਿਰਪਾ ਕਰ ਕੇ ਸਤਿਗੁਰੂ ਨੇ ਹੀ ਘਟ ਅੰਦਰ ਲਿਆਣ ਕੇ ਅਗਮ ਨਿਗਮ ਨੂੰ ਦਿਖਾਇ ਦਿੱਤਾ ਹੈ—

ਅਗਮੁ ਅਗੋਚਰੁ ਗੁਰੂ ਦਿਖਾਇਆ ॥
ਭੂਲਾ ਮਾਰਿਗ ਸਤਿਗੁਰਿ ਪਾਇਆ ॥
ਗੁਰਸੇਵਕ ਕਉ ਬਿਘਨੁ ਨ ਭਗਤੀ
ਹਰਿ ਪੂਰ ਦ੍ਰਿੜਾਇਆ ਗਿਆਨਾਂ ਹੇ ॥੫॥
ਗੁਰਿ ਦ੍ਰਿਸਟਾਇਆ ਸਭਨੀ ਠਾਂਈ ॥
ਜਲਿ ਥਲਿ ਪੂਰਿ ਰਹਿਆ ਗੋਸਾਈ ॥
ਊਚ ਊਨ ਸਭ ਏਕ ਸਮਾਨਾਂ
ਮਨਿ ਲਾਗਾ ਸਹਜਿ ਧਿਆਨਾ ਹੇ ॥੬॥(੯॥੧॥੪॥)
[ਮਾਰੂ ਸੋਲਹੇ ਮ : ੫, ੧੦੭੫

ਕੁਮਾਰਗੀ ਭੁੱਲੇ ਭਟਕੇ ਸੰਸਾਰੀਆਂ ਨੂੰ ਸਤਿਗੁਰੂ ਨੇ ਹੀ ਸੁਮਾਰਗ ਪਾਇਆ ਹੈ। ਸੁਮਾਰਗ ਪਾ ਕੇ ਅਗਮ ਅਗੋਚਰ ਦਾ ਦਰਸ਼ਨ ਭੀ ਕਰਾਇਆ ਹੈ। ਗੁਰ-ਸ਼ਬਦ-ਸਿਮਰਨ ਸੇਵਨਹਾਰਿਆਂ ਗੁਰਸੇਵਕਾਂ ਦੀ ਅਨਿੰਨ ਭਗਤੀ ਵਿਚ ਵਿਘਨ ਕਦੇ ਨਹੀਂ ਪੈਂਦਾ, ਕਿਉਂਕਿ ਸਤਿਗੁਰੂ ਨੇ ਤਿਨ੍ਹਾਂ ਨੂੰ ਪੂਰਾ ਪੂਰਾ ਗਿਆਨ ਦ੍ਰਿੜ੍ਹਾਇਆ ਹੈ। ਸਤਿਗੁਰੂ ਨੇ ਗੁਰਮੁਖਾਂ ਸਿਖਾਂ ਤਾਈਂ ਗੋਸਾਈਂ ਪ੍ਰੀਤਮ ਨੂੰ ਜਲਿ ਥਲਿ ਵਿਚ ਸਭਨੀ ਥਾਈਂ ਦਿਖਾਇ ਦਿੱਤਾ ਹੈ। ਤਿਨ੍ਹਾਂ ਦਾ ਊਚ ਨੀਚ ਵਿਖੇ ਸਮਾਨ ਹੀ ਧਿਆਨ ਲਗ ਜਾਂਦਾ ਹੈ।

# ੪

# ਅਗਮ ਅਗੋਚਰ ਵਾਹਿਗੁਰੂ ਦੀ ਲਖਤਾ

ਮੇਰੇ ਮਨ ਰਾਮ ਨਾਮ ਨਿਤ ਗਾਵੀਐ ਰੇ ॥
ਅਗਮ ਅਗੋਚਰੁ ਨ ਜਾਈ ਹਰਿ ਲਖਿਆ
ਗੁਰੁ ਪੂਰਾ ਮਿਲੈ ਲਖਾਵੀਐ ਰੇ ॥ਰਹਾਉ॥

[ਕੇਦਾਰਾ ਮ: ੪ ਘਰੁ ੧, ਪੰਨਾ ੧੧੧੮

ਭੈ ਨਿਰਭਉ ਮਾਣਿਅਉ ਲਾਖ ਮਹਿ ਅਲਖੁ ਲਖਾਯਉ ॥
ਅਗਮੁ ਅਗੋਚਰ ਗਤਿ ਗਭੀਰੁ ਸਤਿਗੁਰਿ ਪਰਚਾਯਉ ॥(੮)

[ਸਵਈਏ ਮਹਲੇ ਪੰਜਵੇਂ ਕੇ, ਪੰਨਾ ੧੪੦੮

ਏਕਮ ਏਕੰਕਾਰੁ ਨਿਰਾਲਾ ॥
ਅਮਰੁ ਅਜੋਨੀ ਜਾਤਿ ਨ ਜਾਲਾ ॥
ਅਗਮ ਅਗੋਚਰੁ ਰੂਪੁ ਨ ਰੇਖਿਆ ॥
ਖੋਜਤ ਖੋਜਤ ਘਟਿ ਘਟਿ ਦੇਖਿਆ ॥
ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ ॥
ਗੁਰ ਪਰਸਾਦਿ ਪਰਮ ਪਦੁ ਪਾਈ ॥੧॥

[ਬਿਲਾਵਲੁ ਮ: ੧ ਥਿਤੀ ਘਰੁ ੧੦ ਜਤਿ, ਪੰਨਾ ੮੩੮

ਏਤਨੇ ਉਦਾਹਰਨ ! ਗੁਰਮਤਿ ਪ੍ਰਮਾਣਾਂ ਦੇ ਹੁੰਦੇ ਹੋਏ ਨਾਮ-ਲੇਵਾ ਸਿਖ ਤਾਂ ਕਦੇ ਭੀ ਸੰਦੇਹ ਸੰਸੇ ਵਿਚ ਆ ਨਹੀਂ ਸਕਦਾ ਕਿ ਵਾਹਿਗੁਰੂ ਹੈ ਨਹੀਂ, ਭਾਵੇਂ ਅਗਮ ਅਗਾਧ ਹੈ, ਤ੍ਰੈਕਾਲ ਅਬਾਧ ਹੈ; ਪਰ ਹੈ ਸਹੀ।

ਹੈ ਤੂ ਹੈ ਤੂ ਹੋਵਨਹਾਰ ॥
ਅਗਮ ਅਗਾਧਿ ਊਚ ਆਪਾਰ ॥
ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ ॥
ਗੁਰ ਪਰਸਾਦਿ ਨਾਨਕ ਗੁਣ ਗਾਹਿ ॥੨॥(੪॥੨॥)

[ਤਿਲੰਗ ਮ: ੫ ਘਰੁ ੨, ਪੰਨਾ ੭੨੪

ਇਸ ਤੋਂ ਵਧ ਕੇ ਸਪੱਸ਼ਟ ਪ੍ਰਮਾਣ ਕੀ ਹੋ ਸਕਦਾ ਹੈ ਕਿ ਗੁਰੂ ਨਾਨਕ ਪੰਚਮੇਸ਼ ਨੇ ਸਨਮੁਖ ਦਰਸ਼ਨ ਕਰਦੇ ਹੋਏ, "ਹੈ ਤੂ ਹੈ ਤੂ" ਅਕਾਲ ਪੁਰਖ ਨੂੰ ਸੰਬੋਧਨ ਕੀਤਾ ਹੈ ਅਤੇ ਸਦਾ "ਹੋਵਨਹਾਰ" ਜਣਾਇਆ ਅਤੇ ਇਹ ਦ੍ਰਿੜ੍ਹਨ ਭੀ ਅਸਾਂ ਲਈ ਦ੍ਰਿੜ੍ਹਾਇਆ ਹੈ ਕਿ ਜੋ ਜੋ ਸਿਖ "ਹੋਵਨਹਾਰ ਨਿਰੰਕਾਰ" ਨੂੰ ਸੇਵਦੇ ਤੇ ਸਿਮਰਦੇ ਹਨ ਉਹਨਾਂ ਨੂੰ ਕੋਈ ਭਉ ਦੁਖ ਨਹੀਂ ਲਗਦਾ। ਉਹ ਨਿਰਭਉ ਵੇਪਰਵਾਹਤਾ ਵਿਚ ਸਦਾ ਸਾਲਾਹੀ ਦੇ ਸਲਾਹਤਾ ਮਈ ਗੁਣ ਹੀ ਗਾਉਂਦੇ ਰਹਿੰਦੇ ਹਨ। ਸਚੇ ਗੁਰਦੇਵ ਗੁਰੂ ਨਾਨਕ ਸਾਹਿਬ ਨੇ ਕਲਿਜੁਗ ਦਾ ਉਧਾਰ ਹੀ ਇਸ ਬਿਧ ਕੀਤਾ ਹੈ ਕਿ ਜੋ ਜੋ ਮਲ ਮੂਤ ਮੂੜ ਮੁਗਧ ਹਰਿ ਸਿਮਰਨ ਕਰਿ ਸੱਚੀ ਅਕਾਲ ਸੇਵਾ ਵਿਖੇ ਲਗੇ ਹਨ ਅਤੇ ਜਿਨ੍ਹਾਂ ਉਤੇ ਕਿਰਪਾਲ ਦਇਆਲ ਬਖ਼ਸ਼ਿੰਦ ਵਾਹਿਗੁਰੂ ਦੀ ਬਖ਼ਸ਼ਿਸ਼ ਹੋਈ ਹੈ, ਹਰਿ ਸਿਮਰਨ ਤਿਨ੍ਹਾਂ ਦਾ ਇਸ ਪੁਗ-ਪੁਗਣਾ ਉਧਾਰ ਭੀ ਹੋ ਗਿਆ ਕਿ ਅਗਮ ਅਗੋਚਰ ਦੇ ਦਰਸ਼ਨ ਹੋ ਗਏ। ਯਥਾ ਗੁਰਵਾਕ—

ਅਗਮ ਅਗੋਚਰੁ ਦਰਸੁ ਤੇਰਾ
ਸੋ ਪਾਏ ਜਿਸੁ ਮਸਤਕਿ ਭਾਗੁ ॥
ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ
ਸਤਿਗੁਰਿ ਬਖਸਿਆ ਹਰਿ ਨਾਮੁ ॥੧॥
ਕਲਿਜੁਗੁ ਉਧਾਰਿਆ ਗੁਰਦੇਵ ॥
ਮਲ ਮੂਤ ਮੂੜ ਜਿ ਮੁਘਦ ਹੋਤੇ
ਸਭਿ ਲਗੇ ਤੇਰੀ ਸੇਵ ॥ਰਹਾਉ ॥(੪॥੫॥੧੪੦॥)

[ਆਸਾ ਮ: ੫, ਪੰਨਾ ੪੦੬

ਸਤਿਗੁਰੂ ਗੁਰ ਨਾਨਕ ਪੰਚਮੇਸ਼ ਜੀ ਨਿਜ ਅਖੀਂ ਡਿਠੀ ਸਾਖਾ ਇਉਂ ਭਰਦੇ ਹਨ—

ਮੈ ਬਹੁ ਬਿਧਿ ਪੇਖਿਓ ਦੂਜਾ ਨਾਹੀ ਰੀ ਕੋਊ ॥
ਖੰਡ ਦੀਪ ਸਭ ਭੀਤਰਿ ਰਵਿਆ
ਪੂਰਿ ਰਹਿਓ ਸਭ ਲੋਊ ॥੧॥ਰਹਾਉ ॥
ਅਗਮ ਅਗੰਮਾ ਕਵਨ ਮਹਿੰਮਾ
ਮਨੁ ਜੀਵੈ ਸੁਨਿ ਸੋਊ ॥੧॥ (੨॥੨॥੩੩॥)

[ਦੇਵ ਗੰਧਾਰੀ ਮ: ੫, ਪੰਨਾ ੫੩੫

ਪੁਨਾ—ਜਾਨੀ ਨ ਜਾਈ ਤਾ ਕੀ ਗਾਤਿ ॥
ਕਹ ਪੇਖਾਰਉ ਹਉ ਕਰਿ ਚਤੁਰਾਈ
ਬਿਸਮਨ ਬਿਸਮੇ ਕਹਨ ਕਹਾਤਿ ॥੧॥ਰਹਾਉ॥
ਗਣ ਗੰਧਰਬ ਸਿਧ ਅਰੁ ਸਾਧਿਕ ॥
ਸੁਰਿ ਨਰ ਦੇਵ ਬ੍ਰਹਮ ਬ੍ਰਹਮਾਦਿਕ ॥
ਚਤੁਰ ਬੇਦ ਉਚਰਤ ਦਿਨੁ ਰਾਤਿ ॥੧॥
ਅਗਮ ਅਗਮ ਠਾਕੁਰੁ ਆਗਾਧਿ ॥
ਗੁਣ ਬੇਅੰਤ ਬੇਅੰਤ ਭਨੁ ਨਾਨਕ
ਕਹਨੁ ਨ ਜਾਈ ਪਰੈ ਪਰਾਤਿ ॥੨॥੨॥੩੫॥

[ਦੇਵ ਗੰਧਾਰੀ ਮ: ੫, ਪੰਨਾ ੫੩੫

ਬਰਨਿ ਨ ਸਾਕਉ ਤੁਮਰੇ ਰੰਗਾ ਗੁਣ ਨਿਧਾਨ ਸੁਖਦਾਤੇ ॥
ਅਗਮ ਅਗੋਚਰ ਪ੍ਰਭ ਅਬਿਨਾਸੀ ਪੂਰੇ ਗੁਰ ਤੇ ਜਾਤੇ ॥੨॥(੭॥੧੨੮॥)

[ਗਉੜੀ ਮ: ੫, ਪੰਨਾ ੨੦੭

ਹਰਿ ਕੇ ਸੰਤ ਸੁਣਹੁ ਜਨ ਭਾਈ
ਹਰਿ ਸਤਿਗੁਰ ਕੀ ਇਕ ਸਾਖੀ ॥
ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ
ਤਿਨਿ ਜਨਿ ਲੈ ਹਿਰਦੈ ਰਾਖੀ ॥
ਹਰਿ ਅੰਮ੍ਰਿਤ ਕਥਾ ਸਰੇਸਟ ਊਤਮ
ਗੁਰ ਬਚਨੀ ਸਹਜੇ ਚਾਖੀ ॥
ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ
ਜਿਉ ਸੂਰਜ ਰੈਣਿ ਕਿਰਾਖੀ ॥
ਅਦਿਸਟੁ ਅਗੋਚਰੁ ਅਲਖੁ ਨਿਰੰਜਨੁ
ਸੋ ਦੇਖਿਆ ਗੁਰਮੁਖਿ ਆਖੀ ॥੧੨॥

[ਵਾਰ ਸਿਰੀ ਰਾਗੁ, ਪੰਨਾ ੮੭-੮੮

ਜਿਸ ਕਿਸੇ ਨੂੰ ਇਸ ਅਦ੍ਰਿਸ਼ਟ ਦੇ ਦਿਸ਼ਟਾਰ ਦਿਸਣ ਦੀਦਾਰ ਹੁੰਦੇ ਹਨ, ਤਿਨ੍ਹਾਂ ਦਾ ਕਹਿਣਾ ਸਾਖਾ ਭਰਨਾ ਬਣਦਾ ਹੈ। ਦ੍ਰਿਸ਼ਟ ਦਿਸੇ ਦੇਖੇ ਬਿਹੂਣ ਐਵੇਂ ਕਹਿਣਾ ਕਥਨਾ ਬਿਰਥਾ ਹੀ ਜਾਂਦਾ ਹੈ। ਗੁਰਮੁਖਾਂ ਨੂੰ ਅਦ੍ਰਿਸ਼ਟ ਦੇ ਸਹਿਜ ਸੁਭਾਇ ਹੀ ਦਿਸ਼ਟ ਦੀਦਾਰ ਹੋ ਜਾਂਦੇ ਹਨ। ਤਿਨ੍ਹਾਂ ਦੀ ਸੇਵਾ ਸਿਮਰਨ

ਸੁਰਤਿ ਏਕੈ ਦੀ ਲਿਵਤਾਰ ਵਿਚ ਜੁੜੀ ਰਹਿੰਦੀ ਹੈ । ਯਥਾ ਗੁਰਵਾਕ—

ਅਦਿਸਟੁ ਦਿਸੈ ਤਾ ਕਹਿਆ ਜਾਇ ॥
ਬਿਨੁ ਦੇਖੇ ਕਹਣਾ ਬਿਰਥਾ ਜਾਇ ॥
ਗੁਰਮੁਖਿ ਦੀਸੈ ਸਹਜਿ ਸੁਭਾਇ ॥
ਸੇਵਾ ਸੁਰਤਿ ਏਕ ਲਿਵ ਲਾਇ ॥੨॥(੮॥੪॥)

[ਮਹਲਾ ੧ ਗਉੜੀ ਗੁਆਰੇਰੀ, ਪੰਨਾ ੨੨੨

ਹੋਰ ਨਿਜ ਪ੍ਰਾਨ ਮਾਨ ਵਰਤੀ ਸਾਖਾ—

ਹਰਿ ਹਰਿ ਨਾਮੁ ਮੇਰੈ ਪ੍ਰਾਨਿ ਵਸਾਏ
ਸਭੁ ਸੰਸਾ ਦੂਖੁ ਗਵਾਇਆ ॥
ਅਦਿਸਟੁ ਅਗੋਚਰੁ ਗੁਰ ਬਚਨਿ ਧਿਆਇਆ
ਪਵਿਤ੍ਰ ਪਰਮ ਪਦੁ ਪਾਇਆ ॥੧॥(੪॥੧॥੮॥)

[ਆਸਾ ਮ: ੪, ਪੰਨਾ ੪੪੨

# ੫
# ਪੇਖਨਹਾਰਿਆਂ ਦੀ ਸਮ ਦ੍ਰਿਸ਼ਟਤਾ

ਸਭੁ ਕਰਤਾ ਸਭੁ ਭੁਗਤਾ ॥੧॥ਰਹਾਉ॥
ਸੁਨਤੋ ਕਰਤਾ ਪੇਖਤ ਕਰਤਾ ॥
ਅਦ੍ਰਿਸਟੋ ਕਰਤਾ ਦ੍ਰਿਸਟੋ ਕਰਤਾ ॥
ਓਪਤਿ ਕਰਤਾ ਪਰਲਉ ਕਰਤਾ ॥
ਬਿਆਪਤ ਕਰਤਾ ਅਲਿਪਤੋ ਕਰਤਾ ॥੧॥
ਬਕਤੋ ਕਰਤਾ ਬੂਝਤ ਕਰਤਾ ॥
ਆਵਤੁ ਕਰਤਾ ਜਾਤੁ ਭੀ ਕਰਤਾ ॥
ਨਿਰਗੁਨ ਕਰਤਾ ਸਰਗੁਨ ਕਰਤਾ ॥
ਗੁਰ ਪ੍ਰਸਾਦਿ ਨਾਨਕ ਸਮ ਦ੍ਰਿਸਟਾ ॥੨॥੧॥

[ਰਾਗੁ ਗੋਂਡ ਮ: ੫ ਚਉਪਦੇ ਘਰੁ ੧, ਪੰਨਾ ੮੬੨

# ੬

# ਅਦ੍ਰਿਸ਼ਟ ਦ੍ਰਿਸ਼ਟਿਆਂ ਦੀ ਬਿਸਮਾਦਤਾ

ਲੋਇਣ ਦੇਖਿ ਰਹੇ ਬਿਸਮਾਦੀ
ਚਿਤੁ ਅਦਿਸਟਿ ਲਗਾਈ ॥੨੪॥
ਅਦਿਸਟੁ ਸਦਾ ਰਹੈ ਨਿਰਾਲਮੁ
ਜੋਤੀ ਜੋਤਿ ਮਿਲਾਈ ॥੨੫॥
ਹਉ ਗੁਰੁ ਸਾਲਾਹੀ ਸਦਾ ਆਪਣਾ
ਜਿਨਿ ਸਾਚੀ ਬੂਝ ਬੁਝਾਈ ॥੨੬॥
ਨਾਨਕੁ ਏਕੁ ਕਹੈ ਬੇਨੰਤੀ
ਨਾਵਹੁ ਗਤਿ ਪਤਿ ਪਾਈ ॥੨੭॥੨॥੧੧॥

[ਰਾਮਕਲੀ ਮ: ੩, ਪੰਨਾ ੯੧੦

ਅਦਿਸਟੁ ਅਗੋਚਰੁ ਪਾਰਬ੍ਰਹਮੁ
ਮਿਲਿ ਸਾਧੂ ਅਕਥੁ ਕਥਾਇਆ ਥਾ ॥
ਅਨਹਦ ਸਬਦੁ ਦਸਮ ਦੁਆਰਿ ਵਜਿਓ
ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥(੪॥੩॥੧੨॥)

[ਮਾਰੂ ਮ: ੫, ਪੰਨਾ ੧੦੦੨

ਗੁਰ ਪਾਰਸ ਹਮ ਲੋਹ ਮਿਲਿ ਕੰਚਨੁ ਹੋਇਆ ਰਾਮ ॥
ਜੋਤੀ ਜੋਤਿ ਮਿਲਾਇ ਕਾਇਆ ਗੜੁ ਸੋਹਿਆ ਰਾਮ ॥
ਕਾਇਆ ਗੜੁ ਸੋਹਿਆ ਮੇਰੈ ਪ੍ਰਭਿ ਮੋਹਿਆ
ਕਿਉ ਸਾਸਿ ਗਿਰਾਸਿ ਵਿਸਾਰੀਐ ॥
ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ
ਹਉ ਸਤਿਗੁਰ ਕੈ ਬਲਿਹਾਰੀਐ ॥
ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ ॥
ਆਪੇ ਦਇਆ ਕਰਹੁ ਪ੍ਰਭ ਦਾਤੇ ਨਾਨਕ ਅੰਕਿ ਸਮਾਵੈ ॥੪॥੧॥

[ਤੁਖਾਰੀ ਛੰਤ ਮ: ੪, ਪੰਨਾ ੧੧੧੪

ਇਸ ਗੁਰ-ਪ੍ਰਮਾਣ ਅੰਦਰਿ ਸਪੱਸ਼ਟ ਸਾਖ ਭਰੀ ਇਸ ਗੱਲ ਦੀ ਮਿਲੀ ਹੈ ਕਿ ਅਦਿਸ਼ਟ ਅਗੋਚਰ ਨੂੰ ਪਕੜਨ-ਹਾਰਿਆਂ ਨੇ ਗੁਰ ਸ਼ਬਦੀ ਜਕੜ ਕੇ ਪਕੜਿਆ ਹੈ। ਅਰਥਾਤ ਅਦਿਸ਼ਟ ਅਗੋਚਰ ਪ੍ਰੀਤਮ ਪਿਆਰਾ, ਨਿਰੰਕਾਰਾ, ਓਅੰਕਾਰਾ, ਵਾਹਿਗੁਰੂ, ਗੁਰਸ਼ਬਦੀ ਹੀ ਵਸਗਤਿ ਆਉਂਦਾ ਹੈ। ਵਸ-ਗਤੀਸ਼ਰਾਂ ਦੇ ਵਸਗਤਿ ਆਇਆ ਹੈ। ਜਿਨ੍ਹਾਂ ਦੇ ਆਇਆ ਹੈ ਸੋਈ ਸਚੀ ਸਾਖਾ ਭਰਦੇ ਹਨ, ਤੇਈ ਸਤਿਗੁਰ ਕੇ ਸਦ ਸਦ ਵਾਰੇ ਬਲਿਹਾਰੇ ਜਾਂਦੇ ਹਨ, ਜਿਸ ਪ੍ਰਸਾਦਿ ਹਰਿ ਪ੍ਰਭ ਵਸਗਤਿ ਆਉਣ ਦਾ ਬਿਸਮ ਬਿਨੋਦੀ ਚਲਤ ਵਰਤਿਆ ਹੈ। ਜਿਸ ਚਲਤ ਵਰਤਣ ਕਰਿ ਬਿਸਮ ਬਿਨੋਦੀਆਂ ਦੀ ਕਾਂਇਆਂ ਪਲਟ ਜਾਂਦੀ ਹੈ ਤੇ ਕਾਂਇਆਂ ਗੜ੍ਹ ਮੰਦਰ ਹੋ ਜਾਂਦਾ ਹੈ ਵਾਹਿਗੁਰੂ ਵਾਸ ਦਾ। ਜੋਤੀ ਜੋਤਿ ਮਿਲਣ ਕਰਿ ਇਹ ਕਾਂਇਆਂ ਰੂਪੀ ਗੜ੍ਹ ਅਤਿ ਸੋਹਣਾ ਸੁਹਾਵਾ ਹੋ ਜਾਂਦਾ ਹੈ। ਅਤੇ ਪਾਰਸ ਭੇਟਣ ਕਰਿ ਪਰਸਨਹਾਰੇ ਸਮੁੱਚੇ ਲੋਹ ਤੋਂ ਕੰਚਨ ਹੋ ਜਾਂਦੇ ਹਨ, ਜੋ ਹੋਏ ਹਨ ਸੋਈ ਦਸਦੇ ਹਨ, ਦਸਣੋਂ ਦਰੇਗ਼ ਨਹੀਂ ਕਰਦੇ, ਵਿਤ੍ਰੇਕ ਨਹੀਂ ਰਖਦੇ ਅਤੇ ਦਸਣਹਾਰੇ ਭੀ ਉਹ ਹਨ ਜੋ ਅਸਾਡੇ ਗੁਰਸਿਖਾਂ ਦੇ ਪੂਜਯ ਹੈਣ। ਫੇਰ ਭੀ ਆਪੋ-ਧਾਪੀ ਨਾਮਧ੍ਰੀਕ ਸਿੱਖ ਨਾ ਪਤੀਜਣ ਤਾਂ ਇਲਾਜ ਕੋਈ ਨਹੀਂ, ਮਹਿਜ਼ ਮੂੜ੍ਹਤਾ ਹੀ ਹੈ ਅਤੇ ਹਠ ਧਰਮੀ ਹੈ, ਸਰਧ ਅਮਰਮੀ ਹੈ। ਕਿਥੋਂ ਕੁ ਤਕ ਮਰਮ ਜਣਾਇਆ ਜਾਵੇ ਅਮਹਿਰਮਾਂ ਨੂੰ ? ਜਿਨ੍ਹਾਂ ਗੁਰਮੁਖਾਂ ਦੀ ਗੁਰਪ੍ਰਸਾਦ ਕਰਿ ਦਿਬ ਦ੍ਰਿਸ਼ਟੀ ਜਾਗੀ ਹੈ ਅਤੇ ਅਦ੍ਰਿਸ਼ਟ ਦ੍ਰਿਸ਼ਟੀ ਵਾਲੀ ਜਾਗ ਖੁਲ੍ਹੀ ਹੈ, ਤਿਨ੍ਹਾਂ ਗੁਰਮੁਖਾਂ ਨੂੰ ਅੰਤਰਿ ਬਾਹਰਿ ਇਕਸ ਬਿਨਾਂ ਦੂਜਾ ਨਜ਼ਰ ਨਹੀਂ ਆਇਆ। ਤਿਨ੍ਹਾਂ ਨੂੰ ਇਕਸ ਦੀ ਜਾਗਤ ਜੋਤਿ ਘਟ ਘਟ ਅੰਦਰਿ ਸਮੋਈ ਹੋਈ ਪਰਤੱਖ ਦਿਸੀ ਹੈ। ਐਸੇ ਲਿਵਤਾਰੀ ਦ੍ਰਿਸ਼ਟ ਜੋਤੰਮੇ, ਬਿਰਤਿ ਸੁਰਤੰਮੇ ਗੁਰਮੁਖ ਜੋਤੀਸ਼ਰਾਂ ਨੇ ਹੀ ਦਹਦਿਸ ਧਾਵੰਦੇ ਮਨੂਏ ਨੂੰ ਚਲਾਇਮਾਨ ਹੋਣੋਂ ਬਰਜ ਕੇ ਠਾਕ ਰਖਿਆ ਹੈ ਅਤੇ ਨਿਜ ਘਰ ਮਹਿ ਬਾਸਾ ਪਾਇਆ ਹੈ। ਇਤ ਬਿਧ ਮਨ ਨੂੰ ਚਲਣੋਂ, ਘਰਿ ਠਾਕਿ ਰਹਾਉਣ ਦੀ ਮਤਿ ਬੁਧਿ ਉਹਨਾਂ ਨੇ ਸਤਿਗੁਰੂ ਜੋਤਿ ਦੇ ਅੰਤਰੀਵੀ ਮਿਲਾਪ ਹੋਣ ਪਰ ਹੀ ਪਰਪੱਕਵੀਂ ਦ੍ਰਿੜ੍ਹਤਾ ਸਹਿਤ ਪਾਈ ਹੈ। ਉਹ ਅਦ੍ਰਿਸ਼ਟ ਨਿਰੰਕਾਰ ਨੂੰ ਪਰਤੱਖ ਦ੍ਰਿਸ਼ਟੀ ਵਿਚ ਪੇਖ ਕੇ ਬਿਸਮਾਦ ਰੰਗਾਂ ਵਿਚ ਮਖ਼ਮੂਰ ਰਹਿੰਦੇ ਹਨ, ਤਿਨ੍ਹਾਂ ਦਾ ਜਨਮ ਮਰਨ ਚੌਰਾਸੀ ਦੇ ਗੇੜ ਵਾਲਾ ਸਾਰਾ ਦੁਖ ਮਿਟ ਗਿਆ ਹੈ ਅਤੇ ਸਚਾ ਬਿਸਮ ਸਰੂਰੀ ਸੁਖ ਸੁਭਿਟ ਗਿਆ ਹੈ। ਅਮਿਓਂ ਪੀ ਕੇ ਤਿਨ੍ਹਾਂ ਨੇ ਪਰਮ ਸੁਖ ਪਾਇਆ ਹੈ। ਤਿਨ੍ਹਾਂ ਦਾ ਸਚਿ ਨਿਜ ਘਰ ਵਾਸਾ ਹੋਇ ਆਇਆ ਹੈ। ਜਨਮ ਮਰਨ ਨਿਵਾਰਨਹਾਰਾ ਭਵ-ਭੰਜਨਾ ਨਾਮ ਨਿਰੰਜਨਾ ਸਿਫਤ ਸਿਫਤੰਜਨਾ ਨਾਮ ਤਿਨ੍ਹਾਂ ਨੇ ਬਿਸਮਾਦੀ ਦਸ਼ਾ ਵਿਚ ਗਾਇਆ ਹੈ। ਮੁੜ ਕੇ

ਉਹ ਅਲਪ ਚੌਰਾਸੀ ਦੇ ਜੀਵਾਂ ਵਾਂਗੂ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦੇ। ਤੱਤ ਨਿਰੰਜਨ ਜੋਤਿ ਸਬਾਈ ਵਿਚ ਉਹ ਸਦਾ ਲਈ ਲੀਨ ਅਮਗੀਨ ਹੋ ਗਏ ਹਨ। ਸੋਹੰ ਅਹੰ ਬ੍ਰਹਮ ਅਸਮੀਆਂ ਵਾਲਾ ਭਰਮ ਭੇਦ ਉਹਨਾਂ ਦੇ ਅੰਦਰ ਨਹੀਂ ਰਹਿੰਦਾ, ਉੱਕਾ ਹੀ ਨਹੀਂ ਰਹਿੰਦਾ, ਕਿਉਂਕਿ ਉਹਨਾਂ ਨੂੰ ਅਪਰੰਪਰ ਪਾਰਬ੍ਰਹਮ ਪਰਮੇਸ਼ਰ ਜੋਤਿ ਪਰਕਾਸ਼ੀ ਗੁਰੂ ਨਾਨਕ ਸਰੂਪ ਵਿਚ ਦਿਬ ਦ੍ਰਿਸ਼ਟਗੜਾ ਹੋ ਕੇ ਮਿਲਿਆ ਹੈ। ਘਟ ਅੰਤਰਿ ਪਟ ਅੰਤਰਿ ਆਇ ਮਿਲਿਆ ਹੈ। ਜੈਸਾ ਕਿ ਅਗਲੇਰੇ ਗੁਰਵਾਕ ਦਾ ਭਾਵ ਹੈ—

ਮਨ ਰੇ ਰਾਮੁ ਜਪਹੁ ਸੁਖੁ ਹੋਈ ॥
ਅਹਿਨਿਸਿ ਗੁਰ ਕੇ ਚਰਨ ਸਰੇਵਹੁ
ਹਰਿ ਦਾਤਾ ਭੁਗਤਾ ਸੋਈ ॥੧॥ਰਹਾਉ॥
ਜੋ ਅੰਤਰਿ ਸੋ ਬਾਹਰਿ ਦੇਖਹੁ
ਅਵਰੁ ਨ ਦੂਜਾ ਕੋਈ ਜੀਉ ॥
ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ
ਘਟਿ ਘਟਿ ਜੋਤਿ ਸਮੋਈ ਜੀਉ ॥੨॥
ਚਲਤੌ ਠਾਕਿ ਰਖਹੁ ਘਰਿ ਅਪਨੈ
ਗੁਰ ਮਿਲਿਐ ਇਹ ਮਤਿ ਹੋਈ ਜੀਉ ॥
ਦੇਖਿ ਅਦ੍ਰਿਸਟੁ ਰਹਉ ਬਿਸਮਾਦੀ
ਦੁਖੁ ਬਿਸਰੈ ਸੁਖੁ ਹੋਈ ਜੀਉ ॥੩॥
ਪੀਵਹੁ ਅਪਿਉ ਪਰਮ ਸੁਖੁ ਪਾਈਐ
ਨਿਜ ਘਰਿ ਵਾਸਾ ਹੋਈ ਜੀਉ ॥
ਜਨਮ ਮਰਣ ਭਵ ਭੰਜਨੁ ਗਾਈਐ
ਪੁਨਰਪਿ ਜਨਮੁ ਨ ਹੋਈ ਜੀਉ ॥੪॥
ਤਤੁ ਨਿਰੰਜਨੁ ਜੋਤਿ ਸਬਾਈ
ਸੋਹੰ ਭੇਦੁ ਨ ਕੋਈ ਜੀਉ ॥
ਅਪਰੰਪਰ ਪਾਰਬ੍ਰਹਮੁ ਪਰਮੇਸਰੁ
ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥੧੧॥

[ਸੋਰਠਿ ਮ: ੧, ਪੰਨਾ ੫੯੯

ਆਮ ਲੋਕਾਂ ਗੁਰਮਤਿ-ਹੀਣਿਆਂ ਮਾਣਸਾਂ ਦੀ ਬੁਧੀ ਸੁਰਤ-ਸੁਧੀ ਨੂੰ ਹਉਮੈ ਦਾ ਜੰਗਾਲ (ਮੋਰਚਾ) ਲੱਗਿਆ ਹੋਇਆ ਹੁੰਦਾ ਹੈ, ਤਿਨ੍ਹਾਂ ਨੂੰ ਤੀਨ ਕਾਲ ਭੀ

 www.sikhbookclub.com

ਅਦ੍ਰਿਸ਼ਟ ਅਪਰੰਪਰ ਪਾਰਬ੍ਰਹਮ ਨਜ਼ਰੀਂ ਨਹੀਂ ਆਵੰਦਾ (ਆ ਹੀ ਨਹੀਂ ਸਕਦਾ)। ਜਿਨ੍ਹਾਂ ਗੁਰਮੁਖਾਂ ਦਾ ਇਹ ਹਉਮੈ ਜੰਗਾਲ ਰੂਪੀ ਮੋਰਚਾ ਸਤਿਗੁਰੂ ਨੇ ਲਾਹਿਆ (ਲਾਹ ਸੁਟਿਆ) ਹੈ, ਤਿਨ੍ਹਾਂ ਨੂੰ ਗੁਰ ਪ੍ਰਸਾਦਿ ਕਰਿ ਅਨਭਉ ਅਚਰਜ ਮਹਾਂ ਮੰਗਲਾ ਰੂਪ ਦੇ ਅਰੂਪ ਸਰੂਪੀ, ਅਨੂਪ, ਦਿਬ ਮੂਰਤੀ ਵਾਲੇ ਦਰਸ਼ਨ ਹੋਏ ਹਨ । ਇਸ ਅਨੂਪਮ ਦ੍ਰਿਸ਼ ਬਿਨਾਂ ਹੋਰ ਕੁਝ ਦ੍ਰਿਸ਼ਟਿ ਆਵੰਦਾ ਹੀ ਨਹੀਂ । ਐਸਾ ਪੁਰਸ਼ ਗਰਭ ਜੋਨ ਅੰਦਰ ਨਹੀਂ ਆਵੰਦਾ । ਯਥਾ ਗੁਰਵਾਕ—

ਦੇਖਿਓ ਅਚਰਜੁ ਮਹਾ ਮੰਗਲ ਰੂਪ
ਕਿਛੁ ਆਨ ਨਹੀ ਦਿਸਟਾਵੈ ॥
ਕਹੁ ਨਾਨਕ ਮੋਰਚਾ ਗੁਰਿ ਲਾਹਿਓ
ਤਹ ਗਰਭ ਜੋਨਿ ਕਹ ਆਵੈ ॥੪॥੧॥

[ਨਟ ਨਾਰਾਇਨ ਮ: ੫, ਪੰਨਾ ੯੭੮

ਜਿਨ੍ਹਾਂ ਦੀ ਇਸ ਬਿਧ ਭਾਗ ਸੁਭਾਗੀ ਜਾਗ ਖੁਲ੍ਹੀ ਹੈ, ਤਿਨ੍ਹਾਂ ਸਦ ਰਵੰਤਿਆਂ ਨੇ ਹੀ ਵਾਹਿਗੁਰੂ-ਮਿਲਾਪ ਦਾ ਦਰਸ-ਭਰੋਸਾ ਪਾਇਆ ਹੈ । ਤੇ ਗੁਰੂ ਦੁਆਰੇ ਹੋਇ ਕੈ ਸਾਹਿਬ ਨਿਧ ਵਾਹਿਗੁਰੂ ਦੀ ਸਚੀ ਸ਼ਰਣ ਪਏ ਹੈਂ । ਇਉਂ ਕਰਣਾ-ਨਿਧੀ ਸਚੀ ਸਰਣ ਮੁਕਤੀਸ਼ਰੀ-ਗੁਰਮੁਖਾਂ ਨੂੰ ਭਵ-ਸਾਗਰੋਂ ਪਾਰ ਉਤਾਰਨ ਦੀ ਮਹਿਰੰਮਤ ਹੋਈ ਹੈ । ਸਤਿਗੁਰੂ ਦਇਆਲ ਨੇ ਤਿਨ੍ਹਾਂ ਦੇ ਸਰਬ ਸੰਸੇ ਗਵਾ ਦਿਤੇ ਹਨ ਤੇ ਉਹ ਸੁਖ-ਬਿਸਰਾਮੀ ਸਹਿਜ ਸਮਾਧਿ ਇਸਥਿਤ ਹੋਇ ਸਮਾਏ ਹਨ । ਤਿਨ੍ਹਾਂ ਸਹਿਜ-ਸਮਾਏ ਜੀਵਨ ਮੁਕਤੀਸ਼ਰਾਂ ਦੀ ਜੋ ਜੋ ਸੁਤੇ ਸਫੁਰਨੀ ਬਾਛਾ ਹੋਈ ਹੈ, ਸੋਈ ਸੋਈ ਵਾਹਿਗੁਰੂ ਨੇ ਪੂਰੀ ਕੀਤੀ ਹੈ । ਮਨ ਬਾਂਛਤ ਅਚਿੰਤੇ ਫਲ ਤਿਨ੍ਹਾਂ ਨੂੰ ਮਿਲੇ ਹਨ। ਉਹਨਾਂ ਦੇ ਹਿਰਦੈ ਘਟ ਅੰਦਰਿ ਸਦਾ ਹੀ ਸੁਆਸਿ ਸੁਆਸਿ ਅਜਪਾ ਜਾਪ ਹੁੰਦਾ ਰਹਿੰਦਾ ਹੈ । ਤਿਨ੍ਹਾਂ ਦੇ ਸਰਵਨਾਂ ਅੰਦਰਿ ਅਕੱਥ ਕਥਾਵੀਆ ਅਨਹਦ ਨਾਦ ਬਜਦਾ ਸੁਣਾਈ ਦਿੰਦਾ ਰਹਿੰਦਾ ਹੈ । ਚਰਨਾਂ ਕਰਕੇ ਉਹ ਗੁਰਮਤਿ ਦਰਸਾਏ ਸਤਿਸੰਗ ਰੰਗਾਰਵੀ ਹਰਿ ਮਾਰਗ ਉਤੇ ਚੇਲਣਾ ਚਾਹੁੰਦੇ ਹਨ । ਰਸਨਾ ਕਰਕੇ ਉਹ ਹਰਿ ਗੁਣ ਸੁੰਚਾਰਵੀ ਰਹਿੰਦੇ ਹਨ । ਗੁਰੂ ਘਰ ਦੇ ਸੰਤਾਂ ਭਗਤਾਂ ਦੀ ਦੇਸੋਂ ਮੁਲਕੋਂ ਬਾਹਰੀ, ਸੰਸਾਰੋਂ ਉਲਟਾਹਰੀ ਚਾਲ ਰਹਿੰਦੀ ਹੈ। ਸਰਬ ਮੰਗਲ ਜੋਤੀ ਸਰੂਪ ਵਾਹਿਗੁਰੂ ਦਾ ਪਰਤੱਖ ਦਰਸ਼ਨ ਤਿਨ੍ਹਾਂ ਦਿਬ ਦ੍ਰਿਸ਼ਟੀਵਿਆਂ ਨੂੰ ਪਰਗਟ ਪਹਾਰੇ ਆਸ਼ਕਾਰ ਹੋਇਆ ਰਹਿੰਦਾ ਹੈ । ਜੋ ਗੁਰਮਤਿ ਨਾਮ ਤਿਨ੍ਹਾਂ ਗੁਰਮੁਖਾਂ ਨੇ ਰਿਦ ਰਸਨਾ ਕਰ ਜਪਣਾ ਅਰਾਧਣਾ ਅਰੰਭਿਆ ਸੀ, ਓਹੀ ਨਾਮ ਤਿਨ੍ਹਾਂ ਨੂੰ ਜੋਤਿ ਰਤੰਨਾ ਲਾਲ ਹੋਇ ਕੇ ਪ੍ਰਗਟੀ ਆਵੰਦਾ ਹੈ । ਇਕ

ਵਾਰ ਐਸਾ ਅਮੋਲਕ ਲਾਲ ਪਾਇਆ ਪ੍ਰਗਟਾਇਆ ਹੋਇਆ ਫਿਰ ਤਿਨ੍ਹਾਂ ਨੂੰ ਛੱਡ ਕੇ ਕਤਹੂੰ ਨਹੀਂ ਜਾਂਦਾ, ਨਿਰਜਤਨ ਹੀ ਪ੍ਰਾਪਤ ਰਹਿੰਦਾ ਹੈ। ਨਾ ਉਹਨਾਂ ਤੋਂ ਛੱਡ ਹੁੰਦਾ ਹੈ ਨਾ ਉਹ ਤਿਨ੍ਹਾਂ ਨੂੰ ਛੱਡਦਾ ਹੈ। ਐਸੇ ਨਾਮ ਅਮੋਲੇ ਲਾਲ ਦੀ ਅਤੇ ਢੋਲਣ ਢੋਲੇ ਨਾਮ ਦੀ ਵਾਹਿਗੁਰੂ ਦੀ ਕਵਨ ਗੁਨ ਉਪਮਾ ਵਡਿਆਈ ਰੀਝ ਰੀਝਾਈ ਕਥਨ ਕਥਾਈ ਹੋ ਸਕਦੀ ਹੈ। ਯਥਾ ਗੁਰਵਾਕ—

ਅਬ ਮੋਹਿ ਰਾਮ ਭਰੋਸਉ ਪਾਏ ॥\
ਜੋ ਜੋ ਸਰਣਿ ਪਰਿਓ ਕਰੁਣਾਨਿਧਿ\
ਤੇ ਤੇ ਭਵਹਿ ਤਰਾਏ ॥੧॥ ਰਹਾਉ ॥\
ਸੁਖਿ ਸੋਇਓ ਅਰੁ ਸਹਜਿ ਸਮਾਇਓ\
ਸਹਸਾ ਗੁਰਹਿ ਗਵਾਏ ॥\
ਜੋ ਚਾਹਤ ਸੋਈ ਹਰਿ ਕੀਓ\
ਮਨ ਬਾਂਛਤ ਫਲ ਪਾਏ ॥੧॥\
ਹਿਰਦੈ ਜਪਉ ਨੇਤ੍ਰ ਧਿਆਨੁ ਲਾਵਉ\
ਸ੍ਰਵਨੀ ਕਥਾ ਸੁਨਾਏ ॥\
ਚਰਣੀ ਚਲਉ ਮਾਰਗਿ ਠਾਕੁਰ ਕੈ\
ਰਸਨਾ ਹਰਿ ਗੁਣ ਗਾਏ ॥੨॥\
ਦੇਖਿਓ ਦ੍ਰਿਸਟਿ ਸਰਬ ਮੰਗਲ ਰੂਪ\
ਉਲਟੀ ਸੰਤ ਕਰਾਏ ॥\
ਪਾਇਓ ਲਾਲੁ ਅਮੋਲੁ ਨਾਮੁ ਹਰਿ\
ਛੋਡਿ ਨ ਕਤਹੂ ਜਾਏ ॥੩॥\
ਕਵਨ ਉਪਮਾ ਕਉਨ ਬਡਾਈ\
ਕਿਆ ਗੁਨ ਕਹਉ ਰੀਝਾਏ ॥\
ਹੋਤ ਕ੍ਰਿਪਾਲ ਦੀਨ ਦਇਆ ਪ੍ਰਭ\
ਜਨ ਨਾਨਕ ਦਾਸ ਦਸਾਏ ॥੪॥੮॥

[ਸਾਰੰਗ ਮ: ੫, ਪੰਨਾ ੧੨੦੪-੦੫

ਗੁਰ ਸ਼ਬਦ ਦੇ ਪਰਤਾਪ ਕਰਿ ਹੀ ਆਦਿ ਪੁਰਖ ਅਦ੍ਰਿਸ਼ਟ ਪਾਰਬ੍ਰਹਮ ਦੇ ਪਰਤੱਖ ਦ੍ਰਿਸ਼ਟਾਵੜੇ ਦਰਸ਼ਨ ਦੇਖੇ ਜਾ ਸਕਦੇ ਹਨ ਅਤੇ ਸ਼ਬਦ ਮਾਰਗੀ ਗੁਰੂ ਘਰ ਦੇ ਗੁਰਮੁਖ ਜਨਾਂ ਨੇ ਪਰਤੱਖ ਦੇਖੇ ਹਨ ਐਸੇ ਅਦਿਖ ਦਰਸ਼ਨ। ਗੁਰੂ ਦੀਖਿਆ ਵਿਹੂਣਿਆਂ, ਗੁਰ ਸ਼ਬਦ ਮੰਤ੍ਰ ਹੀਣਿਆਂ, ਆਮ ਸੰਸਾਰੀ ਪੁਰਸ਼ਾਂ ਨੂੰ ਇਹ ਦਰਸ਼ਨ

ਕਿਥੇ ਨਸੀਬ ਹੁੰਦੇ ਹਨ ? ਸੋ ਉਨ੍ਹਾਂ ਦਾ ਮਨੁੱਖਾ ਜਨਮ ਕੁਲੇਖੇ ਹੀ ਜਾਂਦਾ ਹੈ । ਗੁਰਮੁਖ ਹੰਸਲੇ ਜਨ ਇਹ ਦਰਸ਼ਨ ਦੇਖ ਦੇਖ ਅਚਰਜ ਤੇ ਬਿਸਮਾਦ ਹੋ ਰਹਿੰਦੇ ਹਨ । ਤਿਨ੍ਹਾਂ ਦੀ ਘਟ ਅੰਦਰ ਸਹਿਜ ਸਮਾਧ ਲਗੀ ਰਹਿੰਦੀ ਹੈ, ਯਥਾ ਗੁਰਵਾਕ—

ਆਦਿ ਪੁਰਖ ਗੁਰ ਦਰਸਨ ਦੇਖਹਿ ॥
ਵਿਣੁ ਗੁਰ ਸਬਦੈ ਜਨਮੁ ਕਿ ਲੇਖਹਿ ॥੫॥
ਦੇਖਿ ਅਚਰਜੁ ਰਹੇ ਬਿਸਮਾਦਿ ॥
ਘਟਿ ਘਟਿ ਸੁਰ ਨਰ ਸਹਜ ਸਮਾਧਿ ॥
ਭਰਿਪੁਰਿ ਧਾਰਿ ਰਹੇ ਮਨ ਮਾਹੀ ॥
ਤੁਮ ਸਮਸਰਿ ਅਵਰੁ ਕੋ ਨਾਹੀ ॥੬॥(੮॥੯)

[ਆਸਾ ਮ: ੧, ਅਸਟ: ਪੰਨਾ ੪੧੬

ਗੁਰਮੁਖਾਂ ਨੇ ਸਤਿ ਨਿਰੰਜਨ ਐਸਾ ਸਤਿ ਕਰਕੇ ਦੇਖਿਆ ਹੈ ਕਿ ਤਿਨ੍ਹਾਂ ਦੀ ਸਚੀ ਪ੍ਰੀਤ ਤਿਸ ਸਤਿਪੁਰਖ ਨਾਲ ਲਗੀ ਹੀ ਰਹਿੰਦੀ ਹੈ । ਐਸੇ ਸਚ ਰੂਪੀ ਸਤਿ ਪੁਰਖ ਨਾਲ ਤਿਨ੍ਹਾਂ ਦੀ ਪ੍ਰੀਤ ਲਗੀ ਹੈ ਕਿ ਉਹ ਸਚ ਸਰੂਪੀ ਸਤਿਪੁਰਖ ਅਕਾਲ, ਨ ਕਦੇ ਅਣਹੋਂਦ ਹੁੰਦਾ ਹੈ ਤੇ ਨ ਕਦੇ ਅਖੀਓਂ ਅਗੋਚਰ ਹੁੰਦਾ ਹੈ । ਤਾਂਤੇ ਸੱਚੇ ਨਾਲ ਗੱਡੀ ਸੱਚੀ ਪ੍ਰੀਤ ਭੀ ਅਹਿੱਲ ਅਤੇ ਅਚੱਲ ਹੀ ਰਹਿੰਦੀ ਹੈ । ਇਸ ਸਚਿ ਦ੍ਰਿਸ਼ਟੀ ਆਦਿ ਸਚੇ ਸਤਿਪੁਰਖ ਕਰਤਾਰ ਨਾਲ ਐਸਾ ਸਚੜਾ ਦਰਸ ਮਿਲਾਪ ਉਨ੍ਹਾਂ ਦਾ ਹੋਇ ਆਵੰਦਾ ਹੈ ਕਿ ਸਚ ਮਿਲਣੀ ਮਿਲਿਆ ਸਚ ਪੁਰਖ ਵਿਛੋੜਿਆਂ ਵਿਛੜਦਾ ਹੀ ਨਹੀਂ । ਜਤਰ ਤਤਰ ਦਿਸਾ ਬਦਿਸਾ ਸਭ ਮਾਹਿ ਸਮਾਇ ਰਹਿਆ ਦਿਸਦਾ ਹੈ, ਜੋ ਅਭਿਆਸ ਕਮਾਈ ਵਾਲੇ ਗੁਰਮੁਖ ਦੀਨ ਜਨਾਂ ਸੇਵਕਾਂ ਦੇ ਸਤਿ ਭਾਇ ਕਰਕੇ, ਤਿਨ੍ਹਾਂ ਦਾ ਦੁਖ ਭੰਜਨਹਾਰਾ ਹੈ । ਇਥੇ ਹੀ ਪੁਕਰਦਾ ਰਹਿੰਦਾ ਹੈ । ਐਸਾ ਅਚਰਜ ਰੂਪ ਨਿਰੰਜਨਾ ਵਾਹਿਗੁਰੂ, ਸਤਿਗੁਰੂ ਨੇ ਤਿਨ੍ਹਾਂ ਨੂੰ ਮਿਲਾਇਆ ਹੈ । ਉਹ ਐਸਾ ਘਟਿ ਘਟਿ ਬ੍ਰਹਮ ਰਵਿੰਦ ਹੈ ਕਿ ਸਾਰਿਆਂ ਦੀ ਗਤਵਿਧਿ ਦੇਖਦਾ ਸੁਣਦਾ ਹੈ, ਅਤੇ ਸਾਰਿਆਂ ਦੇ ਹਜ਼ੂਰ ਹਾਜ਼ਰ ਹੈ, ਅਤੇ ਸਰਬ ਦੀ ਪ੍ਰਤਿਪਾਲਾ ਕਰਦਾ ਹੈ । ਜਿਨ੍ਹਾਂ ਮਨਮੁਖਾਂ ਨੇ ਤਿਸ ਹਾਜ਼ਰ ਹਜ਼ੂਰ ਵਾਹਿਗੁਰੂ ਨੂੰ ਦੂਰ ਕਰਕੇ ਜਾਣਿਆ ਹੈ, ਤੇ ਉਸ ਦੀ ਹਸਤੀ ਤੋਂ ਭੀ ਮੁਨਕਰ ਹਨ, ਤਿਨ੍ਹਾਂ ਅਕ੍ਰਿਤਘਣਾਂ ਦੀ ਭੀ ਉਹ ਪਾਲਣਾ ਕਰਦਾ ਹੈ, ਐਸਾ ਪ੍ਰੀਤਮ ਵਾਹਿਗੁਰੂ ਸਦ ਬਖ਼ਸ਼ਿੰਦ ਹੈ ।

ਪ੍ਰੀਤਿ ਲਗੀ ਤਿਸੁ ਸਚ ਸਿਉ ਮਰੈ ਨ ਆਵੈ ਜਾਇ ॥
ਨਾ ਵੇਛੋੜਿਆ ਵਿਛੁੜੈ ਸਭ ਮਹਿ ਰਹਿਆ ਸਮਾਇ ॥


www.sikhbookclub.com

ਦੀਨ ਦਰਦ ਦੁਖਭੰਜਨਾ ਸੇਵਕ ਕੈ ਸਤ ਭਾਇ ॥
ਅਚਰਜ ਰੂਪੁ ਨਿਰੰਜਨੋ ਗੁਰਿ ਮੇਲਾਇਆ ਮਾਇ ॥੧॥...
ਦੇਖੈ ਸੁਣੈ ਹਦੂਰਿ ਸਦ ਘਟਿ ਘਟਿ ਬ੍ਰਹਮੁ ਰਵਿੰਦੁ ॥
ਅਕਿਰਤਘਨਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ ॥੪॥੯੩॥
[ਸਿਰੀ ਰਾਗੁ ਮ: ੫, ਪੰਨਾ ੪੬-੪੭

ਜਿਨ੍ਹਾਂ ਵਡਿਭਾਗੇ ਗੁਰਮੁਖ ਜਨਾਂ ਨੂੰ ਵਾਹਿਗੁਰੂ ਨੇ ਅਪਣਾਇਆ ਹੈ, ਗੁਰੂ ਦੇ ਸਚੇ ਸਿਖ ਬਣਾਇਆ ਹੈ, ਤਿਨ੍ਹਾਂ ਨੂੰ ਹੀ ਵਾਹਿਗੁਰੂ ਦਰਸ਼ਨ ਦੀ ਪਿਆਸ ਉਪਜਦੀ ਹੈ, ਸੋਈ ਇਸ ਦਰਸ ਪਿਆਸ ਦੇ ਪ੍ਰਾਇਣ ਹੋ ਕੇ ਵਾਹਿਗੁਰੂ ਜਪ ਜਾਪ ਵਿਚ ਤਤਪਰ ਹੁੰਦੇ ਹਨ। ਵਾਹਿਗੁਰੂ ਜਪ ਜਾਪ ਦੇ ਪ੍ਰਤਾਪ ਕਰਿ, ਸੇ ਜਨ ਗ੍ਰਿਹਸਤ ਵਿਚ ਰਹਿੰਦੇ ਹੋਏ ਹੀ ਅਤੀਤ ਵੈਰਾਗੀ ਰਹਿੰਦੇ ਹਨ, ਗ੍ਰਿਹਸਤ ਉਦਾਸ ਮਾਇਆ ਤੋਂ ਨਿਰਲੇਪ ਬਿਚਰਦੇ ਹਨ, ਤਿਨ੍ਹਾਂ ਦੀ ਵਿਚੇ ਗ੍ਰਿਹਸਤ ਹੀ ਮੁਕਤੀ ਹੋ ਜਾਂਦੀ ਹੈ ਅਤੇ ਜਮ ਕੀ ਫਾਸ ਤਿਨ੍ਹਾਂ ਦੀ ਕਟੀ ਜਾਂਦੀ ਹੈ, ਤੇ ਸਦ ਸਦਾ ਸਤਿਸੰਗਤ ਵਿਖੇ ਗੁਰਮੁਖਾਂ, ਗੁਰੂ ਘਰ ਦੇ ਸਚੇ ਸੰਤਾਂ ਭਗਤਾਂ ਸੰਗ ਜੁੜ ਕੇ ਹਰਿ ਗੁਣ ਗਾਵਣ ਦੇ ਸੱਚੇ ਆਹਰ ਵਿਚ ਲਗੇ ਰਹਿੰਦੇ ਹਨ, ਦੂਤੀਆ ਆਹਰ ਤੇ ਦੂਤੀ ਆਸ ਤਿਨ੍ਹਾਂ ਦੀ ਬਿਨਸ ਜਾਂਦੀ ਹੈ। ਗੁਰਮਤਿ ਮਾਰਗ ਐਸਾ ਸਤਿ ਪ੍ਰਮਾਰਥੀ ਮਾਰਗ ਹੈ ਕਿ ਮਹਾਂ ਉਦਿਆਨ ਮਾਰਗੀ ਅਉਝੜ ਜਾਂਦਿਆਂ ਨੂੰ ਭੀ ਮਹਾਂ ਔਕੜਾਂ ਵਿਚੋਂ ਕਢ ਲੈਂਦਾ ਹੈ। ਜਿਨ੍ਹਾਂ ਨੂੰ ਵਾਹਿਗੁਰੂ ਦਰਸ਼ਨ ਕਰਾਵਨਹਾਰਾ ਰਤਨ ਪਦਾਰਥ ਅੰਮ੍ਰਿਤ ਨਾਮ ਮਿਲਿਆ ਹੈ, ਤਿਨ੍ਹਾਂ ਦੇ ਦਰਸ਼ਨ ਦੇਖ ਕੇ ਹੀ ਪਾਪ ਲਹਿ ਜਾਂਦੇ ਹਨ। ਜਿਹਾ ਕਿ ਗੁਰਵਾਕ ਹੈ—

ਮਾਈ ਰੀ ਕਾਟੀ ਜਮ ਕੀ ਫਾਸ ॥
ਹਰਿ ਹਰਿ ਜਪਤ ਸਰਬ ਸੁਖ ਪਾਏ ਬੀਚੇ ਗ੍ਰਸਤ ਉਦਾਸ ॥੧॥ਰਹਾਉ॥
ਕਰਿ ਕਿਰਪਾ ਲੀਨੇ ਕਰਿ ਅਪੁਨੇ ਉਪਜੀ ਦਰਸ ਪਿਆਸ ॥
ਸੰਤ ਸੰਗਿ ਮਿਲਿ ਹਰਿ ਗੁਣ ਗਾਏ ਬਿਨਸੀ ਦੁਤੀਆ ਆਸ ॥੧॥
ਮਹਾ ਉਦਿਆਨ ਅਟਵੀ ਤੇ ਕਾਢੇ ਮਾਰਗੁ ਸੰਤ ਕਹਿਓ ॥
ਦੇਖਤ ਦਰਸੁ ਪਾਪ ਸਭਿ ਨਾਸੇ
ਹਰਿ ਨਾਨਕ ਰਤਨੁ ਲਹਿਓ ॥੨॥੧੦੦॥੧੨੩॥
[ਸਾਰੰਗ ਮਹਲਾ ੫, ਪੰਨਾ ੧੨੨੭-੨੮

## ੭

# ਅਕਾਲ ਪੁਰਖ ਦੀ ਦਰਗਾਹ

ਅਗਿਆਨ ਅੰਧਕਾਰ ਗ੍ਰਸੀ ਆਮ ਲੋਕਾਈ ਅਦ੍ਰਿਸ਼ਟ ਅਗੋਚਰ ਪਾਰਬ੍ਰਹਮ ਪਰਮੇਸ਼ਰ ਦੀ ਹੋਂਦ ਹਸਤੀ ਤੋਂ ਬਹੁਤ ਕਰਕੇ ਇਸ ਕਾਰਨ ਮੁਨਕਰ ਹੈ ਕਿ ਉਹ ਪੰਜ ਭੂਤਕ ਅੱਖੀਆਂ ਨੂੰ ਦਿਸਦਾ ਨਹੀਂ। ਬਹੁਤ ਸਾਰੇ ਅਖਾਉਤੀ ਆਸਤਕਤਾਈ ਦੇ ਹਾਮੀ ਬੰਦੇ ਸਿਖ ਕਹਾਉਣ ਵਾਲੇ ਅਤੇ ਹੋਰ ਅਨਮਤੀ ਮਜ਼ਹਬਾਂ ਦੇ ਦੇਖਾ ਦੇਖੀ ਬਣ ਬੈਠੇ ਪੈਰੋਕਾਰ ਭੀ ਇਸੇ ਕਾਰਨ ਹੀ ਨਾਸਤਕ ਹੁੰਦੇ ਚਲੇ ਜਾਂਦੇ ਹਨ ਕਿ ਮੌਜੂਦਾ ਨਾ-ਮੁਕੰਮਲ ਸਾਇੰਸ ਨੇ ਉਨ੍ਹਾਂ ਦੀਆਂ ਅੱਖੀਆਂ ਇਹ ਸਾਬਤ ਕਰ ਕੇ ਚੁੰਧਿਆਇ ਦਿਤੀਆਂ ਹਨ ਕਿ ਅੱਖੀਆਂ ਅਗੋਚਰ ਹੋਰ ਕੋਈ ਅਗੰਮੀ ਹਸਤੀ ਨਹੀਂ, ਜਿਸ ਨੂੰ ਸਾਰੀ ਕਾਇਨਾਤ ਦਾ ਹਰਤਾ ਕਰਤਾ ਕਰ ਕੇ ਮਤ-ਮਤਾਂਤਰੀ ਅਸੂਲਾਂ ਵਾਲਿਆਂ ਨੇ ਅਪਣਾਇਆ ਹੈ। ਉਪਰ ਲਿਖੇ ਪੰਨਿਆਂ ਅੰਦਰ ਭਲੀ ਭਾਂਤ ਸਿਧ ਕੀਤਾ ਗਿਆ ਹੈ ਕਿ ਅਦਿਸ਼ਟ ਅਗੋਚਰ ਪ੍ਰਮਾਤਮਾ ਦੀ ਹੋਂਦ ਹਸਤੀ ਤੋਂ ਮੁਨਕਰ ਹੋਣਾ ਕੇਵਲ ਇਸ ਕਰਕੇ ਹੀ ਵਜ਼ਨਦਾਰ ਅਹਿਮੀਅਤ ਨਹੀਂ ਰਖਦਾ ਕਿ ਉਹ ਇਨ੍ਹਾਂ ਪੰਜ ਭੂਤਕ ਅੱਖੀਆਂ ਦੇ ਦਿਸਣ ਗੋਚਰਾ ਨਹੀਂ। ਗੁਰਬਾਣੀ ਦੇ ਉਪਰ ਦਿਤੇ ਪ੍ਰਮਾਣਾਂ ਨੇ ਸਪੱਸ਼ਟ ਸਿਧ ਕਰ ਦਿਤਾ ਹੈ ਕਿ ਉਹ ਅੱਖੀਆਂ ਹੋਰ ਹਨ, ਜਿਨ੍ਹਾਂ ਦੁਆਰਾ ਪਿਰੀ ਪਰਮੇਸੂਰ ਪ੍ਰਤੱਖ ਦਿਸ ਸਕਦਾ ਹੈ—

ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥੧॥

[ਸਲੋਕ ਵਡਹੰਸ ਛੰਦ ਮ: ੪, ਪੰਨਾ ੫੭੭

ਤੇ ਇਹ ਸਾਬਤ ਕੀਤਾ ਗਿਆ ਹੈ ਕਿ ਗੁਰੂ ਘਰ ਦੇ ਗੁਰਮੁਖ ਜਨਾਂ ਨੇ ਦਿੱਬ ਦ੍ਰਿਸ਼ਟ ਦੀਦਿਆਂ ਵਾਲੇ ਸੁਚੱਜੇ ਆਰਫ਼ਾਂ ਨੇ ਅਦ੍ਰਿਸ਼ਟ ਅਗੋਚਰ ਵਾਹਿਗੁਰੂ ਨੂੰ ਪ੍ਰਤੱਖ ਦੇਖਿਆ ਹੈ ਅਤੇ ਹੁਣ ਭੀ ਦੇਖ ਸਕਦੇ ਹਨ ਤੇ ਦੇਖ ਰਹੇ ਹਨ। ਹੁਣ ਅਗਲੇ ਪੰਨਿਆਂ ਵਿਚ ਗੁਰਬਾਣੀ ਦੇ ਪ੍ਰਮਾਣਾਂ ਦੁਆਰਾ ਇਸ ਗੱਲ ਤੇ ਰੌਸ਼ਨੀ ਪਾਈ ਜਾਵੇਗੀ ਕਿ ਅਦ੍ਰਿਸ਼ਟ, ਅਗੰਮ ਤੇ ਲਾ-ਮਹਿਦੂਦ ਖ਼ੁਦਾ ਦੀ ਖ਼ੁਦਾਈ ਵਿਚ ਅਨੇਕ ਪ੍ਰਕਾਰ ਦੀ ਰਚਨਾ ਐਸੀ ਹੈ ਜੋ ਏਨ੍ਹਾਂ ਅੱਖਾਂ ਕਰਕੇ ਨਹੀਂ ਦਿਸਦੀ, ਪਰ ਵਾਸਤਵ ਵਿਚ ਹੈ




www.sikhbookclub.com

ਸਹੀ। ਲੋਕਾਂ ਦੀ ਜੋ ਇਹ ਆਮ ਕਹਾਵਤ ਹੈ ਕਿ 'ਇਹ ਜਗ ਮਿੱਠਾ, ਅਗਲਾ ਕਿਨ੍ਹ ਡਿੱਠਾ' ਇਹ ਉੱਕੀ ਹੀ ਕਪੋਲ ਕਲਪਤ ਕਹਾਵਤ ਹੈ। ਪਾਰਦਰਸੀ ਗੁਰੂ ਸਾਹਿਬਾਨ ਨੇ ਤਾਂ ਉਨ੍ਹਾਂ ਅਣਗਿਣਤ, ਬੇਸ਼ੁਮਾਰ, ਖੰਡਾਂ, ਬ੍ਰਹਮੰਡਾਂ ਅਤੇ ਅਸੰਖਾਂ ਅਣ-ਦਿਸਦੀਆਂ ਦੁਨੀਆਵਾਂ ਰਚਨਾਵਾਂ ਨੂੰ ਆਪਣੇ ਦਿੱਬ ਦ੍ਰਿਸ਼ਟੇ ਨੇਤਰਾਂ ਦੁਆਰਾ ਸਾਂਗੋ-ਪਾਂਗ ਪੇਖ ਕੇ ਹੀ ਦੱਸਿਆ ਦ੍ਰਿੜਾਇਆ ਹੈ—

ਅਗੰਮ ਅਗੰਮ ਅਸੰਖ ਲੋਅ ॥੧੯॥
ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥੨੨॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥੩੫॥
ਤਿਥੈ ਖੰਡ ਮੰਡਲ ਵਰਭੰਡ ॥
ਜੇ ਕੋ ਕਥੈ ਤ ਅੰਤ ਨ ਅੰਤ ॥੩੭॥ [ਜਪੁ ਜੀ ਸਾਹਿਬ

ਇਹ ਨਿਜ ਦ੍ਰਿਸ਼ਟੇਣੀ ਸ਼ਹਾਦਤ ਸਤਿਗੁਰੂ ਨਾਨਕ ਸਾਹਿਬ ਨੇ ਤਾਂ ਓਦੋਂ ਦੀ ਹੀ ਭਰੀ ਹੋਈ ਹੈ, ਜਦੋਂ ਏਸ ਸਾਇੰਸ ਨੇ ਅਜੇ ਆਪਣੇ ਚਮਤਕਾਰੇ ਭੀ ਨਹੀਂ ਵਿਖਾਏ ਸਨ ਤੇ ਨ ਸਾਇੰਸ ਅਜੇ ਪੂਰੀ ਤਰ੍ਹਾਂ ਵਜੂਦ ਵਿਚ ਹੀ ਆਈ ਸੀ। ਇਨ੍ਹਾਂ ਗੁਰ-ਦਰਸਾਈਆਂ ਅਗੰਮੀ ਗੱਲਾਂ ਨੂੰ ਐਵੇਂ ਖ਼ਿਆਲੀ ਮਨਘੜਤ ਗਪੌੜੇ ਹੀ ਸਮਝਿਆ ਜਾਂਦਾ ਸੀ, ਅੱਜ ਨਿਰੰਕਾਰੀ ਗੁਰੂ ਨਾਨਕ ਦੀ ਪਾਰਦਰਸਤਾ ਨੂੰ ਸਤਿ ਸਤਿ ਕਰਕੇ ਮੰਨਣ ਦਾ ਸੰਦੇਹ ਕਿਸੇ ਨੂੰ ਕੀ ਹੋ ਸਕਦਾ ਹੈ, ਜਦ ਕਿ ਸਾਇੰਸ ਦੇ ਕਿੰਚਤ ਮਾਤਰੀ ਤਜਰਬਿਆਂ ਨੇ ਸਾਬਤ ਕਰ ਦਿਤਾ ਹੈ ਕਿ ਇਹ ਜੋ ਅਕਾਸ਼ ਦੇ ਲਾਮਹਿਦੂਦ ਪੁਲਾੜ ਵਿਚ ਬੇਅੰਤ ਤਾਰੇ ਸਤਾਰੇ ਦਿਸ ਰਹੇ ਹਨ, ਸਭ ਵਸਦੀਆਂ ਦੁਨੀਆਵਾਂ ਹਨ। ਚਾਹੇ ਅਜੇ ਬਹੁਤ ਸਾਰੇ ਸਾਇੰਸਦਾਨ ਉਖੜੇ ਕੁਹਾੜੇ ਹੀ ਮਾਰਦੇ ਹਨ, ਕਿਉਂਕਿ ਉਨ੍ਹਾਂ ਨੇ ਉਸ ਨਿਗਾਹ ਨਾਲ ਇਹਨਾਂ ਅਗੰਮੀ ਰਚਨਾਵਾਂ ਨੂੰ ਅਜੇ ਦੇਖਿਆ ਹੀ ਨਹੀਂ (ਨਾ ਹੀ ਉਹ ਦੇਖ ਸਕਦੇ ਹਨ) ਜਿਸ ਨਿਗਾਹ ਨਾਲ ਕਿ ਨਿਰੰਕਾਰੀ ਗੁਰੂ ਸਾਹਿਬ ਨੇ ਪੇਖਿਆ ਪਰਖਿਆ ਹੈ ਅਤੇ ਅਨੇਕਾਂ ਗੁਰੂ ਘਰ ਦੇ ਪਹੁੰਚੇ ਹੋਏ ਪੁਗ ਚੁਕੇ ਗੁਰਮੁਖ ਜਨਾਂ ਨੂੰ ਸਤਿਗੁਰਾਂ ਦੀ ਕਿਰਪਾ ਦ੍ਰਿਸ਼ਟੀ ਨੇ ਪੇਖਾਇਆ ਪਰਤੱਖਾਇਆ ਹੈ। ਫੇਰ ਭੀ ਜੇ ਅਪਤੀਜਣਹਾਰੇ ਨ ਪਤੀਜਣ ਤਾਂ ਕਿਸੇ ਦਾ ਕੀ ਕਸੂਰ?

ਵਾਹਿਗੁਰੂ ਦੀ ਹਸਤੀ ਨੂੰ ਜੇ ਉਹ ਬੱਧੇ-ਰੁੱਧੇ ਮੰਨ ਭੀ ਜਾਣ ਤਾਂ ਉਹ ਵਾਹਿਗੁਰੂ ਦੀ ਦਰਗਾਹ ਨੂੰ ਉੱਕਾ ਹੀ ਨਹੀਂ ਮੰਨਦੇ। ਅਗੇ ਨੂੰ ਯਾ ਅਗਲੀ ਅਗੰਮ ਵਸਦੀ ਦੁਨੀਆ ਨੂੰ ਤਾਂ ਉਹ ਅਜੇ ਭੀ ਇਕ ਫ਼ਸਾਨਾ ਹੀ ਸਮਝਦੇ ਹਨ। ਉਨ੍ਹਾਂ ਦੇ ਭਾ ਦਾ ਨ ਕੋਈ ਅੱਗਾ ਹੈ, ਨ ਅਗਲੀ ਦੁਨੀਆ ਹੈ, ਨ ਕੋਈ ਕਰਮਾਂ

ਦਾ ਵੀਚਾਰ ਹੈ ਤੇ ਨ ਕੋਈ ਲੇਖਾ ਲੈਣਹਾਰ ਹੈ, ਨ ਧਰਮਰਾਇ ਹੈ, ਨ ਕੋਈ ਜਮ-ਜੰਦਾਰਾ ਹੈ, ਨ ਕੋਈ ਨਰਕ ਹੈ ਨ ਸੁਰਗ ਬਹਿਸ਼ਤ ਹੈ, ਐਵੇਂ ਸਭ ਖ਼ਾਮ ਖ਼ਿਆਲੀਆਂ ਹੀ ਹਨ। ਪਰ ਗੁਰਸਿਖਾਂ ਨੂੰ ਏਨ੍ਹਾਂ ਗੱਲਾਂ ਦੇ ਮੰਨਣੋਂ ਨਾਂਹ ਕਰਨ ਲਈ ਕੋਈ ਥਾਉਂ ਨਹੀਂ, ਜੇਕਰ ਗੁਰਬਾਣੀ ਅੰਦਰ ਇਸ ਗੱਲ ਦਾ ਸਬੂਤ ਮਿਲੇ ਕਿ ਇਹ ਸਭ ਕੁਝ ਹੈ। ਧੁਰ ਸਤਿਪੁਰਖ ਅਕਾਲ ਦੀ ਦਰਗਾਹੋਂ ਗੁਰੂ ਸਤਿਪੁਰਖਾਂ ਦੁਆਰਾ ਆਈ ਬਾਣੀ ਜੋ ਕੁਝ ਭੀ ਦਰਸਾਉਂਦੀ ਦ੍ਰਿੜ੍ਹਾਉਂਦੀ ਹੈ, ਉਹ ਸਭ ਕੁਝ ਸਤਿ ਹੈ ਤੇ ਗੁਰਸਿਖਾਂ ਦੇ ਸਤਿ ਸਤਿ ਕਰ ਮੰਨਣ ਜੋਗ ਹੈ।

ਗੁਰੂ ਸਾਹਿਬਾਨ ਧੁਰੋਂ ਆਏ, ਆਦਿ ਜੁਗਾਦੀ ਸਤਿ ਪੁਰਖ ਅਕਾਲ ਪੁਰਖ ਦੇ ਗੁਰਤਤਾਏ ਹੋਏ ਸਤਿ ਪੁਰਖ ਕੋਈ ਰੋਚਕ, ਭਿਆਨਕ ਕਥਾ ਨਹੀਂ ਕਥਦੇ, ਜੈਸਾ ਕਿ ਕਈ ਇਕ ਖਰੜ ਗਿਆਨੀਆਂ ਦਾ ਚੁੰਚ-ਕਥੱਗਰੀ ਖ਼ਿਆਲ ਹੈ। ਉਨ੍ਹਾਂ ਦਾ ਧੁਰ ਕੀ ਬਾਣੀ ਦੁਆਰਾ ਦਰਸਾਇਆ, ਪ੍ਰਗਟਾਇਆ ਹਰ ਇਕ ਅਭਿੱਪਰਾ ਸਤਿ ਹੈ ਤੇ ਸਤਿ ਸਤਿ ਕਰ ਮੰਨਣ ਜੋਗ ਹੈ, ਨਿਰੋਲ ਯਥਾਰਥ ਗਿਆਨ ਹੈ, ਕਿਉਂਕਿ ਭਰਮ ਭਰਾਂਤੀ ਰਾਈ ਮਾਤਰ ਭੀ ਨਹੀਂ। ਸਮੱਗਰ ਗੁਰ ਗਿਆਨ ਦ੍ਰਿੜ੍ਹਾਏ ਸਿਧਾਂਤ ਤੇ ਗੁਰਬਾਣੀ ਅੰਦਰ ਆਏ ਗੁਰਮਤਿ ਗਿਆਨ ਤੋਂ ਸਿਰ ਫੇਰਨਾ ਬੇਸਿਦਕੇ ਤੇ ਸਰਧਾ-ਹੀਣੇ ਅਸਿਖਾਂ ਦਾ ਕੰਮ ਹੈ, ਪਰ ਬਿਚਾਰੇ ਦੇਖਾ ਦੇਖੀ ਦੇ ਅਨਜਾਣ ਸਿਖਾਂ ਨੂੰ ਇਹ ਭੀ ਪਤਾ ਨਹੀਂ ਕਿ ਸਚਮੁਚ ਗੁਰਬਾਣੀ ਏਹਨਾਂ ਉਪਰ ਟੂਕ ਮਾਤ੍ਰ ਦਸੀਆਂ ਅਸਲੀਅਤਾਂ ਨੂੰ ਦ੍ਰਿੜ੍ਹਦੀ ਦ੍ਰਿੜ੍ਹਾਉਂਦੀ ਭੀ ਹੈ। ਸੋ ਐਸੇ ਅਨਜਾਣਾਂ ਨੂੰ ਗੁਰਵਾਕਾਂ ਦੇ ਪਰਮਾਣਾਂ ਦੀ ਗੁਰਮਤਿ ਸਿਧਾਂਤੀ ਵਿਆਖਿਆ ਹੀ ਸਿਧੇ ਤੇ ਸੱਚੇ ਰਸਤੇ ਤੇ ਸ਼ਰਧਾ ਸੁਮਾਰਗੀ ਪਰ ਲਿਆਉਣ ਲਈ ਸਮਰਥ ਹੈ। ਇਸ ਲਈ ਗੁਰ-ਪ੍ਰਮਾਣਾਂ ਦੀ ਪ੍ਰੋੜ੍ਹਤਾ ਨਾਲ ਹੀ ਤਿਨ੍ਹਾਂ ਦੇ ਕੱਚੇ ਨਿਸਚਿਆਂ ਨੂੰ ਪੱਕੇ ਕਰਨ ਲਈ ਪਰਮ ਜ਼ਰੂਰੀ ਸਮਝ ਕੇ ਸਮੁਚੀ ਵੀਚਾਰ ਗੁਰਪ੍ਰਮਾਣਾਂ ਦੇ ਆਧਾਰ ਪਰ ਹੀ ਰਖੀ ਗਈ ਹੈ।

ਨਿਤਾਪ੍ਰਤੀ ਅਸੀਂ ਕੀਰਤਨ ਸੋਹਿਲੇ ਦਾ ਪਾਠ ਕਰਦੇ ਹੋਏ ਇਹ ਤੁਕ ਪੜ੍ਹਦੇ ਹਾਂ—

ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ।

(ਸੋਹਿਲਾ)

ਜੋ ਗੁਰਸਿਖ ਹੋ ਕੇ ਇਸ ਗੁਰਵਾਕ ਦੀ ਸਚਾਈ ਤੇ ਨਹੀਂ ਪਤੀਜਦੇ, ਕੀ ਉਨ੍ਹਾਂ ਉਤੇ ਸਿਖ ਪਦ ਸਚੇ ਅਰਥਾਂ ਵਿਚ ਘਟ ਸਕਦਾ ਹੈ ? ਅੱਗਾ ਹੈ, ਪਰ ਅੱਗੇ ਜਾ ਕੇ ਵਸਣਾ ਉਨ੍ਹਾਂ ਦਾ ਹੀ ਸੁਹੇਲਾ ਹੈ, ਜਿਨ੍ਹਾਂ ਨੇ ਏਸ ਦੁਨੀਆ ਵਿਚ

ਰਹਿ ਕੇ ਸਚਾ ਲਾਹਾ, ਹਰਿ-ਲਾਹਾ, ਹਰਿਨਾਮ ਜਪਣ ਦਾ ਲਾਹਾ, ਸੱਚੀ ਗੁਰਮਤਿ ਨਾਮ ਅਭਿਆਸ ਕਮਾਈ ਦਾ ਲਾਹਾ ਖਟਿਆ ਕਮਾਇਆ ਹੈ । ਇਹ ਗੁਰਵਾਕ ਸਪਸ਼ਟ ਦਸਦਾ ਹੈ ਕਿ ਅੱਗਾ ਹੈ । ਕੇਵਲ 'ਅੱਗਾ' ਹੈ ਹੀ ਨਹੀਂ, ਸਗੋਂ 'ਅੱਗਾ' ਉਹ ਸਚਾ ਅਸਥਾਨ ਹੈ, ਜਿਥੇ ਜਾ ਕੇ ਅਸੀਂ ਵਸਣਾ ਹੈ, ਇਹ ਦੁਨੀਆ ਛਡ ਕੇ ਜਾ ਵਸਣਾ ਹੈ ਅਤੇ ਜ਼ਰੂਰ ਹੀ ਜਾਇ ਵਸਣਾ ਹੈ । ਅਰ ਅਗੇ ਵਸਣਾ ਤਿਨ੍ਹਾਂ ਗੁਰਮੁਖ ਨਾਮ-ਅਭਿਆਸੀ ਜਨਾਂ ਦਾ ਹੀ ਸਫਲਾ, ਸੁਹੇਲਾ ਤੇ ਸੁਖਦਾਈ ਹੈ, ਜਿਨ੍ਹਾਂ ਨੇ ਮਨੁੱਖਾ ਜਨਮ ਪਾਇ ਕੇ ਗੁਰਦੀਖਤ ਹੋਇ, ਗੁਰਸਿੱਖ ਬਣ ਕੇ ਸੱਚੀਆਂ ਗੁਰਮੁਖ ਨਾਮ ਕਮਾਈਆਂ ਦੇ ਸਚੇ ਅਤੇ ਅਤੁੱਟ ਲਾਹੇ ਲਏ ਹਨ । ਤਿਨ੍ਹਾਂ ਗੁਰਮੁਖਾਂ ਨੂੰ ਇਸ ਦੁਨੀਆ ਅੰਦਰ ਰਹਿੰਦਿਆਂ "ਆਗੈ ਬਸਨੁ ਸੁਹੇਲਾ" ਦਾ ਅਮੰਨਾ ਆ ਜਾਂਦਾ ਹੈ । ਇਕ ਵਾਰ ਅਮੰਨਾ ਆ ਕੇ ਫੇਰ ਗੁਰਬਾਣੀ ਦਰਸਾਈਆਂ ਸਾਰੀਆਂ ਹੀ ਹਕੀਕਤਾਂ ਤੇ ਸੱਚਾ ਈਮਾਨ ਇਸਥਿਤ ਹੋ ਜਾਂਦਾ ਹੈ । ਉਨ੍ਹਾਂ ਨੂੰ ਇਹ ਭੀ ਸਚਾ ਭਰੋਸਾ ਹੋ ਜਾਂਦਾ ਹੈ ਕਿ ਇਹ ਜੋ ਅਗੇ ਵਸਣ, ਸੁਹੇਲੇ ਵਸਣ ਵਾਲਾ ਵਾਸਾ ਹੈ, ਅਕਾਲ ਪੁਰਖ ਦੇ ਨਿਜ ਘਰ ਮਹਿਲਾਂ ਦਾ ਵਾਸਾ ਹੈ, ਤੇ ਸੁਖ ਸਹਿਜ ਵਾਸਾ ਹੈ, ਕਿਉਂਕਿ ਏਸੇ ਕੀਰਤਨ ਸੋਹਿਲੇ ਦੀ ਬਾਣੀ ਵਿਚ ਅਗਲੇਰੀ ਤੁਕ ਇਹ ਨਿਸਚਾ ਕਰਾਉਂਦੀ ਹੈ ਕਿ—

> ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ
> ਬਹੁਰਿ ਨ ਹੋਇਗੋ ਫੇਰਾ ॥੩॥(੪॥੫) (ਸੋਹਿਲਾ)

ਇਹ ਵਾਕ ਦਸਦਾ ਹੈ ਕਿ ਗੁਰਮਤਿ ਨਾਮ ਅਰਾਧਣ ਵਾਲਿਆਂ ਨੂੰ ਆਪਣੇ ਨਿਜ ਘਰ, ਆਪਣੀ ਨਿਜ ਕਾਇਆਂ ਅੰਦਰਿ ਹੀ ਮਹਲੀ ਵਾਹਿਗੁਰੂ ਦੇ ਮਹਿਲ ਦਾ ਸੁਖ ਸਹਿਜ ਸੇਤੀ ਹੀ ਪਾਵਣਾ ਪ੍ਰਾਪਤ ਹੋ ਜਾਂਦਾ ਹੈ । ਐਸੇ ਸੁਖ ਸਹਜਿ ਸੇਤੀ ਨਿਜ ਘਰ ਵਿਚ ਵਾਹਿਗੁਰੂ ਮਹਲੀਸ਼ਰ ਦਾ ਮਹਲ ਪਾਵਣਹਾਰਿਆਂ ਦਾ ਜਨਮ ਮਰਨ ਸਗਲਾ ਹੀ ਮਿਟ ਜਾਂਦਾ ਹੈ । ਉਹਨਾਂ ਦਾ ਫੇਰ ਏਸ ਸੰਸਾਰ ਵਿਚ ਆਉਣਾ ਜਾਣਾ ਅਰਥਾਤ ਫੇਰਾ ਨਹੀਂ ਹੁੰਦਾ । ਗੁਰੂ ਕਰਤਾਰ ਦੀ ਕਿਰਪਾ ਨਾਲ ਹੀ ਇਹ ਆਉਣਾ ਜਾਣਾ (ਆਵਾਗਵਨ) ਮਿਟਦਾ ਹੈ । ਗੁਰੂ ਕਰਤਾਰ ਦੇ ਪ੍ਰਤਾਪ ਕਰਿ ਹੀ ਵਾਹਿਗੁਰੂ ਦਾ ਤੇ ਵਾਹਿਗੁਰੂ ਦੇ ਮਹਿਲ ਦਾ ਮਨ ਵਿਖੇ ਵਸੇਰਾ ਹੁੰਦਾ ਹੈ । ਪਰ ਉਸ ਵਥ ਵਿਹਾਜੀ ਤੋਂ ਹੀ ਹੁੰਦਾ ਹੈ, ਜਿਸ ਦੀ ਖ਼ਾਤਰ ਇਹ ਮਨੁੱਖਾ ਦੇਹ ਜਨਮ ਧਾਰ ਕੇ ਏਥੇ ਆਏ ਹਾਂ, ਅਰਥਾਤ ਨਾਮ ਕਮਾਈਆਂ ਕਰਕੇ ਨਾਮ ਕਮਾਈਆਂ ਦਾ ਸੱਚਾ ਸੌਦਾ ਵਿਹਾਜ ਕੇ ਹੁੰਦਾ ਹੈ, ਜਿਹਾ ਕਿ ਉਪਰਲੇ ਗੁਰਵਾਕ ਤੋਂ ਪਹਿਲੀ ਤੁਕ ਦਰਸਾਉਂਦੀ ਹੈ—

ਜਾ ਕਉ ਆਏ ਸੋਈ ਬਿਹਾਝਹੁ,
ਹਰਿ ਗੁਰ ਤੇ ਮਨਹਿ ਬਸੇਰਾ ॥੩॥ (੪॥੫॥) (ਸੋਹਿਲਾ)

ਇਨ੍ਹਾਂ ਤੁਕਾਂ ਤੋਂ ਨਾ ਕੇਵਲ "ਹਰਿ ਗੁਰ ਤੇ ਮਨਹਿ ਬਸੇਰਾ" ਤੇ "ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ" ਵਾਲਾ ਗੁਰਮਤਿ ਸਿਧਾਂਤ ਸਿਧ ਹੋਇਆ, ਬਲਕਿ "ਬਹੁਰਿ ਨ ਹੋਇਗੋ ਫੇਰਾ" ਦਾ ਪੂਰਨ ਯਕੀਨ ਭੀ ਆਉਂਦਾ ਹੈ, ਜੋ ਇਸ ਗੱਲ ਨੂੰ ਨਿਸਚਤ ਕਰਾਉਂਦਾ ਹੈ ਕਿ ਆਵਾਗਵਨ ਦਾ ਅਸੂਲ ਭੀ ਗੁਰਮਤਿ ਅੰਦਰਿ ਅਪਣਾਇਆ ਗਿਆ ਹੈ ਅਤੇ ਸਤਿ ਜਣਾਇਆ ਗਿਆ ਹੈ, ਕਿ ਜੋ ਮਨਮੁਖ, ਅਨਮਤੀ ਅਨਮਤ਼ੀਏ, 'ਗੁਰਮਤਿ-ਨਾਮ' ਨਹੀਂ ਜਪਦੇ, ਤਿਨ੍ਹਾਂ ਚੁਰਾਸੀ ਦੇ ਜੀਵਾਂ ਨੂੰ ਜ਼ਰੂਰ ਜੂਨਾਂ ਦੇ ਆਵਾ-ਗਉਣੀ ਪੁਆੜੇ ਵਿਚ ਪੈਣਾ ਪੈਂਦਾ ਹੈ। ਇਹ ਆਵਾ-ਗਉਣੀ ਪੁਆੜੇ ਤਦੇ ਹੀ ਮਿਟਦੇ ਹਨ, ਜੇ ਗੁਰਮਤਿ ਨਾਮ ਅਰਾਧ ਕੇ ਨਿਜ ਘਰ ਮਹਿਲੀ, ਅਗਾਧ ਸਹਿਜ ਸਮਾਧ ਵਿਚ ਇਸਥਿਤੀ ਹੋ ਜਾਵੇ,- ਜਿਥੇ ਪਹੁੰਚ ਕੇ, ਅਰਥਾਤ ਜਿਸ ਪੁਗਣੀ ਪੁਗ ਕੇ ਸਚੀਆਂ ਵਡਿਆਈਆਂ ਮਿਲਦੀਆਂ ਹਨ, ਅਤੇ "ਸਦ ਖੁਸੀਆਂ ਸਦ ਚਾਉ" ਵਾਲੇ ਸਚੇ ਅਨੰਦ ਅਹਿਲਾਦੀ ਲਾਹੇ ਮਿਲਦੇ ਹਨ, ਅਤੇ ਮੁਖ ਉਜਲ ਹੁੰਦੇ ਹਨ। ਮੁਖ ਉਜਲਤਾਈਆਂ ਦੇ ਟਿਕੇ ਤਿਨ੍ਹਾਂ ਗੁਰਮੁਖਾਂ ਦੇ ਮੁਖ ਤੇ ਨਿਕਲਦੇ ਹਨ, ਜਿਨ੍ਹਾਂ ਦੇ ਮਨਾਂ ਅੰਦਰ ਸਚੇ ਨਾਮ ਦਾ ਨਿਵਾਸ ਧੁਰ ਤਾਈਂ ਓੜ ਨਿਭਦਾ ਹੈ; ਯਥਾ ਗੁਰਵਾਕ—

ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ ॥
ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ ॥੨॥(੪॥੬)
[ਸਿਰੀ ਰਾਗੁ ਮ: ੧, ਪੰਨਾ ੧੬

ਪਰ ਨਾਮ-ਹੀਣੇ ਮਨਮੁਖ, ਇਨ੍ਹਾਂ ਮੁਖ-ਉਜਲ-ਟੀਕ ਵਡਿਆਈਆਂ ਤੋਂ ਖ਼ਾਲੀ ਹੀ ਰਹਿ ਜਾਂਦੇ ਹਨ। ਉਨ੍ਹਾਂ ਨੂੰ ਅਗੇ ਜਾ ਕੇ ਪਤਾ ਲਗੂ ਕਿ ਉਹ ਸਚਮੁਚ ਨਾਮ ਵਿਹੂਣ ਇਸ ਸਚੀ ਵਥ ਵਡਿਆਈ ਤੋਂ ਸਖਣੇ ਰਹਿ ਗਏ। ਉਨ੍ਹਾਂ ਦਾ ਮਨੁਖਾ ਜਨਮ ਐਵੇਂ ਅਕਾਰਥ ਹੀ ਗਿਆ। ਯਥਾ ਗੁਰਵਾਕ—

ਅਗੈ ਗਇਆ ਜਾਣੀਅਹਿ ਵਿਣੁ ਨਾਵੈ ਵੇਕਾਰ ॥੩॥(੪॥੬)
[ਸਿਰੀ ਰਾਗੁ ਮਹਲਾ ੧, ਪੰਨਾ ੧੬

ਮਨਮੁਖਾਂ ਨੂੰ ਤਾਂ ਅੱਗੇ ਜਾ ਕੇ ਹੀ ਇਸ ਅੱਗੇ ਦਾ ਤੇ ਅੱਗੇ ਦੇ ਵਰਤਾਰੇ ਦਾ ਪਤਾ ਲਗੇਗਾ, ਪ੍ਰੰਤੂ ਪ੍ਰਤੀਤ ਵਾਲੇ ਗੁਰਮੁਖਾਂ ਨੂੰ ਇਸ ਅੱਗੇ ਦੀ ਏਥੇ ਹੀ ਖ਼ਬਰ ਤੇ ਪਤੀਜ ਹੈ। ਮਨਮੁਖਾਂ ਦੀਆਂ ਸਭ ਸਿਆਣਪਾਂ, ਚਤਰਾਈਆਂ ਏਥੇ ਹੀ ਜਲ ਜਾਣਗੀਆਂ, ਜਿਨ੍ਹਾਂ ਸਿਆਣਪਾਂ ਤੇ ਚਤਰਾਈਆਂ ਕਰਕੇ ਓਨ੍ਹਾਂ ਦੀ ਨਾਮ ਉਤੇ

ਪ੍ਰਤੀਤ ਨਹੀਂ ਆਉਂਦੀ ਤੇ ਨਾ ਹੀ ਅਗੇ ਦੀ ਪਤੀਜ ਉਪਜਦੀ ਹੈ । ਬਸ ਉਹ ਐਥੋਂ ਖ਼ਾਲੀ ਹੱਥ ਰੋਂਦੇ ਹੀ ਉਠ ਜਾਣਗੇ ਤੇ ਅਗਲੀ ਦੁਨੀਆ ਨੂੰ ਲਦ ਜਾਣਗੇ। ਅਗਲੀ ਦਰਗਾਹ ਵਿਚ ਗਇਆਂ ਹੀ ਉਨ੍ਹਾਂ ਨੂੰ ਪਤਾ ਲਗੂ ਕਿ ਨਾਮ ਵਿਸਾਰਿਆਂ, ਅਗਲੀ ਦਰਗਾਹ ਗਇਆਂ ਉਨ੍ਹਾਂ ਨਾਲ ਕੀ ਬਣੇਗੀ ਤੇ ਓਥੇ ਕੀ ਬਣਦੀ ਹੈ । ਯਥਾ ਗੁਰਵਾਕ—

ਨਰਕਿ ਪਰਹਿ ਤੇ ਮਾਨਈ ਜੋ ਹਰਿ ਨਾਮ ਉਦਾਸ ॥੯੫॥

[ਸਲੋਕ ਕਬੀਰ, ਪੰਨਾ ੧੩੬੯

ਜਲੀਆ ਸਭਿ ਸਿਆਣਪਾ ਉਠੀ ਚਲਿਆ ਰੋਇ ॥
ਨਾਨਕ ਨਾਮਿ ਵਿਸਾਰਿਐ ਦਰਿ ਗਇਆ ਕਿਆ ਹੋਇ ॥੪॥੮॥

[ਸਿਰੀ ਰਾਗੁ ਮ: ੧, ਪੰਨਾ ੧੭

ਨਾਮ ਤੋਂ ਬਿਨਾਂ ਜਿਤਨੇਂ ਭੀ ਜਪ ਤਪ ਸੰਜਮੀ ਅਨਮਤਾਂ ਵਾਲੇ ਸੀਂਗਾਰ ਹਨ, ਏਨ੍ਹਾਂ ਦੁਆਰਾ ਪਿਰੀ ਪ੍ਰੀਤਮ ਦੀ ਪ੍ਰਾਪਤੀ ਨਹੀਂ ਹੁੰਦੀ । ਪਿਰ ਬਿਨ ਸੀਂਗਾਰ ਸਭ ਬਿਰਥੇ ਹਨ, ਤਿਨ੍ਹਾਂ ਦੇ ਕਰਨਹਾਰਿਆਂ ਨੂੰ ਦਰਿ ਢੋਈ ਨਹੀਂ ਮਿਲਦੀ । ਇਸ ਤਰ੍ਹਾਂ ਦਾ ਝੂਠਾ ਸੀਂਗਾਰ ਦਰਗਾਹ ਵਿਚ ਖੁਆਰ ਕਰਨਹਾਰਾ ਹੀ ਹੈ । ਯਥਾ ਗੁਰਵਾਕ—

ਮੁੰਧੇ ਪਿਰ ਬਿਨੁ ਕੀਆ ਸੀਗਾਰੁ ॥
ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ ॥੧॥ਰਹਾਉ॥੫॥੧੩॥

[ਸਿਰੀ ਰਾਗੁ ਮ: ੧, ਪੰਨਾ ੧੯

ਨਾਮ ਵਿਸਾਰਨਹਾਰੇ ਅੰਧਲੇ, ਮੂਰਖ, ਗਾਵਾਰ, ਮਨਮੁਖੀਏ ਪੁਰਸ਼ ਅੰਧ ਧੁੰਦ ਗੁਬਾਰ ਵਿਚ ਹੀ ਫਿਰਦੇ ਰਹਿੰਦੇ ਹਨ, ਤਿਨ੍ਹਾਂ ਦਾ ਆਵਣ ਜਾਣ ਨਹੀਂ ਚੁਕਦਾ, ਉਹ ਮੁੜ ਮੁੜ ਜੰਮ ਜੰਮ ਤੇ ਮਰਿ ਮਰਿ ਕੇ ਜੂਨੀਆਂ ਵਿਚ ਖੁਆਰ ਹੀ ਹੁੰਦੇ ਰਹਿੰਦੇ ਹਨ । ਯਥਾ ਗੁਰਵਾਕ—

ਅੰਧੁਲੈ ਨਾਮੁ ਵਿਸਾਰਿਆ ਮਨਮੁਖਿ ਅੰਧੁ ਗੁਬਾਰੁ ॥
ਆਵਣੁ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ ॥੩॥(੫॥੧੩)

[ਸਿਰੀ ਰਾਗੁ ਮ: ੧, ਪੰਨਾ ੧੯

ਇਸ ਗੁਰਵਾਕ ਦੁਆਰਾ ਗੁਰਮਤਿ ਦਾ ਆਵਾ ਗਵਨੀ **ਮਸਲਾ ਭੀ ਸਿੱਧ** ਤੇ ਤਸਲੀਮ ਹੈ । ਆਵਾਗਉਣ ਦੇ ਅਸੂਲ ਤੋਂ ਕੋਈ ਸਿਖ ਸਿਰ ਫੇਰ ਨਹੀਂ ਸਕਦਾ। ਜਨਮ ਜੋਨੀਆਂ ਵਿਚ ਭਉਣਾ ਹੀ ਪੈਂਦਾ ਹੈ ਤੇ ਛੁਟਕਾਰਾ ਗੁਰਮਤਿ ਨਾਮ ਜਪਿਆਂ

ਹੀ ਹੁੰਦਾ ਹੈ, ਨਾਮ ਜਪਣ ਦੀ ਸਚੀ ਕਾਰੇ ਲਗਿਆਂ ਹੀ ਹੁੰਦਾ ਹੈ। ਨਾਮ ਦੀ ਸੱਚੀ ਕਾਰ ਕਮਾਈ, ਅਭਿਆਸ ਸੇਵਾ ਦੇ ਪ੍ਰਤਾਪ ਕਰਿ ਸਚ ਦੀ (ਸਚੇ ਵਾਹਿਗੁਰੂ ਦੀ) ਪ੍ਰਾਪਤੀ ਹੁੰਦੀ ਹੈ। ਇਹ ਵਾਹਿਗੁਰੂ ਰੂਪੀ ਸਚ ਪਦਾਰਥ ਗੁਰਮਤਿ ਦੁਆਰਾ ਹੀ ਪੱਲੇ ਪੈਂਦਾ ਹੈ, ਐਵੇਂ ਨਹੀਂ। ਜਿਸ ਦੇ ਇਹ ਪਦਾਰਥ ਪੱਲੇ ਪਿਆ ਹੈ, ਉਹ ਜੀਵਨ-ਮੁਕਤ ਹੋ ਜਾਂਦਾ ਹੈ। ਉਹ ਜਨਮ ਮਰਨ ਰਹਿਤ ਹੋ ਜਾਂਦਾ ਹੈ, ਜੂਨਾਂ ਵਿਚ ਨਹੀਂ ਪੈਂਦਾ। ਉਹ ਉਜਲ ਮੁਖ ਲੈ ਕੇ ਜਾਂਦਾ ਹੈ ਤੇ ਹਰਿ ਦਰਗਾਹੇ ਖ਼ਾਸ ਦਰ ਪਰਵਾਨੀ, ਦਰਿ ਪ੍ਰਧਾਨੀ ਸਿਰੋਪਾਉ ਸੇਤੀ ਪੈਧਾ (ਪਹਿਨਾਇਆ) ਜਾਂਦਾ ਹੈ। ਯਥਾ ਗੁਰਵਾਕ—

ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ ॥
ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ ॥
ਨਾਨਕ ਦਰਿ ਪਰਧਾਨੁ ਸੋ ਦਰਗਹਿ ਪੈਧਾ ਜਾਇ ॥੪॥੧੪॥
[ਸਿਰੀ ਰਾਗੁ ਮ: ੧, ਪੰਨਾ ੧੯

ਇਹ ਗੁਰਵਾਕ ਗੁਰਮਤਿ ਦੇ ਦੋ ਅਸੂਲ ਪਰਵਾਨਦਾ ਹੈ :

(੧) ਆਵਾ ਗਉਣ ਦੇ ਮਸਲੇ ਵਾਲਾ।
(੨) ਹਰਿ ਦਰਗਹਿ ਦੀ ਸਤਤਾ ਵਾਲਾ।

ਸਤਿਗੁਰ ਦੀ ਸਚੀ ਸੇਵਾ ਸਤਿਗੁਰੂ ਦ੍ਰਿੜ੍ਹਾਈ ਦੀਖਸ਼ਾਈ ਭਗਤੀ ਹੈ। ਗੁਰਦੀਖਿਆ, ਗੁਰਮੰਤ੍ਰ, ਗੁਰਮਤਿ ਨਾਮ ਦੀ ਅਭਿਆਸ ਕਮਾਈ ਕਰਨਾ ਮਾਨੋ ਸਤਿਗੁਰੂ ਦੀ ਸਚੀ ਸੇਵਾ ਵਿਖੇ ਤਤਪਰ ਹੋਣਾ ਹੈ। ਜੋ ਗੁਰਮੁਖ ਸਤਿਗੁਰ ਦੀ ਇਸ ਸਚੀ ਸੇਵਾ ਕਮਾਈ ਵਿਚ ਸਦਾ ਤਤਪਰ ਰਹਿੰਦਾ ਹੈ, ਤਿਸ ਵਿਟਹੁ ਸਤਿਗੁਰੂ ਸਚੇ ਪਾਤਸ਼ਾਹ ਵਾਰਨੇ ਬਲਿਹਾਰਨੇ ਜਾਂਦੇ ਹਨ। ਤਿਸ ਗੁਰਮੁਖ ਨੂੰ ਵਾਹਿਗੁਰੂ ਦੀ ਦਰਗਾਹ ਵਿਚ ਖੁਲ੍ਹੇ ਦਰਵਾਜ਼ੀਂ ਲੈਜਾਇਆ ਜਾਂਦਾ ਹੈ, ਜਿਥੇ ਲੈ ਜਾ ਕੇ ਸਚੀ ਮਾਨ-ਪਰਤਿਸ਼ਟਾ ਦਾ ਸਿਰੋਪਾਉ ਪਹਿਨਾਇਆ ਜਾਂਦਾ ਹੈ। ਧੁਰ ਦਰਗਾਹੀ ਹਜ਼ੂਰੀ ਵਿਚ ਪਹੁੰਚ ਕੇ ਮੁਖ ਨਾਮ ਨਿਵਾਸੀ ਅਭਿਆਸੀ ਜਨ ਦਾ ਨਾਮ ਵਿਚ ਹੀ ਨਿਵਾਸ ਰਹਿੰਦਾ ਹੈ। ਯਥਾ ਗੁਰਵਾਕ—

ਸਤਿਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ ॥
ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ ॥੩॥(੫॥੧੮)
[ਸਿਰੀ ਰਾਗੁ ਮ: ੧, ਪੰਨਾ ੨੧

ਨਾਮ ਨਿਵਾਸੀ ਪਿਆਰਿਆਂ ਨੂੰ ਇਕ ਤਿਲ ਭੀ ਜੇ ਨਾਮ ਵਿਸਰ ਜਾਏ ਤਾਂ ਤਿਨ੍ਹਾਂ ਦਾ ਮਰਨ ਹੋ ਜਾਂਦਾ ਹੈ। ਲਾਖ ਵੇਦਨ ਵੇਦਨਾਈ ਜਿੱਡਾ ਵੱਡਾ ਰੋਗ ਤਿਨ੍ਹਾਂ

ਨੂੰ ਇਕ ਤਿਲ ਮਾਤਰ ਦੇ ਵਿਛੋੜੇ ਵਿਚ ਪ੍ਰਤੀਤ ਹੁੰਦਾ ਹੈ। ਤਾਂ ਤੇ ਉਹ ਨ ਜੀਉਂਦੇ ਤੇ ਨ ਹਰਿ ਦਰਗਾਹੇ ਪਰਵਾਨ ਹੋ ਕੇ, ਨਾਮ ਅਭਿਆਸ ਭਾਉ ਭਗਤੀ ਛਡਦੇ ਹਨ। ਜਿਨ੍ਹਾਂ ਦਾ ਐਥੇ ਓਥੇ ਦੋਹੀਂ ਥਾਵੀਂ ਨਾਮ ਅਭਿਆਸ ਦਾ ਖਿਨ ਖਿਨ ਨਿਵਾਸ ਨਹੀਂ ਰਹਿੰਦਾ, ਤਿਨ੍ਹਾਂ ਨੂੰ ਹਰਿ ਦਰਗਹਿ ਸਿਰੋਪਾਉ ਸਿਰਖਾਸੀਆ ਸਚੜਾ ਮਾਨ ਨਹੀਂ ਮਿਲਦਾ। ਯਥਾ ਗੁਰਵਾਕ—

ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ ॥
ਕਿਉ ਦਰਗਹ ਪਤਿ ਪਾਈਐ
ਜਾ ਹਰਿ ਨ ਵਸੈ ਮਨ ਮਾਹਿ ॥੧॥......
ਨਾਨਕ ਸਤਿਗੁਰੁ ਮੀਤੁ ਕਰਿ
ਸਚੁ ਪਾਵਹਿ ਦਰਗਹ ਜਾਇ ॥੪॥੨੦॥
[ਸਿਰੀ ਰਾਗੁ ਮ: ੧, ਪੰਨਾ ੨੧-੨੨

ਸਿਧ ਹੋਇਆ ਕਿ ਸਚੀ ਦਰਗਾਹ ਹੈ। ਇਸ ਸਚੀ ਦਰਗਾਹ ਦੀ ਹੋਂਦ ਹਸਤੀ ਤੋਂ ਕੋਈ ਸਿਖ ਮਾਤਰ ਇਨਕਾਰ ਨਹੀਂ ਕਰ ਸਕਦਾ। ਇਹ ਸੱਚੀ ਦਰਗਾਹ ਪਰਲੋਕ ਵਿਚ ਹੈ ਤੇ ਏਸ ਲੋਕ ਤੋਂ ਪਰੇਡੇ ਅਗਲੇ ਲੋਕ ਵਿਚ ਹੈ। ਸੋ ਗੁਰਮਤਿ ਸਿਧਾਂਤ ਅਨੁਸਾਰ ਅੱਗਾ ਸਿੱਧ ਹੋਇਆ ਤੇ ਜ਼ਰੂਰ ਸਿਧ ਹੋਇਆ; ਪਰ ਏਸ ਸਚੀ ਦਰਗਾਹ ਦਾ ਜ਼ਹੂਰ ਸਚੇ ਸਤਿਗੁਰੂ ਨੂੰ ਮੀਤ ਸਖਾ ਬਣਾਇਆਂ ਹੀ ਹੁੰਦਾ ਹੈ। ਸਚਾ ਸਤਿਗੁਰੂ ਤਿਨ੍ਹਾਂ ਦਾ ਹੀ ਮੀਤ ਸਖਾ ਬਣਦਾ ਹੈ ਜੋ ਉਸ ਦੇ ਆਗਿਆਕਾਰੀ ਹੁਕਮ ਰਜ਼ਾਈ ਚਲਣਹਾਰੇ ਗੁਰਸਿਖ ਪਿਆਰੇ ਹਨ। ਆਗਿਆਕਾਰੀ, ਹੁਕਮ ਰਜ਼ਾਕਾਰੀ ਓਹੀ ਗੁਰਮੁਖ ਜਨ ਹਨ ਜੋ ਸੁਆਸ ਸੁਆਸ ਵਾਹਿਗੁਰੂ ਨਾਮ ਜਪਦੇ ਹਨ। ਜਿਨ੍ਹਾਂ ਨੇ ਇਸ ਬਿਧ ਸਚੇ ਸਤਿਗੁਰੂ ਨੂੰ ਆਪਣਾ ਮੀਤ ਕੀਤਾ ਹੈ ਤੇ ਸਤਿਗੁਰੂ ਦਾ ਦ੍ਰਿੜ੍ਹਾਇਆ ਨਾਮ ਸੁਆਸ ਸੁਆਸ ਲੀਤਾ ਹੈ, ਉਹ ਸਚੀ ਦਰਗਾਹ ਜਾਇ ਨਿਰਾ ਨਿਵਾਸ ਹੀ ਨਹੀਂ ਪਾਉਂਦੇ ਸਗੋਂ ਨਾਮ ਨਾਮੀ ਗੁਣਤਾਸ ਮਈ ਸਚੁ (ਸਚੇ ਵਾਹਿਗੁਰੂ) ਦਾ ਸਨਮੁਖ ਦਰਸ ਵਿਗਾਸ ਭੀ ਪਾਈ ਰਖਦੇ ਹਨ।

ਜਿਹੜੇ ਨਾਮ ਦੇ ਸਚੇ ਵਣਜਾਰੇ ਨਾਮ ਰੂਪੀ ਸਚੇ ਵਖਰ ਨੂੰ ਏਸ ਲੋਕ ਵਿਚ ਰਹਿੰਦੇ ਹੋਏ ਆਪਣੇ ਹਿਰਦੇ ਅੰਦਰ ਸੰਮ੍ਹਾਲੀ ਰਖਦੇ ਹਨ ਤੇ ਸਾਰੀ ਉਮਰ ਇਸ ਸਚੇ ਸੌਦੇ ਨੂੰ ਵਿਹਾਜਦੇ ਰਹਿੰਦੇ ਹਨ, ਤਿਨ੍ਹਾਂ ਦੀ ਅਗਲੀ ਦੁਨੀਆ ਵਿਚ ਜਾਣ ਸਮੇਂ ਸਚਾ ਸ਼ਾਹ ਸੁਜਾਨ ਆਪ ਸੰਭਾਲ ਕਰ ਲੈਂਦਾ ਹੈ, ਸਣੇ ਸਚੀ ਵਸਤ ਦੇ। ਸਚੇ ਸ਼ਾਹ ਦਾ ਵਸਤ ਨੂੰ ਸੰਮ੍ਹਾਲਣਾ ਕੀ ਹੈ? ਆਪਣੀ ਨਦਰ ਅੰਦਰ ਥਾਏਂ ਪਾਉਣਾ ਹੈ। ਯਥਾ ਗੁਰਵਾਕ—

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥
ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥੧॥(੫॥੨੩)
[ਸਿਰੀ ਰਾਗੁ ਮ: ੧, ਪੰਨਾ ੨੨

ਸਿਮਰਨ ਸੇਵਾ ਘਾਲ ਕਮਾਈ ਕੀਤੀ ਜਿਨ੍ਹਾਂ ਦੀ ਇਸ ਦੁਨੀਆ ਵਿਚ ਥਾਇ ਪੈਂਦੀ ਅਤੇ ਤੋੜ ਨਿਭਣੀ ਨਿਭਦੀ ਹੈ, ਤਿਨ੍ਹਾਂ ਨੂੰ ਸਚੜੇ ਦੀ ਸਚੀ ਦਰਗਾਹ ਵਿਚ ਬੈਠਣ ਨੂੰ ਥਾਉਂ ਮਿਲਦਾ ਹੈ। ਜਿਥੇ ਉਹ ਸਦਾ ਲਈ ਸੁਰਖ਼ਰੂ ਹੋ ਕੇ ਰੰਗ-ਰਲੀਆਂ ਮਾਣਦੇ ਤੇ ਲੁੱਡੀਆਂ ਪਾਉਂਦੇ ਹਨ। ਜਿਹਾ ਕਿ—

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥੪॥੩੩॥
[ਸਿਰੀ ਰਾਗੁ ਮ: ੧, ਪੰਨਾ ੨੬

ਅਗਲੀ ਦਰਗਾਹ ਵਿਚ ਗੁਰਮੁਖ ਪਿਆਰੇ ਦੇ ਅਨੰਦ ਰੰਗ ਮਾਨਣ ਦਾ ਕੈਸਾ ਹੂ-ਬ-ਹੂ ਨਕਸ਼ਾ ਬੰਨ੍ਹਿਆ ਹੈ। ਕਿਹੜਾ ਗੁਰਸਿਖ ਹੈ ਜੋ ਅਗਲੀ ਦਰਗਾਹ ਦੀ ਹਸਤੀ ਤੋਂ ਮੁਨਕਰ ਹੋਣ ਦੀ ਦਲੇਰੀ ਕਰ ਸਕਦਾ ਹੈ ? ਹਾਂ, ਮਾਇਆ ਮੋਹ ਲਪਟਾਏ, ਲਥ-ਪਥਾਏ ਮਨਮੁਖਾਂ ਨੂੰ ਇਸ ਅਗਲੀ ਦਰਗਾਹ ਦੀ ਪ੍ਰਤੀਤ ਨਹੀਂ ਆ ਸਕਦੀ, ਕਿਉਂਕਿ ਉਨ੍ਹਾਂ ਦਾ ਵਿਹਾਰ ਹੀ ਨਿਤਾਪ੍ਰਤਿ ਮਾਇਆ-ਗ੍ਰਸਤ ਮੋਹ ਲਪਟਸਤ ਰਹਿਣਾ ਹੈ। ਓਨ੍ਹਾਂ ਦੀ ਪ੍ਰਮਾਰਥ ਦੇ ਪਾਸੇ ਅੱਖ ਹੀ ਨਹੀਂ ਉਘੜਦੀ। ਓਨ੍ਹਾਂ ਨੂੰ ਪਰਮਾਤਮਾ ਦੇ ਪਾਉਣ ਦੀ ਵੈਰਾਗ-ਉਦਾਸੀ ਹੀ ਨਹੀਂ ਉਪਜਦੀ। ਤਿਨ੍ਹਾਂ ਨੂੰ ਪ੍ਰਮਾਰਥ ਦੇ ਸਚੇ ਸ਼ਾਹ ਸਤਿਗੁਰੂ ਦੇ ਦੁਆਰੇ ਜਾਇ ਸਚੀ ਦੀਖਸ਼ਾ ਮਈ ਸੁਮਤਿ ਲੈਣ ਦੀ ਲੋੜ ਹੀ ਨਹੀਂ ਭਾਸਦੀ। ਉਹ ਕਰਮਹੀਨ ਸਦਾ ਦੁਖੀ, ਦਰਿਦ੍ਰੀ ਤੇ ਦੀਨ ਹੀ ਰਹਿੰਦੇ ਹਨ, ਗੁਰ-ਸ਼ਬਦ ਨਹੀਂ ਚੀਨਦੇ, ਅਗੇ ਜਾ ਕੇ ਖੀਨ ਖਰਾਬ ਤੇ ਪਤਿਹੀਨ ਹੁੰਦੇ ਹਨ, ਰਹਿੰਦੀ ਖੁੰਹਦੀ ਪਤਿ ਭੀ ਖੋ ਲੈਂਦੇ ਹਨ।

ਇਹ ਹਉਮੈ-ਬੰਧਨੀ ਮਨਮੁਖਾਂ ਸਾਕਤਾਂ ਦਾ ਹਾਲ ਹੁੰਦਾ ਹੈ। ਜਿਨ੍ਹਾਂ ਗੁਰਮੁਖਾਂ ਸਤਿਗੁਰੂ ਦੀ ਦੀਖਿਆ ਲੇ ਨਿਗੁਰਿਓਂ ਸਗੁਰੇ ਹੋਇ ਕੇ ਹਉਮੈ ਖੋਈ ਹੈ, ਤਿਨ੍ਹਾਂ ਨਾਮ ਰੱਤਿਆਂ ਨੂੰ ਹੀ ਸਚੜੀ ਦਰਗਾਹੇ ਸਚਾ ਸੁਖ ਮਿਲਦਾਂ ਹੈ। ਗੁਰੂ ਦੇ ਗੁਰਮੁਖ ਸਿਖ ਗੁਰਮਤਿ ਕਰਮ ਸੁਕਰਮ ਨਾਮ ਮਰੰਮੀ, ਨਾਮ ਸਿਫ਼ਤੰਮੀ ਕਰਮ ਕਮਾਂਵਦੇ ਹੋਏ ਵਿਗਾਸ ਵਿਗਸੰਮੀ, ਰੰਗ ਰਗੰਮੀ ਹੀ ਰਹਿੰਦੇ ਹਨ; ਦਿਨ ਰਾਤ, ਸੰਝ ਪਰਭਾਤ ਭਗਤੀ ਰੱਤੇ ਹੀ ਰਹਿੰਦੇ ਹਨ, ਐਥੇ ਭੀ ਅਤੇ ਓਥੇ ਭੀ ਬੈਰਾਗ-ਅਨੰਦੀਏ

ਤੇ ਅਨੰਦ ਬੈਰਾਗੀਅੜੇ ਹੀ ਰਹਿੰਦੇ ਹਨ । ਇਸ ਤਰ੍ਹਾਂ ਹਉਮੈ ਮਾਰ ਕੇ ਉਹ ਉੱਕੇ ਹੀ ਨਿਸਚਿੰਤ ਹੋ ਜਾਂਦੇ ਹਨ । ਦੋਹੀਂ ਸਰਾਈਂ ਸੁਰਖ਼-ਰੂਈ ਹਾਸਲ ਕਰਿ ਉਨ੍ਹਾਂ ਨੂੰ ਫ਼ਿਕਰ ਚਿੰਤਾ ਕਾਸੇ ਦੀ ਨਹੀਂ ਰਹਿੰਦੀ । ਓਨ੍ਹਾਂ ਦੇ ਵਡੇ ਭਾਗ ਪਹਿਲਾਂ ਹੀ ਉਦੇ ਹੋਇ ਆਉਣ ਕਰਕੇ ਉਨ੍ਹਾਂ ਦਾ ਮੁੱਢ ਤੋਂ ਹੀ ਸਤਿਸੰਗ ਵਿਚ ਵਾਸਾ ਤੇ ਪ੍ਰੇਮ ਹੁਲਾਸਾ ਰਹਿੰਦਾ ਹੈ । ਅਹਿਨਿਸਿ ਸਤਿਸੰਗ ਨਿਵਾਸ ਦੇ ਪ੍ਰਤਾਪ ਕਰਿ ਤਿਨ੍ਹਾਂ ਨੂੰ ਵਾਹਿਗੁਰੂ ਦੀ ਪ੍ਰਾਪਤੀ ਐਸੀ ਹੁੰਦੀ ਹੈ ਕਿ ਉਹ ਸਦਾ ਹੀ ਸਹਿਜ ਅਨੰਦ ਬਿਵਸਥਾ ਵਿਚ ਹੀ ਲੀਨ ਮਗਲੀਨ ਰਹਿੰਦੇ ਹਨ । ਇਸ ਪ੍ਰਕਾਰ ਦੇ ਜੋ ਅਨੰਦ ਮਗਲੀਨ, ਨਾਮ ਲਿਵਲੀਨ ਗੁਰਸਿਖ ਭਗਤ ਹਨ, ਸੋਈ ਸਚੇ ਸਾਧ ਹਨ, ਸੋਈ ਸਚੇ ਬੈਰਾਗੀ ਹਨ, ਸੋਈ ਸਚੇ ਰਾਜ–ਜੋਗੀ ਹਨ, ਤਿਨ੍ਹਾਂ ਨੇ ਹੀ ਵਿਚੋਂ ਆਪਾ ਗਵਾ ਲਿਆ ਹੁੰਦਾ ਹੈ । ਹਉਮੈ ਦਾ ਉੱਕਾ ਹੀ ਬਿਨਾਸ ਹੋਣ ਕਰਕੇ ਉਹ ਖਿਨ ਖਿਨ ਹਰ ਦਮ ਹੀ ਹਰਿ ਰਸ ਪੀ ਅਘਾਇ ਰਹਿੰਦੇ ਹਨ । ਐਸਾ ਨਾਮ ਨਿਧਾਨ ਉਨ੍ਹਾਂ ਨੂੰ ਸਤਿਗੁਰੂ ਸਚੇ ਪਾਤਸ਼ਾਹ ਨੇ ਤਲੀ ਤੇ ਕਢ ਕੇ ਦਿਖਾ ਦਿਤਾ ਹੁੰਦਾ ਹੈ ਅਤੇ ਹਿਰਦੇ ਵਿਗਸਤ ਕਰਾ ਦਿਤਾ ਹੁੰਦਾ ਹੈ, ਜਿਸ ਪ੍ਰਸਾਦਿ ਉਹ ਸਦ ਸਦਾ ਖੀਵੇ, ਦਰਸ ਵਿਗਸੀਵੇ ਹੀ ਰਹਿੰਦੇ ਹਨ । ਯਥਾ ਗੁਰਵਾਕ—

ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ ॥
ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹਿ ਪਤਿ ਖੋਇ ॥
ਹਉਮੈ ਗੁਰਮੁਖਿ ਖੋਈਐ ਨਾਮਿ ਰਤੇ ਸੁਖੁ ਹੋਇ ॥੧॥....
ਗੁਰਮੁਖਿ ਕਰਮ ਕਮਾਵੈ ਬਿਗਸੈ ਹਰਿ ਬੈਰਾਗੁ ਅਨੰਦੁ ॥
ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਹਉਮੈ ਮਾਰਿ ਨਿਚੰਦੁ ॥
ਵਡੈ ਭਾਗਿ ਸਤਿਸੰਗਤਿ ਪਾਈ ਹਰਿ ਪਾਇਆ ਸਹਜਿ ਅਨੰਦੁ ॥੨॥
ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ ॥
ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ ॥
ਨਾਮੁ ਨਿਧਾਨੁ ਸਤਿਗੁਰੂ ਦਿਖਲਾਇਆ
ਹਰਿ ਰਸੁ ਪੀਆ ਅਘਾਏ ॥੩॥(੪॥੮॥੪੧)
[ਸਿਰੀ ਰਾਗੁ ਮ: ੩, ਪੰਨਾ ੨੯

ਗੁਰਬਾਣੀ ਅੰਦਰ ਥਾਂ ਥਾਂ ਗੁਰੂ ਸਾਹਿਬ ਦੇ ਇਹ ਹੁਕਮ ਸਪਸ਼ਟ ਨਿਖਰਵੇਂ ਅਖਰਾਂ ਵਿਚ ਪਾਏ ਜਾਂਦੇ ਹਨ । ਜੋ ਲੋਕ ਗੁਰੂ ਤੋਂ ਬੇਮੁਖ ਹੋ ਕੇ ਮਨਮੁਖਾਂ ਵਾਲੇ ਕਰਮ ਕਮਾਉਂਦੇ ਹਨ, ਓਨ੍ਹਾਂ ਨੂੰ ਅਗੇ ਦਰਗਾਹ ਅੰਦਰ ਸਜ਼ਾਵਾਂ ਮਿਲਦੀਆਂ ਹਨ । ਏਸ ਭੁਲੇਖੇ ਵਿਚ ਕੋਈ ਨ ਰਹੇ ਕਿ ਇਹ ਕੇਵਲ ਰੋਚਕ ਭਿਆਨਕੀ ਡ੍ਰਮ-ਡਰਾਵੇ

ਹੀ ਦਿਤੇ ਹੋਏ ਹਨ ਕਿ ਲੋਕ ਬੁਰੇ ਕਰਮਾਂ ਤੋਂ ਹਟ ਜਾਣ । ਬੁਰੇ ਕਰਮਾਂ ਤੋਂ ਹਟਾਉਣਾ ਭੀ ਸਤਿਗੁਰਾਂ ਦਾ ਇਕ ਪਰਮਾਰਥ ਉਦੇਸ਼ੀ ਮੁਖ ਉਪਦੇਸ਼ ਹੈ, ਪਰ ਕੂੜਾਵੇ ਭੈ ਦੇ ਕੇ ਯਾ ਦਿਖਾ ਕੇ ਐਸਾ ਕਰਨਾ ਸਤਿਗੁਰੂ ਦੀ ਸਤਿਗੁਰਤਾ ਵਾਲੀ ਵਡਿਆਈ ਨੂੰ ਹਾਸੋ ਹੀਣਾ ਬਨਾਉਣਾ ਹੈ । ਕੂੜਾਵਾ ਭੈ ਦੇਣਾ ਸਤਿਗੁਰੂ ਦੀ ਮਹੱਤਤਾ ਨਹੀਂ, ਨਾ ਹੀ ਗੁਰੂ ਗਿਆਨਗਤਾ ਹੈ—

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥੧੬॥

[ਸਲੋਕ ਮ: ੯, ਪੰਨਾ ੧੪੨੭

ਹੀ ਗੁਰੂ ਗਿਆਨ ਉਪਦੇਸ਼ ਮਹਾਨਤਾ ਹੈ—

ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ
ਸੁ ਨਾਨਕੁ ਆਖਿ ਸੁਣਾਵੈ ॥੨॥੧੦॥

[ਆਸਾ ਮ: ੫, ਪੰਨਾ ੩੭੩

ਵਾਲੀ ਵਾਸਤਵਤਾ ਦਰਸਾਉਣੀ, ਸਾਂਗੋਪਾਂਗ ਦਰਪਨਾਉਣਾ, ਸਤਿਗੁਰੂ ਦੀ ਸਤ ਮਹੱਤਤਾ ਵਾਲਾ ਵਾਸਤਵੀ ਕਰਤਬ ਹੈ। ਤਾਂਤੇ ਇਸ ਕੂੜਾਵੇ ਭਰਵਾਸੇ ਅਵੇਸਲੇ ਹੋ ਰਹਿਣਾ ਕਿ ਅਗੇ ਕੋਈ ਦਰਗਾਹ ਨਹੀਂ, ਨਾ ਹੀ ਕੋਈ ਸਜ਼ਾ ਮਿਲਣੀ ਹੈ, ਐਵੇਂ ਭ੍ਰਮ ਡਰਾਵਾ ਹੀ ਹੈ, ਐਸਾ ਕੁਢੰਗਾ-ਢੰਗ ਖ਼ਿਆਲ ਕੁਢੰਗਣਾ ਮਹਾਂ ਮੂਰਖਤਾ ਭਰਿਆ ਅਗਿਆਨ ਹੈ । ਗੁਰਵਾਕਾਂ ਦੁਆਰਾ ਨਿਰੂਪਨ ਹੋਇਆ ਸਤਿਗੁਰੂ ਸਾਹਿਬ ਦਾ ਤਤ ਫ਼ੁਰਮਾਨ ਸਭ ਸਤੋ ਸਤਿ ਹੈ । ਇਕ ਵਾਰ ਨਹੀਂ ਅਣਗਿਣਤ ਵਾਰ, ਇਕ ਥਾਉਂ ਨਹੀਂ ਅਣਗਿਣਤ ਥਾਉਂ ਗੁਰਬਾਣੀ ਅੰਦਰ ਐਸੇ ਫ਼ੁਰਮਾਨ ਆਉਂਦੇ ਹਨ । ਉਦਾਹਰਣ ਵਜੋਂ ਕੁਝਕੁ ਪ੍ਰਮਾਣ ਤਿਨ੍ਹਾਂ ਫ਼ੁਰਮਾਨਾਂ ਦੇ ਅਗੇ ਦਿਤੇ ਜਾਂਦੇ ਹਨ—

ਮਨਮੁਖ ਕਰਮ ਕਮਾਵਣੇ ਦਰਗਹ ਮਿਲੈ ਸਜਾਇ ॥੧॥...
ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ ॥
ਮਨਮੁਖ ਸਬਦੁ ਨਾ ਜਾਣਨੀ
ਜਾਸਨਿ ਪਤਿ ਗਵਾਇ ॥...੩॥(੪॥੧੯॥੫੨)

[ਸਿਰੀ ਰਾਗੁ ਮ: ੩, ਪੰਨਾ ੩੩

ਮਨਮੁਖਤਾ ਪਰਲੇ ਦਰਜੇ ਦੀ ਹਉਮੈ ਅਹੰਗਤਾ ਹੈ । ਸਾਰਾ ਜਗਤ ਇਸੇ ਵਿਚ ਭੰਬਲ ਭੂਸੇ ਖਾ ਰਿਹਾ ਹੈ। ਜਿੰਨੇ ਭੀ ਇਸ ਹਉਮੈ ਬਿਆਧ ਉਪਾਧੀ ਵਾਲੇ ਮਨਮੁਖੀ ਕਰਮ ਹਨ, ਤਿਨ੍ਹਾਂ ਬਦਲੇ ਸਚੀ ਦਰਗਾਹ ਅੰਦਰ ਸਜ਼ਾ ਜ਼ਰੂਰ ਮਿਲਣੀ ਹੈ, ਅਵੱਸ਼ਮੇਵ ਮਿਲਣੀ ਹੈ, ਟਲਣੀ ਨਹੀਂ, ਪਰ ਖ਼ਿਆਲ ਕੋਈ ਨਹੀਂ ਕਰਦਾ, ਨ ਕੋਈ ਸਮਝਦਾ ਹੈ। ਨਾ ਸਮਝਣ; ਦਰਗਾਹੀ ਸਜ਼ਾ ਵਾਲੀ ਬਲਾ ਟਲ ਨਹੀਂ ਜਾਣੀ,

 www.sikhbookclub.com

ਜ਼ਰੂਰ ਭੁਗਤਣੀ ਪਊ । ਏਸ ਮਨਮੁਖਤਾ ਭਰੀ ਹਉਮੈ ਦੇ ਕਾਰਨ ਹੀ ਸਾਰਾ ਜੱਗ ਬਿਨਸਦਾ ਹੈ, ਮਰਿ ਮਰਿ ਜੰਮਦਾ ਹੈ ਅਤੇ ਜੰਮ ਜੰਮ ਕੇ ਫਿਰ ਆਉਂਦਾ ਜਾਂਦਾ ਅਤੇ ਆਵਾਗਵਨੀ ਚੌਰਾਸੀ ਦੇ ਗੇੜ ਵਿਚ ਭੌਂਦਾ ਹੈ । ਹਉਮੈ ਗ੍ਰਸੇ ਮਨਮੁਖਾਂ ਨੂੰ ਗੁਰਸ਼ਬਦ ਦੀਖਿਆ ਗੁਰ-ਉਪਦੇਸ਼ ਸਤਤਾ ਦੀ ਪਰਤੀਤ ਨਹੀਂ ਆਉਂਦੀ, ਗੁਰ ਸ਼ਬਦ ਦੀ ਸਾਰ ਨਹੀਂ ਆਉਂਦੀ । ਤਾਂਹੀ ਤੇ ਸਾਰਾ ਸੰਸਾਰੀ ਲਾਣਾ, ਹਉਮੈ ਭਰਮ ਭੁਲਾਣਾ ਹੋਇਕੈ ਆਪਣੀ ਪਤਿ ਆਬਰੂ ਗੰਵਾ ਕੇ ਆਪਣੀ ਮਨੁਖਤਾ ਨੂੰ ਝੁਠਲਾ ਕੇ ਚਲਿਆ ਜਾਂਦਾ ਹੈ, ਦੋਇ ਹੱਥ ਝਾੜਿ ਖ਼ਾਲੀ ਹੀ ਚਲਿਆ ਜਾਂਦਾ ਹੈ ਅਤੇ ਲੱਖ ਚੌਰਾਸੀ ਜੂਨਾਂ ਵਿਚ ਭਉਂਦਾ ਫਿਰਦਾ ਹੈ । ਤਾਂ ਤੇ ਇਸ ਉਪਰਲੇ ਗੁਰਵਾਕ ਤੋਂ ਦ੍ਰਿੜ੍ਹ ਕਰ ਮੰਨਣ ਯੋਗ ਜੋ ਸਤ ਵਾਸਤਵਤਾਈਆਂ ਹਨ, ਉਹ ਇਹ ਹਨ ਜੋ ਅਵੱਸ਼ ਬੰਦੇ ਦੇ ਸਿਰ ਤੇ ਖੜੀਆਂ ਹਨ ਅਤੇ ਹੋ ਕੇ ਰਹਿਣਗੀਆਂ—

(੧) ਅਗਲੀ ਦਰਗਾਹ ਹੈ ।
(੨) ਉਥੇ ਜਾਣਾ ਪਊ ਅਤੇ ਮਨਮੁਖਤਾ ਦਾ ਲੇਖਾ ਦੇਣਾ ਪਊ ।
(੩) ਉਥੇ ਮਿਲੀ ਸਜ਼ਾ ਜ਼ਰੂਰ ਭੁਗਤਣੀ ਪਊ ।
(੪) ਸਜ਼ਾ ਮਿਲੂ, ਟਲਣੀ ਨਹੀਂ ।
(੫) ਹਉਮੈ ਅਤੇ ਮਨਮੁਖਤਾ ਦੇ ਕਾਰਨ ਬਿਨਸਦੇ ਜਗਤ ਨੂੰ ਆਵਾ ਗਵਨ (ਮੁੜਿ ਮੁੜਿ ਜੰਮਣ ਮਰਨ) ਵਿਚ ਪੈਣਾ ਪਊ ।
(੬) ਆਵਾਗਵਨੀ (ਮੁੜਿ ਮੁੜਿ ਮਰਿ ਜਨਮਣੀ) ਅਸੂਲ ਗੁਰਮਤਿ ਦਾ ਮੰਨਿਆ ਦੰਨਿਆ ਸਤ-ਤਤਵੀ ਅਸੂਲ ਹੈ । ਇਹਨਾਂ ਅਸੂਲਾਂ ਤੋਂ ਸਿਰ ਫੇਰਨਾ ਗੁਰਸਿਖਾਂ ਦਾ ਧਰਮ ਨਹੀਂ, ਮਨਮੁਖਾਂ ਦੀ ਮਨਮੁਖਤਾ ਹੈ ।
(੭) ਇਹ ਸ਼ਬਦ ਤਿਨ੍ਹਾਂ ਦੇ ਸਿਰ ਤੇ ਖੜਾ ਹੈ ਜੋ ਗੁਰ-ਸ਼ਬਦ ਤੋਂ ਹੀਣੇ ਬੇਮੁਖ ਹਨ ।

ਗੁਰੂ ਦੇ ਗੁਰਮੁਖਾਂ, ਸ਼ਬਦ-ਮਾਰਗੀ ਭਗਤ ਜਨਾਂ ਨੂੰ ਸਦਾ ਪੰਥੁ ਪਰਗਟਾ ਹੈ । ਪਰਗਟ ਪਾਹਾਰੇ, ਉਹ ਸਹਿਜ ਸੰਵਾਰੇ ਸ਼ਿੰਗਾਰੇ ਹੋਏ ਹਰਿ ਦਰਗਾਹ ਪੈਧੇ ਜਾਂਦੇ ਹਨ । ਕੋਈ ਉਹਨਾਂ ਨੂੰ ਅਟਕਾਉ, ਠਾਕ ਠਹਿਰਾਉ ਹਰਿ ਦਰਗਾਹ ਅੰਦਰ ਨਹੀਂ ਪਾਇ ਸਕਦਾ । ਗੁਰਮਤਿ ਨਾਮ ਸਲਾਹੁਣ-ਹਾਰਿਆਂ ਨੂੰ ਸਦਾ ਹੀ ਦਰਗਾਹ ਅੰਦਰਿ ਸੁਰਖ਼ਰੂਈ ਹੈ । ਗੁਰਮਤਿ ਨਾਮ ਮਨਿ ਵਸਾਉਣਹਾਰਿਆਂ ਦੀ ਸਦਾ ਸਦਾ ਹੀ ਨਾਮ ਵਿਖੇ ਲਿਵਤਾਰ ਜੁੜੀ ਰਹਿੰਦੀ ਹੈ । ਨਾਮ-ਲਿਵ ਸਮਾਧੀ ਸਮਾਧਤਿਆਂ ਨੂੰ "ਅਨਹਦ ਧੁਨੀ ਦਰਿ ਵਜਦੇ" ਸਾਫ਼ ਸੁਣਾਈ ਦਿੰਦੇ ਹਨ । ਤਿਨ੍ਹਾਂ ਨੂੰ ਸਚੀ ਦਰਗਾਹ ਵਿਚ ਸਗੋਂ ਸੱਚੀ ਸੋਭਾ ਵਡਿਆਈ ਮਿਲਦੀ ਹੈ—

ਗੁਰਮੁਖਾ ਨੋ ਪੰਥੁ ਪਰਗਟਾ ਦਰਿ ਠਾਕ ਨ ਕੋਈ ਪਾਇ ॥

ਹਰਿ ਨਾਮੁ ਸਲਾਹਨਿ ਨਾਮੁ ਮਨਿ ਨਾਮਿ ਰਹਨਿ ਲਿਵ ਲਾਇ ॥
ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ ॥੩॥(੪॥੩੩॥੩੧)
[ਸਿਰੀ ਰਾਗੁ ਮ: ੪, ਪੰਨਾ ੪੨

ਕੇਵਲ ਸਤਿਗੁਰੂ ਦੇ ਸੇਵਕਾਂ ਸਿਖਾਂ ਨੂੰ ਹੀ ਅਗੇ ਹਰਿ ਦਰਗਾਹ ਵਿਚ ਥਾਉਂ ਮਿਲਦਾ ਹੈ । ਯਥਾ ਗੁਰਵਾਕ—

"ਜਿਨੀ ਸਤਿਗੁਰੁ ਸੇਵਿਆ ਤਿਨ ਅਗੈ ਮਿਲਿਆ ਥਾਉ ॥" (੪੩)

ਸਤਿਗੁਰ ਤਿਨ੍ਹਾਂ ਨੇ ਹੀ ਸੇਵਿਆ ਹੈ, ਜੋ ਸਤਿਗੁਰ ਦੀ ਸੱਚੀ, ਸਚਿ ਦ੍ਰਿੜ੍ਹਾਈ ਦੀਖਿਆ ਲੈ ਕੇ, ਸੱਚ ਸ਼ਬਦ ਦੇ ਸੇਵਨ ਸਿਮਰਨਹਾਰੇ ਹੋਏ ਹਨ । ਤਿਨ੍ਹਾਂ ਨੂੰ ਅਗਲੇ ਪ੍ਰਮਾਰਥੀ ਲੋਕ ਵਿਖੇ, ਸੱਚੇ ਦੀ ਸੱਚੀ ਦਰਗਾਹ ਵਿਖੇ ਸੱਚਾ ਮੁਖ ਅਸਥਾਨੀ ਥਾਉਂ ਮਿਲਦਾ ਹੈ । ਐਸੇ ਭਗਤ ਜਨਾਂ ਨੂੰ ਵਾਹਿਗੁਰੂ ਆਪਣੀ ਖ਼ਾਸ ਕਿਰਪਾ ਧਾਰ ਕੇ ਸੁਰੱਖਿਅਤ ਰਖਦਾ ਹੈ ਅਤੇ ਤਿਨ੍ਹਾਂ ਦੇ ਹਲਤ (ਇਸ ਲੋਕ) ਵਿਖੇ ਭੀ ਤੇ ਪਲਤ (ਅਗਲੇ-ਲੋਕ) ਵਿਖੇ ਭੀ ਮੁਖ ਉਜਲੇ ਰਖਦਾ ਹੈ । ਹਲਤ ਪਲਤ ਮੁਖ ਉਜਲੇ ਤਿਨ੍ਹਾਂ ਦੇ ਤਾਂ ਰਹਿੰਦੇ ਹਨ, ਕਿਉਂ ਜੁ ਉਹ ਸਾਰੀ ਉਮਰ ਖਿਨ ਖਿਨ ਸਚੀ ਸਿਫਤ-ਸਾਲਾਹ ਰੂਪੀ ਸਿਮਰਨ ਕਮਾਈ ਵਾਲੀ ਕਾਰ ਹੀ ਕਮਾਉਂਦੇ ਰਹਿੰਦੇ ਹਨ ਅਤੇ ਸੱਚੇ ਦੇ ਗੁਣ (ਗੁਰਬਾਣੀ ਗਾਵਣ ਰੂਪੀ) ਸਾਰਾਉਂਦੇ ਸਿਫਤਾਉਂਦੇ ਰਹਿੰਦੇ ਹਨ । ਯਥਾ ਗੁਰਵਾਕ—

ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ ॥
ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣ ਸਾਰਿ ॥੪॥੧੧॥੮੧॥
[ਸਿਰੀ ਰਾਗੁ ਮ: ੫, ਪੰਨਾ ੪੬

ਗੁਰਮੁਖ ਭਗਤ ਸੰਤ ਜਨਾਂ ਗੁਰਭਾਈਆਂ ਨੂੰ ਪ੍ਰਸਪਰ ਮਿਲ ਕੇ ਸਦਾ ਨਾਮ ਸੰਮਾਲਣ ਦਾ ਇਉਂ ਹੁਕਮ ਹੈ । ਯਥਾ ਗੁਰਵਾਕ—

ਸੰਤ ਜਨਹੁ ਮਿਲਿ ਭਾਈਹੋ ਸਚਾ ਨਾਮੁ ਸਮਾਲਿ ॥
ਤੋਸਾ ਬੰਧਹੁ ਜੀਅ ਕਾ ਐਥੈ ਓਥੈ ਨਾਲਿ ॥...੧॥(੪॥੨੦॥੯੦)
[ਸਿਰੀ ਰਾਗੁ ਮ: ੫, ਪੰਨਾ ੪੯

ਇਸ ਗੁਰਵਾਕ ਤੋਂ ਇਹ ਸਚਿਆਈ ਭੀ ਚੀਨੀ ਗਈ ਹੈ ਕਿ ਸੱਚਾ ਨਾਮ ਹੀ ਸੱਚਾ ਤੋਸ਼ਾ ਹੈ, ਜੋ ਐਥੇ (ਇਸ ਲੋਕ ਵਿਖੇ) ਓਥੇ (ਉਸ ਅਗਲੇ ਲੋਕ ਵਿਖੇ) ਨਾਲਿ ਨਿਭਣ ਵਾਲਾ ਹੈ । ਹੋਰ ਕਾਈ ਸ਼ੈ ਨਹੀਂ, ਜੋ ਐਥੇ ਓਥੇ ਨਾਲਿ ਨਿਭ ਸਕੇ । ਜਿਨ੍ਹਾਂ ਗੁਰਮੁਖ ਜਨਾਂ ਨੂੰ ਸਚੜੇ ਨਾਮ ਦਾ ਅਧਾਰ ਆਇਆ ਹੈ, ਓਹਨਾਂ ਦੀਆਂ ਸਭੇ

ਸਾਰੀਆਂ ਭੁੱਖਾਂ ਐਥੇ ਹੀ ਗਵਾਈਆਂ ਗਈਆਂ ਹਨ ਅਤੇ ਅਗੇ ਚਲ ਕੇ ਭੀ ਤਿਨ੍ਹਾਂ ਨੂੰ ਨਾਮ ਦਾ ਹੀ ਅਧਾਰ ਰਹਿਣਾ ਹੈ। ਨਾਲਿ ਨਿਭਣ ਵਾਲੀ ਹਲਤ-ਪਲਤੀ ਤੱਤ ਵਸਤੂ ਨਾਮ ਹੀ ਹੈ। ਪਰ ਇਹ ਤੱਤ ਵਸਤੂ ਨਾਮ ਦੀ (ਗੁਰਮਤਿ ਨਾਮ ਦੀ) ਤਿਨ੍ਹਾਂ ਨੂੰ ਹੀ ਮਿਲਦੀ ਹੈ, ਜਿਨ੍ਹਾਂ ਨੂੰ ਸੱਚੇ ਸਤਿਗੁਰੂ ਦੀ ਸੱਚੀ ਪ੍ਰਾਪਤੀ ਹੈ। ਗੁਰੂ ਨਾਨਕ ਦਾ ਦਰ ਘਰ ਹੀ ਸੱਚਾ ਸਤਿਗੁਰੂ-ਦੁਆਰਾ ਹੈ। ਹੋਰ ਰਾਧਾ ਸੁਆਮੀ ਆਦਿ ਮਤ ਕੂੜਾਵੇ ਪਰਪੰਚ ਪਸਾਰੇ ਹੀ ਹਨ, ਜੋ ਆਪੇ ਗੁਰੂ ਬਣਿ ਬਣਿ ਬਹਿੰਦੇ ਹਨ ਤੇ ਫੋਕੀਆਂ ਡੀਂਗਾਂ ਗੁਰੂ ਬਣਨ ਦੀਆਂ ਮਾਰਦੇ ਹਨ। ਇਸ ਸੰਸਾਰ ਵਿਚ ਆਏ ਸੇਈ ਜਨ ਹੀ ਪਰਵਾਨ ਹਨ, ਜਿਨ੍ਹਾਂ ਨੂੰ ਗੁਰੂ ਨਾਨਕ ਦਰੋਂ ਘਰੋਂ ਦਰਸਾਈ ਸੱਤਤਾ ਵਾਲਾ ਸੱਚਾ ਸਤਿਗੁਰੂ ਮਿਲਿਆ ਹੈ ਅਤੇ ਸੁਭਾਇ ਹੀ ਮਿਲਿਆ ਹੈ, ਪੂਰਬਲੇ ਸੁਭ ਕਰਮਾਂ ਕਰਿ ਭਾਇ ਸੁਭਾਇ ਹੀ ਮਿਲਿਆ ਹੈ। ਤਿਨ੍ਹਾਂ ਨੂੰ ਗੁਰਦਵਾਰਿਓਂ ਸਚੜਾ ਨਾਮ ਪ੍ਰਾਪਤ ਹੁੰਦਾ ਹੈ। ਨਾਮ ਦੀ ਕਮਾਈ ਕਰਿ ਕਰਿ ਉਹ ਨਾਮ ਰੰਗਾਂ ਵਿਚ ਰੱਤੇ ਜਾਂਦੇ ਹਨ। ਨਾਮ ਰੰਗਿ ਰੱਤਿਆਂ, ਸਚੇ ਸੇਤੀ ਰਤਿਆਂ ਨੂੰ ਹੀ ਹਰਿ ਦਰਗਾਹੇ ਬੈਸਣ ਲਈ ਸੱਚੀ ਜਾਇ ਥਾਇ ਮਿਲਦੀ ਹੈ। ਯਥਾ ਗੁਰਵਾਕ—

ਆਏ ਸੇ ਪਰਵਾਣੁ ਹਹਿ ਜਿਨ ਗੁਰੁ ਮਿਲਿਆ ਸੁਭਾਇ ॥
ਸਚੇ ਸੇਤੀ ਰਤਿਆ ਦਰਗਹ ਬੈਸਣੁ ਜਾਇ ॥੩॥(੪॥੨੮॥੯੮)
[ਸਿਰੀ ਰਾਗੁ ਮ: ੫, ਪੰਨਾ ੫੨

ਬਸ ਹਲਤ ਪਲਤ ਵਿਖੇ, ਐਥੇ ਭੀ ਓਥੇ ਭੀ, ਇਸ ਲੋਕ ਵਿਖੇ ਭੀ ਅਤੇ ਪਰਲੋਕ (ਅਗਲੇ ਲੋਕ) ਵਿਖੇ ਭੀ ਸਚੇ ਨਾਮ ਦੁਆਰਾ ਹੀ ਛੁਟਕਾਰਾ ਹੈ। ਸਿੱਖਾਂ, ਭਾਈਆਂ, ਸੰਤ ਜਨਾਂ ਨੇ ਇਸ ਗੁਰਮਤਿ ਸੱਚੀ ਮਤੜੀ ਨੂੰ ਸੱਤ ਕਰ ਕੇ ਮੰਨਿਆ ਹੈ। ਗੁਰਮਤਿ ਨਾਮ ਹੀ ਗੁਰਸਿਖਾਂ ਲਈ ਸੱਚਾ ਤੀਰਥ ਹੈ ਅਤੇ ਗੁਰਮਤਿ ਨਾਮ ਸਲਾਹੁਣਾ ਹੀ ਗੁਰਸਿਖਾਂ ਸੰਤਾਂ ਲਈ ਗੁਰ-ਚਰਣਾਂ ਦਾ ਸ੍ਰੇਵਣਾ ਹੈ। ਯਥਾ ਗੁਰਵਾਕ—

ਸੰਤ ਜਨਹੁ ਸੁਣਿ ਭਾਈਹੋ ਛੂਟਨੁ ਸਾਚੈ ਨਾਇ ॥
ਗੁਰ ਕੇ ਚਰਣ ਸਰੇਵਣੇ ਤੀਰਥ ਹਰਿ ਕਾ ਨਾਉ ॥
ਆਗੈ ਦਰਗਹਿ ਮੰਨੀਅਹਿ ਮਿਲੈ ਨਿਥਾਵੇ ਥਾਉ ॥੧॥
[ਸਿਰੀ ਰਾਗੁ ਮ: ੫, ਪੰਨਾ ੫੨-੫੩

ਇਸ ਗੁਰਵਾਕ ਦੁਆਰਾ ਸਪੱਸ਼ਟ ਨਿਰਣੈ ਹੋਇਆ ਕਿ ਸੱਚ ਨਾਇ ਨਿਸਤਾਰਿਆਂ ਨੂੰ ਹੀ (ਜਿਨ੍ਹਾਂ ਦਾ ਨਾਮ ਦੁਆਰਾ ਨਿਸਤਾਰਾ ਹੋਇਆ ਹੈ) ਸੱਚੀ ਦਰਗਾਹ ਅੰਦਰਿ ਢੋਈ ਮਿਲਦੀ ਹੈ, ਸੇਈ ਸੱਚੀ ਦਰਗਾਹ ਅੰਦਰਿ ਮੰਨੇ ਪਰਮੰਨੇ ਜਾਂਦੇ ਹਨ। ਜਿਨ੍ਹਾਂ ਨਿਮਾਣਿਆਂ, ਨਿਤਾਣਿਆਂ, ਨਿਥਾਵਿਆਂ ਨੂੰ ਕਿਤੇ ਭੀ ਢੋਈ ਨਹੀਂ


www.sikhbookclub.com

ਮਿਲਦੀ, ਤਿਨ੍ਹਾਂ ਨੂੰ ਗੁਰਮਤਿ ਨਾਮ ਦੀ ਅਭਿਆਸ ਕਮਾਈ ਦੇ ਤੁਫ਼ੈਲ ਅਗਲੀ ਸੱਚੀ ਦਰਗਾਹ ਵਿਚ ਸੱਚਾ ਸੁਥਾਉਂ ਮਿਲੇਗਾ, ਜ਼ਰੂਰ ਮਿਲੇਗਾ । ਇਹ ਸਤਿਗੁਰੂ ਪਦ ਪਰਤੀਤਿਆ ਸੱਚ, ਮੁਖ ਉਚਾਰਿਆ ਮਹਾਂਵਾਕ ਹੈ, ਜੋ ਸਾਰਾ ਸੱਚ ਹੈ ਅਤੇ ਸਦਾ ਸੱਚ ਹੀ ਵਰਤਦਾ ਹੈ । 'ਆਗੈ' ਅਤੇ 'ਦਰਗਹਿ' ਨਾਉਂ ਦੇ ਦੋਈ ਅੱਖਰ ਇਕੱਠੇ ਆਉਣ ਕਰਿ, "ਆਗੈ ਦਰਗਹਿ" ਇਸ ਬਿਧ ਆਉਣ ਕਰਿ ਮਾਨੋ ਇਸ ਗੁਰਮਤਿ ਤੱਤ ਨਿਸਚੇ ਦੀ ਹੀ ਪ੍ਰੋੜ੍ਹਤਾ ਦਿਵਾਈ ਗਈ ਹੈ ਕਿ ਸੱਚੀ ਦਰਗਾਹ ਅਗਲੇ ਲੋਕ(ਪਰਲੋਕ) ਵਿਚ ਹੈ । ਇਸ ਪਰਲੋਕ ਦੀ ਦਰਗਾਹ ਬਿਨਾਂ ਹੋਰ ਕੋਈ ਸੱਚੀ ਦਰਗਾਹ ਨਹੀਂ । ਇਸ ਲੋਕ ਵਿਖੇ ਜੋ ਦਰਗਾਹਾਂ ਹਨ ਸੋ ਸਭ ਝੂਠੀਆਂ ਦਰਗਾਹਾਂ ਹਨ । ਇਸ ਗੁਰਵਾਕ ਦੇ ਸੱਚੇ ਚਾਨਣੇ ਤਲੇ ਉਹ ਲੋਕ ਕਿਤਨੇ ਝੂਠੇ ਤੇ ਬਕਵਾਸੀ ਤੇ ਕਮਲੇ ਹਨ, ਜੋ ਮਨ-ਮਤਸਰੀ ਹੋ ਕੇ ਇਹ ਕਹੀ ਜਾਂਦੇ ਹਨ ਕਿ ਜੋ ਕੁਝ ਹੈ ਸੋ ਇਥੇ ਹੀ ਹੈ, ਏਸੇ ਦੁਨੀਆ ਅੰਦਰਿ ਹੀ ਹੈ, ਅਗੇ ਨਾ ਕੋਈ ਅੱਗਾ ਹੈ ਨਾ ਅਗਲੀ ਦਰਗਾਹ ਹੈ, ਅਗੇ ਨਾ ਕੋਈ ਨਿਆਉਂ ਨਿਬੇੜਾ ਹੈ ਨਾ ਦੂਤ ਦੁਤੇੜਾ ਹੈ । ਪਰ ਉਨ੍ਹਾਂ ਨੂੰ ਪਤਾ ਲਗੂ ਅਗੇ ਚੱਲ ਕੇ, ਤਿਨ੍ਹਾਂ ਨਾਲਿ ਕੀ ਵਰਤੇਗੀ ? ਉਹ ਕੁਝ ਵਰਤਣ ਵਰਤੇਗੀ ਜੈਸਾ ਕਿ ਅਗਲੇਰੇ ਗੁਰਵਾਕ ਦਾ ਭਾਵ ਹੈ । ਜ਼ਰੂਰ ਵਰਤੇਗੀ, ਸਤਿ ਕਰਿ ਜਾਨਣਾ ।

ਸਤਿਗੁਰੁ ਜਿਨੀ ਨ ਸੇਵਿਓ ਸੇ ਕਿਤੁ ਆਏ ਸੰਸਾਰਿ ॥
ਜਮਦਰਿ ਬਧੇ ਮਾਰੀਅਹਿ ਕੂਕ ਨ ਸੁਣੈ ਪੁਕਾਰਿ ॥
ਬਿਰਥਾ ਜਨਮੁ ਗਵਾਇਆ ਮਰਿ ਜੰਮਹਿ ਵਾਰੋ ਵਾਰਿ ॥੫॥

[ਸਿਰੀ ਰਾਗੁ ਮ: ੩, ਪੰਨਾ ੬੯-੭੦

ਇਸ ਗੁਰਵਾਕ ਅੰਦਰਿ ਇਹ ਸਚਿਆਈਆਂ ਦਰਸਾਈਆਂ ਗਈਆਂ ਹਨ—

(੧) ਕਿ ਜਿਨ੍ਹਾਂ ਨੇ ਸਤਿਗੁਰੂ ਦਾ ਸਚਾ ਸਿਖ ਬਣ ਕੇ ਅਤੇ ਸਤਿਗੁਰੂ ਦਾ ਆਗਿਆਕਾਰੀ ਸੇਵਕ ਹੋਇਕੈ ਸਤਿਗੁਰੂ ਦੀ ਸੱਚੀ ਸਿਮਰਨ ਰੂਪੀ ਸੇਵਾ ਭਗਤਿ ਕਮਾਈ ਨਹੀਂ ਕੀਤੀ, ਤਿਨ੍ਹਾਂ ਦਾ ਸੰਸਾਰ ਤੇ ਆਉਣਾ ਤੇ ਮਾਨੁਖਾ ਜੂਨ ਪਾਉਣਾ ਹੀ ਬਿਰਥਾ ਗਿਆ, ਤਿਨ੍ਹਾਂ ਨੇ ਮਾਨੁਖਾ ਜਨਮ ਬਿਰਥਾ ਗੰਵਾਇਆ ਹੈ ।

(੨) ਤਿਨ੍ਹਾਂ ਨੂੰ ਬਾਰੰ ਬਾਰ ਆਵਾਗਉਣ (ਜੰਮਣ ਮਰਣ, ਮਰਣ ਜੰਮਣ) ਵਿਚ ਪੈਣਾ ਪਊ ।

(੩) ਤਿਨ੍ਹਾਂ ਨੂੰ ਹਰਿ ਦਰਗਹਿ ਢੋਈ ਨਹੀਂ ਮਿਲਣੀ ।

(੪) ਤਿਨ੍ਹਾਂ ਨੂੰ ਜਮਦਰ ਅੰਦਰ ਖੁਆਰ ਹੋਣਾ ਪਏਗਾ । ਓਹਨਾਂ ਨੂੰ ਬੰਨ੍ਹ ਕੇ

(ਓਹਨਾਂ ਦੀਆਂ ਮੁਸ਼ਕਾਂ ਕਸ ਕੇ) ਜਮਦਰ ਵਿਖੇ ਲੈ ਜਾਇਆ ਜਾਊ, ਜਿਥੇ ਓਹਨਾਂ ਨੂੰ ਐਸੀ ਮਾਰ ਪਵੇਗੀ ਕਿ ਓਹ ਹਾਇ ਤੌਬਾ ਦੀ ਕੂਕ ਪੁਕਾਰ ਰੋਇ ਰੋਇ ਬਿਲਲਾਇ ਬਿਲਲਾਇ ਕੇ ਕਰਨਗੇ ਤੇ ਦੁਹਾਈਆਂ ਦੇਣਗੇ, ਪਰ ਤਿਨ੍ਹਾਂ ਦੀ ਕੂਕ ਪੁਕਾਰ ਕੋਈ ਨਾ ਸੁਣੇਗਾ ।

ਜਮ ਦੁਆਰ ਵਿਖੇ ਮੁਗਦਰਾਂ ਦੀ ਮਾਰ ਪੈਂਦੀ, ਇਸ ਲੋਕ ਵਿਖੇ ਵਸਦੇ ਦਿੱਬ ਦ੍ਰਿਸ਼ਟੇ ਸੰਤ ਜਨਾਂ ਨੇ ਦੇਖੀ ਹੈ । ਜੀਵਨ-ਮੁਕਤ ਗੁਰੂ ਘਰ ਦੇ ਅਨਿੰਨ ਸਿਖ ਸੰਤ ਜਨ ਗੁਰਪੁਰ ਨਿਵਾਸੀ ਸੰਤ ਸ਼ਾਮ ਸਿੰਘ ਜੀ ਨੇ ਆਪਣੀ ਲਿਵ ਸਮਾਧੀ ਅੰਦਰਿ ਪਰਤੱਖ ਦੇਖੇ ਨਜ਼ਾਰੇ ਦਾ ਬਿਰਤਾਂਤ ਨਿਜ ਲੇਖਣੀ ਤੋਂ ਲਿਖ ਕੇ ਵਰਨਣ ਕੀਤਾ ਹੈ । ਜਿਸ ਵਿਚ ਊਠਾਂ ਉਤੇ ਨਰੜ ਕੇ ਲੱਦੇ ਹੋਏ ਕਤਾਰਾਂ ਦੀਆਂ ਕਤਾਰਾਂ ਅਜਿਹੇ ਅਭਾਗਿਆਂ ਦੀਆਂ ਦੇਖੀਆਂ ਹਨ, ਜਿਨ੍ਹਾਂ ਤੇ ਮੁਗਦਰਾਂ ਦੁਆਰਾ ਜਮਾਂ ਦੀ ਮਾਰ ਪੈਂਦੀ ਦੇਖੀ ਹੈ ਅਤੇ ਉਹ ਬਿਲਲਾਉਂਦੇ ਤੇ ਕੂਕਦੇ ਕੁਰਲਾਉਂਦੇ ਸੁਣੇ ਹਨ । ਤ੍ਰਾਸਮਾਨ ਹੋ ਕੇ ਸੰਤ ਜੀ ਮਹਾਰਾਜ ਨੇ ਜਦੋਂ ਦੇਵਗਣਾਂ ਤੋਂ ਪੁਛਿਆ ਕਿ ਇਹ ਕਉਣ ਲੋਕ ਹਨ, ਜਿਨ੍ਹਾਂ ਤੇ ਅਜਿਹੀ ਮਾਰ ਪੈਂਦੀ ਹੈ । ਤਾਂ ਓਹਨਾਂ ਨੇ ਦਸਿਆ ਕਿ ਏਹ ਓਹ ਨਿਗੁਰੇ, ਨਿਗੋਸਾਏ, ਪਰਪੰਚੀ, ਪਾਖੰਡੀ ਲੋਗ ਹਨ ਜਿਨ੍ਹਾਂ ਨੇ ਮਾਤ ਲੋਕ ਵਿਖੇ ਜਾਇ ਕੇ ਆਪਣੇ ਆਪ ਨੂੰ ਅਣਹੋਂਦਾ ਗੁਰੂ ਸਦਵਾਇਆ ਅਤੇ ਆਪਣੇ ਨਾਮ-ਸੰਗ ਮੁਰੀਦਾਂ ਚੇਲਿਆਂ ਨੂੰ ਕੁਮਾਰਗੇ ਪਾਇਆ, ਸਿਵਾਏ ਆਪਣੇ ਪੈਰ ਪੁਜਾਉਣ ਤੋਂ ਅਤੇ ਚੇਲਿਆਂ ਦੀ ਉੱਨ ਲਾਹੁਣ ਤੋਂ ਹੋਰ ਕੋਈ ਕਰਮ ਨਹੀਂ ਕਰਵਾਇਆ, ਨਾ ਨਾਮ ਜਪਿਆ ਨਾ ਜਪਾਇਆ । ਨਾਮ-ਹੀਣ ਨਕਟ-ਪੰਥੀ ਮੀਣਿਆਂ ਦੀ ਇਹ ਦਸ਼ਾ ਦੇਖ ਕੇ ਸਿਰੀ ਸੰਤ ਜੀ ਮਹਾਰਾਜ ਬੜੇ ਹੀ ਭੈਮਾਨ ਹੋਏ । ਇਹ ਦ੍ਰਿਸ਼ਟਾਂਤ ਆਪਣੀ ਅੱਖੀਂ ਦੇਖ ਕੇ ਓਹਨਾਂ ਨੇ ਅਗੇ ਨੂੰ ਪ੍ਰਣ ਕਰ ਲਿਆ ਕਿ ਕਿਸੇ ਨੂੰ ਆਪਣੇ ਚਰਨਾਂ ਨੂੰ ਛੂਹਣ ਤਕ ਨਹੀਂ ਦੇਣਾ ।

ਅਸੀਂ ਇਹ ਬਿਰਤਾਂਤ ਸੁਣਾਇ ਕੇ ਅਤੇ ਹੋਰ ਨਿਜ-ਬੀਤੀਆਂ ਨਿਜ ਲੋਇਣੀ ਦ੍ਰਿਸ਼ਟੀਆਂ ਸ਼ਾਹਦੀਆਂ ਦੇ ਦੇ ਕੇ ਕਈ ਇਕ ਭੁਲੜ ਪਰਪੰਚੀਆਂ ਨੂੰ ਆਪਣੇ ਆਪ ਤਾਈਂ ਗੁਰੂ ਸਦਾਉਣੋਂ ਵਰਜਿਆ । ਪਰ ਜਿਨ੍ਹਾਂ ਨੂੰ ਫਿਟਕਾਂ ਵਗੀਆਂ ਹੋਈਆਂ ਹਨ ਉਹ ਕਾਹਨੂੰ ਹਟਾਏ ਹਟਦੇ ਹਨ, ਓਹਨਾਂ ਦੇ ਭਾਗ ਧੁਰ ਮੰਦੇ । ਪਸਰਿਆ ਹੋਇਆ ਪਰਪੰਚ ਓਹਨਾਂ ਦੀ ਅੱਖ ਸਚਾਈ ਵਲੋਂ ਉਘੜਨ ਨਹੀਂ ਦਿੰਦਾ । ਜਿਹੜੇ ਲੋਗ ਏਹਨਾਂ ਗੱਲਾਂ ਨੂੰ ਨਹੀਂ ਮੰਨਦੇ ਓਹਨਾਂ ਦਾ ਆਮ ਇਤਰਾਜ਼ ਇਹ ਹੁੰਦਾ ਹੈ ਕਿ 'ਪੰਜ ਭੂਤਕ ਸਰੀਰ ਤਾਂ ਏਥੇ ਹੀ ਰਹਿ ਜਾਂਦਾ ਹੈ, ਅਗੇ ਜਾ ਕੇ ਮਾਰ ਕਿਸ ਨੂੰ

ਪੈਂਦੀ ਹੈ ? ਇਹ ਸਭ ਗੱਪਾਂ ਹਨ ।' ਇਉਂ ਕਹਿ ਕੇ ਉਹ ਚਿਤ ਪਰਚਾਉਂਦੇ ਹਨ, ਪਰ ਓਹਨਾਂ ਨੂੰ ਇਹ ਨਹੀਂ ਪਤਾ ਕਿ ਇਸ ਅਸਥੂਲ ਸਰੀਰ ਤੋਂ ਛੁਟ ਇਕ ਹੋਰ ਸੂਖਮ ਸਰੀਰ ਭੀ ਹੈ, ਜੋ ਇਹ ਸਰੀਰ (ਅਸਥੂਲ) ਛਡਿਆਂ ਅਗਾਹਾਂ ਜੀਵਾਂ ਦੇ ਨਾਲ ਜਾਂਦਾ ਹੈ । ਦੁਖ ਸੁਖ ਤਾਂ ਸਾਡਾ ਆਤਮੀ ਸੂਖਮ ਸਰੀਰ ਹੀ ਮਹਿਸੂਸ ਕਰਦਾ ਹੈ । ਜੇ ਅਸਥੂਲ ਸਰੀਰ ਕਰੇ ਤਾਂ ਉਹ ਜੀਵ-ਆਤਮਾ ਤੋਂ ਵਿਛੜਿਆ ਹੋਇਆ, ਅਰਥਾਤ ਮੁਰਦਾ ਹੋ ਕੇ ਫੇਰ ਕਿਉਂ ਮਹਿਸੂਸ ਨਹੀਂ ਕਰਦਾ । ਉਸ ਨੂੰ ਚਾਹੇ ਚੀਰੋ ਫਾੜੋ ਅਤੇ ਅਗਨੀ ਵਿਚ ਦਾਹ ਕਰੋ । ਤਾਂ ਤੇ ਸਿਧ ਹੋਇਆ ਕਿ ਜੀਂਵਦਿਆਂ ਮੋਇਆਂ ਦੁਖ ਸੁਖ ਮੰਨਣਹਾਰਾ ਸਰੀਰ ਹੋਰ ਹੈ, ਇਹ ਅਸਥੂਲੀ ਪਰਕ੍ਰਿਤ ਵਾਲਾ ਸਰੀਰ ਨਹੀਂ । ਮਰਨ ਸਾਰ ਸਰੀਰ ਵਿਚੋਂ ਨਿਰੀ ਫੋਕੀ ਫੂਕ ਹੀ ਨਹੀਂ ਨਿਕਲ ਜਾਂਦੀ, ਜਿੰਦ ਨਿਮਾਣੀ ਸੂਖਮ ਸਰੀਰ ਨੂੰ ਨਾਲ ਲੈ ਕੇ ਨਿਕਲਦੀ ਹੈ ਤੇ ਉਹ ਜਨਮ ਜਨਮਾਂਤਰਾਂ ਵਿਖੇ ਭਟਕਦੀ ਫਿਰਦੀ ਹੈ ਅਤੇ ਓਹੀ ਜਮਦਰ ਬੱਧੀ ਚੋਟਾਂ ਖਾਂਦੀ ਹੈ । ਪਰਤਿਆ ਕੇ ਜਿਨ੍ਹਾਂ ਨੇ ਦੇਖਣਾ ਹੋਵੇ ਤਾਂ ਦਿਬ ਦ੍ਰਿਸ਼ਟੇ ਸੂਖਮ ਸ੍ਰਿਸ਼ਟੇ ਹੋ ਕੇ ਦੇਖ ਲੈਣ । ਪਰ ਅਨਿੰਨ ਸਿਖਾਂ ਨੂੰ ਏਹਨਾਂ ਖਲਜਗਣਾਂ ਵਿਖੇ ਮਿਥ ਕੇ ਪੈਣ ਦੀ ਕੀ ਲੋੜ ਹੈ ? ਸੁਤੇ ਸਿਧ ਕੋਈ ਚਮਤਕਾਰ ਹੋ ਜਾਏ ਤਾਂ ਹੋ ਜਾਏ । ਨਹੀਂ ਤਾਂ ਏਧਰ ਚਿਤਵਨੀ ਦੇਣ ਦੀ ਰੁਚੀ ਕਰਨੀ ਹੀ ਫ਼ਜ਼ੂਲ ਹੈ, ਜਦ ਕਿ ਗੁਰਮਤਿ ਦਾ ਮੰਨਿਆ ਪਰਮੰਨਿਆ ਅਟੱਲ ਅਸੂਲ ਸਾਡੇ ਸਾਹਮਣੇ ਮਉਜੂਦ ਹੈ, ਜੋ ਅਸਾਡੇ ਧੁਰੋਂ ਆਏ ਸਤਿਗੁਰਾਂ ਨੇ ਸ਼ਾਹਦੇ-ਹਾਲ ਦੇਖ ਕੇ ਗੁਰਸਿਖਾਂ ਪ੍ਰਤੀ ਗੁਰਬਾਣੀ ਦੁਆਰਾ ਦਰਸਾਇਆ ਦ੍ਰਿੜ੍ਹਾਇਆ ਹੈ । ਸਤਿਗੁਰੂ ਫ਼ੁਰਮਾਉਂਦੇ ਹਨ ਕਿ ਗੁਰੂ ਤੋਂ ਬੇਮੁਖ, ਅਨ-ਆਗਿਆਕਾਰੀ, ਗੁਰ ਦੀਖਿਆ ਤੋਂ ਆਕੀ ਪੁਰਸ਼ ਜਮ ਦਰਿ ਬਧੇ ਮਾਰੀਅਨਗੇ । ਬਸ, ਉਸ ਫ਼ੁਰਮਾਨ ਨੂੰ ਸਤਿ ਸਤਿ ਕਰ ਕੇ ਮੰਨੋ ਕਿ ਸੱਚ ਸਹੀ ਇਹੀ ਹਾਲ ਹੋਵੇਗਾ ਸਤਿਗੁਰੂ ਤੋਂ ਆਕੀ ਮਨਮੁਖੀ ਬੇਮੁਖੀਆਂ ਦਾ, ਜੋ ਸਤਿਗੁਰੂ ਨੇ ਬਾਣੀ ਅੰਦਰ ਖੋਲ੍ਹ ਕੇ ਦਸਿਆ ਹੈ । ਪਰ ਪਾਜਲ ਬੁਧੀਸ਼ਰਾਂ (ਗਧੇ ਬੁਧੀ ਵਾਲਿਆਂ) ਨੂੰ ਇਹ ਸਭ ਪਾਜ ਹੀ ਜਾਪਦੇ ਹਨ । ਉਹ ਗੁਰਸਿਖੀ ਤੋਂ ਬਹੁਤ ਦੂਰ ਪਰੇਡੇ ਹਨ । ਗੁਰਸਿਖੀ ਦੇ ਨੇੜੇ ਨਹੀਂ ਢੁੱਕੇ, ਤਿਨ੍ਹਾਂ ਨੂੰ ਗੁਰੂ ਸਚੇ ਪਾਤਸ਼ਾਹ ਦੇ ਧੁਰੋਂ ਆਏ ਫ਼ੁਰਮਾਨਾਂ ਉਤੇ ਪਤੀਜ ਪ੍ਰਤੀਤ ਨਹੀਂ ਆਈ ।

ਗੁਰਮੁਖਾਂ ਨਾਮ ਨਿਵਾਸੀਆਂ ਨੂੰ ਅਗਲੀ ਦਰਗਾਹੇ ਕੋਈ ਪੁਛ ਗਿਛ ਨਹੀਂ ਹੁੰਦੀ, ਕਿਉਂਕਿ ਉਹਨਾਂ ਦਾ ਬੇਲੀ ਗੁਰੂ ਕਰਤਾਰ ਆਪ ਹੁੰਦਾ ਹੈ । ਐਸਾ ਗੁਰਮਤਿ ਨਾਮ ਧਨ ਨਿਰਮਲਾ ਹੈ, ਪਰ ਦੇਵਨਹਾਰ ਦਾਤਾਰ ਜਿਸ ਨੂੰ ਦੇਵੇ ਸੋਈ ਵਡਭਾਗਾ ਜਨ ਇਸ ਨਾਮ ਧਨ ਤੋਂ ਵਰੋਸਾਉਂਦਾ ਹੈ । ਪਰ ਬਖ਼ਸ਼ਣਹਾਰ, ਹਰਿ ਦਰਗਾਹਿ ਸੁਰਖ਼ਰੂ ਕਰਾਵਣਹਾਰ ਅਤੇ ਜਮ ਜਾਗਾਤੀਓਂ

ਛੁਡਾਵਣਹਾਰ, ਚੁਰਾਸੀ ਦੇ ਗੇੜ ਮੁਕਾਵਣਹਾਰ ਆਪ ਹੀ ਸੱਚਾ ਨਦਰੀ ਨਦਰ ਨਿਹਾਲੜਾ ਪੁਰਖ ਕਰਤਾਰ ਹੈ। ਯਥਾ ਗੁਰਵਾਕ—

ਰਾਮ ਨਾਮੁ ਧਨੁ ਨਿਰਮਲੋ ਜੇ ਦੇਵੈ ਦੇਵਣਹਾਰੁ ॥
ਆਗੈ ਪੂਛਿ ਨ ਹੋਵਈ ਜਿਸੁ ਬੇਲੀ ਗੁਰੁ ਕਰਤਾਰੁ ॥
ਆਪਿ ਛਡਾਏ ਛੁਟੀਐ ਆਪੇ ਬਖਸਣਹਾਰੁ ॥੨॥(੮॥੧੫)
[ਸਿਰੀ ਰਾਗੁ ਮ: ੧, ਪੰਨਾ ੬੨-੬੩

ਅਗਲੀ ਦਰਗਾਹੇ ਭਗਤ ਜਨਾਂ ਗੁਰਮੁਖਾਂ ਦਾ ਬਿਸਰਾਮ ਧਾਮ ਭੀ ਹੈ। ਹੋਰ ਕਿਤੇ ਐਵੇਂ !! ਬੜਾ ਸੁੰਦਰ ਸੁਆਮੀ ਧਾਮ ਹੈ। (ਮਤ ਕਿਤੇ ਸਮਝ ਲੈਣਾ ਕਿ ਇਹ ਰਾਧਾ ਸੁਆਮੀਆਂ ਦਾ ਕਲਪਤ ਸੁਆਮੀ ਧਾਮ ਹੈ। ਰਾਧਾ ਸੁਆਮੀ ਤਾਂ ਐਵੇਂ ਹੀ ਇਥੇ ਲਿਖੇ ਸੁਆਮੀ ਪਦ, ਤੇ ਗੁਰਬਾਣੀ ਅੰਦਰਿ ਆਏ ਉਸ ਪਦ ਨੂੰ ਰਾਧਾ ਸੁਆਮੀਆਂ ਨਾਲ ਕਲਪਤ ਕਰ ਲੈਂਦੇ ਹਨ।) ਇਹ ਗੁਰੂ ਘਰ ਦੇ ਗੁਰਮੁਖ ਜਨਾਂ ਦਾ ਹੀ ਬਿਸਰਾਮ ਅਸਥਾਨ ਹੈ, ਜਿਸ ਅਸਥਾਨ ਦੀ ਪਰਾਪਤੀ ਲਈ ਗੁਰਮੁਖ ਪਿਆਰੇ ਆਸਾ ਲਗ ਜੀਂਵਦੇ ਹਨ। ਏਸ ਸੁਹਾਵਣੀ ਆਸਾ ਵਿਚ ਮਨੋਂ ਤਨੋਂ ਗਲਤਾਨ ਹੋਇ ਸਿਮਰਨ ਰਸ ਅੰਦਰਿ ਥਿਰ ਰਹੀਵਤੇ ਅੰਮ੍ਰਿਤ ਪੀਵਤੇ ਜੀਵਨ ਪਦ ਇਸ ਲੋਕ ਵਿਖੇ ਹੀ ਮਾਣਦੇ ਹਨ। ਅੰਮ੍ਰਿਤ ਰਸ ਪੀਵਤੇ ਹੋਏ ਸਦਾ ਥਿਰ ਥੀਵਤੇ ਹੈਂ। ਤਿਨ੍ਹਾਂ ਨੇ ਬਿਖੇ ਬਨੁ ਸਭੁ ਫੀਕਾ ਜਾਣਿਆ ਹੈ ਅਤੇ ਮਨ ਬਚ ਕਰਮ ਕਰਕੇ ਫੀਕਾ ਜਾਣਿਆ ਹੈ। ਤਿਨ੍ਹਾਂ ਉਤੇ ਗੋਪਾਲ ਦਇਆਲ ਪ੍ਰਭ ਮੇਰੇ ਕ੍ਰਿਪਾਲ ਭਏ ਹੈਂ। ਤਿਨ੍ਹਾਂ ਨੇ ਇਸ ਨਵਨਿਧ ਨਾਮ ਦੀ ਕਮਾਈ ਸਾਧ ਸੰਗਤਿ ਵਿਚ ਰਹਿ ਕੇ ਬਹਿ ਕੇ ਕੀਤੀ ਹੋਈ ਹੁੰਦੀ ਹੈ, ਜਿਥੇ ਕਿ ਨਾਮ ਨਿਧਾਨ ਅੰਮ੍ਰਿਤ ਰਸ ਉਹਨਾਂ ਨੇ ਖ਼ੂਬ ਗਹਿ ਕੇ ਮਾਣਿਆ ਹੁੰਦਾ ਹੈ। ਤਿਨ੍ਹਾਂ ਸਰਬਸੇ ਸੁਖ ਅਨੰਦ ਘਨ ਪਿਆਰਿਆਂ ਨੇ ਹਰਿ-ਰਤਨ ਮਨ ਅੰਤਰ ਸੀਵ ਲਇਆ ਹੁੰਦਾ ਹੈ। ਤਿਨ੍ਹਾਂ ਨੂੰ ਪ੍ਰਾਣ-ਅਧਾਰਾ ਪ੍ਰੀਤਮ ਵਾਹਿਗੁਰੂ ਇਕ ਤਿਲ ਭੀ ਨਹੀਂ ਵਿਸਰਦਾ। ਉਹਨਾਂ ਦਾ ਵਾਹਿਗੁਰੂ ਨਾਮ ਰਿਦਿ ਜਪਿ ਜਪਿ ਵਿਗਸੀਵਣਾ ਤੇ ਸੱਚਾ ਜੀਵਣਾ ਹੁੰਦਾ ਹੈ। ਗੁਰਵਾਕ—

ਸੁੰਦਰ ਸੁਆਮੀ ਧਾਮ ਭਗਤਹ ਬਿਸ੍ਰਾਮ
ਆਸਾ ਲਗਿ ਜੀਵਤੇ ਜੀਉ ॥
ਮਨਿ ਤਨੇ ਗਲਤਾਨ ਸਿਮਰਤ ਪ੍ਰਭ ਨਾਮ
ਹਰਿ ਅੰਮ੍ਰਿਤੁ ਪੀਵਤੇ ਜੀਉ ॥
ਅੰਮ੍ਰਿਤੁ ਹਰਿ ਪੀਵਤੇ ਸਦਾ ਥਿਰੁ ਥੀਵਤੇ
ਬਿਖੈ ਬਨੁ ਫੀਕਾ ਜਾਨਿਆ ॥

ਭਏ ਕਿਰਪਾਲ ਗੋਪਾਲ ਪ੍ਰਭ ਮੇਰੇ
ਸਾਧ ਸੰਗਤਿ ਨਿਧਿ ਮਾਨਿਆ ॥
ਸਰਬਸੋ ਸੂਖ ਆਨੰਦ ਘਨ ਪਿਆਰੇ
ਹਰਿ ਰਤਨੁ ਮਨ ਅੰਤਰਿ ਸੀਵਤੇ ॥
ਇਕੁ ਤਿਲੁ ਨਹੀ ਵਿਸਰੈ ਪ੍ਰਾਨ ਆਧਾਰਾ
ਜਪਿ ਜਪਿ ਨਾਨਕ ਜੀਵਤੇ ॥੩॥

[ਸਿਰੀ ਰਾਗੁ ਛੰਤ ਡਖਣਾ ਮ: ੫, ਪੰਨਾ ੮੦-੮੧

ਤਿਸ ਹਰਿ ਦਰਗਾਹੀ ਭਗਤਹ ਬਿਸਰਾਮ ਧਾਮ ਦਾ ਕਿਆ ਸੋਹਣਾ ਅਚਰਜ ਨਕਸ਼ਾ ਬੰਨ੍ਹ ਕੇ ਇਸ ਅਗਲੇਰੇ ਗੁਰਵਾਕ ਅੰਦਰਿ ਚਿਤਰਾਇਆ ਗਇਆ ਹੈ—

ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ ॥
ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ ॥
ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ ॥੨॥
ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥
ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ ॥...੩॥(੮॥੭)

[ਸਿਰੀ ਰਾਗੁ ਮ: ੧, ਪੰਨਾ ੫੭

ਗੁਪਤ ਪ੍ਰਭੂ ਨੂੰ ਪ੍ਰਗਟ ਕਰਨਹਾਰਿਆ ਨੇ ਏਥੇ ਹੀ, ਜੀਊਂਦੇ-ਜੀ ਹੀ ਸੁੰਦਰ ਸੁਆਮੀ ਧਾਮ ਦਾ ਅਨੂਪਮ ਨਜ਼ਾਰਾ ਦੇਖ ਲਿਆ ਹੁੰਦਾ ਹੈ । ਸੁਰਤਿ ਸ਼ਬਦ ਦੀ ਅਕੱਲ ਕਲਾ ਦਾ ਪਾਰਸ ਰਸਾਇਣੀ, ਅੰਮ੍ਰਿਤ ਤਲਿਸਮੀ, ਨਾਮ ਜਾਦੂ ਵਰਤ ਕੇ, ਤਿਨ੍ਹਾਂ ਨੇ ਨਾਭੀ ਅੰਦਰਿ ਸੁਆਸਾਂ ਨੂੰ ਠਹਿਰਾਇ ਕੇ, ਉਪਰ ਸੁਰਤ ਚੜ੍ਹਾਇ ਕੇ ਅੰਤਰ ਜੋਤਿ ਜਗ-ਮਗਾ ਲਈ ਹੁੰਦੀ ਹੈ। ਉਹਨਾਂ ਦਾ ਅੰਦਰਲਾ ਕਾਇਆਂ ਕਾਲਬਾਰਾ, ਜੋਤਿ ਗੈਣਾਰਾ ਹੋਇਆ ਹੁੰਦਾ ਹੈ। ਸਾਰਾ ਘਟ ਜੋਤੀਸ਼ਰੀ ਸੋਹਣਾ ਮੰਦਾਰਾ ਐਨ ਗੈਣਾਰੀਏ ਹਰਿ ਮੰਦਰ ਦਾ ਅਰਧ ਉਭਾਰਾ ਬਣਾਇਆ ਹੁੰਦਾ ਹੈ। ਕਰਨੇਹਾਰ ਕਰਤਾਰ ਨੇ ਆਪ ਹੀ ਇਹ ਹਰੀਮੰਦਰ, ਸੋਹਣਾ ਅੰਦਰ, ਘਟਿ ਕਾਇਆਂ ਅੰਦਰ ਉਸਾਰ ਲਿਆ ਹੁੰਦਾ ਹੈ। ਘਟ ਅੰਤਰ ਹੀ ਰਵਿ ਸਸਿ ਦੀਪ ਅਨੂਪ ਜੋਤਿ ਸੂਰਜ ਚੰਦ ਰੂਪੀ ਦੀਵਿਆਂ ਨੂੰ ਮਾਤ ਕਰਦੀ ਅਨੂਪ ਜੋਤਿ ਪ੍ਰਗਟ ਹੋਇ ਆਵੰਦੀ ਹੈ, ਜਿਸਦਾ ਅੰਦਰੋਂ ਉਜਿਆਰਾ ਪਸਰ ਕੇ ਤ੍ਰਿਭਵਣ ਅੰਦਰਿ ਜੋਤ ਜਗੰਨਾ ਹੋਇ ਪਸਰ ਗਇਆ ਹੁੰਦਾ ਹੈ । ਘਟ ਅੰਦਰ ਹਟ ਪਟਣ ਗੜ ਕੋਠੜੀ ਬਣ ਜਾਂਦੀ ਹੈ, ਜਿਥੇ ਸਚੁ ਸਉਦਾ ਵਾਪਾਰ ਹੁੰਦਾ ਹੈ । ਭੈਭੰਜਨੀ ਨਿਰੰਜਨ ਨੂੰ ਦੇਖਣਹਾਰੀਆਂ ਗਿਆਨ-ਅੰਜਨੀ ਜੋਤਿ-ਨਿਰੰਜਨੀ ਅਖੜੀਆਂ ਘਟ ਅੰਦਰੇ ਹੀ ਖੁਲ੍ਹ ਜਾਂਦੀਆਂ ਹਨ, ਜਿਨ੍ਹਾਂ ਦੁਆਰਾ ਗੁਪਤ ਵਾਹਿਗੁਰੂ ਨੂੰ ਰਿਦ

ਅੰਦਰ ਪ੍ਰਗਟਾਇਕੈ ਅੰਤਰ ਬਾਹਰ ਸਾਰੇ ਹੀ ਪਰਤਖ ਪੇਖ ਲਈਦਾ ਹੈ ਅਤੇ ਊਚ ਅਪਾਰ ਗਗਨ ਮੰਡਲਾਂ ਵਿਖੇ ਹੀ ਸੁੰਦਰ ਵਾਹਿਗੁਰੂ ਦੇ ਸਚਖੰਡੀ ਧਾਮ ਦੇ ਪਰਤੱਖ ਦਿਦਾਰੇ ਕਰ ਲਈਦੇ ਹਨ।

ਜੇ ਸਿਖ ਜਗਿਆਸਣ, ਪਰਮਾਰਥ ਦੀ ਪਾਂਧਣ, ਧਨ ਇਸਤ੍ਰੀ ਹਰ ਪ੍ਰਕਾਰੀ ਹੁਕਮ ਰਜ਼ਾ ਮੰਨਦੀ ਹੋਈ, ਖਸਮ ਦੀ ਪੂਰਨ ਆਗਿਆਕਾਰੀ ਬਣਦੀ ਹੋਈ ਰਜ਼ਾਈ ਵਾਹਿਗੁਰੂ ਦੀ ਰਜ਼ਾ ਵਿਚ ਪੂਰੀ ਸੂਰੀ ਉਤਰੇ ਤਾਂ ਉਹ ਸੋਭਾ ਸੇਤੀ ਖਸਮ ਦੇ ਦਰ-ਘਰੀਂ ਮਹਲਾਂ ਵਿਖੇ ਬੁਲਾਈ ਜਾਂਦੀ ਹੈ, ਇਕ ਬਿਲਮ ਨਹੀਂ ਲਗਦੀ। ਯਥਾ ਗੁਰਵਾਕ—

ਜੇ ਧਨ ਖਸਮੈ ਚਲੈ ਰਜਾਈ ॥
ਦਰਿ ਘਰਿ ਸੋਭਾ ਮਹਲਿ ਬੁਲਾਈ...॥੧॥(੮)
[ਵਾਰ ਸਿਰੀ ਰਾਗੁ,ਸਲੋਕ ਮ: ੩, ਪੰਨਾ ੮੫

ਗੁਰਬਾਣੀ ਅੰਦਰਿ ਦਰਸਾਈ ਖਸਮ ਰਜਾਈ ਆਗਿਆ ਤੋਂ ਉਲਟ ਜੋ ਅਗਿਆਨੀ ਜਨ ਗੁਰ ਪਰਮੇਸ਼ਰ ਦੀ ਪੂਜਾ ਤੋਂ ਛੁਟ ਦੂਜੇ ਭਾਵ ਦੀ ਪੂਜਾ ਵਿਚ ਪਰਵਿਰਤ ਹੁੰਦੇ ਹਨ ਅਤੇ ਵੇਕਾਰੀਂ ਵੇੜ੍ਹੇ ਹੋਏ ਵੇਕਾਰੀ ਕਰਮ ਕਮਾਉਂਦੇ ਹਨ, ਉਹਨਾਂ ਨੂੰ ਅਗਲੀ ਦਰਗਾਹ ਵਿਖੇ ਅਨਿਕ ਪ੍ਰਕਾਰੀ ਸਜ਼ਾਵਾਂ ਮਿਲਦੀਆਂ ਹਨ। ਯਥਾ ਗੁਰਵਾਕ—

ਮਨੁ ਵੇਕਾਰੀ ਵੇੜਿਆ ਵੇਕਾਰਾ ਕਰਮ ਕਮਾਇ ॥
ਦੂਜੇ ਭਾਇ ਅਗਿਆਨੀ ਪੂਜਦੇ ਦਰਗਹ ਮਿਲੈ ਸਜਾਇ ॥੨॥(੧੩)
[ਵਾਰ ਸਿਰੀ ਰਾਗੁ,ਮ: ੩, ਪੰਨਾ ੮੮

ਜਿਨ੍ਹਾਂ ਨੇ ਕੇਵਲ ਸਤਿਗੁਰੂ ਦੀ ਪੂਜਾ ਕੀਤੀ ਹੈ, ਸਤਿਗੁਰੂ ਨੂੰ ਹੀ ਧਿਆਇਆ ਹੈ, ਤਿਨ੍ਹਾਂ ਨੂੰ ਅਗਲੀ ਦਰਗਾਹੇ ਜਮਾਂ ਦੇ ਡਰ ਨਹੀਂ ਰਹੇ। ਜਿਨ੍ਹਾਂ ਨੂੰ ਖ਼ਾਸ ਕਿਰਪਾਲਤਾ ਸਤਿਗੁਰੂ ਦੀ ਹੋਈ ਹੈ, ਸੋ ਸਤਿਗੁਰੂ ਸਰਣੀ ਆਇ ਪਏ ਹੈਂ। ਜੋ ਗੁਰ ਸਰਣਾਗਤੀ ਆਇ ਗੁਰਪ੍ਰਸਾਦ ਕਰਿ ਗੁਰ ਦੀਖਿਆ ਦੇ ਪਾਤਰ ਬਣੇ ਹਨ ਅਤੇ ਗੁਰਮਤਿ ਮਾਰਗ ਤੇ ਤਤਪਰ ਹੋ ਕੇ ਚੱਲਣਹਾਰੇ ਬਣੇ ਹਨ ਤਿਨ੍ਹਾਂ ਦੇ ਐਥੇ ਓਥੇ (ਲੋਕ ਪਰਲੋਕ ਵਿਖੇ) ਮੁਖ ਉਜਲੇ ਭਏ ਹੈਂ। ਉਹ ਵਾਹਿਗੁਰੂ ਦੀ ਦਰਗਾਹ ਵਿਖੇ ਸੁਰਖ਼ਰੂਈ ਦੇ ਸਿਰੋਪਾਉ ਸੇਤੀ ਪੈਧੇ ਜਾਂਦੇ ਹਨ। ਯਥਾ ਗੁਰਵਾਕ—

ਸਤਿਗੁਰੁ ਜਿਨੀ ਧਿਆਇਆ ਤਿਨ ਜਮ ਡਰੁ ਨਾਹੀ ॥
ਜਿਨ ਕਉ ਹੋਆ ਕ੍ਰਿਪਾਲੁ ਹਰਿ ਸੇ ਸਤਿਗੁਰ ਪੈਰੀ ਪਾਹੀ ॥
ਤਿਨ ਐਥੈ ਓਥੈ ਮੁਖ ਉਜਲੇ ਹਰਿ ਦਰਗਹ ਪੈਧੇ ਜਾਹੀ ॥੧੪॥
[ਸਿਰੀ ਰਾਗੁ ਕੀ ਵਾਰ ਮ: ੪, ਪੰਨਾ ੮੮-੮੯

ਅਗੇ ਚਲ ਕੇ ਸੇਈ ਜਨ ਉਤਮ ਗਿਣੇ ਜਾਂਦੇ ਹਨ, ਅਗਲੀ ਦਰਗਾਹੇ ਉਤਮਤਾ ਦਾ ਟਿੱਕਾ ਸਿਰੋਪਾਓ ਤਿਨ੍ਹਾਂ ਨੂੰ ਹੀ ਮਿਲਦਾ ਹੈ ਜੋ ਇਸ ਮਾਨੁਖਾ ਦੇਹੀ ਵਿਖੇ ਪਾਪਾਂ ਦੀ ਕੁਮਾਰਗੀ ਪੰਧ-ਪਟੜੀ ਤੇ ਨਹੀਂ ਚਲਦੇ ਅਤੇ ਸਾਰੀ ਆਯੂ ਨਿਸ-ਪਾਪ ਹੀ ਰਹਿੰਦੇ ਹਨ । ਯਥਾ ਗੁਰਵਾਕ—

ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥੧॥(੨੦)

[ਸਲੋਕ ਮ: ੧, ਪੰਨਾ ੯੧

ਜਿਨ੍ਹਾਂ ਗੁਰਮੁਖਾਂ ਨੇ ਹੁਕਮ ਪਛਾਣਿਆ, ਸਤਿ ਕਰਿ ਜਾਣਿਆ ਹੈ ਸੋ ਹੁਕਮ ਮੰਨ ਕੇ ਹਰਿ ਗੁਣ ਵਖਾਨਣਹਾਰੇ ਹੋਏ ਹਨ, ਗੁਰਮਤਿ ਨਾਮ ਗੁਰ ਮੰਤ੍ਰ ਦੇ ਨਾਮ ਨੀਸਾਣੇ ਭਗਤੀ ਕਮਾਣੇ ਭਗਤ ਹੋਏ ਹਨ । ਤਿਨ੍ਹਾਂ ਭਗਤਿ ਕਮਾਵਣਿਆਂ, ਨਾਮ ਸੁਹਾਵਣਿਆਂ ਦਾ ਅਗਲੀ ਦਰਗਾਹ ਛੁਟਕਾਰਾ ਹੀ ਛੁਟਕਾਰਾ, ਨਿਸਤਾਰਾ ਹੀ ਨਿਸਤਾਰਾ ਹੈ । ਹੋਰ ਸਭਨਾਂ ਦਾ ਧੁਰ ਦਰਗਾਹੇ ਲੇਖਾ ਹੁੰਦਾ ਹੈ, ਬਰ-ਜ਼ਰੂਰ ਹੁੰਦਾ ਹੈ, ਨਾਮ-ਨੀਸਾਣਿਆਂ ਦਾ ਨਹੀਂ ਹੁੰਦਾ । ਗੁਰਵਾਕ—

ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ ॥
ਗੁਰ ਕੈ ਸਬਦਿ ਨਾਮਿ ਨੀਸਾਣੈ ॥
ਸਭਨਾ ਕਾ ਦਰਿ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ ॥੩॥
ਮਨਮੁਖੁ ਭੂਲਾ ਠਉਰੁ ਨ ਪਾਏ ॥
ਜਮਦਰਿ ਬਧਾ ਚੋਟਾ ਖਾਏ ॥
ਬਿਨੁ ਨਾਵੈ ਕੋ ਸੰਗਿ ਨ ਸਾਥੀ ਮੁਕਤੇ ਨਾਮੁ ਧਿਆਵਣਿਆ ॥੪॥(੮॥੧)

[ਮਾਝ ਅਸਟ: ਮ: ੧ ਘਰੁ ੧, ਪੰਨਾ ੧੦੯

ਪਿਛਲੀ ਦੁਤੁਕੀ ਦਸਦੀ ਹੈ ਕਿ ਗੁਰਮਤਿ ਮਾਰਗ ਸੁਮਾਰਗ ਤੋਂ ਭੁਲੇ ਹੋਏ ਮਨਮੁਖ ਨੂੰ ਸਚੇ ਦੀ ਸਚੀ ਦਰਗਾਹ ਵਿਖੇ ਕਿਤੇ ਭੀ ਠਾਉ ਠਉਰ ਨਹੀਂ ਮਿਲਦਾ । ਉਹ ਜਮਦਰ ਬੱਧਾ ਚੋਟਾਂ ਖਾਂਦਾ ਹੈ । ਖ਼ਬਰ ਨਹੀਂ ਕਦ ਤਾਈਂ ਖਾਂਦਾ ਰਹਿੰਦਾ ਹੈ । ਨਾਮ ਤੋਂ ਬਿਨਾਂ ਅਗਲੀ ਦਰਗਾਹੇ ਕਿਸੇ ਦਾ ਨਾ ਕੋਈ ਸੰਗੀ ਹੈ ਨਾ ਸਾਥੀ । ਨਾਮ ਧਿਆਵਨਹਾਰਿਆਂ ਨੂੰ ਅਗੇ ਮੁਕਤਿ ਪਦਾਰਥ ਪਰਾਪਤ ਹੈ । ਜਮ ਜਾਗਾਤੀ ਤਿਨ੍ਹਾਂ ਦੇ ਨੇੜੇ ਨਹੀਂ ਆਉਂਦਾ । ਚਉਰਾਸੀ ਲੱਖ ਉਪਾਈ ਜੀਆ ਜੰਤ ਜੋਨੀ ਵਿਚੋਂ ਮਾਨੁਖਾ ਜਨਮ ਪਾਇ ਕੇ ਭੀ ਸੋ ਸਚਿਆਰਾ ਭਾਗ ਨਿਸਤਾਰਾ ਜਨ ਹੈ, ਜਿਸ ਉਤੇ ਨਦਰੀ ਸਤਿਗੁਰੂ ਦੀ ਖ਼ਾਸ ਨਦਰ ਮਿਹਰ ਹੁੰਦੀ ਹੈ । ਜਿਸ ਤੇ ਨਦਰਿ ਹੁੰਦੀ ਹੈ ਸੋ ਗੁਰੂ ਨਾਨਕ ਦੇ ਘਰ ਵਿਖੇ ਆਇ ਪਰਵੇਸ਼ ਹੁੰਦਾ ਹੈ ਅਤੇ ਨਿਗੁਰਿਓਂ ਸਗੁਰਾ ਹੋ ਜਾਂਦਾ ਹੈ । ਸਚੇ ਸਤਿਗੁਰੂ ਦਾ ਚਰਨ-ਮਿਲਾਵਾ ਹੋਣ ਕਰਿ ਉਨ੍ਹਾਂ ਦੇ ਸਭ

ਕਿਲਵਿਖ ਕਟੇ ਜਾਂਦੇ ਹਨ । ਤੇ (ਉਹ) ਜਨ ਸਦਾ ਸਦ ਨਿਰਮਲ ਹੋ ਜਾਂਦੇ ਹਨ । ਨਿਰਮਲ ਨਾਮ ਦੇ ਲੜਿ ਲਗਿਆਂ ਉਹ ਏਥੇ ਹੀ ਨਾਮ-ਲੀਣੇ ਹੋ ਜਾਂਦੇ ਹਨ । ਅਗੇ ਭੀ ਨਾਮ-ਲੀਣੇ ਬਿਗਸੀਣੇ ਹੋਇ ਜਾਂਦੇ ਹਨ ਅਤੇ ਸਚੇ ਦੀ ਸਚੀ ਦਰਗਾਹੇ ਸੋਹੰਦੇ ਸੋਭਾ ਪਾਉਂਦੇ ਹਨ । ਯਥਾ ਗੁਰਵਾਕ—

ਲਖ ਚਉਰਾਸੀਹ ਜੀਅ ਉਪਾਏ ॥
ਜਿਸਨੋ ਨਦਰਿ ਕਰੇ ਤਿਸੁ ਗੁਰੂ ਮਿਲਾਏ ॥
ਕਿਲਬਿਖ ਕਾਟਿ ਸਦਾ ਜਨ ਨਿਰਮਲ ਦਰਿ ਸਚੈ ਨਾਮਿ ਸੁਹਾਵਣਿਆ॥੬॥
(੮॥੨॥੩) [ਮਾਝ ਮ: ੩, ਪੰਨਾ ੧੧੧

ਨਾ ਇਹ ਮਨੁਖ ਜਨਮ ਜਾਮੇ ਵਾਲੀ ਦੇਹੀ ਅਗੇ ਜਾਂਦੀ ਹੈ ਨਾ ਜਾਤਿ ਵਡਿਆਈ ਦੀ ਅਗੇ ਪੁਛ ਪਰਤੀਤ ਹੁੰਦੀ ਹੈ । ਜਿਥੇ ਜਾ ਕੇ ਲੇਖਾ ਮੰਗੀਦਾ ਹੈ ਅਗਲੀ ਦਰਗਾਹੇ, ਤਿਥੇ ਛੁਟਕਾਰਾ ਤਿਨ੍ਹਾਂ ਦਾ ਹੀ ਹੁੰਦਾ ਹੈ ਜਿਨ੍ਹਾਂ ਨੇ ਏਸ ਲੋਕ ਵਿਖੇ ਮਾਨੁਖਾ ਦੇਹੀ ਪਾਇ, ਜਾਤ ਗਰਬ ਗਵਾਇ ਸਚੁ ਨਾਮੁ ਨੂੰ ਕਮਾਇਆ ਹੈ । ਸਤਿਗੁਰੂ ਸੇਵਨ-ਹਾਰੇ, ਇਸ ਗੁਰੂ ਘਰ ਦੇ ਗੁਰਸਿਖ ਗੁਰਮੁਖ ਪਿਆਰੇ ਇਸ ਸਚੜੇ ਨਾਮ ਧਨ ਨਾਲਿ ਮਾਲਾ ਮਾਲ ਹੋ ਗਏ ਹਨ । ਉਹ ਐਥੇ ਭੀ (ਇਸ ਲੋਕ ਵਿਖੇ) ਅਤੇ ਉਥੇ ਭੀ (ਅਗਲੀ ਦਰਗਾਹ ਵਿਚ) ਨਾਮ ਨਿਧਾਨ ਵਿਖੇ ਹੀ ਲਿਵਲੀਨ ਰਹਿੰਦੇ ਹਨ । ਯਥਾ ਗੁਰਵਾਕ—

ਦੇਹੀ ਜਾਤਿ ਨ ਆਗੈ ਜਾਏ ॥
ਜਿਥੈ ਲੇਖਾ ਮੰਗੀਐ ਤਿਥੈ ਛੁਟੈ ਸਚੁ ਕਮਾਏ ॥
ਸਤਿਗੁਰੁ ਸੇਵਨਿ ਸੇ ਧਨਵੰਤੇ ਐਥੈ ਓਥੈ ਨਾਮਿ ਸਮਾਵਣਿਆ ॥੩॥
(੮॥੪॥੫॥) [ਮਾਝ ਮ: ੩, ਪੰਨਾ ੧੧੨

ਜਿਨ੍ਹਾਂ ਨੇ ਸ਼ਬਦੁ ਵਿਸਾਰਿਆ ਹੈ, ਗੁਰਮਤਿ ਨਾਮ ਨਹੀਂ ਆਰਾਧਿਆ, ਤਿਨ੍ਹਾਂ ਨੂੰ ਠਉਰ ਠਾਉ ਕਿਤੇ ਭੀ ਨਹੀਂ ਮਿਲਣੀ । ਸੇ ਸਭ 'ਸੁੰਞੇ ਘਰਿ ਕਾਉ' ਦੀ ਨਿਆਈਂ ਭ੍ਰਮਿ ਭੂਲੇ ਹੀ ਫਿਰਦੇ ਰਹਿਣਗੇ । ਤਿਨ੍ਹਾਂ ਦੇ ਲੋਕ ਪਰਲੋਕ (ਹਲਤ ਪਲਤ) ਦੋਵੇਂ ਹੀ ਅਜਾਈਂ ਗੰਵਾਏ ਜਾਣਗੇ । ਉਹਨਾਂ ਦੀ ਸਦਾ ਦੁਖਾਂ ਹੀ ਦੁਖਾਂ ਵਿਚ ਵਿਹਾਵੇਗੀ । ਯਥਾ ਗੁਰਵਾਕ—

ਸਬਦੁ ਵਿਸਾਰਨਿ ਤਿਨਾ ਠਉਰੁ ਨ ਠਾਉ ॥
ਭ੍ਰਮਿ ਭੂਲੇ ਜਿਉ ਸੁੰਞੈ ਘਰਿ ਕਾਉ ॥
ਹਲਤੁ ਪਲਤੁ ਤਿਨੀ ਦੋਵੈ ਗਵਾਏ ਦੁਖੇ ਦੁਖਿ ਵਿਹਾਵਣਿਆ ॥੫॥
(੮॥੨੨॥੨੩॥) [ਮਾਝ ਮ: ੩, ਪੰਨਾ ੧੨੩


www.sikhbookclub.com

ਨਾਵਹੁ ਭੁਲਾ ਮਨਮੁਖ ਅੰਧਲਾ ਅਗਿਆਨੀ ਸਾਕਤ ਪੁਰਸ਼ ਅੰਧਲੇ ਕਰਮ ਹੀ ਕਮਾਉਂਦਾ ਫਿਰਦਾ ਰਹਿੰਦਾ ਹੈ। ਤਿਸ ਦੇ ਆਨਮਤ ਸੰਜਮੀ ਕਰਮ ਸੀਗਾਰ ਕੀਤੇ ਕੰਮ ਨਹੀਂ ਆਉਂਦੇ, ਕਿਉਂਕਿ ਉਹ ਪਿਰੀ ਪਰਮੇਸਰ ਨੂੰ ਨਹੀਂ ਮਿਲਾਵੰਦੇ। ਜਿਨ੍ਹਾਂ ਦਾ ਪਿਰ ਪਰਮੇਸਰ ਪਰਦੇਸੀਂ ਦੂਰ ਦੁਰਾਡੜੇ ਹੈ, ਤਿਨ੍ਹਾਂ ਦੇ ਸਭ ਕਰਮ ਅਕਰਮ ਸੰਜਮੀ ਸੀਗਾਰ ਸਭ ਬਿਰਥੇ ਹਨ। ਤਿਨ੍ਹਾਂ ਨੂੰ ਹਲਤ (ਇਸ ਲੋਕ) ਵਿਖੇ ਸੋਭਾ ਨਹੀਂ ਅਤੇ ਪਲਤ ਤਿਨ੍ਹਾਂ ਨੂੰ ਢੋਈ ਨਹੀਂ ਮਿਲਣੀ। ਮਾਨੁਖਾ ਜਨਮ ਤਿਨ੍ਹਾਂ ਦਾ ਬਿਰਥਾ ਹੀ ਗੰਵਾਇਆ ਜਾਂਦਾ ਹੈ, ਕਿਸੇ ਲੇਖੇ ਨਹੀਂ ਲਗਦਾ। ਏਹਨਾਂ ਉਪਰਲੇ ਗੁਰਵਾਕਾਂ ਤੋਂ ਪਕ ਪਰਤੀਤ ਕਰ ਕੇ ਸਿਧ ਹੋਇਆ ਕਿ ਹਲਤ (ਇਸ ਲੋਕ) ਵਾਂਗੂ ਪਲਤ (ਅਗਲਾ ਲੋਕ) ਭੀ ਹੈ। ਓਸ ਅਗਲੇ ਦੀ ਹਸਤੀ ਤੋਂ ਗੁਰਸਿਖ ਕਦੇ ਭੀ ਮੁਨਕਰ ਨਹੀਂ ਹੈ। ਅਗਲੀ ਦਰਗਾਹ ਦਾ ਕੇਸਾ ਖੋਲ੍ਹ ਕੇ ਨਿਰਣਾ ਕੀਤਾ ਗਿਆ ਹੈ। ਇਸ ਅਗਲੇਰੇ ਗੁਰਵਾਕ ਅੰਦਰਿ ਅਗਲੀ ਦਰਗਾਹ ਦੀ ਹੋਂਦ ਹਸਤੀ ਦਾ ਮਾਨੋ ਧੁਰਵਾ ਬੰਨ੍ਹਿਆ ਹੈ। ਯਥਾ ਗੁਰਵਾਕ—

ਮਨ ਮੇਰੇ ਮੇਰਾ ਰਾਮ ਨਾਮੁ ਸਖਾ ਹਰਿ ਭਾਈ ॥
ਗੁਰਮਤਿ ਰਾਮ ਨਾਮੁ ਜਸੁ ਗਾਵਾ
ਅੰਤਿ ਬੇਲੀ ਦਰਗਹ ਲਏ ਛਡਾਈ ॥ਰਹਾਉ॥...
ਜੋ ਜਨ ਹਰਿ ਪ੍ਰਭ ਹਰਿ ਹਰਿ ਸਰਣਾ
ਤਿਨ ਦਰਗਹ ਹਰਿ ਹਰਿ ਦੇ ਵਡਿਆਈ ॥
ਧੰਨੁ ਧੰਨੁ ਸਾਬਾਸਿ ਕਹੈ ਪ੍ਰਭੁ ਜਨ ਕਉ
ਜਨ ਨਾਨਕ ਮੇਲਿ ਲਏ ਗਲਿ ਲਾਈ ॥੪॥੪॥

[ਗੂਜਰੀ ਮ: ੪, ਪੰਨਾ ੪੯੩

ਇਸ ਗੁਰਵਾਕ ਅੰਦਰ ਗੁਰੂ ਸਚੇ ਪਾਤਸ਼ਾਹ ਮਨ ਪ੍ਰਥਾਇ ਪ੍ਰਬੋਧਨੀ ਸਿਖਿਆ ਦੇ ਕੇ ਗੁਰਸਿਖਾਂ ਪ੍ਰਤੀ ਪਰਪਕ ਨਿਸਚੇ ਕਰਾਉਂਦੇ ਹਨ ਕਿ ਗੁਰਮਤਿ ਨਾਮ ਐਸਾ ਸਖਾ ਸਹਾਈ ਹੈ ਕਿ ਜੋ ਜਨ ਇਸ ਨੂੰ ਮਨ, ਬਚ, ਕਰਮ ਕਰਕੇ ਹਿਤੋਂ ਚਿਤੋਂ ਅਰਾਧਦੇ ਹਨ, ਤਿਨ੍ਹਾਂ ਜਨਾਂ ਦਾ ਅੰਤ ਕਾਲ ਵਿਖੇ ਇਹ ਨਾਮ ਸਚੜਾ ਬੇਲੀ ਹੁੰਦਾ ਹੈ ਅਤੇ ਤਿਨ੍ਹਾਂ ਨੂੰ ਅਗਲੀ ਦਰਗਾਹ ਅੰਦਰਿ ਛੁਡਾਵਣਹਾਰਾ ਹੁੰਦਾ ਹੈ। ਜੋ ਜਨ ਸਤਿਗੁਰੂ ਵਾਹਿਗੁਰੂ ਦੇ ਅਨਿੰਨ ਸੇਵਕ ਭਗਤ ਬਣ ਕੇ ਉਸੇ ਦੀ ਸਰਨਿ ਸਮਾਏ ਰਹਿੰਦੇ ਹਨ, ਤਿਨ੍ਹਾਂ ਨੂੰ ਵਾਹਿਗੁਰੂ ਸਚਾ ਪਾਤਸ਼ਾਹ ਸਚੜੀ ਦਰਗਾਹ ਵਿਖੇ ਸਚੜੀ ਵਡਿਆਈ ਦਿੰਦਾ ਹੈ। ਤਿਨ੍ਹਾਂ ਨੂੰ ਵਾਹਿਗੁਰੂ ਸਚੜਾ ਧੰਨ ਧੰਨ ਆਖ ਕੇ ਵਡਿਆਉਂਦਾ ਅਤੇ ਆਪਣੀ ਸਚੀ ਦਰਗਾਹ ਵਿਖੇ ਮੇਲ ਕੇ ਆਪਣੇ ਗਲ ਲਾਉਂਦਾ ਹੈ। ਫੇਰ

ਸ੍ਰੀ ਸਤਿਗੁਰੂ ਸਾਹਿਬ ਫ਼ੁਰਮਾਉਂਦੇ ਹਨ—

ਅਪਜਸੁ ਮਿਟੈ ਹੋਵੈ ਜਗਿ ਕੀਰਤਿ ਦਰਗਹ ਬੈਸਣੁ ਪਾਈਐ ॥
ਜਮ ਕੀ ਤ੍ਰਾਸ ਨਾਸ ਹੁਇ ਖਿਨ ਮਹਿ
ਸੁਖ ਅਨਦ ਸੇਤੀ ਘਰਿ ਜਾਈਐ ॥੧॥
ਜਾ ਤੇ ਘਾਲ ਨ ਬਿਰਥੀ ਜਾਈਐ ॥
ਆਠ ਪਹਰ ਸਿਮਰਹੁ ਪ੍ਰਭੁ ਅਪਨਾ
ਮਨਿ ਤਨਿ ਸਦਾ ਧਿਆਈਐ ॥੧॥ਰਹਾਉ॥(੨॥੧੪॥੨੨)
[ਗੂਜਰੀ ਮ: ੫, ਪੰਨਾ ੫੦੦

ਅਠੋ ਪਹਿਰ ਵਾਹਿਗੁਰੂ ਸਿਮਰਨ ਕਰਨ ਕਰਿ ਅਤੇ ਮਨਿ ਤਨਿ ਸਦਾ ਧਿਆਵਨ ਕਰਿ ਜੋ ਸਚੀ ਅਭਿਆਸ ਕਮਾਈ ਦੀ ਘਾਲ ਘਾਲੀ ਜਾਂਦੀ ਹੈ, ਸੋ ਕਦੇ ਬਿਰਥੀ ਨਹੀਂ ਜਾਂਦੀ ਅਤੇ ਆਪਣਾ ਫਲ ਅੰਕੂਰੀ ਜ਼ਹੂਰ ਜ਼ਰੂਰ ਲਿਆਉਂਦੀ ਹੈ। ਅੱਵਲ ਤਾਂ ਉਸ ਦਾ ਅਪਜਸੁ ਹੁੰਦਾ ਹੀ ਨਹੀਂ। ਜੇ ਪਹਿਲਾਂ ਅੰਮ੍ਰਿਤ ਨਾਮ ਪ੍ਰਾਪਤੀ ਤੋਂ ਹੋ ਭੀ ਗਿਆ ਹੋਵੇ ਤਾਂ ਉਹ ਸਗਲਾ ਅਪਜਸ ਇਸ ਘਾਲ ਕਮਾਈ ਦੁਆਰਾ ਮਿਟ ਜਾਂਦਾ ਹੈ ਤੇ ਸਾਰੇ ਜਗ ਅੰਦਰਿ ਉਸਦੀ ਕੀਰਤੀ (ਜਸ ਵਡਿਆਈ) ਹੋਣ ਲਗ ਪੈਂਦੀ ਹੈ ਅਤੇ ਅਗਲੀ ਦਰਗਾਹ ਵਿਚ (ਅਗੇ ਚਲ ਕੇ) ਉਸ ਨੂੰ ਬੈਸਣ ਲਈ ਖ਼ਾਸ ਸਥਾਨ ਮਿਲਦਾ ਹੈ। ਤਿਸ ਦੀ ਜਮ ਕੀ ਤ੍ਰਾਸ ਖਿਨ ਮਹਿ ਨਾਸ ਹੋ ਜਾਂਦੀ ਹੈ। ਉਹ ਸੁਖ ਅਨੰਦ ਸੇਤੀ ਬਜਦੇ ਬਾਜੀਂ ਵਾਹਿਗੁਰੂ ਦੇ ਨਿਜ ਘਰ ਮਹਿਲੀ ਵਾਸਾ ਜਾਇ ਪਾਉਂਦਾ ਹੈ। ਇਸ ਗੁਰਵਾਕ ਤੋਂ ਸਪੱਸ਼ਟ ਅਗਲੀ ਦਰਗਾਹ ਭੀ ਸਿਧ ਹੋ ਗਈ ਅਤੇ ਤਿਸ ਦਰਗਾਹ ਵਿਖੇ ਪੁਗ ਖਲੋਤੇ ਗੁਰਮੁਖ ਜਨਾਂ ਨੂੰ ਖ਼ਾਸ ਸਥਾਨ ਮਿਲਣ ਦੀ ਭੀ ਸਚੀ ਗਵਾਹੀ ਮਿਲ ਗਈ।

ਜੋ ਜਨ ਅਹਿਨਿਸ ਗੁਰੂ ਕੇ ਭੈ-ਭਾਉ ਵਿਚਿ ਵਸਦੇ ਰਸਦੇ ਬਹਿੰਦਿਆਂ ਉਠਦਿਆਂ ਭੈ-ਭਾਵਨੀ ਸੇਤੀ ਗੁਰੂ ਕੀ ਕਾਰ (ਗੁਰਮਤਿ ਨਾਮ ਅਭਿਆਸ ਕਮਾਈ ਵਾਲੀ) ਕਮਾਂਵਦੇ ਹਨ, ਤਿਨ੍ਹਾਂ ਨੂੰ ਐਥੇ (ਇਸ ਲੋਕ ਵਿਖੇ) ਸਚੀਆਂ ਸੁਖ-ਵਡਿਆਈਆਂ ਮਿਲਦੀਆਂ ਹਨ ਤੇ ਅਗਲੀ ਦਰਗਾਹੇ ਜਾ ਕੇ ਤਿਨ੍ਹਾਂ ਨੂੰ ਮੋਖ ਦੁਆਰ ਦੀ ਪਰਾਪਤੀ ਹੁੰਦੀ ਹੈ; ਯਥਾ ਗੁਰਵਾਕ—

ਭੈ ਵਿਚਿ ਬੈਸੈ ਭੈ ਰਹੈ ਭੈ ਵਿਚਿ ਕਮਾਵੈ ਕਾਰ ॥
ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ ॥੧॥(੧੯)
[ਵਾਰ ਗੂਜਰੀ, ਸਲੋਕੁ ਮ: ੩, ਪੰਨਾ ੫੧੬

ਗੁਰਮਤਿ ਨਾਮ ਦੀ ਰੰਗਣ ਵਿਚ ਐਸਾ ਰੰਗਿਆ ਜਾਵੇ ਕਿ ਸਤਿਗੁਰੂ ਦੇ

ਸਰੂਪ ਵਿਚ ਹੀ ਸਮਾ ਜਾਵੇ । ਐਸੇ ਸਤਿਗੁਰੂ ਸੇਤੀ ਰਤਿਆਂ ਗੁਰਮੁਖਾਂ ਦੀ ਸੱਚੀ ਦਰਗਾਹੇ ਸੱਚੀ ਸਮਾਈ ਹੁੰਦੀ ਹੈ ਅਤੇ ਸੱਚੀ ਦਰਗਾਹ ਅੰਦਰਿ ਖ਼ਾਸ ਥਾਉਂ ਤਿਨ੍ਹਾਂ ਨੂੰ ਮਿਲਦਾ ਹੈ । ਯਥਾ ਗੁਰਵਾਕ—

ਸਤਿਗੁਰੂ ਸੇਤੀ ਰਤਿਆ ਦਰਗਹ ਪਾਈਐ ਠਾਉ ॥੧॥(੧)
[ਵਾਰ ਗੂਜਰੀ, ਸਲੋਕੁ ਮ: ੫, ਪੰਨਾ ੫੧੭

ਥਾਉਂ ਤਦੇ ਹੀ ਮਿਲਦਾ ਹੈ ਕਿ ਅਗਲੀ ਦਰਗਾਹ ਹੈ । ਤਾਂਤੇ ਉਪਰਲੇ ਗੁਰਵਾਕ ਦੁਆਰਾ ਅਗਲੀ ਦਰਗਾਹ ਦੀ ਹਸਤੀ ਭੀ ਸਿਧ ਹੋ ਗਈ ਅਤੇ ਸਿਰੋਪਾਉ ਮਿਲਣਾ ਭੀ ਸਾਬਤ ਹੋ ਗਿਆ । ਭਗਤਾਂ ਦਾ ਤਾਂ ਬੋਲਿਆ ਭੀ ਪਰਵਾਨ ਹੈ ਅਤੇ ਦਰਗਾਹੇ ਥਾਇੰ ਪੈਂਦਾ ਹੈ—

ਭਗਤਾ ਕਾ ਬੋਲਿਆ ਪਰਵਾਣੁ ਹੈ ਦਰਗਹ ਪਵੈ ਥਾਇ ॥੧੪॥
[ਵਾਰ ਗੂਜਰੀ ਮ: ੫, ਪਉੜੀ, ਪੰਨਾ ੫੨੧

ਨਿਗੁਰੇ ਮਨਮੁਖ ਸਤਿਗੁਰੂ ਦੀ ਸਚ ਗੁਰੱਤਤਾ ਤੋਂ ਘੁਥੇ ਹੋਏ ਮੀਣੇ ਪਾਖੰਡੀ ਆਪੇ ਹੀ ਬਣਿ ਬੈਠੇ ਨਕਲੀ ਗੁਰੂ ਬਾਤਾਂ ਬਣਾਉਣੀਆਂ ਤਾਂ ਬਹੁਤੀਆਂ ਜਾਣਦੇ ਹਨ ਪਰ ਕਰਣੀ ਦੇ ਥੋਥੇ ਹੀ ਹੁੰਦੇ ਹਨ । ਐਸੇ ਗੁਰੂ ਸਦਾਵਣਹਾਰੇ ਨਿਗੁਰਿਆਂ ਨੂੰ ਹਰਿ ਦਰਗਾਹ ਵਿਖੇ ਫਿਟਕਾਰ, ਮੁਗਦਰਾਂ ਦੀ ਮਾਰ ਪਵੇਗੀ । ਹਰਿ ਦਰਗਾਹੇ ਉਹ ਭ੍ਰਿਸ਼ਟੀ ਹੀ ਗਰਦਾਨੇ ਜਾਣਗੇ । ਸਚੜੀ ਦਰਗਾਹ ਅੰਦਰਿ ਸਚ ਨਿਆਉਂ ਨਿਬੇੜਾ ਤਿਨ੍ਹਾਂ ਦੇ ਮੀਣਪੁਣੇ ਦਾ ਹੋਵੇਗਾ—

ਜਿਉ ਨਿਗੁਰਾ ਬਹੁ ਬਾਤਾ ਜਾਣੈ ਓਹੁ ਹਰਿ ਦਰਗਹਿ ਹੈ ਭ੍ਰਿਸਟੀ ॥੧॥
(੨॥੬) [ਦੇਵਗੰਧਾਰੀ ਮ: ੪, ਪੰਨਾ ੫੨੮

ਐਸੇ ਪਾਪੀ ਪੁਰਸ਼ਾਂ, ਗੁਰ-ਬਿਮੁਖਾਂ ਨੂੰ ਹਰਿ ਦਰਗਹਿ ਢੋਈ ਕਦਾਚਿਤ ਨਹੀਂ ਮਿਲਣੀ, ਜੋ ਆਪਣੀ ਮਨਮੁਖਤਾ ਦੇ ਅਧੀਨ ਹੋ ਕੇ ਅਣਹੋਏ ਗੁਰੂ ਸਦਾਵਣ ਦਾ ਪਾਖੰਡ ਪਾਪ ਕਮਾਉਂਦੇ ਹਨ । ਇਹ ਪਾਪ, ਪ੍ਰਮਾਰਥ ਦਾ ਪਾਪ ਹੈ । ਇਸ ਪਾਪ ਤੋਂ ਸਾਰੇ ਪਾਪ ਲਜਾਵੰਦੇ, ਸ਼ਰਮ ਖਾਂਵਦੇ ਹਨ (ਪਾਪ ਕਰਹੁ ਪਰਮਾਰਥ ਦੇ ਜਿਹ ਪਾਪਨ ਤੇ ਅਤੀ ਪਾਪ ਲਜਾਹੀ); ਯਥਾ ਗੁਰਵਾਕ—

ਹਰਿ ਦਰਗਹ ਢੋਈ ਨ ਲਹਨਿ ਮੇਰੀ ਜਿੰਦੁੜੀਏ
ਜੋ ਮਨਮੁਖ ਪਾਪਿ ਲੁਭਾਣੇ ਰਾਮ ॥੧॥(੪॥੫)
[ਬਿਹਾਗੜਾ ਮ: ੪ ਛੰਤ, ਪੰਨਾ ੫੪੦

ਵਾਹਿਗੁਰੂ ਦੇ ਸਚੇ ਸੇਵਕ ਗੁਰਮੁਖ ਭਗਤ ਜਨ, ਜੋ ਵਾਹਿਗੁਰੂ ਭਾਣੇ

ਪਰਾਇਣ ਹੋ ਚੁਕੇ ਹਨ, ਸੇਈ ਸਚੀ ਦਰਗਾਹੇ ਸਚੜੀ ਸੋਭਾ ਸੇਤੀ ਸੁਰਖ਼ਰੂ ਹੋਏ ਉਜਲ ਮੁਖਲੇਰੇ ਦੰਮ ਦੰਮ ਕਰਦੇ ਜਾਂਦੇ ਹਨ। ਯਥਾ ਗੁਰਵਾਕ—

ਸੇ ਭਗਤ ਸੇ ਸੇਵਕ ਮੇਰੀ ਜਿੰਦੁੜੀਏ
ਜੋ ਪ੍ਰਭ ਮੇਰੇ ਮਨਿ ਭਾਣੇ ਰਾਮ ॥
ਸੇ ਹਰਿ ਦਰਗਹ ਪੈਨਾਇਆ ਮੇਰੀ ਜਿੰਦੁੜੀਏ
ਅਹਿਨਿਸਿ ਸਾਚਿ ਸਮਾਣੇ ਰਾਮ ॥੨॥(੪॥੬॥)

[ਬਿਹਾਗੜਾ ਮ: ੪ ਛੰਤ, ਪੰਨਾ ੫੪੧

ਸਚੀ ਦਰਗਾਹੇ ਪੈਧੇ ਹੋਏ, ਸਚੇ ਸੇਤੀ ਹੀ ਸਦ ਸਦਾ ਸਮਾਏ ਰਹਿੰਦੇ ਹਨ। ਸਚੇ ਵਾਹਿਗੁਰੂ ਦੀ, ਸਚੀ ਹਰਿ ਦਰਗਾਹ ਪਹੁੰਚ ਕੇ ਜਿਨ੍ਹਾਂ ਦੀ ਚਰਨ ਸਰਨਿ ਸਮਾਈ ਹੋ ਜਾਂਦੀ ਹੈ ਉਹਨਾਂ ਦੀ ਰੈਣ ਦਿਵਸ ਚਰਨ ਕਮਲਾਂ ਵਿਖੇ ਹੀ ਲਿਵ ਲਗੀ ਰਹਿੰਦੀ ਹੈ। ਐਸੀ ਲਿਵ-ਪ੍ਰਾਪਤੀ ਤਿਨ੍ਹਾਂ ਵਡਿਭਾਗੇ ਗੁਰਮੁਖ ਜਨਾਂ ਨੂੰ ਹੀ ਨਸੀਬ ਹੁੰਦੀ ਹੈ, ਜਿਨ੍ਹਾਂ ਨੂੰ ਬਿਧਾਤੇ ਨੇ ਧੁਰੋਂ ਲਿਖਤ ਕਾਰ ਲਿਖੀ ਹੋਈ ਹੁੰਦੀ ਹੈ। ਨਹੀਂ ਤਾਂ ਇਹ ਮਾਰਗ ਬੜਾ ਬਿਖੜਾ ਹੈ। ਗੁਰੂ ਵਰੋਸਾਇ ਸਾਧਾਂ ਗੁਰਮੁਖਾਂ ਨੂੰ ਹੀ ਇਹ ਪੰਥ ਪਰਗਟਾ ਹੈ, ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ—

ਆਵਹੁ ਮਿਲਹੁ ਸਹੇਲੀਹੋ ਮੇਰੇ ਲਾਲ ਜੀਉ
ਹਰਿ ਹਰਿ ਨਾਮੁ ਅਰਾਧੇ ਰਾਮ ॥
ਕਰਿ ਸੇਵਹੁ ਪੂਰਾ ਸਤਿਗੁਰੂ ਮੇਰੇ ਲਾਲ ਜੀਉ
ਜਮ ਕਾ ਮਾਰਗੁ ਸਾਧੇ ਰਾਮ ॥
ਮਾਰਗੁ ਬਿਖੜਾ ਸਾਧਿ ਗੁਰਮੁਖਿ ਹਰਿ ਦਰਗਹ ਸੋਭਾ ਪਾਈਐ ॥
ਜਿਨ ਕਉ ਬਿਧਾਤੈ ਧੁਰਹੁ ਲਿਖਿਆ
ਤਿਨ੍ਹਾ ਰੈਣਿ ਦਿਨੁ ਲਿਵ ਲਾਈਐ ॥੨॥(੪॥੧॥)

[ਬਿਹਾਗੜਾ ਮ: ੫ ਛੰਤ, ਪੰਨਾ ੫੪੨

ਇਹ ਗੁਰਵਾਕ ਸਾਫ਼ ਇਸ ਗੱਲ ਦੀ ਸ਼ਾਹਦੀ ਦਿੰਦਾ ਹੈ ਕਿ ਜਮ ਕਾ ਮਾਰਗ ਹੈ, ਪਰ ਇਹ ਸਾਧਿਆ ਤਿਨ੍ਹਾਂ ਤੋਂ ਹੀ ਜਾਂਦਾ ਹੈ ਜਿਨ੍ਹਾਂ ਨੇ ਕਿ ਪੂਰਾ ਗੁਰੂ ਸੱਚੀ ਸੇਵਾ-ਭਾਵਨਾ ਕਰ ਕੇ ਧਾਰਨ ਕੀਤਾ ਹੈ। ਪੂਰਾ ਗੁਰੂ ਧਾਰਨ ਕਰਨ ਦੀ ਬਿਧੀ ਸ੍ਰੀ ਗੁਰੂ ਨਾਨਕ ਦਸਮੇਸ਼ ਜੀ ਨੇ ਸਦਾ ਲਈ, ਪਰੰਪਰਾ ਲਈ ਇਹ ਪਰਚਲਤ ਕੀਤੀ ਹੋਈ ਹੈ ਕਿ ਗੁਰੂ ਨਾਨਕ ਦਸਮੇਸ਼ ਦੇ ਵਰੋਸਾਏ ਹੋਏ ਪੰਚ ਪਰਵਾਨ ਪੰਚ ਪਰਧਾਨ ਗੁਰਮੁਖਾਂ ਪੰਜਾਂ ਪਿਆਰਿਆਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਚੀ ਹਜ਼ੂਰੀ ਵਿਚ ਅੰਮ੍ਰਿਤ ਛਕਿ ਕੇ ਗੁਰ-ਦੀਖਿਆ ਪ੍ਰਾਪਤਿ ਕੀਤੀ ਜਾਵੇ। ਤਿਨ੍ਹਾਂ ਗੁਰ-ਦੀਖਿਆ ਪ੍ਰਾਪਤੀ

ਵਾਲੇ ਗੁਰਸਿਖਾਂ ਪ੍ਰਥਾਇ ਹੀ ਪੂਰਾ ਗੁਰੂ ਧਾਰਨ ਕਰਨ ਵਾਲੀ ਘਟਨਾ ਘਟਦੀ ਹੈ। ਜੋ ਸਚੇ ਸਤਿਗੁਰੂ ਦੇ ਸ਼ਰੀਕ ਖ਼ੁਦ ਗੁਰੂ ਬਣਿ ਬਣਿ ਬਹਿੰਦੇ ਹਨ ਤਿਨ੍ਹਾਂ ਨਕਲੀ ਗੁਰੂਆਂ ਦੇ ਚੇਲਿਆਂ ਪ੍ਰਥਾਇ ਇਹ ਘਟਨਾ ਨਹੀਂ ਘਟਦੀ। ਨਾ ਤਿਨ੍ਹਾਂ ਨੂੰ ਪੂਰਾ ਗੁਰੂ ਮਿਲਿਆ ਹੈ, ਨਾ ਤਿਨ੍ਹਾਂ ਪੂਰਾ ਗੁਰੂ ਧਾਰਨ ਕੀਤਾ ਹੈ, ਉਹ ਤਾਂ ਨਿਰੇ ਨਿਗੁਰੇ ਦੇ ਨਿਗੁਰੇ ਹੀ ਰਹਿੰਦੇ ਹਨ, ਐਵੇਂ ਬਫਣ ਬਫਾਈਆਂ ਗੱਲਾਂ ਕਹਿੰਦੇ ਹਨ।

ਗੁਰਸਿਖਾਂ ਪ੍ਰਤੀ ਸਤਿਗੁਰਾਂ ਨੇ ਅੱਗੇ ਦਾ ਫ਼ਿਕਰ ਐਸਾ ਫ਼ਿਕਰਾਇਆ ਕਿ ਸ਼ਬਦ ਸ਼ਬਦ ਵਿਖੇ ਇਸ ਅੱਗੇ ਨੂੰ ਸੰਭਾਲਣ ਲਈ ਸਾਵਧਾਨਤਾ ਜਣਾਈ ਹੈ। ਨਾਮਹੀਣ ਸੰਸਾਰੀਆਂ ਤੇ ਭੀ ਅਪਾਰ ਤਰਸ ਖਾਧਾ ਹੈ ਕਿ ਜਿਨ੍ਹਾਂ ਮਨੁਖਾ ਜਨਮ ਧਾਰ ਕੇ ਆਪਣਾ ਅੱਗਾ ਨਹੀਂ ਸੰਵਾਰਿਆ ਉਹਨਾਂ ਦਾ ਕੀ ਹਾਲ ਹੋਵੇਗਾ। ਤਿਨ੍ਹਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਉਤੇ ਸ਼ਾਕਰ ਰਹਿਣ ਦੀ ਸੁਚੇਤਤਾ ਭੀ ਸਿਖਲਾਈ ਹੈ ਅਤੇ ਦਸਿਆ ਹੈ ਖੋਲ੍ਹ ਕੇ, ਕਿ ਸਿਫਤ ਸਲਾਹ ਦੇ ਗੁਰਮਤਿ ਮਾਰਗੀ ਸਚੇ ਅਤੇ ਸਿਧੇ ਰਾਹ ਤੇ ਚਲੇ ਬਿਨਾਂ ਅੱਗਾ ਕਦੇ ਨਹੀਂ ਸੁਉਰਦਾ। ਏਸ ਸਿਫ਼ਤ ਸਾਲਾਹ ਦਾ ਖ਼ਜ਼ਾਨਾ ਸਤਿਗੁਰੂ ਬਿਨਾਂ ਹਥਿ ਨਹੀਂ ਆਉਂਦਾ। ਸਤਿਗੁਰੂ ਦੀ ਬਖ਼ਸ਼ਸ਼ ਨਦਰ ਪ੍ਰਸਾਦੀ ਰਹਿਮਤ ਜਿਸ ਤੇ ਹੋਈ ਤਿਸੇ ਨੂੰ ਇਸ ਖ਼ਜ਼ਾਨੇ ਦੀ ਵੰਡ ਹਥਿ ਆਉਂਦੀ ਹੈ। ਗੁਰਮਤਿ ਦ੍ਰਿੜ੍ਹਾਈ ਸੱਚੀ ਦੀਖਿਆ ਬਿਨਾਂ ਅਨਮਤ ਕਰਮਾਂ ਨੂੰ ਕਰਿ ਕਰਿ ਬਥੇਰੇ ਥਕਿ ਹਾਰ ਰਹੇ ਹਨ। ਕਿਸੇ ਨੂੰ ਇਹ ਨਾਮ ਦੀ ਸਚੜੀ ਦਾਤ ਹਥਿ ਨਹੀਂ ਆਈ। ਗੁਰੂ ਨਾਨਕ ਸਾਹਿਬ ਬੜੀ ਹੀ ਹਸਰਤ, ਹੈਰਤ ਅਤੇ ਦਰਦ ਭਰੀ ਪੁਕਾਰਨੀ ਪੁਕਾਰਦੇ ਹਨ ਕਿ ਮਨਮੁਖ ਜਗਤ ਨਾਮ-ਧਨ-ਹੀਣਾ ਅਗੇ ਚਲ ਕੇ ਭੁਖਾ ਕੀ ਖਾਵੇਗਾ। ਯਥਾ ਗੁਰਵਾਕ—

ਸਿਫਤਿ ਖਜਾਨਾ ਬਖਸ ਹੈ ਜਿਸੁ ਬਖਸੈ ਸੋ ਖਰਚੈ ਖਾਇ ॥
ਸਤਿਗੁਰ ਬਿਨੁ ਹਥਿ ਨ ਆਵਈ ਸਭ ਥਕੇ ਕਰਮ ਕਮਾਇ ॥
ਨਾਨਕ ਮਨਮੁਖੁ ਜਗਤੁ ਧਨਹੀਣੁ ਹੈ ਅਗੈ ਭੁਖਾ ਕਿ ਖਾਇ ॥੨॥(੧)
[ਬਿਹਾਗੜੇ ਕੀ ਵਾਰ ਮ: ੩, ਪੰਨਾ ੫੪੮

ਆਸਾ ਰਾਗ ਦੇ ਛੰਤਾਂ ਵਿਚ ਭੀ ਸ੍ਰੀ ਗੁਰੂ ਨਾਨਕ ਚੌਥੀ ਪਾਤਸ਼ਾਹੀ ਭੀ ਏਵੇਂ ਉਚਾਰਦੇ ਹਨ—

ਹੁਣਿ ਵਤੈ ਹਰਿਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥੨॥
(੪॥੧੧॥੧੮) [ਆਸਾ ਛੰਤ ਮ: ੪, ਪੰਨਾ ੪੫੦

ਅੱਗਾ ਤਾਂ ਗੁਰੂ ਸਾਹਿਬ ਨੇ ਐਸਾ ਸਪਸ਼ਟਾਇਆ ਹੈ ਕਿ ਇਸ ਦੀ ਹੋਂਦ ਦਾ ਸੰਦੇਹ ਰਹਿਣ ਹੀ ਨਹੀਂ ਦਿਤਾ। ਐਥੇ ਦਾ ਬੀਜਿਆ ਅਗੇ ਜਾ ਖਾਣਾ ਹੈ। ਪਰ

ਜਿਨ੍ਹਾਂ ਨਾਮ ਐਥੇ ਨਹੀਂ ਬੀਜਿਆ ਉਹਨਾਂ ਨੇ ਅਗੇ ਜਾ ਕੇ ਕੀ ਖਾਣਾ ਹੈ ? ਅੱਗਾ ਜ਼ਰੂਰ ਸਿਰ ਤੇ ਖੜਾ ਹੈ, ਜਿਥੇ ਇਹ ਸਰੀਰ ਛੱਡ ਕੇ ਅਵੱਸ਼ ਜਾਣਾ ਹੈ । ਅੱਗਾ ਸੁਖਦਾਈ ਬਣਾਉਣ ਲਈ ਇਕੋ ਇਕ ਨਾਮ ਦੀ ਕਮਾਈ ਹੈ, ਜਿਤਨੀ ਏਥੇ ਕਰ ਲਈਏ ਸੋ ਕਰਿ ਲਈਏ । ਫੇਰ ਅਵਸਰ ਹੱਥ ਨਹੀਂ ਆਉਣਾ ਤੇ ਨਾ ਹੀ ਮਨੁਖਾ ਜਨਮ ਬਾਰੰਬਾਰ ਮਿਲਣਾ ਹੈ । ਜਿਨ੍ਹਾਂ ਇਹ ਅਵਸਰ ਅੰਵਾਈਂ ਗੰਵਾ ਲਿਆ, ਤਿਨ੍ਹਾਂ ਮਾਨੋ ਆਪਣਾ ਅੱਗਾ ਹੀ ਅਜਾਈਂ ਖੋ ਲਿਆ । ਜੋ ਅੰਞਾਣ ਲੋਗ ਇਹ ਖ਼ਿਆਲ ਕਰੀ ਬੈਠੇ ਹਨ ਕਿ ਅੱਗਾ ਉੱਗਾ ਕੁਝ ਨਹੀਂ "ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ", ਜਦੋਂ ਮਰਨ ਪਿਛੋਂ ਅੱਗੇ ਜਾ ਕੇ ਮੂੰਹੋਂ ਮੂੰਹ ਚੋਟਾਂ ਖਾਣੀਆਂ ਪਈਆਂ, ਕਿਉਂਕਿ ਓੜਕ ਸਤਿਗੁਰੂ ਦਾ ਫ਼ੁਰਮਾਨ ਹੀ ਸੱਚ ਸਾਬਤ ਹੋਣਾ ਹੈ । ਸਤਿਗੁਰੂ ਤਾਂ ਪੁਕਾਰ ਪੁਕਾਰ ਕੇ ਅੱਗੇ ਦੀ ਸ਼ਾਹਦੀ ਭਰ ਰਹੇ ਹਨ । ਮੁਨਕਰਾਂ ਨੂੰ ਐਵੇਂ ਫੂਸ ਵਾਲਾ ਹੀ ਨਿਘਾਸ ਹੈ । ਕਬੂਤਰ ਦੇ ਅਖਾਂ ਮੀਚਿਆਂ ਤਾਂ ਮੀਚ ਬਿਲਈਆ ਕਾਲ ਰੂਪ ਹੋ ਕੇ ਉਹਨਾਂ ਦੇ ਸਿਰ ਤੇ ਪੈਣੋਂ ਬਾਜ਼ ਨਹੀਂ ਰਹਿ ਸਕਦੀ, ਜ਼ਰੂਰ ਪਏਗੀ। ਏਸ ਤਰ੍ਹਾਂ ਅੱਗਾ ਜ਼ਰੂਰ ਭੁਗਤਣਾ ਪਏਗਾ । ਕੋਈ ਚੰਗਾ ਭੁਗਤ ਲਵੇ ਕੋਈ ਮੰਦਾ । ਇਹ ਤਾਂ ਆਪੋ ਆਪਣੇ ਕਰਮਾਂ ਅਨੁਸਾਰ ਹੈ । ਅਸਾਡੇ ਸਤਿਗੁਰਾਂ ਦੀ ਜਣਾਈ ਹੋਈ ਇਹ ਗੱਲ ਤਾਂ ਪੱਥਰ ਤੇ ਲਕੀਰ ਹੈ ਕਿ ਜਿਨ੍ਹਾਂ ਨੇ ਨਾਮ ਅਭਿਆਸ ਕਮਾਈ ਸੁਕ੍ਰਿਤ ਕਰਨੀ ਮਾਨੁਖ ਜਨਮ ਪਾਇ ਕੇ ਨਹੀਂ ਕਮਾਈ ਅਤੇ ਇਸ ਕਮਾਈ ਨੂੰ ਬੀਜ ਰੂਪ ਕਰਕੇ ਏਥੇ ਨਹੀਂ ਬੀਜਿਆ, ਤਿਨ੍ਹਾਂ ਨੇ ਅਗੇ ਚਲ ਕੇ ਭੁਖੇ ਹੀ ਰਹਿਣਾ ਹੈ, ਕਿਉਂਕਿ ਅਗੇ ਚਲ ਕੇ ਜੀਵ-ਆਤਮਾ ਨੂੰ ਸਿਵਾਏ ਨਾਮ ਆਧਾਰ ਦੇ ਹੋਰ ਕੋਈ ਅਧਾਰ ਨਹੀਂ । ਇਥੇ ਬੀਜਿਆ ਹੋਇਆ ਅਗੇ ਫਲਣਾ ਫੁਲਣਾ ਹੈ । ਇਕ ਸਿਰਫ਼ ਨਾਮ-ਬੀਜ ਹੀ ਅਗੇ ਫਲਦਾ ਫੁਲਦਾ ਹੈ । ਨਾਮ-ਬਿਹੂਣ ਕੋਈ ਕਰਮ ਸੁਕਰਮੀ ਬੀਜ ਅਗੇ ਜਾ ਕੇ ਨਹੀਂ ਫਲਦਾ । ਨਾਮੋਂ ਘੁਥੜਾ ਜੀਵ ਬਸ ਅਗੇ ਜਾ ਕੇ ਭੁੱਖਾ ਹੀ ਰਹਿੰਦਾ ਹੈ, ਕਿਉਂਕਿ ਗੁਰਮਤਿ ਨਾਮ ਬਿਹੂਣ ਜਿਤਨੇ ਭੀ ਅਨਮਤ ਮਤਸਰੀ ਕਰਮ ਧਰਮ ਹੈਨ, ਸੋ ਪਖੰਡ ਰੂਪ ਹੀ ਹੈਨ, ਜਮ ਜਾਗਾਤੀਆਂ ਦੀ ਲੁਟ ਖਸੁਟ ਹੀ ਹਨ ।

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥ (੭੪੩)

ਕਰਤੇ ਪੁਰਖ ਦੀ ਨਾਮ ਨਿਧਾਨੀ ਨਿਰਬਾਣ ਕੀਰਤਨ ਮਈ ਨਿਮਖ ਮਾਤਰੀ ਸਿਫ਼ਤ ਸਾਲਾਹ ਨੇ ਹੀ ਨਿਸਤਾਰਾ ਤੇ ਅਗੇ ਜਾ ਕੇ ਛੁਟਕਾਰਾ ਕਰਨਾ ਹੈ ।

ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ
ਨਿਮਖ ਸਿਮਰਤ ਜਿਤੁ ਛੂਟੈ ॥੧॥(੪॥੩॥੫੦)

[ਸੂਹੀ ਮ: ੫, ਪੰਨਾ ੭੪੩

ਮਨਮੁਖਾਂ, ਸਾਕਤਾਂ, ਗੁਰ-ਬਿਮੁਖਾਂ ਦੇ ਕਰਮ ਕਮਾਏ ਹੋਏ ਕਦੇ ਥਾਇੰ ਨਹੀਂ ਪੈਣੇ । ਤਿਨ੍ਹਾਂ ਨੂੰ ਅਗਲੀ ਦਰਗਾਹੇ ਜ਼ਰੂਰ ਖੁਆਰ ਹੋਣਾ ਪਊ, ਅਤੇ ਸਤਿਗੁਰੂ ਦੇ ਸਚਿਆਰ ਸਿਖ ਬਣੇ ਬਿਨਾਂ ਸਭਨਾਂ ਨੂੰ ਅਗੇ ਚੱਲ ਕੇ ਜਮਾਂ ਦੀ ਮਾਰ ਪਵੇਗੀ । ਯਥਾ ਗੁਰਵਾਕ—

ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨ ਪਵੈ
ਦਰਗਹਿ ਹੋਇ ਖੁਆਰੁ ॥੨॥(੯)

[ਬਿਹਾਗੜੇ ਕੀ ਵਾਰ, ਮ: ੩, ਪੰਨਾ ੫੫੨

ਨਾਨਕ ਬਿਨੁ ਸਤਿਗੁਰ ਸੇਵੇ ਜਮਪੁਰਿ ਬਧੇ ਮਾਰੀਅਹਿ
ਮੁਹਿ ਕਾਲੈ ਉਠਿ ਜਾਹਿ ॥੧॥(੧੧)

[ਬਿਹਾਗੜੇ ਕੀ ਵਾਰ, ਸਲੋਕੁ ਮ: ੪, ਪੰਨਾ ੫੫੨

ਇਨ੍ਹਾਂ ਵਾਕਾਂ ਅਤੇ ਇਸ ਪ੍ਰਕਾਰ ਦੇ ਹੋਰ ਅਨੇਕਾਂ ਗੁਰਵਾਕਾਂ ਦੁਆਰਾ ਜਮਪੁਰੀ ਦੀ ਹੋਂਦ ਹਸਤੀ ਦਾ ਸਬੂਤ ਭੀ ਸਿਧ ਹੈ । ਸਤਿਗੁਰੂ ਦੀ ਦ੍ਰਿੜ੍ਹਾਈ ਨਾਮ ਅਭਿਆਸ ਕਮਾਈ ਤੋਂ ਘੁਥੜਿਆਂ ਦੀ ਦਸ਼ਾ ਉਪਰ ਲਿਖੇ ਵਾਕਾਂ ਅਨੁਸਾਰ ਲਾਜ਼ਮੀ ਤੌਰ ਤੇ ਹੋਵੇਗੀ ।

"ਜਮਪੁਰਿ ਬਧੇ ਮਾਰੀਅਹਿ" ਵਾਲਾ ਗੁਰ-ਫ਼ਤਵਾ ਤਿਨ੍ਹਾਂ ਉਤੇ ਜ਼ਰੂਰ ਆਇਦ ਹੋਊ । ਜਿਨ੍ਹਾਂ ਗੁਰਮੁਖਾਂ ਨੂੰ ਸੱਚਾ ਪਾਤਸ਼ਾਹ ਆਪਿ ਨਾਮ ਦੀ ਸਚੀ ਵਡਿਆਈ ਬਖ਼ਸ਼ਦਾ ਹੈ, ਸੋਈ ਜਨ ਸਚੀ ਦਰਗਾਹੇ ਸਚਿਆਰ ਜਾਣੇ ਜਾਂਦੇ ਹਨ । ਜਿਸ ਸਚਿਆਰ ਸਿਖ ਨੂੰ ਵਾਹਿਗੁਰੂ ਆਪ ਸਚੜਾ ਗੁਰਮਤਿ ਮਾਰਗ ਬੁਝਾਉਂਦਾ ਸੁਝਾਉਂਦਾ ਹੈ ਅਤੇ ਗੁਰਮਤਿ ਨਾਮ ਕਮਾਈਆਂ ਵਿਚ ਲਾਉਂਦਾ ਹੈ, ਉਸਨੂੰ ਸਚੀ ਦਰਗਾਹ ਅੰਦਰਿ ਸਦਾ ਹੀ ਸੱਚੜਾ ਮਾਨ ਪ੍ਰਾਪਤਿ ਹੁੰਦਾ ਹੈ । ਯਥਾ ਗੁਰਵਾਕ—

ਜਿਨਾ ਆਪੇ ਗੁਰਮੁਖਿ ਦੇ ਵਡਿਆਈ
ਸੇ ਜਨ ਸਚੀ ਦਰਗਹਿ ਜਾਣੇ ॥੧੧॥ (੫੫੩)
ਜਿਸ ਨੋ ਗੁਰਮੁਖਿ ਆਪਿ ਬੁਝਾਏ
ਸੋ ਸਦ ਹੀ ਦਰਗਹਿ ਪਾਏ ਮਾਨੁ ॥੧੪॥

[ਬਿਹਾਗੜੇ ਕੀ ਵਾਰ, ਪੰਨਾ ੫੫੪

ਦੇਖੋ ! ਸਤਿਗੁਰੂ ਦੀ ਦ੍ਰਿੜ੍ਹਾਈ ਸਚੀ ਕਾਰ ਕਮਾਵਣਹਾਰਿਆਂ ਦਾ ਅੱਗਾ ਇਸ ਅਗਲੇਰੇ ਗੁਰਵਾਕ ਅੰਦਰਿ ਕੇਸਾ ਸੁੰਦ੍ਰਾਵਲਾ ਦਸਾਇਆ ਦਰਸਾਇਆ ਗਇਆ ਹੈ—

ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ ॥

ਗੁਰੂ ਦੁਆਰੈ ਹੋਇਕੈ ਸਾਹਿਬੁ ਸੰਮਾਲੇਹੁ ॥
ਸਾਹਿਬੁ ਸਦਾ ਹਜੂਰਿ ਹੈ ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ ॥
ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ ॥
ਸਤਿਗੁਰ ਕਾ ਭਾਣਾ ਚਿਤਿ ਰਖਹੁ ਸੰਜਮੁ ਸਚਾ ਨੇਹੁ ॥
ਨਾਨਕ ਐਥੈ ਸੁਖੈ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ ॥੨॥(੧੫)
[ਬਿਹਾਗੜੇ ਕੀ ਵਾਰ ਮ: ੩, ਪੰਨਾ ੫੫੪

ਇਸ ਗੁਰਵਾਕ ਦਾ ਸਪੱਸਟ ਭਾਵ ਹੈ ਕਿ ਜਿਨ੍ਹਾਂ ਗੁਰਮੁਖਾਂ ਗੁਰਸਿਖਾਂ ਨੇ ਸਤਿਗੁਰੂ ਦੀ ਫ਼ੁਰਮਾਈ ਇਹ ਕਾਰ ਕਮਾਈ ਹੈ, ਪਹਿਲਾਂ ਗੁਰੂ ਦੁਆਰੇ ਹਾਜ਼ਰ ਹੋਇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਪਾਨ ਕਰਿ ਗੁਰ ਦੀਖਿਆ ਮਈ ਗੁਰਮੰਤ੍ਰ ਲਿਆ ਅਤੇ ਗੁਰਮੰਤ੍ਰ ਲੈ ਕੇ ਸਾਹਿਬ ਸੰਮ੍ਹਾਲਿਆ ਹੈ, ਸੰਮ੍ਹਾਲਣ ਕਰਿ ਕਲਾਧਾਰੀ ਗੁਰੂ ਸਰੂਪ ਪੰਜਾਂ ਪਿਆਰਿਆਂ ਨੇ ਅੰਮ੍ਰਿਤ ਛਕਣਹਾਰਿਆਂ ਦੇ ਅੰਤਰਿ ਜੋਤਿ ਪ੍ਰਕਾਸ਼ ਕਰ ਕੇ ਸਾਹਿਬ ਸਚਾ ਪਾਤਸ਼ਾਹੁ ਸਦ ਹਜ਼ੂਰ ਦਿਖਾਲਿਆ ਹੈ ਅਤੇ ਸਰਬ ਦਾਰੂਆਂ ਸਿਰ ਦਾਰੂ ਮਈ ਸੁਖਜੀਵਨੀ ਅੰਮ੍ਰਿਤ ਪਿਆਲਾ ਪਿਆਲਿਆ ਹੈ ਅਤੇ ਨੇਹੁ ਸੰਜਮੀ ਸਚਾ ਭਾਣਾ ਮਿਠਾ ਕਰਿ ਮਨਾਇਆ ਹੈ, ਗੁਰੂ ਨਾਨਕ ਸਾਹਿਬ ਸਚੀ ਸਾਖਾ ਭਰਦੇ ਹਨ ਕਿ ਤਿਨ੍ਹਾਂ ਦਰਿ ਪਰਵਾਨ ਪਏ ਗੁਰਮੁਖ ਜਨਾਂ ਨੂੰ ਸਚਾ ਪਾਤਸ਼ਾਹ ਵਾਹਿਗੁਰੂ ਆਪਣੀ ਨਦਰ ਮੇਹਰ ਕਰਿ "ਐਥੈ ਸੁਖੈ ਅੰਦਰਿ ਰਖਸੀ ਅਗੈ ਹਰਿ ਸਿਉ ਕੇਲੁ ਕਰੇਹੁ" ਦੇ ਗੁਰ ਸਿੱਟੇ ਅਨੁਸਾਰ ਐਥੈ (ਇਸ ਲੋਕ ਵਿਖੇ) ਅੰਮ੍ਰਿਤ ਸੁਖ ਸਹਿਜਤਾ ਅੰਦਰਿ ਰਖਦਾ ਹੈ ਅਤੇ ਅਗੈ (ਅਗਲੇ ਲੋਕ ਵਿਖੇ) ਪਰਮਾਤਮਾ ਸੰਗਿ ਮੇਲ ਕੇਲ ਰੰਗ ਰਲੀਆਂ ਮਾਨਣ ਦਾ ਪ੍ਰੇਮ ਅਧਿਕਾਰੀ ਬਣਾਉਂਦਾ ਹੈ। ਕੈਸਾ ਸੋਹਣਾ ਅੱਗਾ ਗੁਰਮੁਖ ਨਾਮ ਕਮਾਈ ਵਾਲਿਆਂ ਦਾ ਇਸ ਉਪਰਲੇ ਗੁਰਵਾਕ ਦੀ ਰੋਸ਼ਨੀ ਵਿਚ ਨਿਖਰਿਆ ਹੈ। ਅਗਲਾ ਗੁਰਵਾਕ 'ਅਗੈ' ਦੇ ਵਰਤਾਰੇ ਦੀ ਨਿਰਸੰਦੇਹਤਾ ਇਸ ਬਿਧਿ ਨਿਸਚੇ ਕਰਾਉਂਦਾ ਹੈ—

ਹਉਮੈ ਵਿਚਿ ਜਗਤੁ ਮੁਆ ਮਰਦੋ ਮਰਦਾ ਜਾਇ ॥
ਜਿਚਰੁ ਵਿਚਿ ਦੰਮੁ ਹੈ ਤਿਚਰੁ ਨ ਚੇਤਈ ਕਿ ਕਰੇਗੁ ਅਗੈ ਜਾਇ ॥
ਗਿਆਨੀ ਹੋਇ ਸੁ ਚੇਤੰਨੁ ਹੋਇ ਅਗਿਆਨੀ ਅੰਧੁ ਕਮਾਇ ॥
ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ ॥੧॥(੧੯)
[ਸਲੋਕ ਮ: ੩, ਪੰਨਾ ੫੫੫-੫੬

ਨਾਮੋਂ ਘੁੱਥਾ ਜਗ, ਸਾਰਾ ਜਗਤ ਹੀ ਹਉਮੈ ਵਿਚ ਬਫਾਇ ਬਫਾਇ ਅਧਮੋਆ ਹੋਇ ਹੋਇ ਮਰਦਾ ਹੈ। ਖਿਨ ਖਿਨ ਨਵੀਂ, ਨਿਤ ਨਵੀਂ ਭਿਆਨਕ ਮਰਨੀ ਮਰਦਾ ਹੈ

ਅਤੇ ਮਰਦੋ ਮਰਦਾ ਹੀ ਚਲਿਆ ਜਾਂਦਾ, ਅਰਥਾਤ ਜਨਮ ਬਤੀਤ ਕਰਦਾ ਹੈ। ਜਿੰਨਾ ਚਿਰ ਜਗਤ ਮੁੱਠੇ ਸੰਸਾਰੀ ਬੰਦਿਆਂ ਅੰਦਰਿ ਜ਼ਿੰਦਗੀ ਦਾ ਸਾਹੁ (ਦੰਮ) ਵਗਦਾ ਹੈ, ਉਤਨਾ ਚਿਰ ਤਾਂ ਵਾਹਿਗੁਰੂ ਨਾਮ ਦਾ ਸਿਮਰਨ ਭਜਨ ਇਕ ਨਿਮਖ ਮਾਤਰ ਭੀ ਜਗਤ-ਬੰਧਨੀ ਸੰਸਾਰੀ ਬੰਦਿਆਂ ਤੋਂ ਹੁੰਦਾ ਨਹੀਂ। ਤਿਨ੍ਹਾਂ ਦੀ ਸਾਰੀ ਜ਼ਿੰਦਗੀ ਮਾਨੁਖ ਜੀਵਨ, ਜਨਮ ਯਾਤਰਾ ਦੇ ਸਾਰੇ ਦੰਮ (ਸੁਆਸ) ਬਿਰਥੇ ਹੀ ਜਾਂਦੇ ਹਨ (ਨਾਮ ਬਿਹੂਨੜੇ ਹੋਣ ਕਰਕੇ)। ਜਦੋਂ ਦੰਮ (ਸੁਆਸ) ਤਨ ਸਰੀਰੋਂ ਨਿਕਲ ਗਿਆ ਤਾਂ ਫੇਰ ਹਉਮੈ ਅਗਨ ਕਰਿ ਜਲੰਦਾ-ਜਗਤ-ਸੰਸਾਰੀ ਬੰਦਾ ਅਗੇ ਜਾ ਕੇ ਕੀ ਕਰੇਗਾ ? ਕੀ ਕਰਨਾ ਸੀ, ਹੱਥ ਮਰੋੜੇਗਾ ਤੇ ਸਿਰ ਧੁਨੇਗਾ। ਆਪਣਾ ਕੀਤਾ ਪਾਵੇਗਾ ਤੇ ਮੁਹੋ ਮੁਹਿ ਚੋਟਾਂ ਖਾਵੇਗਾ। ਸਚੇ ਗੁਰ-ਗਿਆਨ ਵੀਚਾਰ ਵਾਲੇ ਬੰਦੇ ਤਾਂ ਸੁਚਿਆਰਤਾ ਸਹਿਤ ਚੇਤੰਨ ਸਾਵਧਾਨ ਹੋ ਕੇ ਆਪਣਾ ਸਮਾਂ ਸੰਮ੍ਹਾਲ ਲੈਂਦੇ ਹਨ ਅਤੇ ਸੁਚੇਤ ਹੋ ਕੇ ਵਰਤਦੇ ਹਨ ਆਪਣੇ ਸੁਆਸਾਂ ਦੰਮਾਂ ਨੂੰ। ਅਗਿਆਨੀ ਅੰਧਲੇ, ਗੁਰਮਤਿ ਗਿਆਨ ਤੋਂ ਘੁਥੇ ਹੋਏ, ਅੰਧ ਹੀ ਕਮਾਵੰਦੇ ਰਹਿੰਦੇ ਹਨ ਅਤੇ "ਸਹੁ ਵੇ ਜੀਆ ਅਪਣਾ ਕੀਆ" ਵਾਲਾ ਖਮਿਆਜ਼ਾ ਭੁਗਤਦੇ ਹਨ। ਓੜਕ ਗੁਰੂ ਨਾਨਕ ਸਾਹਿਬ ਨਿਖਰਵਾਂ ਫ਼ੈਸਲਾ ਦਿੰਦੇ ਹਨ-"ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ"। ਜੇਵੇਹੇ ਕਰਮ ਕਰਮਚਾਰੀ ਲੋਕ ਏਥੇ (ਇਸ ਲੋਕ ਅੰਦਰਿ) ਕਮਾਵੰਦੇ ਹਨ ਤੇਵੇਹੇ ਫਲ ਹੀ ਉਹ ਅਗੈ (ਅਗਲੇ ਲੋਕ ਵਿਖੇ) ਜਾਇਕੈ ਪਾਉਂਦੇ ਹਨ। ਇਸ ਵਿਚ ਰੰਚਕ ਭੀ ਸੰਦੇਹ ਨਹੀਂ। ਕੈਸਾ ਅੱਗਾ ਸਿਧ ਹੋਇਆ। ਅੱਗਾ ਹੀ ਨਹੀਂ, ਅੱਗੇ ਦਾ ਫਲ ਭੀ ਸਿਧ ਹੋ ਗਿਆ। ਤਾਂਤੇ ਅੱਗੇ ਦਾ ਇਨਕਾਰ ਸਭ ਬਾਦ ਬਫਾਰ ਹੀ ਹੈ।

ਬਿਕਾਰੀ ਲੋਕਾਂ ਦਾ ਅਗਿਆਨ ਅੰਧਾਰੀ ਕੂੜਾ ਨਿਸਚਾ 'ਅੱਗੇ' ਨੂੰ ਭਰਮ ਭਰਾਂਤੀ ਹੀ ਸਮਝਦਾ ਹੈ। ਭਰਮ ਭੁਲੀ ਲੁਕਾਈ 'ਅੱਗੇ' ਨੂੰ ਕੁਝ ਸਮਝਦੀ ਹੀ ਨਹੀਂ। 'ਅੱਗਾ' ਸੱਚ ਹੈ, ਸਚ ਹੋਂਦ ਹਸਤੀਆ ਹੈ। ਅੱਗਾ, ਅਗਲਾ ਲੋਕ ਇਵੇਹਾ ਹੀ ਸਚ ਹੈ ਜਿਵੇਹਾ ਕਿ ਇਹ ਲੋਕ ਸਚ ਹੈ। ਸਚਿਆਰ ਗੁਰਸਿਖ ਤਾਂ ਇਸ ਅੱਗੇ ਦੇ ਹਸਤ ਹੋਂਦੀਏ ਸਚ ਤੋਂ ਸਿਰ ਫੇਰ ਹੀ ਨਹੀਂ ਸਕਦੇ। ਪਰ ਇਸ ਸੰਸਾਰ ਅੰਦਰਿ ਨਾਮ ਮਾਤਰੀਏ ਅਖਾਉਤੀ ਸਿਖ ਅਣਗਿਣਤ ਹਨ, ਜੋ ਗੁਰੂ ਦੇ ਸਿਖ ਸਦਾਉਂਦੇ ਹੋਏ ਭੀ ਅੱਗੇ ਨੂੰ ਨਹੀਂ ਮੰਨਦੇ। ਇਹੀ ਕਾਰਨ ਹੈ ਕਿ ਅੱਗੇ ਦੇ ਡਰ ਤੋਂ ਨਿਡਰ ਹੋ ਕੇ, ਅੱਗੇ ਦੇ ਭੈ ਤੋਂ ਨਿਰਭੈ ਹੋ ਕੇ ਅਨਿਕ ਪ੍ਰਕਾਰੀ ਵਿਕਾਰੀ ਕਰਮ ਕਮਾਉਂਦੇ ਹਨ ਅਤੇ ਆਪਣੇ ਮਨੁਖਾ ਜਨਮ ਦੀ ਪੂੰਜੀ ਨੂੰ ਆਪਣੇ ਹੱਥੀਂ ਲਾਂਬੂ ਲੂਤੀ ਲਾਉਂਦੇ ਹਨ ਤੇ ਆਪ ਹੀ ਸੜ ਕੇ ਦਗਧ ਹੋ ਕੇ ਮਰ ਜਾਂਦੇ ਹਨ ਤੇ ਅਗੇ ਜਾ ਕੇ ਸੜਨ ਬਲਣ ਦੀਆਂ ਅਨੇਕਾਂ ਬਿਕਟ ਸਜ਼ਾਈਆਂ ਭੁਗਤਦੇ ਹਨ।

ਵਿਕਾਰੀ ਆਚਾਰ ਵਾਲੀਆਂ, ਸੜਾਂਦ ਵਿਚ ਸੜ ਰਹੀਆਂ ਅਨਿਕ ਜਿੰਦੜੀਆਂ

ਵਿਕਾਰਾਂ ਵਾਲੇ ਸੀਂਗਾਰ ਬਣਾਇ ਬਣਾਇ ਆਪਣੇ ਅੱਗੇ ਨੂੰ ਖੀਨ ਖਰਾਬ ਕਰਦੀਆਂ ਹਨ। ਤਿਨ੍ਹਾਂ ਸੀਂਗਾਰਾਂ ਦੇ ਕੂੜਾਵੇ ਸੁਹੱਪਣ ਏਥੇ ਦੇ ਏਥੇ ਹੀ ਰਹਿ ਜਾਣੇ ਹਨ, ਅਗੇ ਕਿਸੇ ਨੇ ਨਹੀਂ ਪੁਛਣੇ। ਕੂੜਾਵੇ ਸੀਂਗਾਰ ਬਣਾਵਣ-ਹਾਰੀਆਂ ਆਨਮਤੀ ਔਰਤਾਂ ਦੀ ਰੀਸੇ ਗੁਰਮੁਖੀਆਂ ਦੀ ਰਹਿਣੀ ਬਹਿਣੀ ਨੂੰ ਤਿਲਾਂਜਲੀ ਦੇਣਹਾਰੀਆਂ ਨਵ-ਫ਼ੈਸ਼ਨ ਸੀਗਾਰਨਾਂ ਪ੍ਰਥਾਇ ਕਿਆ ਸੋਹਣਾ ਇਹ ਅਗਲੇਰਾ ਗੁਰਵਾਕ ਘਟਦਾ ਹੈ-

ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ ॥
ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥੧॥੩॥

[ਵਡਹੰਸ ਮ: ੧, ਪੰਨਾ ੫੫੮

ਗੁਰਸਿਖ ਗੁਰਮੁਖ ਭੁਜੰਗਣਾਂ ਵਾਲਾ ਗੁਰਮੁਖੀ ਸਾਦਾ ਵੇਸ, ਸਾਬਤ ਸੂਰਤਿ ਦਸਤਾਰ ਸਿਰਾ ਦਾ ਖ਼ਾਲਸਈ ਪਹਿਰਾਵਾ ਛੱਡ ਕੇ ਅਨਮਤਣਾਂ ਦੀ ਰੀਸੇ ਕੁਰੀਸੇ ਅਜ ਕਲ ਸਿਰ ਦੇ ਕੇਸਾਂ ਦੀਆਂ ਪਟੀਆਂ ਗੁੰਦਣਾ, ਟੇਢੇ ਚੀਰ ਕੱਢਣ ਦਾ ਕੁਫ਼ੈਸ਼ਨ ਜੋ ਤੁਰਿਆ ਹੈ ਅਤੇ ਚੀਰਮੀਆਂ ਵਿਚ ਸੰਧੂਰ ਭਰਨ ਦਾ ਹੋਛਾ ਸੀਂਗਾਰ ਜੋ ਪਰਚੁਰ ਹੋਇਆ ਹੈ, ਸੋ ਸਭ ਰਸਾਤਲ ਨੂੰ ਲੈ ਜਾਣ ਵਾਲਾ ਸਉਦਾ ਹੈ। ਸਤਿਗੁਰੂ ਫ਼ੁਰਮਾਨ ਨੇ ਸਾਫ਼ ਦਸਿਆ ਹੈ ਕਿ ਐਸੇ ਹੋਛੇ ਸੀਂਗਾਰ ਬਣਾਵਣ-ਹਾਰੀਆਂ ਸਭ ਝੂਰ ਝੂਰ ਵਿਸੂਰ ਵਿਸੂਰ ਕੇ ਮਰਨਗੀਆਂ ਅਤੇ ਅਗੇ (ਅਗਲੇ ਲੋਕ ਵਿਚ) ਗਈਆਂ ਦੀ ਕੋਈ ਪੁਛ ਪਰਤੀਤ ਨਹੀਂ ਹੋਣੀ। ਜੇਕਰ ਗੁਰਮਤਿ ਦਰਸਾਏ, ਬੁਝਾਏ, ਦ੍ਰਿੜ੍ਹਾਏ, ਅੱਗੇ ਦਾ ਖ਼ੌਫ਼ ਹੋਵੇ ਤਾਂ ਇਹ ਕੂੜ ਸੀਗਾਰੜੀ, ਬਿਗਾੜ ਫ਼ੈਸ਼ਨਾੜੀ, ਸਿਖ ਘਰਾਣਿਆਂ ਦੀਆਂ ਗੁਰਸਿਖਣੀਆਂ ਸਦਵਾਉਣਹਾਰੀਆਂ ਜਨਾਨੜੀਆਂ ਕਦੇ ਭੀ ਅੱਗੇ ਨੂੰ ਕਲੰਕਤ ਨਾ ਕਰਨ।

ਅੱਗੇ ਦੀ ਹੋਂਦ ਤੋਂ ਬੇਖ਼ੌਫ਼ੀ, ਅੱਗੇ ਦੀ ਮਨੌਤ ਤੋਂ ਆਕੀ ਹੋਣਾ ਮੁਜੱਸਮ ਬਦ-ਇਖ਼ਲਾਕੀ ਦੀ ਗੰਦੀ ਖੰਦਕ ਵਿਚ ਰੁੜ੍ਹਨਾ ਹੈ। ਅੱਗੇ ਤੋਂ ਖ਼ੌਫ਼-ਹੀਣ ਹੋਣ ਦੀ ਕੁਧਿਤ ਬਦ-ਇਖ਼ਲਾਕੀ ਦੀ ਅਗਨ ਵਿਚ ਜਲਣ ਸੜਨ ਵਾਲੇ ਜੀਵਨ, ਇਸ ਲੋਕ ਵਿਖੇ ਹੀ ਐਸੇ ਖੀਨ ਖੁਆਰ ਹੁੰਦੇ ਡਿਠੇ (ਦੇਖੇ ਗਏ) ਹਨ ਕਿ ਉਹਨਾਂ ਜੀਵਨ ਜੀਵਨਾਨੂੰ ਮਾਣੂਆਂ ਦੀ ਭਰੀ ਜੁਆਨੀ ਹੀ ਰਿਝ ਕਰਿਝਨੀ ਗਲੀ ਪਲੀ ਸੜਾਂਦ ਅਵਾਇਲ ਉਮਰ ਵਿਚ ਹੀ ਨਮੂਦਾਰ ਹੋਇ ਆਂਵਦੀ ਹੈ। ਅਗਲੀ ਪਰਲੋਕੀ ਦੁਨੀਆ ਅੰਦਰਿ ਜੋ ਹਾਲ ਹੋਵੇਗਾ ਸੋ ਅਗੇ ਜਾ ਕੇ ਭੁਗਤਿਆਂ ਹੀ ਪਤਾ ਲਗੇਗਾ। ਜੈਸਾ ਕਿ ਅਗਲੇ ਗੁਰਵਾਕ ਦਾ ਭਾਵ ਹੈ—

ਦੋਹਾਗਣੀ ਖਰੀਆ ਬਿਲਲਾਦੀਆ ਤਿਨਾ ਮਹਲੁ ਨ ਪਾਇ ॥
ਦੂਜੈ ਭਾਇ ਕਰੂਪੀ ਦੂਖੁ ਪਾਵਹਿ ਆਗੈ ਜਾਇ ॥੨॥(੪॥੪॥)

[ਵਡਹੰਸੁ ਮ: ੩, ਪੰਨਾ ੫੫੯


www.sikhbookclub.com

ਪਿਰੀ ਪ੍ਰੀਤਮ ਵਾਹਿਗੁਰੂ ਦੀ ਪ੍ਰਾਪਤੀ ਜੋਗ ਗੁਰਮਤਿ ਦਰਸਾਏ ਸਚੜੇ ਸੁਹਾਗ ਸ਼ੀਂਗਾਰ ਤੋਂ ਖੁਥੜੀਆਂ ਹੋਈਆਂ ਅਤੇ ਬਿਭਚਾਰ ਸ਼ੀਂਗਾਰ ਵਿਚ ਲੁਥੜੀਆਂ ਹੋਈਆਂ ਦੋਹਾਗਣੀਆਂ ਐਥੇ ਓਥੇ, ਇਸ ਲੋਕ ਅਤੇ ਅਗਲੇ ਲੋਕ (ਪ੍ਰਲੋਕ) ਵਿਖੇ ਖਰੀਆਂ ਬਿਲਲਾਂਦੀਆਂ, ਬੇਹੱਦਾ ਵਿਰਲਾਪ ਕਰਦੀਆਂ ਸਤਿਗੁਰਾਂ ਅਤੇ ਸਤਿਗੁਰੂ ਦੇ ਦਿੱਬ ਦ੍ਰਿਸ਼ਟੇ ਗੁਰਸਿਖਾਂ ਸੰਤਾਂ ਭਗਤਾਂ ਗੁਰਮੁਖ ਜਨਾਂ ਨੇ ਆਪਣੇ ਅਖੀਂ ਦੇਖੀਆਂ ਹਨ। ਗੁਰੂ ਸਾਹਿਬ ਫ਼ੁਰਮਾਉਂਦੇ ਹਨ ਤਿਨ੍ਹਾਂ ਨੂੰ ਪਿਰੀ ਪ੍ਰੀਤਮ ਦੇ ਸਚੇ ਮਹਲ ਦੀ ਪ੍ਰਾਪਤੀ ਕਦਾਚਿਤ ਨਹੀਂ ਹੁੰਦੀ, ਨਾ ਹੋਣੀ ਹੈ। ਦੂਜੇ ਭਾਇ ਦੇ ਦੋਹਾਗਣੀਆਂ ਵਾਲੇ, ਵਿਭਚਾਰ ਵਾਲੇ ਭੜਕ ਭੜਕਾਵੇ ਸ਼ੀਂਗਾਰ, ਰੂਪ ਜੋਬਨ ਨੂੰ ਸਗੋਂ ਕਰੂਪ ਕਚਲੋਬਨ ਵਿਚ ਪਲਟ ਦਿੰਦੇ ਹਨ। ਐਸੇ ਕੁਸ਼ਿੰਗਾਰੀ ਸ਼ਿੰਗਾਰੀਆਂ ਕਰੂਪਣੀਆਂ ਦੋਹਾਗਣੀਆਂ "ਦੁਖੁ ਪਾਵਹਿ ਆਗੈ ਜਾਇ", ਅਗੇ ਚਲ ਕੇ, ਅਗਲੇ ਲੋਕ, ਅਗਲੀ ਦਰਗਾਹ ਵਿਚ ਜਾ ਕੇ ਅਮਿਤ੍ਰਾ ਜਮਜੰਦਾਰੀ ਦੁਖ ਪਾਵਣਗੀਆਂ। ਇਹ ਬਲਾ ਉਹਨਾਂ ਦੇ ਸਿਰੋਂ ਟਲਣੀ ਨਹੀਂ ਹੈ। ਇਸ ਗੱਲ ਨੂੰ ਪੱਕ ਪਰਤੀਤ ਕਰ ਕੇ ਜਾਣੋ। ਅੱਗੇ ਤੋਂ ਅਵੇਸਲੇ ਮਤ ਹੋਵੋ। 'ਅਗੇ' ਨੂੰ ਮਿਣਣ ਵਾਲੀਆਂ ਸਜਾਈਂ ਜ਼ਰੂਰ ਮਿਲਣਗੀਆਂ ਮਨਮੁਖਾਂ ਤਾਈਂ।

ਮਤ ਕੋਈ ਖ਼ਿਆਲ ਕਰੇ, ਅੱਗਾ ਹੈ ਹੀ ਨਹੀਂ, ਕਿ ਅਗੇ ਚਲ ਕੇ ਲੇਖਾ ਨਹੀਂ ਹੋਣਾ। ਖੋਟੇ ਖਰੇ ਸਭ ਪਰਖੇ ਜਾਣਗੇ। ਤਿਤ ਸਚੇ ਦੇ ਦਰਬਾਰ ਵਿਖੇ ਖੋਟਿਆਂ ਖਰਿਆਂ ਦਾ ਸੱਚੋ ਸੱਚ ਨਿਸਤਾਰਾ ਨਿਬੇੜਾ ਹੋਵੇਗਾ। ਖੋਟੇ ਖੁਆਰ ਕਰ ਕੇ ਸੱਚੀ ਦਰਗਾਹੋਂ ਬਾਹਰਵਾਰ ਸਿਟੇ ਜਾਣਗੇ, ਨਰਕਾਂ ਵਿਚ ਉਲਟੇ ਲਟਕਾਏ ਜਾਣਗੇ। ਓਥੇ ਪਏ ਹਾਲ ਪੁਕਾਰਾਂ ਕਰਨਗੇ, ਦੁਹਾਈਆਂ ਪਾਉਣਗੇ। ਯਥਾ ਗੁਰਵਾਕ—

ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ਰਾਮ ॥
ਖੋਟੇ ਦਰਗਹ ਸੁਟੀਅਨਿ ਊਭੇ ਕਰਨਿ ਪੁਕਾਰਾ ਰਾਮ ॥੩॥(੪॥੪)
[ਵਡਹੰਸੁ ਮਹਲਾ ੩, ੫੭੦

ਅੱਗੇ ਤੋਂ ਬੇਖ਼ਬਰ ਮਤ ਹੋਵੋ। ਇਉਂ ਮਤ ਸਮਝੋ ਕਿ ਅੱਗਾ ਉੱਗਾ ਕੋਈ ਨਹੀਂ। ਇਹ ਖ਼ਿਆਲ ਮਤ ਕਰੋ ਕਿ ਮਰ ਕੇ ਐਥੇ ਹੀ ਮੁੱਕ ਜਾਣਾ ਹੈ, ਅੱਗਾ ਕੀਹਨੇ ਦੇਖਿਆ ਹੈ ? ਜਿਨ੍ਹਾਂ ਸਤਿ ਪੁਰਖਾਂ ਕਰਤਾਰ ਪਠਾਏ ਗੁਰੂ ਮਹਾਂ ਅਵਤਾਰਾਂ ਨੇ ਅੱਗੇ ਨੂੰ ਦੇਖਿਆ ਹੈ, ਉਹਨਾਂ ਤੋਂ ਵਧੇਰੀ ਗਵਾਹੀ ਅੱਗਾ ਦੇਖਣ ਦੀ ਹੋਰ ਕੀ ਹੋ ਸਕਦੀ ਹੈ ? ਸਤਿਗੁਰੂ, ਦੇਖੋ ਕਿਆ ਸਾਫ਼ ਨਿਰਣਾ ਅਗੇ ਇਸ ਅਗਲੇਰੇ ਵਾਕ ਅੰਦਰ ਨਿਰਣਾਉਂਦੇ ਹਨ—

ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ ॥

ਏਥੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ ॥
ਆਗੈ ਸਰਪਰ ਜਾਣਾ ਜਿਉ ਮਿਹਮਾਣਾ ਕਾਹੇ ਗਾਰਬੁ ਕੀਜੈ ॥
ਜਿਤੁ ਸੇਵਿਐ ਦਰਗਹ ਸੁਖੁ ਪਾਈਐ ਨਾਮੁ ਤਿਸੈ ਕਾ ਲੀਜੈ ॥
ਆਗੈ ਹੁਕਮੁ ਨ ਚਲੈ ਮੂਲੇ ਸਿਰਿ ਸਿਰਿ ਕਿਆ ਵਿਹਾਣਾ ॥
ਸਾਹਿਬੁ ਸਿਮਰਿਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ ॥੨॥(੪॥੧)
[ਵਡਹੰਸੁ ਮ: ੧ ਘਰੁ ੫ ਅਲਾਹ:, ਪੰਨਾ ੫੭੯

ਭਾਵ—ਇਸ ਸੰਸਾਰ ਤੋਂ ਪਿਆਨੇ ਚਲਾਣੇ ਵਾਲਾ ਲੇਖਾ ਸਭਨਾਂ ਜੀਵਾਂ ਦੇ ਸਿਰ ਤੇ ਲਿਖਿਆ ਹੋਇਆ ਹੈ। ਸਭਨਾਂ ਹੀ ਅਵੱਸ਼ ਏਥੋਂ ਇਸ ਦੁਨੀਆ ਤੋਂ ਪਿਆਨੇ ਚਲਾਣੇ ਕਰਨੇ ਹਨ। ਇਸ ਗੱਲ ਨੂੰ ਸੱਚੁ ਦ੍ਰਿੜਾਇਕੈ ਗੁਰੂ ਸਾਹਿਬ ਬੜੇ ਪ੍ਰੇਮ ਪਿਆਰ ਨਾਲ ਸਮਝਾਉਂਦੇ ਹਨ, ਹੇ ! ਮੇਰੇ ਭਾਈਓ ! ਇਸ ਅਸਾਰ ਸੰਸਾਰ ਤੋਂ ਅਵੱਸ਼ ਚਲਾਣਾ ਪਇਆਣਾ ਹੋਣਾ ਹੈ, ਇਸ ਕਰਕੇ ਸਾਰੇ ਕੰਮ ਛਡ ਕੇ ਸਚੇ ਸਾਹਿਬ ਵਾਹਿਗੁਰੂ ਦਾ ਸਿਮਰਨ ਕਰੋ। ਜਿਸ ਜੱਗ ਮਿਠੇ ਦਾ ਤੁਸੀਂ ਗੁਮਾਨ ਕਰਦੇ ਹੋ ਅਤੇ ਕਹਿੰਦੇ ਹੋ 'ਇਹ ਜਗ ਮਿੱਠਾ ਅਗਲਾ ਕੀਹਨੇ ਡਿੱਠਾ', ਜਿਸ ਦ੍ਰਿਸ਼ਟਮਾਨ ਜੱਗ ਨੂੰ ਦੇਖ ਕੇ ਤੁਸੀਂ ਇਸ ਦੇ ਧੰਦਿਆਂ ਵਿਚ ਲਪਟਾਏ ਪਏ ਹੋ, ਸੋ ਇਹ ਜਗ ਭੀ ਅਤੇ ਇਸ ਜਗ ਦੇ ਧੰਦੇ ਭੀ ਕੂੜਾਵੇ ਹਨ ਤੇ ਚਾਰ-ਦਿਵਸੀ ਹੀ ਹਨ। ਓੜਕ ਨੂੰ ਅਗੇ ਹੀ ਸਾਰਿਆਂ ਨੇ ਜਾਣਾ ਹੈ, ਅਵੱਸ਼ ਜਾਣਾ ਹੈ। ਜਿਵੇਂ ਮਿਹਮਾਨ ਪਰਾਹੁਣੇ ਚਾਰ ਦਿਵਸੀ ਬਸੇਰਾ ਕਰ ਕੇ ਚਲੇ ਜਾਂਦੇ ਹਨ, ਏਸੇ ਤਰ੍ਹਾਂ ਪ੍ਰਾਹੁਣਿਆਂ ਮੇਹਮਾਨਾਂ ਵਤ ਇਸ ਦੁਨੀਆਂ ਵਿਚ ਚਾਰ-ਦਿਵਸੀ ਪ੍ਰਾਹੁਣਾਚਾਰੀ ਕਰਕੇ ਸਭ ਨੇ ਓੜਕ ਨੂੰ ਅੱਗੇ ਹੀ ਚੱਲ ਵਸਣਾ ਹੈ। ਤਾਂਤੇ ਇਸ ਦੁਨੀਆ ਵਿਚ ਥਿਰ ਰਹਿਣ ਦਾ ਗਰਬ ਗੁਮਾਨ ਕਿਸ ਵਾਸਤੇ ਕਰਨਾ ਹੈਂ, ਜਿਥੇ ਸਦਾ ਥਿਰ ਰਹਿਣਾ ਨਹੀਂ ? ਇਹ ਗਰਬ ਗੁਮਾਨ ਹੀ ਦਿਲੋਂ ਦੂਰ ਕਰ ਦੇਣਾ ਚਾਹੀਦਾ ਹੈ ਕਿ ਜੋ ਕੁਝ ਹੈ ਸੋ ਏਥੇ ਹੀ ਹੈ, ਅਗੇ ਚਲ ਕੇ ਕੁਝ ਨਹੀਂ, ਨਾ ਅੱਗਾ ਹੈ ਨਾ ਅਗੇ ਏਥੇ ਕੀਤੇ ਅਮਲਾਂ ਦੀ ਸਜ਼ਾ ਹੈ। ਏਥੇ ਕਮਾਤੇ ਪਾਪਾਂ ਦੀ ਸਜ਼ਾ ਦੇ ਦੁਖ ਅਗੇ ਜ਼ਰੂਰ ਭੁਗਤਣੇ ਬਣਨੇ ਹਨ। ਅਗਲੀ ਦਰਗਾਹ ਵਿਖੇ ਜੇ ਅਮਿਤ ਦੁਖਾਂ ਤੋਂ ਬਚਣਾ ਹੈ ਅਤੇ ਸਚਾ ਆਤਮ ਸੁਖ ਪਰਮਾਤਮਾ ਮਿਲਣ ਦਾ ਭੋਗਣਾ ਹੈ ਤਾਂ ਉਸ ਦੀ ਸੇਵਾ ਸਿਮਰਨ ਕਰਕੇ ਦਰਗਾਹ ਅੰਦਰ ਸਚੜਾ ਸੁਖ ਪਾਈਦਾ ਹੈ। ਅਗੇ ਚਲ ਕੇ ਆਪ-ਹੁਦਰੀਆਂ ਹਿਕਮਤ-ਹੁਕਮ-ਸਿਆਣਪਾਂ ਨਹੀਂ ਚਲਣੀਆਂ। ਅਗੇ ਚਲ ਕੇ ਪਤਾ ਲਗੂ ਕਿ ਜੀਵਾਂ ਦੇ ਆਪੋ ਆਪਣੇ ਕਰਮਾਂ ਅਨੁਸਾਰ ਉਹਨਾਂ ਦੇ ਆਪਣੇ ਆਪਣੇ ਸਿਰ ਤੇ ਭੀ ਕੁਛ ਵਿਹਾਉਣੀ ਵਿਹਾਵੇਗੀ। ਸਿਰੇ ਦੀ ਗੱਲ ਬਸ ਏਹੀ ਹੈ ਕਿ ਅਵੱਸ਼ ਏਥੋਂ ਚੱਲਣਾ ਹੈ ਅਤੇ ਅਗੇ ਚਲ ਵਸਣਾ ਹੈ। ਤਾਂਤੇ ਸਮਰੱਥ ਸਾਹਿਬ ਵਾਹਿਗੁਰੂ ਦਾ ਸਿਮਰਨ ਕਰੋ; ਏਦੂੰ ਉਪਰ ਹੋਰ ਕਰਮ ਧਰਮ ਕੋਈ ਨਹੀਂ।

ਸਮਰਥ ਸਚੇ ਸਾਹਿਬ ਦੀ ਸੇਵਾ ਸਿਮਰਨ ਕਰਿ ਹੀ ਅਗੇ ਪੰਥ ਸੁਹੇਲਾ ਹੁੰਦਾ ਹੈ । ਅਰਥਾਤ ਮਰਨ ਤੋਂ ਪਿਛੋਂ, ਇਹ ਦੇਹੀ ਛਡਣ ਤੋਂ ਪਿਛੋਂ ਫੇਰ ਅਗਲੇ ਲੋਕ ਦੇ ਪੰਧ ਪੈਣਾ ਜ਼ਰੂਰੀ ਹੈ । ਮਰਨ ਪਿਛੋਂ ਅੱਗਾ ਮੁੱਕ ਨਹੀਂ ਜਾਂਦਾ । ਅਗੇ ਚਲ ਕੇ ਤਿਨ੍ਹਾਂ ਦਾ ਮੰਦਾ ਹਾਲ ਹੁੰਦਾ ਹੈ ਜਿਨ੍ਹਾਂ ਦਾ ਮੰਦੇ ਹਾਲੀਂ ਮਰਨ ਹੋਇਆ ਹੈ । ਜਿਨ੍ਹਾਂ ਨੂੰ ਮਰਨ ਲਗਿਆਂ ਸਾਹਿਬ ਨਹੀਂ ਵਿਸਰਿਆ, ਸਿਮਰਨ ਹੁੰਦਾ ਹੀ ਰਿਹਾ ਹੈ, ਐਸੀ ਮਰਨੀ ਜੋ ਮਰੈ ਹੈਂ, ਤਿਨ੍ਹਾਂ ਦਾ ਮਰਨ ਹੁੰਦਾ ਨਹੀਂ ਆਖੀਦਾ। ਕਿਉਂਕਿ ਸਿਮਰਨ ਸਰਜੀਤਣੀ ਮਰਨੀ ਮਰਨ ਕਰਿ, ਮਰਨ ਤੋਂ ਅਗਲਾ ਪੈਂਡਾ ਸੁਹੇਲਾ ਹੋ ਜਾਂਦਾ ਹੈ । ਪੰਥ ਸੁਹੇਲੇ ਜਾਣ ਕਰਿ ਉਹਨਾਂ ਨੂੰ ਇਹ ਫਲ ਮਿਲਦਾ ਹੈ ਕਿ ਅਗੇ ਚਲ ਕੇ ਤਿਨ੍ਹਾਂ ਨੂੰ ਵਡਾਈ ਮਿਲਦੀ ਹੈ । ਨਾਮ ਦੀ ਭੇਟ ਸੁਗਾਤ ਨਾਲ ਲੈ ਜਾਣ ਕਰਿ ਵਾਹਿਗੁਰੂ ਸਚੇ ਦੇ ਸਚ ਸਰੂਪ ਵਿਖੇ ਸਮਾਈਦਾ ਹੈ, ਤਾਂ ਪਤਿ ਲੇਖੇ ਪੈਂਦੀ ਹੈ । ਸਚੇ ਖਸਮ ਅਤੇ ਸਚੜੇ ਮਹਲੀ ਜਾਇ ਪ੍ਰਾਪਤਿ ਹੋਈਦਾ ਹੈ । ਇਸ ਬਿਧਿ ਖਸਮ ਦੇ ਦਰਿ ਪਰਵਾਨ ਪਏ ਗੁਰਮੁਖ ਜਨ ਸਦ ਸਦੀਵ ਲਈ ਰੰਗ ਸਿਉ ਰਲੀਆਂ ਮਾਣਦੇ ਹਨ । ਇਸ ਲੋਕ ਵਿਖੇ ਐਸੀ ਸੱਚੀ ਮਰਨੀ ਮਰਨਹਾਰਿਆਂ ਦੇ ਮਰਨ ਨੂੰ ਮੰਦਾ ਹਰਗਿਜ਼ ਨਹੀਂ ਕਹਿ ਸਕੀਦਾ, ਪਰ ਜਿਹਨਾਂ ਨੂੰ ਅਜਿਹੀ ਮਰਨੀ ਮਰਨ ਦਾ ਚੱਜ ਸੁਚੱਜ ਆ ਗਿਆ ਹੋਵੇ ਤਾਂ । ਯਥਾ ਗੁਰਵਾਕ—

ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ ॥
ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ ॥
ਪੰਥਿ ਸੁਹੇਲੈ ਜਾਵਹੁ ਤਾ ਫਲੁ ਪਾਵਹੁ ਆਗੈ ਮਿਲੈ ਵਡਾਈ ॥
ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਜਾਈ ॥
ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ ।
ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ ॥੨॥(੪॥੨)
[ਵਡਹੰਸ ਮ: ੧, ਪੰਨਾ ੫੭੯

ਇਸ ਗੁਰਵਾਕ ਦੁਆਰਾ ਮਰਨ ਪਿਛੋਂ ਅੱਗਾ, ਅਗਲਾ ਪੰਥ, ਅਗਲੇ ਲੋਕ ਦਾ ਬਿਰਤੰਤ ਸਪੱਸ਼ਟ ਸਿਧ ਹੈ । ਅੱਗਾ ਹੈ । ਪਰ ਅੱਗਾ ਸੁਹੇਲਾ ਉਨ੍ਹਾਂ ਦਾ ਹੀ ਹੈ, ਜਿਨ੍ਹਾਂ ਨੇ ਇਸ ਜਨਮ ਵਿਖੇ ਆਪਣਾ ਜੀਵਨ ਐਸਾ ਸੰਵਾਰਿਆ ਹੈ ਕਿ ਮਰਨ ਸਮੇਂ ਭੀ ਉਹਨਾਂ ਨੂੰ ਨਾਮ ਚਿਤਿ ਆਇਆ ਹੈ । ਨਾਮ ਵਿਹੂਨੜਿਆਂ, ਨਾਮ ਕਮਾਈ ਸੂਨੜਿਆਂ ਦਾ ਮਰਨ ਭੀ ਮੰਦਾ, ਮਰਨ ਪਿਛੋਂ ਤਿਨ੍ਹਾਂ ਦਾ ਅਗਲੇਰਾ ਹਾਲ ਭੀ ਮੰਦਾ । ਯਕੀਨ ਵਸੂਕ ਵਾਲੀ ਇਹ ਗੱਲ ਹੈ । ਸਚੇ ਸੂਰਮੇ, ਕਰਨੀ ਦੇ ਸੂਰੇ, ਕਮਾਈ ਦੇ ਪੂਰੇ ਤੇ ਸੁਚੇ ਭਾਂਡੇ ਉਹ ਹਨ ਜਿਹਨਾਂ ਨੇ ਜੀਉਂਦੇ-ਜੀ ਸਾਹਿਬ ਸੇਵਿਆ ਤੇ ਸਿਮਰਿਆ ਹੈ

ਅਤੇ ਮਰਨ ਸਮੇਂ ਭੀ ਸੇਵਾ ਸਿਮਰਨ ਨਹੀਂ ਵਿਸਾਰਿਆ। ਐਸੇ ਮੁਣਸਾਂ ਸੂਰਮਿਆਂ ਦਾ ਮਰਣਾ ਹੱਕ-ਹਕੀਕੀ ਸੱਚਾ ਹੈ, ਜੋ ਪਰਮਾਣ ਹੋ ਕੇ ਮਰਦੇ ਹਨ।

ਅਗੇ ਚਲ ਕੇ ਭੀ ਸੋਈ ਜਨ ਸੂਰਮੇ ਸਦਾਉਂਦੇ ਹਨ ਜਿਨ੍ਹਾਂ ਨੂੰ ਸਚੀ ਦਰਗਾਹੇ ਜਾ ਕੇ ਸਚੜਾ ਮਾਨ ਮਿਲਦਾ ਹੈ। ਇਕੋ ਇਕ ਵਾਹਿਗੁਰੂ ਧਿਆਵਣਹਾਰਿਆਂ ਨੂੰ ਅਗੇ ਚਲ ਕੇ ਦੁੱਖ ਨਹੀਂ ਲਗਦਾ। ਜਮ-ਮਾਰਗੀ ਜਾਣ ਵਾਲਿਆਂ ਨੂੰ ਹੀ ਦੁਖ ਲਗਦਾ ਹੈ। ਸਿਮਰਨ ਸੇਵਾ ਵਾਲਿਆਂ ਦਾ ਇਹ ਭਾਉ ਭਾਗ ਬਣੇਗਾ ਕਿ ਉਹ ਸਗੋਂ ਪਤਿ ਸੇਤੀ ਦਰਗਾਹੇ ਜਾ ਕੇ ਸੱਚੜਾ ਮਾਨ ਪਾਉਂਦੇ ਹਨ। ਯਥਾ ਗੁਰਵਾਕ—

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥
ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ ॥
ਕਰਿ ਏਕੁ ਧਿਆਵਹਿ ਤਾ ਫਲੁ ਪਾਵਹਿ
ਜਿਤੁ ਸੇਵਿਐ ਭਉ ਭਾਗੈ...॥੩॥(੪॥੨॥)

[ਵਡਹੰਸ ਮ: ੧, ਪੰਨਾ ੫੭੯-੮੦

ਇਸ ਗੁਰਵਾਕ ਅੰਦਰ ਭੀ ਅੱਗਾ ਤੇ ਅਗਲੀ ਦਰਗਾਹ ਜ਼ੋਰਦਾਰ ਸੱਤਤਾ ਸਹਿਤ ਪਰਵਾਣੇ ਗਏ ਹਨ। ਪਰੰਤੂ ਇਹ ਸਤਿਗੁਰੂ ਦੀ ਸੇਵਾ ਚਾਕਰੀ ਹੀ ਹੈ ਜੋ ਜਗਿਆਸੂਆਂ ਨੂੰ ਅਗਲੀ ਦਰਗਾਹ ਅੰਦਰਿ ਸੁਰਖ਼ਰੂ ਅਤੇ ਸੁਹੇਲੇ ਕਰਦੀ ਹੈ। ਸਤਿਗੁਰੂ ਦ੍ਰਿੜ੍ਹਾਈ ਸੇਵਾ ਸਿਮਰਨ ਕਮਾਈ ਕਰਨਹਾਰਿਆਂ ਨੂੰ ਐਥੇ (ਇਸ ਲੋਕ ਵਿਖੇ) ਵਡਿਆਈਆਂ ਮਿਲਦੀਆਂ ਹਨ ਅਤੇ ਅਗਲੀ ਦਰਗਾਹ ਵਿਖੇ ਮੋਖ ਦੁਆਰ ਪਦਵੀ ਮਿਲਦੀ ਹੈ। ਯਥਾ ਗੁਰਵਾਕ—

ਸਤਿਗੁਰ ਕੀ ਸੇਵਾ ਚਾਕਰੀ ਸੁਖੀ ਹੂੰ ਸੁਖ ਸਾਰੁ ॥
ਐਥੈ ਮਿਲਨਿ ਵਡਿਆਈਆ ਦਰਗਹ ਮੋਖ ਦੁਆਰੁ...॥੧॥(੩)

[ਵਡਹੰਸ ਕੀ ਵਾਰ, ਸਲੋਕ ਮ: ੩, ਪੰਨਾ ੫੭੬

ਹਰਿ ਦਰਗਹ ਅੰਦਰ ਢੋਈ ਤਿਨ੍ਹਾਂ ਨੂੰ ਹੀ ਮਿਲਦੀ ਹੈ, ਜੋ ਦਿਨਸ ਰਾਤ ਵਾਹਿਗੁਰੂ ਦਾ ਜਪ-ਸਿਮਰਨ ਕਰਦੇ ਹਨ। ਯਥਾ ਗੁਰਵਾਕ—

ਨਿਤ ਜਪਿਅਹੁ ਹਰਿ ਹਰਿ ਦਿਨਸੁ ਰਾਤਿ ਹਰਿ ਦਰਗਹ ਢੋਈਐ ॥੪॥

[ਵਡਹੰਸ ਕੀ ਵਾਰ, ਪਉੜੀ, ਪੰਨਾ ੫੮੭

ਗੁਰੂ ਦੇ ਸਿਖਾਂ ਦੇ ਹੀ ਹਰੀ ਦਰਗਾਹੇ ਮੁੱਖ ਉਜਲੇ ਹਨ, ਯਥਾ ਗੁਰਵਾਕ—

ਗੁਰਸਿਖਾ ਕੇ ਮੁਖ ਉਜਲੇ ਹਰਿ ਦਰਗਹ ਭਾਵਹਿ ॥੧੧॥

[ਵਡਹੰਸ ਕੀ ਵਾਰ, ਪਉੜੀ, ਪੰਨਾ ੫੯੦

ਹਰੀ ਦਰਗਾਹ ਦਾ ਹੋਣਾ, ਸਤਿ ਕਰ ਮੰਨਣਾ ਐਨ ਗੁਰਮਤਿ ਅਨੁਕੂਲ ਹੈ। ਗੁਰਮਤਿ ਅਨੁਸਾਰ ਨਿਰੰਕਾਰ ਦਾ ਦੇਸ ਭੀ ਹੈ ਤੇ ਨਿਰੰਕਾਰੀ ਦਰਗਾਹ ਭੀ ਹੈ। ਯਥਾ ਗੁਰਵਾਕ—

ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥੩॥(੪॥੨॥)
[ਸੋਰਠਿ ਮ: ੧ ਘਰੁ ੧, ਪੰਨਾ ੫੯੫

ਸੁਖ ਮਹਲੀ ਮਹਲ, ਨਿਰੰਕਾਰੀ ਦੇਸ ਇਹ ਅਗਲੇ ਲੋਕ ਵਿਖੇ ਹੀ ਹਨ, ਜਿਥੈ ਜਾਇਕੈ ਵਸਣਾ ਰਸਣਾ ਹੈ। ਸਤਿ ਕਰ ਮੰਨਣਾ ਗੁਰੂ ਕੇ ਸਿਖੋ ਭਾਈਓ!

ਇਹ ਨਿਰੰਕਾਰੀ ਦੇਸ ਦਰ ਘਰ ਮਹਲ ਗੁਰਸਿਖਾਂ, ਅਨਿੰਨ ਅਭਿਆਸ ਕਮਾਈ ਵਾਲੇ ਗੁਰਸਿਖਾਂ ਨੂੰ ਹੀ ਪ੍ਰਾਪਤ ਹੈ, ਜਿਨ੍ਹਾਂ ਨੇ ਗੁਰੂ ਘਰ ਦੀ ਸਾਧ ਸੰਗਤਿ ਮਹਿ ਰਹਿ ਬਹਿ ਕੇ ਸਹਿਜ ਪਦ ਦਾ ਰਸ ਚਾਖਿਆ ਹੈ। ਜਿਨ੍ਹਾਂ ਨੇ ਇਹ ਰਸ ਨਹੀਂ ਚਖਿਆ, ਜਿਨ੍ਹਾਂ ਮਨਮੁਖਾਂ ਦੀ ਰਸਨਾ ਨੇ ਰਾਈ ਮਾਤਰ ਭੀ ਹਰਿ ਰਸ ਨਹੀਂ ਚਖਿਆ ਅਤੇ ਤਨ, ਮਨ, ਧਨ ਆਪਣਾ ਹੀ ਕਰ ਕੇ ਮੰਨਿਆ ਹੈ, ਗੁਰੂ ਕਾ ਨਹੀਂ ਜਾਣਿਆ, ਅਰਥਾਤ ਜਿਨ੍ਹਾਂ ਨੇ ਤਨ, ਮਨ, ਧਨ ਗੁਰੂ ਵਿਟਹੁ ਕੁਰਬਾਨ ਨਹੀਂ ਕੀਤਾ, ਤਿਨ੍ਹਾਂ ਨੇ ਹਰਿ ਦਰਗਾਹੀ ਦਰ ਦੀ ਖ਼ਬਰ ਨਹੀਂ ਪਾਈ। ਮਨਮੁਖ ਮਤਸਰੀ ਪੁਰਸ਼ ਨੂੰ ਮਰਨ ਸਮੇਂ ਅੰਧੇਰ ਗ਼ੁਬਾਰ ਹੀ ਗੁਬਾਰ ਹੈ। ਉਸ ਨੂੰ ਅਗਲੀ ਦਰਗਾਹ ਵਾਲਾ ਨਾ ਘਰ ਦਿਸਦਾ ਹੈ ਨਾ ਦਰ ਦਿਸਦਾ ਹੈ। ਉਹ ਆਪਣਾ ਕੀਤਾ ਪਾਉਂਦਾ ਹੈ ਅਤੇ ਜਮਦਰ ਬੱਧਾ ਹੋਇਆ ਚੋਟਾਂ ਖਾਂਦਾ ਹੈ। ਸੋਈ ਸਚੀ ਦਰਗਾਹ ਦੇ ਅਗਲੇ ਨਜ਼ਾਰੇ ਨੂੰ ਪਰਤੱਖ ਅੱਖੀਂ ਦੇਖਦੇ ਹਨ, ਜਿਨ੍ਹਾਂ ਉਤੇ ਨਦਰੀ ਵਾਹਿਗੁਰੂ ਦੀ ਨਦਰ ਮੇਹਰ ਹੁੰਦੀ ਹੈ। ਤਿਨ੍ਹਾਂ ਦੀ ਗਹਿਣ ਗਤਿ ਕਹੀ ਨਹੀਂ ਜਾਂਦੀ। ਯਥਾ ਗੁਰਵਾਕ—

ਸਾਧ ਸਭਾ ਮਹਿ ਸਹਜੁ ਨ ਚਾਖਿਆ ਜਿਹਬਾ ਰਸੁ ਨਹੀ ਰਾਈ ॥
ਮਨੁ ਤਨੁ ਧਨੁ ਅਪੁਨਾ ਕਰਿ ਜਾਨਿਆ ਦਰ ਕੀ ਖਬਰਿ ਨ ਪਾਈ ॥
ਅਖੀ ਮੀਟਿ ਚਲਿਆ ਅੰਧਿਆਰਾ ਘਰੁ ਦਰੁ ਦਿਸੈ ਨ ਭਾਈ ॥
ਜਮਦਰਿ ਬਾਧਾ ਠਉਰ ਨ ਪਾਵੈ ਅਪੁਨਾ ਕੀਆ ਕਮਾਈ ॥੩॥
ਨਦਰਿ ਕਰੇ ਤਾ ਅਖੀ ਵੇਖਾ ਕਹਣਾ ਕਥਨੁ ਨ ਜਾਈ ॥...॥੪॥੩॥
[ਸੋਰਠਿ ਮ: ੧ ਚਉਤੁਕੇ, ਪੰਨਾ ੫੯੬

ਗੁਰਮੁਖ ਹੀ ਇਹ ਪਦ ਪਾਉਂਦੇ ਹਨ। ਮਨਮੁਖ ਆਪਣਾ ਕੀਆ ਕਮਾਉਂਦੇ ਹਨ। ਗੁਰ ਸ਼ਬਦ ਗੁਰਮੰਤਰ ਦੀ ਕਮਾਈ ਨਾਲ ਹੀ ਵਾਹਿਗੁਰੂ ਪਾਇਆ

ਜਾ ਸਕਦਾ ਹੈ । ਇਸ ਗੁਰ-ਸ਼ਬਦ ਬਿਹੂਣਾ ਸਭ ਜਗ ਭਰਮਿਆ ਹੀ ਫਿਰਦਾ ਹੈ । ਭਰਮਦੇ ਫਿਰਦਿਆਂ ਭੁਲਿਆਂ ਭਟਕਿਆਂ ਨੂੰ ਅਗਲੀ ਦਰਗਾਹੇ ਜ਼ਰੂਰ ਸਜ਼ਾ ਮਿਲੇਗੀ । ਯਥਾ ਗੁਰਵਾਕ—

ਮਨ ਮੇਰੇ ਗੁਰਸਬਦੀ ਹਰਿ ਪਾਇਆ ਜਾਇ ॥
ਬਿਨੁ ਸਬਦੈ ਜਗੁ ਭੁਲਦਾ ਫਿਰਦਾ ਦਰਗਹ ਮਿਲੈ ਸਜਾਇ ॥ਰਹਾਉ॥
(੪॥੨॥) [ਸੋਰਠਿ ਮ: ੩, ਪੰਨਾ ੬੦੦

ਤ੍ਰੈ ਗੁਣ ਧਾਤ ਬਹੁ ਕਰਮ ਕਮਾਵਣਹਾਰਿਆਂ, ਸੰਧਿਆ ਤਰਪਣ ਗਾਇਤ੍ਰੀ ਆਦਿਕ ਆਨਮਤ ਪਾਖੰਡ ਕਰਮੀਆਂ ਨੂੰ ਅਗਲੇ ਦਰ ਘਰ ਦੀ ਸੂਝ ਬੂਝ ਨਹੀਂ ਹੋ ਸਕਦੀ । ਤਿਨ੍ਹਾਂ ਨੂੰ ਅਗਲੀ ਦਰਗਾਹੇ ਦੂਖ ਸਜ਼ਾਈਂ ਤਸੀਹੇ ਸਹਿਣੇ ਹੀ ਪੈਂਦੇ ਹਨ । ਤਿਨ੍ਹਾਂ ਨੂੰ ਤਾਂ ਹੀ ਹਰਿ ਰਸ ਦਾ ਸੁਆਦ ਹੀ ਆਇਆ, ਨਾ ਹੀ ਤਿਨ੍ਹਾਂ ਨੇ ਗੁਰ ਕਾ ਸ਼ਬਦ ਕਮਾਇਆ ਹੈ । ਬਿਨ ਸ਼ਬਦੇ ਤਿਨ੍ਹਾਂ ਦੂਖ ਹੀ ਪਾਇਆ ਹੈ । ਸਤਿਗੁਰੂ ਬਿਨਾਂ ਸਾਰਾ ਜਗੁ ਅੰਧੇਰੇ ਵਿਚ ਹੀ ਅੰਧ ਕਮਾਉਂਦਾ ਫਿਰਦਾ ਹੈ । ਅੰਧੇਰੇ ਵਿਚ ਤਿਨ੍ਹਾਂ ਨੂੰ ਰਾਹ ਹੀ ਨਹੀਂ ਦਿਸਦਾ, ਸਚਾ ਮਾਰਗ ਤਾਂ ਕੀ ਦਿਸਣਾ ਸੀ ? ਸਚਾ ਗੁਰੂ ਘਰ ਦੁਆਰਾ ਜੇ ਉਹਨਾਂ ਨੂੰ ਕਰਮ ਕਰਿ ਪ੍ਰਾਪਤ ਹੋ ਜਾਵੇ ਤਾਂ ਉਹਨਾਂ ਦੀਆਂ ਅੱਖਾਂ ਖੁਲ੍ਹਣ ਅਤੇ ਘਰ ਅੰਦਰਿ ਸਚ ਵਥ ਪਾਉਣ ਦੀ ਸੋਝੀ ਪਵੇ । ਯਥਾ ਗੁਰਵਾਕ—

ਤ੍ਰੈ ਗੁਣ ਧਾਤੁ ਬਹੁ ਕਰਮ ਕਮਾਵਹਿ
ਹਰਿ ਰਸ ਸਾਦੁ ਨ ਆਇਆ ॥
ਸੰਧਿਆ ਤਰਪਣੁ ਕਰਹਿ ਗਾਇਤ੍ਰੀ
ਬਿਨੁ ਬੂਝੇ ਦੁਖੁ ਪਾਇਆ ॥੨॥......
ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ
ਬਿਨੁ ਗੁਰ ਮਗੁ ਨ ਪਾਏ ॥
ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ
ਘਰੈ ਅੰਦਰਿ ਸਚੁ ਪਾਏ ॥੪॥੧੦॥
[ਸੋਰਠਿ ਮ: ੩ ਘਰੁ ੧, ਪੰਨਾ ੬੦੩

ਦਾਤੇ ਨੇ ਦਾਤਿ ਆਪਣੇ ਹਥਿ ਰਖੀ ਹੈ । ਜਿਸ ਨੂੰ ਉਹ ਚਾਹੇ ਤਿਸ ਨੂੰ ਦੇਵੇ । ਨਾਮ-ਰਤਿਆਂ ਨੇ ਹੀ ਸਚਾ ਸੁਖ ਪਾਇਆ ਹੈ । ਨਾਮ-ਰਤਿਆਂ ਤੇ ਹੀ ਦਾਤਾ ਤੁਠਦਾ ਹੈ । ਤਿਨ੍ਹਾਂ ਨੂੰ ਹੀ ਨਿਜ ਦਰਗਾਹੀ ਦਾਤਾਂ ਦਿੰਦਾ ਹੈ । ਨਾਮ-ਰਤੇ ਹੀ ਸਚੜੀ ਦਰਗਾਹੇ ਜਾਪਦੇ ਸੰਞਾਪਦੇ ਹਨ—

ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ ॥
ਨਾਨਕ ਨਾਮਿ ਰਤੇ ਸੁਖੁ ਪਾਇਆ ਦਰਗਹ ਜਾਪਹਿ ਸੇਈ ॥੪॥੧੧॥
[ਸੋਰਠਿ ਮ: ੩, ਪੰਨਾ ੬੦੪

ਮਨਮੁਖ ਸਾਕਤ ਬਪੜੇ ਨਾਮ ਦੀ ਦਾਤਿ ਖੁਣੋਂ ਭੁਖੇ ਹੀ ਮਰਦੇ ਹਨ ਅਤੇ ਦੁਖ ਭੁਖ ਦੇ ਮਾਰੇ ਦਹਿਦਿਸ ਪਏ ਡੋਲਦੇ ਫਿਰਦੇ ਹਨ। ਨਾਮੋਂ ਸਖਣੇ ਹੋਣ ਕਰਿ ਇਹ ਦੁਖ ਉਨ੍ਹਾਂ ਨੂੰ ਭੁਗਤਣੇ ਪੈਂਦੇ ਹਨ। ਉਹ ਮੁੜਿ ਮੁੜਿ ਜੰਮਦੇ ਮਰਦੇ, ਜੋਨੀਆਂ ਵਿਚ ਆਉਂਦੇ ਜਾਂਦੇ ਹਨ। ਤਿਨ੍ਹਾਂ ਨੂੰ ਦਰਗਾਹ ਅੰਦਰਿ ਸਜ਼ਾਵਾਂ ਮਿਲਦੀਆਂ ਹਨ। ਸਤਿਗੁਰੂ ਤੋਂ ਘੋਲ ਘੁਮਾਈ ਗੁਰਸਿਖਾਂ, ਗੁਰੂ ਜਪਣਹਾਰਿਆਂ ਨੂੰ ਆਗੈ ਪਾਛੈ, ਇਸ ਲੋਕ ਅਤੇ ਅਗਲੇ ਲੋਕ ਵਿਖੇ, ਸੁਖ ਸਹਜ ਆਨੰਦ ਹੀ ਆਨੰਦ ਹੈ। ਯਥਾ ਗੁਰਵਾਕ—

ਅਪੁਨੇ ਸਤਿਗੁਰ ਕੈ ਬਲਿਹਾਰੇ ॥
ਆਗੈ ਸੁਖੁ ਪਾਛੈ ਸੁਖ ਸਹਜਾ ਘਰਿ ਆਨੰਦੁ ਹਮਾਰੈ ॥ਰਹਾਉ॥(੪॥੫)
[ਸੋਰਠਿ ਮ: ੫, ਪੰਨਾ ੬੦੯

ਹਰਿ ਜਨ ਕੀ ਸੇਵਾ ਤੇ ਸਤਿਸੰਗ ਕਰਨਹਾਰਿਆਂ ਦੇ ਕੋਟ ਅਪ੍ਰਾਧ ਮਿਟਦੇ ਹਨ। ਹਰਿ ਕੀਰਤ ਰਸਿ ਗਾਵਣ ਦੀ ਦਾਤ ਭੀ ਤਿਨ੍ਹਾਂ ਦੇ ਸਤਿਸੰਗ, ਸੇਵਾ ਪ੍ਰਤਾਪ ਕਰਿ ਹੀ ਮਿਲਦੀ ਹੈ। ਤਿਨ੍ਹਾਂ ਵਡਭਾਗਿਆਂ ਨੂੰ ਇਸ ਲੋਕ ਵਿਖੇ ਸਚਾ ਸੁਖ ਮਿਲਦਾ ਹੈ ਅਤੇ ਅਗੇ ਪਰਲੋਕ ਵਿਚ ਤਿਨ੍ਹਾਂ ਦਾ ਮੁਖ ਉਜਲਾ ਹੁੰਦਾ ਹੈ। ਯਥਾ ਗੁਰਵਾਕ—

ਕੋਟਿ ਪਰਾਧ ਮਿਟਹਿ ਜਨ ਸੇਵਾ ਹਰਿ ਕੀਰਤਨੁ ਰਸਿ ਗਾਈਐ ॥
ਈਹਾ ਸੁਖੁ ਆਗੈ ਮੁਖ ਊਜਲ ਜਨ ਕਾ ਸੰਗੁ ਵਡਭਾਗੀ ਪਾਈਐ ॥੨॥
(੪॥੭) ਸੋਰਠਿ ਮ: ੫, ਪੰਨਾ ੬੧੦

ਜਿਨ੍ਹਾਂ ਦੇ ਹਿਰਦੇ ਅੰਦਰਿ ਗੁਰਮਤਿ ਨਾਮ ਵਸ ਗਇਆ ਹੈ ਸੇ ਨਿਰਭਉ ਭਏ ਹੈਂ। ਸੇ ਸਚਿਆਰ ਗੁਰਸਿਖ ਸਤਿਗੁਰੂ ਨੂੰ ਭਾਣੇ ਹਨ। ਤਿਨ੍ਹਾਂ ਨੂੰ ਈਹਾਂ (ਇਸ ਲੋਕ ਵਿਖੇ) ਜੀਉਂਦੇ-ਜੀ ਸਚੇ ਸੁਖ ਦੀ ਪ੍ਰਾਪਤੀ ਹੋਈ ਹੈ ਅਤੇ ਅਗਲੀ ਦਰਗਾਹ ਵਿਖੇ ਤਿਨ੍ਹਾਂ ਦਾ ਮੁਖ ਉਜਲਾ ਭਇਆ ਹੈ। ਤਿਨ੍ਹਾਂ ਦੇ ਸਭ ਆਵਣ ਜਾਣੇ ਮਿਟ ਗਏ ਹੈਂ। ਯਥਾ ਗੁਰਵਾਕ—

ਈਹਾ ਸੁਖੁ ਆਗੈ ਮੁਖ ਊਜਲ ਮਿਟਿ ਗਏ ਆਵਣ ਜਾਣੇ ॥
ਨਿਰਭਉ ਭਏ ਹਿਰਦੈ ਨਾਮੁ ਵਸਿਆ
ਅਪੁਨੇ ਸਤਿਗੁਰ ਕੈ ਮਨਿ ਭਾਣੇ ॥੩॥(੪॥੧੦॥੨੧)
[ਸੋਰਠਿ ਮ: ੫, ਪੰਨਾ ੬੧੪

ਹਰਿ ਨਾਮ ਅਰਾਧਿਆਂ, ਗੁਣ ਗਾਵਾਧਿਆਂ ਹੀ ਆਪਣੇ ਨਿਜ ਘਰੀ ਅਸਥਾਨ ਵਿਖੇ ਵਸੀਦਾ ਹੈ। ਅਤੇ ਗੁਰ ਸਰਣਾਈ ਆਇਆਂ ਹੀ ਹਰਿਨਾਮ ਆਰਾਧ ਸਕੀਦਾ ਹੈ ਤੇ ਹਰਿ ਗੁਣ ਗਾਇ ਸਕੀਦਾ ਹੈ। ਹਰਿ ਗੁਣ ਗਾਵਣ ਦਾ ਧੁਰਵਾ ਤਦ ਤੋਂ ਹੀ ਬੱਝਾ ਹੈ, ਜਦੋਂ ਤੋਂ ਗੁਰਬਾਣੀ ਧੁਰੋਂ ਆਇ ਅਵਤਰੀ। ਗੁਰਬਾਣੀ ਅੰਦਰਿ ਹੀ ਹਰਿ ਗੁਣ ਗੁੰਫਤ ਹਨ। ਨਾਮ ਨਿਰਬਾਣ ਦਾ ਆਗਾਜ਼ ਹੀ ਗੁਰੂ ਨਾਨਕ ਨਿਰੰਕਾਰੀ ਤੋਂ ਹੀ ਹੋਇਆ ਹੈ। ਤਾਂਤੇ ਇਹ ਦੋਊ ਵਥੂਆਂ ਹਰਿ ਗੁਣ ਗਾਵਣਾ ਅਤੇ ਨਾਮ ਧਿਆਵਣਾ ਕੇਵਲ ਗੁਰੂ ਘਰ ਤੋਂ ਹੀ ਹਾਸਲ ਹੋਣ ਯੋਗ ਹਨ। ਹੋਣ ਯੋਗ ਕੀ, ਹਾਸਲ ਹੁੰਦੀਆਂ ਹੀ ਏਥੇ (ਗੁਰੂ ਘਰੋਂ, ਗੁਰੂ ਸਰੂਪ ਪੰਜਾਂ ਪਿਆਰਿਆਂ ਤੋਂ) ਹਨ। ਗੁਰੂ ਕੀ ਸਰਣ ਆਉਣ ਤੋਂ ਤੇ ਗੁਰੂ ਕੀ ਸਰਣ ਪੈਣ ਤੋਂ, ਭਾਵ ਗੁਰ-ਦੁਆਰਿਓਂ ਗੁਰ-ਦੀਖਿਆ ਲੈ ਕੇ (ਅੰਮ੍ਰਿਤ ਛਕ ਕੇ) ਗੁਰਸਿਖ ਬਣਨ ਤੋਂ ਹੈ। ਬਸ ਗੁਰੂ ਸਰਨੀਂ ਪਇਆਂ ਹੀ ਕਲਿਆਣ ਹੈ ਅਤੇ ਜਨਮ ਮਰਨ ਦੇ ਗੇੜ ਦ ਨਿਬੇੜਾ ਹੈ ਅਤੇ ਜਮਦੂਤਾਂ ਦੇ ਦੂਤੇੜੇ ਦਾ ਭੈ-ਨਿਵਿਰਤੇੜਾ ਹੈ। ਇਸ ਬਿਧਿ, ਕੇਵਲ ਇਸ ਬਿਧਿ ਹੀ ਸਚੀ ਦਰਗਹ ਮਾਨ ਪਾਉਣ ਦਾ ਸਚਾ ਮਰਤਬਾ ਮਿਲਦਾ ਹੈ, ਹੋਰ ਕਿਤੇ ਬਿਧਿ ਨਹੀਂ। ਹਰਿ ਦਰਗਾਹ ਦਾ ਮਰਤਬਾ ਜਿਨ੍ਹਾਂ ਪਾਇਆ ਹੈ, ਤਿਨ੍ਹਾਂ ਜੀਉਂਦੇ-ਜੀ ਹੀ ਪਾਇਆ ਤੇ ਦੇਖ ਲੀਤਾ ਹੈ। ਤਾਂਤੇ ਅਗਲੀ ਦਰਗਾਹ ਦੀ ਹੋਂਦ ਬਾਰੇ ਰੰਚਕ ਧੋਖਾ ਭੁਲੇਖਾ ਨਹੀਂ ਰਹਿੰਦਾ ਹੈ। ਯਥਾ ਗੁਰਵਾਕ—

ਗੁਰ ਕੀ ਸਰਣਿ ਪਏ ਭੈ ਨਾਸੇ ਸਾਚੀ ਦਰਗਹ ਮਾਨੇ ॥
ਗੁਣ ਗਾਵਤ ਆਰਾਧਿ ਨਾਮੁ ਹਰਿ ਆਏ ਅਪੁਨੈ ਥਾਨੇ ॥੨॥

(੪॥੧੩॥੨੪) ਸੋਰਠਿ ਮ: ੫, ਪੰਨਾ ੬੧੫

ਸਤਿਗੁਰੂ ਨਾਨਕ ਦਾ ਇਹ ਅਟੱਲ ਬਚਨ ਹੈ ਕਿ ਜਿਸ ਦੇ ਮਸਤਕ ਤੇ ਸਤਿਗੁਰੂ ਸਚੇ ਪਾਤਸ਼ਾਹ ਨੇ ਸਫਲ ਸੁਲਖਣਾ ਹਸਤ ਕੰਵਲ ਧਾਰਿਆ ਹੈ, ਉਸਦਾ ਗੁਣ ਅਵਗੁਣ ਨਹੀਂ ਵੀਚਾਰਿਆ, ਉਸ ਦੇ ਹਲਤ ਪਲਤ ਦੋਵੇਂ ਹੀ ਸਵਾਰੇ ਗਏ ਹਨ। ਸਤਿਗੁਰੂ ਨੇ ਸੰਵਾਰ ਦਿਤੇ ਹਨ। ਹਲਤ ਇਹ ਲੋਕ ਅਤੇ ਪਲਤ ਅਗਲਾ ਲੋਕ ਦੋਵੇਂ ਹੀ ਸੰਵਾਰ ਦਿਤੇ ਗਏ ਹਨ। ਯਥਾ ਗੁਰਵਾਕ—

ਹਲਤੁ ਪਲਤੁ ਪ੍ਰਭ ਦੋਵੈ ਸਵਾਰੇ
ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥
ਅਟਲ ਬਚਨੁ ਨਾਨਕ ਗੁਰ ਤੇਰਾ
ਸਫਲ ਕਰੁ ਮਸਤਕਿ ਧਾਰਿਆ ॥੨॥੧੧॥੪੯॥

[ਸੋਰਠਿ ਮ: ੫, ਪੰਨਾ ੬੨੧

ਪ੍ਰਭ ਸਤਿਗੁਰ ਦੀਨ ਦਇਆਲ ਹੀ ਐਥੇ ਓਥੇ ਰਖਵਾਲਾ ਹੈ—

ਐਥੈ ਓਥੈ ਰਖਵਾਲਾ ॥
ਪ੍ਰਭ ਸਤਿਗੁਰ ਦੀਨ ਦਇਆਲਾ ॥...੧॥(੨॥੧੪॥੭੮)
[ਸੋਰਠਿ ਮ: ੫, ਪੰਨਾ ੬੨੮

ਐਥੈ ਓਥੈ ਤੋਂ ਭਾਵ ਸਾਫ਼ ਲੋਕ ਪਰਲੋਕ ਤੋਂ ਹੈ। ਪਰੰਤੂ ਪ੍ਰਭ ਸਤਿਗੁਰੂ ਉਸੇ ਉਤੇ ਹੀ ਦਇਆਲ ਹੁੰਦਾ ਹੈ, ਜੋ ਦੀਨ ਹੋ ਕੇ ਉਸ ਦੀ ਸਰਣਿ ਆਇਆ ਹੈ ਅਤੇ ਸਰਣ ਆ ਕੇ ਸਿਮਰਨ-ਛਾਂਦਾ ਪਾਇਆ ਹੈ। ਸਿਮਰਨ-ਛਾਂਦਾ ਸਤਿਗੁਰੂ ਦੁਆਰਿਓਂ ਪਾਇ ਕੇ ਜਿਸ ਨੇ ਇਕ ਨਿਮਖ ਭੀ ਆਹਲਾ ਅਵੇਸਲਾ ਨਹੀਂ ਜਾਣ ਦਿਤਾ, ਉਸ ਦਾ ਹਰਿ ਦਰਗਹਿ ਮੁਖ ਉਜਲਾ ਥੀਆ ਹੈ। ਉਸ ਦਾ ਸੁਖਾਂ ਵਿਚ ਵਾਸਾ ਹੋਇਆ ਹੈ। ਯਥਾ ਗੁਰਵਾਕ—

ਅਪਨੇ ਕਾਜ ਕਉ ਕਿਉ ਅਲਕਾਈਐ ॥
ਜਿਤੁ ਸਿਮਰਨਿ ਦਰਗਹ ਮੁਖੁ ਊਜਲ
ਸਦਾ ਸਦਾ ਸੁਖੁ ਪਾਈਐ ॥੧॥ਰਹਾਉ॥(੪॥੧੯॥੮੩)
[ਸੋਰਠਿ ਮ: ੫, ਪੰਨਾ ੬੨੯

ਜਿਹੜੇ ਗੁਰਮੁਖ ਆਪਣਾ ਕਾਰਜ ਸਾਰ ਸੰਵਾਰ ਕੇ ਇਸ ਸੰਸਾਰ ਵਿਚੋਂ ਚਲੇ ਹਨ, ਸੇਈ ਦਰਗਹਿ ਅੰਦਰ ਜਾਣੇ ਪਰਵਾਣੇ ਜਾਂਦੇ ਹਨ। ਮਨਮੁਖ ਮੈਲੀਆਂ ਡੁੰਮਣੀਆਂ ਨੂੰ ਦਰਗਹਿ ਅੰਦਰਿ ਥਾਉਂ ਨਹੀਂ ਮਿਲਦਾ। ਯਥਾ ਗੁਰਵਾਕ—

ਮਨਮੁਖਿ ਮੈਲੀ ਡੁੰਮਣੀ ਭਾਈ ਦਰਗਹ ਨਾਹੀ ਥਾਉ ॥...੬॥(੮॥੩)
[ਸੋਰਠਿ ਮ: ੩, ਪੰਨਾ ੬੩੯

ਐਥੇ ਜਨਮ ਬਿਰਥਾ ਗਵਾ ਕੇ ਤੇ ਪਾਪ ਕਮਾ ਕੇ ਜੋ ਪਾਪੀ ਐਥੇ ਦਾਗ ਦੋਸ ਮੁਹਿ ਲਾ ਚਲਿਆ ਹੈ, ਉਸ ਨੂੰ ਦਰਗਹ ਅੰਦਰਿ ਬੈਠਣ ਨੂੰ ਜਗ੍ਹਾ ਨਹੀਂ ਮਿਲਦੀ। ਗੁਰਵਾਕ—

ਦਾਗ ਦੋਸ ਮੁਹਿ ਚਲਿਆ ਲਾਇ ॥
ਦਰਗਹ ਬੈਸਣ ਨਾਹੀ ਜਾਇ ॥੩॥ (੪॥੩॥੫)
[ਧਨਾਸਰੀ ਮ: ੧, ਪੰਨਾ ੬੬੨

ਜਿਨ੍ਹਾਂ ਜਨਾਂ ਨੇ ਸਤਿਗੁਰ ਨੂੰ ਸੇਵਿਆ ਸਿਮਰਿਆ ਹੈ, ਸੇ ਭਵਜਲ ਤਰ ਗਏ ਹਨ। ਜਿਨ੍ਹਾਂ ਸਾਸਿ ਗਿਰਾਸਿ ਮੁਖੋਂ ਹਰਿ ਹਰਿ ਨਾਮ ਹੀ ਉਚਾਰਨ ਕੀਤਾ ਹੈ, ਤਿਨ੍ਹਾਂ ਨੂੰ ਜਮ ਛਡ ਗਿਆ ਹੈ, ਜੋਹਣੋਂ ਹਟ ਗਇਆ ਹੈ। ਜਿਨ੍ਹਾਂ ਸਾਰੀ ਆਯੂ

ਵਾਹਿਗੁਰੂ ਜਾਪ ਜਪਣ ਵਿਚ ਬਿਤੀਤ ਕਰ ਕੇ ਤੋੜ ਨਿਬਾਹੀ ਹੈ, ਸੇ ਜਨ ਦਰਗਹ ਪੈਧੇ ਜਾਂਦੇ ਹਨ। ਯਥਾ ਗੁਰਵਾਕ—

ਜੋ ਸੇਵਹਿ ਸਤਿ ਮੁਰਾਰਿ ਸੇ ਭਵਜਲ ਤਰਿ ਗਇਆ ॥
ਜੋ ਬੋਲਹਿ ਹਰਿ ਹਰਿ ਨਾਉ ਤਿਨ ਜਮੁ ਛਡਿ ਗਇਆ ॥
ਸੇ ਦਰਗਹ ਪੈਧੇ ਜਾਹਿ ਜਿਨਾ ਹਰਿ ਜਪਿ ਲਇਆ ॥...੭॥

[ਸੋਰਠਿ ਕੀ ਵਾਰ, ਪੰਨਾ ੬੪੫

ਸਚੇ ਸਾਹਿਬ ਨੂੰ ਭਾਏ ਹੋਏ ਸੇਵਕ ਜਨ ਹੀ ਪਰਵਾਣ ਹਨ। ਸੇਈ ਸੇਵਕ ਹੀ ਦਰਗਹ ਅੰਦਰਿ ਮਾਣ ਪਾਉਂਦੇ ਹਨ। ਜਿਹੜਾ ਪੜ੍ਹਿਆ ਹੋਇਆ ਨਾਮ ਨੂੰ ਬੂਝਦਾ ਹੈ, ਸੋਈ ਪੜ੍ਹਿਆ ਹੋਇਆ ਪਰਵਾਨ ਹੈ। ਤਿਸ ਦੇ ਸੀਸ ਤੇ ਦਰਗਹ-ਪਰਵਾਨਗੀ ਦਾ ਨੀਸਾਣ ਲਿਖਿਆ ਜਾਂਦਾ ਹੈ। ਕਿਸੇ ਜਣੇ ਕਣੇ ਦੇ ਥੋੜੇ ਲਿਖਿਆ ਜਾਂਦਾ ਹੈ। ਗੁਰਵਾਕ—

ਪੜਿਆ ਬੂਝੈ ਸੋ ਪਰਵਾਣੁ ॥
ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥

[ਧਨਾਸਰੀ ਮ: ੧, ਪੰਨਾ ੬੬੨

ਜਿਵੇਂ ਇਸ ਦੁਨੀਆ ਦਾ ਦਰਬਾਰ ਹੈ, ਤਿਵੇਂ ਦੀਨ ਧਰਮ ਦਾ ਦਰਬਾਰ ਅਗਲੀ ਦੁਨੀਆ ਵਿਖੇ ਭੀ ਹੈ। ਜਿਹੜੇ ਨਿੰਦਕ ਨਰ ਅਗਲੀ ਦੁਨੀਆ ਨੂੰ ਨਹੀਂ ਮੰਨਦੇ ਅਤੇ ਦੀਨ ਧਰਮ ਨੂੰ ਨਿੰਦਦੇ ਹਨ, ਤਿਨ੍ਹਾਂ ਨਿੰਦਕਾਂ ਦਾ ਦੋਹੀਂ ਸਰਾਈਂ ਮੂੰਹ ਕਾਲਾ ਹੁੰਦਾ ਹੈ। ਯਥਾ ਗੁਰਵਾਕ—

ਨਿੰਦਕ ਕਾ ਮੁਖੁ ਕਾਲਾ ਹੋਆ
ਦੀਨ ਦੁਨੀਆ ਕੈ ਦਰਬਾਰਿ ॥੨॥੧੫॥

[ਧਨਾਸਰੀ ਮ: ੫, ਪੰਨਾ ੬੭੪

ਜਿਸ ਨੂੰ ਆਪ ਪਿਆਰਾ ਪ੍ਰੀਤਮ ਆਪਣੇ ਲੜਿ ਲਾਇ ਲੈਂਦਾ ਹੈ ਤਿਸ ਨੂੰ ਦਰਗਹ ਅੰਦਰਿ ਜਾਇ (ਥਾਂ) ਮਿਲਦੀ ਹੈ। ਸੇਈ ਸਚੇ ਭਗਤ ਹਨ, ਜੋ ਸਚੇ ਵਾਹਿਗੁਰੂ ਨੂੰ ਭਾਣੇ ਹਨ, ਜਮ ਕਾਲ ਤੇ ਸੇ ਨਿਕਾਣੇ ਭਏ ਹੈਂ।

ਜਿਸ ਨੋ ਆਪਿ ਲਏ ਲੜਿ ਲਾਇ ॥
ਦਰਗਹ ਮਿਲੈ ਤਿਸੈ ਹੀ ਜਾਇ ॥
ਸੇਈ ਭਗਤ ਜਿ ਸਾਚੇ ਭਾਣੇ ॥
ਜਮ ਕਾਲ ਤੇ ਭਏ ਨਿਕਾਣੇ ॥੩॥ (੪॥੩॥੨੪॥)

[ਧਨਾਸਰੀ ਮ: ੫, ਪੰਨਾ ੬੭੭

 www.sikhbookclub.com

ਸਚੇ ਸਾਹਿਬ ਦਾ ਸਚਾ ਹੀ ਦਰਬਾਰ ਹੈ। ਫੋਕੀਆਂ ਵੀਚਾਰਾਂ ਦੁਆਰਾ ਤਿਸ ਸਾਹਿਬ ਸਚੇ ਦੀ ਤੇ ਤਿਸ ਦੇ ਸਚੇ ਦਰਬਾਰ ਦੀ ਕੀਮਤ ਕਉਣ ਕਹਿ ਕਥ ਸਕਦਾ ਹੈ ? ਪਰ ਦਰਬਾਰ ਸੱਚਾ ਹੈ ਸਹੀ। ਕੋਈ ਕਹਿ ਕਥ ਸਕੇ ਯਾ ਨਾ ਕਹਿ ਕਥ ਸਕੇ, ਮੁਨਕਰ ਹੋਣ ਦੀ ਜਾਇ ਨਹੀਂ। ਮਨ ਬਚਨ ਕਰਮ ਕਰ ਸਾਸਿ ਸਾਸਿ ਸਿਮਰਿਆ ਸੰਮਾਲਿਆ ਹੋਇਆ ਵਾਹਿਗੁਰੂ ਨਾਮ ਲੋਕ ਪਰਲੋਕ ਵਿਖੇ ਸਹਾਈ ਹੁੰਦਾ ਹੈ। ਅਤੇ ਜਿਥੇ ਭੀ ਆਰਾਧਿਆ ਜਾਵੇ ਤਿਥੇ ਹੀ ਰਖਵਾਲਾ ਹੁੰਦਾ ਹੈ। ਗੁਰਵਾਕ—

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮ੍ਹਾਲੇ ॥
ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ ॥੧॥
(੨॥੧॥੩੨) ਧਨਾਸਰੀ ਮ: ੫ ਘਰੁ ੮, ਪੰਨਾ ੬੭੯

ਵਾਹਿਗੁਰੂ ਸਿਮਰਨਹਾਰੇ ਜਨ ਵਾਹਿਗੁਰੂ ਦਾ ਨਿਹਚਲ ਧਾਮ ਪਾਇ ਲੈਂਦੇ ਹਨ। ਅਤੁਟ ਸਿਮਰਨ ਸਲਾਹ ਦੇ ਤੁਫ਼ੈਲ ਤਿਨ੍ਹਾਂ ਦੇ ਜਮਕਾਲ ਨਿਕਟ ਨਹੀਂ ਆਉਂਦਾ। ਐਸੇ ਨਿਹਚਲ-ਧਾਮੀਆਂ ਸਾਧਾਂ ਸੰਤਾਂ ਗੁਰਮੁਖਾਂ ਗੁਰਸਿਖਾਂ ਦੀ ਸੰਗਤ ਮੁਕਤਿ-ਦਾਤੀ ਅਤੇ ਬੈਕੁੰਠ ਦਿਵਾਵਣਹਾਰੀ ਹੈ--

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ
ਨਿਕਟਿ ਨ ਆਵੈ ਜਾਮ ॥
ਮੁਕਤਿ ਬੈਕੁੰਠ ਸਾਧ ਕੀ ਸੰਗਤਿ
ਜਨ ਪਾਇਓ ਹਰਿ ਕਾ ਧਾਮ ॥੧॥(੨॥੧੭॥੪੮)
[ਧਨਾਸਰੀ ਮ: ੫, ਪੰਨਾ ੬੮੨

ਕ੍ਰਿਪਾਸਿੰਧ ਵਾਹਿਗੁਰੂ ਦੀ ਸੇਵਾ-ਸਿਮਰਨ ਕੀਤਿਆਂ ਸਚੇ ਵਾਹਿਗੁਰੂ ਦੀ ਪ੍ਰਾਪਤੀ ਹੋ ਕਰਿ ਦੋਵੇਂ ਲੋਕ ਸੁਹੇਲੇ ਹੁੰਦੇ ਹਨ—

ਕ੍ਰਿਪਾਸਿੰਧੁ ਸੇਵਿ ਸਚੁ ਪਾਈਐ ਦੋਵੈ ਸੁਹੇਲੇ ਲੋਕ ॥੧॥(੨॥੧੯॥੫੦)
[ਧਨਾਸਰੀ ਮ: ੫, ਪੰਨਾ ੬੮੨

ਗੋਬਿੰਦ ਦਾ ਨਾਮ ਸਦ ਸਦਾ ਲੈਣ ਕਰਕੇ ਅਤੇ ਨਿਤਾਪ੍ਰਤਿ ਸਿਮਰਨ ਸੇਵਾ ਵਿਖੇ ਤੱਤਪਰ ਹੋਇਆਂ ਹਲਤ ਵਿਖੇ ਭੀ ਸਚੇ ਸੁਖ ਦੀ ਲੱਭਤਾ ਹੁੰਦੀ ਹੈ ਅਤੇ ਪਲਤ ਵਿਖੇ ਭੀ ਪ੍ਰਮਾਰਥੀ ਸੁਖ ਹਾਸਲ ਹੁੰਦਾ ਹੈ, ਚਿਰਾਣੇ ਪਾਪ ਕਮਾਣੇ ਸਭ ਮਿਟ ਜਾਂਦੇ ਹਨ। ਐਸਾ ਗੁਰੂ ਘਰ ਦੀ ਸਾਧ ਸੰਗਤ ਦਾ ਪਰਤਾਪ ਹੈ। ਮੋਇਆਂ, ਮਨੂਰ ਹੋਇਆਂ ਨੂੰ ਜੀਵਨ ਪਦਵੀ ਮਿਲਦੀ ਹੈ। ਗੁਰਵਾਕ—

ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖੁ ਸਿਮਰਨੋ
ਨਾਮੁ ਗੋਬਿੰਦ ਕਾ ਸਦਾ ਲੀਜੈ ॥
ਮਿਟਹਿ ਕਮਾਣੇ ਪਾਪ ਚਿਰਾਣੇ
ਸਾਧ ਸੰਗਤਿ ਮਿਲਿ ਮੁਆ ਜੀਜੈ ॥੧॥ਰਹਾਉ॥(੨॥੨॥੫੪)

[ਧਨਾਸਰੀ ਮ: ੫, ਪੰਨਾ ੬੮੩

ਜਿਨ੍ਹਾਂ ਨੇ ਰਮਤ-ਰਾਮ ਵਾਹਿਗੁਰੂ ਨਾਲਿ ਲਿਵ ਜੋੜੀ ਹੈ ਓਹਨਾਂ ਦੀ ਹਲਤ ਪਲਤ ਅਤੇ ਜਗ ਅੰਦਰਿ ਸੋਭਾ ਹੁੰਦੀ ਹੈ—

ਹਲਤਿ ਪਲਤਿ ਸੋਭਾ ਜਗ ਅੰਤਰਿ
ਰਾਮ ਨਾਮਿ ਲਿਵ ਲਾਗੀ ॥...੩॥(੫॥੧)

[ਧਨਾਸਰੀ ਛੰਤ ਮ: ੪ ਘਰੁ ੧, ਪੰਨਾ ੬੯੦

ਹੋਛੇ ਤਪ ਕਰਨਹਾਰਿਆਂ ਦੀਆਂ ਕਾਮਨਾਵਾਂ ਇੰਦ੍ਰਪੁਰੀ, ਸ਼ਿਵਪੁਰੀ ਆਦਿਕ ਪੁਰੀਆਂ ਨੂੰ ਪ੍ਰਾਪਤ ਕਰਨ ਦੀਆਂ ਹੁੰਦੀਆਂ ਹਨ। ਇਹ ਪੁਰੀਆਂ ਥਿਰ ਰਹਿਣ ਵਾਲੀਆਂ ਨਹੀਂ। ਗੁਰਮਤਿ ਨਾਮ ਦੇ ਕਾਂਖੀ ਜਨ ਅਜਿਹੀਆਂ ਹੋਛੀਆਂ ਕਾਮਨਾਵਾਂ ਨਹੀਂ ਰਖਦੇ। ਇਕੋ ਨਾਮ ਨਿਹਕਾਮ ਮਈ ਪਰਮ ਧਾਮ ਦੇ ਬਾਸ਼ਿੰਦੇ ਹੀ ਬਣੇ ਰਹਿੰਦੇ ਹਨ। ਪਰ ਜਿਸ ਪਰਕਾਰ ਇਹ ਦੁਨੀਆ ਚਾਹੇ ਅਨ-ਅਸਥਿਰ ਹੈ, ਪਰ ਹੈ ਸਹੀ, ਇਸੇ ਪਰਕਾਰ ਹੋਰ ਪੁਰੀਆਂ ਭੀ ਹਨ, ਚਾਹੇ ਓੜਕ ਕਿਸੇ ਨੇ ਭੀ ਅਸਥਿਰ ਨਹੀਂ ਰਹਿਣਾ। ਅਸਥਿਰ ਕੇਵਲ ਨਾਮ ਪਦਾਰਥ ਨੇ ਹੀ ਰਹਿਣਾ ਹੈ। ਗੁਰਵਾਕ—

ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥
ਓਛੇ ਤਪ ਕਰਿ ਬਾਹਰਿ ਐਬੋ ॥੧॥
ਕਿਆ ਮਾਗਉ ਕਿਛੁ ਥਿਰੁ ਨਾਹੀ ॥
ਰਾਮ ਨਾਮ ਰਖੁ ਮਨ ਮਾਹੀ ॥੧॥ਰਹਾਉ॥(੪॥੪)

[ਧਨਾਸਰੀ ਕਬੀਰ ਜੀ, ਪੰਨਾ ੬੯੨

ਸਾਕਤ ਨਰ ਪ੍ਰਾਣੀ ਬਿਖ ਮਾਇਆ ਦੇ ਬੰਧਨਾਂ ਵਿਚ ਜਕੜੇ ਹੋਏ ਪਰਮਾਰਥ ਦੀ ਸਾਰ ਨਹੀਂ ਜਾਣਦੇ। ਨਾ ਹੀ ਪਰਮਾਰਥ ਖ਼ਾਤਰ ਪਰਮੇਸ਼ਰ ਅਰਥ ਆਪਣੀ ਖੱਟੀ ਮਾਇਆ ਨੂੰ ਖ਼ਰਚ ਕੇ ਲੇਖੇ ਲਾ ਸਕਦੇ ਹਨ। ਤਿਨ੍ਹਾਂ ਦੇ ਹੱਥ ਹਾਸਲ ਕੁਛ ਨਹੀਂ ਆਉਂਦਾ, ਸਿਵਾਏ ਇਸ ਦੇ ਕਿ ਉਹ ਜਮ ਕਾਲ ਦੀ ਪੀੜ ਦੇ ਦੁਖ ਸਹਿੰਦੇ ਹਨ। ਜਿਨ੍ਹਾਂ ਨੇ ਮਾਲ ਧਨ ਅਤੇ ਸਾਰਾ ਸਰੀਰ ਹੀ ਹਰਿ ਅਰਥ ਲਗਾ ਦਿਤਾ ਹੈ ਅਤੇ ਗੁਰੂ ਰੂਪ ਸਾਧੂ, ਸਤਿਗੁਰੂ ਦੀ ਸਰਧਾ ਭਾਵਨੀ ਕਰਿ ਧੂੜੀ ਮੁਖ ਲਾਈ ਹੈ, ਸੇ ਜਨ ਹਲਤ ਪਲਤ ਵਿਖੇ ਸੋਭਾ ਪਾਉਂਦੇ ਹਨ। ਅਤੇ


www.sikhbookclub.com

ਤਿਨ੍ਹਾਂ ਦੇ ਮਨਾਂ ਅੰਦਰਿ ਗੂੜ੍ਹੇ ਆਤਮ ਰੰਗ ਐਸੇ ਲਗਦੇ ਹਨ ਕਿ ਫੇਰ ਲਹਿੰਦੇ ਨਹੀਂ । ਗੁਰਵਾਕ—

ਸਾਕਤ ਬੰਧ ਭਏ ਹੈ ਮਾਇਆ
ਬਿਖੁ ਸੰਚਹਿ ਲਾਇ ਜਕੀੜਾ ॥
ਹਰਿ ਕੈ ਅਰਥਿ ਖਰਚਿ ਨਹ ਸਾਕਹਿ
ਜਮ ਕਾਲੁ ਸਹਹਿ ਸਿਰਿ ਪੀੜਾ ॥੨॥
ਜਿਨ ਹਰਿ ਅਰਥਿ ਸਰੀਰੁ ਲਗਾਇਆ
ਗੁਰ ਸਾਧੂ ਬਹੁ ਸਰਧਾ ਲਾਇ ਮੁਖਿ ਧੂੜਾ ॥
ਹਲਤਿ ਪਲਤਿ ਹਰਿ ਸੋਭਾ ਪਾਵਹਿ
ਹਰਿ ਰੰਗੁ ਲਗਾ ਮਨਿ ਗੂੜਾ ॥੩॥(੪॥੬)

[ਜੈਤਸਰੀ ਮ: ੪, ਪੰਨਾ ੬੯੮

ਹਰਿ ਦਰਗਾਹ ਅੰਦਰਿ, ਹਰਿ ਦਰਗਾਹੀ ਦਰਬਾਰ ਅੰਦਰਿ ਕੋਟਿ ਹਰਿ ਦਾਸਾਂ ਦੀ ਦੁਨੀਆ ਵਸਿ ਰਹੀ ਹੈ, ਜੋ ਨਿਮਖ ਨਿਮਖ ਨਿਰੰਕਾਰ ਦੇ ਸੰਗੀ ਸਾਥੀ ਹੋਇ ਕੈ ਵਸਿ ਰਹੇ ਹਨ । ਇਹ ਅਗੰਮੀ ਦੁਨੀਆ ਇਸ ਲੋਕ ਦੇ ਦੁਨੀਆਦਾਰਾਂ ਦੀ ਦ੍ਰਿਸ਼ਟੀ ਤੋਂ ਅਗਮ ਅਗੋਚਰ ਹੈ । ਪਰ ਐਸੀ ਹੀ ਘੁੱਗ ਵਸ ਰਹੀ ਹੈ ਜੈਸੀ ਕਿ ਦ੍ਰਿਸ਼ਟਮਾਨ ਦੁਨੀਆ; ਸਗੋਂ ਉਹ ਵਧੇਰੀ ਘੁੱਗ ਵਸਦੀ ਹੈ । ਯਥਾ ਗਰਵਾਕ—

ਕੋਟਿ ਦਾਸ ਜਾ ਕੈ ਦਰਬਾਰੇ ॥
ਨਿਮਖ ਨਿਮਖ ਵਸੈ ਤਿਨ ਨਾਲੇ ॥੪॥੫॥੧੧)

[ਸੂਹੀ ਮ: ੫, ਪੰਨਾ ੭੩੯

ਸੂਖ ਮਹਲ ਜਾ ਕੇ ਊਚ ਦੁਆਰੇ ॥
ਤਾ ਮਹਿ ਵਾਸਹਿ ਭਗਤ ਪਿਆਰੇ ॥੧॥(੪॥੬॥੧੨)

[ਸੂਹੀ ਮ: ੫, ਪੰਨਾ ੭੩੯

ਕੋਟਾਨਕੋਟ ਖੂਹਣੀਆਂ ਭਗਤ ਜਨਾਂ ਦੀਆਂ ਸਚੜੇ ਸਚਖੰਡੀ ਦਰਬਾਰ ਵਿਖੇ ਵਸਿ ਰਸਿ ਰਹੀਆਂ ਹਨ । ਨਾਨਕ ਗੁਰੂ ਪੂਰੇ ਦੀ ਮਿਹਰੰਮਤ ਸੇਤੀ ਜਿਨ੍ਹਾਂ ਜਿਨ੍ਹਾਂ ਨੇ ਨਾਮ ਧਨ ਸੰਚਿਆ, ਓਹ ਸਾਬਤ ਪੂੰਜੀ ਦੀ ਰਾਸ ਹਰਿ ਦਰਗਾਹ ਸਾਬਤ ਹੀ ਲੈ ਗਏ । ਅਤੇ ਸਚੀ ਦਰਗਾਹ ਦਰਬਾਰੀ ਸਚਖੰਡ ਅੰਦਰਿ ਸ਼ਾਬਾਸ਼

 www.sikhbookclub.com

ਧੰਨਤਾ ਸਹਿਤ ਪਰਵਾਣ ਪਏ । ਯਥਾ ਗੁਰਵਾਕ—

ਰਾਮ ਨਾਮ ਧਨੁ ਸੰਚਿਆ ਸਾਬਤੁ ਪੂੰਜੀ ਰਾਸਿ ॥
ਨਾਨਕ ਦਰਗਹ ਮੰਨਿਆ ਗੁਰ **ਪੂਰੇ** ਸਾਬਾਸਿ ॥੧੪॥੧॥੨॥੧੧॥
[ਸੂਹੀ ਮ: ੪, ਅਸਟ:, ਪੰਨਾ ੭੫੯

ਜੋ ਜੋ ਗੁਰਮੁਖਿ ਜਨ ਆਪਨੜੇ ਪ੍ਰਭ ਭਾਣਿਆ ਹੈ, ਸੋ ਹਰਿ ਦਰਗਾਹ ਪੈਧਾ ਜਾਂਦਾ ਹੈ। ਐਥੇ ਭੀ ਉਸ ਨੂੰ ਸਚੇ ਸੁਖ ਦੀ ਨੇਅਮਤ ਮਿਲਦੀ ਹੈ ਤੇ ਅਗੇ ਜਾ ਕੇ ਉਸ ਦਾ ਮੁਖ ਉਜਲਾ ਰਹਿੰਦਾ ਹੈ । ਸਤਿਗੁਰੂ ਦੀ ਆਗਿਆ ਸਤਿ ਸਤਿ ਕਰਿ ਮੰਨਣਹਾਰਿਆਂ ਅਤੇ ਸਤਿਗੁਰੂ ਦਾ ਹੁਕਮ ਕਮਾਵਣਹਾਰਿਆਂ ਗੁਰਮੁਖ ਨਾਮ-ਨਿਵਾਸੀਆਂ ਨੂੰ ਅਗੇ ਚਲ ਕੇ ਪਾਰਬ੍ਰਹਮ ਪਰਮੇਸਰ ਵਲੋਂ ਮਾਨ ਆਦਰ ਮਿਲਦਾ ਹੈ । ਯਥਾ ਗੁਰਵਾਕ—

ਆਪਨੜੇ ਪ੍ਰਭ ਭਾਣਿਆ ਦਰਗਹ ਪੈਧਾ ਜਾਇ ਜੀਉ ॥
ਐਥੈ ਸੁਖੁ ਮੁਖੁ ਉਜਲਾ ਇਕੋ ਨਾਮੁ ਧਿਆਇ ਜੀਉ ॥
ਆਦਰੁ ਦਿਤਾ ਪਾਰਬ੍ਰਹਮਿ ਗੁਰੁ ਸੇਵਿਆ ਸਤਿ ਭਾਇ ਜੀਉ ॥੪॥
(੮॥੧॥੩) [ਸੂਹੀ ਮ: ੫ ਅਸਟ:, ਪੰਨਾ ੭੫੯

ਦੇਖਿਆ ਜੀ ! ਪਾਰਬ੍ਰਹਮ ਦੀ ਦਰਗਾਹ ਵਿਚ ਸਚੇ ਆਦਰ ਮਿਲਦੇ ਹਨ, ਮਾਨ ਮਿਲਦੇ ਹਨ । ਪਰ ਇਸ ਲੋਕ ਵਿਖੇ ਸੁਖਦਾਤਾ ਸੁਆਮੀ ਸਿਮਰਨ-ਹਾਰਿਆਂ ਨੂੰ ਮਿਲਦੇ ਹਨ—

ਸਿਮਰਿ ਸਿਮਰਿ ਸਿਮਰਿ ਸੁਖਦਾਤਾ ਜਾ ਕਾ ਕੀਆ ਸਗਲ ਜਹਾਨ ॥
ਰਸਨਾ ਰਵਹੁ ਏਕੁ ਨਾਰਾਇਣੁ ਸਾਚੀ ਦਰਗਹ ਪਾਵਹੁ ਮਾਨੁ ॥੧॥
(੨॥੨੯॥੧੧੫) [ਬਿਲਾਵਲੁ ਮ: ੫, ਪੰਨਾ ੮੨੭

ਸਤਿਗੁਰੂ ਦੀ ਸੇਵਾ ਤੋਂ, ਸਦਾ ਕਿਰਤਾਰਥ ਕਰਨਹਾਰਾ ਨਾਮ ਪਦਾਰਥ ਅਧਿਕਾਰੀ ਜਨਾਂ ਨੂੰ ਮਿਲਦਾ ਹੈ। ਤਿਨ੍ਹਾਂ ਨੂੰ ਸਚੀ ਦਰਗਾਹ ਪੁਛ ਨਹੀਂ ਹੁੰਦੀ । ਹੁਕਮ ਮੰਨਣਹਾਰੇ ਹੀ ਸਚੀ ਦਰਗਾਹ ਸੀਝਦੇ ਹਨ—

ਗੁਰ ਸੇਵਾ ਤੇ ਲਹੈ ਪਦਾਰਥੁ ॥ ਹਿਰਦੈ ਨਾਮੁ ਸਦਾ ਕਿਰਤਾਰਥੁ ॥
ਸਾਚੀ ਦਰਗਹ ਪੂਛ ਨ ਹੋਇ ॥ ਮਾਨੇ ਹੁਕਮੁ ਸੀਝੈ ਦਰਿ ਸੋਇ ॥੬॥
(੮॥੨) [ਬਿਲਾਵਲੁ ਮ: ੧ ਅਸਟ:, ਪੰਨਾ ੮੩੨

ਸਭ ਬਰਕਤਾਂ ਨਾਮ ਦੀ ਆਗਿਆ ਦੀ ਕਮਾਈ ਵਿਚ ਹਨ । ਨਾਮ ਦੇ ਪਰਤਾਪ ਅਗਲੀ ਦਰਗਾਹ ਵਿਖੇ ਮੁਖ ਉਜਲ ਹੁੰਦੇ ਹਨ । ਨਾਮ ਕਮਾਵਣ-

ਹਾਰਿਆਂ ਤੇ ਨਾਮ ਅਭਿਆਸੀਆਂ ਦੀਆਂ ਸਾਰੀਆਂ ਕੁਲਾਂ ਦਾ ਉਧਾਰ ਹੋ ਜਾਂਦਾ ਹੈ। ਨਾਮ ਕਮਾਉਣਹਾਰਿਆਂ ਦੇ ਸਾਰੇ ਕਾਰਜ ਰਾਸ ਹੋ ਜਾਂਦੇ ਹਨ। ਦਹਿਦਿਸ ਧਾਵਣਹਾਰਾ ਮਨੂਆ ਕੇਵਲ ਨਾਮ ਨਾਲਿ ਗੁਝ ਮਿਝ ਕੇ ਹੀ ਵਸਗਤਿ ਆਉਂਦਾ ਹੈ। ਸਚੀ ਸੂਰਮਤਾਈ ਵਾਲਾ ਨਿਰਭੈ ਪਦ ਹੀ ਨਾਮ ਜਪਣ ਕਰਿ ਪ੍ਰਾਪਤਿ ਹੁੰਦਾ ਹੈ। ਆਵਣ ਜਾਣਾ ਚੁਰਾਸੀ ਦਾ ਗੇੜ ਭੀ ਨਾਮ ਦੁਆਰਾ ਹੀ ਦੂਰ ਹੁੰਦਾ ਹੈ। ਇਹ ਸਤਿਗੁਰੂ ਪੂਰੇ ਦੇ ਪ੍ਰਸਾਦਿ ਪਰਤਾਪ ਕਰਿ ਹੀ ਹੈ ਕਿ ਨਾਮ ਮਿਲਦਾ ਹੈ ਅਤੇ ਨਾਮ ਨਾਮੀ ਦੀ ਪ੍ਰਾਪਤੀ ਭੀ ਹੁੰਦੀ ਹੈ ਤੇ ਸੁਖ ਸਹਿਜ ਅੰਦਰ ਨਿਵਾਸ ਹੁੰਦਾ ਹੈ। ਗੁਰਵਾਕ—

ਨਾਮੇ ਦਰਗਹ ਮੁਖ ਉਜਲੇ ॥ ਨਾਮੇ ਸਗਲੇ ਕੁਲ ਉਧਰੇ ॥
ਨਾਮਿ ਹਮਾਰੇ ਕਾਰਜ ਸੀਧ ॥ ਨਾਮਿ ਸੰਗਿ ਇਹੁ ਮਨੂਆ ਗੀਧ ॥੩॥
ਨਾਮੇ ਹੀ ਹਮ ਨਿਰਭਉ ਭਏ ॥ ਨਾਮੇ ਆਵਨ ਜਾਵਨ ਰਹੇ ॥
ਗੁਰਿ ਪੂਰੈ ਮੇਲੇ ਗੁਣਤਾਸ ॥ ਕਹੁ ਨਾਨਕ ਸੁਖਿ ਸਹਜਿ ਨਿਵਾਸੁ ॥੪॥
੨॥੪॥ [ਗੋਂਡ ਮ: ੫, ਪੰਨਾ ੮੬੩

ਸਚੀ ਦਰਗਾਹ ਦਾ ਵਾਸ, ਸਚੀ ਦਰਗਾਹ ਦੀ ਸੁਖ-ਰਾਸ ਸੰਪਤ ਤਿਨ੍ਹਾਂ ਨੂੰ ਹੀ ਮਿਲਦੀ ਹੈ, ਜੋ ਨਾਮ ਦੀਆਂ ਐਸੀਆਂ ਅਤੁਟ ਕਮਾਈਆਂ ਕਰਦੇ ਹਨ ਅਤੇ ਐਸੀ ਭਗਤੀ ਭਾਵ ਮਈ ਸੇਵਾ ਕਰਦੇ ਹਨ ਕਿ ਸਭ ਤੋਂ ਉਪਰ ਬਣ ਜਾਂਦੇ ਹਨ। ਨਾਮ ਨਿਧਾਨ ਦੀ ਲਿਵਲੀਨਤਾ ਹੀ ਸਾਰੀ ਹਉਮੈ ਦੂਰ ਕਰ ਕੇ ਅਧੀਨਗੀ, ਸਚੀ ਦਿਲ-ਗਰੀਬੀ ਲਿਆਉਂਦੀ ਹੈ। ਆਪਣੇ ਆਪ ਨੂੰ ਸਭ ਤੋਂ ਨੀਵਾਂ ਨੀਚਾ ਮੰਨਣ ਮਨਾਉਣ ਵਿਚ ਸਚਾ ਅਨੰਦ ਰਸ ਆ ਬਣਦਾ ਹੈ। ਯਥਾ ਗੁਰਵਾਕ—

ਪਵਹੁ ਚਰਣਾ ਤਲਿ ਊਪਰਿ ਆਵਹੁ ਐਸੀ ਸੇਵ ਕਮਾਵਹੁ ॥
ਆਪਸ ਤੇ ਊਪਰਿ ਸਭ ਜਾਣਹੁ ਤਉ ਦਰਗਹ ਸੁਖੁ ਪਾਵਹੁ ॥੧॥ (੪॥੨)
[ਰਾਮਕਲੀ ਮ: ੫, ਪੰਨਾ ੮੮੩

ਗੁਰਮਤਿ ਨਾਮ ਦੀ ਸਿਫਤਿ ਸਾਲਾਹ ਕੀਤਿਆਂ ਅਤੇ ਹਰਿ ਗੁਣ ਗਾਵੀਤਿਆਂ, ਕੀਰਤਨ ਕੀਤਿਆਂ ਨਿਥਾਵਿਆਂ ਨੂੰ ਭੀ ਹਰਿ ਦਰਗਹਿ ਅੰਦਰਿ ਥਾਉਂ ਮਿਲਦਾ ਹੈ। ਯਥਾ ਗੁਰਵਾਕ—

ਬੀਜ ਮੰਤ੍ਰੁ ਹਰਿ ਕੀਰਤਨੁ ਗਾਉ ॥
ਆਗੈ ਮਿਲੀ ਨਿਥਾਵੇ ਥਾਉ ॥...੧॥(੪॥੧੬॥੨੭)
[ਰਾਮਕਲੀ ਮ: ੫, ਪੰਨਾ ੮੯੧

ਰੈਣਿ ਦਿਨਸੁ ਜਪਉ ਹਰਿ ਨਾਉ ॥
ਆਗੈ ਦਰਗਹ ਪਾਵਉ ਥਾਉ ॥...੧॥(੪॥੨੨॥੨੩)
[ਰਾਮਕਲੀ ਮ: ੫, ਪੰਨਾ ੮੯੩

ਜਪਿ ਜਪਿ ਜੀਵਾ ਤੇਰਾ ਨਾਉ ॥
ਆਗੈ ਦਰਗਹ ਪਾਵਉ ਠਾਉ ॥...੨॥(੪॥੨੩॥੩੪)
[ਰਾਮਕਲੀ ਮ: ੫, ਪੰਨਾ ੮੯੩

ਤਥਾ—ਗੁਰ ਕੀ ਹਰਿ ਟੇਕ ਟਿਕਾਇ ॥ ਅਵਰ ਆਸਾ ਸਭ ਲਾਹਿ ॥
ਹਰਿ ਕਾ ਨਾਮੁ ਮਾਗੁ ਨਿਧਾਨੁ ॥ ਤਾ ਦਰਗਹ ਪਾਵਹਿ ਮਾਨੁ ॥੩॥
ਗੁਰ ਕਾ ਬਚਨੁ ਜਪਿ ਮੰਤੁ ॥ ਏਹਾ ਭਗਤਿ ਸਾਰ ਤਤੁ ॥...੪॥
(੨੮॥੩੯) [ਰਾਮਕਲੀ ਮ: ੫, ਪੰਨਾ ੮੯੫

ਦੁਲਭ ਦੇਹ ਸਵਾਰਿ ॥ ਜਾਹਿ ਨ ਦਰਗਹ ਹਾਰਿ ॥
ਹਲਤਿ ਪਲਤਿ ਤੁਧੁ ਹੋਇ ਵਡਿਆਈ ॥
ਅੰਤ ਕੀ ਬੇਲਾ ਲਏ ਛਡਾਈ ॥੧॥
ਰਾਮ ਕੇ ਗੁਨ ਗਾਉ ॥
ਹਲਤੁ ਪਲਤੁ ਹੋਹਿ ਦੋਵੈ ਸੁਹੇਲੇ
ਅਚਰਜ ਪੁਰਖੁ ਧਿਆਉ ॥੧॥ਰਹਾਉ॥
ਊਠਤ ਬੈਠਤ ਹਰਿ ਜਾਪੁ ॥ ਬਿਨਸੈ ਸਗਲ ਸੰਤਾਪੁ ॥
ਬੈਰੀ ਸਭਿ ਹੋਵਹਿ ਮੀਤ ॥ ਨਿਰਮਲੁ ਤੇਰਾ ਹੋਵੈ ਚੀਤ ॥੨॥
ਸਭ ਤੇ ਊਤਮ ਇਹੁ ਕਰਮੁ ॥ ਸਗਲ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਸਿਮਰਨਿ ਤੇਰਾ ਹੋਇ ਉਧਾਰੁ ॥
ਜਨਮ ਜਨਮ ਕਾ ਉਤਰੈ ਭਾਰੁ ॥੩॥
ਪੂਰਨ ਤੇਰੀ ਹੋਵੈ ਆਸ ॥ ਜਮ ਕੀ ਕਟੀਐ ਤੇਰੀ ਫਾਸ ॥
ਗੁਰ ਕਾ ਉਪਦੇਸੁ ਸੁਨੀਜੈ ॥ ਨਾਨਕ ਸੁਖਿ ਸਹਜਿ ਸਮੀਜੈ ॥੪॥
੩੦॥੪੧॥ [ਰਾਮਕਲੀ ਮ: ੫, ਪੰਨਾ ੮੯੫-੯੬

# ੮

# ਧਰਮ ਰਾਇ ਦੀ ਦਰਗਾਹ

ਵੇਪਰਵਾਹੁ ਅਗੋਚਰੁ ਆਪਿ ॥
ਆਠ ਪਹਰ ਮਨ ਤਾ ਕਉ ਜਾਪਿ ॥
ਜਿਸੁ ਚਿਤਿ ਆਏ ਬਿਨਸਹਿ ਦੁਖਾ ॥
ਹਲਤਿ ਪਲਤਿ ਤੇਰਾ ਊਜਲ ਮੁਖਾ ॥੩॥(੪॥੩੧॥੪੨)
[ਰਾਮਕਲੀ ਮ: ੫, ਪੰਨਾ ੮੯੬

ਇਹ ਲੋਕੇ ਸੁਖੁ ਪਾਇਆ ॥
ਨਹੀ ਭੇਟਤ ਧਰਮਰਾਇਆ ॥...੧॥(੪॥੩੮॥੪੯)
ਰਾਮਕਲੀ ਮ: ੫, ਪੰਨਾ ੮੯੮

ਇਹ ਉਪਰ ਦਿਤੇ ਪਰਮਾਣ ਨ ਸਿਰਫ਼ ਅਗਲੀ ਦਰਗਾਹ ਦਾ ਹੀ ਪੱਕਾ ਪਤਾ ਨਿਸ਼ਾਨ ਦਿੰਦੇ ਹਨ, ਸਗੋਂ ਇਹ ਭੀ ਸਪੱਸ਼ਟ ਕਰਦੇ ਹਨ ਕਿ ਨਾਮ ਦੀਆਂ ਕਮਾਈਆਂ ਬਿਨਾਂ ਗਰਭ ਜੂਨਾਂ ਵਿਚ ਮੁੜ ਮੁੜ ਪੈਣਾ ਹੈ, ਅਤੇ ਧਰਮਰਾਇ ਦਾ ਲੇਖਾ ਭੀ ਦੇਣਾ ਪੈਂਦਾ ਹੈ । ਗੁਰਮਤਿ ਅੰਦਰ ਇਹ ਗੱਲ ਮੰਨੀ ਪਰਮੰਨੀ ਹੈ ਕਿ ਧਰਮਰਾਇ ਅਕਾਲ ਪੁਰਖ ਦਾ ਕੀਤਾ ਹੋਇਆ, ਥਾਪਿਆ ਹੋਇਆ, ਹੁਕਮੇ ਅੰਦਰ ਸਭ ਜੀਵਾਂ ਦੇ ਕਰਮਾਂ ਦਾ ਨਿਆਉਂ ਨਿਬੇੜਨ ਲਈ ਇਕ ਵਾਸਤਵੀ ਸ਼ਖ਼ਸੀਅਤ (ਹਸਤੀ) ਹੈ, ਜੋ ਅਗਲੀ ਦਰਗਾਹ ਅੰਦਰ ਸਭ ਤੋਂ ਲੇਖਾ ਲੈਂਦਾ ਹੈ, ਸਿਵਾਇ ਉਨ੍ਹਾਂ ਗੁਰਮੁਖਾਂ, ਗੁਰੂ ਦੇ ਤਾਰੇ ਨਿਸਤਾਰੇ ਨਰਾਂ ਦੇ, ਜਿਨ੍ਹਾਂ ਨੂੰ ਸਤਿਗੁਰੂ ਨਾਨਕ-ਦਸਮੇਸ਼ ਜੀ ਨੇ ਅਪਣਾ ਕੇ ਲੜ ਲਾਇ ਲਿਆ ਹੈ । ਮਤ ਕੋਈ ਇਹ ਗੁਮਾਨ ਕਰੇ, ਕਿ ਐਥੇ, ਇਸ ਲੋਕ ਵਿਚ ਹੀ ਜੋ ਕੁਝ ਹੈ ਸੋ ਹੈ, ਅਗਲੀ ਦਰਗਾਹ ਤੇ ਦਰਗਾਹੀ ਲੇਖੇ ਸਭ ਕਲਪਤ ਗੱਲਾਂ ਹੀ ਹਨ ।

ਕੀ ਸਤਿਗੁਰੂ ਸਚੇ ਪਾਤਸ਼ਾਹ ਨੇ ਧੁਰੋਂ ਆਈ ਸਚੀ ਬਾਣੀ ਅੰਦਰ ਅਗਲੀ ਦਰਗਾਹ ਸਬੰਧੀ ਐਵੇਂ ਕਲਪਤ ਖ਼ਿਆਲ ਹੀ ਖ਼ਿਆਲੇ ਹਨ ? ਹਰਗਿਜ਼ ਨਹੀਂ । ਇਹ ਉਨ੍ਹਾਂ ਲੋਕਾਂ ਦਾ ਅਸ਼ਰਧਕ-ਪੁਣਾ ਤੇ ਮਨਮੁਖਤਾ ਹੈ, ਜੋ ਐਸਾ ਗ਼ਲਤ

ਵਿਚਾਰ ਮਨ ਵਿਚ ਲਿਆਉਂਦੇ ਹਨ। ਇਕ ਨਹੀਂ, ਅਨੇਕਾਂ ਹੀ ਗੁਰਵਾਕ ਇਸ ਪ੍ਰਥਾਇ ਗੁਰੂ ਸਾਹਿਬ ਨੇ ਉਚਾਰੇ ਹਨ ਕਿ ਅਗਲੀ ਦਰਗਾਹ ਸਚ ਮੁਚ ਹੈ, ਜਿਸ ਦੀ ਹੋਂਦ ਵਿਚ ਰੰਚਕ ਸੰਦੇਹ ਨਹੀਂ। ਅਗਲੀ ਦਰਗਾਹ ਦੀ ਹੋਂਦ ਸਬੰਧੀ ਸਬੂਤ ਲਈ ਹੇਠ ਲਿਖੇ ਗੁਰ-ਪ੍ਰਮਾਣ ਦਿਤੇ ਜਾਂਦੇ ਹਨ—

ਨਾਮੁ ਬਿਸਾਰਿ ਪਚਹਿ ਅਭਿਆਨੁ ॥
ਨਾਮ ਬਿਨਾ ਕਿਆ ਗਿਆਨ ਧਿਆਨੁ ॥
ਗੁਰਮੁਖਿ ਪਾਵਹਿ ਦਰਗਹਿ ਮਾਨੁ ॥੩॥(੮॥੬)

[ਰਾਮਕਲੀ ਮ: ੧, ਪੰਨਾ ੯੦੫

ਨਾਮ ਬਿਨਾਂ ਫੋਕਾ ਗਿਆਨ ਧਿਆਨ ਕਿਸੇ ਕੰਮ ਨਹੀਂ। ਫੋਕਟ ਸਹਸ-ਸਿਆਣਪੀ ਅਭਿਮਾਨ ਵਾਲਾ ਹੀ ਇਹ ਚੁੰਚ-ਕਥਨੀਆ ਗਿਆਨ ਧਿਆਨ ਹੈ, ਜੋ ਅਗਲੀ ਦਰਗਾਹ ਸਬੰਧੀ ਸ਼ੰਕਾ ਪੈਦਾ ਕਰਦਾ ਹੈ ਤੇ ਕਿੰਤੂ ਕਰਾਉਂਦਾ ਹੈ। ਗੁਰਮਤਿ ਗਿਆਨ ਦੇ ਤਤ ਧਿਆਨੀ ਗੁਰਮੁਖ ਜਨ ਹੀ ਸਚੀ ਦਰਗਾਹ ਅੰਦਰ ਮਾਨ ਪਾਉਂਦੇ ਹਨ ਤੇ ਸਦ ਸਦੀਵੀ ਆਤਮਕ ਰੰਗ-ਰਲੀਆਂ ਮਾਣਦੇ ਹਨ ਅਤੇ ਹਰਿ ਦਰਗਾਹ ਵਿਚ ਸੋਭਾਵੰਤ ਕਹਾਉਂਦੇ ਹਨ।

ਬਿਨੁ ਸਾਚੇ ਨਹੀ ਦਰਗਹ ਮਾਨੁ ॥
ਹਰਿ ਰਸੁ ਪੀਵੈ ਛੁਟੈ ਨਿਦਾਨਿ ॥੫੦॥

[ਦਖਣੀ ਓਅੰਕਾਰੁ, ਪੰਨਾ ੯੩੭

ਵਾਹਿਗੁਰੂ ਸੱਚੇ ਦੀ ਸੱਚ ਪ੍ਰਾਪਤੀ ਬਿਨਾਂ ਹਰਿ ਦਰਗਾਹੀ ਮਾਨ ਕਿਸੇ ਨੂੰ ਨਹੀਂ ਮਿਲਦਾ। ਗੁਰਮਤਿ ਨਾਮ ਦੀਆਂ ਅਤੁੱਟ ਕਮਾਈਆਂ ਕਰਨ ਤੋਂ ਹਰਿ ਰਸ, ਅੰਤਰ ਆਤਮੇ ਰਸ ਆਉਂਦਾ ਹੈ। ਇਸ ਹਰਿ-ਰਸ ਦੇ ਅੰਦਰ ਰਸ-ਰਸੇ, ਰਸੀਆਂ ਦਾ ਹੀ ਅਗਲੀ ਦਰਗਾਹ ਵਿਚ ਛੁਟਕਾਰਾ ਹੈ, ਦੂਜੇ ਫੋਕਟ ਕਰਮੀਆਂ ਦਾ ਛੁਟਕਾਰਾ ਕਦੇ ਨਹੀਂ ਹੁੰਦਾ।

ਗੁਰਮੁਖਿ ਚੂਕੈ ਆਵਣ ਜਾਣੁ ॥...
ਗੁਰਮੁਖਿ ਦਰਗਹ ਸਿਫਤਿ ਸਮਾਇ ॥
ਨਾਨਕ ਗੁਰਮੁਖਿ ਬੰਧੁ ਨ ਪਾਇ ॥੪੧॥

[ਸਿਧ ਗੋਸਟਿ, ਪੰਨਾ ੯੪੨

ਦੇਖਿਆ! ਗੁਰਮੁਖਾਂ ਦਾ ਆਵਣ ਜਾਣਾ ਉੱਕਾ ਹੀ ਚੁਕ ਗਿਆ। ਗੁਰਮੁਖ-ਨੂੰ ਸਚੀ ਦਰਗਾਹ ਅੰਦਰ ਮਾਨ ਮਿਲਦਾ ਹੈ, ਪਰ ਗੁਰਮੁਖ ਇਹ ਮਾਣ ਮਿਲਣ

ਪਰ ਬਫਾਇ ਕੇ ਫੂਲ ਨਹੀਂ ਬਹਿੰਦੇ, ਸਗੋਂ ਸਚੀ ਦਰਗਾਹ ਅੰਦਰ ਸਿਫਤ ਸਲਾਹ ਕਰਿ ਕਰਿ ਰਜਦੇ ਨਹੀਂ। ਸਿਫਤ ਸਲਾਹ ਕਰਿ ਸਿਫਤੀ ਵਾਹਿਗੁਰੂ ਦੀ ਜ਼ਾਤਿ ਪਾਕ ਵਿਚ ਹੀ ਸਮਾਇ ਜਾਂਦੇ ਹਨ। ਗੁਰਮੁਖਾਂ ਦੀ ਸਿਫਤ ਸਲਾਹ ਦਾ ਹਦਬੰਨਾ ਥਾਹ ਕੋਈ ਨਹੀਂ ਅਤੇ ਨਾ ਹੀ "ਸਿਫਤੀ ਸਿਫਤਿ ਸਮੇਉ" ਦਾ ਹੀ ਕੁਝ ਪਾਰਾਵਾਰ ਹੈ। ਗੁਰਮੁਖ ਜਨ ਲੇਖੇ ਅੰਦਰ ਕਦੇ ਨਹੀਂ ਆਉਂਦੇ। ਲੇਖੇ ਵਾਲਿਆਂ ਨੂੰ ਹੀ ਬੰਧ ਪੈਂਦੇ ਹਨ। ਗੁਰਮੁਖਾਂ ਨੂੰ ਕੋਈ ਬੰਧ ਨਹੀਂ ਪੈਂਦਾ।

ਜਮਦਰਿ ਬਾਧੇ ਕੋਇ ਨ ਰਾਖੈ ॥
ਬਿਨੁ ਸਬਦੈ ਨਾਹੀ ਪਤਿ ਸਾਖੈ...॥੫੫॥...
ਮਾਨੈ ਹੁਕਮੁ ਸਭੇ ਗੁਣ ਗਿਆਨ ॥
ਨਾਨਕ ਦਰਗਹ ਪਾਵੈ ਮਾਨੁ ॥੫੬॥

[ਸਿਧ ਗੋਸਟਿ, ਪੰਨਾ ੯੪੪

ਗੁਰ-ਸਬਦ ਵਿਹੂਣੇ ਨਿਗੁਰਿਆਂ ਦੀ ਅਗਲੀ ਦਰਗਾਹ ਪਤਿ.ਪਰਤਿਸ਼ਟਾ ਨਹੀਂ ਹੁੰਦੀ। ਨਾ ਹੀ ਉਨ੍ਹਾਂ ਦੇ ਛੁਟਕਾਰੇ ਦੀ ਕੋਈ ਸਿਫ਼ਾਰਸ਼ੀ ਸਾਖਾ ਭਰਦਾ ਹੈ। ਨ ਕੋਈ ਉਨ੍ਹਾਂ ਜਮਦਰ ਬੱਧਿਆਂ ਨੂੰ ਛੁਡਾਉਂਦਾ, ਰਖਿਆ ਕਰਾਉਂਦਾ ਹੈ। ਵਾਹਿਗੁਰੂ ਗੁਰੂ ਸਚੇ ਪਾਤਸ਼ਾਹ ਦਾ ਸੱਚਾ ਹੁਕਮ ਮੰਨਣਹਾਰਿਆਂ ਨੂੰ ਹੀ ਸਚੇ ਗੁਰਮਤਿ ਗਿਆਨ ਤੇ ਗੁਣ ਆਇ ਪ੍ਰਗਟ ਹੁੰਦੇ ਹਨ, ਜਿਨ੍ਹਾਂ ਦੀ ਬਦੌਲਤ ਤਿਨ੍ਹਾਂ ਨੂੰ ਦਰਗਹ ਅੰਦਰ ਮਾਨ ਪ੍ਰਾਪਤ ਹੁੰਦਾ ਹੈ। ਇਹ ਸਤਿਗੁਰੂ ਨਾਨਕ ਦਾ ਸੱਚਾ ਕਥਨ ਹੈ:—

ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ ॥
ਗੁਰਮੁਖਿ ਦਰਗਹ ਨ ਆਵੈ ਹਾਰਿ ॥...੭੧॥

[ਸਿਧ ਗੋਸਟਿ, ਪੰਨਾ ੯੪੬

ਗੁਰਮੁਖਾਂ ਨੇ ਗੁਰਮਤਿ ਨਾਮ ਦੇ ਬਲ ਕਰਕੇ ਜਮਕਾਲ ਨੂੰ ਮਾਰ ਕੇ ਸਾਰਾ ਜਗ ਜਿਤ ਲਿਆ। ਇਸ ਜਗ ਅੰਦਰ ਏਨ੍ਹਾਂ ਨੇ ਸੁਰਖ਼-ਰੂਈ ਹਾਸਲ ਕਰ ਲੀਤੀ ਤੇ ਅਗਲੀ ਦਰਗਾਹੇ ਜਾ ਕੇ ਭੀ ਉਨ੍ਹਾਂ ਨੂੰ ਹਾਰ ਕਦੇ ਨਹੀਂ ਮਿਲਦੀ, ਜਿੱਤ ਹੀ ਜਿੱਤ ਹੈ।

ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥
ਓਇ ਥਾਉ ਕੁਥਾਉ ਨ ਜਾਣਨੀ ਉਨ ਅੰਤਰਿ ਲੋਭੁ ਵਿਕਾਰੁ ॥
ਓਇ ਆਪਣੈ ਸੁਆਇ ਆਇ ਬਹਿ ਗਲਾ ਕਰਹਿ
ਓਨਾ ਮਾਰੇ ਜਮੁ ਜੰਦਾਰੁ ॥

ਅਗੈ ਦਰਗਹ ਲੇਖੈ ਮੰਗਿਐ ਮਾਰਿ ਖੁਆਰਿ ਕੀਚਹਿ ਕੂੜਿਆਰ ॥...੨॥
(੯) ਰਾਮਕਲੀ ਕੀ ਵਾਰ, ਮਹਲਾ ੩, ਪੰਨਾ ੯੫੦

ਨਾਮੋਂ ਸਖਣੇ, ਨਿਗੁਰੇ ਮਨਮੁਖਾਂ ਦੇ ਹਿਰਦੇ ਅੰਦਰ ਕਾਮ, ਕ੍ਰੋਧ, ਹੰਕਾਰ ਹੀ ਸਦਾ ਵਸਿਆ ਰਹਿੰਦਾ ਹੈ। ਉਨ੍ਹਾਂ ਦੇ ਅੰਦਰੋਂ ਕੁਬੋਲ, ਕੁਵਾਕ ਹੀ ਨਿਕਲਦੇ ਹਨ, ਕ੍ਰੋਧ ਤੇ ਹੰਕਾਰ ਭਰੇ ਕੁਬਚਨ ਹੀ ਨਿਕਲਦੇ ਹਨ। ਉਹਨਾਂ ਦੇ ਅਖ਼ਤਿਆਰ ਕੁਝ ਨਹੀਂ ਰਹਿੰਦਾ, ਨਾ ਉਨ੍ਹਾਂ ਮਦਹੋਸ਼ਾਂ ਨੂੰ ਕੁਝ ਪਤਾ ਰਹਿੰਦਾ ਹੈ ਕਿ ਮੂੰਹੋਂ ਕੀ ਬੋਲਣਾ ਹੈ ਤੇ ਕੀ ਨਹੀਂ ਬੋਲਣਾ। ਉਹ ਕੁਬੋਲ ਕੁਬਚਨ ਬੋਲਣ ਲਗੇ ਥਾਉਂ ਕੁਥਾਉਂ ਵੀ ਨਹੀਂ ਦੇਖਦੇ। ਉਹ ਲੋਭ ਵਿਕਾਰ ਦੇ ਗੁਸੇ ਹੋਏ, ਨਿਜ-ਲੋਭ ਵਿਕਾਰੀ ਕੁ-ਵਿਚਾਰ ਹੀ ਮੂੰਹੋਂ ਕਢਦੇ ਹਨ। ਉਹ ਆਪਣੇ ਸੁਆਰਥ ਦੀਆਂ ਗੱਲਾਂ ਹੀ ਮੂੰਹੋਂ ਕਢਦੇ ਹਨ। ਸਾਰੀ ਆਯੂ ਹੀ ਉਨ੍ਹਾਂ ਦੀ ਏਨ੍ਹਾਂ ਗੱਲਾਂ ਵਿਚ ਬੀਤ ਜਾਂਦੀ ਹੈ। ਅੰਤ ਵੇਲੇ ਉਹ ਜਮ ਜੰਦਾਰ ਦੀਆਂ ਚੋਟਾਂ ਖਾਂਦੇ ਹਨ ਤੇ ਅਗਲੀ ਦਰਗਾਹ ਵਿਚ ਉਨ੍ਹਾਂ ਤੋਂ ਲੇਖਾ ਮੰਗਿਆ ਜਾਂਦਾ ਹੈ ਤੇ ਅਗਲੀ ਦਰਗਾਹ ਤਿਨ੍ਹਾਂ ਨੂੰ ਮਾਰ ਕੇ ਖੁਆਰ ਕੀਤਾ ਜਾਂਦਾ ਹੈ। ਕਿਉਂਕਿ ਲੇਖਾ ਉਹ ਦੇ ਨਹੀਂ ਸਕਦੇ, ਇਸ ਲਈ ਕੂੜ ਨਿਖੁਟੇ ਦਾ ਸਦਾ ਲੇਖਾ ਲਿਆ ਹੀ ਲਿਆ ਜਾਵੇਗਾ—

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥੨॥ (੧੩)
[ਵਾਰ ਰਾਮਕਲੀ ਮ: ੧, ਪੰਨਾ ੯੫੩

ਏਸ ਗੁਰਵਾਕ ਵਿਚ ਗੁਰੂ ਨਾਨਕ ਸਾਹਿਬ ਸਾਰਿਆਂ ਜਗਿਆਸੂਆਂ ਨੂੰ ਸੰਬੋਧਨ ਕਰ ਕੇ ਸੱਚੀ ਸਿਖਿਆ ਦਿੰਦੇ ਹਨ। ਇਸ ਵਿਚ ਗੁਰੂ ਸਾਹਿਬ ਨੇ ਜੋ ਕੁਝ ਉਚਰਿਆ ਹੈ, ਉਹ ਅੱਖਰ ਅੱਖਰ ਸੱਚ ਤੇ ਸਹੀ ਹੈ। ਇਸ ਵਿਚ ਸੰਦੇਹ-ਕਿੰਤੂ ਕਰਨ ਦੀ ਗੁੰਜਾਇਸ਼ ਹੀ ਨਹੀਂ।

ਏਸ ਦੁਨੀਆ ਵਿਚ ਕੀਤੇ ਕਰਮਾਂ ਦਾ ਲੇਖਾ ਅਗਲੀ ਦਰਗਾਹ ਅੰਦਰ ਜ਼ਰੂਰ ਦੇਣਾ ਹੈ, ਲੇਖਾ ਹੋਇ ਬਿਨਾਂ ਰਹਿਣਾ ਨਹੀਂ। ਧਰਮਰਾਇ ਦੇ ਰਾਹੀਂ, ਧਰਮਰਾਇ ਦਾ ਰੂਪ ਧਾਰ ਕੇ ਪਰਮੇਸ਼ਰ ਆਪ ਸਭਨਾਂ ਦਾ ਲੇਖਾ ਮੰਗੇਗਾ। ਅਗਲੀ ਦਰਗਾਹ ਵਿਚ ਰੱਬ ਨੇ ਧਰਮਰਾਇ ਦੀ ਕਚਹਿਰੀ ਬਣਾਈ ਹੋਈ ਹੈ ਤੇ

ਧਰਮਰਾਇ ਦੇ ਪਾਸ ਵਹੀ ਰਖੀ ਹੋਈ ਹੈ, ਜਿਸ ਉਤੇ ਹਰ ਇਕ ਜੀਵ ਦੇ ਇਕ ਇਕ ਕਰਮ ਦਾ ਲੇਖਾ ਲਿਖਿਆ ਹੋਇਆ ਹੈ । ਜਿਨ੍ਹਾਂ ਆਕੀਆਂ ਨੇ ਰੱਬ ਰਜ਼ਾਈ ਦੇ ਗੁਰਮਤਿ ਰਜ਼ਾਕਾਰੀ ਹੁਕਮ ਨਹੀਂ ਮੰਨੇ, ਤਿਨ੍ਹਾਂ ਨੂੰ ਧਰਮਰਾਇ ਦੀ ਦਰਗਾਹ ਵਿਚ ਤਲਬਾਂ ਪੈਣਗੀਆਂ, ਜ਼ਰੂਰ ਪੈਣਗੀਆਂ । ਜਿਨ੍ਹਾਂ ਦੀ ਰਿਣ ਕਰੰਮੀ ਬਾਕੀ ਰਹੀ, ਧਰਮਰਾਇ ਦੀ ਵਹੀ ਵਿਚ ਦਰਜ ਹੈ, ਅਰਥਾਤ ਉਸ ਦੇ ਦਫ਼ਤਰ ਵਿਚ ਦਰਜ ਹੈ, ਤਿਨ੍ਹਾਂ ਨੂੰ ਜ਼ਰੂਰ ਤਲਬਾਂ ਪੈਣਗੀਆਂ। ਅਜ਼ਰਾਈਲ ਸਾਰਖੇ ਜਮਦੂਤ ਫ਼ਰਿਸ਼ਤੇ ਉਨ੍ਹਾਂ ਨੂੰ ਪਕੜ ਪਕੜ ਕੇ ਧਰਮਰਾਇ ਦੀ ਕਚਹਿਰੀ ਵਿਚ ਲਿਆ ਹਾਜ਼ਰ ਕਰਨਗੇ । ਉਨ੍ਹਾਂ ਨੂੰ ਉਸ ਭੀੜੀ ਗਲੀ ਵਿਚੋਂ ਨਸਣ ਭਜਣ ਦਾ ਰਾਹ ਭੀ ਕੋਈ ਨਹੀਂ ਦਿਸੇਗਾ, ਨ ਸੁਝੇਗਾ । ਕੂੜਿਆਰਾਂ ਦੀਆਂ ਸਭ ਸਿਆਣਪਾਂ ਚਤਰਾਈਆਂ ਨਿਖੁਟ ਜਾਣਗੀਆਂ । ਸਭ ਕੂੜਿਆਰ ਨਿਖੁਟ ਜਾਣਗੇ, ਕੂੜ ਭੀ ਨਿਖੁਟ ਜਾਵੇਗਾ, ਓੜਕ ਸਚ ਤੇ ਸਚਿਆਰਾਂ ਨੇ ਹੀ ਕਾਇਮ ਦਾਇਮ ਰਹਿਣਾ ਹੈ । ਇਹ ਸਚ ਵਰਤਾਰੀਏ ਬਚਨ ਹਨ ਗੁਰੂ ਨਾਨਕ ਸਾਹਿਬ ਜੀ ਦੇ, ਜਿਨ੍ਹਾਂ ਨੇ ਜ਼ਰੂਰ ਵਰਤ ਕੇ ਰਹਿਣਾ ਹੈ, ਕਦੇ ਆਹਲੇ ਨਹੀਂ ਜਾਣਾ । ਏਸ ਉਪ੍ਰੋਕਤ ਵਾਕ ਵਿਚ ਜੋ ਜੋ ਕੁਝ ਭੀ ਉਚਾਰਣ ਹੋਇਆ ਹੈ, ਸੋ ਸਭ ਸਹੀ ਅਤੇ ਪੱਥਰ ਤੇ ਲੀਕ ਹੈ, ਪੱਕੀ ਤਸਦੀਕ ਹੈ । ਬਸ !

> ਨਾਨਕ ਨਾਮੁ ਜਪਤ ਸੁਖੁ ਊਪਜੈ ਦਰਗਹ ਪਾਈਐ ਥਾਉ ॥੧॥(੧੨)
> [ਸਲੋਕ ਮ: ੫, ਪੰਨਾ ੯੬੩

ਦੇ ਗੁਰਵਾਕ ਅਨੁਸਾਰ ਗੁਰੂ ਨਾਨਕ ਦੇ ਘਰਿ ਦਰਿ ਦਰਸਾਇਆ ਗੁਰਮਤਿ ਨਾਮ ਜਪ ਕੇ ਹੀ ਅਗਲੀ ਦਰਗਾਹੇ ਜਾ ਕੇ ਥਾਉਂ ਮਿਲਦਾ ਹੈ ਅਤੇ ਸਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ । ਵਿਛੜਿਆਂ ਨੂੰ ਪ੍ਰਭੂ ਨਾਲਿ ਮੇਲਣਹਾਰ ਹਰਿ ਦਰਗਾਹ ਦਾ ਸਚਾ ਬਸੀਠ (ਵਿਚੋਲਾ) ਸਤਿਗੁਰੂ ਆਪ ਹੀ ਹੈ ।

> ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥
> ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥...੧॥(੧)
> [ਰਾਮਕਲੀ ਕੀ ਵਾਰ, ਸਲੋਕ ਮ: ੫, ਪੰਨਾ ੯੫੭

ਇਹ ਗੁਰੂ ਅਰਜਨ ਸਾਹਿਬ ਪੰਚਮ ਪਾਤਸ਼ਾਹ ਦੀ ਸਚ ਸਦਾਕਤੀ ਸ਼ਹਾਦਤ ਹੈ । ਅਗਲੀ ਦਰਗਾਹ ਵਿਚ ਬਸੀਠੀ ਕਰਨ ਵਾਲਾ ਕੇਵਲ ਸਤਿਗੁਰੂ ਹੀ ਹੈ । ਸਚੇ ਸਤਿਗੁਰੂ ਦੇ ਸਚੇ ਹੁਕਮ ਦੇ ਅਨੁਸਾਰੀ ਜੋ ਜੋ ਜਨ ਹੋਏ ਹਨ ਤੇ ਜਿਨ੍ਹਾਂ ਨੇ ਕਰਤਾਰ ਦੀ ਹੁਕਮ ਰਜ਼ਾ ਵਾਲੀ ਗੱਲ ਮੰਨੀ ਹੈ ਅਤੇ ਭਲੀ ਕਰਕੇ ਮੰਨੀ ਹੈ ਤਿਨ੍ਹਾਂ ਨੇ ਹੀ ਖਸਮ ਨੂੰ ਸਚ ਕਰਕੇ ਪਛਾਣਿਆ ਹੈ, ਸੋਈ ਸਚੀ ਦਰਗਾਹ ਦੇ

ਸਚੇ ਮੱਲ ਭਏ ਹਨ । ਤਿਨ੍ਹਾਂ ਨੇ ਸਚੇ ਦੀ ਸਚੀ ਦਰਗਾਹ ਐਸੀ ਮੱਲੀ ਹੈ ਕਿ ਸਚੀ ਦਰਗਾਹ ਮੱਲ ਕੇ ਕਦੇ ਨਹੀਂ ਹੱਲੇ ਅਤੇ ਅਜ਼ਲ ਤੇ ਅਬਦ ਤਕ ਮੱਲ ਮੱਲੀ ਹੀ ਰਖਣਗੇ । ਯਥਾ—

ਜੋ ਕੀਨੀ ਕਰਤਾਰਿ ਸਾਈ ਭਲੀ ਗਲ ॥
ਜਿਨੀ ਪਛਾਤਾ ਖਸਮੁ ਸੇ ਦਰਗਾਹ ਮਲ ॥...੧੬॥
[ਵਾਰ ਰਾਮਕਲੀ ਮ: ੫, ਪੰਨਾ ੯੬੪

ਪਖੰਡੀਆਂ ਸਾਕਤ ਜਨਾਂ ਦਾ ਅਗਲੀ ਦਰਗਾਹ ਇਹ ਹਾਲ ਹੋਵੇਗਾ :—

ਪਾਖੰਡ ਪਾਖੰਡ ਕਰਿ ਕਰਿ ਭਰਮੇ
ਲੋਭੁ ਪਾਖੰਡੁ ਜਗਿ ਬੁਰਿਆਰੇ ॥
ਹਲਤਿ ਪਲਤਿ ਦੁਖਦਾਈ ਹੋਵਹਿ
ਜਮਕਾਲੁ ਖੜਾ ਸਿਰਿ ਮਾਰੇ ॥੪॥......
ਸਾਕਤ ਨਰ ਸਭਿ ਭੂਖ ਭੁਖਾਨੇ
ਦਰਿ ਠਾਢੇ ਜਮ ਜੰਦਾਰੇ ॥੬॥(੮॥੨)
[ਨਟ ਅਸਟ: ਮ: ੪, ਪੰਨਾ ੯੮੧

ਡਿਠਾ ਜੇ ! ਸਾਕਤ ਨਰਾਂ, ਲੋਭੀਆਂ, ਪਖੰਡੀਆਂ ਨੂੰ ਜਮ ਜੰਦਾਰ ਦੇ ਦਰ ਤੇ ਭੁਖਣ ਭੁੱਖੇ, ਦੁਖਦਾਈ ਮਾਰਾਂ ਖਾਂਦੇ ਹੋਏ, ਖਲੋਵਣਾ ਹੋਵੇਗਾ । ਤਿਨ੍ਹਾਂ ਦੇ ਹਲਤ ਪਲਤ ਦੋਵੇਂ ਦੁਖਦਾਈ ਹੋਣਗੇ । ਓਦੋਂ ਹੀ ਪਤਾ ਲਗੇਗਾ, ਜਦੋਂ ਮਰਨ ਤੋਂ ਪਿਛੋਂ ਅਗੇ ਜਮਾਂ ਦੀ ਮਾਰ ਪਵੇਗੀ। ਏਹਨਾਂ ਘਟਨਾਵਾਂ ਤੋਂ ਅਵੇਸਲੇ ਬੇਖ਼ਬਰੇ ਹੋਏ ਵੇ ਸਾਕਤ ਨਰ ਮਨੁਖਾ ਦੇਹ ਧਾਰ ਕੇ ਪਾਪ ਕਰਮ ਕਰੀ ਜਾਂਦੇ ਹਨ । ਅਤੇ ਐਸੇ ਪਰਵਿਰਤ ਹੁੰਦੇ ਹਨ ਪਾਪ ਕਰਮਾਂ ਵਿਚ, ਕਿ ਉਹਨਾਂ ਦੀ ਅੱਖ ਹੀ ਨਹੀਂ ਉਘੜਦੀ । ਅੱਖ ਤਾਂ ਤਦੇ ਹੀ ਉਘੜੇ ਜੇ ਗੁਰੂ ਕੀ ਸਿੱਖਿਆ ਸੁਣਨ, ਤੇ ਸੁਣ ਕੇ ਸਤਿ ਸਤਿ ਕਰਕੇ ਮੰਨਣ । ਜੇ ਉਨ੍ਹਾਂ ਨੂੰ ਉਪਰਲੀ ਦਰਗਾਹ ਦਾ ਖ਼ੌਫ਼ ਹੋਵੇ ਤਾਂ ਉਹ ਪਾਪ ਕਰਮ, ਲੋਭ, ਪਾਖੰਡ ਵਿਕਾਰਾਂ ਤੋਂ ਬਚਣ । ਲਾ-ਮਜ਼ਹਬ, ਦਹਿਰੀਏ, ਨਾਸਤਕ, ਸਾਕਤ ਪੁਰਸ਼ਾਂ ਦਾ ਇਖ਼ਲਾਕ ਹੋ ਹੀ ਨਹੀਂ ਸਕਦਾ । ਜਿਨ੍ਹਾਂ ਨੂੰ ਖ਼ੁਦਾ ਦਾ ਖ਼ੌਫ਼ ਨਹੀਂ, ਜਿਨ੍ਹਾਂ ਨੂੰ ਭੈ ਕੀ ਬਿੰਦ ਨਹੀਂ, ਜਿਨ੍ਹਾਂ ਨੂੰ ਅਗਲੀ ਦੁਨੀਆ, ਪਾਰਲੀ ਦਰਗਾਹ ਦਾ ਨਿਸਚਾ ਨਹੀਂ, ਤਿਨ੍ਹਾਂ ਨੇ ਤਾਂ ਬਸ, ਬੇ-ਦਰੇਗ ਮੰਦ ਕਰਮਾਂ ਵਿਚ ਹੀ ਰੱਚਤ ਖੱਚਤ ਹੋਣਾ ਹੈ—

ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਏ ਸੰਸਾਰਿ ॥

ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ ॥
ਵਿਛੁੜਿਆ ਮੇਲਾ ਨਹੀ ਦੂਖੁ ਘਣੋ ਜਮ ਦੁਆਰਿ ॥੩॥(੮॥੩)
[ਮਾਰੂ ਮ: ੧, ਪੰਨਾ ੧੦੧੦

ਇਹ ਉਪਰਲਾ ਗੁਰਵਾਕ ਕੈਸੀ ਸੂਝ ਸੁਝਾਉਂਦਾ ਹੈ। ਜਿਨ੍ਹਾਂ ਨੇ ਨਾਮ ਵਿਸਾਰ ਦਿਤਾ ਹੈ, ਉਨ੍ਹਾਂ ਦਾ ਏਸ ਸੰਸਾਰ ਵਿਚ ਆਉਣਾ ਬੇਅਰਥ ਤੇ ਅਕਾਰਥ ਹੀ ਹੈ। ਉਹ ਏਸ ਸੰਸਾਰ ਵਿਚ ਕਾਹਨੂੰ ਆਏ ? ਕੀ ਥੁੜਿਆ ਪਿਆ ਸੀ, ਉਨ੍ਹਾਂ ਦੇ ਏਥੇ ਆਉਣ ਖੁਣੋਂ ? ਉਨ੍ਹਾਂ ਨਾਮ ਵਿਹੂਣਿਆਂ ਨੂੰ ਅਗੇ ਪਿਛੇ, ਏਸ ਲੋਕ ਤੇ ਪਰਲੋਕ ਵਿਚ, ਕਿਤੇ ਤੇ ਕਦੇ ਸੁਖ ਮਿਲਣਾ ਨਹੀਂ। ਗੁਰਮਤਿ ਗੁਣ ਵਿਹੂਣੇ, ਨਾਮ ਸਖਣੂਣੇ ਮਾਣੂ ਕੋਈ ਮਨੁਖ ਯਾ ਇਨਸਾਨ ਹਨ ? ਓਹ ਤਾਂ ਛਾਰ (ਮਿੱਟੀ) ਦੇ ਲੱਦੇ ਹੋਏ ਗਡੇ ਸਮਾਨ ਹਨ। ਛਾਰ ਉਡਾ ਕੇ, ਤੇ ਛਾਰ ਉਡਾਉਂਦੇ ਹੀ ਚਲੇ ਜਾਣਗੇ; ਪ੍ਰਮਾਰਥ ਦੀ ਤਿਨ੍ਹਾਂ ਨੂੰ ਸਾਰ ਹੀ ਕਦੇ ਨਹੀਂ ਹੋਣੀ, ਵਿਛੜਿਆਂ ਦਾ ਕਦੇ ਮੇਲਾ ਹੋਣਾ ਹੀ ਨਹੀਂ। ਓਨ੍ਹਾਂ ਨੂੰ ਅਗੇ ਜਮ ਦੇ ਦੁਆਰੇ ਜਾ ਕੇ ਘਣੇ ਦੁਖ ਸਹਿਣੇ ਪੈਣਗੇ—

ਗੁਰਮੁਖਿ ਜਿਨੀ ਨਾਮੁ ਨ ਪਾਇਆ ॥
ਮਨਮੁਖਿ ਬਿਰਥਾ ਜਨਮੁ ਗਵਾਇਆ ॥
ਅਗੈ ਵਿਣੁ ਨਾਵੈ ਕੋ ਬੇਲੀ ਨਾਹੀ
ਬੂਝੈ ਗੁਰ ਬੀਚਾਰੀ ਜੀਉ ॥੯॥(੧੦॥੧)
[ਮਾਰੂ ਮ: ੩ ਅਸਟ: ਘਰ ੫, ਪੰਨਾ ੧੦੧੬

ਜਿਨ੍ਹਾਂ ਨੇ ਗੁਰਦੀਖਿਆ ਲੈ ਕੇ, ਗੁਰੂ ਕੇ ਸਿਖ ਬਣ ਕੇ, ਗੁਰਮਤਿ ਨਾਮ ਨਹੀਂ ਧਿਆਇਆ, ਤਿਨ੍ਹਾਂ ਮਨਮੁਖਾਂ ਨੇ ਮਨੁਖਾ ਜਨਮ ਬਿਰਥਾ ਹੀ ਗਵਾਇਆ ਹੈ। ਓਨ੍ਹਾਂ ਦਾ ਅੱਗਾ ਭੀ ਬੜਾ ਦੁਖਦਾਈ ਹੋਵੇਗਾ, ਕਿਉਂਕਿ ਅਗੇ ਅਗਲੀ ਦਰਗਾਹ ਵਿਚ ਨਾਮ ਤੋਂ ਬਿਨਾਂ ਕੋਈ ਭੀ ਬੇਲੀ ਨਹੀਂ। ਜਿਨ੍ਹਾਂ ਨੇ ਐਥੇ ਨਾਮ ਨਹੀਂ ਜਪਿਆ ਤਾਂ ਅਗੇ ਚਲ ਕੇ ਓਹਨਾਂ ਦੀ ਸਹਾਇਤਾ ਕਿਨ੍ਹ ਕਰਨੀ ਹੈ ? ਸਹਾਈ ਕੇਵਲ ਇਕ ਨਾਮ ਨੇ ਹੀ ਹੋਣਾ ਹੈ। ਅਗਲੀ ਦਰਗਾਹੇ ਛੁਡਾਉਣਹਾਰਾ ਸਚਾ ਬੇਲੀ ਸਹਾਈ ਇਕ ਨਾਮ ਹੀ ਹੈ, ਹੋਰ ਕੋਈ ਨਹੀਂ।

ਇਸ ਜਗ ਵਿਚ ਤਾਂ ਚਾਰ ਦਿਹਾੜੇ ਹੀ ਰਹਿਣਾ ਵਸਣਾ ਹੈ। ਜਿਥੇ ਜਾ ਕੇ ਅਗਲੀ ਦਰਗਾਹ ਮਈ ਘਰ ਵਿਚ ਰਹਿਣਾ ਵਸਣਾ ਹੈ, ਸੋ ਘਰ ਤਾਂ ਚਿੱਤ ਚੇਤੇ ਹੀ ਨਹੀਂ। ਜਿਥੇ ਜਾਣਾ ਹੈ, ਸੋ ਥਾਉਂ ਹੀ ਤਿਨ੍ਹਾਂ ਨੂੰ ਵਿਸਰਿਆ ਹੋਇਆ ਹੈ ਤੇ ਅਗੇ ਵਸਣ ਵਾਲੇ ਥਾਉਂ ਵਿਖੇ ਮਨਮੁਖਾਂ ਨੇ ਮਨ ਨਹੀਂ ਲਾਇਆ—

ਜਿਹ ਘਰ ਮਹਿ ਤੁਧੁ ਰਹਿਨਾ ਬਸਨਾ
ਸੋ ਘਰੁ ਚੀਤਿ ਨ ਆਇਓ ॥੩॥...
ਜਹਾ ਜਾਣਾ ਸੋ ਥਾਨੁ ਵਿਸਾਰਿਓ
ਇਕ ਨਿਮਖ ਨਹੀ ਮਨੁ ਲਾਇਓ ॥੫॥(੮॥੧)

[ਮਾਰੂ ਮ: ੫ ਅਸਟ:, ਪੰਨਾ ੧੦੧੭

ਹਰਿ ਦਰਗਾਹੀ ਪਤਿ ਸਿਉਂ ਲੈ ਜਾਣ ਵਾਲਾ ਇਕ ਨਾਮ ਹੀ ਹੈ। ਕਲਿਜੁਗ ਅੰਦਰ ਕੇਵਲ ਕੀਰਤਨ ਹੀ ਪਰਧਾਨ ਹੈ। ਕੀਰਤਨ ਦੇ ਪਰਤਾਪ ਕਰਿ ਹੀ ਗੁਰਮੁਖਾਂ ਦਾ ਨਾਮ ਵਿਚ ਸਹਿਜ-ਧਿਆਨ ਲਗ ਜਾਂਦਾ ਹੈ। ਧਿਆਨ ਲਾ ਕੇ ਨਾਮ ਜਪਿਆਂ ਆਪ ਤਰਨ ਤੇ ਅਵਰਾਂ ਨੂੰ ਨਿਸਤਾਰਨ ਵਾਲਾ ਗੁਰਮੁਖ-ਜੀਵਨ ਪਰਗਟਦਾ ਹੈ। ਯਥਾ ਗੁਰਵਾਕ—

ਕਲਿਜੁਗ ਮਹਿ ਕੀਰਤਨੁ ਪਰਧਾਨਾ ॥
ਗੁਰਮੁਖਿ ਜਪੀਐ ਲਾਇ ਧਿਆਨਾ ॥
ਆਪਿ ਤਰੈ ਸਗਲੇ ਕੁਲ ਤਾਰੇ
ਹਰਿ ਦਰਗਹ ਪਤਿ ਸਿਉ ਜਾਇਦਾ ॥੬॥

[ਮਾਰੂ ਸੋਲਹੇ ਮ: ੫, ਪੰਨਾ ੧੦੭੫-੭੬

ਸਤਿਗੁਰੂ ਰੂਪੀ ਸਚੇ ਬੋਹਿਥ ਤੇ ਚੜ੍ਹਿਆਂ, ਅਰਥਾਤ ਸਤਿਗੁਰੂ ਦੇ ਸਾਜੇ ਸਚੇ ਨਾਮ-ਅੰਮ੍ਰਿਤ ਤੇ ਸਵਾਰ ਹੋਇਆਂ ਲਹਿਰਾਂ ਮਾਰਦੇ ਭਵ-ਸਾਗਰ ਵਿਚ ਡੁਬਣ ਦਾ ਖ਼ਤਰਾ ਨਹੀਂ, ਨ ਕਿਤੇ ਠਾਕ ਹੀ ਪੈਂਦੀ ਹੈ। ਨਿਰਭਉ ਹੋਏ ਸਚ-ਮਾਰਗੇ ਬੋਹਿਥ ਤੇ ਸਵਾਰ ਹੋਏ ਸਫ਼ਰ ਕਰੀ ਜਾਈਦਾ ਹੈ, ਕਿਉਂਕਿ ਬੋਹਿਥ ਦੇ **ਥਾਂਗੀ**-ਸਤਿਗੁਰ ਦੀ ਸਚੀ **ਧੀਰਜ** ਹੁੰਦੀ ਹੈ। **ਥਾਂਗੀ**-ਸਤਿਗੁਰ ਐਸੇ ਦਰ ਤੇ ਲੈ ਜਾ ਕੇ ਉਤਾਰਦਾ ਹੈ, ਜਿਥੇ ਅਗੇ ਜੋਤੀ ਸਰੂਪ 'ਵਾਹਿਗੁਰੂ, ਗੁਰੂ ਵਾਹਿਗੁਰੂ, ਪਰਤੱਖ ਸਨਮੁਖ ਦਿਦਾਰੇ ਦਿੰਦਾ ਦਿਸ ਪੈਂਦਾ ਹੈ। ਨਦਰੀ ਹੀ ਇਹ ਦਾਤ, ਦਰਗਾਹੀ ਮਾਨ ਵਾਲੀ ਪਾਈਦੀ ਹੈ।

ਚੜਿ ਬੋਹਿਥੈ ਚਾਲਸਉ ਸਾਗਰੁ ਲਹਿਰੀ ਦੇਇ ॥
ਠਾਕ ਨ ਸਚੈ ਬੋਹਿਥੈ ਜੇ ਗੁਰੁ ਧੀਰਕ ਦੇਇ ॥
ਤਿਤੁ ਦਰਿ ਜਾਇ ਉਤਾਰੀਆ ਗੁਰੁ ਦਿਸੈ ਸਾਵਧਾਨੁ ॥
ਨਾਨਕ ਨਦਰੀ ਪਾਈਐ ਦਰਗਹ ਚਲੈ ਮਾਨੁ ॥੩॥(੨)

[ਮਾਰੂ ਵਾਰ ਮ: ੩, ਮ: ੪, ਪੰਨਾ ੧੦੮੭

ਗੁਰਮਤਿ ਜੁਗਤਿ ਵਿਹੂਣੇ, ਗੁਰ-ਦੀਖਿਆ ਹੀਣੇ ਜੋ ਨਿਗੁਰੇ ਮਨਮੁਖ,

ਜੋਗੀ ਬਣ ਕੇ ਜਗ ਵਿਚ ਭਉਂਦੇ ਫਿਰਦੇ ਹਨ ਤੇ ਘਰ ਘਰ ਭੀਖਿਆ ਮੰਗਦੇ ਫਿਰਦੇ ਹਨ, ਓਹਨਾਂ ਤੋਂ ਜਦੋਂ ਅਗਲੀ ਦਰਗਾਹੇ ਲੇਖਾ ਮੰਗਿਆ ਜਾਸੀ, ਤਾਂ ਕਿਸ ਕਿਸ ਦਾ ਰਿਣ ਉਤਾਰਨਗੇ ? ਜੈਸਾ ਕਿ ਅਗਲਾ ਗੁਰਵਾਕ ਬੁਝਾਉਂਦਾ ਹੈ—

ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ ॥
ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ ॥੧॥(੯)
[ਮਾਰੂ ਵਾਰ ਸਲੋਕੁ ਮ: ੩, ਪੰਨਾ ੧੦੮੯

ਜਿਹੜੇ ਗੁਰਮੁਖ ਜਨ ਗੁਰਮਤਿ ਜੁਗਤ ਵੀਚਾਰ ਦੁਆਰਾ ਮਨ ਮਾਰ ਕੇ ਵਾਹਿਗੁਰੂ ਦਾ ਜਾਪ ਜਪਦੇ ਹਨ, ਸੇਈ ਹਰਿ ਦਰਗਹਿ ਸਿਝਦੇ ਹਨ—

ਮਨਿ ਵੀਚਾਰਿ ਹਰਿ ਜਪੁ ਕਰੇ ਹਰਿ ਦਰਗਹ ਸੀਝੈ ॥੧੧॥
—੧੦੯੦

ਹੁਕਮ ਰਜਾਈ ਸਾਖਤੀਆਂ, ਗੁਰਮੁਖ ਦਿਲ-ਰਾਸੀਆਂ ਦਾ ਕਿਆ ਸੋਹਣਾ ਦ੍ਰਿਸ਼ਯ ਅਗਲੇ ਵਾਕ ਅੰਦਰ ਦਰਸਾਇਆ ਹੈ—

ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ ॥
ਸਾਹਿਬੁ ਲੇਖਾ ਮੰਗਸੀ ਦੁਨੀਆ ਦੇਖਿ ਨ ਭੂਲੁ ॥
ਦਿਲ ਦਰਵਾਨੀ ਜੋ ਕਰੇ ਦਰਵੇਸੀ ਦਿਲੁ ਰਾਸਿ ॥
ਇਸਕ ਮੁਹਬਤਿ ਨਾਨਕਾ ਲੇਖਾ ਕਰਤੇ ਪਾਸਿ ॥੧॥(੧੨)
[ਸਲੋਕ ਮ: ੧, ਪੰਨਾ ੧੦੯੦

ਅਰਥਾਤ, ਅਗਲੀ ਦਰਗਾਹ ਅੰਦਰ ਹੁਕਮ ਰਜ਼ਾਈ ਸਾਖਤੀ ਵਾਲਾ ਸਚੁ (ਗੁਰਮਤਿ ਨਾਮ) ਹੀ ਕਬੂਲ ਪੈਂਦਾ ਹੈ । ਇਸ ਗੁਰਮਤਿ ਨਾਮ ਤੋਂ ਵਿਹੂਣਿਆਂ ਦਾ ਸਚੇ ਸਾਹਿਬ ਦੀ ਦਰਗਾਹ ਵਿਚ ਜ਼ਰੂਰ ਲੇਖਾ ਮੰਗਿਆ ਜਾਵੇਗਾ । ਮਤ ਕੋਈ ਏਸੇ ਦੁਨੀਆ ਨੂੰ ਦੇਖ ਕੇ ਭੁਲੇ ਤੇ ਗੁਮਾਨ ਕਰੇ ਕਿ 'ਇਹ ਜਗ ਮਿੱਠਾ ਤੇ ਅਗਲਾ ਕਿਨ੍ਹ ਡਿੱਠਾ'; ਏਸ ਭਰਮ ਭੁਲਾਵੇ, ਦੁਨੀਆ ਦੀਆਂ ਮੌਜਾਂ ਮਾਨਣ ਵਿਚ ਹੀ ਮਦਹੋਸ਼ ਹੋਇਆ ਫਿਰੇ ਤੇ ਮਨ ਦੀਆਂ ਖੁਲ੍ਹੀਆਂ ਵਾਗਾਂ ਛਡ ਦੇਵੇ । ਅਜਿਹੇ ਵਿਸ਼ੇ ਵਿਕਾਰੀਆਂ ਦਾ ਦਰਗਾਹ ਵਿਚ ਲੇਖਾ ਜ਼ਰੂਰ ਹੋਵੇਗਾ । ਜਿਨ੍ਹਾਂ ਮਨ ਦੀਆਂ ਵਾਗਾਂ ਨਹੀਂ ਰੋਕੀਆਂ ਤੇ ਆਪਣੇ ਮਨ ਤੇ ਪਹਿਰਾ ਨਹੀਂ ਦਿਤਾ, ਤਿਨ੍ਹਾਂ ਨੂੰ ਦਰਗਾਹ ਵਿਚ ਸਜ਼ਾ ਜ਼ਰੂਰ ਮਿਲੇਗੀ । ਜਿਨ੍ਹਾਂ ਮਨ ਜਿਣਨਹਾਰੇ ਗੁਰ-ਮੁਖਾਂ ਨੇ ਦਿਲ ਦੀ ਦਰਬਾਨੀ ਕੀਤੀ ਹੈ, ਆਪਣੇ ਦਹਿਦਿਸ ਧਾਵਣਹਾਰੇ ਮਨ ਉਤੇ ਪੱਕਾ ਪਹਿਰਾ ਦਿਤਾ ਹੈ ਅਤੇ ਦੁਨੀਆ ਤੋਂ ਨਿਵਿਰਤੀ ਵਾਲਾ, ਸਚ ਵੈਰਾਗ,

ਗ੍ਰਿਹਸਤ ਉਦਾਸ, ਦਰਵੇਸ਼ੀ ਦਿਲ ਰਾਸ ਚਾਲਾ ਧਾਰਿਆ ਹੈ, ਤਿਨ੍ਹਾਂ ਨੇ ਸਚਾ ਰੱਬੀ ਇਸ਼ਕ ਮੁਹੱਬਤੀ ਜੀਵਨ ਜੀਵਿਆ ਹੈ, ਤਿਨ੍ਹਾਂ ਦਾ ਹੀ ਸਿੱਧਾ ਕਰਤੇ ਪੁਰਖ ਪ੍ਰੀਤਮ ਦੇ ਦਰ ਤੇ ਸਿੱਝਣਾ ਹੋਇਆ ਹੈ। ਕਰਤੇ ਦੇ ਦਰ-ਲੇਖੀਆਂ (ਦਰ ਤੇ ਪਰਵਾਨ ਪਇਆਂ) ਦਾ ਲੇਖਾ ਕਿਸ ਨੇ ਲੈਣਾ ਹੈ, ਕੋਈ ਨਹੀਂ ਲੈ ਸਕਦਾ। ਦਰਗਹਿ ਸਿੱਝਣ ਸੀਝਿਆਂ ਤੋਂ ਲੇਖਾ—

ਜਿਨ ਜਪਿਆ ਹਰਿ ਤੇ ਮੁਕਤ ਪ੍ਰਾਣੀ
ਤਿਨ ਕੇ ਊਜਲ ਮੁਖ ਹਰਿ ਦੁਆਰਿ ॥
ਓਇ ਹਲਤਿ ਪਲਤਿ ਜਨ ਭਏ ਸੁਹੇਲੇ
ਹਰਿ ਰਾਖਿ ਲੀਏ ਰਖਨਹਾਰਿ ॥...੨॥(੪॥੩)

[ਤੁਖਾਰੀ ਮ: ੪, ਪੰਨਾ ੧੧੧੫

ਮੁਕਤ ਪਦ ਅਭਿਆਸੀ ਜਨਾਂ ਨੂੰ ਹੀ ਮਿਲਦਾ ਹੈ। ਗੁਰਮਤਿ ਨਾਮ ਦੇ ਅਭਿਆਸੀ ਜਨਾਂ ਦੇ ਹਰਿ ਦਰਗਹਿ ਮੁਖ ਉਜਲੇ ਹੁੰਦੇ ਹਨ ਤੇ ਉਹ ਇਸ ਲੋਕ ਤੇ ਪਰਲੋਕ ਵਿਚ ਸਦਾ ਸੁਹੇਲੇ ਰਹਿੰਦੇ ਹਨ। ਰਖਣਹਾਰ ਗੁਰੂ ਕਰਤਾਰ ਉਨ੍ਹਾਂ ਦੀ ਹਰ ਬਾਬ ਰਖਿਆ ਕਰਦਾ ਹੈ; ਇਸ ਲੋਕ ਵਿਚ ਭੀ ਤੇ ਅਗਲੇ ਪਰਲੋਕ ਵਿਚ ਭੀ। ਸੋ ਹੋਇਆ ਨਾ ਅਗਲਾ ਲੋਕ ਜ਼ਰੂਰ।

ਨਾਮ ਨਿਧਾਨ ਦੀ ਮਿਲਖ ਜਿਨ੍ਹਾਂ ਦੇ ਭਾਗਾਂ ਵਿਚ ਲਿਖੀ ਹੁੰਦੀ ਹੈ, ਸੋਈ ਜਨ ਅਗਲੀ ਦਰਗਾਹ ਅੰਦਰ ਮਾਨ ਪਾਉਂਦੇ ਹਨ। ਸੁਖ ਸਹਿਜ ਸੇਤੀ ਅਨੰਦ ਮਗਨ ਹੋਇ ਗੁਣ ਗਾਉਣਹਾਰਿਆਂ ਨੂੰ ਅਗੇ (ਅਗਲੀ ਦਰਗਾਹੇ) ਚਲ ਕੇ ਖ਼ਾਸ ਥਾਉਂ ਮਿਲਦਾ ਹੈ। ਐਥੇ ਚਾਹੇ ਉਹ ਨਿਥਾਵੇਂ ਹੀ ਹੋਣ। ਗੁਰਵਾਕ :-

ਜਿਨ ਕਉ ਲਿਖਿਆ ਹਰਿ ਏਹੁ ਨਿਧਾਨੁ ॥
ਸੇ ਜਨ ਦਰਗਹ ਪਾਵਹਿ ਮਾਨੁ ॥
ਸੂਖ ਸਹਜ ਆਨੰਦ ਗੁਣ ਗਾਉ ॥
ਆਗੈ ਮਿਲੈ ਨਿਥਾਵੇ ਥਾਉ ॥੨॥(੪॥੧੬॥੨੯)

[ਭੈਰਉ ਮ: ੫, ਪੰਨਾ ੧੧੪੩

ਸਾਕਤ, ਮਨਮੁਖ, ਨਾਸਤਕ ਦਾ ਜਿਤਨਾ ਭੀ ਆਚਾਰ ਕਰਮ ਹੈ, ਸਭ ਝੂਠ ਹੈ। ਗੁਰ ਪੂਰੇ ਬਿਨਾਂ ਮੁਕਤੀ ਕਿਸੇ ਦੀ ਨਹੀਂ ਹੋ ਸਕਦੀ। ਸਚੀ ਦਰਗਾਹ ਸਾਕਤ ਲੋਕ ਜਾਣੇ ਹੀ ਨਹੀਂ ਪਾਉਂਦੇ, ਠਾਕੇ ਜਾਂਦੇ ਹਨ। ਗੁਰਵਾਕ—

ਹਰਿ ਕੇ ਨਾਮ ਬਿਨਾ ਸਭ ਝੂਠੁ ॥

ਬਿਨੁ ਗੁਰ ਪੂਰੇ ਮੁਕਤਿ ਨ ਪਾਈਐ
ਸਾਚੀ ਦਰਗਹਿ ਸਾਕਤ ਮੂਠੁ ॥੧॥ਰਹਾਉ॥...
ਅੰਤਰੁ ਮੈਲਾ ਬਾਹਰੁ ਨਿਤ ਧੋਵੈ ॥
ਸਾਚੀ ਦਰਗਹਿ ਅਪਨੀ ਪਤਿ ਖੋਵੈ ॥੨॥(੪॥੪੦॥੫੩)
[ਭੈਰਉ ਮ: ੫, ਪੰਨਾ ੧੧੫੧

ਪਿਛਲੀਆਂ ਦੋ ਪੰਗਤੀਆਂ ਦਸਦੀਆਂ ਹਨ ਕਿ ਮੈਲ-ਇਸ਼ਨਾਨੀ ਬਗਲੇ ਭਗਤਾਂ ਦੀਆਂ ਬਗਲ-ਸਮਾਧੀਆਂ ਕਿਸੇ ਲੇਖੇ ਨਹੀਂ। ਏਥੇ ਭੇਖ ਦਿਖਾਉਣ-ਹਾਰਿਆਂ ਦੇ ਜਦ ਅਗਲੀ ਦਰਗਾਹ ਵਿਚ ਪਾਜ ਖੁਲ੍ਹਣਗੇ ਤਾਂ ਤਿਨ੍ਹਾਂ ਦੀ ਪੋਲ-ਪਤਿ ਦੀ ਕਉਡੀ ਕੀਮਤ ਨਹੀਂ ਪੈਣੀ। ਜਿਨ੍ਹਾਂ ਨੂੰ ਸਤਿਗੁਰੂ ਨੇ ਨਾਮ ਨਿਧਾਨ ਦ੍ਰਿੜ੍ਹਾ ਦਿਤਾ ਹੈ ਨਿਜ ਘਰੋਂ ਦੀਖਿਆ ਦਾਨ ਦੇ ਕੇ, ਤਿਨ੍ਹਾਂ ਭਾਣੇ ਰਾਜ ਮਾਲ ਮਾਇਆ ਦਾ ਸਭ ਪਸਾਰਾ ਝੂਠਾ ਹੈ। ਇਸ ਝੂਠ-ਪਸਾਰੇ ਨੂੰ ਗ੍ਰਿਹਸਤ ਉਦਾਸੀਆਂ ਗੁਰਮੁਖ ਜਨਾਂ ਨੇ ਬਿਖ ਸਮਝ ਕੇ ਤਿਆਗ ਦਿਤਾ ਹੈ, ਉਸੇ ਧੰਧ ਬੰਧ ਮਾਇਆ ਨੂੰ ਲੋਭੀ ਨਰ ਲਪਟਾਇ ਰਹੇ ਹਨ। ਐਸੇ ਲਪਟ-ਲਪਟਾਰੀਆਂ ਨਾਮ-ਬੇ-ਮੁਖਾਰੀਆਂ ਨੂੰ ਦਰਗਾਹ ਅੰਦਰ ਸਜ਼ਾਵਾਂ ਮਿਲਦੀਆਂ ਹਨ, ਕਦੇ ਨਹੀਂ ਟਲਦੀਆਂ—

ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ॥
ਰਾਜੁ ਮਾਲੁ ਝੂਠੀ ਸਭ ਮਾਇਆ ॥
ਲੋਭੀ ਨਰ ਰਹੇ ਲਪਟਾਇ ॥
ਹਰਿ ਕੇ ਨਾਮ ਬਿਨੁ ਦਰਗਹ ਮਿਲੈ ਸਜਾਇ ॥੧੨॥(੧੩॥੧॥੨)
[ਭੈਰਉ ਮ: ੩, ਪੰਨਾ ੧੧੫੫

ਅਗੇ ਗਇਆਂ ਲੇਖਾ ਮੰਗਿਆ ਜਾਣਾ ਹੈ ਤੇ ਜ਼ਰੂਰੀ ਮੰਗਿਆ ਜਾਣਾ ਹੈ ਅਤੇ ਦਸ ਗੁਣੀ ਸਜ਼ਾ ਮਿਲੇਗੀ :—

ਅਗੈ ਲੇਖੈ ਮੰਗਿਐ ਹੋਰ ਦਸੂਣੀ ਪਾਇ ॥੨॥(੮)
[ਵਾਰ ਸਾਰੰਗ ਮ: ੧, ਪੰਨਾ ੧੨੪੦

ਪਰ ਨਾਮ ਦਾ ਲੇਖਾ ਪੜ੍ਹਿਆਂ, ਅਰਥਾਤ ਗੁਰਮਤਿ ਨਾਮ ਸਾਸ ਗਿਰਾਸ ਜਪਿਆਂ ਪੂਰਬ ਕਮਾਤੇ ਸਾਰੇ ਮੰਦੇ ਲੇਖ ਮਿਟ ਜਾਂਦੇ ਹਨ ਤੇ ਅਗੇ ਨੂੰ ਕੋਈ ਮੰਦਾ ਕਰਮ ਨਹੀਂ ਹੁੰਦਾ ਤੇ ਨਾ ਹੀ ਨਵੇਂ ਸਿਰੇ ਮੰਦੇ ਲੇਖ ਲਿਖੇ ਜਾਂਦੇ ਹਨ। ਤਿਨ੍ਹਾਂ ਨੂੰ ਅਗੇ ਚਲ ਕੇ ਕੋਈ ਪੁਛ ਗਿਛ ਨਹੀਂ ਹੁੰਦੀ। ਹਰਿ ਦਰਗਾਹ ਅੰਦਰ ਉਨ੍ਹਾਂ ਨੂੰ ਸਗੋਂ ਢੋਈ ਮਿਲਦੀ ਹੈ। ਯਥਾ ਗੁਰਵਾਕ—

ਲੇਖਾ ਪੜੀਐ ਹਰਿਨਾਮੁ ਫਿਰਿ ਲੇਖੁ ਨ ਹੋਈ ॥
ਪੁਛਿ ਨ ਸਕੈ ਕੋਇ ਹਰਿ ਦਰਿ ਸਦ ਢੋਈ ॥
ਜਮਕਾਲੁ ਮਿਲੈ ਦੇ ਭੇਟ ਸੇਵਕੁ ਨਿਤ ਹੋਈ ॥
ਪੂਰੇ ਗੁਰ ਤੇ ਮਹਲੁ ਪਾਇਆ ਪਤਿ ਪਰਗਟੁ ਲੋਈ ॥
ਨਾਨਕ ਅਨਹਦ ਧੁਨੀ ਦਰਿ ਵਜਦੇ ਮਿਲਿਆ ਹਰਿ ਸੋਈ ॥੨੮॥
[ਸਾਰੰਗ ਕੀ ਵਾਰ, ਪੰਨਾ ੧੨੪੯

ਇਹ ਗੁਰਵਾਕ ਏਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਜਿਨ੍ਹਾਂ ਨੂੰ ਹਰਿ ਦਰਗਹ ਢੋਈ ਮਿਲਦੀ ਹੈ, ਤਿਨ੍ਹਾਂ ਨੂੰ ਅਗੋਂ ਜਮਕਾਲ ਭੀ ਭੇਟਾ ਲੈ ਕੇ ਮਿਲਦਾ ਹੈ ਤੇ ਉਲਟਾ ਉਨ੍ਹਾਂ ਦਾ ਸੇਵਕ ਹੋ ਜਾਂਦਾ ਹੈ। ਪੂਰੇ ਸਤਿਗੁਰੂ ਦੀ ਬਸੀਠੀ ਦੇ ਸਦਕੇ ਤਿਨ੍ਹਾਂ ਦਾ ਸਚ-ਮਹਲੀਂ ਵਾਸਾ ਹੋ ਜਾਂਦਾ ਹੈ। ਸਾਰੇ ਖੰਡਾਂ ਬ੍ਰਹਿਮੰਡਾਂ ਵਿਚ ਤਿਨ੍ਹਾਂ ਦੀ ਸੋਭਾ ਉਘੀ ਹੋ ਜਾਂਦੀ ਹੈ। ਤਿਸ ਸਚੇ ਦਰ ਮਹਲ, ਜਿਥੇ ਕਿ ਵਾਹਿਗੁਰੂ ਦਾ ਮਿਲਾਪ ਹੁੰਦਾ ਹੈ, ਅਨਹਦ ਧੁਨੀਆਂ ਦੀ ਝੁਨਕਾਰ ਉਠਦੀ ਹੈ ਤੇ ਸਦਾ ਅਨਹਦ ਵਾਜੇ ਵਜ ਰਹੇ ਹਨ।

ਉਸ ਸਚੀ ਦਰਗਾਹੇ ਮਨਮੁਖਾਂ ਸਾਕਤਾਂ ਦਾ ਲੇਖਾ ਹੁੰਦਾ ਹੈ। ਓਥੇ ਉਹ ਕੂੜਿਆਰ ਸਾਬਤ ਹੁੰਦੇ ਹਨ, ਜਿਹੜੇ ਐਥੇ ਆਪੇ ਸਚਿਆਰ ਬਣ ਬਣ ਬੈਠਦੇ ਹਨ। ਕਾਮ, ਕ੍ਰੋਧ, ਹੰਕਾਰ ਦੇ ਲਦੇ ਹੋਏ ਮਨਮੁਖ ਬੋਲ ਕੁਬੋਲੋਂ ਟਲਦੇ ਨਹੀਂ, ਮੰਦਾ ਹੀ ਚਿਤਵਦੇ ਹਨ। ਓਨ੍ਹਾਂ ਨੂੰ ਚੰਗਾ ਬੋਲ ਬੋਲਣਾ ਹੀ ਨਹੀਂ ਆਉਂਦਾ, ਚੰਗੀ ਚਿਤਵਣੀ ਉਹ ਚਿਤਵਣ ਹੀ ਨਹੀਂ ਜਾਣਦੇ। ਥਾਉਂ ਕੁਥਾਉਂ ਨਹੀਂ ਦੇਖਦੇ, ਤਿਨ੍ਹਾਂ ਦਾ ਅਗਲੀ ਦਰਗਾਹੇ ਉਪਰ ਦਸਿਆ ਹਾਲ ਹੋਣਾ ਹੈ—

ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥
ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ ॥
ਦਰਗਹ ਲੇਖਾ ਮੰਗੀਐ ਓਥੈ ਹੋਹਿ ਕੂੜਿਆਰ ॥...੧॥(੩੦)
[ਸਲੋਕ ਮ: ੩, ਪੰਨਾ ੧੨੪੮

ਮਨਮੁਖਾਂ ਨੇ ਇਸ ਲੋਕ ਵਿਚ ਸੇਈ ਅਗਿਆਨ ਅੰਧਾਰੇ ਤੇ ਅਵਿਦਿਆ ਵਾਲੇ ਕੰਮ ਕੀਤੇ ਹਨ, ਸੇਈ ਅਵਿੱਦਤ ਸਾਧਨ ਸਾਧੇ ਹਨ, ਜਿਨ੍ਹਾਂ ਦਾ ਪਰਲੋਕ ਵਿਚ ਭੀ ਅਪਜਸ ਹੁੰਦਾ ਹੈ, ਅਰਥਾਤ ਜਿਨ੍ਹਾਂ ਕਰਮਾਂ ਦੇ ਕਰਨ ਤੋਂ ਪਰਲੋਕ ਵਿਚ ਭੀ ਬਦਨਾਮੀ ਹੁੰਦੀ ਹੈ। ਯਥਾ ਗੁਰਵਾਕ :—

ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ॥੨॥
[ਸਾਰੰਗ ਪਰਮਾਨੰਦ ਜੀ, ਪੰਨਾ ੧੨੫੩

 www.sikhbookclub.com

ਤਾਂ ਤੇ ਪਰਲੋਕ ਦੀ ਹੋਂਦ ਨੂੰ ਜ਼ਰੂਰ ਮੰਨਣਾ ਪਊ । ਮੁਨਕਰ ਹੋਣ ਦੀ ਕੋਈ ਜਾਇ ਹੀ ਨਹੀਂ । ਮਾਇਆ ਨਾਲ ਮਨੂਰ ਹੋਏ ਮਨ ਇਹੋ ਅਗਿਆਨ ਵਿਸ਼ਵਾਸ ਲਈ ਬੈਠੇ ਹਨ, ਜੋ ਕੁਝ ਹੈ ਏਸ ਦੁਨੀਆ ਵਿਚ ਹੀ ਹੈ, ਏਥੇ ਹੀ ਮਾਇਆ ਦੇ ਰੰਗ ਮਾਣ ਲਓ । ਖਾਤ, ਪੀਤ, ਹਸਤ, ਬਿਹਾਇ ਲਵੋ, ( eat, drink and be merry ) ਅੱਗਾ ਕੀਹਨੇ ਦੇਖਿਆ ਹੈ ?" ਜੇ ਅੱਗੇ ਦਾ ਉਹਨਾਂ ਨੂੰ ਫ਼ਿਕਰ ਹੋਵੇ ਤਾਂ ਏਸ ਭੈ-ਸਾਗਰ ਤੋਂ ਤਰਨ ਦਾ ਕੋਈ ਤੁਲਹਾ ਬੰਨ੍ਹਣ । ਪਰ ਇਹ ਅਗਲੇਰਾ ਗੁਰਵਾਕ ਉਨ੍ਹਾਂ ਨੂੰ ਕੈਸੀ ਸੂਝ ਸੁਝਾਵਣੀ ਕਰਾਉਂਦਾ ਹੋਇਆ ਖ਼ਬਰਦਾਰ ਕਰਦਾ ਹੈ—

ਆਗੇ ਕਉ ਕਿਛੁ ਤੁਲਹਾ ਬਾਂਧਹੁ ਕਿਆ ਭਰਵਾਸਾ ਧਨ ਕਾ ॥
[ਸਾਰੰਗ ਕਬੀਰ ਜੀ, ਪੰਨਾ ੧੨੫੩

ਗੁਰ-ਸ਼ਬਦ ਰਤੇ ਬੈਰਾਗੀ ਜਨ ਇਸ ਮਾਇਆ ਤੋਂ ਸਦਾ ਹੀ ਉਪਰਾਮ ਰਹਿੰਦੇ ਹਨ । ਏਸ ਨੂੰ ਅਸਥਿਰ ਸਮਝ ਕੇ ਇਸ ਵਿਚ ਲਿਪਾਇਮਾਨ ਨਹੀਂ ਹੁੰਦੇ, ਸਦਾ ਅਲੇਪ ਤੇ ਤਿਆਗੀ ਬਣੇ ਰਹਿੰਦੇ ਹਨ । ਇਸ ਤੋਂ ਉਚਾਟ ਹੋ, ਉਹ ਅਨਦਿਨ ਸਦਾ ਸਦਾ ਸਾਸ ਸਾਸ ਨਾਮ ਹੀ ਧਿਆਉਂਦੇ ਰਹਿੰਦੇ ਹਨ ਤੇ ਅਗੇ ਚਲ ਕੇ ਸਚੀ ਦਰਗਾਹ ਵਿਚ ਸਚਾ ਮਾਣ ਪਾਉਂਦੇ ਹਨ । ਜਿਹਾ ਕਿ :—

ਜਿਨ ਕਉ ਲਿਲਾਟਿ ਲਿਖਿਆ ਧੁਰਿ ਨਾਮ ॥
ਅਨਦਿਨੁ ਨਾਮੁ ਸਦਾ ਸਦਾ ਧਿਆਵਹਿ
ਸਾਚੀ ਦਰਗਹ ਪਾਵਹਿ ਮਾਨੁ ॥੧॥ਰਹਾਉ॥...
ਗੁਰ ਸਬਦਿ ਰਤੇ ਸਦਾ ਬੈਰਾਗੀ
ਹਰਿ ਦਰਗਹ ਸਾਚੀ ਪਾਵਹਿ ਮਾਨੁ ॥੨॥
[ਮਲਾਰ ਮ: ੩, ਪੰਨਾ ੧੨੫੯-੬੦

ਹੇਠ ਲਿਖੇ ਗੁਰਵਾਕ ਵਿਚ ਅੱਗੇ ਦੇ ਨਿਬੇੜੇ ਦਾ ਕਿਆ ਸੋਹਣਾ ਨਿਰਣਾ ਹੋਇਆ ਹੈ—

ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ ॥
ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ ॥
ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥
ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥
ਏਨਾ ਜੰਤਾ ਨੋ ਹੋਰ ਸੇਵਾ ਨਹੀ ਸਤਿਗੁਰੁ ਸਿਰਿ ਕਰਤਾਰ ॥੬॥
[ਵਾਰ ਮਲਾਰ ਮ: ੧, ਪੰਨਾ ੧੨੮੧

 www.sikhbookclub.com

ਇਸ ਗੁਰਵਾਕ ਨੇ ਸਾਫ਼ ਨਿਰਣਾ ਕਰ ਦਿਤਾ ਹੈ ਕਿ ਅਗੇ ਚਲ ਕੇ ਮਨਮੁਖਾਂ ਸਾਕਤਾਂ ਪਾਸੋਂ ਤਾਂ ਲੇਖਾ ਮੰਗਿਆ ਜਾਣਾ ਹੈ, ਓਹਨਾਂ ਦੀ ਤਿਥੇ ਬਹੁਤੀ ਬਾਕੀ ਨਿਕਲਣੀ ਹੈ ਤੇ ਬਹੁਤੀ ਸਜਾਇ ਓਹਨਾਂ ਨੂੰ ਓਥੇ ਮਿਲਣੀ ਹੈ ਤੇ ਬਹੁਤੀ ਮਾਰ ਜਮਾਂ ਦੀ ਓਹਨਾਂ ਨੂੰ ਓਥੇ ਪੈਣੀ ਹੈ; ਪਰ ਗੁਰਮੁਖਾਂ ਦਾ ਓਥੇ ਪਤਿ ਨਾਲ ਲੇਖਾ ਨਿਬੜਨਾ ਹੈ, ਕਿਉਂਕਿ ਸਿਫ਼ਤ-ਭੰਡਾਰੀਆਂ ਗੁਰਮੁਖਾਂ ਨੂੰ ਸਿਫ਼ਤ-ਭੰਡਾਰ ਦੀ ਬਖ਼ਸ਼ਿਸ਼ ਨੇ ਹੀ ਅਗੇ ਜਾ ਕੇ ਬਖ਼ਸ਼ਾਉਣਾ ਹੈ। ਅਗਲੀ ਦਰਗਾਹ ਵਿਚ ਕੋਈ ਕਿਸੇ ਦਾ ਵਾਹਰੂ ਨਹੀਂ, ਕਿਸੇ ਦੀ ਕੂਕ ਪੁਕਾਰ ਓਥੇ ਨਹੀਂ ਸੁਣੀ ਜਾਣੀ। ਓਥੇ ਕੇਵਲ ਸਤਿਗੁਰੂ ਹੀ ਸਚਾ ਬੇਲੀ ਹੋ ਸਕਦਾ ਹੈ ਤੇ ਅੰਤੀ ਵਾਰ ਉਹੋ ਹੀ ਸਹਾਈ ਹੁੰਦਾ ਹੈ। ਘੋਰ ਨਰਕ-ਸਜ਼ਾਵਾਂ ਤੋਂ ਬਚਾਉਣ ਨੂੰ ਸਤਿਗੁਰੂ ਸਮਰਥ ਹੈ, ਇਸ ਲਈ ਇਨ੍ਹਾਂ ਕਲਿਜੁਗੀ ਜੀਵਾਂ ਦੀ ਇਸ ਜਗ ਵਿਖੇ ਹੋਰ ਕੋਈ ਸੇਵਾ ਘਾਲ ਥਾਂਇ ਨਹੀਂ ਪੈਂਦੀ। ਸੇਵਾ ਘਾਲ ਤਿਨ੍ਹਾਂ ਦੀ ਪਰਵਾਨ ਪੈਂਦੀ ਹੈ, ਜਿਨ੍ਹਾਂ ਦੇ ਸਿਰ ਤੇ ਸਤਿਗੁਰੂ ਕਰਤਾਰ ਰਾਖਾ ਹੈ, ਸਦਾ ਰਖਵਾਲਾ ਹੋਇਆ ਹੈ। ਅਗਲੀ ਦਰਗਾਹੇ ਸਤਿਗੁਰੂ ਰਖਵਾਲਾ ਕੇਵਲ ਤਿਨ੍ਹਾਂ ਦਾ ਹੀ ਹੋਇਆ ਹੈ, ਜਿਨ੍ਹਾਂ ਨੇ ਏਥੇ ਗੁਰੂ ਧਾਰਨ ਕੀਤਾ ਹੈ, ਸਚੇ ਗੁਰੂ ਦੀ ਦੀਖਿਆ ਪ੍ਰਾਪਤ ਕੀਤੀ ਹੈ।

ਕੱਚੇ ਗੁਰੂਆਂ ਦੇ ਧਾਰਨਹਾਰਿਆਂ ਦੀ ਏਥੇ ਭੀ ਗਤਿ ਨਹੀਂ, ਨ ਅਗੇ ਉਨ੍ਹਾਂ ਦੀ ਪੁਕਾਰ ਸੁਣੀ ਜਾਂਦੀ ਹੈ। ਕੱਚੇ ਗੁਰੂਆਂ ਤੇ ਉਨ੍ਹਾਂ ਦੇ ਕੱਚੇ ਚੇਲਿਆਂ ਨੂੰ ਦਰਗਾਹ ਵਿਚ ਜ਼ਰੂਰ ਸਜ਼ਾ ਭੁਗਤਣੀ ਪਵੇਗੀ। ਆਪੇ ਬਣਿ ਬਣਿ ਬਹਿਣ ਵਾਲੇ ਦੇਹ-ਧਾਰੀ ਗੁਰੂਆਂ ਨੂੰ ਤੇ ਤਿਨ੍ਹਾਂ ਦੇ ਚੇਲਿਆਂ ਨੂੰ ਮੂੰਹੋਂ ਮੂੰਹ ਮਾਰ ਪਏਗੀ। ਇਸ ਵਿਚ ਰੰਚਕ ਭੀ ਸੰਦੇਹ ਨ ਜਾਣੋ।

ਜਿਨ੍ਹਾਂ ਵਡਭਾਗਿਆਂ ਗੁਰੂ ਘਰ ਵਿਖੇ ਜਨਮ ਲੈ ਕੇ, ਖੰਡੇ ਦਾ ਅੰਮ੍ਰਿਤ ਛਕ, ਜਨਮ-ਸੁਜਨਮਾ ਹੋਇ ਕੇ, ਗੁਰੂ ਨਾਨਕ-ਦਸਮੇਸ਼ ਜੀ ਦੇ ਅਜ਼ਲੀ, ਅਬਦੀ ਹੁਕਮ ਅਨੁਸਾਰ ਸਾਜੇ ਨਿਵਾਜੇ ਗੁਰੂ ਸਵਾਰੇ ਪੰਜਾਂ ਪਿਆਰਿਆਂ ਰਾਹੀਂ ਦੀਖਿਆ ਲੈ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਕੀਤਾ ਹੈ, ਉਹਨਾਂ ਨੇ ਹੀ ਦਸਾਂ ਗੁਰੂ ਪਾਤਸ਼ਾਹੀਆਂ ਦੀ ਗੁਰਿਆਈ ਤੋਂ ਸਿਖੀ ਧਾਰਨ ਕੀਤੀ ਹੈ, ਸੋਈ ਸਚੀ ਦਰਗਾਹ ਅੰਦਰ ਗਏ ਮੰਨੇ ਜਾਣਗੇ, ਪ੍ਰਮਾਣੇ ਜਾਣਗੇ ਤੇ ਨਿਸਤਾਰੇ ਜਾਣਗੇ। ਹੋਰ ਅਖਾਉਤੀ ਪਾਜਲ ਦੇਹਧਾਰੀਆਂ ਨੂੰ ਗੁਰੂ ਮੰਨਣ ਵਾਲੇ ਨਿਗੁਰੇ ਹੀ ਰਹਿਣਗੇ ਤੇ ਨਿਗੁਰੇ ਹੀ ਸਮਝੇ ਜਾਣਗੇ। ਅਗਲੀ ਦਰਗਾਹ ਵਿਚ ਤਿਨ੍ਹਾਂ ਨੂੰ ਢੋਈ ਨਹੀਂ ਮਿਲਣੀ। ਅਜਿਹੇ ਪਾਜਲ ਗੁਰੂਆਂ ਦਾ ਗੁਰੂਪੁਣਾ ਅਗਲੀ ਦਰਗਾਹ

 www.sikhbookclub.com

ਵਿਚ ਕੱਖੋਂ ਹੌਲਾ ਸਾਬਤ ਹੋਵੇਗਾ। ਜਿਨ੍ਹਾਂ ਨੂੰ ਅਗੇ ਦਾ ਭੈ ਹੈ, ਉਹ ਏਨ੍ਹਾਂ ਡਿੰਭ-ਮਨੌਤੀਆਂ ਵਿਚ ਪੈਂਦੇ ਹੀ ਨਹੀਂ, ਉਹ ਸਿਧੇ ਗੁਰੂ ਨਾਨਕ ਸਾਹਿਬ ਦੇ ਘਰ ਦਾ ਆਸਰਾ ਲੈਂਦੇ ਹਨ। ਜੋ ਗੁਰੂ ਨਾਨਕ ਸਾਹਿਬ-ਸ੍ਰੇਣੀ ਦੇ ਧੁਰੋਂ ਆਏ ਗੁਰੂ ਸਾਹਿਬਾਨ ਦੇ ਸ਼ਰੀਕ ਬਣਦੇ ਹਨ ਤੇ ਆਪਣੇ ਆਪ ਨੂੰ ਗੁਰੂ ਸਦਾਉਂਦੇ ਹਨ, ਉਨ੍ਹਾਂ ਨੂੰ ਸਣੇ ਚੇਲਿਆਂ ਦੇ ਅਗੇ ਧੱਕੇ ਹੀ ਪੈਣੇ ਹਨ। ਹੇਠਲਾ ਗੁਰਵਾਕ ਏਸ ਪਰਕਰਣ ਦਾ ਹੋਰ ਭੀ ਸੱਚ ਨਿਬੇੜਾ ਕਰਦਾ ਹੈ--

ਪੜ੍ਹਿਆ ਲੇਖੇਦਾਰੁ ਲੇਖਾ ਮੰਗੀਐ ॥
ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ ॥
ਅਉਘਟ ਰੁਧੇ ਰਾਹ ਗਲੀਆਂ ਰੋਕੀਆਂ ॥
ਸਚਾ ਵੇਪਰਵਾਹੁ ਸਬਦਿ ਸੰਤੋਖੀਆਂ ॥
ਗਹਿਰ ਗੰਭੀਰ ਅਥਾਹੁ ਹਾਥ ਨ ਲਭਈ ॥
ਮੁਹੇ ਮੁਹਿ ਚੋਟਾ ਖਾਹੁ ਵਿਣੁ ਗੁਰ ਕੋਇ ਨ ਛੁਟਸੀ ॥
ਪਤਿ ਸੇਤੀ ਘਰਿ ਜਾਹੁ ਨਾਮੁ ਵਖਾਣੀਐ ॥
ਹੁਕਮੀ ਸਾਹ ਗਿਰਾਹ ਦੇਂਦਾ ਜਾਣੀਐ ॥੨੩॥

[ਵਾਰ ਮਲਾਰ, ਪੰਨਾ ੧੨੮੮

ਭਾਵ—ਜੋ ਜੋ ਆਪਣੀ ਸਿਆਣਪ, ਚਤੁਰਾਈ ਦੁਆਰਾ ਚਤਰ ਵਿਦਿਆ ਦੀਆਂ ਪੜ੍ਹਾਈਆਂ ਪੜ੍ਹ ਪੜ੍ਹ ਕੇ ਆਪੇ ਹੀ ਗੁਰੂ ਬਣਿ ਬਣਿ ਬਹਿੰਦਾ ਹੈ, ਉਹ ਹਰ ਇਕ ਪੜ੍ਹਿਆ ਲੇਖੇ ਅੰਦਰ ਹੈ ਤੇ ਲੇਖਾ ਦੇਣਹਾਰ ਹੈ। ਅਗਲੀ ਦਰਗਾਹ ਉਸ ਤੋਂ ਜ਼ਰੂਰ ਲੇਖਾ ਮੰਗਿਆ ਜਾਣਾ ਹੈ। ਸਚੇ ਨਾਮ ਦੀ ਸਚ ਪੜ੍ਹਾਈ ਬਿਨਾਂ ਹੋਰ ਸਭ ਪੜ੍ਹਾਈਆਂ ਕੂੜਾਵੀਆਂ ਹਨ, ਨਿਰੀਆਂ ਕੂੜ ਦੀਆਂ ਕਪਟ ਕਹਾਣੀਆਂ ਹਨ, ਪਰ ਇਹ ਸਚਾ ਨਾਮ ਸਚੇ ਸਤਿਗੁਰੂ, ਧੁਰੋਂ ਪਠਾਏ ਗੁਰੂ, ਗੁਰੂ ਨਾਨਕ ਘਰਾਣੇ ਗੁਰੂ ਦੁਆਰਾ ਹੀ ਪ੍ਰਾਪਤ ਹੁੰਦਾ ਹੈ, ਹੋਰ ਕਿਸੇ ਕੂੜ ਕੁਬਾਣੇ ਗੁਰੂ ਨੂੰ ਨਾਮ ਦੇਣ ਦੀ ਮਹੱਤਤਾ ਹੀ ਧੁਰ ਦਰਗਾਹੋਂ ਨਹੀਂ ਮਿਲੀ।

ਤਾਂਤੇ ਗੁਰੂ ਨਾਨਕ ਦੇ ਦਰੋਂ ਘਰੋਂ ਵਰੋਸਾਏ, ਸਚ ਨਾਮ ਨਦਰਾਏ, ਸਚ ਦੀਖਿਆ ਦੀਖਸ਼ਾਏ ਗੁਰਮੁਖ ਜਨਾਂ ਤੋਂ ਬਿਨਾਂ ਸਭ ਨਿਗੁਰੇ ਨਾਮ ਵਿਹੂਣੇ ਹਨ ਅਤੇ 'ਵਿਣੁ ਨਾਵੈ ਕੂੜਿਆਰ' ਹਨ। ਏਹਨਾਂ ਵਿਣ-ਨਾਮੇ ਕੂੜਿਆਰਾਂ ਨੂੰ ਅਗੇ ਜਾ ਕੇ ਬੜੀ ਅਉਖੀ ਤੰਗੀ ਪੇਸ਼ ਆਏਗੀ ਤੇ ਅਤਿ ਦਰਜੇ ਦੇ ਤੰਗ, ਭੀੜੇ ਰਾਹਾਂ ਵਿਚਦੀ ਲੰਘਣਾ ਪਏਗਾ। 'ਅਉਖਾ ਤੰਗੀਐ' ਵਾਲਾ ਸਹਿਮ ਸਹਿਣ ਵਾਲਿਆਂ ਦੇ ਰਾਹ ਅਗੇ ਅਉਖੇ ਰੁਕੇ ਹੋਏ ਹੋਣਗੇ, ਗਲੀਆਂ ਅਤਿ ਭੀੜੀਆਂ

ਹੋਣਗੀਆਂ, ਜੋ ਜਗ੍ਹਾ ਜਗ੍ਹਾ ਪੈਰ ਪੈਰ ਤੇ ਅਗੇ ਰੁਕੀਆਂ ਹੋਈਆਂ ਹੋਣਗੀਆਂ, ਉਹਨਾਂ ਨੂੰ ਅਉਘਟ ਰੁਧੀਆਂ ਭੀੜੀਆਂ ਗਲੀਆਂ ਦਾ ਲੰਘਣਾ ਹੀ ਅਉਖਾ ਹੋ ਜਾਊ। ਉਨ੍ਹਾਂ ਦੀ ਇਹ ਡੀਂਗ ਕਿ ਉਹ ਰੱਬ ਨੂੰ ਜਾ ਮਿਲਣਗੇ ਯਾ ਰੱਬ ਨੂੰ ਮਿਲੇ ਹੋਏ ਹੋਣਗੇ, ਨਿਰੀ ਕੂੜ ਕਲਪਣਾ ਹੀ ਸਾਬਤ ਹੋਵੇਗੀ। ਉਹ ਸਚਾ ਪਾਤਸ਼ਾਹ ਤਾਂ ਸ਼ਬਦ-ਸੰਤੋਖੀਆਂ ਨੂੰ ਹੀ ਮਿਲਦਾ ਹੈ। ਜੋ ਗੁਰ-ਸ਼ਬਦ ਕਮਾਈ ਨਾਲ ਰੱਜ ਕੇ ਸੰਤੁਸ਼ਟ ਹੋਏ ਵੇ ਗੁਰੂ ਘਰ ਦੇ ਗੁਰਮੁਖ ਜਨ ਹਨ, ਤਿਨ੍ਹਾਂ ਨੂੰ ਹੀ ਉਹ ਸਚਾ ਬੇਪ੍ਰਵਾਹ ਮਿਲਦਾ ਹੈ। ਉਸ ਬੇਪ੍ਰਵਾਹ ਨੂੰ ਕੀ ਪਰਵਾਹ ਹੈ? ਕੀ ਕਨੌਡ ਹੈ ਕਿ ਡਿੰਭੀ ਡੀਂਗਾਂ ਮਾਰਨ ਵਾਲਿਆਂ ਨੂੰ ਮਿਲੇ? ਗਲੀਂ ਡੀਂਗ ਮਾਰਿਆਂ ਓਹ ਸਚਾ ਬੇਪ੍ਰਵਾਹ ਅਗਮ ਅਥਾਹ ਵਾਹਿਗੁਰੂ ਕਿਸੇ ਨੂੰ ਮਿਲ ਸਕਦਾ ਹੈ? ਕਦਾਚਿਤ ਨਹੀਂ। ਉਸ ਅਗਮ ਅਥਾਹ ਵਾਹਿਗੁਰੂ ਦੀ ਗਲੀਂ ਗੋਖਿਆਂ ਕਦੇ ਥਾਹ ਨਹੀਂ ਆਉਂਦੀ। ਚੁੰਚ ਚਤਰ ਵਿਦਿਆਈਆਂ, ਚੰਚਲਤਾਈਆਂ, ਚਪਲ ਬੁਧ ਚੁੰਚ ਕਹਾਣੀਆਂ ਦੁਆਰਾ ਉਸ "ਗਹਿਰ ਗੰਭੀਰ ਅਥਾਹ" ਵਾਹਿਗੁਰੂ ਦੀ ਥਾਹ ਨਹੀਂ ਲਭਦੀ। ਕੂੜਿਆਰ ਨਿਗੁਰੇ ਮੀਣੇ ਓਥੇ ਮੂੰਹੋਂ ਮੂੰਹ ਚੋਟਾਂ ਖਾਂਦੇ ਹਨ ਅਤੇ ਅਉਘਟ ਰੁਧੀਆਂ ਭੀੜੀਆਂ ਗਲੀਆਂ ਵਿਚ ਹੀ ਫਸੇ ਰਹਿੰਦੇ ਹਨ। ਸਚੇ ਗੁਰੂ ਬਿਹੂਣਿਆਂ, ਨਿਗੁਰਿਆਂ ਦਾ ਕਦੇ ਭੀ ਓਥੇ ਛੁਟਕਾਰਾ ਨਹੀਂ। ਜਿਨ੍ਹਾਂ ਵਡਭਾਗੇ ਗੁਰਮੁਖਾਂ ਨੇ ਏਥੇ ਸਚੇ ਗੁਰੂ, ਗੁਰੂ ਨਾਨਕ ਦੇ ਦਰ ਘਰ ਤੋਂ ਸਚਾ ਨਾਮ ਗੁਰ-ਮੰਤਰ ਪ੍ਰਾਪਤ ਕਰ ਕੇ ਸਾਸ ਸਾਸ ਨਾਮ ਦਾ ਅਰਾਧਣਾ ਕੀਤਾ ਹੈ, ਤਿਨ੍ਹਾਂ ਨੂੰ ਅਗਲੀ ਦਰਗਾਹ ਗਇਆਂ ਠਾਕ ਨਹੀਂ ਪੈਂਦੀ। ਉਹਨਾਂ ਦੇ ਇਹ ਅਉਘਟ ਭੀੜੀਆਂ ਗਲੀਆਂ ਪੇਸ਼ ਨਹੀਂ ਆਉਂਦੀਆਂ। ਆਉਣੀਆਂ ਭੀ ਹੋਣ, ਤਾਂ ਉਹ ਸਹਿਜੇ ਹੀ ਇਹਨਾਂ ਨੂੰ ਉਲੰਘ ਜਾਂਦੇ ਹਨ ਅਤੇ ਪਤਿ ਸੇਤੀ ਸਚੇ ਦੇ ਸਚ-ਘਰ ਮਹਿਲੀਂ ਅਪੜ ਪੈਂਦੇ ਹਨ। ਹੁਕਮ ਰਜਾਈ, ਕਰਤਾਰ, ਦਾਤਾਰ, ਵਾਹਿਗੁਰੂ ਤਿਨ੍ਹਾਂ ਨੂੰ ਸਾਸ ਗਿਰਾਸ ਨਾਮ ਦਾ ਆਧਾਰ ਦੇਣਹਾਰਾ ਹੁੰਦਾ ਹੈ। ਏਸ ਕਰਕੇ ਕੋਈ ਤੰਗੀ ਉਹਨਾਂ ਨੂੰ ਰਸਤੇ ਵਿਚ ਪੇਸ਼ ਹੀ ਨਹੀਂ ਆਉਂਦੀ, ਸੌਖੇ ਤੇ ਸਿਧੇ ਹੀ ਤੋੜ ਜਾ ਅਪੜਦੇ ਹਨ। ਗੁਰਮਤਿ, ਕੇਵਲ ਗੁਰਮਤਿ ਦੁਆਰਾ, ਗੁਰਮਤਿ ਨਾਮ ਜਪਿਆਂ ਹੀ ਤੇ ਗੁਰਮਤੀ ਗੋਬਿੰਦ ਗੋਬਿੰਦ ਰਟਿਆਂ, ਅਗੇ ਧੁਰ ਦਰਗਾਹ ਜਾ ਕੇ ਪਰਵਾਨ ਪਈਦਾ ਤੇ ਮਾਣ ਪਾਈਦਾ ਹੈ, ਐਵੇਂ ਨਹੀਂ। ਯਥਾ—

ਗੋਵਿਦੁ ਗੋਵਿਦੁ ਗੁਰਮਤਿ ਧਿਆਈਐ
ਤਾਂ ਦਰਗਹ ਪਾਈਐ ਮਾਨੁ ॥੨॥(੧)

[ਕਾਨੜੇ ਕੀ ਵਾਰ, ਪੰਨਾ ੧੩੧੩

ਅਗਲੀ ਦਰਗਾਹ ਜਦ ਲੇਖਾ ਮੰਗੀਦਾ ਹੈ, ਉਥੇ ਹੋਰ ਕਿਸੇ ਦਾ ਛੁਟਕਾਰਾ

ਨਹੀਂ ਹੁੰਦਾ; ਕੇਵਲ ਉਨ੍ਹਾਂ ਦਾ ਹੁੰਦਾ ਹੈ, ਜੋ ਏਸ ਲੋਕ ਵਿਚ ਮਨੁਖਾ ਦੇਹ ਧਾਰ ਕੇ, ਗੁਰਮੁਖ ਬਣ ਕੇ ਗੁਰਮਤਿ ਨਾਮ ਹੀ ਸਾਰੀ ਉਮਰ ਧਿਆਉਂਦੇ ਰਹੇ ਹਨ। ਯਥਾ:—

ਜਹ ਦਰਗਹਿ ਪ੍ਰਭੁ ਲੇਖਾ ਮਾਗੈ
ਤਹ ਛੁਟੈ ਨਾਮੁ ਧਿਆਇਥਈ ॥੧॥(੪॥੪)

[ਕਲਿਆਣ ਮ: ੪, ਪੰਨਾ ੧੩੨੦

ਨਾਮ ਰਸ ਹੀਣੇ, ਨਾਮ ਦਾਤੋਂ ਸਖੀਣੇ ਮਨੁਖ, ਬਿਖਈ ਜੀਵ ਬਿਖਿਆ ਦੇ ਖਾਣੇ ਖਾਣ ਵਿਚ, ਬਿਖਵਤੀ ਬੋਲੀ ਬੋਲਣ ਵਿਚ ਤੇ ਬਿਖਈ ਕਾਰ ਕਮਾਵਣ ਵਿਚ ਹੀ ਸਾਰੀ ਉਮਰ ਖੱਚਤ ਰਹਿੰਦੇ ਹਨ। ਉਹ ਅਗਲੀ ਦਰਗਾਹੇ ਜਮ ਦਰਿ ਬੱਧੇ ਮਾਰੀਦੇ ਹਨ, ਉਨ੍ਹਾਂ ਦਾ ਓਥੇ ਛੁਟਕਾਰਾ ਕਦੇ ਨਹੀਂ। ਸਚੇ ਨਾਮ ਨਿਵਾਸੀਆਂ ਦਾ ਹੀ ਓਥੇ ਛੁਟਕਾਰਾ ਹੈ। ਨਾਮ ਵਿਹੂਣਾ ਆਦਮੀ ਜਿਵੇਂ ਆਉਂਦਾ ਹੈ, ਤਿਵੇਂ ਹੀ ਨਾਮੋਂ ਖ਼ਾਲੀ ਜਾਂਦਾ ਹੈ; ਅਗੇ ਜਾ ਕੇ ਆਪਣਾ ਕੀਤਾ ਪਾਂਦਾ ਹੈ। ਇਹੀ ਲਿਖਤਕਾਰ ਓਸ ਦੇ ਕਰਮਾਂ ਵਿਚ ਲਿਖੀ ਹੁੰਦੀ ਹੈ। ਮਨਮੁਖ ਆਪਣਾ ਮੂਲ ਗਵਾ ਕੇ ਐਵੇਂ ਖ਼ਾਲੀ ਹੱਥ ਚਲੇ ਜਾਂਦੇ ਹਨ, ਉਨ੍ਹਾਂ ਨੂੰ ਅਗਲੀ ਦਰਗਾਹੇ ਜ਼ਰੂਰ ਹੀ ਸਜ਼ਾਵਾਂ ਮਿਲਦੀਆਂ ਹਨ, ਯਥਾ—

ਬਿਖੁ ਖਾਣਾ ਬਿਖੁ ਬੋਲਣਾ ਬਿਖੁ ਕੀ ਕਾਰ ਕਮਾਇ ॥
ਜਮ ਦਰਿ ਬਾਧੇ ਮਾਰੀਅਹਿ ਛੂਟਸਿ ਸਾਚੈ ਨਾਇ ॥੨॥
ਜਿਵ ਆਇਆ ਤਿਵ ਜਾਇਸੀ ਕੀਆ ਲਿਖਿ ਲੈ ਜਾਇ ॥
ਮਨਮੁਖਿ ਮੂਲੁ ਗਵਾਇਆ ਦਰਗਹ ਮਿਲੈ ਸਜਾਇ ॥੩॥(੫॥੧੩)

[ਪ੍ਰਭਾਤੀ ਮ: ੧, ਪੰਨਾ ੧੩੩੧

ਫਰੀਦ ਸਾਹਿਬ ਭੀ ਅਗੇ ਦੀ ਸ਼ਾਹਦੀ ਇਸ ਬਿਧ ਭਰਦੇ ਹਨ—

ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ ॥
ਐਥੈ ਦੂਖ ਘਣੇਰਿਆ ਅਗੈ ਠਉਰ ਨ ਠਾਉ ॥੧੦੬॥

[ਸਲੋਕ ਫਰੀਦ, ਪੰਨਾ ੧੩੮੩

ਇਸ ਵਾਕ ਵਿਚ ਨਾਮ ਵਿਸਾਰਨ-ਹਾਰਿਆਂ ਦੇ ਮੁਖ ਡਰਾਵਣੇ ਦਸੇ ਗਏ ਹਨ। ਇਸ ਦੁਨੀਆ ਵਿਚ ਤਿਨ੍ਹਾਂ ਨੂੰ ਬਹੁਤ ਦੁਖ ਝਲਣੇ ਪੈਂਦੇ ਹਨ ਅਤੇ ਅਗੇ ਚਲ ਕੇ ਅਗਲੀ ਦੁਨੀਆ ਵਿਚ ਤਿਨ੍ਹਾਂ ਨੂੰ ਕਿਤੇ ਭੀ ਥਾਉਂ ਟਿਕਾਣਾ ਨਹੀਂ ਮਿਲਦਾ।

ਗੁਰਮੁਖ ਨਾਮ ਜਪਣ-ਹਾਰਿਆਂ ਦੇ ਮੁਖ ਉਜਲੇ ਰਹਿੰਦੇ ਹਨ, ਤਿਨ੍ਹਾਂ ਨੂੰ

ਹਰਿ ਦਰਗਹਿ ਵਿਚ ਸੋਭਾ ਵਡਿਆਈ ਮਿਲਦੀ ਹੈ । ਯਥਾ ਗੁਰਵਾਕ—

ਗੁਰਮੁਖਾ ਕੇ ਮੁਖ ਉਜਲੇ ਹਰਿ ਦਰਗਹ ਸੋਭਾ ਪਾਇ ॥...੨੨॥
[ਸਲੋਕ ਮ: ੩, ਪੰਨਾ ੧੪੧੫

ਮਨਮੁਖਾਂ ਤੋਂ ਦਰਗਾਹ ਅੰਦਰ ਜ਼ਰੂਰ ਲੇਖਾ ਮੰਗਿਆ ਜਾਵੇਗਾ, ਕਿਉਂਕਿ ਤਿਨ੍ਹਾਂ ਦੀ ਸਾਰੀ ਉਮਰ ਹੀ ਮੋਹ ਮਾਇਆ, ਪੁਤ੍ਰ ਕਲਤ੍ਰ ਕੁਟੰਬ ਵਿਚ ਹੀ ਖੱਚਤ ਹੋਇਆਂ ਗੁਜ਼ਰਦੀ ਹੈ । ਦੂਜੇ ਭਾਇ ਦੀ ਪੂਜਾ ਨੇ ਕੀ ਪਾਰ ਉਤਾਰਾ ਕਰਨਾ ਸੀ । ਜਿਨ੍ਹਾਂ ਦੀ ਖ਼ਾਤਰ ਮਨਮੁਖ ਸਾਰੀ ਉਮਰ ਖਪ ਖਪ ਕੇ ਮਰਦੇ ਹਨ, ਉਨ੍ਹਾਂ ਚੋਂ ਅੰਤੀ ਅਉਸਰ ਕੋਈ ਛੁਡਾਇ ਨਹੀਂ ਸਕੇਗਾ, ਦਰਗਹਿ ਅੰਦਰ ਸਜਾਈਂ ਮਿਲਣਗੀਆਂ—

ਮਨਮੁਖ ਸੇਵਾ ਜੋ ਕਰੇ ਦੂਜੈ ਭਾਇ ਚਿਤੁ ਲਾਇ ॥
ਪੁਤੁ ਕਲਤੁ ਕੁਟੰਬੁ ਹੈ ਮਾਇਆ ਮੋਹੁ ਵਧਾਇ ॥
ਦਰਗਹਿ ਲੇਖਾ ਮੰਗੀਐ ਕੋਈ ਅੰਤਿ ਨ ਸਕੀ ਛਡਾਇ ॥...੧੭॥
[ਸਲੋਕ ਮ: ੪, ਪੰਨਾ ੧੪੨੨

ਅਨਿੰਨ ਗੁਰਸਿਖਾਂ ਨੂੰ ਵਾਹਿਗੁਰੂ ਨਾਮ ਦਰਗਾਹ ਅੰਦਰਿ ਆਪੇ ਛੁਡਾਇ ਲੈਂਦਾ ਹੈ, ਜਮ ਕੰਕਰਾਂ ਨੂੰ ਮਾਰ ਬਿਦਾਰਦਾ ਹੈ, ਐਸੇ ਗੁਰਸਿਖਾਂ ਦੀ ਧੂੜ ਪਾਪੀਆਂ ਦੀ ਗਤ ਕਰਨਹਾਰੀ ਹੈ । ਐਸੇ ਵਡਭਾਗੇ ਮਸਤਕ ਸੁਭਾਗੇ ਗੁਰਸਿਖਾਂ ਨੂੰ ਗੁਰੂ ਨਾਨਕ ਸਾਹਿਬ ਆਪਿ ਆਇ ਮਿਲਦਾ ਹੈ । ਯਥਾ ਗੁਰਵਾਕ—

ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥
ਧੁਰਿ ਮਸਤਕਿ ਹਰਿ ਪ੍ਰਭ ਲਿਖਿਆ ਗੁਰ ਨਾਨਕ ਮਿਲਿਆ ਆਇ ॥
ਜਮ ਕੰਕਰ ਮਾਰਿ ਬਿਦਾਰਿਅਨੁ ਹਰਿ ਦਰਗਹ ਲਏ ਛਡਾਇ ॥...੨੭॥
[ਸਲੋਕ ਮ: ੪, ਪੰਨਾ ੧੪੨੪

ਖੋਟੇ ਖਰਿਆਂ ਦੀ ਪਰਖ ਦਾ ਅਗਲੀ ਦਰਗਾਹ ਵਿਚ ਕਿਵੇਂ ਨਿਬੇੜਾ ਹੁੰਦਾ ਹੈ, ਤਿਸ ਪ੍ਰਥਾਇ ਗੁਰੂ ਸਾਹਿਬ ਇਉਂ ਫ਼ੁਰਮਾਉਂਦੇ ਹਨ :—

ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ ॥
ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ ॥
ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰਵਾਰਿ ॥
ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ ॥
ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ ॥

ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥
ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ ॥
ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ ॥੧੨॥
[ਮਾਝ ਕੀ ਵਾਰ, ਪੰਨਾ ੧੪੩

ਏਸ ਗੁਰਵਾਕ ਅੰਦਰ ਖੋਲ੍ਹ ਕੇ ਦਸਿਆ ਗਿਆ ਹੈ ਕਿ ਸਚੀ ਦਰਗਾਹ ਅੰਦਰ ਖੋਟੇ ਪੁਰਸ਼, ਜਿਨ੍ਹਾਂ ਨੇ ਏਸ ਦੁਨੀਆ ਵਿਚ ਖੋਟੇ ਕਰਮ ਕੀਤੇ ਹਨ, ਨਾਮ ਨਹੀਂ ਜਪਿਆ, ਬਾਹਰਵਾਰ ਕਢ ਕੇ ਸਿੱਟ ਦਿਤੇ ਜਾਂਦੇ ਹਨ, ਓਥੇ ਉਨ੍ਹਾਂ ਦੀ ਪੁਕਾਰ ਕੋਈ ਨਹੀਂ ਸੁਣਦਾ। ਐਥੇ ਭੀ ਉਹਨਾਂ ਦਾ ਵਾਹਰੂ ਕੋਈ ਨਹੀਂ। ਜੇ ਉਹ ਸਤਿਗੁਰੂ ਸਰਣੀ ਆਉਣ, ਪਸਚਾਤਾਪ ਕਰ ਕੇ ਪ੍ਰਾਸਚਿਤ ਕਰਾਵਣ, ਤਾਂ ਸਤਿਗੁਰੂ ਤਿਨ੍ਹਾਂ ਦੇ ਪਿਛਲੇ ਕਮਾਤੇ ਕੁਕਰਮੀ ਅਵਗੁਣ ਬਖ਼ਸ਼ਣਹਾਰੂ ਹੈ ਤੇ ਖੋਟਿਓਂ ਖਰੇ ਕਰਨਹਾਰ ਹੈ, ਨਹੀਂ ਤਾਂ ਖੋਟੇ ਪੁਰਸ਼ ਅਗਲੀ ਦਰਗਾਹ ਪੁਜ ਕੇ ਖੁਆਰ ਹੀ ਖੁਆਰ ਥੀਣਗੇ। ਸਤਿਗੁਰੂ ਹੀ ਸਮਰਥ ਹੈ, ਖੋਟਿਆਂ ਨੂੰ ਸਬਦ ਦੀ ਕਲਾ ਵਰਤਾਇ ਕੇ ਸਵਾਰਨਹਾਰ ਹੈ। ਫੇਰ ਓਹੀ ਖੋਟੇ ਖਰੈ ਹੋਂ ਕੇ ਸਚੀ ਦਰਗਾਹੇ ਮੰਨੇ ਪ੍ਰਮੰਨੇ ਜਾਣਗੇ। ਗੁਰੂ ਦਰੋਂ ਪ੍ਰੇਮ ਪਿਆਲਾ ਮਿਲਣ ਦਾ ਹੀ ਇਹ ਸਦਕਾ ਹੈ ਕਿ ਖੋਟਿਆਂ ਦੀ ਕਾਇਆਂ ਪਲਟ ਕੇ ਖਰਾ-ਪਣ ਉਨ੍ਹਾਂ ਵਿਚ ਸਮਾਇ ਜਾਇਗਾ। ਗੁਰੂ ਕਰਤਾਰ ਦੇ ਬਖ਼ਸ਼ੇ ਹੋਇਆਂ ਦੀ ਕੋਈ ਕੀ ਗਣਤ ਕਰ ਸਕਦਾ ਹੈ? ਅਗਲੇ ਗੁਰਵਾਕ ਅੰਦਰ ਭਗਤਾਂ ਤੇ ਸੰਸਾਰੀਆਂ ਦਾ ਟਾਕਰਾ ਕਰ ਕੇ ਸਤਿਗੁਰੂ ਤਿਨ੍ਹਾਂ ਦੇ ਵਖੋ ਵਖ ਕਰਮਾਂ ਦੀ ਗਤਿ ਇਸ ਬਿਧ ਵਰਨਣ ਕਰਦੇ ਹਨ—

ਭਗਤਾ ਤੈ ਸੰਸਾਰੀਆ ਜੋੜੁ ਕਦੇ ਨ ਆਇਆ ॥
ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥
ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ ॥
ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥
ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥
ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ ॥
ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ ॥
ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥੧੬॥
[ਵਾਰ ਮਾਝ, ਪੰਨਾ ੧੪੫

ਇਸ ਵਾਕ ਅੰਦਰਿ ਕਿਆ ਸੋਹਣਾ ਨਿਖੇੜਾ ਤੇ ਨਿਬੇੜਾ ਕੀਤਾ ਹੈ,

ਭਗਤਾਂ ਤੇ ਸੰਸਾਰੀਆਂ ਦਾ । ਏਹਨਾਂ ਦਾ ਜੋੜ ਕਦੇ ਬਣ ਨਹੀਂ ਸਕਦਾ । ਕਰਤੇ ਪੁਰਖ ਦੀਆਂ ਨਜ਼ਰਾਂ ਵਿਚ ਇਹਨਾਂ ਦੀ ਕਦਰ ਕੀਮਤ ਵਖੋ ਵਖ ਹੈ । ਉਹਨਾਂ ਦੇ ਆਪੋ ਆਪਣੇ ਆਸ਼ੇ ਅਨੁਸਾਰ ਸੰਸਾਰ ਦੀਆਂ ਨਜ਼ਰਾਂ ਵਿਚ ਤਾਂ ਦੋਹਾਂ ਦਾ, ਖਲ ਖੰਡ ਦਾ ਇਕੋ ਭਾਉ ਹੈ, ਪਰ ਕਰਤਾਰ ਦੀਆਂ ਨਜ਼ਰਾਂ ਵਿਚ ਦੋਨੋਂ ਇਕੋ ਜਿਹੇ ਨਹੀਂ ਹੋ ਸਕਦੇ । ਜਗਤ ਤਾਂ ਭੁਲੇਖਾ ਖਾ ਸਕਦਾ ਹੈ ਅਤੇ ਕਿਸੇ ਦਾ ਭੁਲਾਇਆ ਭੁਲ ਸਕਦਾ ਹੈ, ਪਰ ਗੁਰੂ ਕਰਤਾਰ ਕਦੇ ਭੁਲ ਨਹੀਂ ਸਕਦਾ । ਉਹ ਤਾਂ ਆਪ ਹੀ ਕਦਰ ਕੀਮਤ ਪਰਖ ਲੈਂਦਾ ਹੈ ਅਤੇ ਵਖੋ ਵਖ ਦੋਹਾਂ ਦਾ ਨਿਰਣਾ ਨਿਰਖ ਲੈਂਦਾ ਹੈ । ਭਗਤਾਂ ਨੂੰ ਅਪਣਾ ਕੇ ਉਹ ਆਪਣੇ ਸਰੂਪ ਵਿਚ ਮੇਲ ਲੈਂਦਾ ਹੈ । ਉਸ ਦੀ ਨਿਜ-ਟਕਸਾਲੀ ਪਰਖ ਅੱਤ ਸੁਖਾਲੀ ਹੈ । ਜਿਨ੍ਹਾਂ ਨੇ ਨਿਰੋਲ ਸਚੋ ਸਚ, ਕੇਵਲ ਨਾਮ ਹੀ ਨਾਮ ਕਮਾਇਆ ਹੋਇਆ ਹੁੰਦਾ ਹੈ, ਤਿਨ੍ਹਾਂ ਗੁਰਮੁਖ ਸੰਤਾਂ, ਭਗਤਾਂ ਨੂੰ ਵਾਹਿਗੁਰੂ ਆਪਣੇ ਬਣਾ ਕੇ ਆਪੇ ਹੀ ਮੇਲ ਮਿਲਾਇ ਵਸਲ ਵਸਲਾਇ ਲੈਂਦਾ ਹੈ ।

ਨਾਮੋਂ ਘੁੱਥੇ ਗੁਰਮਤਿ ਤੋਂ ਗੁਮਰਾਹ, ਮਨਮੁਖ ਸੰਸਾਰੀ, ਜਿਨ੍ਹਾਂ ਨੇ ਮਨੁਖਾ ਜਨਮ ਧਾਰ ਕੇ ਸਾਰੀ ਉਮਰ ਨਿਰਾ ਕੂੜ ਬੋਲ ਬੋਲ ਹੀ ਨਾਮ ਅੰਮ੍ਰਿਤ ਦੀ ਥਾਉਂ ਬਿਖ ਜ਼ਹਿਰ ਪਿਆਲਾ ਪੀਤਾ ਹੈ, ਉਹ ਕਰਤੇ ਪੁਰਖ ਦੀ ਰਹਿਮਤ ਤੋਂ ਖ਼ਾਲੀ ਰਹਿ ਜਾਂਦੇ ਹਨ। ਉਹ ਕਦੇ ਵਾਹਿਗੁਰੂ ਨੂੰ ਮਿਲ ਹੀ ਨਹੀਂ ਸਕਦੇ । ਉਨ੍ਹਾਂ ਦਾ ਰੱਬ ਤੇ ਭਰੋਸਾ ਹੀ ਨਹੀਂ । ਸੰਸਾਰੀ ਸਾਕਤ ਪੁਰਸ਼ ਤਾਂ ਏਸੇ ਜਗਤ ਸੰਸਾਰ ਨੂੰ ਤੇ ਸੰਸਾਰਕ ਦ੍ਰਿਸ਼ਟਮਾਨ ਪਦਾਰਥਾਂ ਨੂੰ ਹੀ ਮਿੱਠਾ ਜਾਣਦੇ ਹਨ, ਉਨ੍ਹਾਂ ਨੂੰ ਇਹ ਸੂਝ ਬੂਝ ਭੀ ਨਹੀਂ ਰਹਿੰਦੀ ਕਿ ਕਦੇ ਇਸ ਅਸਾਰ ਸੰਸਾਰ ਤੋਂ ਚਲਣਾ ਭੀ ਹੈ । ਚਲਣ ਦੀ ਸਾਰ ਵਿਸਾਰ ਕੇ ਉਨ੍ਹਾਂ ਸੰਸਾਰ ਵਿਚ ਰਹਿੰਦੇ ਹੋਏ ਵਿਸ਼ੇ ਵਾਸ਼ਨਾ ਨੂੰ ਹੀ ਵਧਾਇਆ ਹੈ ।

ਭਗਤਾਂ ਨੇ ਸਰਬ ਸੰਸਾਰੀ ਬਿਖ ਪਸਾਰੀ ਲਾਲਚ, ਵਾਸ਼ਨਾਵਾਂ ਤੇ ਵਿਸ਼ੇ ਵਿਕਾਰਾਂ ਨੂੰ ਤਿਆਗ ਕੇ ਦਿਨ ਰਾਤ ਸਚੇ ਨਾਮ ਨੂੰ ਧਿਆਇਆ ਹੈ । ਦੁਨੀਆ ਦੇ ਦੀਵਾਨਿਆਂ ਨੇ ਮਾਇਕੀ ਮਦ ਮਤੀ ਗ਼ੁਲਾਮੀ ਕਰਨੀ ਹੀ ਸਚ ਕਰਿ ਜਾਣੀ ਹੈ, ਪਰ ਭਗਤ ਜਨਾਂ ਨੂੰ ਕੇਵਲ ਹਰਿ ਚਾਕਰੀ ਹੀ ਭਾਉਂਦੀ ਤੇ ਹਰਿ ਭਗਤੀ ਹੀ ਸੁਖਾਉਂਦੀ ਹੈ । ਹਰਿ ਕੇ ਚਾਕਰ ਹੋਇ ਕੇ ਉਹ ਸਗਲਿਆਂ ਦੀ ਰੇਣ ਦਾਸਨ ਦਾਸ ਹੋ ਰਹਿੰਦੇ ਹਨ। ਇਸ ਤਰ੍ਹਾਂ ਆਪਾ-ਭਾਵ ਦਾ ਅਭਾਵ ਕਰ ਲੈਂਦੇ ਹਨ । ਉਨ੍ਹਾਂ ਦੇ ਸਚੀ ਦਰਗਾਹ ਵਿਚ 'ਖਸਮੈ ਕੇ ਦਰਿ ਮੁਖ ਉਜਲੇ' ਵਾਕ ਅਨੁਸਾਰ ਮੁਖ ਉਜਲੇ ਹੁੰਦੇ ਹਨ । ਇਹ ਸਚੇ ਸ਼ਬਦ ਵਿਚ ਸਮਾਇ ਤੇ ਸਮਾਧ-ਸਿਥਿਤ

ਹੋਇਆਂ ਤੇ ਪਰਵਾਣ ਪਏ ਗੁਰਸਿਖਾਂ ਦੀ ਸਚੀ ਸਾਖੀ ਹੈ, ਜੋ ਉਪਰ ਦਸੀ ਗਈ ਹੈ। ਮਨਮੁਖ ਸੰਸਾਰੀਆਂ ਦਾ ਇਹ ਹਾਲ ਹੋਵੇਗਾ—

ਹਲਤਿ ਨ ਸੋਭਾ ਪਲਤਿ ਨ ਢੋਈ
ਅਹਿਲਾ ਜਨਮੁ ਗਵਾਇਆ ॥੩॥(੬॥੧॥੧੩)

[ਗਉੜੀ ਚੇਤੀ ਮ: ੧, ਪੰਨਾ ੧੫੫

ਉਨ੍ਹਾਂ ਨੂੰ ਨਾ ਏਸ ਲੋਕ ਤੇ ਨਾ ਪਰਲੋਕ ਵਿਚ ਢੋਈ ਮਿਲਣੀ ਹੈ। ਉਹਨਾਂ ਨੇ ਆਪਣਾ ਮਨੁਖਾ ਜਨਮ ਐਵੇਂ ਹੀ ਗਵਾ ਲਿਆ ਹੈ।

ਵਾਹਿਗੁਰੂ ਸਿਮਰਨ ਰੂਪੀ ਸਚੀ ਭਗਤੀ ਕੀਤਿਆਂ ਹੀ ਐਥੇ ਓਥੇ ਸਦਾ ਸੁਖ ਮਿਲਦਾ ਹੈ। ਚਹੁੰ ਜੁਗਾਂ ਵਿਚ ਗੁਰੂ ਦਾ ਤਾਰਿਆ ਹੋਇਆ ਕੋਈ ਵਿਰਲਾ ਪੂਰਾ ਜਨ ਹੀ ਇਹ ਪੂਰੀ ਕਾਰ, ਭਗਤ ਕਮਾਈ ਦੀ ਕਮਾਉਂਦਾ ਹੈ। ਅਖੁਟ ਧਨ ਨਾਮ ਦੇ ਧਨੀਆਂ ਦੀ ਕੀਤੀ ਕਾਰ ਹੀ ਥਾਂਇ ਪੈਂਦੀ ਹੈ। ਫੇਰ ਉਨ੍ਹਾਂ ਨੂੰ ਨਾਮ ਧਨ ਦਾ ਤੋਟਾ ਕਦੇ ਨਹੀਂ ਆਉਂਦਾ, ਉਹਨਾਂ ਨੂੰ ਐਥੇ ਸਦਾ ਸੁਖ ਦੀ ਪ੍ਰਾਪਤੀ ਹੀ ਰਹਿੰਦੀ ਹੈ, ਅਗੇ ਸਚੀ ਦਰਗਾਹ ਤਿਨ੍ਹਾਂ ਨੂੰ ਸਚੀ ਸੋਭਾ ਤੇ ਵਡਿਆਈ ਮਿਲਦੀ ਹੈ। ਯਥਾ ਗੁਰਵਾਕ—

ਗੁਰ ਸੇਵਾ ਜੁਗ ਚਾਰੇ ਹੋਈ ॥
ਪੂਰਾ ਜਨੁ ਕਾਰ ਕਮਾਵੈ ਕੋਈ ॥
ਅਖੁਟੁ ਨਾਮ ਧਨੁ ਹਰਿ ਤੋਟਿ ਨ ਹੋਈ ॥
ਐਥੈ ਸਦਾ ਸੁਖੁ ਦਰਿ ਸੋਭਾ ਹੋਈ ॥੧॥(੪॥੧੩॥੩੩)

[ਗਉੜੀ ਗੁਆਰੇਰੀ ਮ: ੩, ਪੰਨਾ ੧੬੧

ਅਗਲੀ ਦਰਗਾਹ ਵਾਹਿਗੁਰੂ ਨਾਮ ਹੀ ਛੁਡਾਉਣ ਨੂੰ ਸਮਰਥ ਹੈ। ਇਹ ਵਾਹਿਗੁਰੂ ਨਾਮ ਗੁਰ ਸਰਣਾਈ ਆਇਆਂ, ਨਿਗੁਰਿਓਂ ਸਗੁਰੇ ਬਣਿਆਂ, ਗੁਰੂ ਘਰ ਤੋਂ ਹੀ ਪ੍ਰਾਪਤ ਹੁੰਦਾ ਹੈ, ਨਹੀਂ ਤਾਂ ਹੋਰ ਚੁਰਾਸੀ ਲਖ ਮੇਦਨੀ ਬਥੇਰੀ ਮਨ-ਹਠ ਕਰਕੇ ਭਰਮਦੀ ਭਟਕਦੀ ਫਿਰਦੀ ਹੈ। ਗੁਰ ਕਾ ਸ਼ਬਦ, ਗੁਰਮਤਿ ਨਾਮ, ਗੁਰ ਮੰਤ੍ਰ ਚੀਨੇ ਬਿਨਾਂ ਮੁੜ ਮੁੜ ਜੂਨਾਂ ਵਿਚ ਪੈਣਾ ਪੈਂਦਾ ਹੈ। ਯਥਾ ਗੁਰਵਾਕ—

ਮੇਰੇ ਮਨ ਗੁਰ ਚਰਨੀ ਚਿਤੁ ਲਾਇ ॥
ਗੁਰਮੁਖਿ ਨਾਮੁ ਨਿਧਾਨੁ ਲੈ ਦਰਗਹ ਲਏ ਛਡਾਇ ॥੧॥ਰਹਾਉ॥
ਲਖ ਚਉਰਾਸੀਹ ਭਰਮਦੇ ਮਨ ਹਠਿ ਆਵੈ ਜਾਇ ॥
ਗੁਰ ਕਾ ਸਬਦੁ ਨ ਚੀਨਿਓ ਫਿਰਿ ਫਿਰਿ ਜੋਨੀ ਪਾਇ ॥੨॥

(੪॥੨॥੧੬॥੩੬) [ਗਉੜੀ ਬੈਰਾਗਣਿ ਮ: ੩, ਪੰਨਾ ੧੬੨

ਜਿਨ੍ਹਾਂ ਨੇ ਸਤਿਗੁਰ ਸਚੇ ਦਾ ਸਿਖ ਬਣ ਕੇ ਸਤਿਸੰਗਤ ਦੀ ਧੂੜ ਮੁਖ ਲਾਈ ਹੈ, ਸਤਿਗੁਰ ਦੀ ਚਰਨ ਧੂੜ ਰੁਮਾਈ ਹੈ ਅਤੇ ਕੂੜ ਨੂੰ ਤਿਆਗ ਕੇ ਹਰਿ ਲਿਵ ਲਾਈ ਹੈ, ਤਿਨ੍ਹਾਂ ਦਾ ਹੀ ਹਰਿ ਦਰਗਹ ਮੁਖ ਉਜਲ ਰਹਾਈ ਹੈ। ਯਥਾ ਗੁਰਵਾਕ—

ਸਤਿਗੁਰ ਪਗ ਧੂਰਿ ਜਿਨਾ ਮੁਖਿ ਲਾਈ ॥
ਤਿਨ ਕੂੜ ਤਿਆਗੇ ਹਰਿ ਲਿਵ ਲਾਈ ॥
ਤੇ ਹਰਿ ਦਰਗਹ ਮੁਖ ਊਜਲ ਭਾਈ ॥੩॥(੪॥੫॥੪੩)
[ਗਉੜੀ ਗੁਆਰੇਰੀ ਮ: ੪, ਪੰਨਾ ੧੬੫

ਕੇਵਲ ਗੁਰੂ ਵਾਹਿਗੁਰੂ ਜਪਣਹਾਰਿਆਂ ਦੇ ਹੀ ਸਚੇ ਦਰਬਾਰ ਮੁਖ ਉਜਲ ਹੁੰਦੇ ਹਨ। ਇਹ ਸਚਾ ਦਰਬਾਰ ਅਗਲੀ ਦਰਗਾਹ ਵਿਚ ਹੀ ਹੈ। ਯਥਾ ਗੁਰਵਾਕ—

ਗੁਰੂ ਗੁਰੂ ਜਪਿ ਮੀਤ ਹਮਾਰੇ ॥
ਮੁਖ ਊਜਲ ਹੋਵਹਿ ਦਰਬਾਰੇ ॥੧॥ਰਹਾਉ॥(੪॥੫੪॥੧੨੩)
[ਗਉੜੀ ਮ: ੧, ਪੰਨਾ ੧੯੦

ਗੁਰਮਤਿ ਨਾਮ ਰੂਪੀ ਸਚੀ ਸੁਕਿਰਤ ਕਰਨੀ ਰੂਪੀ ਸਚੇ ਕਰਮ ਨੂੰ ਛਡ ਕੇ ਜੋ ਨਰ ਕਮਾਉਂਦਾ ਤਾਂ ਕੁਕਰਮ ਹੈ, ਮੁਖੋਂ ਮਿਠੇ ਮਿਠੇ ਪੋਚ-ਅੰਮ੍ਰਿਤ ਬਚਨ ਲੋਕਾਂ ਨੂੰ ਸੁਣਾਉਂਦਾ ਹੈ, ਉਹ ਜਮਪੁਰ ਬੱਧਾ ਚੋਟਾਂ ਖਾਂਦਾ ਹੈ। ਯਥਾ ਗੁਰਵਾਕ—

ਕਰੈ ਦੁਹਕਰਮ ਦਿਖਾਵੈ ਹੋਰੁ ॥
ਰਾਮ ਕੀ ਦਰਗਹ ਬਾਧਾ ਚੋਰੁ ॥੧॥...
ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ ॥
ਜਮਪੁਰਿ ਬਾਧਾ ਚੋਟਾ ਖਾਵੈ ॥੨॥(੪॥੭੧॥੧੪੦)
[ਗਉੜੀ ਮ: ੫, ਪੰਨਾ ੧੯੪

ਇਸ ਗੁਰਵਾਕ ਦੇ ਵੀਚਾਰ ਤੋਂ ਇਹ ਗੱਲ ਹੋਰ ਨਿਰਣੇ ਹੋਈ ਕਿ ਰਾਮ ਕੀ ਦਰਗਾਹ (ਹਰਿ ਦਰਗਾਹ) ਹੋਰ ਹੈ ਤੇ ਜਮਪੁਰੀ ਵਖਰੀ ਹੈ। ਇਹ ਸਰੀਰ ਛਡ ਕੇ ਹਰੀ ਜਨ ਹਰਿ ਦਰਗਹਿ ਜਾਂਦੇ ਹਨ ਅਤੇ ਸਾਕਤ ਨਰ ਮਰ ਕੇ ਜਮਪੁਰੀ ਸਿਧਾਉਂਦੇ ਹਨ। ਗੁਰਪੁਰੀ ਤੇ ਜਮਪੁਰੀ ਵਿਚ ਬੜਾ ਵਿਤਕਰਾ, ਅਰਥਾਤ ਫ਼ਾਸਲਾ ਹੈ। ਜਮਪੁਰੀ ਉਰੇਡੇ ਹੀ ਹੇਠਲੇ ਮੰਡਲਾਂ ਵਿਚ ਰਹਿ ਜਾਂਦੀ ਹੈ ਅਤੇ ਗੁਰਪੁਰੀ ਵਾਹਿਗੁਰੂ ਦਰਬਾਰ ਸੰਮਿਲਵੀਂ ਉਚੇ ਮੰਡਲਾਂ ਦੇ ਸਿਖਰ ਹੈ, ਜਿਥੇ

ਕੇਵਲ ਪੁਗੇ ਹੋਏ, ਕਮਾਈ ਵਾਲੇ ਗੁਰਮੁਖ ਜਨਾਂ ਦੀ ਹੀ ਪਹੁੰਚ ਤੇ ਸਮਾਈ ਹੈ। ਇਹੋ ਗਗਨ-ਮੰਡਲੀ ਤਬਕੇ (regions) ਵਖੋ ਵਖ ਹਨ। ਏਸ ਅਥਾਹ ਅਗੰਮ ਪੁਲਾੜ (ਅਕਾਸ਼) ਵਿਚ ਅਣਗਿਣਤ ਹੀ ਅਣਦਿਸਦੇ ਮੰਡਲ (ਸਫ਼ੀਅਰ sphere) ਹਨ, ਜੋ ਘੁਗ ਵਸਦੇ ਹਨ।

ਆਹ! ਅੱਗਾ ਸਵਾਰਨ ਲਈ ਕੈਸਾ ਪਿਆਰ ਉਪਕਾਰ ਭਰਿਆ ਗੁਰਵਾਕ ਉਚਾਰਨ ਹੋਇਆ ਹੈ। ਗੁਰੂ ਪੰਚਮ ਪਾਤਸ਼ਾਹ ਕੈਸੀ ਤਾਕੀਦੀ ਪਿਆਰ-ਲੋਰੀ ਦਿੰਦੇ ਹਨ। ਯਥਾ ਗੁਰਵਾਕ—

ਹਰਿ ਨਾਮੁ ਲੇਹੁ ਮੀਤਾ ਲੇਹੁ ॥
ਆਗੈ ਬਿਖਮ ਪੰਥੁ ਭੈਆਨ ॥੧॥ਰਹਾਉ॥
ਸੇਵਤ ਸੇਵਤ ਸਦਾ ਸੇਵਿ ਤੇਰੈ ਸੰਗਿ ਬਸਤੁ ਹੈ ਕਾਲੁ ॥
ਕਰਿ ਸੇਵਾ ਤੂੰ ਸਾਧ ਕੀ ਹੋ ਕਾਟੀਐ ਜਮ ਜਾਲੁ ॥੧॥
ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ ॥
ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ ॥੨॥
ਸਿਵਪੁਰੀ ਬ੍ਰਹਮ ਇੰਦ੍ਰਪੁਰੀ ਨਿਹਚਲੁ ਕੋ ਥਾਉ ਨਾਹਿ ॥
ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ ॥੩॥
ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥
ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥੪॥
(੧॥੧੫੮) [ਗਉੜੀ ਮਾਲਵਾ ਮ: ੫, ਪੰਨਾ ੨੧੪

ਅਸਾਡੇ ਤੇ ਤਰਸ ਖਾ ਕੇ ਪਰਮਾਰਥ ਦੇ ਜਗਿਆਸੂਆਂ ਅਲਪੱਗ ਜੀਵਾਂ ਨੂੰ 'ਮੀਤਾ' ਪਦ ਨਾਲ ਸੰਬੋਧਨ ਕਰ ਕੇ ਗੁਰੂ ਸਾਹਿਬ ਫ਼ੁਰਮਾਉਂਦੇ ਹਨ—ਐ ਮੇਰੇ ਮਿੱਤ੍ਰ! ਖਿਨ ਖਿਨ ਨਾਮ ਲੇਹੁ, ਨਾਮ ਹੀ ਨਾਮ ਸੰਗ੍ਰਹਿ ਕਰਹੁ, ਮਤ ਬਿਲਮ ਕਰਹੁ, ਕਿਉਂਕਿ ਅਗੇ ਬੜਾ ਹੀ ਭਿਆਨਕ ਬਿਖੜਾ ਪੈਂਡਾ ਹੈ, ਜੋ ਕੇਵਲ ਨਾਮ ਦੇ ਜਪਿਆਂ ਹੀ ਕਟਿਆ ਜਾਣਾ ਹੈ। ਮਤ ਖ਼ਿਆਲ ਕਰ ਕਿ ਮਰਨਾ ਨਹੀਂ। ਕਾਲ ਤਾਂ ਤੇਰੇ ਸਿਰ ਤੇ ਖੜਾ ਹੈ। ਤਾਂ ਤੇ ਸਿਮਰਨ ਕਰਨ ਵਿਚ ਦੇਰ ਨਾ ਕਰ। ਸਦਾ ਸਿਮਰਨ ਮਈ ਸੇਵਾ ਭਗਤਿ ਕਰੀ ਜਾਹੁ। ਨਾਮ ਰੰਗ-ਰਤੜੇ ਸਾਧ ਜਨਾਂ ਦੀ ਸੇਵਾ ਕਰ। ਇਹੋ ਸਾਧ-ਗੁਰੂ ਦੀ ਸੇਵਾ ਹੈ। ਇਸ ਬਿਧ ਸੇਵਾ ਸਿਮਰਨ ਕੀਤਿਆਂ ਹੀ ਜਮ ਰੂਪੀ ਕਾਲ ਦੇ ਜਾਲ ਕਟੇ ਜਾਣੇ ਹਨ, ਇਹ ਸਾਧ ਗੁਰ ਸੇਵਾ-ਸਿਮਰਨ ਕੇਵਲ ਗੁਰੂ ਨਾਨਕ ਸਾਹਿਬ ਦੇ ਘਰੋਂ ਹੀ ਪ੍ਰਾਪਤ ਹੈ। ਅਨਮਤ ਦ੍ਰਿੜ੍ਹਾਏ ਹੋਮ-ਜਗ ਤੀਰਥ ਆਦਿਕ ਕਰਮ ਕੀਤੇ ਕਿਸੇ ਭੀ ਕੰਮ ਨਹੀਂ, ਨ ਕਿਸੇ ਲੇਖੇ ਪੈਣੇ

ਹਨ। ਇਹ ਕਰਮ ਸਭ ਹਉਮੈ ਅੰਦਰ ਹੀ ਕੀਤੇ ਜਾਂਦੇ ਹਨ। ਹਉਮੈ ਦੇ ਬੰਧਨ ਹੀ ਪੈਂਦੇ ਹਨ, ਕਿਉਂਕਿ ਹਉਮੈ ਵਿਚ ਕੀਤੇ ਕਰਮਾਂ ਕਰ ਕੇ ਹੰਕਾਰ ਹੀ ਵਧਦਾ ਹੈ। ਨਰਕ ਸੁਰਗ ਵਾਰੋ ਵਾਰ ਭੁਗਤਣੇ ਪੈਂਦੇ ਹਨ। ਦੋਹਾਂ ਨੂੰ ਭੋਗ ਕੇ ਮੁੜ ਮੁੜ ਜੂਨਾਂ ਵਿਚ ਪੈਣਾ ਪੈਂਦਾ ਹੈ। ਸ਼ਿਵਪੁਰੀ, ਬ੍ਰਹਮਪੁਰੀ, ਇੰਦਰਪੁਰੀਆਂ ਵਿਚ ਭਉਣਾ ਪੈਂਦਾ ਹੈ। ਨਾ ਹੀ ਪੁਰੀਆਂ ਵਾਲੇ ਇਹ ਥਾਉਂ ਨਿਹਚਲ ਹਨ, ਨਾ ਇਹਨਾਂ ਦਾ ਵਾਸਾ ਨਿਹਚਲ ਹੈ। ਬਿਨਾਂ ਸਚੇ ਨਾਮ ਰੂਪੀ ਹਰਿ ਸੇਵਾ ਦੇ ਸਚੇ ਸੁਖ ਦੀ ਪ੍ਰਾਪਤੀ ਕਿਤੇ ਭੀ ਨਹੀਂ। ਨਾਮ ਬਿਨਾਂ ਸਭ ਸਾਕਤ ਦੁਹੇਲੇ ਹਨ। **ਉਪਰਲੇ ਕਰਮ ਕਰਨਹਾਰੇ ਸਭ ਸਾਕਤ ਹਨ,** ਸਭਨਾਂ ਨੂੰ ਆਵਾ-ਗਉਣ ਦੇ ਗੇੜ ਵਿਚ ਪੈਣਾ ਪਊ। ਜੈਸਾ ਧੁਰੋਂ ਗੁਰ ਉਪਦੇਸ਼ ਉਤਰਿਆ ਹੈ, ਉਸੇ ਅਨੁਸਾਰ ਗੁਰੂ ਦੇ ਮੁਖਾਰਬਿੰਦ ਤੋਂ ਇਹ ਪੁਕਾਰ ਪੁਕਾਰੀ ਗਈ ਹੈ। ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ ਕਿ ਕੇਵਲ ਸਿਫ਼ਤ-ਸਲਾਹ, ਹਰੀ ਜਸ ਕੀਰਤਨ ਦੁਆਰਾ ਹੀ ਉਧਾਰ ਹੁੰਦਾ ਹੈ, ਸੋ ਕਰੀ ਚਲੋ।

ਇਸ ਗੁਰ ਉਪਦੇਸ਼ ਨੂੰ ਸੁਣ ਕੇ ਸਿਦਕਵਾਨਾਂ, ਗੁਰਸਿਖਾਂ ਨੂੰ ਤਾਂ ਕੋਈ ਸੰਦੇਹ ਨਹੀਂ ਰਹਿੰਦਾ ਕਿ ਜੋ ਕੁਝ ਇਸ ਵਾਕ ਅੰਦਰ ਉਪਦੇਸ਼ਿਆ ਗਿਆ ਹੈ ਸੋ ਸਭ ਸਚ ਤੇ ਯਥਾਰਥ ਹੈ। ਇਸ ਗੁਰਵਾਕ ਦੁਆਰਾ ਹੇਠ ਲਿਖੀਆਂ ਗੱਲਾਂ ਸਿਧ ਹੁੰਦੀਆਂ ਹਨ—

੧. ਸਿਰ ਤੇ ਕਾਲ ਹੈ।
੨. ਅਗੇ ਰਸਤਾ ਬਹੁਤ ਭਿਆਨਕ ਹੈ।
੩. ਸਿਮਰਨ ਕੀਤਿਆਂ ਜਮਜਾਲ ਕਟੇ ਜਾਂਦੇ ਹਨ।
੪. ਜਮਾਂ ਦਾ ਵਜੂਦ ਭੀ ਹੈ।
੫. ਨਰਕ ਸੁਰਗ ਅਸਥਾਨ ਭੀ ਹਨ, ਚਾਹੇ ਨਿਹਚਲ ਰਹਿਣ ਵਾਲੇ ਟਿਕਾਣੇ ਨਹੀਂ।
੬. ਸ਼ਿਵਪੁਰੀ, ਬ੍ਰਹਮਪੁਰੀ, ਇੰਦਰਪੁਰੀਆਂ ਆਦਿਕ ਪੁਰੀਆਂ ਭੀ ਹਨ। ਏਨ੍ਹਾਂ ਗੱਲਾਂ ਤੋਂ ਇਨਕਾਰ ਨਹੀਂ ਹੋ ਸਕਦਾ, ਪਰ ਗੁਰਸਿਖਾਂ ਨਾਮ-ਰਸੀਆਂ ਪਰ ਇਨ੍ਹਾਂ ਦਾ ਕੋਈ ਅਸਰ ਨਹੀਂ। ਅਗਲੀ ਦਰਗਹ ਤਾਂ ਇਸ ਗੁਰਵਾਕ ਦਾ ਮੁਖ ਵਿਸ਼ਾ ਹੀ ਹੈ।

ਅਗਲਾ ਗੁਰਵਾਕ ਇਸ ਤੋਂ ਭੀ ਵਧ ਇਨ੍ਹਾਂ ਗੱਲਾਂ ਦੀ ਤਸਦੀਕ ਕਰਦਾ ਹੈ--

ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥
ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥੧॥ਰਹਾਉ॥
ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ ॥
ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ ॥੧॥

ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ ॥
ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ ॥੨॥
ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ ॥
ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ ॥੩॥
ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰਗਰਾਮੀ ॥
ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ ॥੪॥੬॥
[ਗਉੜੀ ਮਾਲਾ ਮ: ੫, ਪੰਨਾ ੨੧੬

ਇਸ ਸ਼ਬਦ ਦਾ ਭਾਵ-ਅਰਥ ਇਹ ਹੈ ਕਿ ਵਾਹਿਗੁਰੂ ਨਾਮ ਦੀ ਸਿਮਰਨ-ਕਮਾਈ ਬਿਨਾਂ ਹੋਰ ਕਿਰਤ ਕਰੰਮੀ ਕਿਰਿਆ ਦੇ ਉਦਮ ਸਭ ਬਿਰਥੇ ਹਨ। ਅਨਮਤ ਬੋਧਤ ਜਪ ਤਪ ਸੰਜਮ ਆਦਿ ਕਮਾਤੇ ਕਰਮ ਇਹ ਸਭ ਉਰੇ ਉਰੇ ਹੀ ਖੁਸ ਜਾਂਦੇ ਹਨ, ਅਰਥਾਤ ਏਥੇ ਹੀ ਰਹਿ ਜਾਂਦੇ ਹਨ। ਇਹਨਾਂ ਦਾ ਬੀਜਿਆ ਫਲ ਅਗੇ ਜਾ ਕੇ ਪੁੰਗਰਦਾ ਹੀ ਨਹੀਂ, ਨਾ ਹੀ ਏਥੇ ਉਗਦਾ ਹੈ। ਵਰਤ ਨੇਮ ਸੰਜਮ ਆਦਿ ਅਨਮਤ ਕਰਮ ਕਰਨ ਵਿਚ ਖਪ ਖਪ ਮਰਨ ਵਾਲਿਆਂ ਨੂੰ ਆਢ ਦਾਮ ਭੀ ਇਹਨਾਂ ਦੀ ਕਮਾਈ ਦਾ ਫਲ ਨਹੀਂ ਮਿਲਦਾ। ਏਹਨਾਂ ਖੋਟ-ਕਰਮੀ ਕਰਮਾਂ ਦਾ ਸਿੱਕਾ ਅਗੇ ਚਲ ਕੇ ਨਹੀਂ ਚਲਦਾ। ਓਥੇ ਹੋਰ ਹੀ ਸਿੱਕਾ ਚਲਦਾ ਹੈ। ਚਾਹੇ ਕਿੰਨੇ ਤੀਰਥ ਨ੍ਹਾਉਂਦਾ ਫਿਰੇ; ਕਿਤਨੀਆਂ ਧਰਤੀਆਂ ਭਉਂਦਾ ਫਿਰੇ, ਅਗੇ ਚਲ ਕੇ ਇਹਨਾਂ ਨੂੰ ਕੋਈ ਥਾਉਂ ਟਿਕਾਣਾ ਨਹੀਂ। ਅਰਥਾਤ ਇਹ ਕਰਮ ਕਿਸੇ ਲੇਖੇ ਨਹੀਂ ਪੈਂਦੇ। ਇਸ ਅਨਮਤੀ ਬਿਧੀ ਅਨੁਸਾਰ ਕੀਤੇ ਕਰਮ ਅਗਲੀ ਦਰਗਾਹ ਵਿਚ ਕੰਮ ਨਹੀਂ ਆਉਂਦੇ। ਇਥੇ ਲੋਕਾਂ ਨੂੰ ਪਤਿਆਉਣ ਪਰਚਾਉਣ ਲਈ ਇਹ ਪਾਖੰਡ ਕਰਮ ਕੰਮ ਦਿੰਦੇ ਹਨ। ਚਹੁੰਆਂ ਬੇਦਾਂ ਦਾ ਮੂੰਹ ਜ਼ਬਾਨੀ ਕੀਤਾ ਪਾਠ ਵੀ ਇਥੇ ਰਹਿ ਜਾਂਦਾ ਹੈ। ਇਹਨਾਂ ਦਾ ਫਲ ਅੰਕੂਰ ਰਾਈ ਮਾਤਰ ਭੀ ਅਗੇ ਚਲ ਕੇ ਸਫੁਟ ਨਹੀਂ ਹੁੰਦਾ, ਵਾਹਿਗੁਰੂ ਸਚੇ ਦੇ ਮਹਿਲ ਦੀ ਪ੍ਰਾਪਤੀ ਤਾਂ ਏਸ ਦੁਆਰਾ ਕੀ ਹੋਣੀ ਸੀ। ਇਕ ਸੁਧ ਅਖਰ ਵਾਹਿਗੁਰੂ ਨਾਮ ਬੁਝੇ ਬਿਨਾਂ ਭਾਵੇਂ ਕਿਤਨੇ ਹੀ ਬੇਦ-ਪਾਠ ਮੁਖ ਬਚਨੀ ਉਚਰੇ ਜਾਣ, ਇਹ ਸਾਰੀ ਕਿਰਤ ਕਰਣੀ ਝਾਖ ਝਖਰਨੀ ਹੀ ਗਿਣੀ ਜਾਊ। ਗੁਰੂ ਨਾਨਕ ਸਾਹਿਬ ਇਹ ਤਤ ਬੀਚਾਰ ਉਪਦੇਸ਼ਦੇ ਮੁਖੋਂ ਉਚਾਰਦੇ ਹਨ, ਕੇਵਲ ਇਸ ਨੂੰ ਕਮਾਵਣਹਾਰਾ ਹੀ ਪਾਰਗਰਾਮੀ ਹੋ ਸਕਦਾ ਹੈ। ਉਹ ਕਿਹੜਾ ਉਪਦੇਸ਼ ਵੀਚਾਰ ਹੈ ? ਇਹ ਕਿ ਸਚੇ ਗੁਰੂ, ਸਚੇ ਸਤਿਗੁਰੂ ਦਾ ਆਗਿਆਕਾਰੀ ਸੇਵਕ ਸਿਖ ਸਜ ਕੇ ਜੋ ਗੁਰਮਤਿ ਨਾਮ ਧਿਆਉਂਦਾ ਹੈ, ਨਿਸ਼ਕਾਮ ਤੇ ਨਿਰਅਭਿਮਾਨ ਹੋ ਕੇ, ਉਸ ਦੀ ਨਾਮ ਅਭਿਆਸ ਕਮਾਈ ਲੇਖੇ ਪੈਂਦੀ ਹੈ ਤੇ ਅਗਲੀ ਦਰਗਾਹ

ਫਲਦੀ ਫੁਲਦੀ ਹੈ ।

ਜਿਨ੍ਹਾਂ ਨੇ ਅਕਥ ਕਥਾ ਮਈ ਨਾਮ ਨਿਧਾਨ ਗੁਰੂ ਦੁਆਰਾ ਪਾ ਕੇ ਧਿਆਇਆ ਕਮਾਇਆ ਹੈ, ਤਿਨ੍ਹਾਂ ਨੇ ਅਗਲੀ ਦਰਗਾਹ ਜਾ ਕੇ ਸੋਭਾਵੰਤ ਬਾਂਹ ਲੁਡਾਰਨੀ ਸਚੀ ਸੁਹਾਗਣੀ ਦਾ ਮਤਰਬਾ ਪਾਇਆ ਹੈ । ਯਥਾ—

ਮੈ ਪਾਇਓ ਸਰਬ ਨਿਧਾਨੁ ਅਕਥੁ ਕਥਾਰੀਆ ॥
ਹਰਿ ਦਰਗਹ ਸੋਭਾਵੰਤ ਬਾਹ ਲੁਡਾਰੀਆ ॥੭॥(੮॥੧॥੧੨)

[ਗਉੜੀ ਮਾਝ ਮ: ੫, ਪੰਨਾ ੨੪੧

ਜਿਨ੍ਹਾਂ ਨੇ ਸਤਿਗੁਰ ਮਤਿ ਬੁਧ ਪਾ ਕੇ ਗੁਰਮਤਿ ਨਾਮ ਦਾ ਰਸਨਾ ਕਰਕੇ ਅਜਪਾ ਜਾਪ ਜਪਿਆ ਹੈ, ਤੇ ਜਪ ਜਪ ਕੇ ਅਤੁਟ ਜਾਪ ਦੇ ਪ੍ਰਤਾਪ ਕਰਿ ਆਪਣਾ ਮਨ ਰੰਗਿਆ ਹੈ, ਤਿਨ੍ਹਾਂ ਦਾ ਅਗਲੀ ਦਰਗਾਹ ਅੰਦਰ ਅਨਾਦਰ ਕੋਈ ਨਹੀਂ ਕਰਦਾ, 'ਰੇ ! ਰੇ !' ਕਰਕੇ ਕੋਈ ਨਹੀਂ ਬੁਲਾਉਂਦਾ, ਸਭ ਕੋਈ 'ਜੀ ! ਜੀ !' ਕਰਕੇ ਹੀ ਬੁਲਾਉਂਦੇ ਹਨ । 'ਆਓ ਜੀ ! ਬੈਠੋ ਜੀ !' ਕਹਿ ਕੇ ਸਭ ਕੋਈ ਆਦਰ ਦਿੰਦਾ ਹੈ । ਉਨ੍ਹਾਂ ਉਚ ਮੰਜ਼ਲੀਂ ਮਹਿਲਾਂ ਵਿਚ ਤਿਨ੍ਹਾਂ ਦਾ ਵਾਸ ਹੋ ਜਾਂਦਾ ਹੈ, ਜਿਥੇ ਵਸ ਕੇ ਜੰਮਣ ਮਰਣ ਚੁਰਾਸੀ ਦਾ ਗੇੜ ਮੁਕ ਜਾਂਦਾ ਹੈ । ਨਾ ਉਨ੍ਹਾਂ ਮਹਿਲਾਂ ਦਾ ਵਿਨਾਸ ਹੈ, ਨਾ ਹੀ ਮਹਿਲ-ਵਾਸੀਆਂ ਦਾ ਬਿਨਾਸ ਹੁੰਦਾ ਹੈ । ਯਥਾ ਗੁਰਵਾਕ—

ਰਾਰਾ ਰੰਗਹੁ ਇਆ ਮਨੁ ਅਪਨਾ ॥
ਹਰਿ ਹਰਿ ਨਾਮੁ ਜਪਹੁ ਜਪੁ ਰਸਨਾ ॥
ਰੇ ਰੇ ਦਰਗਹ ਕਹੈ ਨ ਕੋਊ ॥
ਆਉ ਬੈਠੁ ਆਦਰੁ ਸੁਭ ਦੇਊ ॥
ਉਆ ਮਹਲੀ ਪਾਵਹਿ ਤੂ ਬਾਸਾ ॥
ਜਨਮ ਮਰਨ ਨਹ ਹੋਇ ਬਿਨਾਸਾ ॥...੧੦॥

[ਬਾਵਨ ਅਖਰੀ, ਪੰਨਾ ੨੫੨

ਸੁਖਮਨੀ ਸਾਹਿਬ ਦੇ ਅਗਲੇਰੇ ਵਾਕ ਅਗਲੀ ਦਰਗਾਹ ਦੇ ਸਚ ਨੂੰ ਖ਼ੂਬ ਸਚਿਆਉਂਦੇ ਹਨ—

ਜਹ ਮੁਸਕਲ ਹੋਵੈ ਅਤਿ ਭਾਰੀ ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥......੧॥
ਜਿਹ ਮਾਰਗਿ ਇਹੁ ਜਾਤ ਇਕੇਲਾ ॥
ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ॥......੨॥

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥
ਜਿਹ ਪੈਡੈ ਮਹਾ ਅੰਧ ਗੁਬਾਰਾ ॥
ਹਰਿ ਕਾ ਨਾਮੁ ਸੰਗਿ ਉਜੀਆਰਾ ॥
ਜਹਾ ਪੰਥਿ ਤੇਰਾ ਕੋ ਨਾ ਸਿਞਾਨੂ ॥
ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥
ਜਹ ਮਹਾ ਭਇਆਨ ਤਪਤਿ ਬਹੁ ਘਾਮ ॥
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥
ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥
ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥੪॥

[ਅਸਟ: ੨, ਪੰਨਾ ੨੬੪

ਗੁਰੂ ਸਾਹਿਬ ਜੀ ਦੇ ਸ੍ਰੀ ਸੁਖਮਨੀ ਵਿਚ ਉਚਾਰੇ ਏਹਨਾਂ ਸਤਿ ਵਾਕਾਂ ਦੀ ਰੌਸ਼ਨੀ ਤਲੇ ਅਗਲੀ ਦਰਗਾਹ ਦੀ ਵਰਨਣ ਕੀਤੀ (ਉਪਰ ਵਰਨੀ) ਬਿਵਸਥਾ ਸਭ ਸਤੋਂ ਸਤਿ ਹੈ। ਜਿਨ੍ਹਾਂ ਸਤਿ-ਨਾਮ ਦੀ ਸਤਿ-ਕਮਾਈ ਕੀਤੀ ਹੈ, ਤਿਨ੍ਹਾਂ ਨੇ ਉਪਰ ਵਰਨਿਆ ਅਗਲੀ ਦਰਗਾਹ ਦਾ ਬਿਰਤੰਤ ਨਕਸ਼ਾ ਆਪਣੀ ਅਖੀਂ ਪੇਖਿਆ ਆਖਿਆ ਹੈ। ਸਚ ਮੁਚ ਜੀਵ ਜਦ ਮਰਨ ਕਾਲ ਸਮੇਂ ਦੇਹੀ ਛੋੜਦਾ ਹੈ ਤਾਂ ਦੇਹੀ ਹੀ ਮਰਦੀ ਹੈ, ਜੀਵ ਨਹੀਂ ਮਰਦਾ। ਹਰ ਇਕ ਜੀਵ ਆਪੋ ਆਪਣੀ ਕਰਨੀ ਅਨੁਸਾਰ ਅਗਲੇ ਲੋਕ ਵਿਚ ਜਾਂਦਾ ਹੈ, ਅਗੇ ਕਰਨੀ ਦਾ ਫਲ ਪਾਂਦਾ ਹੈ। ਨਾਮੋਂ ਘੁਥੇ ਜੀਵ ਨੂੰ ਅਗਲੇ ਲੋਕ ਵਿਚ ਖੁਆਰੀ ਹੀ ਖੁਆਰੀ ਹੈ। ਸਚਮੁਚ ਅਗੇ ਉਹ ਅਸਥਾਨ ਹਨ ਜਿਥੇ ਸਾਰਿਆਂ ਜੀਵਾਂ ਨੂੰ ਅਤੀ ਮੁਸ਼ਕਲ ਭਾਰੀ ਬਣਦੀ ਹੈ। ਤਿਨ੍ਹਾਂ ਹੀ ਭਾਰੀ ਮੁਸ਼ਕਲ ਅਸਥਾਨਾਂ ਵਿਖੇ ਜਾਣ ਵਾਲੇ ਨਾਮ ਕਮਾਈਆਂ ਵਾਲੇ ਜੀਵ ਖਿਨ ਮਾਹਿ ਉਧਾਰੀਦੇ ਦੇਖੇ ਗਏ, ਸਚ ਪਰੇਖੇ ਗਏ ਹਨ।

ਸਚਮੁਚ ਐਸੇ ਵੀ ਅਸਥਾਨ ਅਗਾਹਾਂ ਹਨ, ਜਿਥੇ ਜਾਣ ਵਾਲੇ ਜੀਵ ਨੂੰ ਮਾਰਗ ਦਿਸਦਾ ਹੀ ਨਹੀਂ, ਬਿਲਕੁਲ ਸੁੰਨ-ਮਸੁੰਨੇ ਰਸਤਿਆਂ ਥਾਣੀਂ ਉਸ ਨੂੰ ਲੰਘਣਾ ਪੈਂਦਾ ਹੈ ਅਤੇ ਇਕੇਲੇ ਹੀ ਲੰਘਣਾ ਪੈਂਦਾ ਹੈ। ਜਿਥੇ ਇਕੱਲ ਬੜੀ ਹੀ ਡਰਾਉਣੀ ਹੁੰਦੀ ਹੈ, ਕੰਬ ਕੰਬਾਉਣੀ ਹੁੰਦੀ ਹੈ। ਜਿਨ੍ਹਾਂ ਨੇ ਨਾਮ ਦੀ ਅਤੁਟ ਕਮਾਈ ਕੀਤੀ ਹੁੰਦੀ ਹੈ (ਮਾਨੁਖਾ ਦੇਹ ਧਾਰ ਕੇ) ਤਿਨ੍ਹਾਂ ਨੂੰ ਤ੍ਰਾਹੁਣੇ, ਮਨ-ਕੰਬਾਉਣੇ, ਚਿਤ-ਘਬਰਾਉਣੇ ਮਾਰਗ ਵਿਖੇ ਵਾਹਿਗੁਰੂ ਨਾਮ ਸਚਾ ਸੰਗੀ ਸਾਥੀ ਅਤੇ ਸਹਾਈ ਸੁਹੇਲਾ ਰਾਹਬਰ ਬਣਦਾ ਹੈ। ਜੀਵ ਨੂੰ ਅਗੇ ਜਾ ਕੇ ਐਸਾ ਅਤਿ ਲੰਮਾ ਮਾਰਗ ਦਰਪੇਸ਼ ਆਉਂਦਾ ਹੈ, ਜਿਸ

ਮਾਰਗ ਦੇ ਦੂਰ ਦਰਾਜ਼ੇ ਕੋਸ (ਮੀਲ) ਅਨਗਿਣਤ ਹੁੰਦੇ ਹਨ। ਜੀਵ ਉਸ ਬਿਕਟ ਮਾਰਗ ਬਿਖੇ ਅਤੀ ਅਸਹਿ ਬਿਕ੍ਰਾਲ ਭੁਖ ਤਿਖਾ ਨਾਲ ਭੁਖਾ ਪਿਆਸਾ ਹੋ ਹੋ ਮਰਿ ਮਰਿ ਜਾਂਦਾ ਹੈ। ਜਿਨ੍ਹਾਂ ਨੇ ਨਾਮ ਦੀ ਕਮਾਈ ਨਹੀਂ ਕੀਤੀ ਹੁੰਦੀ, ਉਹ ਭੁਖ ਨਾਲ ਬੜੇ ਹੀ ਦੁਖੀ ਹੁੰਦੇ ਹਨ। ਭੁਖ ਉਨ੍ਹਾਂ ਦੀ ਕਦੇ ਮਿਟਦੀ ਹੀ ਨਹੀਂ, ਬੜੇ ਹੀ ਔਖੇ ਹੁੰਦੇ ਹਨ।

ਜਿਨ੍ਹਾਂ ਨੇ ਨਾਮ ਕਮਾਈਆਂ ਕੀਤੀਆਂ ਹੋਈਆਂ ਹੁੰਦੀਆਂ ਹਨ, ਉਨ੍ਹਾਂ ਨੂੰ ਏਥੇ ਬੀਜਿਆ ਹੋਇਆ ਨਾਮ ਅਗੇ ਜਾ ਕੇ ਵੀ ਪੁੰਗਰਦਾ ਹੈ। ਹਰ ਛਿਨ ਤੇ ਹਰ ਕਦਮ ਤੇ ਨਾਮ ਦਾ ਸਚਾ ਤੋਸ਼ਾ ਉਨ੍ਹਾਂ ਦੇ ਸੰਗ ਰਹਿੰਦਾ ਹੈ। ਨਾਮ ਦਾ ਅਧਾਰ ਏਥੇ ਉਥੇ ਦੋਹੀਂ ਥਾਈਂ ਤਤ-ਰਸ ਅਧਾਰੀ ਤੋਸ਼ਾ ਬਣ ਕੇ ਤਿਨ੍ਹਾਂ ਦੇ ਅੰਤਰ ਸਾਥ ਹਾਜ਼ਰ ਰਹਿੰਦਾ ਹੈ। ਉਨ੍ਹਾਂ ਨੂੰ ਭੁਖ ਦਾ ਦੁਖ ਕੋਈ ਨਹੀਂ ਵਿਆਪਦਾ, ਨਾਮ ਨਾਲ ਹੀ ਰੱਜੇ ਰਹਿੰਦੇ ਹਨ।

ਅਗਲੀ ਦਰਗਾਹ ਵਿਚ ਨਾਲ ਚਲਣ ਵਾਲਾ ਸਚ ਪਦਾਰਥ ਤੋਸ਼ਾ ਹੈ ਤਾਂ ਨਾਮ ਹੀ ਹੈ। ਹੋਰ ਕੋਈ ਪਦਾਰਥ ਨਾਲ ਨਹੀਂ ਜਾਂਦਾ। ਮਾਇਆ ਧਨ ਲਖਮੀ ਦੇ ਅੰਬਾਰਾਂ ਦੇ ਅੰਬਾਰ ਇਕੱਠੇ ਕੀਤੇ ਇਥੇ ਹੀ ਰਹਿ ਜਾਂਦੇ ਹਨ। ਨਾਮ ਮਾਤਰ ਵੀ ਅਧਾਰ ਨਹੀਂ ਦਿੰਦੇ ਅਗੇ ਚਲ ਕੇ, ਨਾ ਅਗੇ ਨਾਲ ਜਾਂਦੇ ਹਨ, ਨਾ ਅਗੇ ਕੋਈ ਅਧਾਰ ਦਿੰਦੇ ਹਨ। ਇਹ ਕੇਵਲ ਨਾਮ ਦਾ ਪਦਾਰਥ ਹੀ ਹੈ, ਜਿਸਦਾ ਅਗਲੇ ਲੋਕ ਵਿਚ ਅਧਾਰ ਮਿਲਦਾ ਹੈ। ਬੜੇ ਬੜੇ ਜਗ ਕੀਤੇ, ਦੇਵ ਪਿਤਰਾਂ ਨਮਿਤ ਸਰਾਧ ਕੀਤੇ ਕੁਝ ਅਧਾਰ ਨਹੀਂ ਦਿੰਦੇ। ਪਿਤਰ ਕਰਮ ਕੀਤੇ ਉਂਵ ਹੀ ਮੁਹਿ (ਖੁਸ) ਜਾਂਦੇ ਹਨ, ਜੀਵਾਂ ਨੂੰ ਅਗੇ ਕਦੇ ਵੀ ਸਹਾਈ ਨਹੀਂ ਹੁੰਦੇ।

ਸਚ ਮੁਚ ਐਸੇ ਪੈਂਡੇ ਵੀ ਅਗੇ ਆਉਂਦੇ ਹਨ, ਜਿਨ੍ਹਾਂ ਪੈਂਡਿਆਂ ਵਿਖੇ ਮਹਾਂ ਅੰਧ ਗੁਬਾਰ ਹੀ ਗੁਬਾਰ ਹੁੰਦਾ ਹੈ, ਹੱਥ ਮਾਰਿਆਂ ਕੁਛ ਦਿਖਾਈ ਨਹੀਂ ਦਿੰਦਾ। ਤਿਨ੍ਹਾਂ ਮਹਾਂ ਅੰਧਕਾਰ ਵਾਲੇ ਪੈਂਡਿਆਂ ਵਿਖੇ ਹਰਿ ਕੇ ਨਾਮ ਦਾ ਹੀ ਉਜਿਆਰਾ ਪਾਰ ਉਤਾਰਾ ਕਰਦਾ ਹੈ। ਜਿਨ੍ਹਾਂ ਨੇ ਨਾਮ ਕਮਾਇਆ ਹੁੰਦਾ ਹੈ, ਤਿਨ੍ਹਾਂ ਨੂੰ ਅਗੇ ਚਲ ਕੇ ਮਹਾਂ ਅੰਧ ਗੁਬਾਰ ਪੈਂਡਿਆਂ ਵਿਚ ਨਾਮ ਦਾ ਉਜਿਆਰਾ ਹਰ ਦਮ ਸੰਗ ਸਾਥ ਰਹਿੰਦਾ ਹੈ। ਦੇਹੀ ਤਿਆਗ ਕੇ ਅਗੇ ਗਏ ਜੀਵ ਨੂੰ ਐਸੇ ਪੰਧ ਪੰਥ ਵੀ ਪੇਸ਼ ਆਉਂਦੇ ਹਨ, ਜਿਥੇ ਉਸ ਦਾ ਕੋਈ ਸੈਣ ਸਾਕ ਸਿਆਣੂ ਨਹੀਂ ਹੁੰਦਾ। ਕਲਮ-ਕਲੇ ਜੀਵ ਨੂੰ ਇਕੱਲ ਪਈ ਖਾਂਦੀ ਹੈ। ਨਾਮ ਜਪਣ ਵਾਲੇ ਜੀਵ ਜਦੋਂ ਦੇਹੀਉਂ ਜੁਦਾ ਹੁੰਦੇ ਹਨ ਤਾਂ ਉਹਨਾਂ ਨੂੰ ਇਕੱਲ ਵਾਲਿਆਂ ਪੈਂਡਿਆਂ ਵਿਖੇ ਵਾਹਿਗੁਰੂ ਦਾ ਨਾਮ ਸੱਚਾ ਪਛਾਣੂ ਹੋ ਕੇ ਪ੍ਰਖਰਦਾ ਹੈ, ਜੋ ਹਰ ਛਿਨ ਉਨ੍ਹਾਂ ਦੇ ਸੰਗ ਸਾਥ ਰਹਿੰਦਾ ਹੈ। ਅਤੇ ਸੰਗ ਸਾਥ ਵੀ ਸਦੀਵ ਲਈ ਨਿਭਦਾ-ਨਿਭਾਉਂਦਾ

ਹੈ । ਐਸੇ ਭਠ ਵਾਙੂੰ ਤਪ ਰਹੇ ਤਪਤ ਅਸਥਾਨਾਂ ਵਿਚ ਦੀ ਜੀਵ ਨੂੰ ਲੰਘਣਾ ਪੈਂਦਾ ਹੈ, ਜਿਥੇ ਮਹਾਂ ਭਿਆਨਕ ਤਪਤ ਵਾਲੀ ਗਰਮੀ ਪੈਂਦੀ ਹੈ ਅਤੇ ਧੁਪ ਹੀ ਧੁਪ ਉਥੇ ਰਹਿੰਦੀ ਹੈ । ਜਿਨ੍ਹਾਂ ਨਾਮ ਕਮਾਈਆਂ ਕੀਤੀਆਂ ਹੋਈਆਂ ਹੁੰਦੀਆਂ ਹਨ, ਤਿਨ੍ਹਾਂ ਨੂੰ ਇਹਨਾਂ ਮਹਾਂ ਭਿਆਨਕ ਤਪਤ ਘਾਮਾਂ ਵਿਖੇ ਵਾਹਿਗੁਰੂ ਨਾਮ ਦੀ ਛਾਉਂ, ਛਾਇਆ ਬਣ ਕੇ ਸਿਰ ਤੇ ਛਾਈ ਰਹਿੰਦੀ ਹੈ । ਫੇਰ ਅਗੇ ਜਾ ਕੇ ਐਨੇ ਡੂਗਰ ਥਾਵਾਂ ਵਿਚ ਦੀ ਭੀ ਦੇਹੀਉਂ ਛੁਟੇ ਜੀਵ ਨੂੰ ਲੰਘਣਾ ਪੈਂਦਾ ਹੈ, ਜਿਥੇ ਕਿਤੇ ਪੀਣ ਨੂੰ ਪਾਣੀ ਨਹੀਂ ਮਿਲਦਾ ਅਤੇ ਬੜੀ ਡਾਢੀ ਤ੍ਰਿਖਾ (ਤ੍ਰੇਹ) ਅਤੇ ਪਿਆਸ ਜੀਵ ਨੂੰ ਕਣਤਾਉਂਦੀ ਤੜਫਾਉਂਦੀ ਹੈ । ਨਿਰੰਕਾਰੀ ਨਾਮ ਦੇ ਅਭਿਆਸ-ਚਾਰੀਆਂ ਨੂੰ ਤਿਥੇ ਹੀ ਅੰਮ੍ਰਿਤ ਦੀ ਬਰਖਾ ਫੁਹਾਰਿਆਂ ਵਾਙੂ ਪੈ ਪੈ ਕੇ ਤ੍ਰਿਪਤਾਉਂਦੀ ਰਹਿੰਦੀ ਹੈ ।

ਇਹ ਅਗੇ ਦੇ ਵਰਤਾਉ ਦਾ ਪਰਤੱਖ ਨਜ਼ਾਰਾ ਹੈ, ਜੋ ਨਦਰ ਕਰੰਮੀਆਂ ਪੇਖਿਆ ਪਰਖਿਆ ਹੈ, ਜਿਸ ਵਿਚ ਸ਼ੱਕ ਸ਼ਕਾਇਤ ਦੀ ਗੁੰਜਾਇਸ਼ ਨਹੀਂ । ਪਰ ਅਸ਼ਰਧਕ ਸੰਸਾਰੀਆਂ ਮਾਇਆ-ਧਾਰੀਆਂ, ਅੰਧ-ਅੰਧਾਰੀਆਂ ਦੀ ਐਸੀ ਗਤੀ ਹੋਇ ਰਹੀ ਹੈ ਕਿ ਜੋ ਠਾਕਰ ਸਦ ਸਦਾ ਹਜੂਰੇ ਹੈ, ਸੋ ਦੂਰ ਹੀ ਦਿਖਦਾ ਹੈ । ਜਿਸ ਵਾਹਿਗੁਰੂ ਦੀ ਸਿਮਰਨ ਮਈ ਸੇਵਾ ਟਹਿਲ ਕੀਤਿਆਂ ਦਰਗਹਿ ਮਾਨ ਪਾਈਦਾ ਹੈ, ਮੁਗਧ ਅਜਾਣ ਮਨਮੁਖੀ ਬੰਦੇ ਤਿਸ ਨੂੰ ਵਿਸਾਰੀ ਫਿਰਦੇ ਹਨ । ਹਾਲਾਂਕਿ ਗੁਰਬਾਣੀ—ਧੁਰੋਂ ਆਈ, ਗੁਰਸਿਖਾਂ ਦੀ ਇਸ਼ਟ ਬਾਣੀ—ਪੁਕਾਰ ਪੁਕਾਰ ਕੇ ਦ੍ਰਿੜ੍ਹਾ ਰਹੀ ਹੈ ਕਿ ਵਾਹਿਗੁਰੂ ਦੇ ਨਾਮ ਜਪਣ ਕਰਕੇ ਦਰਗਹਿ ਮਾਣ ਪ੍ਰਾਪਤ ਹੁੰਦਾ ਹੈ ਅਤੇ ਪਤਿ ਪਰਤਿਸ਼ਟਾ ਸੇਤੀ ਘਰ ਘਾਮ ਵਸੇਰਾ ਪ੍ਰਾਪਤ ਹੁੰਦਾ ਹੈ । ਫੇਰ ਵੀ ਸਿਖ ਸਦਾਉਣ ਵਾਲੇ, ਸਿਖੀ ਦਾ ਦਾਅਵਾ ਕਰੰਨ ਵਾਲੇ ਕਖ ਕਰਕੇ ਨਹੀਂ ਕੁਛ ਸਮਝਦੇ ਅਤੇ ਗੁਰਵਾਕਾਂ ਤੇ ਪ੍ਰਤੀਤ ਨਹੀਂ ਕਰਦੇ । ਯਥਾ—

ਜੋ ਠਾਕੁਰੁ ਸਦ ਸਦਾ ਹਜੂਰੇ ॥
ਤਾ ਕਉ ਅੰਧਾ ਜਾਨਤ ਦੂਰੇ ॥
ਜਾ ਕੀ ਟਹਲ ਪਾਵੈ ਦਰਗਹ ਮਾਨੁ ॥
ਤਿਸਹਿ ਬਿਸਾਰੈ ਮੁਗਧੁ ਅਜਾਨੁ ॥...੩॥(੪)
ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ ॥
ਨਾਨਕ ਪਤਿ ਸੇਤੀ ਘਰਿ ਜਾਵਹਿ ॥੨॥(੬)

(ਸੁਖਮਨੀ ਸਾਹਿਬ, ਪੰਨਾ ੨੬੭ ਤੇ ੨੭੦

ਅਸੀਂ ਨਿਤਾਪ੍ਰਤੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਦੇ ਹਾਂ, ਪਰ ਕਦੇ


www.sikhbookclub.com

ਕਿਸੇ ਸਿਖ ਨੇ ਵੀਚਾਰਿਆ ਹੈ ਤੇ ਕਦੇ ਕਿਸੇ ਸਿਖ ਦਾ ਇਸ ਗੁਰ-ਦਰਸਾਏ ਹੱਕ-ਹਕੰਨੇ ਦ੍ਰਿਸ਼ਯ ਉਤੇ ਯਕੀਨ ਅਮੰਨਾ ਆਇਆ ਹੈ, ਜੋ ਕਿ ਅਨਿੰਨ ਗੁਰਸਿਖਾਂ ਦੇ ਸਿਦਕ ਦਾ ਮਖ਼ਜ਼ਨ ਹੈ ? ਯਥਾ—

ਕਈ ਕੋਟਿ ਪਵਣ ਪਾਣੀ ਬੈਸੰਤਰ ॥
ਕਈ ਕੋਟਿ ਦੇਸ ਭੂ ਮੰਡਲ ॥
ਕਈ ਕੋਟਿ ਸਸੀਅਰ ਸੂਰ ਨਖ੍ਯ੍ਤ੍ਰ ॥
ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ ॥...੩॥(੧੦)

[ਸੁਖਮਨੀ ਸਾਹਿਬ, ਪੰਨਾ ੨੭੫-੭੬

ਇਹ ਗੱਲ ਸੱਚ ਹਕੀਕਤ ਹੈ ਕਿ ਵਾਹਿਗੁਰੂ ਦੀ ਰਚਨਾ ਵਿਖੇ, ਖ਼ੁਦਾ ਦੀ ਖ਼ੁਦਾਈ ਵਿਖੇ ਬੇਅੰਤ ਹੀ ਐਸੀਆਂ ਰਚਨਾਵਾਂ ਹਨ ਜਿਨ੍ਹਾਂ ਦਾ ਸਾਡੇ ਅਲਪੱਗ ਜੀਵਾਂ ਨੂੰ ਇਲਮ ਨਹੀਂ। ਅਲਪੱਗ ਸਾਇੰਸਦਾਨਾਂ ਨੇ ਬਰਸਾਂ ਬੱਧੀ ਟੱਕਰਾਂ ਮਾਰ ਕੇ ਕੁਝ ਥੋੜੀਆਂ ਜੇਹੀਆਂ ਦਰਿਆਫ਼ਤਾਂ,ਡਿਸਕਵਰੀਆਂ (discoveries) ਕੀਤੀਆਂ ਹਨ ਕਿ ਅਕਾਸ਼ ਵਿਖੇ ਇਸ ਧਰਤੀ ਦੀ ਨਿਆਈਂ ਹੋਰ ਭੀ ਧਰਤੀਆਂ ਹਨ; ਇਸ ਸੂਰਜ ਦੀ ਨਿਆਈਂ ਹੋਰ ਭੀ ਸੂਰਜ ਹਨ। ਪਰ ਅਜ ਤੋਂ ਪੰਜ ਛੇ ਸੌ ਸਾਲ ਪਹਿਲਾਂ ਜਦੋਂ ਕਿ ਸਾਇੰਸ ਅਤੇ ਸਾਇੰਸਦਾਨਾਂ ਦੀਆਂ ਕਾਢਾਂ ਪ੍ਰਸਿਧ ਨਹੀਂ ਸਨ ਤਾਂ ਸਾਡੇ ਦਿਬ ਦ੍ਰਿਸ਼ਟ, ਸਰਬਗਤਾ ਸ੍ਰਿਸ਼ਟ ਸਤਿਗੁਰਾਂ ਗੁਪਤੋਂ ਪ੍ਰਗਟਾਇ ਕੇ ਇਹ ਰਬਾਨੀ ਰਾਜ਼ ਫ਼ਾਸ਼ ਕੀਤੇ ਸਨ ਕਿ ਪਉਣ ਪਾਣੀ ਬੈਸੰਤਰ ਆਦਿ ਪੰਜਾਂ ਤਤਾਂ ਦੇ ਕੋਟਾਨ ਕੋਟਿ ਅਗਿਣਤ ਲਾ-ਇੰਨਤਹਾ ਮੁਹੀਤ ਵਾਲੇ ਸਫ਼ੀਅਰ (sphere) ਹਨ। ਅਸਾਡੀ ਇਸ ਇਕ ਮਾਤਰ ਭੂਮੀ (ਧਰਤੀ) ਸਾਰਖੇ ਕੋਟਾਨ ਕੋਟਿ ਦੇਸ ਭੂ-ਮੰਡਲ ਹਨ। ਜਿਥੇ ਸਾਇੰਸਦਾਨਾਂ ਨੇ ਚੰਦ-ਇਕ ਸੂਰਜ ਸਿਤਾਰੇ ਚੰਦ ਤਾਰੇ ਡਿਸਕਵਰ (discover) ਕੀਤੇ, ਅਰਥਾਤ ਮਲੂਮ ਕੀਤੇ ਹਨ ਅਤੇ ਅਜੇ ਵੀ ਸ਼ਸ਼ੋ-ਪੰਜ ਵਿਚ ਪਏ ਹੋਏ ਹਨ, ਤਿਥੇ ਅਸਾਡੇ ਤ੍ਰਿਕਾਲ ਦ੍ਰਿਸ਼ਟੀ ਦੇ ਅਗੰਮ ਗਿਆਨ ਵਾਲੇ ਸਤਿਗੁਰਾਂ ਨੇ "ਕਈ ਕੋਟਿ ਸਸੀਅਰ ਸੂਰ ਨਖ੍ਯ੍ਤ੍ਰ" ਅਰਥਾਤ ਕਈ ਕੋਟਿ ਚੰਦ ਸੂਰਜ ਤਾਰਿਆਂ ਦਾ ਦਿੱਬ ਦ੍ਰਿਸ਼ਟੀ ਦੁਆਰਾ ਦੇਖੇ ਹੋਏ ਦਾ ਸਬੂਤ ਦਿਤਾ ਹੈ। ਅਜ ਕਲ ਦੇ ਸਾਇੰਸਦਾਨ ਕੇਵਲ ਚੰਦ-ਇਕ ਉਦਾਹਰਨਾਂ ਦਿੰਦੇ ਹਨ ਤੇ ਬਾਕੀ ਕੇਵਲ ਅਨੁਮਾਨ ਲਾ ਕੇ ਹੀ ਇਹ ਕਹਿੰਦੇ ਹਨ ਕਿ ਉਹ ਜੋ ਅਣਗਿਣਤ ਤਾਰਾ-ਮੰਡਲ ਅਕਾਸ਼ ਉਤੇ ਦਿਸ ਰਿਹਾ ਹੈ, ਇਹ ਸਭ ਯਾ ਧਰਤੀਆਂ ਹਨ ਸਾਡੀ ਧਰਤੀ ਦੀ ਨਿਆਈਂ, ਯਾ ਤਾਰੇ ਸਿਤਾਰੇ ਹਨ। ਇਨ੍ਹਾਂ ਵਿਚ ਕਈ ਸੂਰਜ ਭੀ ਹਨ ਅਤੇ ਚੰਦ ਭੀ ਹਨ। ਇਹ ਤਾਂ ਉਹਨਾਂ ਦਾ ਦੂਰਬੀਨ ਦੇ ਆਲੇ ਤੇ ਤਕ ਕੇ ਪਰੀਖਿਆ ਅਨੁਮਾਨ ਹੀ ਹੈ। ਪ੍ਰੰਤੂ ਅਸਾਡੇ ਦੂਰਬੀਨ, ਭੂਤ ਭਵਿਖ ਭਵਾਨ

 www.sikhbookclub.com

ਕਲਾ ਦੇ ਗਿਆਨ ਪ੍ਰਬੀਨ ਸਤਿਗੁਰਾਂ ਨੇ ਜੋ ਕੋਟਾਨੁਕੋਟ ਸੂਰਜ ਚੰਦ ਤਾਰੇ ਦਸੇ ਹਨ, ਇਹ ਸਭ ਸਚੀਆਂ ਅਖੀਂ ਦੇਖੀਆਂ ਗੱਲਾਂ ਹਨ, "ਨਾਮੁ ਜਪਤ ਕੋਟਿ ਸੂਰ ਉਜਿਆਰਾ" ਦੀਆਂ। ਅਜ ਕਮਾਈਆਂ ਵਾਲਿਆਂ ਗੁਰਮੁਖਾਂ ਨੂੰ ਇਹ ਨਜ਼ਾਰੇ ਗੁਰੂ ਨਦਰਾਏ, ਗੁਰ ਦਰਸਾਏ, ਪਰਗਟ ਪਹਾਰੇ ਨਜ਼ਰੀਂ ਆਉਂਦੇ ਹਨ। ਫ਼ਿਲਸਫ਼ਾਦਾਨਾਂ ਨੇ ਸਾਰਾ ਜ਼ੋਰ ਮਾਰ ਕੇ ਰਾਜਸ, ਤਾਮਸ, ਸਾਤਕ ਤਿੰਨ ਖ਼ਿਲਅਤਾਂ ਮਲੂਮ ਕੀਤੀਆਂ ਹਨ। ਗੁਰ ਗੰਮ ਅਤੇ ਗੁਰ ਗੰਮਤਾ ਵਾਲਾ ਗੁਰਮਤਿ ਗਿਆਨ ਸ੍ਰੀ ਸੁਖਮਨੀ ਸਾਹਿਬ ਵਿਖੇ ਦਰਸਾਇਆ ਹੋਇਆ ਸਾਫ਼ ਸਪੱਸ਼ਟਾਉਂਦਾ ਹੈ ਕਿ "ਕਈ ਕੋਟਿ ਰਾਜਸ ਤਾਮਸ ਸਾਤਕ" ਖ਼ਿਲਅਤਾਂ ਹਨ। ਜ਼ਮਾਨਾ ਸਲਫ਼ ਤੇ ਜ਼ਮਾਨਾ ਹਾਲ ਦੇ ਵੇਦਾਚਾਰੀ, ਸ਼ਾਸਤਰਕਾਰੀ, ਪੁਰਾਨ-ਸਿਮ੍ਰਤਾਚਾਰੀ ਇਹ ਦਸਦੇ ਆਏ ਹਨ ਅਤੇ ਦੱਸ ਰਹੇ ਹਨ ਕਿ ਚਾਰ ਵੇਦ, ਅਠਾਰਾਂ ਪੁਰਾਣ ਅਤੇ ਚੰਦ ਹੀ ਸਿਮ੍ਰਤੀਆਂ ਉਪਨਿਸ਼ਦਾਂ ਹਨ। ਪ੍ਰੰਤੂ ਅਸਾੜੇ ਧੁਰ-ਧੁਰੰਧਰੀ ਗਿਆਨ ਗੰਮਤਾ ਵਾਲੇ ਸਤਿਗੁਰਾਂ ਨੇ ਸਚ ਹੀ ਸਚ ਨਿਰਣਤ ਕੀਤਾ ਹੈ ਕਿ "ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ" ਹਨ। ਦੁਨੀਆ ਦੀ ਭਾਲ ਕਰਨ ਵਾਲੇ ਦਾਨਿਆਂ ਨੇ ਸਿਰਫ਼ ਗਿਣਤੀ ਦੇ ਸਮੁੰਦਰ ਹੀ ਗਿਣੇ ਹਨ ਅਤੇ ਭਾਰਤ ਦੇ ਹੋ ਚੁਕੇ ਉਘੇ ਸਿਆਣਿਆਂ ਨੇ ਚੌਦਾਂ ਰਤਨ ਹੀ ਗਿਣੇ ਹਨ। ਪਰ ਅਸਾਡੇ ਸੁਰਤ ਅਗੰਮੀ ਪਰਮ ਦਾਨੇ ਬੀਨੇ ਦਿੱਬ ਦ੍ਰਿਸ਼ਟੀਨੇ ਸਤਿਗੁਰਾਂ ਨੇ ਦਸਿਆ ਹੈ ਕਿ ਸਿਰਜਨਹਾਰ ਕਰਤਾਰ ਦੀ ਅਪਾਰ ਰਚਨਾ ਵਿਚ "ਕਈ ਕੋਟਿ ਕੀਏ ਰਤਨ ਸਮੁਦ" ਹਨ। ਜਿਥੇ ਲਖ ਚਉਰਾਸੀਹ ਜੋਨੀ ਦਾ ਹੀ ਹੁਣ ਤਾਈਂ ਅਨੁਮਾਨੀ ਸਬੂਤ ਮਿਲਿਆ ਹੈ, ਤਿਥੇ "ਕਈ ਕੋਟਿ ਨਾਨਾ ਪ੍ਰਕਾਰ ਜੰਤ" ਦਾ ਗੁਪਤ ਭੇਦ ਸਾਡੇ ਸਤਿਗੁਰਾਂ ਨੇ ਖੋਲ੍ਹਿਆ ਹੈ। ਕਈ ਕਰੋੜ ਚਿਰ-ਜੀਵੀਆਂ ਤੇ ਕਈ ਕਰੋੜ ਗਿਰੀ ਮੇਰ ਸਵਰਨਥੀਵਿਆਂ ਦੀ ਗੁਪਤ ਰਚਨਾ ਸਾਡੇ ਸਤਿਗੁਰਾਂ ਦੀ ਗਿਆਨ ਡਿਸਕਵਰੀ (ਖੋਜ) ਵਿਚ ਆਈ ਹੈ। ਆਮ ਲੋਕ ਭੂਤ, ਪ੍ਰੇਤ, ਜਖ, ਕਿੰਨਰ ਤੇ ਪਿਸ਼ਾਚਾਂ ਦੇ ਵਜੂਦ ਨੂੰ ਉੱਕਾ ਹੀ ਨਹੀਂ ਮੰਨਦੇ, ਪਰ ਸਤਿਗੁਰੂ ਦ੍ਰਿੜ੍ਹਾਇਆ ਗੁਰਮਤਿ ਗਿਆਨ ਇਸ ਗੱਲ ਨੂੰ ਨਿਸਚੇ ਕਰਕੇ ਦ੍ਰਿੜ੍ਹ ਕਰਾਉਂਦਾ ਹੈ ਕਿ ਇਹ ਭੀ ਜੂਨੀਆਂ ਹਨ—

ਕਈ ਕੋਟਿ ਜਖ੍ਯ ਕਿੰਨਰ ਪਿਸਾਚ ॥
ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ ॥ ੪॥(੧੦)

[ਸੁਖਮਨੀ ਸਾਹਿਬ, ਪੰਨਾ ੨੭੬

ਏਸ ਵਾਕ ਵਿਚ ਸੂਰਾਂ ਤੇ ਮ੍ਰਿਗਾਂ ਦੀ ਸ਼੍ਰੇਣੀ ਵਿਚ ਹੀ ਨਾਲ ਗਿਣਵੀਂ ਗਿਣਤੀ ਭੂਤ ਪ੍ਰੇਤ ਆਦਿ ਜੂਨੀਆਂ ਦੀ ਭੀ ਕਰ ਦਿਤੀ ਹੈ ਤੇ ਸਾਬਤ ਕੀਤਾ ਹੈ ਕਿ ਜਿਵੇਂ ਮਿਰਗਾਂ ਦੀ ਜੂਨੀ ਦੀ ਹੋਂਦ ਹੈ, ਤਿਵੇਂ ਹੀ ਭੂਤਾਂ ਪ੍ਰੇਤਾਂ ਆਦਿ ਦੀ ਜੂਨੀ

ਹੈ । ਮੁਸਲਮਾਨੀ ਹਦੀਸਾਂ ਨੇ ਅਕਾਸ਼ ਪਤਾਲ ਦੇ ਚੰਦ-ਇਕ ਗਿਣਵੇਂ ਮਿਣਵੇਂ ਤਬਕੇ ਹੀ ਦਸੇ, ਪਰ ਧੁਰੋਂ ਆਈ ਅਮੀਕ ਗਿਆਨ ਗੰਮਤਾ ਵਾਲੀ ਗੁਰਬਾਣੀ ਨੇ—

ਪਾਤਾਲਾ ਪਾਤਾਲ ਲਖ ਅਗਾਸਾ ਆਗਾਸ ॥੨੨॥ —ਜਪੁਜੀ

ਦੇ ਗੁਰ-ਗਿਆਨ ਦੇ ਭੇਦ ਦਾ ਇਨਕਸ਼ਾਫ ਕੀਤਾ । ਤੇ ਏਨ੍ਹਾਂ ਲੱਖਾਂ ਪਾਤਾਲਾਂ ਵਿਚ "ਕਈ ਕੋਟਿ ਪਾਤਾਲ ਕੇ ਵਾਸੀ" ਦੇ ਵਾਕ ਅਨੁਸਾਰ ਉਥੇ ਕਰੋੜਾਂ ਹੀ ਰਹਿਣ ਵਾਲੇ ਭੀ ਜਣਾਏ । ਨਰਕ ਸੁਰਗ ਤੋਂ ਮੁਨਕਰ ਲੋਕਾਂ ਨੂੰ ਨ ਸਿਰਫ਼ ਅਣਗਿਣਤ ਨਰਕ ਸੁਰਗ ਕਰਤੇ ਦੀ ਕਾਇਨਾਤ ਅੰਦਰ ਰਚੇ ਹੋਏ ਸਿਧ ਕੀਤੇ, ਸਗੋਂ ਇਨ੍ਹਾਂ ਨਰਕਾਂ ਸੁਰਗਾਂ ਵਿਚ "ਕਈ ਕੋਟਿ ਨਰਕ ਸੁਰਗ ਨਿਵਾਸੀ" ਭੀ ਦ੍ਰਿਸ਼ਟਾਏ । ਬੜੇ ਬੜੇ ਸਿਆਣਿਆਂ ਨੇ ਚਾਰ ਖਾਣੀਆਂ ਤੇ ਗਿਣਤੀ ਦੇ ਖੰਡ ਹੀ ਦਸੇ ਹਨ, ਪਰ ਸਤਿਗੁਰੂ ਸਾਹਿਬਾਨ ਨੇ ਨ ਸਿਰਫ਼ "ਕਈ ਕੋਟਿ ਖਾਣੀ ਅਰੁ ਖੰਡ" ਹੀ ਸਿਧ ਕੀਤੇ, ਬਲਕਿ "ਕਈ ਕੋਟਿ ਅਕਾਸ ਬ੍ਰਹਮੰਡ" ਭੀ ਸਿਧ ਕੀਤੇ ।

ਸੋ ਗੁਰਸਿਖਾਂ ਨੂੰ ਸਚਾ ਭਰੋਸਾ ਤੇ ਈਮਾਨ ਲਿਆਉਣਾ ਚਾਹੀਦਾ ਹੈ ਕਿ ਅਕਾਲ ਪੁਰਖ ਦੇ ਵਰਾਟ ਰੂਪ ਵਿਚ ਨਾਨਾ ਪ੍ਰਕਾਰੀ ਅਦ੍ਰਿਸ਼ਟ ਰਚਨਾਵਾਂ ਦੀਆਂ ਹਸਤੀਆਂ ਹਨ, ਜਿਨ੍ਹਾਂ ਦੀ ਹੋਂਦ ਤੋਂ ਸਿਰ ਫੇਰਨਾ ਗੁਰ-ਦਰਸਾਈ ਤਤ-ਸਚਾਈ ਤੋਂ ਮੁਨਹਰਫ਼ ਹੋਣਾ ਹੈ, ਜੋ ਪਰਲੇ ਦਰਜੇ ਦੀ ਮਨਮੁਖਤਾ ਹੈ ।

ਨਾਮ ਦੀ ਖੇਪ ਲਦ ਕੇ, ਗੁਰਸਿਖਾਂ, ਸੰਤਾਂ, ਭਗਤਾਂ ਦੀ ਸੰਗਤ ਸੰਗ ਮਿਲ ਕੇ ਤੇ ਸਦਾ ਮਿਲੇ ਰਹਿਣ ਕਰਕੇ ਜੀਵਨ ਧੰਨਤਾ ਯੋਗ ਹੋ ਜਾਂਦਾ ਹੈ ਤੇ ਬਿਖਿਆ ਜੰਜਾਲ ਤੋਂ ਛੁਟਕਾਰਾ ਪਾ ਕੇ ਵਾਹਿਗੁਰੂ ਦੀ ਦਰਗਾਹ ਵਿਚ ਮੁਖ ਉਜਲਾ ਹੁੰਦਾ ਹੈ, ਯਥਾ ਗੁਰਵਾਕ—

ਲਾਦਿ ਖੇਪ ਸੰਤਹ ਸੰਗਿ ਚਾਲੁ ॥
ਅਵਰ ਤਿਆਗਿ ਬਿਖਿਆ ਜੰਜਾਲ ॥
ਧੰਨਿ ਧੰਨਿ ਕਹੈ ਸਭੁ ਕੋਇ ॥
ਮੁਖ ਊਜਲ ਹਰਿ ਦਰਗਹ ਸੋਇ ॥...੫॥(੧੫)

[ਸੁਖਮਨੀ ਸਾਹਿਬ, ਪੰਨਾ ੨੮੩

ਇਹ ਗੁਰੂ ਨਾਨਕ ਦਾ ਘਰ ਹੀ ਹੈ, ਜੋ ਸਿਖ ਦਾ ਹਲਤ ਪਲਤ ਸੰਵਾਰਨ ਨੂੰ ਸਮਰਥ ਹੈ । ਇਸ ਧੁਰੋਂ ਨਿਵਾਜੇ ਘਰ ਅੰਦਰ ਅਵਤਰੇ ਸਤਿਗੁਰੂ ਹੀ ਸਚੇ ਸਤਿਗੁਰੂ ਹਨ । ਗੁਰੂ ਘਰ ਦੀ ਪਰਚਲਤ ਧੁਰ-ਧੁਰੰਧਰੀ ਮਰਯਾਦਾ ਅਨੁਸਾਰ ਅੱਜ ਦੇ ਸੂਮੇਂ ਅੰਮ੍ਰਿਤ ਛਕਣ ਸਮੇਂ ਹੀ ਸਤਿਗੁਰੂ ਧਾਰਨ ਕੀਤਾ ਜਾਂਦਾ ਹੈ ਤੇ ਨਿਗੁਰਿਓਂ ਸਗੁਰੇ ਬਣਿਆ ਜਾਂਦਾ ਹੈ। ਅੰਮ੍ਰਿਤ ਪ੍ਰਚਾਰ ਸਮੇਂ ਪੰਜਾਂ ਪਿਆਰਿਆਂ

ਦੇ ਸਰੂਪ ਵਿਚ ਸਤਿਗੁਰੂ ਨਾਨਕ ਦਸਮੇਸ਼ ਜੀ ਪਰਤੱਖ ਹਾਜ਼ਰ ਹੁੰਦੇ ਹਨ । ਵਡਭਾਗਿਆਂ ਜਗਿਆਸੂਆਂ ਨੂੰ ਪਰਤੱਖ ਦਰਸ਼ਨ ਹੋ ਜਾਂਦੇ ਹਨ ਅਤੇ ਸਤਿਗੁਰੂ ਭੇਟਣ ਦਾ ਅਧਿਭੁਤ ਕ੍ਰਿਸ਼ਮਾ ਪ੍ਰਗਟ ਹੁੰਦਾ ਹੈ । ਸਤਿਗੁਰੂ ਦੇ ਜੋਤਿ ਪਰਜੁਲਤੀ ਚਰਨ ਕਵਲ ਪਰਸਨ ਦਾ ਇਹ ਅਤਿਅੰਤ ਸ਼ੁਭ ਅਵਸਰ ਹੁੰਦਾ ਹੈ । ਸਚਖੰਡ-ਦਰਸ਼ਨੀ ਦਰਸ਼ਨ, ਸਤਿਗੁਰੂ ਦਾ ਜੋਤਿ ਜਲਵਾਨੀ ਦਿਦਾਰਾ, ਸਤਿਗੁਰੂ ਦੀ ਦਿਬ ਜੋਤੀ ਸਮੂਰਤ ਦਾ ਅਪਰ ਅਪਾਰਾ ਹੁੰਦਾ ਹੈ । ਕਿਸੇ ਦੇਹਧਾਰੀ ਪਖੰਡੀ ਗੁਰੂ ਦਾ ਇਹ ਨਾਪਾਕ ਦਾਅਵਾ ਕਿ ਦੇਹਧਾਰੀ ਗੁਰੂ ਧਾਰੇ ਬਿਨਾਂ ਸਿਖ ਦੀ ਗਤੀ ਨਹੀਂ ਹੁੰਦੀ, ਐਵੇਂ ਰਸਮ-ਪੂਰਤੀ ਹੀ ਹੈ, ਗਤੀ ਕੀ ਹੋਣੀ ਸੀ । ਨਿਗੁਰੇ ਗੁਰੂ ਕਿਸੇ ਦੀ ਕੀ ਗਤੀ ਕਰ ਸਕਦੇ ਹਨ ! ਗੁਰਮਤਿ ਅੰਮ੍ਰਿਤ-ਸਿੰਚਾਰਨੀ ਸਚੀ-ਤਤ ਮਰਯਾਦਾ ਅਨੁਸਾਰ ਹੀ ਗੁਰੂ ਧਾਰਿਆ ਜਾ ਸਕਦਾ ਹੈ। ਇਸ ਬਿਧ ਹੀ ਸਤਿਗੁਰੂ ਸਿਖਾਂ ਦਾ ਹਲਤ ਪਲਤ ਸਵਾਰਦਾ ਹੈ, ਆਪਣੇ ਜੀਅ ਨਾਲ ਸੰਮਾਲਦਾ ਹੈ ਅਤੇ ਸਫਲ ਦਰਸ਼ਨ ਦੇ ਕੇ ਸਿਖਾਂ ਨੂੰ ਪੁਨੀਤ ਕਰਦਾ ਹੈ । ਗੁਰੂ ਦੇ ਚਰਨ ਪਰਸਨ ਦੀ ਨਿਰਮਲ ਰੀਤ ਹੀ ਏਸ ਗੁਰਮਤਿ-ਅੰਮ੍ਰਿਤ-ਸਿੰਚਾਰਨੀ ਮਰਯਾਦਾ ਅੰਦਰ ਉਦੀਪਤ (ਪ੍ਰਗਟ) ਹੋ ਜਾਂਦੀ ਹੈ । ਅਜਿਹੇ ਚਰਨ ਕਮਲ ਪਰਸਨ-ਹਾਰਿਆਂ, ਗੁਰ-ਸਨਮੁਖ ਦੀਦਾਰ-ਦੀਦਾਰੀਆਂ ਦਾ ਸੰਗ ਕਰਿ ਹੀ ਰਾਮ ਗੁਣ ਰਵਨ ਹੁੰਦੇ ਹਨ ਅਤੇ ਪਾਰਬ੍ਰਹਮ ਦੀ ਦਰਗਾਹ ਗਵਨ ਹੁੰਦਾ ਹੈ । ਯਥਾ ਗੁਰਵਾਕ—

ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥...
ਸਫਲ ਦਰਸਨੁ ਪੇਖਤ ਪੁਨੀਤ ॥
ਪਰਸਤ ਚਰਨ ਗਤਿ ਨਿਰਮਲ ਰੀਤਿ ॥
ਭੇਟਤ ਸੰਗਿ ਰਾਮ ਗੁਨ ਰਵੇ ॥
ਪਾਰਬ੍ਰਹਮ ਕੀ ਦਰਗਹ ਗਵੇ ॥...੪॥(੧੮)

[ਸੁਖਮਨੀ ਸਾਹਿਬ, ਪੰਨਾ ੨੮੬-੮੭

ਨਿਧਾਨਾਂ ਸਿਰ ਨਿਧਾਨ ਗੁਰਮਤਿ ਨਾਮ ਹੈ, ਜਿਸ ਦੇ ਜਪਣ ਕਰਕੇ ਦਰਗਾਹ ਵਿਚ ਪਰਵਾਨ ਹੋਈਦਾ ਹੈ । ਗੁਰੂ ਨਾਨਕ ਸਾਹਿਬ ਸਾਖ੍ਹਾ ਭਰਦੇ ਹਨ—

ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ ॥
ਜਪਿ ਨਾਨਕ ਦਰਗਹਿ ਪਰਵਾਨੁ ॥੨॥(੧੯) [ਸੁਖਮਨੀ ਸਾਹਿਬ

ਨਾਮ ਨਿਧਾਨ ਰੂਪੀ ਪੂੰਜੀ ਸੰਚਨ ਕੀਤਿਆਂ ਹੀ ਦਰਗਹ ਵਾਲੀ ਸਚੀ ਖੇਪ ਲੱਦੀਦੀ ਹੈ, ਜਿਸ ਕਰਕੇ ਇਸ ਦੁਨੀਆ ਵਿਚ ਸਚਾ ਸੁਖ ਮਿਲਦਾ ਹੈ। ਅਤੇ ਅਗੇ

ਸਚੀ ਦਰਗਾਹ ਅੰਦਰ ਜੈ-ਜੈਕਾਰ ਹੁੰਦੀ ਹੈ—

ਹਰਿ ਪੂੰਜੀ ਸੰਚਿ ਕਰਹੁ ਬਿਉਹਾਰ ॥
ਈਹਾ ਸੁਖੁ ਦਰਗਹ ਜੈਕਾਰੁ ॥...੭॥(੧੯) [ਸੁਖਮਨੀ ਸਾਹਿਬ

ਗੁਰਮਤਿ ਨਾਮ (ਜੋ ਸਭ ਮਹਿ ਰਵਿ ਰਹਿਆ ਹੈ) ਕਮਾਈ ਕਰ ਕੇ ਅੰਦਰ ਉਰਧਾਰਿਆਂ ਹਲਤ ਪਲਤ ਦੋਵੇਂ ਸਉਰ ਜਾਂਦੇ ਹਨ—

ਹਲਤੁ ਪਲਤੁ ਦੁਇ ਲੇਹੁ ਸਵਾਰਿ ॥
ਰਾਮ ਨਾਮੁ ਅੰਤਰਿ ਉਰਿਧਾਰਿ ॥...੬॥(੨੨) [ਸੁਖਮਨੀ ਸਾਹਿਬ

ਗੁਰੂ ਨਾਨਕ ਦੇ ਘਰ ਦਾ ਦ੍ਰਿੜ੍ਹਾਇਆ ਗੁਰਮਤਿ ਨਾਮ ਧਿਆਇਆਂ ਕਮਾਇਆਂ ਹਲਤ ਪਲਤ ਅੰਦਰ ਛੁਟਕਾਰਾ ਹੁੰਦਾ ਹੈ—

ਜਨ ਨਾਨਕ ਨਾਮੁ ਧਿਆਇ ਤੂ
ਹਰਿ ਹਲਤਿ ਪਲਤਿ ਛੋਡਾਇਸੀ ॥੧॥(੧੮)
[ਗਉੜੀ ਕੀ ਵਾਰ, ਸਲੋਕ ਮ: ੪, ਪੰਨਾ ੩੧੦

ਜੋ ਦਰਗਹ ਵਿਚ ਮੁਖ ਉਜਲੇ ਲੈ ਕੇ ਜਾਣਹਾਰੇ ਤੇ ਸੋਭਾ ਪਾਉਣਹਾਰੇ ਹਨ, ਤਿਨ੍ਹਾਂ ਗੁਰਸਿਖਾਂ ਦੀ ਧੂੜ ਮੰਗਣ ਦੀ ਉਤਕੰਠਾ ਇਸ ਵਾਕ ਵਿਚ ਅੰਕਤ ਕੀਤੀ ਗਈ ਹੈ—

ਹਰਿ ਦਰਗਹ ਤੇ ਮੁਖ ਉਜਲੇ ਬਹੁ ਸੋਭਾ ਪਾਈ ॥
ਜਨੁ ਨਾਨਕੁ ਮੰਗੈ ਧੂੜਿ ਤਿਨ ਜੋ ਗੁਰ ਕੇ ਸਿਖ ਮੇਰੇ ਭਾਈ ॥੨॥(੧੮)
[ਗਉੜੀ ਕੀ ਵਾਰ, ਮ: ੪, ਪੰਨਾ ੩੧੦

ਜਿਨ੍ਹਾਂ ਨੂੰ ਜੋਤਿ ਪ੍ਰਕਾਸ਼ੀ ਰਿਦੇ ਅੰਦਰ ਦਰਸ਼ਨ ਹੋਏ ਹਨ, ਤਿਨ੍ਹਾਂ ਨੂੰ ਦਰਗਾਹ ਅੰਦਰ ਸਤਿਗੁਰੂ ਨਾਨਕ ਆਪ ਛੁਡਾਇ ਲੈਂਦੇ ਹਨ—

ਨਾਨਕ ਦਰਸਨੁ ਜਿਨਾ ਵੇਖਾਲਿਓਨੁ
ਤਿਨਾ ਦਰਗਹ ਲਏ ਛਡਾਇ ॥੧॥(੨੬)
[ਵਾਰ ਗਉੜੀ, ਸਲੋਕੁ ਮ: ੩, ਪੰਨਾ ੩੧੪

ਜਿਨ੍ਹਾਂ ਦੇ ਨਾਮ ਧਨ ਪੱਲੇ ਹੈ, ਉਹ ਸਲਾਹੁਣ ਜੋਗ ਹਨ। ਨਾਮ ਜਪਣ-ਹਾਰਿਆਂ ਦਾ ਇਹ ਲੋਕ ਸੁਹੇਲਾ ਹੋ ਜਾਂਦਾ ਹੈ ਤੇ ਅਗਲਾ ਲੋਕ ਭੀ ਨਾਮ ਦੇ ਪ੍ਰਤਾਪ ਕਰਿ ਨਾਲ ਹੀ ਸੁਹੇਲਾ ਹੋ ਜਾਂਦਾ ਹੈ। ਇਸ ਤਰ੍ਹਾਂ ਸਚ ਧਰਮ ਦਾ ਅਹਿਲ ਥੰਮਾਂ ਵਾਲਾ ਅਟੱਲ ਘਰ ਦਰਗਾਹ ਅੰਦਰ ਨਿਹਚਲ ਨੀਂਵ ਵਾਲਾ ਬੰਨ੍ਹਿਆ ਜਾਂਦਾ ਹੈ। ਨਾਮ ਨਾਰਾਇਣੀ ਇਹ ਅਬਚਲੀ ਓਟ ਦੀਨ ਦੁਨੀਆ ਵਿਚ ਅਸਥਿਰ ਰਹਿਣ ਵਾਲੀ ਹੈ। ਜਿਨ੍ਹਾਂ ਨੇ ਵਾਹਿਗੁਰੂ ਨਾਮ ਦੇ ਚਰਨ ਗਹਿ ਕਰ ਕੇ ਪਕੜੇ ਹਨ, ਉਹ

ਹਰਿ ਦਰਗਾਹ ਅੰਦਰ ਭੀ ਚਰਨ ਮੱਲੀ ਰਖਦੇ ਹਨ, ਵਾਹਿਗੁਰੂ-ਚਰਨ ਛਡਦੇ ਨਹੀਂ। ਯਥਾ ਗੁਰਵਾਕ:—

ਤਿਸੈ ਸਰੇਵਹੁ ਪ੍ਰਾਣੀਹੋ ਜਿਸ ਦੈ ਨਾਉ ਪਲੈ ॥
ਐਥੈ ਰਹਹੁ ਸੁਹੇਲਿਆ ਅਗੈ ਨਾਲਿ ਚਲੈ ॥
ਘਰੁ ਬੰਧਹੁ ਸਚ ਧਰਮ ਕਾ ਗਡਿ ਥੰਮੁ ਅਹਲੈ ॥
ਓਟ ਲੈਹੁ ਨਾਰਾਇਣੈ ਦੀਨ ਦੁਨੀਆ ਝਲੈ ॥
ਨਾਨਕ ਪਕੜੇ ਚਰਨ ਹਰਿ ਤਿਸੁ ਦਰਗਹ ਮਲੈ ॥੮॥

[ਗਉੜੀ ਕੀ ਵਾਰ, ਮ: ੫, ਪੰਨਾ ੩੨੦

ਸਤਿਗੁਰੂ ਨਾਨਕ ਸਭ ਤੋਂ ਵਡਾ ਹੈ। ਨਾਨਕ ਕਾ ਸਾਹਿਬ ਭੀ ਸਭ ਤੋਂ ਵਡਾ ਹੈ। ਵਡੇ ਦੀ ਵਡੀ ਵਡਿਆਈ ਇਹ ਹੈ ਕਿ ਉਹ ਆਪਣੇ ਸਿਖਾਂ ਸੇਵਕਾਂ ਨੂੰ ਸਚੀ ਵਡਿਆਈ ਦਿੰਦਾ ਹੈ। ਉਹ ਆਪ ਵੱਡਾ ਹੈ ਤੇ ਉਸਦਾ ਦਰਬਾਰ ਵੀ ਵਡਾ ਹੈ। ਆਪਣੇ ਸਚੇ ਤੇ ਵਡੇ ਦਰਬਾਰ ਵਿਚ ਪੁਗ ਖਲੋਤੇ ਸਿਖਾਂ ਸੇਵਕਾਂ ਨੂੰ ਵਡੀਰਦਾ ਹੈ। ਵਡੇ ਵਾਹਿਗੁਰੂ ਦੇ ਪਠਾਏ ਸਭ ਤੋਂ ਵਡੇ ਸਤਿਗੁਰੂ ਧੰਨ ਗੁਰੂ ਨਾਨਕ ਦੀ ਵਡੀ ਵਡਿਆਈ ਵਿਖਿਆਤ ਹੈ ਕਿ ਉਹ ਸਚਾ ਕਰਨੇਹਾਰ, ਪ੍ਰੇਤ ਸੁਭਾਉ ਵਾਲੇ ਮਨੁਖਾਂ ਨੂੰ ਦੇਵਤੇ ਬਣਾ ਦਿੰਦਾ ਹੈ, ਸਿਖ ਸਜਾ ਕੇ ਸਚੇ ਦੇਵਤੇ ਬਣਾਉਂਦਾ ਹੈ, ਸਾਰੇ ਸਚੇ ਸਿਖਾਂ ਨੂੰ ਉਬਾਰ ਲੈਂਦਾ ਹੈ ਤੇ ਉਨ੍ਹਾਂ ਦੇ ਸਾਰੇ ਹੀ ਕਾਰਜ ਸੰਵਾਰ ਦਿੰਦਾ ਹੈ। ਜੋ ਗੁਰੂ ਘਰ ਦੀ ਤੇ ਗੁਰੂ ਕੇ ਸਿਖਾਂ ਦੀ ਨਿੰਦਾ ਕਰਦੇ ਹਨ ਤਿਨ੍ਹਾਂ ਨੂੰ ਸਚੇ ਦਰਬਾਰ ਅਰਥਾਤ ਅਗਲੀ ਦਰਗਾਹ ਵਿਚ ਝੂਠੇ ਕਰ ਕੇ ਪਕੜ ਪਛਾੜਦਾ ਹੈ। ਐਸਾ ਸਤਿਗੁਰੂ ਸਚਾ ਪਾਤਸ਼ਾਹ ਹੈ, ਜੋ ਸਚੋ ਸਚ ਨਿਆਉਂ ਨਿਬੇੜਨਹਾਰਾ ਹੈ। ਉਸ ਸਚੀ ਦਰਗਾਹ ਵਿਚ ਸਭ ਸਚੋ ਸਚ ਹੀ ਨਿਬੜਦਾ ਹੈ। ਯਥਾ—

ਪਰੇਤਹੁ ਕੀਤੋਨੁ ਦੇਵਤਾ ਤਿਨਿ ਕਰਣੈਹਾਰੇ ॥
ਸਭੇ ਸਿਖ ਉਬਾਰਿਅਨੁ ਪ੍ਰਭਿ ਕਾਜ ਸਵਾਰੇ ॥
ਨਿੰਦਕ ਪਕੜਿ ਪਛਾੜਿਅਨੁ ਝੂਠੇ ਦਰਬਾਰੇ ॥
ਨਾਨਕ ਕਾ ਪ੍ਰਭੁ ਵਡਾ ਹੈ ਆਪਿ ਸਾਜਿ ਸਵਾਰੇ ॥੨॥(੨੦)

[ਵਾਰ ਗਉੜੀ, ਮ: ੫, ਪੰਨਾ ੩੨੩

ਜਿਸ ਜਨ ਉਪਰ ਵਾਹਿਗੁਰੂ ਦੀ ਐਸੀ ਕਿਰਪਾ, ਨਦਰ, ਮਿਹਰ, ਪ੍ਰਸਾਦ ਹੋਵੇ ਕਿ ਉਹ ਨਾਮ ਦੇ ਪ੍ਰਤਾਪ ਕਰਿ ਐਸੀ ਨਿਮ੍ਰਤਾ ਧਾਰਨ ਕਰੇ ਤੇ ਐਸੀ ਤਤ ਉਪਰਾਮਤਾ (ਵੈਰਾਗਮਈ) ਦੁਨੀਆ ਅੰਦਰ ਰਹਿੰਦੇ ਹੋਏ ਆਪਣੇ ਜੀਵਨ ਤੇ ਵਰਤਾਵੇ ਕਿ ਉਹ ਆਪਣੇ ਆਪ ਨੂੰ ਹਰ ਨਿਮਖ ਸੰਸਾਰ ਤੇ ਪ੍ਰਾਹੁਣਾ ਆਇਆ ਹੀ

ਜਾਣੇ ਤਾਂ ਉਸ ਨੂੰ ਦਰਗਾਹ ਵਿਚ ਕੁਝ ਇੱਜ਼ਤ ਮਾਣ ਪ੍ਰਾਪਤ ਹੁੰਦਾ ਹੈ—

ਗੁਰ ਪਰਸਾਦਿ ਜਾਣੈ ਮਿਹਮਾਨੁ ॥
ਤਾ ਕਿਛੁ ਦਰਗਹ ਪਾਵੈ ਮਾਨੁ ॥੪॥੪॥

[ਆਸਾ ਮਹਲਾ ੧, ਪੰਨਾ ੩੫੦

ਜਿਹੜੇ ਬੇਮੁਖ ਗੁਰੂ ਦੇ ਹੁਕਮਾਂ ਤੋਂ ਟੇਢੇ ਚਲਦੇ ਹਨ, ਉਹ ਗੁਰਮਤਿ ਮਾਰਗ ਤੇ ਨਾ ਚਲਣ ਕਰਕੇ ਧੁਰ ਟਿਕਾਣੇ ਨਹੀਂ ਪਹੁੰਚਦੇ । ਉਨ੍ਹਾਂ ਨੂੰ ਅਗਲੀ ਦਰਗਾਹ ਵਿਚ ਬੈਠਣ ਨੂੰ ਥਾਂ ਨਹੀਂ ਮਿਲਦੀ । ਉਹ ਐਵੇਂ ਭਟਕਦੇ ਫਿਰਦੇ ਹਨ । ਜਿਨ੍ਹਾਂ ਨੂੰ ਸਤਿਗੁਰੂ ਨੇ ਕਿਰਪਾ ਕਰ ਕੇ ਸਤਿਨਾਮ ਗੁਰਮੰਤ੍ਰ ਬਖ਼ਸ਼ਿਆ ਹੈ ਤੇ ਜਿਨ੍ਹਾਂ ਨੇ ਏਸ ਗੁਰਮੰਤ੍ਰ ਦਾ ਜਾਪ-ਸਿਮਰਨ ਕੀਤਾ ਹੈ, ਉਨ੍ਹਾਂ ਨੂੰ ਹੀ ਸਚੀ ਦਰਗਾਹੇ ਬੈਠਣ ਲਈ ਥਾਉਂ ਮਿਲਦਾ ਹੈ—

ਵਾਟ ਨ ਪਾਵਉ ਵੀਗਾ ਜਾਉ ॥
ਦਰਗਹ ਬੈਸਣ ਨਾਹੀ ਥਾਉ ॥...੨॥
ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥
ਦਰਗਹ ਬੈਸਣ ਹੋਵੈ ਥਾਉ ॥...੪॥੧੮॥

[ਆਸਾ ਮ: ੧, ਪੰਨਾ ੩੫੪

ਜਿਨ੍ਹਾਂ ਗੁਰਮੁਖਾਂ ਨੇ ਐਸਾ ਨਾਮ ਜਪਿਆ ਹੈ ਕਿ ਉਨ੍ਹਾਂ ਦਾ ਮਨ ਦਿਨ ਰਾਤ ਨਾਮ ਦੇ ਰੰਗਾਂ ਵਿਚ ਰੱਤਾ ਹੀ ਰਹਿੰਦਾ ਹੈ ਤੇ ਜਿਨ੍ਹਾਂ ਨੇ ਏਸ ਮਨ-ਰੰਗ-ਰੱਤੀ ਦਸ਼ਾ ਵਿਚ ਸਾਰੀ ਉਮਰ ਤੋੜ ਨਿਭਾਈ ਹੈ, ਤਿਨ੍ਹਾਂ ਦਾ ਜਨਮ ਮਰਨ ਦਾ ਦੁਖ ਸਾਰਾ ਹੀ ਦੂਰ ਹੋ ਜਾਂਦਾ ਹੈ ਤੇ ਉਹ ਸਹਿਜ ਸੁਭਾਉ ਹੀ ਵਾਹਿਗੁਰੂ ਦੀ ਦਰਗਾਹੇ ਜਾ ਮਿਲਦੇ ਹਨ—

ਜੋ ਮਨਿ ਰਾਤੇ ਹਰਿ ਰੰਗੁ ਲਾਇ ॥
ਤਿਨ ਕਾ ਜਨਮ ਮਰਣ ਦੁਖੁ ਲਾਥਾ
ਤੇ ਹਰਿ ਦਰਗਹ ਮਿਲੇ ਸੁਭਾਇ ॥੧॥ਰਹਾਉ॥ (੪॥੪॥੪੩)

[ਆਸਾ ਮ: ੩, ਪੰਨਾ ੩੬੨

ਜਾਤ ਅਤੇ ਰੂਪ ਦਾ ਅਭਿਮਾਨ ਫ਼ਜ਼ੂਲ ਹੈ । ਜਾਤ ਰੂਪ ਕਰਕੇ ਕੋਈ ਵਡਿਆਈ ਨਹੀਂ ਪਾਉਂਦਾ, ਏਸ ਦੁਨੀਆ ਵਿਚ ਭਾਵੇਂ ਚਾਰ ਦਿਨ ਦੀ ਸੋਭਾ ਮਿਲ ਜਾਂਦੀ ਹੋਵੇ । ਇਹ ਭੀ ਜਾਂਦੀ ਬਿਲਮ ਨਹੀਂ ਲਾਉਂਦੀ । ਅਗੇ ਵਾਹਿਗੁਰੂ ਦੀ ਦਰਗਾਹ ਵਿਚ ਤਾਂ ਜਾਤ ਤੇ ਰੂਪ ਦੀ ਕੁਝ ਚਲਦੀ ਹੀ ਨਹੀਂ । ਜੇਹੇ ਕੋਈ ਕਰਮ ਏਥੇ ਕਮਾਉਂਦਾ ਹੈ, ਤੇਹੇ ਫਲ ਅਗੇ ਜਾ ਕੇ ਪਾਉਂਦਾ ਹੈ । ਜੈਸੇ ਕਰਮ ਏਥੇ

ਕਮਾਉਂਦਾ ਹੈ, ਤੇਹੋ ਜਿਹਾ ਅਗੇ ਜਾ ਕੇ ਹੁੰਦਾ ਹੈ ।

ਪਰ ਗੁਰ-ਸ਼ਬਦ ਜਾਪ ਰੂਪੀ ਕਰਮ, ਅਰਥਾਤ ਨਾਮ ਦਾ ਜਾਪ-ਸਿਮਰਨ ਸਭ ਕਰਮਾਂ ਤੋਂ ਉਚਾ ਸੁਚਾ ਕਰਮ ਹੈ । ਇਸ ਕਰਕੇ ਜੋ ਜਨ ਗੁਰ-ਸ਼ਬਦ ਰੂਪੀ ਜਪ ਕਰਨ ਦੀ ਉਚੀ ਸੁਚੀ ਕਮਾਈ ਕਰਦਾ ਹੈ, ਸੋ ਜਨ ਅਗੇ ਜਾ ਕੇ ਭੀ ਉਚੋਂ ਉਚਾ ਹੁੰਦਾ ਹੈ ਅਤੇ ਉਚੀ ਹੀ ਉਚੀ ਥਾਉਂ ਮਰਤਬਾ ਅਗਲੀ ਦਰਗਾਹੇ ਪਾਉਂਦਾ ਹੈ ਤੇ ਸਚੇ ਦੇ ਸਚ ਸਰੂਪ ਵਿਚ ਹੀ ਸਮਾ ਜਾਂਦਾ ਹੈ । ਯਥਾ ਗੁਰਵਾਕ—

ਆਗੈ ਜਾਤਿ ਰੂਪੁ ਨ ਜਾਇ ॥
ਤੇਹਾ ਹੋਵੈ ਜੇਹੇ ਕਰਮ ਕਮਾਇ ॥
ਸਬਦੇ ਊਚੋ ਊਚਾ ਹੋਇ ॥
ਨਾਨਕ ਸਾਚਿ ਸਮਾਵੈ ਸੋਇ ॥੪॥੮॥੪੭॥

[ਆਸਾ ਮ: ੩, ਪੰਨਾ ੩੬੩

ਏਸ ਦੁਨੀਆ ਵਿਚ ਜਿਨ੍ਹਾਂ ਗੱਲਾਂ ਵਿਚ ਪ੍ਰਾਣੀ ਖਪ ਖਪ ਮਰਦਾ ਹੈ, ਉਹ ਸਭ ਏਥੇ ਦੀਆਂ ਏਥੇ ਹੀ ਰਹਿ ਜਾਣੀਆਂ ਹਨ । ਅਗੇ ਤਿਲ ਮਾਤਰ ਭੀ ਕੰਮ ਨਹੀਂ ਆਉਣੀਆਂ । ਰਾਜ, ਮਿਲਖ, ਜੋਬਨ, ਘਰ ਬਾਰ, ਸੋਭਾ ਰੂਪ ਤੇ ਜੁਆਨੀ, ਬਹੁਤਾ ਧਨ, ਹਾਥੀ ਘੋੜੇ ਤੇ ਲੱਖਾਂ ਦੀ ਕੀਮਤ ਦੇ ਲਾਲ, ਇਹ ਸਭ ਗੁਣ ਪਦਾਰਥ ਅਗੇ ਦਰਗਾਹ ਵਿਚ ਕੰਮ ਨਹੀਂ ਆਉਂਦੇ । ਏਹਨਾਂ ਚੀਜ਼ਾ ਦੇ ਵਿਹਾਝਣਹਾਰੇ, ਇਹ ਸਭ ਕੁਝ ਏਥੇ ਹੀ ਛੱਡ ਕੇ ਚਲੇ ਜਾਂਦੇ ਹਨ । ਤਾਂ ਤੇ ਜਿਨ੍ਹਾਂ ਪਦਾਰਥਾਂ ਨੇ ਐਥੇ ਹੀ ਧਰੇ ਰਹਿਣਾ ਹੈ, ਤੇ ਨਾਲ ਨਹੀਂ ਚਲਣਾ, ਉਨ੍ਹਾਂ ਵਿਚ ਖੱਚਤ ਹੋਣਾ ਤੇ ਉਨ੍ਹਾਂ ਨੂੰ ਵਿਹਾਝਣਾ ਬਿਰਥਾ ਤੇ ਅਕਾਰਥ ਹੈ । ਅਗੇ ਨਾਲ ਚਲਣ ਤੇ ਨਿਭਣ ਵਾਲੀ ਵਸਤੂ ਇਕੋ ਨਾਮ ਪਦਾਰਥ ਹੀ ਹੈ । ਇਸ ਲਈ ਇਕੋ ਨਾਮ ਪਦਾਰਥ ਤੋਂ ਬਿਨਾਂ ਹੋਰ ਮਾਇਕ ਪਦਾਰਥਾਂ ਵਿਚ ਉੱਕਾ ਹੀ ਚਿੱਤ ਨਹੀਂ ਲਾਉਣਾ ਚਾਹੀਦਾ । ਬਸ ਊਠਤ, ਬੈਠਤ, ਸੋਵਤ, ਜਾਗਤ, ਸਦਾ ਇਕੋ ਨਾਮ ਧਿਆਉਣਾ ਹੀ ਇਸ ਮਨੁਖਾ ਜੀਵਨ ਦਾ ਮੁਖ ਉਦੇਸ਼ ਹੈ । ਕਿਉਂਕਿ ਇਸੇ ਨਾਮ ਨੇ ਅਗਲੀ ਦਰਗਾਹ ਵਿਚ ਸਹਾਈ ਹੋਣਾ ਹੈ—

ਰਾਜ ਮਿਲਕ ਜੋਬਨ ਗ੍ਰਿਹ ਸੋਭਾ ਰੂਪਵੰਤੁ ਜੋੁਆਨੀ ॥
ਬਹੁਤੁ ਦਰਬੁ ਹਸਤੀ ਅਰੁ ਘੋੜੇ ਲਾਲ ਲਾਖ ਬੈ ਆਨੀ ॥
ਆਗੈ ਦਰਗਹਿ ਕਾਮਿ ਨ ਆਵੈ ਛੋਡਿ ਚਲੈ ਅਭਿਮਾਨੀ ॥੧॥
ਕਾਹੇ ਏਕ ਬਿਨਾ ਚਿਤੁ ਲਾਈਐ ॥
ਊਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ ॥੧॥ਰਹਾਉ॥

(੪॥੧॥੩੮) [ਆਸਾ ਘਰੁ ੩ ਮ: ੫, ਪੰਨਾ ੩੭੯

ਅਗਲੇ ਗੁਰ ਪ੍ਰਮਾਣ ਵਿਚ ਨਿੰਦਕ ਦੀ ਗਤ ਦਸੀ ਗਈ ਹੈ ਕਿ ਅਗਲੀ ਦਰਗਾਹ ਵਿਚ ਨਿੰਦਕ ਦਾ ਕੀ ਹਾਲ ਹੁੰਦਾ ਹੈ। ਜੋ ਕੁਝ ਇਸ ਵਾਕ ਵਿਚ ਦਸਿਆ ਗਿਆ ਹੈ, ਇਹ ਵਰਤਾਰਾ ਸਚ ਮੁਚ ਦਰਗਾਹ ਵਿਚ ਵਤਰਦਾ ਹੈ, ਇਸ ਵਿਚ ਰਤਾ ਸੰਦੇਹ ਨ ਕਰੋ—

ਜਨਮ ਜਨਮ ਕੀ ਮਲੁ ਧੋਵੈ ਪਰਾਈ ਆਪਣਾ ਕੀਤਾ ਪਾਵੈ ॥
ਈਹਾ ਸੁਖੁ ਨਹੀ ਦਰਗਹ ਢੋਈ ਜਮਪੁਰਿ ਜਾਇ ਪਚਾਵੈ ॥੧॥
ਨਿੰਦਕਿ ਅਹਿਲਾ ਜਨਮੁ ਗਵਾਇਆ ॥
ਪਹੁਚਿ ਨ ਸਾਕੈ ਕਾਹੂ ਬਾਤੈ
ਆਗੈ ਠਉਰ ਨ ਪਾਇਆ ॥੧॥ਰਹਾਉ॥
ਕਿਰਤੁ ਪਇਆ ਨਿੰਦਕ ਬਪੁਰੇ ਕਾ
ਕਿਆ ਓਹੁ ਕਰੈ ਬਿਚਾਰਾ ॥
ਤਹਾ ਬਿਗੂਤਾ ਜਹ ਕੋਇ ਨ ਰਾਖੈ
ਓਹੁ ਕਿਸੁ ਪਹਿ ਕਰੇ ਪੁਕਾਰਾ ॥੨॥ (੪॥੨॥੪੧)

[ਆਸਾ ਮ ੫, ਪੰਨਾ ੩੮੦-੮੧

ਇਸ ਗੁਰਵਾਕ ਦਾ ਮੋਟਾ ਭਾਵ ਇਹ ਹੈ ਕਿ ਨਿੰਦਾ ਕਰ ਕੇ ਨਿੰਦਕ ਪਰਾਈ ਮੈਲ ਹੀ ਧੋਂਦਾ ਹੈ। ਜਿਸ ਦੀ ਨਿੰਦਾ ਕਰਦਾ ਹੈ, ਉਸ ਦੀ ਜਨਮ ਜਨਮ ਦੀ ਮੈਲ ਧੋਂਦਾ ਹੈ, ਪਰ ਕਿਸੇ ਦਾ ਕੁਝ ਵਿਗਾੜ ਨਹੀਂ ਸਕਦਾ, ਸਗੋਂ ਆਪਣਾ ਕੀਤਾ ਆਪ ਪਾਉਂਦਾ ਹੈ। ਉਸ ਨੂੰ ਨ ਇਸ ਲੋਕ ਵਿਚ ਸੁਖ ਮਿਲਦਾ ਹੈ, ਨ ਅਗਲੀ ਦਰਗਾਹੇ ਢੋਈ ਪ੍ਰਾਪਤ ਹੁੰਦੀ ਹੈ, ਸਿਧਾ ਜਮਪੁਰੀ ਜਾ ਸਿਧਾਉਂਦਾ ਹੈ। ਉਸ ਨੇ ਮਨੁਖਾ ਜਨਮ ਐਵੇਂ ਹੀ ਗਵਾ ਲਿਆ। ਉਹ ਕਿਸੇ ਤਰ੍ਹਾਂ ਦੀ ਉਚ ਅਵਸਥਾ ਵਾਲੀ ਸਦਗਤੀ ਨੂੰ ਪ੍ਰਾਪਤ ਨਹੀਂ ਹੋ ਸਕਦਾ। ਜਿਸ ਦੀ ਨਿੰਦਾ ਕਰਦਾ ਹੈ, ਉਸ ਦੀ ਬਰਾਬਰੀ ਨਹੀਂ ਕਰ ਸਕਦਾ। ਅਗਲੀ ਦਰਗਾਹ ਉਸ ਨੂੰ ਕੋਈ ਥਾਂ ਨਹੀਂ ਮਿਲਦੀ। ਆਪਣੀ ਕਰਨੀ ਦਾ ਫਲ ਪਾਉਂਦਾ ਹੈ। ਇਹੋ ਉਸ ਦੇ ਕਰਮਾਂ ਵਿਚ ਲਿਖਿਆ ਹੋਇਆ ਹੁੰਦਾ ਹੈ, ਸੋ ਉਹ ਭੁਗਤਦਾ ਹੈ। ਉਸ ਵਿਚਾਰੇ ਦੇ ਕੀ ਵਸ ਹੈ, ਭੁਗਤਾਉਣਹਾਰਾ ਭੁਗਤਾਉਂਦਾ ਹੈ। ਆਪਣੇ ਕਰਮਾਂ ਕਰਕੇ ਐਸੇ ਦੁਖਾਵੇਂ ਥਾਵੀਂ ਖੁਆਰ ਹੁੰਦਾ ਹੈ, ਜਿਥੇ ਉਸ ਦੀ ਕੋਈ ਰਖਿਆ ਨਹੀਂ ਕਰ ਸਕਦਾ। ਪਇਆ ਕੂਕ ਪੁਕਾਰ ਕਰਦਾ ਹੈ, ਪਰ ਉਸ ਦੀ ਕੋਈ ਨਹੀਂ ਸੁਣਦਾ।

ਇਹ ਭਿਆਨਕ ਨਜ਼ਾਰਾ ਅਗੇ ਦਾ ਯਥਾਰਥੀ ਵਰਤਣ ਵਾਲਾ ਹਾਲ ਦਸਿਆ ਹੈ, ਨਿਰਾ ਰੋਚਕ-ਬਿਆਨੀ ਕਥਨੀ ਮਾਤਰੀ ਡੂਮ ਡਰਾਵਾ ਹੀ ਨਹੀਂ।

 www.sikhbookclub.com

ਇਹ ਕੁਛ ਨਿੰਦਕ ਨਾਲ ਅਗਲੀ ਦਰਗਹ ਪ੍ਰਤੱਖ ਵਰਤ ਕੇ ਰਹਿੰਦਾ ਹੈ ਤੇ ਇਸ ਤੋਂ ਬਚਣ ਦਾ ਕੋਈ ਚਾਰਾ ਨਹੀਂ। ਤਾਂ ਤੇ ਅਗਲੀ ਦਰਗਾਹੇ ਕਰਮਾਂ ਦੇ ਫਲ ਮਿਲਣ ਸਬੰਧੀ ਅਵੇਸਲੇ ਨਹੀਂ ਰਹਿਣਾ ਚਾਹੀਦਾ। ਇਹ ਖ਼ਿਆਲ ਕਰਨਾ ਕਿ ਨ ਅੱਗਾ ਹੈ ਤੇ ਨਾ ਹੀ ਅਗੇ ਜਾ ਕੇ ਕਰਮਾਂ ਦਾ ਫਲ ਮਿਲਣਾ ਹੈ, ਨਿਰਾ ਫੂਸ ਦੇ ਨਿਘਾਸ ਵਾਲਾ ਅਹਿਸਾਸ ਹੀ ਹੈ। ਇਸ ਉਪਰਲੇ ਗੁਰਵਾਕ ਦੁਆਰਾ ਨਿੰਦਕ ਨੂੰ ਜਮਪੁਰੀ ਦਾ ਵਾਸ ਮਿਲਣਾ ਸਿਧ ਹੈ। ਜਮਪੁਰੀ ਭੀ ਅਣ-ਦਿਸਦੀ ਦੁਨੀਆ ਵਿਚ ਇਕ ਵਖਰਾ ਮੰਡਲ ਹੈ, ਜਿਸ ਵਿਚਦੀ ਬੁਰੇ ਕੰਮਾਂ ਵਾਲਿਆਂ ਨੂੰ ਲੰਘਣਾ ਤੇ ਜਮਾਂ ਵਲੋਂ ਸਜ਼ਾਵਾਂ ਤੇ ਦੁਖ ਸਹਿਣੇ ਪੈਂਦੇ ਹਨ। ਜਮਪੁਰੀ ਦਾ ਨਿਰਣਾ ਅਗੇ ਵੱਖਰੇ ਕਾਂਡ ਵਿਚ ਆਵੇਗਾ।

ਜਿਹੜਾ ਬਗਲਾ ਭਗਤ ਬਾਹਰੋਂ ਤਾਂ ਸਫ਼ਾਈਆਂ ਕਰਦਾ ਹੈ, ਤੇ ਅੰਦਰੋਂ ਪਾਪਾਂ ਨਾਲ ਭਰਿਆ ਹੋਇਆ ਮਲੀਨ-ਚਿਤ ਹੈ, ਉਹ ਲੋਕਾਂ ਭਾਣੇ ਤਾਂ ਚੰਗਾ ਬਣ ਬਣ ਬਹਿੰਦਾ ਹੈ, ਪਰ ਉਸ ਦੀ ਠੱਗੀ ਤੇ ਪਖੰਡੀ ਦਾ ਫਲ ਅਵੱਸ਼ ਉਸ ਨੂੰ ਮਿਲ ਕੇ ਰਹਿੰਦਾ ਹੈ। ਉਹ ਲੋਕ ਪਰਲੋਕ ਆਪਣਾ ਵਿਗਾੜ ਲੈਂਦਾ ਹੈ ਤੇ ਦੋਇ ਠਉਰ ਆਪਣੇ ਖੋ ਬੈਠਦਾ ਹੈ। ਇਸ ਲੋਕ ਵਿਚ ਉਹ ਕਾਮ ਕ੍ਰੋਧ ਨਾਲ ਅਟਿਆ ਹੋਇਆ ਭੁਲਿਆ ਫਿਰਦਾ ਰਹਿੰਦਾ ਹੈ, ਪਰ ਅਗੇ ਜਾ ਕੇ ਮੁਸ ਮੁਸ ਰੋਂਦਾ ਹੈ। ਏਥੇ ਭੀ ਕਾਮ ਕ੍ਰੋਧ ਦੀ ਅਗਨੀ ਵਿਚ ਜਲਦਾ, ਸੜਦਾ, ਭੁਜਦਾ ਹੀ ਰਹਿੰਦਾ ਹੈ। ਯਥਾ ਗੁਰਵਾਕ—

ਬਾਹਰੁ ਧੋਇ ਅੰਤਰੁ ਮਨੁ ਮੈਲਾ ਦੁਇ ਠਉਰ ਅਪੁਨੇ ਖੋਏ ॥
ਈਹਾ ਕਾਮਿ ਕ੍ਰੋਧਿ ਮੋਹਿ ਵਿਆਪਿਆ ਆਗੈ ਮੁਸਿ ਮੁਸਿ ਰੋਏ ॥੧॥
(੪॥੩॥੪੨) [ਆਸਾ ਮ: ੫, ਪੰਨਾ ੩੮੧

ਜੋ ਸਚ ਮੁਚ ਵਾਹਿਗੁਰੂ ਦੀ ਸ਼ਰਨ ਪ੍ਰਾਪਤ ਕਰਨ ਲਈ ਪਾਖੰਡ ਰਹਿਤ ਗੁਰਮਤਿ ਕਰਮ ਸਚੇ ਸੁਚੇ ਦਿਲੋਂ ਕਮਾਉਂਦੇ ਹਨ ਤੇ ਨਾਮ ਧਿਆਉਂਦੇ ਹਨ, ਉਹ ਦਰ-ਹਕੀਕਤ ਪ੍ਰਭ ਸ਼ਰਨਾਗਤ ਨੂੰ ਜਾ ਪ੍ਰਾਪਤ ਹੁੰਦੇ ਹਨ। ਉਹਨਾਂ ਨੂੰ ਇਸ ਦੁਨੀਆ ਵਿਚ ਸਚਾ ਸੁਖ ਮਿਲਦਾ ਹੈ ਤੇ ਅਗੇ ਜਾ ਕੇ ਉਹ ਸਦਗਤੀ ਨੂੰ ਪ੍ਰਾਪਤ ਹੁੰਦੇ ਹਨ। ਯਥਾ ਗੁਰਵਾਕ—

ਕਹੁ ਨਾਨਕ ਜੋ ਪ੍ਰਭ ਸਰਣਾਈ ॥
ਈਹਾ ਸੁਖੁ ਆਗੈ ਗਤਿ ਪਾਈ ॥੪॥੨੨॥੭੩॥
[ਆਸਾ ਮ: ੫, ਪੰਨਾ ੩੮੮-੮੯

ਅਬੇ ਤਬੇ ਗੁਰੂ ਦੀ ਸੇਵਾ ਚਾਕਰੀ ਧੁਰ ਹਰਿ ਦਰਗਹ ਪ੍ਰਾਪਤੀ ਲਈ

ਕਿਸੇ ਕੰਮ ਨਹੀਂ ਆ ਸਕਦੀ, ਸਗੋਂ ਅਧਵਾਟੇ ਹੀ ਡੋਬ ਦਿੰਦੀ ਹੈ। ਜਿਵੇਂ ਪੱਥਰ ਦੀ ਬੇੜੀ ਆਪ ਭੀ ਡੁਬ ਜਾਂਦੀ ਹੈ ਤੇ ਉਸ ਵਿਚ ਚੜ੍ਹਿਆਂ ਹੋਇਆਂ ਪੰਧਾਊਆਂ ਨੂੰ ਭੀ ਉਹ ਨਾਲ ਹੀ ਲੈ ਡੋਬਦੀ ਹੈ। ਅਜ ਕਲ ਦੇ ਆਪੇ ਬਣ ਬੈਠੇ ਪਖੰਡੀ ਗੁਰੂਆਂ ਦਾ ਸਣੇ ਚੇਲਿਆਂ ਦੇ ਇਹੋ ਹਾਲ ਹੋਸੀ। ਸਚਾ ਸਤਿਗੁਰੂ ਧੁਰ ਕੀ ਗੁਰਤਤਾ ਵਾਲਾ, ਮੋਹਰ ਛਾਪ ਟਕਸਾਲ ਵਾਲਾ ਗੁਰੂ, ਕੇਵਲ ਗੁਰੂ ਨਾਨਕ ਦੇਵ ਹੀ ਸਿਖਾਂ ਸੇਵਕਾਂ ਨੂੰ ਭਵ-ਸਾਗਰੋਂ ਪਾਰ ਕਰਨ ਨੂੰ ਸਮਰਥ ਹੈ। ਆਪ ਧੁਰੋਂ ਹੀ ਤਰੇ ਤਰਾਏ ਆਏ ਹਨ ਤੇ ਭਵ ਤਾਰਨ ਲਈ ਜਗਤ ਗੁਰੂ ਸਦਾਏ ਹਨ। ਸਚੀ ਗੁਰਿਆਈ ਗੁਰੂ ਘਰ, ਗੁਰੂ ਨਾਨਕ ਦੇ ਘਰ ਦੀ ਹੀ ਇਕੋ ਇਕ ਟਕਸਾਲ ਹੈ, ਜਿਥੋਂ ਜਗਿਆਸੂ ਜਨ ਵਰੋਸਾਉਂਦੇ ਤੇ ਸਦਾ ਨਿਸਤਾਰਾ ਪਾਉਂਦੇ ਹਨ ਤੇ ਸਚੀ ਦਰਗਾਹ ਦਾ ਸਚ ਸਚਾਉਂਦੇ ਹਨ। ਸਚੇ ਗੁਰੂ ਦੀ ਟਕਸਾਲ ਤੇ ਸਚੇ ਜਗਿਆਸੂ ਹੀ ਪਰਖੇ ਜਾਂਦੇ ਹਨ; ਪਰਖ ਕੇ ਖ਼ਜ਼ਾਨੇ ਪਾਏ ਜਾਂਦੇ ਹਨ। ਏਥੇ ਜਗਿਆਸੂ ਜਨਾਂ ਨੂੰ ਆਪਣਾ ਮਨ ਪਹਿਲਾਂ ਵੇਚਣਾ ਪੈਂਦਾ ਹੈ। ਪੋਚ-ਪਰਚਾਵਾ ਦਿਖਾਉਣ ਵਾਲਿਆਂ ਦਾ ਏਥੇ ਕੁਝ ਵਸ ਨਹੀਂ ਚਲਦਾ। ਪੋਚ-ਪਰਚਾਵੇ ਤੇ ਪੋਚ-ਕਪੋਚੀਏ ਪਖੰਡੀ ਗੁਰੂ ਹੀ ਰੀਝਦੇ ਹਨ। ਘਟ ਘਟ ਦਾ ਅੰਤਰਯਾਮੀ ਸਤਿਗੁਰੂ ਸਚਾ ਪਾਤਸ਼ਾਹ ਭਲੀ ਬਿਧ ਪਰਖ ਲੈਂਦਾ ਹੈ। ਜਿਨ੍ਹਾਂ ਨੇ ਆਪਣਾ ਮਨ ਸਤਿਗੁਰੂ ਪਾਸ ਬੇਚਿਆ ਹੁੰਦਾ ਹੈ, ਤਿਨ੍ਹਾਂ ਦੇ ਹੀ ਸਤਿਗੁਰੂ ਕਾਰਜ ਕਰ ਸਕਦਾ ਹੈ ਅਤੇ ਉਨ੍ਹਾਂ ਦੀ ਪਰਮਾਰਥੀ ਜਗਿਆਸਾਂ ਨੂੰ ਥਾਉਂ ਪਾਉਂਦਾ ਹੈ। ਸੋ, ਗੁਰੂ ਕਾ ਸਿਖ ਬਣਨ ਲਈ ਪਹਿਲਾਂ ਆਪਣਾ ਮਨ ਬੇਚਣਾ ਪੈਂਦਾ ਹੈ ਤੇ ਨਾਲ ਹੀ ਸੀਸ ਅਰਪਣ ਕਰਨਾ ਪੈਂਦਾ ਹੈ। ਇਸ ਤਰ੍ਹਾਂ ਜਗਿਆਸੂ ਜਨ ਗੁਰ-ਦੀਖਿਆ ਦੇ ਪਾਤਰ ਬਣ ਕੇ ਗੁਰਮੁਖ ਵਸਤ ਨੂੰ ਪਛਾਣ ਕੇ ਦਰ ਦਰਗਾਹੀ ਨਿਜ ਘਰ ਭਾਲ ਲੈਂਦੇ ਹਨ, ਜਿਹਾ ਕਿ ਇਸ ਗੁਰਵਾਕ ਦਾ ਭਾਵ ਹੈ—

ਅਬੇ ਤਬੇ ਕੀ ਚਾਕਰੀ ਕਿਉ ਦਰਗਹ ਪਾਵੈ ॥
ਪਥਰ ਕੀ ਬੇੜੀ ਜੇ ਚੜੈ ਭਰ ਨਾਲਿ ਬੁਡਾਵੈ ॥੪॥
ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ ॥
ਗੁਰਮੁਖਿ ਵਸਤੁ ਪਛਾਣੀਐ ਅਪਨਾ ਘਰੁ ਭਾਲੇ ॥੫॥(੮॥੧੭)
[ਆਸਾ ਮ: ੧, ਪੰਨਾ ੪੨੦

ਸਚੀ ਗੁਰ ਚਾਕਰੀ ਵਾਲੀ ਸੇਵਾ ਸੇਈ ਗੁਰਮੁਖ ਜਨ ਕਰਦੇ ਹਨ ਅਤੇ ਕਰਕੇ ਤੋੜ ਨਿਭਾਹੁੰਦੇ ਹਨ, ਜਿਨ੍ਹਾਂ ਤੋਂ ਨਦਰਾਲੂ ਕਿਰਪਾਲੂ ਪਿਤਾ ਕਰਾਉਂਦਾ ਨਿਬਾਹੁੰਦਾ ਹੈ। ਬਸ ਹਰਿ ਦਰਗਹਿ ਸੀਝਣ ਲਈ ਸਿਰ ਦੇ ਕੇ ਹੀ ਛੁਟਕਾਰਾ ਹੁੰਦਾ

 www.sikhbookclub.com

ਹੈ । ਯਥਾ ਗੁਰਵਾਕ—

ਗੁਰ ਕੀ ਸੇਵਾ ਸੋ ਕਰੇ ਜਿਸੁ ਆਪਿ ਕਰਾਏ ॥
ਨਾਨਕ ਸਿਰੁ ਦੇ ਛੁਟੀਐ ਦਰਗਹ ਪਤਿ ਪਾਏ ॥੮॥੧੮॥

[ਆਸਾ ਮ: ੧, ਪੰਨਾ ੪੨੧

ਗੁਰੂ ਕੇ ਸਿਖ ਗ੍ਰਿਹਸਤ ਵਿਚ ਰਹਿ ਕੇ ਹੀ ਗੁਰਮਤਿ ਨਾਮ ਅਭਿਆਸ ਕਮਾਈ ਵਾਲੀ ਸੇਵਾ ਸਾਧਨਾ ਕਰਦੇ ਹਨ । ਇਹ ਸਚੀ ਗੁਰਮਤਿ ਦੀ ਜਾਗ ਵਿਰਲੇ ਗ੍ਰਿਹਸਤ-ਉਦਾਸ ਸੇਵਕਾਂ ਸਾਧਕਾਂ ਨੂੰ ਹੀ ਲਗਦੀ ਹੈ । ਜਿਨ੍ਹਾਂ ਨੂੰ ਇਹ ਜਾਗ ਲਗੀ ਹੈ, ਉਹ ਗੁਰਮੁਖ ਸਦ ਸਦਾ ਹੀ ਦ੍ਰਿੜ੍ਹ ਕਰ ਕੇ ਨਾਮ, ਦਾਨ, ਇਸ਼ਨਾਨ, ਸਤਸੰਗ ਦੀ ਗੁਰਮਤਿ ਰਹਿਤ ਰਹਿਣੀ ਨੂੰ ਸਾਵਧਾਨ ਤੇ ਸੁਜਾਗ ਹੋ ਕੇ ਕਮਾਉਂਦੇ ਹਨ । ਕੇਵਲ ਇਸ ਬਿਧ ਹੀ ਸਚੀ ਭਗਤੀ ਪ੍ਰਾਪਤ ਹੋ ਸਕਦੀ ਹੈ । ਨਾਮ, ਦਾਨ, ਇਸ਼ਨਾਨ ਦ੍ਰਿੜ੍ਹ ਕਰਨਹਾਰਿਆਂ ਦੀ ਹੀ ਸਚੀ ਸੁਜਾਗ ਭਗਤੀ ਪਰਵਾਨ ਪੈਂਦੀ ਹੈ । ਅਜਿਹੇ ਗੁਰੂ ਦੇ ਦਰ ਪਰਵਾਨ ਪਏ ਅਨਿੰਨ ਗੁਰਸਿਖ ਹੀ ਗੁਰੂ ਦੀ ਕਿਰਪਾ ਨਾਲ ਦਰਗਾਹੀ ਘਰ ਨੂੰ ਪਛਾਣਦੇ ਹਨ । ਸੋ ਸਚੀ ਦਰਗਹ ਜਾ ਕੇ ਉਹ ਸਿਆਣੇ ਜਾਂਦੇ ਹਨ । ਧੁਰ ਪੁਗ ਕੇ ਭੀ, ਦਰਗਾਹੇ ਪਹੁੰਚ ਕੇ ਭੀ, ਉਹ ਨਾਮ ਭਗਤੀ ਨੂੰ ਨਹੀਂ ਵਿਸਾਰਦੇ । ਐਸੇ ਹੀ ਸਚਿਆਰ ਸਿਖ ਸਚੇ ਕਰਤਾਰ ਨੂੰ ਭਾਉਂਦੇ ਹਨ । ਯਥਾ ਗੁਰਵਾਕ—

ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥
ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁਜਾਗੇ ॥੭॥
ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਞਾਣੈ ॥
ਨਾਨਕ ਨਾਮੁ ਨ ਵੀਸਰੈ ਸਾਚੇ ਮਨੁ ਮਾਨੈ ॥੮॥੧੪॥

[ਸਲੋਕ ਮ: ੧, ਪੰਨਾ ੪੧੯

ਸਚੇ ਵਾਹਿਗੁਰੂ ਤੇ ਜਿਨ੍ਹਾਂ ਦਾ ਮਨ ਮੰਨਿਆ ਹੈ, ਸੋਈ ਨਾਮ ਨੂੰ ਨਹੀਂ ਵਿਸਾਰਦੇ । ਸਚੇ ਦੇ ਦਰ ਤੇ ਸਚੇ ਸਿਖ ਹੀ ਦਰਿ-ਪਰਵਾਨ ਹੋ ਕੇ ਪਰਵਾਨ ਪੈਂਦੇ ਹਨ । ਦਰ-ਢੱਠੇ ਸੇਵਕਾਂ ਦੇ ਦਿਲੀ ਦਰਦ ਨੂੰ ਅੰਤਰਯਾਮੀ ਵਾਹਿਗੁਰੂ ਹੀ ਜਾਣਦਾ ਪਛਾਣਦਾ ਹੈ । ਸਚੀ ਭਗਤੀ ਦੁਆਰਾ ਹੀ ਦਰਦ ਫ਼ਿਰਾਕ ਦੂਰ ਹੁੰਦਾ ਹੈ, ਜਦੋਂ ਦੂਰ ਹੁੰਦਾ ਹੈ ਓਦੋਂ ਹੀ ਸਚੀ ਭਗਤੀ ਦੀ ਕਦਰ ਪੈਂਦੀ ਹੈ । ਇਹ ਭਗਤੀ ਬਿਸਮਾਦ ਭਗਤੀ ਅਰਥਾਤ ਹੈਰਾਨ ਕਰਨ ਵਾਲੀ ਭਗਤੀ ਹੈ, ਜੋ ਅਕਾਲ ਪੁਰਖ ਦੀ ਹਜ਼ੂਰੀ ਵਿਚ ਦਰਗਾਹ ਪੁਗ ਕੇ ਭੀ ਹੁੰਦੀ ਰਹਿੰਦੀ ਹੈ । ਗੁਰੂ ਘਰ ਦੇ ਸਚੇ ਗੁਰਮੁਖਾਂ ਨੂੰ ਹੀ ਇਹ ਬਿਧ ਪ੍ਰਾਪਤ ਹੁੰਦੀ ਹੈ । ਸਚ ਵੇਲੇ ਦੀ, ਵੇਲਾ ਸੰਮ੍ਹਾਲਣ ਦੀ, ਸ਼ਬਦ

ਸਲਾਹੁਣ ਦੀ ਸਚੀ ਪਛਾਣ ਗੁਰਮੁਖਾਂ ਨੂੰ ਹੀ ਆਈ ਹੈ, ਹੋਰ ਕਿਸੇ ਨੂੰ ਨਹੀਂ—

ਦਰਿ ਸੇਵਕੁ ਦਰਵਾਨੁ ਦਰਦੁ ਤੂੰ ਜਾਣਹੀ ॥
ਭਗਤਿ ਤੇਰੀ ਹੈਰਾਨੁ ਦਰਦੁ ਗਵਾਵਹੀ ॥੩॥
ਦਰਗਹ ਨਾਮੁ ਹਦੂਰਿ ਗੁਰਮੁਖਿ ਜਾਣਸੀ ॥
ਵੇਲਾ ਸਚੁ ਪਰਵਾਣੁ ਸਬਦੁ ਪਛਾਣਸੀ ॥੪॥(੮॥੨੧)
[ਆਸਾ ਮ: ੧, ਪੰਨਾ ੪੨੨

ਉਹੀ ਵੇਲਾ ਸਚ ਪਰਵਾਣ ਹੈ, ਜਦੋਂ ਸਬਦ ਨਾਲ ਸੰਜੋਗ ਜੁੜਿਆਂ ਨਾਮ ਰੂਪੀ ਸਚ ਨਾਲ ਰਤੇ ਹੋਏ ਗੁਰਮੁਖ ਜਨ ਦੀ ਸਦਾ ਹੀ ਸਚੀ ਅਤੇ ਨਿਰਮਲੀ ਸੋਭਾ ਹੁੰਦੀ ਹੈ। ਜੀਉਂਦੇ-ਜੀ, ਏਸ ਦੁਨੀਆ ਵਿਚ ਉਹ ਘਰ ਘਰ ਅੰਦਰ ਉਘੇ ਹੋ ਜਾਂਦੇ ਹਨ ਤੇ ਅਗਲੀ ਦਰਗਾਹ ਵਿਚ ਜੁਗਾਂ ਪ੍ਰਯੰਤ ਪ੍ਰਗਟ ਪਾਹਾਰੇ ਪੁੱਗੇ ਹੋਏ ਜਾਪਦੇ ਹਨ, ਜਿਹਾ ਕਿ ਗੁਰਵਾਕ ਹੈ—

ਸਚੇ ਰਤੇ ਸੇ ਨਿਰਮਲੇ ਸਦਾ ਸਚੀ ਸੋਇ ॥
ਐਥੈ ਘਰਿ ਘਰਿ ਜਾਪਦੇ ਆਗੈ ਜੁਗਿ ਜੁਗਿ ਪਰਗਟੁ ਹੋਇ ॥੧॥
(੮॥੯॥੩੧) ਆਸਾ ਮ: ੩, ਪੰਨਾ ੩੨੬-੨੭

ਨਾਮ ਰੂਪੀ ਖੇਤੀ ਜਿਨ੍ਹਾਂ ਨੇ ਵਾਹੀ ਬੀਜੀ ਅਤੇ ਕਮਾਈ ਹੈ, ਉਹਨਾਂ ਨੂੰ ਐਸਾ ਬੋਹਲ ਹੱਥ ਆ ਗਿਆ ਹੈ, ਜੋ ਐਥੇ ਓਥੇ ਕਦੇ ਨਿਖੁਟਦਾ ਨਹੀਂ। ਓਹਨਾਂ ਦੇ ਸ਼ਾਂਤ ਸਹਿਜ, ਸੁਖ ਦੀ ਹੱਟੀ ਸਦਾ ਖੁਲ੍ਹੀ ਰਹਿੰਦੀ ਹੈ ਤੇ ਸਦਾ ਹੀ ਵਣਜ ਵਪਾਰ ਹੁੰਦਾ ਰਹਿੰਦਾ ਹੈ। ਅਗਲੇ ਲੋਕ ਵਿਚ ਨਾਮ ਦੇ ਸ਼ਾਹ ਸਤਿਗੁਰੂ ਤੇ ਵਾਪਾਰੀ ਸਿਖ ਇਕੋ ਹੀ ਥਾਟ-ਮੰਡਲ ਵਿਚ ਵਸਣਹਾਰੇ ਹੋ ਜਾਂਦੇ ਹਨ। ਨਾਮ ਦੇ ਵਣਜਾਰਿਆਂ ਨੂੰ ਅਗੇ ਜਾ ਕੇ ਨਾ ਕੋਈ ਡੰਨ ਭਰਨਾ ਪੈਂਦਾ ਹੈ, ਨਾ ਟੈਕਸ ਦੇਣਾ ਪੈਂਦਾ ਹੈ। ਨਾ ਜਗਾਤ (ਮਸੂਲ) ਦੇਣੀ ਪੈਂਦੀ ਹੈ। ਸਤਿਗੁਰੂ ਨੇ ਧੁਰ ਦੀ ਛਾਪ ਮੋਹਰ ਤਿਨ੍ਹਾਂ ਤੇ ਲਾ ਦਿਤੀ ਹੁੰਦੀ ਹੈ, ਜਿਸ ਨੂੰ ਵੇਖ ਕੇ ਜਮ ਜਾਗਾਤੀ ਤਿਨ੍ਹਾਂ ਦੇ ਨੇੜੇ ਨਹੀਂ ਆਉਂਦੇ। ਨਾਮ ਦਾ ਵਖਰ ਲੱਦ ਕੇ ਖੇਪ ਚਲਾਉਣਹਾਰੇ ਗੁਰਮੁਖ ਜਨ ਸਚਾ ਲਾਹਾ ਲੈ ਕੇ ਨਿਜ ਘਰ, ਆਪਣੇ ਅਗਲੇ ਗੁਰ-ਦਰਗਾਹੀ ਘਰ ਵਿਚ ਉਜਲ ਮੁਖ ਹੋ ਕੇ ਜਾਂਦੇ ਹਨ। ਇਸ ਗੁਰਪੁਰੀ ਦੇ ਅਬਚਲ ਨਗਰ ਮਈ ਘਰ ਵਿਖੇ ਸੋ ਜਨ ਸਦਾ ਸਦਾ ਲਈ ਵਸਦੇ ਰਸਦੇ ਹਨ, ਜਿਨ੍ਹਾਂ ਨੇ ਮਾਨੁਖਾ ਜਨਮ ਧਾਰ ਕੇ ਗੁਰ-ਦੀਖਿਆ ਲੈ, ਗੁਰ ਸ਼ਬਦ ਦੀ ਅਤੁਟ ਕਮਾਈ ਸਾਰੀ ਉਮਰ ਕੀਤੀ ਹੈ। ਏਥੋਂ ਉਨ੍ਹਾਂ ਲੋਕਾਂ ਦੀ ਕਮਾਈ ਦਾ ਅਗਲੇ ਲੋਕ ਵਿਚ ਇਹ ਫਲ ਮਿਲਦਾ ਹੈ ਕਿ ਉਨ੍ਹਾਂ ਦਾ ਸਦ ਸਦਾ ਲਈ ਇਸ ਉਪਰ ਦਸੇ ਘਰ ਵਿਚ ਵਾਸਾ ਹੋ ਜਾਂਦਾ ਹੈ, ਜੋ

ਘਰ ਗੁਰੂ ਨਾਨਕ ਦੇਵ ਜੀ ਦੀ ਵਸਾਈ ਹੋਈ ਅਬਚਲ ਨਗਰੀ, ਅਰਥਾਤ ਗੁਰਪੁਰੀ ਵਿਚ ਸਦੀਵ ਵਸਿਆ ਰਸਿਆ ਹੋਇਆ ਹੈ। ਯਥਾ ਗੁਰਵਾਕ—

ਨਾਮੁ ਖੇਤੀ ਬੀਜਹੁ ਭਾਈ ਮੀਤ ॥
ਸਉਦਾ ਕਰਹੁ ਗੁਰੁ ਸੇਵਹੁ ਨੀਤ ॥੩॥
ਸਾਂਤਿ ਸਹਜ ਸੁਖ ਕੇ ਸਭਿ ਹਾਟ ॥
ਸਾਹ ਵਾਪਾਰੀ ਏਕੈ ਥਾਟ ॥੪॥
ਜੇਜੀਆ ਡੰਨੁ ਕੋ ਲਏ ਨ ਜਗਾਤਿ ॥
ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ ॥੫॥
ਵਖਰੁ ਨਾਮੁ ਲਦਿ ਖੇਪ ਚਲਾਵਹੁ ॥
ਲੈ ਲਾਹਾ ਗੁਰਮੁਖਿ ਘਰਿ ਆਵਹੁ ॥੬॥...
ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ ॥
ਅਬਿਚਲ ਨਗਰੀ ਨਾਨਕ ਦੇਵ ॥੮॥੧॥

[ਆਸਾ ਮ: ੫, ਅਸਟ:, ੪੩੦-੩੧

ਜਿਨ੍ਹਾਂ ਨੇ ਹੁਕਮਾਂ ਸਿਰ ਸਚਾ ਹੁਕਮ ਨਾਮ ਮੰਨਿਆ, ਅਭਿਆਸ ਕਮਾਈ ਕਰ ਕੇ ਕਮਾਇਆ, ਤੋੜ ਨਿਭਾਇਆ ਹੈ, ਉਹ ਪਰਵਾਨ ਪਏ ਹਨ। ਇਸ ਬਿਧ ਪਰਵਾਨ ਪੈ ਕੇ ਹੀ ਸਚੇ ਵਾਹਿਗੁਰੂ ਰੂਪੀ ਖਸਮ ਦੇ ਮਹਲ ਨੂੰ ਜਾ ਪਰਾਪਤ ਹੋਏ ਹਨ, ਯਥਾ ਗੁਰਵਾਕ—

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥...੧੫॥

[ਵਾਰ ਆਸਾ, ਪੰਨਾ ੪੭੧

ਹੋਇਆ ਨਾ ਸਚਾ ਮਹਲ ਖਸਮ ਦਾ। ਇਸ ਗੁਰ ਦਰਸਾਈ ਖਸਮ ਮਹਲੀ ਹੋਂਦ ਤੋਂ ਕਉਣ ਮੁਨਕਰ ਹੋ ਸਕਦਾ ਹੈ। ਰਹੀ ਗੱਲ ਇਹ ਕਿ ਉਹ ਮਹਲ ਕੈਸਾ ਹੈ। ਸੋ ਦੇਖਾ ਹੀ ਪਰਵਾਣ ਹੈ। ਮਹਲ ਦਾ,ਮਹਲੀ ਪਹੁੰਚਿਆਂ ਹੀ ਪਤਾ ਲਗਦਾ ਹੈ ਕਿ ਉਹ ਮਹਲ ਕੈਸਾ ਹੈ। ਇਹ ਉਨ੍ਹਾਂ ਨੂੰ ਹੀ ਨਿਸਚੇ ਕਰ ਨਿਰੂਪਨ ਹੋਇਆ ਹੈ, ਜਿਨ੍ਹਾਂ ਨੇ ਏਸ ਦੁਨੀਆ ਵਿਚ ਮਾਲਕ ਦੇ ਸਚੇ ਹੁਕਮ ਤੇ ਰਜ਼ਾ ਅੰਦਰ ਚਲ ਕੇ ਸਚੀ ਕਾਰ ਕਮਾਈ ਹੈ। ਤਾਂ ਜਾ ਕੇ ਉਨ੍ਹਾਂ ਨੇ ਇਹ ਖਸਮ ਮਹਿਲੀਂ ਪੁਗ ਖਲੋਣ ਦਾ ਸਚਾ ਫਲ ਮਨੋਰਥ ਪਾਇਆ ਹੈ। ਅਗਲਾ ਗੁਰਵਾਕ ਦਸਦਾ ਹੈ ਕਿ ਅਗੇ ਜਾ ਕੇ ਸੋ ਕੁਝ ਮਿਲਦਾ ਹੈ, ਜਿਸ ਦੇ ਖਟ ਘਾਲਣ ਦੀ ਸਚੀ ਕਮਾਈ ਏਥੇ ਕੀਤੀ ਹੋਈ ਹੁੰਦੀ ਹੈ। ਯਥਾ ਗੁਰਵਾਕ—

ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥੧॥(੧੭)
ਵਾਰ ਆਸਾ, ਸਲੋਕੁ ਮ: ੧, ਪੰਨਾ ੪੭੨

ਇਸ ਵਾਕ ਵਿਚ ਪਕ ਪ੍ਰਤੀਤ ਕਰਕੇ ਅੱਗਾ ਦਰਸਾਇਆ ਗਿਆ ਹੈ। ਜੇ ਅਜੇ ਭੀ ਪਰਤੀਤ ਨ ਆਵੇ ਤਾਂ ਫਿਰ ਕੀ ਇਲਾਜ ਹੈ ?

ਅਗਲੇ ਗੁਰਵਾਕ ਅੰਦਰ ਗੁਰੂ ਸਾਹਿਬ ਨਿਰਣੇ ਕਰਦੇ ਹਨ ਕਿ ਜਿਸ ਜਿਸ ਮੁਖ ਦੁਆਰਾ ਵਾਹਿਗੁਰੂ ਨਾਮ ਜਪਿਆ ਸਾਲਾਹਿਆ ਜਾਂਦਾ ਹੈ, ਸੋ ਮੁਖ ਉਸ ਸਚੇ ਦੇ ਦਰਬਾਰ ਵਿਚ ਉਜਲੇ ਹੁੰਦੇ ਹਨ, ਤਿਨ੍ਹਾਂ ਨੂੰ ਐਸੇ ਰੰਗ ਭਾਗ ਲਗੇ ਹਨ ਕਿ ਉਹ ਮੁਖ ਲਾਲੋ ਲਾਲ ਨਾਮ ਰੱਤੇ ਅਤਿ ਸੋਹਣੇ ਸੁੰਦਰ ਹੋ ਗਏ ਹਨ। ਐਸੀ ਸੁੰਦਰਤਾ ਤਿਨ੍ਹਾਂ ਮੁਖਾਂ ਤੋਂ ਝਲਕਦੀ ਹੈ ਕਿ ਉਨ੍ਹਾਂ ਦੀ ਤਾਬ-ਝਲਕ ਝਲੀ ਨਹੀਂ ਜਾਂਦੀ। ਯਥਾ ਗੁਰਵਾਕ—

ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥
ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥(੧੯)
[ਮ: ੧, ਪੰਨਾ ੪੭੩

ਹੋ ਗਿਆ ਨਾ ਸਿੱਧ ਸਚੇ ਦਾ ਦਰਬਾਰ, ਜੋ ਅਗੇ ਪਰਲੋਕ ਵਿਚ ਸੁਭਾਇਮਾਨ ਹੈ, ਪਰ ਤਿਸ ਦਰਬਾਰ ਦੀ ਸੋਭਾ ਸੋਈ ਜਾਣ ਸਕਦੇ ਹਨ ਜਿਨ੍ਹਾਂ ਨੇ ਦਰਸਾਰ, ਝਲਕਾਰ ਇਸ ਦਰਬਾਰ ਦਾ ਪੇਖਿਆ ਹੈ। ਉਹ ਜਾਣਦੇ ਹਨ, ਪਰ ਜਣਾਇ ਨਹੀਂ ਸਕਦੇ, ਨਾ ਹੀ ਦਸਣ ਦਸਾਣ ਜਣਾਉਣ ਲਖਾਉਣ ਦਾ ਉਨ੍ਹਾਂ ਨੂੰ ਹੁਕਮ ਹੈ।

ਗੁਰਸਿਖਾਂ ਪ੍ਰਤਿ ਸਪੱਸ਼ਟ ਉਪਦੇਸ਼ ਹੈ ਕਿ ਸੰਸਾਰ ਵਿਚ ਰਹਿ ਕੇ ਐਸੀ ਰਹਿਣੀ ਮਈ ਖੇਡ ਨ ਖੇਡੀਏ ਜਿਸ ਕਰਕੇ ਅਗੇ ਦਰਗਾਹ ਵਿਚ ਜਾ ਕੇ ਹਾਰ ਆਵੇ। ਯਥਾ ਗੁਰਵਾਕ—

ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥(੧੨)
[ਵਾਰ ਆਸਾ, ਪੰਨਾ ੪੬੯

ਇਹ ਗੁਰਵਾਕ ਸਾਫ਼ ਦਸਦਾ ਹੈ ਕਿ ਐਥੋਂ ਚਲ ਕੇ (ਸਰੀਰ ਛਡਣ ਤੋਂ ਪਿਛੋਂ) ਜੀਵ ਨੂੰ ਅਗੇ ਐਸੀ ਦਰਗਾਹ ਵਿਚ ਪਹੁੰਚਣਾ ਪੈਂਦਾ ਹੈ, ਜਿਥੇ ਉਸ ਦੇ ਕੀਤੇ ਕਰਮਾਂ ਦਾ ਜ਼ਰੂਰ ਨਿਬੇੜਾ ਹੋਣਾ ਹੈ। ਦਰਗਾਹ ਜਾ ਕੇ ਹਾਰ ਦਿਵਾਉਣ ਵਾਲੇ ਪਰਪੰਚ-ਕਰਮਾਂ ਤੋਂ ਇਸੇ ਕਰਕੇ ਹੋੜਿਆ ਗਿਆ ਹੈ ਤਾਂਕਿ ਅਗੇ ਜਾ ਕੇ ਹਾਰਨਾ ਨ ਪਵੇ। ਜਿਹੜੇ ਐਵੇਂ ਅੱਖਾਂ ਮੀਚ ਕੇ, ਅਵੇਸਲੇ ਹੋ ਕੇ ਇਉਂ ਕਹਿ ਛੱਡਦੇ ਹਨ ਕਿ ਅੱਗਾ ਕਿਸ ਨੇ ਡਿੱਠਾ ਹੈ ? ਉਨ੍ਹਾਂ ਦੇ ਮੂੰਹ ਤੇ ਇਹ ਚਪੇੜ

ਬੜੀ ਕਰਾਰੀ ਲਗਦੀ ਹੈ, ਜੋ ਉਨ੍ਹਾਂ ਮਦਹੋਸ਼ਾਂ ਨੂੰ ਹੋਸ਼ ਅੰਦਰ ਲਿਆਉਂਦੀ ਹੈ। ਜਿਹੜੇ ਪੁਰਸ਼ ਸੰਸਾਰ ਅੰਦਰ ਰਾਜੇ ਰਾਉ ਸਿਕਦਾਰ ਸਰਦਾਰ ਆਦਿਕ ਹਾਕਮਾਂ ਦੇ ਅਹੁਦੇ ਪਾ ਕੇ ਮਨ-ਭਾਉਂਦੇ ਹੁਕਮ ਚਲਾਉਂਦੇ ਹਨ, ਧੀਂਗੋ-ਜ਼ੋਰੀਆਂ ਕਰਦੇ ਹਨ, ਜ਼ਬਰ ਜ਼ੁਲਮ ਕਰਦੇ ਡਰਦੇ ਨਹੀਂ, ਸਗੋਂ ਨਿਰਭੈ ਹੋ ਕੇ ਅਤਿਆਚਾਰ ਕਰਦੇ ਹਨ, ਮਤ ਉਹ ਅਵੇਸਲੇ ਰਹਿਣ, ਉਹਨਾਂ ਨੂੰ ਅਗੇ ਜਾ ਕੇ ਰਾਹ ਭੀੜੇ ਵਿਚ ਦੀ ਜ਼ਰੂਰ ਲੰਘਣਾ ਪਊ ਤੇ ਨੰਗਮ-ਨੰਗੇ ਹੋ ਕੇ ਡਰਾਉਣੀ ਸ਼ਕਲ ਸ਼ਕਲਾਇ ਕੇ ਦੋਜ਼ਕਾਂ ਵਿਚ ਜਾਣਾ ਪਊ। ਯਥਾ ਗੁਰਵਾਕ—

ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥...(੧੪)

[ਵਾਰ ਆਸਾ, ਪੰਨਾ ੪੭੧

ਇਸ ਗੁਰਵਾਕ ਅੰਦਰ ਦੋਜ਼ਖ਼ ਨਰਕ ਵਿਚ ਪੈਣ ਦਾ ਭੀ ਸਾਫ਼ ਇਸ਼ਾਰਾ ਹੈ। (ਦੋਜ਼ਖ਼ ਨਰਕ, ਸੁਰਗ ਦਾ ਨਿਰਣਾ ਵਖਰੇ ਕਾਂਡ ਵਿਚ ਕੀਤਾ ਜਾਊ।) ਇਸ ਵਿਚ ਰਤਾ ਸੰਦੇਹ ਨਹੀਂ ਕਿ ਅਗੇ ਦਰਗਾਹ ਗਇਆਂ ਲੇਖਾ ਜ਼ਰੂਰ ਲਿਆ ਜਾਣਾ ਹੈ ਤੇ ਘਾਣੀ ਵਿਚ ਐਉਂ ਪੀੜਿਆ ਜਾਣਾ ਹੈ, ਜਿਵੇਂ ਤਿਲ ਕੋਹਲੂ ਵਿਚ ਪੀੜੇ ਜਾਂਦੇ ਹਨ—

ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥੨॥(੨੦)

[ਮ: ੧, ਪੰਨਾ ੪੭੩

ਅਗਲੇ ਦਰ ਘਰ ਦੀਆਂ ਖ਼ਬਰਾਂ ਵਾਲੇ ਗੁਰੂ ਨਾਨਕ ਸਾਹਿਬ ਉਪਰ ਦੱਸੀ ਫ਼ੁਰਮਾਉਣੀ ਫ਼ੁਰਮਾਉਂਦੇ ਹਨ, ਜੋ ਇੰਨ ਬਿੰਨ ਸੱਚ ਹੈ।

ਜੋ ਸਚੇ ਪਿਤਾ ਵਾਹਿਗੁਰੂ ਨੂੰ ਇਕ ਨਿਮਖ ਭੀ ਨਹੀਂ ਵਿਸਾਰਦੇ, ਉਹ ਅਗੇ ਗਇਆਂ ਬਾਜ਼ੀ ਨਹੀਂ ਹਾਰਦੇ—

ਤਿਸੁ ਬਾਪ ਕਉ ਕਿਉ ਮਨਹੁ ਵਿਸਾਰੀ ॥
ਆਗੈ ਗਇਆ ਨ ਬਾਜੀ ਹਾਰੀ ॥੧॥(੪॥੩)

[ਆਸਾ ਸ੍ਰੀ ਕਬੀਰ ਜੀਉ, ਪੰਨਾ ੪੭੬

ਅੱਗਾ ਤੇ ਅਗਲੀ ਦਰਗਾਹ ਸਿਧ ਕਰਨ ਲਈ ਇਸ ਤੋਂ ਵਧੇਰੇ ਹੋਰ ਕੀ ਲਿਖਿਆ ਜਾਏ, ਜਿਨ੍ਹਾਂ ਦੀ ਤਸੱਲੀ ਹੋ ਜਾਣੀ ਹੈ, ਸੋ ਏਤਨੇ ਵਿਚ ਹੀ ਹੋ ਜਾਣੀ ਹੈ; ਜਿਨ੍ਹਾਂ ਨੂੰ ਤਸੱਲੀ ਨਹੀਂ ਹੋਣੀ, ਉਨ੍ਹਾਂ ਦੀ ਕਦੇ ਭੀ ਨਹੀਂ ਹੋਣੀ। ਸੋ ਇਸ ਵਿਸ਼ੇ ਪ੍ਰਥਾਇ ਏਥੇ ਹੀ ਬਸ ਕੀਤੀ ਜਾਂਦੀ ਹੈ, ਅਗੇ ਹੀ ਵਿਸਥਾਰ ਬਹੁਤ ਵਧ ਗਿਆ ਹੈ, ਹੁਣ ਅਗਲਾ ਕਾਂਡ ਨਰਕ ਸੁਰਗ ਦਾ ਚਲਦਾ ਹੈ।

# ੯

# ਨਰਕ ਸੁਰਗ

ਸ਼ੰਕਾਵਾਦੀ ਅਕਸਰ ਸ਼ੰਕਾ ਕਰਿਆ ਕਰਦੇ ਹਨ ਕਿ ਨਰਕ ਸੁਰਗ ਅਸਲੋਂ ਹੈਨ ਕਿ ਨਹੀਂ, ਕਿ ਐਵੇਂ ਅਣਹੋਣੀ ਨਰਕ ਸੁਰਗ ਦੀ ਹੋਂਦ ਹੀ ਮੰਨੀ ਗਈ ਹੈ।

ਗੁਰਮਤਿ ਹੀਣੇ, ਗੁਰਸਿਖੀ ਤੋਂ ਗਿਰੇ ਹੋਏ ਪੁਰਸ਼ ਇਸ ਪ੍ਰਕਾਰ ਦੀਆਂ ਸ਼ੰਕਾਵਾਂ ਵਿਚ ਭਾਵੇਂ ਪਏ ਰੁੜ੍ਹੇ ਫਿਰਨ। ਉਹ ਜਿਥੇ ਪਰਮਾਰਥ ਵਲੋਂ ਉਕੇ ਹੀ ਸਖਣੇ ਹਨ, ਜੇਕਰ ਇਸ ਇਕ ਗੱਲ ਤੇ ਯਕੀਨ ਲਿਆਉਣੋਂ ਕੋਰੇ ਮੁਨਕਰ ਰਹਿਣ ਤਾਂ ਕੋਈ ਬੜੀ ਬਾਤ ਨਹੀਂ। ਪ੍ਰੰਤੂ ਗੁਰਸਿਖਾਂ ਲਈ, ਗੁਰਮਤਿ ਪਾਂਧੀ ਪ੍ਰਮਾਰਥੀਆਂ ਲਈ ਤਾਂ ਇਸ ਇਨਕਾਰ ਬਾਰੇ ਕੋਈ ਥਾਉਂ ਨਹੀਂ। ਕਿਉਂਕਿ ਗੁਰਬਾਣੀ ਅੰਦਰ ਥਾਉਂ ਥਾਈਂ ਇਸ ਪ੍ਰਥਾਇ ਪ੍ਰੋੜ੍ਹਤਾ ਆਉਂਦੀ ਹੈ ਕਿ ਨਰਕ ਸੁਰਗ ਜ਼ਰੂਰ ਹਨ। ਨਰਕ ਸੁਰਗ ਵਖੋ ਵਖ ਤਬਕੇ ਅਣਦਿਸਦੀ ਦੁਨੀਆ ਵਿਚ ਮਉਜੂਦ ਹਨ। ਜੋ ਤਸਦੀਕ ਇਸ ਪ੍ਰੋੜ੍ਹਤਾ ਲਈ ਗੁਰਬਾਣੀ ਦਿੰਦੀ ਹੈ, ਉਹ ਅਸਾਡੇ ਤ੍ਰਿਕਾਲ ਦਰਸੀ ਸਰਬੱਗ ਸਤਿਗੁਰਾਂ ਨੇ ਆਪਣੇ ਅੱਖੀਂ ਪੇਖੀ ਪਰਖੀ ਹੈ। ਸਿਖਾਂ ਲਈ ਇਸ ਤੇ ਕਿੰਤੂ ਕਰਨ ਦੀ ਕੋਈ ਗੁੰਜਾਇਸ਼ ਹੀ ਨਹੀਂ। ਬਹੁਤ ਸਾਰੇ ਗੁਰੂ ਘਰ ਵਿਚ ਬਾਹਰੋਂ ਆ ਘੁਸੇ ਖਰੜ ਗਿਆਨੀ ਅਤੇ ਬਹੁਤ ਸਾਰੇ ਨਵੀਨ ਅੰਧਕਾਰ ਤਿਮਰ ਰੌਸ਼ਨੀ ਦੇ ਚੁੰਧਿਆਏ ਹੋਏ ਸਿਆਣੇ ਸਦਾਉਣ ਵਾਲੇ, ਪੰਥਕ ਚੋਧਰਤਾ ਦੇ ਆਪੇ ਬਣ ਬੈਠੇ ਕੂਹਣੀਮਾਰ ਚੌਧਰੀ ਨਾਨਾ ਪਰਕਾਰ ਦੀਆਂ ਤਰਕਾਂ ਬਿਤਰਕਾਂ ਕਰਿਆ ਕਰਦੇ ਹਨ ਅਤੇ ਆਮ ਜਨਤਾ ਨੂੰ ਗੁਮਰਾਹ ਕਰਨ ਦੇ ਅਪਰਾਧੀ ਬਣਦੇ ਹਨ।

ਕਰਤਾਰ ਦੀ ਅਣਦਿਸਦੀ ਕਾਇਨਾਤ ਵਿਚ ਅਨੇਕ ਪ੍ਰਕਾਰ ਦੇ ਸੂਖਮ ਆਕਾਰ ਮੰਡਲੀ ਤਬਕੇ ਹਨ, ਜਿਨ੍ਹਾਂ ਨੂੰ ਦਿਬ ਦ੍ਰਿਸ਼ਟੀ ਵਾਲੇ ਦੀਦੇ ਹੀ ਦੇਖ ਪਰਖ ਸਕਦੇ ਹਨ। ਗੁਰਮੁਖ ਅਨਿੰਨ ਗੁਰਸਿਖੀ ਦੇ ਸ਼ਰਧਾਲੂ ਜਨਾਂ ਨੂੰ ਇਹ ਨਰਕ ਸੁਰਗ ਪੋਹ ਨਹੀਂ ਸਕਦੇ। ਸੁਰਗ ਨੂੰ ਜਾਣ ਦੀ ਤਿਨ੍ਹਾਂ ਦੀ ਲਾਲਸਾ ਫੁਰਨੇ ਮਾਤਰ ਭੀ ਨਹੀਂ ਹੁੰਦੀ ਅਤੇ ਨਰਕਾਂ ਵਿਚ ਪੈਣ ਦਾ ਉਨ੍ਹਾਂ ਪੁਗ-ਖਲੋਤਿਆਂ

ਨੂੰ ਰੰਚਕ ਮਾਤ੍ਰ ਤ੍ਰਾਸ ਨਹੀਂ ਹੁੰਦਾ । ਤਿਨ੍ਹਾਂ ਨੂੰ ਤਾਂ ਕੇਵਲ ਚਰਨ ਕੰਵਲ ਦੀ ਮੌਜ ਮਸਤੌਜ ਅਤੇ ਵਾਹਿਗੁਰੂ-ਦਰਸ਼ਨ ਦੇ ਪੇਖਣ ਪਰਖਣ ਦੀ ਪਰਬਲ ਇਸ਼ਕ-ਔਜ ਹੀ ਨਰਕ ਸੁਰਗ ਦੇ ਝਮੇਲੇ ਤੋਂ ਅਲੇਪ ਰਖਦੀ ਹੈ । ਪਰ ਇਸ ਝਮੇਲੇ ਦੀ ਅਲੇਪਤਾ ਤੋਂ ਇਹ ਸਿਖਿਆ ਹਾਸਲ ਨਹੀਂ ਕਰਨੀ ਕਿ ਨਰਕ ਸੁਰਗ ਐਵੇਂ ਕਿਆਸੀ (ਖ਼ਿਆਲੀ) ਮਨ-ਮਨੌਤੀ ਹੈ । ਗੁਰੂ ਸਾਹਿਬ ਦਾ ਇਹ ਵਾਕ—

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥੧੨੦॥
[ਸਲੋਕ ਕਬੀਰ ਜੀ, ਪੰਨਾ ੧੩੭੦

ਇਕ ਆਦਰਸ਼ਕ ਗੁਰਮੁਖਤਾਈ ਦੀ ਔਜ-ਨੀਸਾਨੀ, ਸਚੀ ਵੰਨਗੀ ਹੈ, ਜਿਸ ਤੋਂ ਇਸ ਭੇਦ ਦਾ ਚਾਨਣਾ ਪੈਂਦਾ ਹੈ ਕਿ ਚਰਨ ਕੰਵਲ ਦੇ ਮੌਜ-ਮਲਕੀਅਤੀ ਗੁਰਮੁਖ ਜਨਾਂ ਨੂੰ ਨਰਕ ਸੁਰਗਾਂ ਦੀ ਪਰਵਾਹ ਨਹੀਂ ਹੁੰਦੀ । ਉਹ ਏਹਨਾਂ ਹੇਠਲੀਆਂ ਮੰਜ਼ਲਾਂ ਤੋਂ ਅਪਰੰਪਰ ਪਰਵਾਜ਼ ਕਰ ਗਏ ਹੁੰਦੇ ਹਨ, ਪਰ ਇਸਦਾ ਇਹ ਭਾਵ ਹਰਗਿਜ਼ ਨਹੀਂ ਕਿ ਇਹ ਨਰਕ ਸੁਰਗ ਦੇ ਤਬਕੇ ਹੀ ਨਾਬੂਦ ਹਨ ਯਾ ਐਵੇਂ ਕਿਆਸੀ ਮਨ-ਮਨੌਤੀਆਂ ਹੀ ਹਨ । ਇਸ ਪ੍ਰਥਾਇ ਅਣਗਿਣਤ ਗੁਰਵਾਕਾਂ ਦੀ ਅਰਸ਼-ਚਾਨਣੀ ਚਾਨਣਾ ਪਾਉਂਦੀ ਹੈ । ਤਿਸ ਤੇ ਯਥਾ-ਯੋਗ ਪ੍ਰਮਾਣਾਂ ਸੰਯੁਕਤ ਸੁਵਿਸਥਾਰਤਾ ਦੇਣੀ ਅਤਿਅੰਤ ਜ਼ਰੂਰੀ ਹੈ । ਸੋ ਇਸ ਵੀਚਾਰ ਨੂੰ ਗ਼ੌਰ ਕਰਕੇ ਧਿਆਨ ਦੇਣਾ ਬਹੁਤ ਲਾਭਕਾਰੀ ਹੋਵੇਗਾ ।

ਸਚ ਹਕੀਕਤ ਤਾਂ ਇਹ ਹੈ ਕਿ ਜਿਨ੍ਹਾਂ ਨੂੰ ਵਾਹਿਗੁਰੂ ਦੇ ਨਾਮ ਦਾ ਰੰਗ ਨਹੀਂ ਲੱਗਾ, ਜੋ ਵਾਹਿਗੁਰੂ ਨਾਮ-ਰੰਗਾਂ ਵਿਚ ਲੀਨ ਬਿਸਮੀਨ ਨਹੀਂ ਹੋਏ, ਤਿਨ੍ਹਾਂ ਨੂੰ ਅਵੱਸ਼ ਨਰਕ ਭੋਗਣੇ ਪੈਣਗੇ । ਇਹ ਗਤਿ ਕਦੇ ਟਲਣੀ ਨਹੀਂ । ਯਥਾ ਗੁਰਵਾਕ—

ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ ॥...੫॥ (੭੦)

'ਸਰਪਰ ਨਰਕੇ ਜਾਇ' ਵਾਲੀ ਪੰਗਤੀ ਵਸੂਕ ਨਾਲ ਤਸਦੀਕ ਕਰਦੀ ਹੈ ਕਿ ਜਿਨ੍ਹਾਂ ਨੂੰ ਪਾਰਬ੍ਰਹਮ ਦਾ ਰੰਗ ਨਹੀਂ ਲੱਗਾ ਸੋ ਲਾਜ਼ਮੀ ਤੌਰ ਤੇ ਸਿਧੇ ਨਰਕਾਂ ਨੂੰ ਜਾਣਗੇ, ਚਾਹੇ ਉਹਨਾਂ ਨੇ ਸ਼ਾਸਤਰ, ਸਿਮਰਤੀਆਂ, ਚਾਰੇ ਵੇਦਾਂ ਦੇ ਵਿਚਾਰ ਵਿਚਾਰ ਕੇ ਘੋਖ ਘੋਖ ਕੇ ਮੁਖਾਗਰ ਪਾਠ ਕਿਤਨੇ ਹੀ ਕਿਉਂ ਨ ਕੀਤੇ ਹੋਣ । ਉਹਨਾਂ ਨੂੰ ਜ਼ਰੂਰ(ਸਰਪਰ) ਨਰਕੇ ਜਾਣਾ ਪਊ, ਜੇ ਪਾਰਬ੍ਰਹਮ ਦੇ ਨਾਮ ਦਾ ਰੰਗ ਨਹੀਂ ਤਿਨ੍ਹਾਂ ਤੇ ਚੜ੍ਹਿਆ । ਨਾਮ ਰੰਗ-ਹੀਣੇ ਤਪੇ ਤਪੀਸਰ ਜੋਗੀਆਂ ਨੂੰ ਨਰਕ ਭੁਗਤਣੇ ਪੈਣਗੇ, ਚਾਹੇ ਉਹਨਾਂ ਨੇ ਅਨੇਕਾਂ ਆਨਮਤੀ ਤੀਰਥਾਂ ਦੀ

ਯਾਤਰਾ ਕੀਤੀ ਹੋਵੇ, ਨਾਨਾ ਪ੍ਰਕਾਰੀ ਤੀਰਥਾਂ ਤੇ ਨ੍ਹਾਇ ਨਹਾਇ ਕਰ ਖਟ ਕਰਮਾਂ ਤੋਂ ਦੂਗਣੀ ਪੂਜਾ ਪੁੰਨ ਕਿਰਿਆ ਕੀਤੀ ਹੋਵੇ । ਸਾਰਾ ਸ਼ਬਦ ਇਹ ਹੈ—

ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ ॥
ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ ॥
ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ ॥
ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ ॥੫॥(੯॥੧॥੨੬)
[ਸਿਰੀ ਰਾਗੁ ਮ: ੫, ਪੰਨਾ ੭੦

ਧਰਮ-ਈਮਾਨ ਹੀਣ ਬਹੁਤ ਸਾਰੇ ਲੋਗ ਇਹ ਕਿਹਾ ਕਰਦੇ ਹਨ ਕਿ ਭਾਈ ਨਰਕ ਸੁਰਗ ਐਥੇ ਹੀ ਹੈ, ਅਗੇ ਕੁਛ ਨਹੀਂ । ਜਿਨ੍ਹਾਂ ਨੇ ਮਾਇਕ ਸੁਖ ਐਥੇ ਮਾਣ ਲਏ, ਉਹਨਾਂ ਨੇ ਮਾਨੋ ਸੁਰਗ ਭੋਗ ਲਏ । ਜਿਨ੍ਹਾਂ ਨੇ ਦੁਖ ਦਲਿੱਦਰ ਦੀ ਜ਼ਿੰਦਗੀ ਏਥੇ ਬਤੀਤ ਕੀਤੀ, ਉਹਨਾਂ ਦੇ ਭਾਣੇ ਏਥੇ ਨਰਕ ਭੁਗਤੇ ਗਏ ।

ਇਉਂ ਨਹੀਂ ਖਹਿੜਾ ਛੁਟਣਾ । ਏਸ ਭਰਵਾਸੇ ਰਹਿਣਾ ਕੁਢੰਗਾ ਹੈ । ਸੰਸਾਰਕ ਸੁਖਾਂ ਕਰਕੇ ਸੁਰਗ ਭੁਗਤਿਆ ਤਿਨ੍ਹਾਂ ਦਾ ਮੰਨਿਆ ਜਾਂਦਾ ਹੈ, ਜਿਨ੍ਹਾਂ ਨੂੰ ਲੋਕਾਂ ਭਾਣੇ ਏਥੇ ਏਸ ਜਗਤ ਵਿਚ ਦੁਖ ਦਲਿੱਦਰ ਨਹੀਂ ਭੁਗਤਣੇ ਪੈਂਦੇ; ਪਰ ਇਹ ਨਿਰੀ ਖ਼ਾਮ ਖ਼ਿਆਲੀ ਹੈ। ਸਤਿਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ—

ਬਹੁਤੁ ਧਨਾਢਿ ਅਚਾਰਵੰਤੁ ਸੋਭਾ ਨਿਰਮਲ ਰੀਤਿ ॥
ਮਾਤ ਪਿਤਾ ਸੁਤ ਭਾਈਆ ਸਾਜਨ ਸੰਗਿ ਪਰੀਤਿ ॥
ਲਸਕਰ ਤਰਕਸ ਬੰਦ ਬੰਦ ਜੀਉ ਜੀਉ ਸਗਲੀ ਕੀਤ ॥
ਚਿਤਿ ਨ ਆਇਓ ਪਾਰਬ੍ਰਹਮ ਤਾ ਖੜਿ ਰਸਾਤਲਿ ਦੀਤ ॥੭॥
(੯॥੧॥੨੬) [ਸਿਰੀ ਰਾਗੁ ਮ: ੫, ਪੰਨਾ ੭੦

ਭਾਵ ਸੰਸਾਰ ਦੇ ਐਸ਼ਵਰਜ ਕਰਕੇ ਭਾਵੇਂ ਕੋਈ ਬਹੁਤ ਹੀ ਧਨਵੰਤ ਹੋਵੇ ਅਤੇ ਅਚਾਰਵੰਤ ਕੁਲਵੰਤ ਭੀ ਹੋਵੇ ਤੇ ਓਸ ਦੀ ਸੋਭਾ ਭੀ ਸਾਰੇ ਸੰਸਾਰ ਵਿਚ ਹੁੰਦੀ ਹੋਵੇ, ਸੰਸਾਰਕ ਰੀਤੀਆਂ ਸੁਰੀਤੀਆਂ ਕਰਕੇ ਭੀ ਭਾਵੇਂ ਕੋਈ ਕਿਤਨਾ ਹੀ ਜਗ ਵਿਚ ਮਸ਼ਹੂਰ ਹੋਵੇ, ਮਾਤਾ ਪਿਤਾ ਦੇ ਸਿਰ ਤੇ ਹੋਣ ਦੇ ਸੁਖ ਭੀ ਪ੍ਰਾਪਤ ਹੋਣ, ਸੁਤ ਸੰਪਦਾ ਕਰਕੇ ਭੀ ਸੁਖੀ ਹੋਵੇ, ਭਾਈਆਂ, ਸਕੇ ਭਰਾਵਾਂ ਅਤੇ ਸਜਣਾਂ ਸੰਗੀਆਂ ਦੀ ਪ੍ਰੀਤਿ ਸਹੋਦਰਤਾ ਭੀ ਪ੍ਰਾਪਤਿ ਹੋਵੇ, ਬੜੇ ਬੜੇ ਲਸ਼ਕਰਾਂ, ਸ਼ਸਤ੍ਰਾਂ ਤੇ ਅਸਤ੍ਰਾਂ ਦਾ ਭੀ ਮਾਲਕ ਹੋਵੇ ਅਤੇ ਸਾਰਿਆਂ ਦੇ ਉਪਰ ਉਸ ਦੀ ਫ਼ੁਰਮਾਇਸ਼ ਚਲਦੀ ਹੋਵੇ, ਸਭ ਕੋਈ ਸਗਲੀ ਲੁਕਾਈ ਉਸਨੂੰ ਜੀਉ ਜੀਉ ਕਰਿ ਸਤਿਕਾਰਦੀ ਪਿਆਰਦੀ ਹੋਵੇ, ਏਤਨੇ ਸੰਸਾਰਕ ਸੁਖਾਂ ਅਤੇ ਮਾਇਕ ਪਦਾਰਥਾਂ

ਦੇ ਹੁੰਦਿਆਂ ਜੇ ਉਹ ਪਾਰਬ੍ਰਹਮ ਪਰਮੇਸ਼ਰ ਦਾ ਚਿਤਵਨ ਸਿਮਰਨ ਨਹੀਂ ਕਰਦਾ ਤਾਂ ਉਸ ਨੂੰ ਅਗੇ ਚਲ ਕੇ ਰਸਾਤਲਮਈ ਨਰਕਾਂ ਵਿਚ ਧਕੇਲ ਦਿਤਾ ਜਾਊ। ਜੇ ਏਥੇ ਹੀ ਸੁਖਾਂ-ਮਈ ਸੁਰਗ ਭੁਗਤ ਲਏ ਮੰਨੇ ਜਾਣ ਤਾਂ ਉਸ ਨੂੰ ਅਗਾਹਾਂ ਜਾ ਕੇ ਨਰਕ ਰਸਾਤਲ ਕਿਉਂ ਪੈਣਾ ਪਵੇ। ਪਰ ਸਤਿਗੁਰੂ ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਵਾਹਿਗੁਰੂ ਨਾਮ ਦੇ ਸਿਮਰਨ ਬਿਨਾਂ ਸੰਸਾਰ ਦੇ ਸੁਖਾਂ ਨੂੰ ਭੋਗਣ ਵਾਲੇ ਸਾਰੇ ਹੀ ਰਸਾਤਲੀਂ ਜਾਂਦੇ ਹਨ।

ਜੇਕਰ ਏਥੇ ਦੇ ਸੁਖਾਂ ਦੁਖਾਂ ਦੀ ਕਸੌਟੀ ਕਰਕੇ ਹੀ ਨਰਕ ਸੁਰਗ ਏਥੇ ਹੀ ਭੁਗਤ ਲਏ ਮੰਨੇ ਜਾਣ ਤਾਂ ਇਸ ਹੱਕ ਦਾ ਉਹਨਾਂ ਦੇ ਪਾਸ ਕੀ ਜਵਾਬ ਹੈ ਕਿ ਬਹੁਤ ਸਾਰੇ ਲੋਗ ਸਾਰੀ ਉਮਰ ਹੀ ਸੰਸਾਰੀ ਸੁਖਾਂ ਨੂੰ ਭੁਗਤਦੇ ਦੇਖੇ ਗਏ ਹਨ ਅਤੇ ਬਹੁਤ ਸਾਰੇ ਲੋਗ ਦੁਖ ਹੀ ਸਾਰੀ ਉਮਰ ਭੋਗਦੇ ਹਨ। ਇਕਨਾਂ ਲਈ ਸੁਖ ਹੀ ਸੁਖ ਕਿਉਂ ਮਖ਼ਸੂਸ ਹਨ? ਤੇ ਦੂਜਿਆਂ ਲਈ ਦੁਖ ਹੀ ਦੁਖ ਕਿਉਂ ਦਰੁਸਤ ਹਨ? ਇਸ ਸੰਸਾਰ ਵਿਖੇ ਹੀ ਮਿਲਦੀ ਦੁਖਾਂ ਸੁਖਾਂ ਦੀ ਗਤੀ ਨੂੰ ਦੇਖ ਕੇ ਹੀ ਭਰਮ ਨਹੀਂ ਜਾਣਾ ਚਾਹੀਦਾ ਕਿ ਸੁਖਾਂ ਵਾਲੇ ਸੁਰਗ ਭੋਗਦੇ ਹਨ ਤੇ ਦੁਖਾਂ ਵਾਲੇ ਨਰਕ। ਇਹ ਤਾਂ ਕੋਈ ਨਿਯਮ ਨਿਆਉਂ ਨਾ ਹੋਇਆ। ਇਹ ਗੱਲ ਮੰਨਣੀ ਪਊ ਕਿ ਕਰਮਾਂ ਅਨੁਸਾਰ ਦੁਖਾਂ ਸੁਖਾਂ ਦੇ ਭੋਗ ਹਨ, ਜੋ ਕਰਮ ਵਿਧਾਤਾ ਏਥੇ ਭੀ ਭੁਗਤਾਉਂਦਾ ਹੈ ਅਤੇ ਅਗੇ ਚਲ ਕੇ ਭੀ ਭੁਗਤਾਉਂਦਾ ਹੈ। ਇਹ ਗੱਲ ਖੋਲ੍ਹ ਕੇ ਕਰਮ ਫ਼ਿਲਾਸਫੀ ਪੁਸਤਕ ਵਿਚ ਨਿਰਣੈ ਕੀਤੀ ਜਾਊਗੀ।

ਪਰ ਉਪਰਲੇ ਗੁਰਵਾਕਾਂ ਅਨੁਸਾਰ ਤਾਂ ਭਾਵੇਂ ਏਸ ਜਨਮ ਵਿਚ ਕਿਤਨੇ ਹੀ ਸੁਖ ਭੋਗੇ ਜਾਣ ਅਤੇ ਸੰਸਾਰਕ ਸੁਖ-ਕਰਮ ਕੀਤੇ ਜਾਣ, ਪਰ ਬਿਨਾਂ ਨਾਮ-ਰੰਗ-ਰਤਿਆਂ, ਨਾਮ-ਸਿਮਰਨ-ਕਮਾਈ ਕਮਾਇਆਂ ਤਿਨ੍ਹਾਂ ਨੂੰ ਅਗੇ ਜਾ ਕੇ ਨਰਕ ਹੀ ਨਰਕ ਭੋਗਣਾ ਪੈਂਦਾ ਹੈ। ਸੰਸਾਰਕ ਸੁਖਾਂ ਵਿਚ ਪੈ ਕੇ ਜੋ ਸੁਖਾਂ ਵਿਚ ਹੀ ਲੰਪਤ ਖਪਤ ਹੋ ਜਾਂਦੇ ਹਨ ਅਤੇ ਸੁਖਾਂ ਦੇ ਦਾਤੇ ਸਿਰਜਨਹਾਰ ਨੂੰ ਵਿਸਾਰ ਦਿੰਦੇ ਹਨ, ਤਿਨ੍ਹਾਂ ਅਕਿਰਤਘਣਾਂ ਦਾ ਵਾਸਾ ਅਗੇ ਜਾ ਕੇ ਜ਼ਰੂਰ ਨਰਕਾਂ ਤੇ ਰਸਾਤਲਾਂ ਦੋਜ਼ਖਾਂ ਵਿਚ ਹੁੰਦਾ ਹੈ।

ਨਾਮ ਭਗਤੀ ਦੀ ਵਡਿਆਈ ਅਤੇ ਨਾਮ-ਹੀਣਿਆਂ ਦੀ ਅਧੋਗਤੀ-ਮਈ ਛੁਟਿਆਈ ਇਸ ਅਗਲੇਰੇ ਗੁਰਵਾਕ ਅੰਦਰ ਖ਼ੂਬ ਨਿਖਾਰ ਕੇ ਵਿਖਾਈ ਗਈ ਹੈ—

ਹਰਿ ਆਪਣੀ ਭਗਤਿ ਕਰਾਇ ਵਡਿਆਈ ਵੇਖਾਲੀਅਨੁ ॥
ਆਪਣੀ ਆਪਿ ਕਰੇ ਪਰਤੀਤਿ ਆਪੇ ਸੇਵ ਘਾਲੀਅਨੁ ॥
ਹਰਿ ਭਗਤਾ ਨੋ ਦੇਇ ਅਨੰਦੁ ਥਿਰੁ ਘਰੀ ਬਹਾਲਿਅਨੁ ॥

ਪਾਪੀਆ ਨੋ ਨ ਦੇਈ ਥਿਰੁ ਰਹਣਿ ਚੁਣਿ ਨਰਕਿ ਘੋਰਿ ਚਾਲਿਅਨੁ ॥
ਹਰਿ ਭਗਤਾ ਨੋ ਦੇਇ ਪਿਆਰੁ ਕਰਿ ਅੰਗੁ ਨਿਸਤਾਰਿਅਨੁ ॥੧੯॥
[ਸਿਰੀ ਰਾਗ ਕੀ ਵਾਰ, ਪੰਨਾ ੯੦-੯੧

ਇਸ ਗੁਰਵਾਕ ਅਨੁਸਾਰ ਸਪੱਸ਼ਟ ਹੁੰਦਾ ਹੈ ਕਿ 'ਸੁਕ੍ਰਿਤੁ ਕਰਨੀ ਸਾਰੁ ਜਪਮਾਲੀ' ਵਾਲੇ ਭਗਤ ਜਨਾਂ ਦਾ ਵਾਸਾ ਗੁਰਪੁਰੀ ਵਿਚ ਹੁੰਦਾ ਹੈ, ਵਾਹਿਗੁਰੂ ਦੇ ਸਚਖੰਡ ਨਿਜ ਘਰ ਵਿਖੇ ਹੁੰਦਾ ਹੈ। ਨਾਮੋਂ ਘੁਥੜੇ ਪਾਪੀਆਂ ਨੂੰ ਘੋਰ ਨਰਕ ਵਿਚ ਚੁਣ ਚੁਣ ਕੇ ਪਾਈਦਾ ਹੈ। ਉਹਨਾਂ ਨੂੰ ਕਿਤੇ ਭੀ ਥਿਰਤਾ ਨਹੀਂ ਮਿਲਦੀ, ਕੇਵਲ ਨਰਕੀਂ ਹੀ ਠਉਰ ਮਿਲਦੀ ਹੈ। ਜੋ ਪ੍ਰਾਣੀ ਏਥੇ ਇਸ ਸੰਸਾਰ ਵਿਖੇ ਸੁਖ ਭੋਗਦੇ ਹਨ ਪਰ ਪਾਪ ਕਰਮ ਕਮਾਉਂਦੇ ਹਨ, ਤਿਨ੍ਹਾਂ ਪਾਪੀਆਂ ਨੂੰ ਨਰਕਾਂ ਦੀ ਸਜ਼ਾ ਅੱਗੇ ਚੱਲ ਕੇ ਜ਼ਰੂਰ ਭੁਗਤਣੀ ਪਊ ਅਤੇ ਐਸੇ ਬਿਖਮ ਘੋਰ ਪੈਂਡੇ ਵਿਚ ਦੀ ਲੰਘਣਾ ਪਊ, ਜਿਥੇ ਸੂਰਜ ਚੰਦ ਦੇ ਚਾਨਣੇ ਦਾ ਪ੍ਰਵੇਸ਼ ਨਹੀਂ, ਨਿਰਾ ਅਨ੍ਹੇਰ ਘੁਪ ਹੈ। ਯਥਾ ਗੁਰਵਾਕ—

ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ
ਰਵਿ ਸਸਿ ਤਹ ਨ ਪ੍ਰਵੇਸੰ ॥੩॥(ਪ॥੨)
[ਸਿਰੀ ਰਾਗੁ ਤ੍ਰਿਲੋਚਨ ਜੀ, ਪੰਨਾ ੯੨

ਇਸ ਗੁਰਵਾਕ ਤੋਂ ਸਿਧ ਹੈ ਕਿ ਉਥੇ ਨ ਕਦੇ ਸੂਰਜ ਚੜ੍ਹਦਾ ਹੈ, ਨ ਚੰਦ ਹੀ ਕਦੇ ਨਮੂਦਾਰ ਹੁੰਦਾ ਹੈ, ਘੋਰ ਘੁੱਪ ਅੰਧਿਆਰ ਹੀ ਅੰਧਿਆਰ ਤਿਨ੍ਹਾਂ ਤਬਕਿਆਂ ਵਿਚਿ ਸਦਾ ਰਹਿੰਦਾ ਹੈ। ਅੰਧਿਆਰੇ ਤੋਂ ਬਿਨਾਂ ਹੋਰ ਭੀ **ਬਿਖਮ-ਤਾਈਆਂ** ਉਥੇ ਦਰਪੇਸ਼ ਆਉਂਦੀਆਂ ਹਨ, ਜਿਨ੍ਹਾਂ ਦਾ ਵਰਨਣ ਕਰਨਾ ਕਠਨ ਹੈ। ਇਸ ਦੇਹੀ ਨੂੰ ਤਿਆਗ ਕੇ ਸੂਖਮ ਦੇਹੀ ਸੰਯੁਕਤ ਜੀਵ ਅਗੇ ਇਕੇਲਾ ਜਾਂਦਾ ਹੈ ਅਤੇ ਪਾਪਾਂ ਦੀ ਪੰਡ ਨਾਲ ਹੀ ਲੈ ਜਾਂਦਾ ਹੈ, ਜਿਸ ਕਰਕੇ ਪਾਪਾਂ ਦੀ ਪੰਧ ਲੰਘਣੀ ਅਤਿ ਔਖੀ ਹੋ ਜਾਂਦੀ ਹੈ।

ਇਸ ਅਗਲੇ ਦ੍ਰਿਸ਼ਜ ਨੂੰ ਦ੍ਰਿਬ-ਦ੍ਰਿਸ਼ਟਾਏ ਸਰਵੱਗ ਪੁਰਖਾਂ ਨੇ ਆਪਣੀ ਨਿਜ ਅੱਖੀਂ ਪ੍ਰਕਾਸ਼ ਵਿਕਾਸ ਦੇ ਪਰਤੱਖ ਨਜ਼ਾਰੇ ਵਿਚ ਦੇਖਿਆ ਹੈ। ਜੈਸਾ ਕਿ ਅਗਲਾ ਗੁਰਵਾਕ ਦੱਸਦਾ ਹੈ—

ਆਜੁ ਮੇਰੈ ਮਨਿ ਪ੍ਰਗਟੁ ਭਇਆ ਹੈ ਪੇਖੀਅਲੇ ਧਰਮਰਾਓ ॥
ਤਹ ਕਰਦਲ ਕਰਨਿ ਮਹਾ ਬਲੀ
ਤਿਨ ਆਗਲੜੈ ਮੈ ਰਹਣੁ ਨ ਜਾਇ ॥੪॥(ਪ॥੨)
[ਸਿਰੀ ਰਾਗੁ ਤ੍ਰਿਲੋਚਨ ਜੀ, ਪੰਨਾ ੯੨


www.sikhbookclub.com

ਸਮਾਧ-ਸਥਿਤੀ ਆਤਮ-ਵਿਗਾਸ ਦੇ ਖੌਲਾਉ ਵਿਚ ਪਰਤੱਖ ਦੇਖਿਆ ਨਜ਼ਾਰਾ ਨਦਰੀ ਨਦਰ ਨਦਰਾਏ ਮਹਾਂ ਪੁਰਖ ਦੱਸਦੇ ਹਨ ਕਿ ਸੁਤੇ ਸਿਧ ਹੀ ਪ੍ਰਕਾਸ਼ ਵਿਕਾਸੀ ਉਘਾੜ ਵਿਚ ਅਜ ਧਰਮਰਾਇ ਦੀ ਪੁਰੀ ਭੀ ਅੱਖੀਂ ਦੇਖੀ, ਸਣੇ ਧਰਮਰਾਉ ਦੇ। ਅਤੇ ਓਥੇ (ਧਰਮਰਾਇ ਦੀ ਪੁਰੀ ਵਿਖੇ) ਧਰਮਰਾਇ ਦੇ ਮਹਾਂਬਲੀ ਜਮਦੂਤਾਂ ਦੇ ਦਲਾਂ ਦੇ ਦਲ ਭੀ ਦੇਖੇ, ਜੋ ਧਰਮਰਾਇ ਦੇ ਹੁਕਮ ਅੰਦਰ ਪਾਪੀਆਂ ਦੀ ਦੁਰਗਤੀ ਕਰਦੇ ਪੇਖੇ ਗਏ। ਤਿਨ੍ਹਾਂ ਦੇ ਅਗੇ ਕੋਈ ਖੜੋ ਨਹੀਂ ਸਕਦਾ। ਤਿਨ੍ਹਾਂ ਦੀ ਬਿਕਰਾਲ ਦਸ਼ਾ ਨੂੰ ਦੇਖ ਕੇ ਐਸੇ ਤ੍ਰਾਸਮਾਨ ਅਤੇ ਤਰਸਤਿਦਾਨ ਹੋਈਦਾ ਹੈ ਕਿ ਉਹਨਾਂ ਦੀ ਹਾਲਤ ਦੇਖੀ ਨਹੀਂ ਜਾਂਦੀ। ਇਹ ਸਤਿਗੁਰ ਨਦਰ-ਨਦਰਾਏ ਸਰਬਗ ਪੁਰਸ਼ ਭਗਤ ਜਨਾਂ ਦੀ ਨਿਜ ਅੱਖੀਂ ਦੇਖੀ ਝਾਕੀ ਹੈ। ਤਾਂ ਤੇ ਇਸ ਵਿਚ ਕਿੰਤੂ ਕੋਈ ਨਹੀਂ ਕਰਨਾ ਚਾਹੀਦਾ। ਅਕਾਲ ਪੁਰਖ ਸਚੇ ਗੋਸਾਈਂ ਨੂੰ ਸਿਮਰਨਹਾਰੇ ਏਹਨਾਂ ਨਰਕਾਂ ਵਿਚ ਨਹੀਂ ਪੈਂਦੇ, ਪਾਏ ਹੀ ਨਹੀਂ ਜਾਂਦੇ। ਜਿਨ੍ਹਾਂ ਦੇ ਮਨ ਵਿਖੇ ਆਪ ਪਿਆਰਾ ਆਣਿ ਵੁਠਾ ਹੈ, ਤਿਨ੍ਹਾਂ ਨੂੰ ਤੱਤੀ ਵਾਉ ਨਹੀਂ ਲਗਣੀ ਪਾਉਂਦੀ। ਯਥਾ ਗੁਰਵਾਕ—

ਜੋ ਸਿਮਰੰਦੇ ਸਾਂਈਐ ॥ ਨਰਕਿ ਨ ਸੇਈ ਪਾਈਐ ॥
ਤਤੀ ਵਾਉ ਨ ਲਗਈ ਜਿਨ ਮਨਿ ਵੁਠਾ ਆਇ ਜੀਉ ॥੨॥
(੮॥੪॥੩੮) [ਮਾਝ ਮ: ੫ ਘਰੁ ੨, ਪੰਨਾ ੧੩੨

ਵਾਹਿਗੁਰੂ ਦੇ ਦਾਸਾਂ ਗੁਰਮੁਖਿ ਜੋਤਿ ਪ੍ਰਗਾਸਾਂ ਨੂੰ ਵਾਹਿਗੁਰੂ ਦੀ ਵਡੀ ਵਡਿਆਈ ਦੀ ਬਖ਼ਸ਼ਸ਼ ਹੈ। ਉਹ ਬਖ਼ਸ਼ੇ ਹੋਏ ਪੁਰਸ਼ ਵਾਹਿਗੁਰੂ-ਦਰ ਗੋਚਰੇ ਹੀ ਰਹਿੰਦੇ ਹਨ। ਨਰਕ ਸੁਰਗ ਤੋਂ ਉਪਰ ਤਿਨ੍ਹਾਂ ਦਾ ਪ੍ਰਵਾਜ਼ ਹੈ। ਨਾਮ-ਲਿਵ-ਤਰਨੀਏਂ ਲੋਗ ਨਾਮੀ-ਵਾਹਿਗੁਰੂ ਦੀ ਪੁਰੀ ਵਿਚ ਹੀ ਲਿਵਤਾਰੀਆਂ ਉਡਾਰੀਆਂ ਲਾਉਂਦੇ ਹਨ। ਨਾਮ ਤੋਂ ਘੁਥੜੇ ਮਾਇਆ ਦੇ ਕੀੜੇ ਮਾਇਆ-ਮੋਹ ਵਿਚ ਮੱਠੂ ਮਗਨੱਠੂ ਰਹਿਣ ਕਰਕੇ ਨਰਕਾਂ ਦੇ ਭਾਗੀ ਬਣਦੇ ਹਨ, ਅਵੱਸ਼ ਨਰਕੀਂ ਲਿਜਾਏ ਪਾਏ ਜਾਂਦੇ ਹਨ। ਯਥਾ ਗੁਰਵਾਕ—

ਤੇਰੇ ਦਾਸ ਕਉ ਤੁਹੀ ਵਡਿਆਈ ॥
ਮਾਇਆ ਮਗਨੁ ਨਰਕਿ ਲੈ ਜਾਈ ॥੧॥ਰਹਾਉ॥(੪॥੮੨॥੧੫੧॥)
[ਗਉੜੀ ਮਹਲਾ ੫, ਪੰਨਾ ੧੯੬

ਰਸਨਾ ਕਰਕੇ ਨਾਮ ਚਿਤਾਰਿਆਂ ਮਹਾਂ ਕਸ਼ਟ ਖਿਨ ਵਿਚ ਹੀ ਕਟੇ ਜਾਂਦੇ ਹਨ। ਨਾਮ ਲੀਨਾਰੇ ਨਰ ਸਦਾ ਹਰਿ-ਸਰਨਾਈ ਹੀ ਰਹਿੰਦੇ ਹਨ। ਇਥੇ ਸਦਾ ਹੀ ਸੀਤਲਤਾ, ਸ਼ਾਂਤ ਅਤੇ ਸੁਖ ਅਨੰਦ ਹੀ ਵਰਤਦਾ ਹੈ। ਨਾਮ


www.sikhbookclub.com

ਜਨਮ ਜਨਮ ਦੀ ਜਲਦੀ ਅਗਨ ਨੂੰ ਨਿਵਾਰ ਦਿੰਦਾ ਹੈ ਅਤੇ ਗਰਭ-ਕੁੰਡ ਦੀ ਜਠਰਾਗਨ ਵਿਚ ਨਹੀਂ ਪੈਣ ਦਿੰਦਾ, ਨਾ ਹੀ ਨਰਕਾਂ ਵਿਚ ਗੋਤੇ ਖਾਣ ਦਿੰਦਾ ਹੈ; ਸਗੋਂ ਭਵਜਲੋਂ ਪਾਰ ਉਤਾਰ ਦਿੰਦਾ ਹੈ । ਯਥਾ ਗੁਰਵਾਕ—

ਮਹਾ ਕਸਟ ਕਾਟੈ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ ॥
ਸੀਤਲ ਸਾਂਤਿ ਸੂਖ ਹਰਿ ਸਰਣੀ ਜਲਤੀ ਅਗਨਿ ਨਿਵਾਰੇ ॥੧॥
ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ ॥...੨॥
(੪॥੧॥੧੩੮) [ਗਉੜੀ ਪੂਰਬੀ ਮਹਲਾ ੫, ਪੰਨਾ ੨੧੦

ਜੋ ਸਾਕਤ ਨਰ ਨਾਮ ਸੰਗਿ ਮਨ ਬਚਨ ਕਰਮ ਕਰਕੇ ਪ੍ਰੀਤਿ ਨਹੀਂ ਲਾਉਂਦਾ, ਉਹ ਚਾਹੇ ਕੋਟ ਕਰਮ ਕਰੇ, ਗੁਰਮਤਿ ਬਿਪਰਜੇ ਏਹਨਾਂ ਕੋਟ ਆਨਮਤ ਕਰਮਾਂ ਨੂੰ ਕਰਦਾ ਹੋਇਆ ਭੀ ਨਰਕਿ ਸਿਧਾਉਂਦਾ ਹੈ । ਯਥਾ ਗੁਰਵਾਕ—

ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥
ਕੋਟਿ ਕਰਮ ਕਰਤੋ ਨਰਕਿ ਜਾਵੈ ॥੫॥
ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ ॥
ਚੋਰ ਕੀ ਨਿਆਈ ਜਮਪੁਰਿ ਬਾਧਾ ॥੬॥(੮॥੧੦)
[ਗਉੜੀ ਮ: ੫, ਪੰਨਾ ੨੪੦

ਇਸ ਗੁਰਵਾਕ ਦੀਆਂ ਪਿਛਲੀਆਂ ਪੰਗਤੀਆਂ ਦਸਦੀਆਂ ਹਨ ਕਿ ਜਿਸ ਨਰ ਨੇ ਸਚੀ ਸਰਧਾ ਸੰਯੁਕਤ (ਮਨ ਬਚਨ ਕਰਮ ਕਰਕੇ) ਵਾਹਿਗੁਰੂ ਨਾਮ ਨਹੀਂ ਆਰਾਧਿਆ, ਉਹ ਚੋਰ ਦੀ ਨਿਆਈਂ ਬੰਨ੍ਹਿਆ ਹੋਇਆ ਜਮਪੁਰੀ ਵਿਚ ਲਿਜਾਇਆ ਜਾਂਦਾ ਹੈ । ਤਾਂ ਤੇ ਇਹ ਨੁਕਤਾ ਭੀ ਸਾਫ਼ ਹੋ ਗਿਆ ਕਿ ਜਮਪੁਰੀ ਭੀ ਗੁਪਤ ਦੁਨੀਆ ਦੀਆਂ ਪੁਰੀਆਂ ਵਾਂਗੂ ਇਕ ਪੁਰੀ ਹੈ, ਜਿਥੇ ਪਾਪੀ ਪੁਰਸ਼ ਚੋਰ ਦੀ ਨਿਆਈਂ ਮੁਸ਼ਕਾਂ ਕਸ ਕੇ ਲੈ ਜਾਏ ਜਾਂਦੇ ਹਨ ਅਤੇ ਜਮਾਂ ਦੇ ਵੱਸ ਪੈ ਜਾਂਦੇ ਹਨ । ਅਗਲੇ ਗੁਰਵਾਕ ਸਲੋਕ ਅਤੇ ਪਉੜੀ ਅੰਦਰ ਨਰਕ-ਨਿਰਵਾਰੀਆਂ ਦਾ ਸਪੱਸ਼ਟ ਨਿਰਣਾ ਕੀਤਾ ਗਿਆ ਹੈ । ਯਥਾ ਗੁਰਵਾਕ—

ਸਲੋਕੁ ॥ ਨਾਨਕ ਨਾਮੁ ਨਾਮੁ ਜਪੁ ਜਪਿਆ ਅੰਤਰਿ ਬਾਹਰਿ ਰੰਗਿ ॥
ਗੁਰਿ ਪੂਰੈ ਉਪਦੇਸਿਆ ਨਰਕੁ ਨਾਹਿ ਸਾਧ ਸੰਗਿ ॥੧॥
ਪਉੜੀ ॥ ਨੰਨਾ ਨਰਕਿ ਪਰਹਿ ਤੇ ਨਾਹੀ ॥
ਜਾ ਕੈ ਮਨਿ ਤਨਿ ਨਾਮੁ ਬਸਾਹੀ ॥
ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ ॥

ਬਿਖੁ ਮਾਇਆ ਮਹਿ ਨਾ ਓਇ ਖਪਤੇ ॥
ਨੰਨਾਕਾਰੁ ਨ ਹੋਤਾ ਤਾ ਕਹੁ ॥
ਨਾਮੁ ਮੰਤ੍ਰੁ ਗੁਰਿ ਦੀਨੋ ਜਾ ਕਹੁ ॥
ਨਿਧਿ ਨਿਧਾਨ ਹਰਿ ਅੰਮ੍ਰਿਤ ਪੂਰੇ ॥
ਤਹ ਬਾਜੇ ਨਾਨਕ ਅਨਹਦ ਤੂਰੇ ॥੩੬॥

[ਗਉੜੀ ਬਾਵਨ ਅੱਖਰੀ, ਪੰਨਾ ੨੫੭-੫੮

ਇਸ ਗੁਰਵਾਕ ਅੰਦਰ ਸਤਿਗੁਰ ਪੂਰੇ ਦਾ ਸੱਚ ਉਪਦੇਸ਼ ਮਈ ਐਲਾਨ ਹੈ ਕਿ ਨਾਮ ਹੀ ਨਾਮ, ਕੇਵਲ ਵਾਹਿਗੁਰੂ ਨਾਮ ਦਾ ਅੰਦਰੌਂ ਬਾਹਰੋਂ ਪ੍ਰੇਮ-ਜੋਤਿ-ਰੰਗਾਂ ਵਿਚ ਗੁਰੂ ਘਰ ਦੀ ਸਤਿਸੰਗਤ ਵਿਖੇ ਮਿਲ ਕੇ ਜਾਪ ਜਪਿਆਂ ਐਸੀ ਸਚੀ ਸੁਰਖ਼ਰੂਈ ਹੈ ਕਿ ਅਗੇ ਗਇਆਂ ਭੀ ਮੁਖ ਉਜਲਾ ਹੀ ਹੈ । ਨਰਕ ਦਾ ਤੌਖਲਾ ਮੁਕਦਾ ਹੈ ਤਾਂ ਕੇਵਲ ਇਸ ਪ੍ਰਕਾਰ ਦਾ ਜੀਵਨ-ਜਨਮ ਬਤੀਤਿਆਂ ਹੀ ਮੁਕਦਾ ਹੈ। ਜਿਨ੍ਹਾਂ ਦੇ ਮਨ ਤਨ ਅੰਦਰ ਨਾਮ ਵਸਿਆ ਹੈ ਉਹ ਅਗੇ ਜਾ ਕੇ ਨਰਕਾਂ ਵਿਚ ਨਹੀਂ ਪੈਂਦੇ, ਕਿਉਂਕਿ ਨਾਮ ਨਿਧਾਨ ਜਪਣ ਕਰਕੇ ਗੁਰਮੁਖ ਜਨ ਵਿਖ-ਰੂਪ ਮਾਇਆ ਵਿਚ ਉਕੇ ਹੀ ਖੱਚਤ ਨਹੀਂ ਹੁੰਦੇ। ਬਿਖਿਆ ਦੇ ਕੀੜੇ ਹੀ ਨਰਕਾਂ ਵਿਚ ਪੈਂਦੇ ਹਨ ਤੇ ਜ਼ਰੂਰ ਪੈਂਦੇ ਹਨ। ਸਤਿਗੁਰੂ ਦੇ ਪ੍ਰਸਾਦਿ ਕਰਿ ਜਿਨ੍ਹਾਂ ਨੂੰ ਨਾਮ ਗੁਰਮੰਤ੍ਰ ਮਿਲਿਆ ਹੈ ਤਿਨ੍ਹਾਂ ਨੂੰ ਕਿਸੇ ਗੁਣ ਦੀ ਕਮੀ ਨਹੀਂ ਰਹਿੰਦੀ । ਅਗੇ ਜਾ ਕੇ ਭੀ ਉਨ੍ਹਾਂ ਸਾਮ੍ਹਣੇ ਕੋਈ ਨਹੀਂ ਅੜਦਾ, ਕੋਈ ਨਨਕਾਰ ਨਹੀਂ ਕਰਦਾ । ਜੋ ਜਨ ਨਾਮ ਜਪ ਕਰ ਕੇ ਅੰਮ੍ਰਿਤ ਰੂਪੀ ਨਿਧ-ਨਿਧਾਨ ਦੇ ਪੂਰੇ ਭਾਂਡੇ ਹੋ ਜਾਂਦੇ ਹਨ, ਤਿਸ ਅਵਸਥਾ ਤੇ ਪਹੁੰਚ ਕੇ ਤਿਨ੍ਹਾਂ ਦੇ ਦਸਮ ਦੁਆਰਿ ਅਨਹਦ ਕੀਰਤਨ ਦੇ ਨਾਦ ਬਜਣ ਲਗ ਪੈਂਦੇ ਹਨ । ਤਿਸ ਪਦ ਤੇ ਪੁਜ ਕੇ ਸਾਧ ਸੰਗਤ ਦੀ ਪਾਰਸ-ਭੇਟ ਦਾ ਸਦਕਾ ਜਿਨ੍ਹਾਂ ਨੇ ਦਸਮ ਦੁਆਰ ਦੀ ਖੇਡ ਦਾ ਮਰਮ ਪਛਾਣ ਲਿਆ ਹੈ, ਤਿਨ੍ਹਾਂ ਨੇ ਮਨ ਬਚਨ ਕਰਮ ਕਰਕੇ ਦੁਖ ਸੁਖ ਨੂੰ ਸਮਾਨ, ਸਮਸਰ ਹੀ ਜਾਣਿਆ ਹੈ । ਤੇ ਜਨ ਨਰਕ ਸੁਰਗ ਦੇ ਝਮੇਲੇ ਤੋਂ ਅਪਰੰਪਰ ਪਦਵੀ ਵਿਚ ਜਾਇ ਪਰਵੇਸ਼ ਹੁੰਦੇ ਹਨ । ਯਥਾ ਗੁਰਵਾਕ—

ਮਮਾ ਜਾਹੂ ਮਰਮੁ ਪਛਾਨਾ ॥
ਭੇਟਤ ਸਾਧ ਸੰਗ ਪਤੀਆਨਾ ॥
ਦੁਖ ਸੁਖ ਉਆ ਕੈ ਸਮਤ ਬੀਚਾਰਾ ॥
ਨਰਕ ਸੁਰਗ ਰਹਤ ਅਉਤਾਰਾ ॥...੪੨॥

[ਗਉੜੀ ਬਾਵਨ ਅਖਰੀ, ਪੰਨਾ ੨੫੯

ਬਸ ਤਿਨ੍ਹਾਂ ਦਾ ਨਰਕ ਸੁਰਗ ਮੰਡਲ ਵਿਚ ਉਤਰਨਾ (ਜਾਣਾ) ਕਦੇ ਹੁੰਦਾ ਹੀ ਨਹੀਂ, ਐਸਾ ਗੁਰੂ ਘਰ ਦੀ ਸਾਧ ਸੰਗਤ ਭੇਟਣ ਦਾ ਪਾਰਸ ਭੂਤੀ ਪਰਭਾਵ ਹੈ ਕਿ ਤਿਸ ਦੇ ਵਰੋਸਾਏ ਹੋਏ ਗੁਰਸਿਖਾਂ ਦੀ ਅਗੇ ਗਇਆਂ ਧਰਮਰਾਇ ਭੀ ਸੇਵਾ ਕਰਦਾ ਹੈ। ਤਿਨ੍ਹਾਂ ਦੀ ਸੋਭਾ ਸੁਰਦੇਵ ਮੰਡਲਾਂ ਵਿਚ ਦੇਵਤੇ-ਗਣ ਭੀ ਕਰਦੇ ਹਨ, ਤਿਨ੍ਹਾਂ ਦੇ ਬਜਰ ਤੋਂ ਬਜਰ ਪਾਪ ਖਤੇ ਕਲੀਕਾਲ ਵਿਚ ਜਮ੍ਹਾ ਹੋਏ ਸਭ ਨਾਸ ਹੋ ਜਾਂਦੇ ਹਨ ਅਤੇ ਨਰਕ ਭੀ ਸਹਿਜੇ ਹੀ ਪਰਹਰੇ ਜਾਂਦੇ ਹਨ, ਯਥਾ ਗੁਰਵਾਕ—

ਸਾਧ ਸੰਗਿ ਧਰਮਰਾਇ ਕਰੇ ਸੇਵਾ ॥
ਸਾਧ ਕੈ ਸੰਗਿ ਸੋਭਾ ਸੁਰ ਦੇਵਾ ॥...੫॥
ਸਾਧ ਕੈ ਸੰਗਿ ਕਲੂਖਤ ਹਰੈ ॥
ਸਾਧ ਕੈ ਸੰਗਿ ਨਰਕ ਪਰਹਰੈ ॥...੬॥

[ਗਉੜੀ ਸੁਖਮਨੀ ਅਸਟ: ੭, ਪੰਨਾ ੨੭੧-੭੨

ਅਗਲੇ ਗੁਰਵਾਕ ਅੰਦਰਿ ਭਲੀ ਬਿਧਿ ਨਿਰਣੇ ਹੁੰਦਾ ਹੈ ਕਿ ਨਰਕਾਂ ਦੇ ਅਧਿਕਾਰੀ ਕਿਵੇਂ ਬਣੀਦਾ ਹੈ ਅਤੇ ਕੌਣ ਕੌਣ ਬਣਦੇ ਹਨ—

ਜਿਸ ਕੈ ਅੰਤਰਿ ਰਾਜ ਅਭਿਮਾਨੁ ॥
ਸੋ ਨਰਕ ਪਾਤੀ ਹੋਵਤ ਸੁਆਨੁ...॥੧॥...
ਕਿਸੈ ਨ ਬਦੈ ਆਪਿ ਅਹੰਕਾਰੀ ॥
ਧਰਮਰਾਇ ਤਿਸੁ ਕਰੇ ਖੁਆਰੀ ॥
ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ ॥
ਸੋ ਜਨੁ ਨਾਨਕ ਦਰਗਹ ਪਰਵਾਨੁ ॥੨॥...
ਅਨਿਕ ਤਪਸਿਆ ਕਰੇ ਅਹੰਕਾਰ ॥
ਨਰਕ ਸੁਰਗ ਫਿਰਿ ਫਿਰਿ ਅਵਤਾਰ ॥
ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥
ਹਰਿ ਦਰਗਹ ਕਹੁ ਕੈਸੇ ਗਵੈ...॥੩॥...
ਜਬ ਲਗੁ ਮੋਹ ਮਗਨ ਸੰਗਿ ਮਾਇ ॥
ਤਬ ਲਗੁ ਧਰਮ ਰਾਇ ਦੇਇ ਸਜਾਇ ॥...॥੪॥

[ਸੁਖਮਨੀ ਅਸਟ: ੧੨, ਪੰਨਾ ੨੭੮

ਭਾਵ, ਰਾਜ-ਅਭਿਮਾਨੀਆਂ ਨੂੰ ਜ਼ਰੂਰ ਨਰਕ ਵਿਚ ਨਿਵਾਸ ਮਿਲਦਾ ਹੈ। ਰਾਜ-ਅਭਿਮਾਨੀ ਸਚ ਮੁਚ ਨਰਕਪਾਤੀ ਸੁਆਨ (ਕੁੱਤੇ ਦੀ ਨਿਆਈਂ) ਨਰਕਾਂ ਵਿਚ ਭਉਂਦੇ ਹਨ। 'ਤਪੋਂ ਰਾਜ, ਰਾਜੋਂ ਨਰਕ' ਦੀ ਕਹਾਵਤ ਭੀ ਠੀਕ ਤਿਨ੍ਹਾਂ ਤੇ

 www.sikhbookclub.com

ਢੁਕਦੀ ਹੈ । ਜਿਹੜੇ ਹੰਕਾਰੀ ਪੁਰਸ਼ ਆਪਣੇ ਹੰਕਾਰ ਵਿਚ ਮੱਤੇ ਹੋਏ ਕਿਸੇ ਨੂੰ ਕੁਛ. ਕਰਕੇ ਨਹੀਂ ਜਾਣਦੇ, ਤਿਨ੍ਹਾਂ ਨੂੰ ਅਗੇ ਗਇਆਂ ਧਰਮ ਰਾਜਾ ਨਰਕਾਂ ਵਿਚ ਪਾ ਕੇ ਖੁਆਰ ਕਰਦਾ ਹੈ। ਗੁਰ ਪ੍ਰਸਾਦਿ ਕਰਕੇ ਜਿਨ੍ਹਾਂ ਦਾ ਅਭਿਮਾਨ ਹੰਕਾਰ ਮਿਟ ਜਾਂਦਾ ਹੈ, ਤਿਨ੍ਹਾਂ ਨਾਮ-ਰਤਿਆਂ ਨੂੰ ਦਰਗਹ ਅੰਦਰ ਸਗੋਂ ਪਰਵਾਣਤਾ ਮਿਲਦੀ ਹੈ । ਨਾਮ ਦੀ ਸੁਕ੍ਰਿਤ ਕਰਨੀ ਹੀ ਨਰਕ ਨਿਵਾਰਨ ਨੂੰ ਸਮਰੱਥ ਹੈ । ਅਨਿਕ ਪ੍ਰਕਾਰ ਦੀ ਆਨਮਤ ਕਰਮ-ਕਰਤੂਤੀ-ਤਪੱਸਿਆ ਕੀਤੀ ਕਿਸੇ ਕੰਮ ਨਹੀਂ, ਨਿਰਾਂ ਹੰਕਾਰ ਹੀ ਵਧਾਉਂਦੀ ਹੈ। ਇਛਾ-ਪੂਰਤੀ ਨਮਿਤ ਤਪੱਸਿਆ ਕੀਤੀ ਹੋਈ ਨਰਕਾਂ ਸੁਰਗਾਂ ਦੇ ਗੇੜ ਵਿਚ ਭੁਆਉਂਦੀ ਹੈ। ਤਪੱਸਿਆ ਕਰਨਹਾਰੇ ਨੂੰ ਹਰਿ ਦਰਗਹ ਪੁਜਣ ਦਾ ਪਾਤਰ ਨਹੀਂ ਬਣਾਉਂਦੀ, ਕਿਉਂਕਿ ਹਠ-ਧਰਮੀ ਤਪੱਸਿਆ ਕੀਤਿਆਂ ਆਤਮ ਨਹੀਂ ਦ੍ਰਵਦਾ ਅਤੇ ਆਤਮ ਦ੍ਰਵੇ ਬਿਨਾਂ ਹਰਿ ਦਰਗਹਿ ਪਰਵੇਸ਼ਤਾ ਦਾ ਅਧਿਕਾਰੀ ਨਹੀਂ ਬਣ ਸਕੀਦਾ ।

ਤਪੱਸਿਆ ਆਦਿਕ ਯਤਨ ਕੇਵਲ ਮਾਇਕ ਮਨੋਰਥਾਂ ਦੀ ਇਛਾ-ਪੂਰਤੀ ਖ਼ਾਤਰ ਹੀ ਕੀਤੇ ਜਾਂਦੇ ਸਨ । ਇਸ ਬਿਧਿ ਸਗੋਂ ਹੋਰ ਮੋਹ ਮਾਇਆ ਦੀ ਮਗਨਤਾ ਲਗਨਤਾ ਵਧਦੀ ਹੈ । ਮਾਇਆ ਮੋਹ ਮਗਨਾਣੂਆਂ ਨੂੰ ਅਗੇ ਗਇਆਂ ਧਰਮ ਰਾਇ ਸਜਾਈਂ ਦੇਂਵਦਾ ਹੈ । ਇਸ ਗੁਰਵਾਕ ਤੋਂ ਨਰਕ ਭੀ ਸਿਧ ਹੁੰਦੇ ਹਨ ਅਤੇ ਧਰਮ ਰਾਇ ਦੀ ਹੋਂਦ ਭੀ ਸਿਧ ਹੁੰਦੀ ਹੈ। ਨਾਮ-ਹੀਣਿਆਂ ਨੂੰ ਹੀ ਦੋਹਾਂ ਨਾਲ ਵਾਸਤਾ ਪੈਂਦਾ ਹੈ ਅਤੇ ਪੈਂਦਾ ਜ਼ਰੂਰ ਹੈ, ਟਲਦਾ ਨਹੀਂ । ਸਚ ਕਰਕੇ ਮੰਨਣਾ । ਅਗਲੀ ਪਉੜੀ ਵਿਚ ਵਰਨਣ ਹੈ ਕਿ ਗੁਰੂ ਘਰ ਦੇ ਸਚੇ ਸੰਤ ਜਨਾਂ ਦੇ ਦੋਖੀਆਂ ਨੂੰ ਭੀ ਨਰਕ ਦੀ ਸਜ਼ਾਇ ਭੁਗਤਣੀ ਪੈਂਦੀ ਹੈ । ਯਥਾ ਗੁਰਵਾਕ—

ਸੰਤ ਕੈ ਦੂਖਨਿ ਸੁਖੁ ਸਭੁ ਜਾਇ ॥
ਸੰਤ ਕੈ ਦੂਖਨਿ ਨਰਕ ਮਹਿ ਪਾਇ ॥...੧॥(੧੩)

[ਸੁਖਮਨੀ ਸਾਹਿਬ, ਪੰਨਾ ੨੭੯

ਤਾਂ ਤੇ ਸਾਕਤ ਨਿੰਦਕਾਂ ਨੂੰ ਨਰਕ ਵਿਚ ਅਵੱਸ਼ ਹੀ ਪੈਣਾ ਪਵੇਗਾ । ਅਗੇ ਗਉੜੀ ਥਿਤੀ ਵਿਚ ਭੀ ਇਉਂ ਗੁਰ ਬਚਨ ਆਉਂਦਾ ਹੈ—

ਤ੍ਰਿਤੀਆ ਤ੍ਰੈ ਗੁਣ ਬਿਖੈ ਫਲ ਕਬ ਉਤਮ ਕਬ ਨੀਚ ॥
ਨਰਕ ਸੁਰਗ ਭ੍ਰਮਤਉ ਘਣੋ ਸਦਾ ਸੰਘਾਰੈ ਮੀਚੁ ॥...
ਮੋਹ ਭਰਮ ਬੂਡਤ ਘਣੋ ਮਹਾ ਨਰਕ ਮਹਿ ਵਾਸ ॥
ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਤੇਰੀ ਆਸ ॥੩॥

[ਗਉੜੀ ਥਿਤੀ ਮ: ੫, ਪੰਨਾ ੨੯੭

ਭਾਵ, ਤ੍ਰੈ-ਗੁਣੀ ਬਿਖੈ-ਫਲ ਬਾਛਾ ਵਾਲਿਆਂ ਨੂੰ ਨਰਕ ਸੁਰਗ ਦੇ ਉਚੇ ਨੀਚੇ ਭਉਣਾਂ ਵਿਚ ਭਰਮਣਾ ਪੈਂਦਾ ਹੈ ਅਤੇ ਘਣਾ ਹੀ ਭਉਣਾ ਪੈਂਦਾ ਹੈ, ਕਿਉਂਕਿ ਮੌਤ ਦੇ ਸੰਘਾਰ ਤੋਂ ਕਦੇ ਭੀ ਉਨ੍ਹਾਂ ਦਾ ਛੁਟਕਾਰਾ ਨਹੀਂ ਹੁੰਦਾ। ਮੋਹ ਭਰਮ ਵਿਚ ਗਲ ਤਾਈਂ ਡੁਬਿਆਂ ਦਾ ਮਹਾਂ ਨਰਕ ਵਿਚ ਵਾਸਾ ਹੁੰਦਾ ਹੈ। ਸਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀਉ ਇਹਨਾਂ ਨਰਕੀ ਜੀਵਾਂ ਤੇ ਤਰਸ ਕਰ ਕੇ ਵਾਹਿਗੁਰੂ ਅਗੇ ਅਰਦਾਸ ਕਰਦੇ ਹਨ : 'ਇਹਨਾਂ ਨਰਕਪਾਤੀ ਜੀਵਾਂ ਨੂੰ ਆਪਣੀ ਕਿਰਪਾ ਕਰ ਕੇ ਹੀ, ਹੇ ਵਾਹਿਗੁਰੂ ! ਰਖ ਲੈ। ਇਕ ਤੇਰੀ ਹੀ ਆਸ ਹੈ। ਤੇਰੇ ਬਿਨਾਂ ਕੋਈ ਨਹੀਂ ਰਖ ਸਕਦਾ ਇਹਨਾਂ ਨਰਕ ਦੇ ਭਾਗੀ ਜੰਤਾਂ ਨੂੰ।' ਪਾਪ-ਕਰਮੀ ਜੀਵ, ਗੁਰੂ ਸਾਹਿਬ ਨੂੰ ਨਰਕ ਵਿਚ ਪੈਂਦੇ ਦੀਹਦੇ ਹਨ। ਤਦੇ ਤਾਂ ਤ੍ਰਾਸਮਾਨ ਹੋ ਕੇ ਅਤੇ ਤਰਸ ਖਾ ਕੇ ਅਰਦਾਸ ਕਰਦੇ ਹਨ ਅਤੇ ਪਾਪਿਸ਼ਟ ਪੁਰਸ਼ਾਂ ਨੂੰ ਹੀ ਨਰਕ ਦੇ ਸਚੇ ਨਜ਼ਾਰੇ ਤਦੇ ਦ੍ਰਿੜ੍ਹ ਕਰਾਉਂਦੇ ਹਨ ਕਿ ਇਹਨਾਂ ਨੂੰ ਵੀਚਾਰ ਕੇ ਪਾਪ ਕਰਮਾਂ ਤੋਂ ਪਾਪੀ ਪੁਰਸ਼ ਬਾਜ਼ ਆ ਜਾਣ। ਮਹਿਜ਼ ਫੋਕਾ ਡ੍ਰੂਮ ਡਰਾਵਾ ਹੀ ਨਹੀਂ ਦਿੰਦੇ, ਐਸਾ ਕਰਨਾ ਸਤਿਵਾਦੀ ਸਤ ਪੁਰਖਾਂ ਗੁਰੂ ਅਵਤਾਰਾਂ ਦਾ ਵਤੀਰਾ ਨਹੀਂ।

ਹਰੀ ਕੀਰਤਨ, ਹਰੀ ਸਿਫ਼ਤ ਸਾਲਾਹ ਵਿਚ ਨਿਮਗਨ ਹੋਇਆਂ, ਮੁਜੱਸਮ ਸਿਫ਼ਤ ਸਲਾਹ ਦਾ ਰੂਪ ਹੋਇਆਂ ਸਾਰੇ ਨਰਕ ਨਿਵਾਰੇ ਜਾਂਦੇ ਹਨ ਤੇ ਨਰਕਾਂ ਦੇ ਦੁਖ ਹਰੇ ਜਾਂਦੇ ਹਨ ਅਤੇ ਅਨੰਤ ਕਲੇਸ਼ ਭੀ ਹੋੜੇ ਜਾਂਦੇ ਹਨ। ਸੋ ਮੌਤ ਅਤੇ ਜਮ ਦੇ ਭੈ ਭੀ ਦੂਰ ਹੋ ਜਾਂਦੇ ਹਨ। ਯਥਾ ਗੁਰਵਾਕ—

ਨਰਕ ਨਿਵਾਰੈ ਦੁਖ ਹਰੈ ਤੂਟਹਿ ਅਨਿਕ ਕਲੇਸ ॥
ਮੀਚੁ ਹੁਟੈ ਜਮ ਤੇ ਛੁਟੈ ਹਰਿ ਕੀਰਤਨ ਪਰਵੇਸ...॥੪॥

[ਗਉੜੀ ਥਿਤੀ ਮ: ੫, ਪੰਨਾ ੨੯੭

ਜਿਨ੍ਹਾਂ ਨੇ ਕਦੇ ਨਾਰਾਇਣ ਨਹੀਂ ਸਿਮਰਿਆ ਅਤੇ ਸਾਰੀ ਉਮਰ ਬਿਖੇ ਰਸਾਂ ਦੇ ਸੁਆਦਾਂ ਬਿਕਾਰਾਂ ਵਿਚ ਹੀ ਮਤੇ ਹੋਇ ਜਨਮ ਬਤੀਤ ਕਰਦੇ ਹਨ, ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਤਿਨ੍ਹਾਂ ਨਾਮ-ਬਿਸਾਰਨ-ਹਾਰਿਆਂ ਬਿਕਾਰੀ ਜੰਤਾਂ ਨੂੰ ਮੁੜਿ ਮੁੜਿ ਨਰਕਾਂ ਸੁਰਗਾਂ ਵਿਚ ਹੀ ਘੁੰਮਣਾ ਪੈਂਦਾ ਹੈ। ਯਥਾ ਗੁਰਵਾਕ—

ਨਾਰਾਇਣੁ ਨਹ ਸਿਮਰਿਓ ਮੋਹਿਓ ਸੁਆਦ ਬਿਕਾਰ ॥
ਨਾਨਕ ਨਾਮਿ ਬਿਸਾਰਿਐ ਨਰਕ ਸੁਰਗ ਅਵਤਾਰ ॥੯॥

[ਗਉੜੀ ਥਿਤੀ ਮ: ੫, ਸਲੋਕੁ, ਪੰਨਾ ੨੯੮

ਅਗਲੇ ਗੁਰਵਾਕ ਦਸਦੇ ਹਨ ਕਿ ਪੂਰੇ ਸਤਿਗੁਰੂ ਦੀ ਨਿੰਦਿਆ ਕਰਨ ਵਾਲਿਆਂ ਦਾ ਕੀ ਹਾਲ ਹੁੰਦਾ ਹੈ—

ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ
ਤਿਸੁ ਕਰਤਾ ਮਾਰ ਦਿਵਾਵੈ ॥
ਫੇਰਿ ਓਹ ਵੇਲਾ ਓਸੁ ਹਥਿ ਨ ਆਵੈ
ਓਹੁ ਆਪਣਾ ਬੀਜਿਆ ਆਪੇ ਖਾਵੈ ॥
ਨਰਕਿ ਘੋਰਿ ਮੁਹਿ ਕਾਲੈ ਖੜਿਆ
ਜਿਉ ਤਸਕਰੁ ਪਾਇ ਗਲਾਵੈ...੧॥(੮)

[ਗਉੜੀ ਕੀ ਵਾਰ,ਸਲੋਕ ਮ: ੪, ਪੰਨਾ ੩੦੩

ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ
ਸੁ ਅਉਖਾ ਜਗ ਮਹਿ ਹੋਇਆ ॥
ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ ॥
ਕੂਕ ਪੂਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ ॥
ਓਨਿ ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ ॥
ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ ॥
ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਤਿਦੂ ਕਿਛੁ ਗੁਝਾ ਨ ਹੋਇਆ ॥
ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ ਕਿਨੈ ਬੋਇਆ ॥
ਜਿਸੁ ਕ੍ਰਿਪਾ ਕਰੇ ਪ੍ਰਭੁ ਆਪਣੀ ਤਿਸੁ ਸਤਿਗੁਰ ਕੇ ਚਰਣ ਧੋਇਆ ॥
ਗੁਰ ਸਤਿਗੁਰ ਪਿਛੈ ਤਰਿ ਗਇਆ ਜਿਉ ਲੋਹਾ ਕਾਠ ਸੰਗੋਇਆ ॥
ਜਨ ਨਾਨਕ ਨਾਮੁ ਧਿਆਇ ਤੂ
ਜਪਿ ਹਰਿ ਹਰਿ ਨਾਮਿ ਸੁਖੁ ਹੋਇਆ ॥੧॥(੧੬)

[ਵਾਰ ਗਉੜੀ, ਸਲੋਕ ਮ: ੪, ਪੰਨਾ ੩੦੯

ਭਾਵ, ਜੋ ਪ੍ਰਾਣੀ ਸਤਿਗੁਰ ਪੂਰੇ ਦੀ ਨਿੰਦਿਆ ਕਰਦਾ ਹੈ ਉਸ ਨੂੰ ਆਪ ਕਰਤਾ ਪੁਰਖ ਸਜ਼ਾ (ਮਾਰ) ਦਿਵਾਉਂਦਾ ਹੈ (ਮਾਰ ਪਵਾਉਂਦਾ ਹੈ) ਧਰਮਰਾਇ ਪਾਸੋਂ। ਫਿਰ ਉਸ ਨੂੰ ਉਹ ਵੇਲਾ ਹਥਿ ਨਹੀਂ ਆਉਂਦਾ (ਖੁੰਝਿਆ ਹੋਇਆ ਵਕਤ ਪਸਚਾਤਾਪ ਦਾ ਗੁਜ਼ਰ ਜਾਂਦਾ ਹੈ)। ਉਸ ਨੂੰ ਆਪਣਾ ਕੀਤਾ ਆਪ ਪਾਉਣਾ ਪੈਂਦਾ ਹੈ, ਅਰਥਾਤ ਨਿੰਦਾ ਕੀਤੇ ਦੀ ਸਜ਼ਾ ਅਵੱਸ਼ ਭੋਗਣੀ ਪੈਂਦੀ ਹੈ। ਆਪਣਾ ਬੀਜਿਆ ਪਾਪਾਂ ਦਾ ਫਲ, ਨਿੰਦਾ ਦੁਸ਼ਟੀ ਦਾ ਫਲ ਜ਼ਰੂਰ ਆਪ ਹੀ ਚੱਖਣਾ ਪੈਂਦਾ ਹੈ। ਤਿਸ ਨਿੰਦਕ ਦਾ ਮੂੰਹ ਕਾਲਾ ਕਰ ਕੇ ਅਤੇ ਚੋਰ ਵਾਂਗੂ ਗਲ ਵਿਚ ਤੌਕ ਪਾ ਕੇ ਤਿਸ ਨੂੰ ਨਰਕ ਘੋਰ ਵਿਚ ਲਿਜਾਇਆ ਜਾਂਦਾ ਹੈ।

ਸਤਿਗੁਰ ਪੂਰੇ ਦੀ ਨਿੰਦਿਆ ਕਰਨ ਵਾਲਾ ਇਸ ਜੱਗ ਵਿਚ ਭੀ ਬੜਾ

ਹੀ ਅਉਖਾ ਹੁੰਦਾ ਹੈ ਅਤੇ ਅਗਲੇ ਲੋਕ ਵਿਚ ਨਰਕ ਘੋਰ ਦੇ ਦੁਖਾਂ ਭਰੇ ਖੂਹ ਤੇ ਫੜ ਕੇ ਉਹ ਢੋਇਆ ਜਾਂਦਾ ਹੈ, ਜਿਥੇ ਉਹਦੀ ਕੂਕ ਪੁਕਾਰ ਕੋਈ ਨਹੀਂ ਸੁਣਦਾ। ਉਹ ਅਤੀ ਦੁਖੀ ਅਤੇ ਔਖਾ ਹੋ ਹੋ ਕੇ ਰੋਂਦਾ ਹੈ। ਤਾਂ ਤੇ ਉਸ ਦੇ ਹਲਤ ਪਲਤ (ਇਹ ਲੋਕ ਤੇ ਅਗਲਾ ਲੋਕ) ਦੋਵੇਂ ਅੰਞਾਈਂ ਗਵਾਏ ਜਾਂਦੇ ਹਨ। ਉਹ ਤੇਲੀ ਦੇ ਬਲਦ ਵਾਂਗੂ ਨਿਤ ਨਵੀਂ ਭਲਕ ਕੋਹਲੂ ਵਿਚ ਜੋਇਆ ਜਾਂਦਾ ਹੈ, ਕਰਤੇ ਪੁਰਖ ਦੇ ਹੁਕਮ ਨਾਲ ਇਹ ਸਜ਼ਾਇ ਧਰਮਰਾਇ ਉਸ ਨੂੰ ਦਿੰਦਾ ਹੈ ਅਤੇ ਕਰਤਾ ਪੁਰਖ ਆਪ ਸਭ ਕੁਛ ਵੇਖਦਾ ਸੁਣਦਾ ਹੈ। ਉਸ ਤੋਂ ਰਾਈ ਮਾਤਰ ਭੀ ਕੋਈ ਭੇਦ ਗੁਝਾ ਨਹੀਂ ਹੁੰਦਾ। ਇਹ ਉਸ ਦੇ ਦਰ ਦਾ ਸਚਾ ਨਿਆਉਂ ਹੈ ਕਿ ਜੈਸਾ ਕੋਈ ਪੂਰਬਲੇ ਜਨਮ ਵਿਚ ਬੀਜ ਬੋਵੰਦਾ ਹੈ, ਤਿਹੋ ਜਿਹਾ ਹੀ ਉਹ ਫਲ ਲੁਣਦਾ ਹੈ। ਜਿਸ ਦੇ ਉਪਰ ਕਰਤਾਰ ਦੀ ਨਦਰ ਮਿਹਰ ਹੁੰਦੀ ਹੈ, ਉਸ ਨੂੰ ਝਬਦੇ ਹੀ ਸੁਮਤਿ ਆ ਜਾਂਦੀ ਹੈ, ਮੁੜਿ ਸਤਿਗੁਰੂ ਦੇ ਚਰਨ ਜਾ ਫੜਦਾ ਹੈ। ਪਸਚਾਤਾਪ ਕਰਿ ਕਰਿ ਰੋਵੰਦਾ ਹੋਇਆ ਸਤਿਗੁਰੂ ਦੇ ਚਰਨ ਧੋ ਦਿੰਦਾ ਹੈ। ਸਤਿਗੁਰੂ ਉਸ ਤੇ ਮਿਹਰ ਤਰਸ ਖਾ ਕੇ ਉਸ ਨੂੰ ਫੇਰ ਬਖ਼ਸ਼ ਦਿੰਦਾ ਹੈ। ਸਤਿਗੁਰ ਦੀ ਚਰਨੀਂ ਲਗ ਕੇ ਉਹ ਫਿਰ ਐਉਂ ਤਰ ਜਾਂਦਾ ਹੈ ਜਿਉਂ ਲੋਹਾ ਕਾਠ ਦੇ ਸੰਗਿ ਤਰ ਜਾਂਦਾ ਹੈ। ਕਿਉਂਕਿ ਜੋ ਸਤਿਗੁਰੂ ਪ੍ਰਸਾਦਿ ਕਰਿ, ਗੁਰ-ਦੀਖਿਆ ਲੈ ਕੇ ਨਾਮ ਅਭਿਆਸੀ ਅਤੁਟ ਕਮਾਈ ਵਿਚ ਜੁਟ ਜਾਂਦਾ ਹੈ, ਤਿਸ ਦਾ ਉਸ ਨੂੰ ਸੁਖ ਹੀ ਸੁਖ, ਸਚਾ ਸੁਖ ਪਰਾਪਤ ਹੁੰਦਾ ਹੈ। ਇਸ ਗੁਰਵਾਕ ਤੇ ਨਾ ਹੀ ਸਿਰਫ਼ ਨਰਕ ਦੀ ਹੋਂਦ ਪਰਲੋਕ ਵਿਖੇ ਸਿਧ ਹੋਈ ਬਲਕਿ ਇਹ ਭੀ ਸਿਧ ਹੋਇਆ ਕਿ ਘੋਰ ਨਰਕਾਂ ਵਿਚ ਘੋਰ ਸਜਾਈਂ, ਕੋਹਲੂ ਤਿਲ ਪੀੜਨ ਸਾਰਖੀਆਂ ਅਤੇ ਤੇਲੀ ਦੇ ਬਲਦ ਵਾਂਗੂ ਕੋਹਲੂ ਵਿਚ ਜੋੜੇ ਜਾਣ ਦੀਆਂ ਭੀ ਹਨ। ਨਰਕਾਂ ਵਿਚ ਘੋਰ ਬਿਕਰਾਲੀ ਖੂਹ ਭੀ ਹਨ, ਜਿਥੇ ਕਿ ਪਾਪੀ ਪੁਰਸ਼ ਸਿਟੇ ਜਾਂਦੇ ਹਨ ਅਤੇ ਹਾਇ ਹਾਇ ਕਰਦੇ ਹੋਇ ਪਿਟਦੇ ਸੜਦੇ ਭੁਜਦੇ ਹਨ। ਅਗਿਆਨੀ ਲੋਕਾਂ ਭਾਣੇ ਇਹ ਐਵੇਂ ਕੂੜਾਵੀਆਂ ਗੱਲਾਂ ਹਨ। ਉਹ ਲੋਕ ਇਹ ਹੁਜਤਾਂ ਪੇਸ਼ ਕਰਦੇ ਹਨ, "ਸਰੀਰ ਤਾਂ ਮਰ ਕੇ ਇਥੇ ਹੀ ਰਹਿ ਜਾਂਦਾ ਹੈ, ਅਗੇ ਸਜ਼ਾ ਕਿਸ ਨੂੰ ਮਿਲਦੀ ਹੈ।" ਇਹ ਉਹਨਾਂ ਦਾ ਭਰਮ-ਭੁਲਾਵਾ ਹੈ। ਸਜ਼ਾਵਾਂ ਉਸ ਸੂਖਮ-ਸਰੀਰੀ ਜੀਵ ਨੂੰ ਮਿਲਦੀਆਂ ਹਨ, ਜਿਸ ਜੀਵ ਨੂੰ ਜਨਮ-ਮਰਣ ਆਵਾ-ਗਵਣ ਦੇ ਚਕਰ ਵਿਚ ਪੈਣਾ ਪੈਂਦਾ ਹੈ। ਇਸ ਵਿਸ਼ੇ ਨੂੰ ਆਵਾ-ਗਵਣ ਦੇ ਕਾਂਡ ਵਿਚ ਸੋਧ ਕੇ ਨਿਖਾਰਿਆ ਜਾਵੇਗਾ।

ਪਰ ਜੋ ਅਕ੍ਰਿਤਘਣ ਤੇ ਖੋਟੇ ਕੂੜਿਆਰ ਹਨ, ਉਹ **ਆਪਣੀ ਦੁਕ੍ਰਿਤ** ਕਰਨੀ ਵਿਚ ਗਲਤਾਨ ਰਹਿੰਦੇ ਹਨ ਉਹਨਾਂ ਅਕ੍ਰਿਤਘਣਾਂ ਦਾ ਨਰਕ ਘੋਰ ਹੀ ਥਾਨ ਹੈ, ਜਿਥੇ ਉਹ ਸਿਟੇ ਜਾਂਦੇ ਹਨ ਅਤੇ ਜਿਥੇ ਘਣੇ ਦੁਖ ਉਹਨਾਂ ਨੂੰ ਭੁਗਤਣੇ ਪੈਂਦੇ ਹਨ।


www.sikhbookclub.com

ਇਹ ਉਹਨਾਂ ਨੂੰ ਉਹਨਾਂ ਦੇ ਕੀਤੇ ਦੀ ਸਜ਼ਾ ਹੀ ਭੁਗਤਾਉਣਹਾਰਾ ਭੁਗਤਾਉਂਦਾ ਹੈ। ਓਹ ਹਰਾਮ ਦੀ ਮੌਤ ਹੀ ਮਰਦੇ ਹਨ, ਆਪ ਮਾਰਨਹਾਰਾ ਮਾਲਕ ਇਸ ਮੌਤੇ ਉਹਨਾਂ ਨੂੰ ਮਾਰਦਾ ਹੈ। ਯਥਾ ਗੁਰਵਾਕ—

ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ ॥
ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮੁ ॥੧॥(੨੯)
[ਵਾਰ ਗਉੜੀ ਮ: ੩, ਸਲੋਕ ਮ: ੫, ਪੰਨਾ ੩੧੫

ਵਾਹਿਗੁਰੂ ਨਾਮ ਦੇ ਨਾ ਜਪਣ ਵਾਲਿਆਂ ਨੂੰ ਨਰਕ ਦੋਜ਼ਕ ਦੀਆਂ ਸਜ਼ਾਵਾਂ ਲਾਜ਼ਮੀ ਤੌਰ ਤੇ ਮਿਲਦੀਆਂ ਹਨ। ਜੋ ਵਾਹਿਗੁਰੂ ਨਾਮ ਨੂੰ ਮੂਲੋਂ ਨਹੀਂ ਵਿਸਾਰਦੇ ਸੇਈ ਇਨ੍ਹਾਂ ਸਜ਼ਾਵਾਂ ਤੋਂ ਬਚਦੇ ਹਨ। ਯਥਾ ਗੁਰਵਾਕ—

ਜੇ ਕਰੁ ਗਹਹਿ ਪਿਆਰੜੇ ਤੁਧੁ ਨ ਛੋਡਾ ਮੂਲਿ ॥
ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜਕ ਕੈ ਸੂਲਿ ॥੨॥(੧੮)
[ਗਉੜੀ ਕੀ ਵਾਰ, ਮ: ੫, ਪੰਨਾ ੩੨੨

ਸ਼ਾਸਤਰ ਬੇਦ ਕੇਵਲ ਪਾਪ ਪੁੰਨ ਕਰਮ ਅਕਰਮ ਦਾ ਵੀਚਾਰ ਵੀਚਾਰਨਾ ਹੀ ਦਸਦੇ ਹਨ, ਨਾਮ ਨਹੀਂ ਦ੍ਰਿੜ੍ਹਾਉਂਦੇ, ਇਸ ਕਰਕੇ ਸ਼ਾਸਤਰ ਬੇਦ-ਬੀਚਾਰੀਆਂ ਨੂੰ ਨਰਕਾਂ ਸੁਰਗਾਂ ਵਿਚ ਹੀ ਮੁੜ ਮੁੜ ਕੇ ਘੁੰਮਣਾ ਪੈਂਦਾ ਹੈ। ਯਥਾ ਗੁਰਵਾਕ—

ਸਾਸਤ੍ਰ ਬੇਦ ਪਾਪ ਪੁੰਨ ਵੀਚਾਰ ॥
ਨਰਕਿ ਸੁਰਗਿ ਫਿਰਿ ਫਿਰਿ ਅਉਤਾਰ ॥੨॥(੭॥੫੮)
[ਆਸਾ ਮ: ੫, ਪੰਨਾ ੩੮੫

ਇਸ ਭਾਵ ਦੀ ਪ੍ਰੋੜ੍ਹਤਾ ਅਗਲਾ ਗੁਰਵਾਕ ਕਰਦਾ ਹੈ—

ਮਨਮੁਖੁ ਜੇ ਸਮਝਾਈਐ ਭੀ ਉਝੜਿ ਜਾਏ ॥
ਬਿਨੁ ਹਰਿ ਨਾਮ ਨ ਛੂਟਸੀ ਮਰਿ ਨਰਕ ਸਮਾਏ ॥੫॥(੮॥੧੮)
[ਆਸਾ ਮ: ੧, ਪੰਨਾ ੪੨੦

ਅਰਥਾਤ, ਮਨਮੁਖ ਸਾਕਤ ਪੁਰਸ਼ ਨੂੰ ਭਾਵੇਂ ਕਿਤਨਾ ਹੀ ਸਮਝਾਇਆ ਜਾਵੇ, ਉਹ ਕਦੇ ਨਹੀਂ ਸਮਝਦਾ। ਉਹਦੇ ਮਨਿ ਸਮਝਉਤੀ ਸੋਝੀ ਵਾਲੀਆਂ ਬਾਤਾਂ ਪੋਂਹਦੀਆਂ ਪੁੜਦੀਆਂ ਹੀ ਨਹੀਂ। ਸਤਿਗੁਰੂ ਦੀ ਸਿਖਿਆ ਭੀ ਉਸ ਤੇ ਕੋਈ ਅਸਰ ਨਹੀਂ ਕਰਦੀ। ਨਰਕਾਂ ਵਿਚ ਪਾਉਣ ਵਾਲੀਆਂ ਗੁਰ-ਬੁਝਾਰਤਾਂ ਨੂੰ ਐਵੇਂ ਟਿਚ ਕਰਕੇ ਜਾਣਦਾ ਹੈ। ਬਸ ਉਸ ਦਾ ਛੁਟਕਾਰਾ ਕਦੇ ਨਹੀਂ ਹੁੰਦਾ, ਛੁਟਕਾਰਾ ਹੁੰਦਾ ਹੈ ਨਾਮ ਜਪ ਕੇ। ਨਾਮ ਦੇ ਰਾਹ ਉਹ ਜਾਂਦਾ ਹੀ ਨਹੀਂ, ਅਮੋੜਤਾ ਵਿਚ ਹੀ

ਮਰ ਜਾਂਦਾ ਹੈ । ਮਰ ਮਰ ਕੇ ਨਰਕ ਸਿਧਾਂਦਾ ਹੈ । ਇਸ ਗੁਰਵਾਕ ਅੰਦਰ ਭੀ ਉਹਨਾਂ ਲੋਕਾਂ ਲਈ ਸਾਫ਼ ਸਬਕ ਹੈ, ਜਿਹੜੇ ਕਹਿੰਦੇ ਹਨ, ਨਰਕ ਸੁਰਗ ਜੇਕਰ ਹੈਨ, ਇਸੇ ਦੁਨੀਆ ਵਿਚ ਹੈਨ, ਅਗੇ ਕੁਛ ਨਹੀਂ । '**ਮਰਿ ਨਰਕ ਸਮਾਏ**' ਵਾਲੀ ਪੰਗਤੀ ਪ੍ਰੋੜ੍ਹਤਾ ਕਰਦੀ ਹੈ ਕਿ ਨਾਮ-ਹੀਣ, ਮਨਮੁਖ, ਸਾਕਤ ਨਰ ਨੂੰ ਮਰ ਕੇ ਨਰਕ ਜਿਧਾਉਣਾ ਪੈਂਦਾ ਹੈ ।

ਸ਼ਾਸਤਰ ਬੇਦ-ਬੀਚਾਰੀਆਂ ਨੂੰ ਤਾਂ ਨਰਕ ਸੁਰਗ ਮਿਲਣਾ ਹੀ ਸੀ, ਚਾਰ ਬੇਦਾਂ ਦਾ ਬਕਤਾ ਬ੍ਰਹਮਾ ਭੀ ਨਿਰਾ ਬੇਦ-ਬੀਚਾਰੀ ਹੋਣ ਕਰਕੇ ਨਰਕ ਸੁਰਗ ਦਾ ਅਧਿਕਾਰੀ ਹੀ ਬਣਦਾ ਹੈ, ਕਿਉਂਕਿ ਉਹ ਸਚੜਾ ਹੁਕਮ ਸਾਹਿਬ ਦਾ ਜੋ ਨਾਮ ਜਪਣ ਦਾ ਹੈ, ਬੁਝਦਾ ਨਹੀਂ । ਇਸ ਬੂਝ ਦੀ ਸੂਝ ਤਾਂ ਆਵੇ ਜੇ ਉਹ ਸਤਿਗੁਰੂ ਦੀ ਸਰਨੀ ਪੈ ਕੇ ਨਿਗੁਰਿਓਂ ਸਗੁਰਾ ਹੋ ਜਾਵੇ । ਯਥਾ ਗੁਰਵਾਕ—

ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥
ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥੬॥
(੮॥੧॥੨੩) [ਆਸਾ ਮ: ੩ ਅਸਟ:, ਪੰਨਾ ੪੨੩

ਵਾਹਿਗੁਰੂ ਦੇ ਸਿਮਰਨ ਕਰਨਹਾਰਿਆਂ ਨੂੰ ਨਰਕ ਉਕਾ ਹੀ ਨਹੀਂ ਦੇਖਣਾ ਪੈਂਦਾ, ਸਗੋਂ ਧਰਮਰਾਇ ਉਹਨਾਂ ਨੂੰ ਅਗੋਂ ਨਮਸਕਾਰ ਜੈਜੈਕਾਰ ਕਰ ਕੇ ਮਿਲਦਾ ਹੈ ਅਤੇ ਜਮਦੂਤ ਸਾਰੇ ਪੱਤਰਾ ਵਾਚ ਜਾਂਦੇ ਹਨ, ਅਰਥਾਤ ਨਸ ਭੱਜ ਜਾਂਦੇ ਹਨ । ਯਥਾ ਗੁਰਵਾਕ—

ਨਰਕ ਨ ਡੀਠੜਿਆ ਸਿਮਰਤ ਨਾਰਾਇਣ ॥
ਜੈ ਜੈ ਧਰਮੁ ਕਰੇ ਦੂਤ ਭਏ ਪਲਾਇਣ ॥...੩॥(੪॥੩॥੧੨)
[ਆਸਾ ਮ: ੫. ਪੰਨਾ ੪੬੦

ਕਰਨਹਾਰ ਕਰਤਾਰ ਅੰਤਰਜਾਮੀ ਸਰਬ ਵਿਆਪੀ ਪ੍ਰਮਾਤਮਾ ਨੂੰ ਲੋਕੀ ਹਾਜ਼ਰ ਨਾਜ਼ਰ ਸਿਰ ਤੇ ਖੜਾ ਸੰਗ ਸਾਥ ਨਹੀਂ ਜਾਣਦੇ, ਤਾਂ ਹੀ ਤੇ ਪਾਪ ਕਮਾਉਂਦੇ ਹਨ ਅਤੇ ਨਰਕਾਂ ਨੂੰ ਸਿਧਾਉਂਦੇ ਹਨ । ਜੇ ਵਾਹਿਗੁਰੂ ਨੂੰ ਸਦਾ ਸੰਗੀ ਜਾਨਣ ਅਤੇ ਵਾਹਿਗੁਰੂ ਦਾ ਹੁਕਮ ਮੰਨਣ, ਸੁਕ੍ਰਿਤ ਕਰਨੀਆਂ ਕਰਨ ਤੇ ਨਾਮ ਜਪਣ ਤਾਂ ਫਿਰ ਨਰਕ ਹਰਗਿਜ਼ ਨਹੀਂ ਜਾਣਾ ਪੈਂਦਾ । ਅਠੇ ਪਹਿਰ ਸਿਮਰਨ ਕੀਤਾ ਬੰਦੇ ਦੇ ਸੰਗ ਜਾਂਦਾ ਹੈ । ਸਤਿਸੰਗਤ ਦਾ ਸਦਕਾ ਸਦਾ ਸਦਾ ਭਜਨ ਵਿਚ ਮਹਿਵ ਹੋਇਆਂ ਦੋਖ ਪਾਪ ਕਮਾਤੇ ਸਭ ਮਿਟ ਜਾਂਦੇ ਹਨ । ਯਥਾ ਗੁਰਵਾਕ—

ਸੰਗਿ ਦੇਖੈ ਕਰਣਹਾਰਾ ਕਾਇ ਪਾਪੁ ਕਮਾਈਐ ॥
ਸੁਕ੍ਰਿਤੁ ਕੀਜੈ ਨਾਮੁ ਲੀਜੈ ਨਰਕਿ ਮੂਲਿ ਨ ਜਾਈਐ ॥

ਆਠ ਪਹਰ ਹਰਿ ਨਾਮੁ ਸਿਮਰਹੁ ਚਲੈ ਤੇਰੈ ਸਾਥੇ ॥
ਭਜੁ ਸਾਧ ਸੰਗਤਿ ਸਦਾ ਨਾਨਕ ਮਿਟਹਿ ਦੋਖ ਕਮਾਤੇ ॥੧॥
(੪॥੪॥੧੩) ਆਸਾ ਮ: ੫, ਪੰਨਾ ੪੬੧

ਨਾਮੋਂ ਘੁਥੇ ਕੂੜਿਆਰਾਂ ਨੂੰ ਕਿਤੇ ਠਉਰ ਟਿਕਾਣਾ ਨਹੀਂ ਮਿਲਦਾ, ਉਹ ਮੂੰਹ ਕਾਲੇ ਲੈ ਕੇ ਦੋਜ਼ਖਾਂ ਵਿਚ ਝੋਕੇ ਜਾਂਦੇ ਹਨ। ਯਥਾ ਗੁਰਵਾਕ—

ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ ॥...੨॥
[ਆਸਾ ਦੀ ਵਾਰ, ਪੰਨਾ ੪੬੩

ਨਿਰੰਕਾਰ ਦਾ ਨਾਮ ਭੀ ਨਿਰੰਕਾਰ ਰੂਪ ਹੈ, ਤਾਂ ਹੀ ਤੇ ਨਾਮ ਲਇਐ ਨਰਕਿ ਨਹੀਂ ਜਾਈਦਾ—

ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥...੫॥
[ਵਾਰ ਆਸਾ, ਪੰਨਾ ੪੬੫

ਜਿਸ ਨੂੰ ਵਾਹਿਗੁਰੂ, ਸਤਿਗੁਰੂ ਦਾ ਬਣਾ ਕੇ ਆਪਣੇ ਲੜਿ ਲਾਇ ਲੈਂਦਾ ਹੈ, ਉਸ ਨੂੰ ਨ ਕੋਈ ਰੋਗ ਲਗਦਾ ਹੈ, ਨ ਪਾਪ ਪੋਂਹਦਾ ਹੈ, ਨਾ ਉਹ ਨਰਕਾਂ ਦਾ ਅਧਿਕਾਰੀ ਬਣਦਾ ਹੈ—

ਨਰਕ ਰੋਗ ਨਹੀ ਹੋਵਤ ਜਨ ਸੰਗਿ ਨਾਨਕ ਜਿਸੁ ਲੜਿ ਲਾਵੈ ॥
(੨॥੧੪) ਦੇਵਗੰਧਾਰੀ ਮ: ੫, ਪੰਨਾ ੫੩੧

ਗੁਰੂ ਤੋਂ ਬੇਮੁਖਾਂ, ਪ੍ਰਭੂ ਨੂੰ ਬਿਸਾਰਨਹਾਰਿਆਂ ਨੂੰ ਨਰਕ ਘੋਰ ਵਿਖੇ ਪੈਣਾ ਹੋਊ। ਯਥਾ ਗੁਰਵਾਕ—

ਜਿਹ ਜਨ ਓਟ ਗਹੀ ਪ੍ਰਭ ਤੇਰੀ ਸੇ ਸੁਖੀਏ ਪ੍ਰਭ ਸਰਣੇ ॥
ਜਿਹ ਨਰ ਬਿਸਰਿਆ ਪੁਰਖੁ ਬਿਧਾਤਾ ਤੇ ਦੁਖੀਆ ਮਹਿ ਗਨਣੇ ॥੨॥
ਜਿਹ ਗੁਰੁ ਮਾਨਿ ਪ੍ਰਭੂ ਲਿਵ ਲਾਈ ਤਿਹ ਮਹਾ ਅਨੰਦ ਰਸੁ ਕਰਿਆ ॥
ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ
ਤੇ ਨਰਕ ਘੋਰ ਮਹਿ ਪਰਿਆ ॥੩॥ (੪॥੪॥੧੫)
[ਸੋਰਠਿ ਮ: ੫, ਪੰਨਾ ੬੧੩

ਭਾਵ, ਵਾਹਿਗੁਰੂ ਦੀ ਸਦਾ ਸ਼ਰਨ ਰਹਿਣ ਵਾਲੇ ਅਤੇ ਵਾਹਿਗੁਰੂ ਨਾਮ ਦੀ ਓਟ ਖਿਨ ਖਿਨ ਲੈਣ ਵਾਲੇ ਗੁਰਮੁਖ ਜਨ ਹੀ ਦਰ-ਅਸਲ ਸੁਖੀਏ ਹਨ; ਹੋਰ ਸਭ ਸੰਸਾਰ ਦੁਖੀਆ ਹੈ। ਜਿਨ੍ਹਾਂ ਨਰਾਂ ਨੇ ਪੁਰਖ ਬਿਧਾਤਾ ਬਿਸਾਰ ਦਿਤਾ ਹੈ, ਉਹ ਤਾਂ ਪੂਜ ਕੇ ਹੀ ਦੁਖੀਏ ਹਨ। ਜਿਨ੍ਹਾਂ ਨੇ ਗੁਰੂ ਦੇ ਬਣ ਕੇ ਗੁਰੂ ਨਾਮ ਮੰਤ੍ਰ ਦੀਖਿਆ ਲੈ ਕੇ

ਵਾਹਿਗੁਰੂ ਨਾਮ ਨਾਲ ਲਿਵ ਲਾਈ ਹੈ ਤਿਨ੍ਹਾਂ ਨੇ ਮਹਾਂ ਅਨੰਦ ਰਸ ਮਾਣਿਆ ਹੈ। ਜਿਹੜੇ ਪ੍ਰਾਣੀ ਗੁਰੂ ਤੋਂ ਬੇਮੁਖ ਹੋ ਕੇ ਪ੍ਰਭੂ ਨੂੰ ਵਿਸਾਰ ਬੈਠੇ ਹਨ ਸੋ ਨਰਕ ਘੋਰ ਵਿਚ ਪੈਣਗੇ। ਵਾਹਿਗੁਰੂ ਨੂੰ ਛੱਡ ਕੇ ਹੋਰੀਂ ਪਾਸੀਂ ਲੱਗਣ ਵਾਲੇ ਨਰਕਾਂ ਦੇ ਹੀ ਭਾਗੀ ਬਣਦੇ ਹਨ—

ਪ੍ਰਭੂ ਛੋਡਿ ਅਨ ਲਾਗੈ ਨਰਕਿ ਸਮੰਜੀਐ ॥...੧੦॥

[ਵਾਰ ਜੈਤਸਰੀ, ਪੰਨਾ ੭੦੮

ਦਿਨਸ ਰੈਣ ਵਾਹਿਗੁਰੂ ਅਰਾਧਨਹਾਰੇ ਨਾਮ ਰਤੜੇ ਗੁਰਮੁਖ ਜਨ ਨਰਕ ਵਿਚ ਕਦੇ ਪੈ ਹੀ ਨਹੀਂ ਸਕਦੇ, ਕਿਉਂਕਿ ਖ਼ਲਕ ਜਹਾਨ ਦਾ ਮਾਲਕ ਵਾਹਿਗੁਰੂ ਉਹਨਾਂ ਤੇ ਖ਼ਾਸ ਮਿਹਰਬਾਨ ਹੁੰਦਾ ਹੈ। ਨਰਕ ਅਥਵਾ ਦੋਜ਼ਖ਼ ਵਿਚ ਤਾਂ ਉਹਨਾਂ ਕੀ ਜਾਣਾ ਸੀ ? ਜਿਸ ਨੂੰ ਨਾਮ ਦਾ ਅਧਾਰ ਹੈ, ਉਸ ਦਾ ਅਜ਼ਰਾਈਲ (ਮੌਤ ਦਾ ਫ਼ਰਿਸ਼ਤਾ) ਭੀ ਦੋਸਤ ਬਣ ਜਾਂਦਾ ਹੈ। ਉਸ ਦੇ ਸਾਰੇ ਗੁਨਾਹ ਭੀ ਮੁਆਫ਼ ਹੋ ਜਾਂਦੇ ਹਨ। ਵਾਹਿਗੁਰੂ ਦੇ ਆਸ਼ਕਾਂ ਨੂੰ ਤਾਂ ਦਰਸ਼ਨ ਦਾ ਹੀ ਨਸ਼ਾ ਰਹਿੰਦਾ ਹੈ। ਯਥਾ ਗੁਰਵਾਕ—

ਖੁਦਿ ਖਸਮ ਖਲਕ ਜਹਾਨ ਅਲਹ ਮਿਹਰਵਾਨ ਖੁਦਾਇ ॥
ਦਿਨਸੁ ਰੈਣਿ ਜਿ ਤੁਧੁ ਅਰਾਧੇ ਸੋ ਕਿਉ ਦੋਜਕਿ ਜਾਇ ॥੨॥
ਅਜਰਾਈਲੁ ਯਾਰੁ ਬੰਦੇ ਜਿਸੁ ਤੇਰਾ ਆਧਾਰੁ ॥
ਗੁਨਹ ਉਸ ਕੇ ਸਗਲ ਆਫੂ ਤੇਰੇ ਜਨ ਦੇਖਹਿ ਦੀਦਾਰੁ ॥੩॥(੪॥੪)

[ਤਿਲੰਗ ਮ: ੫, ਪੰਨਾ ੭੨੪

ਮੇਰੀ ਮੇਰੀ ਧਾਰ ਕੇ ਮਾਇਆ ਦੇ ਬੰਧਨ ਵਿਚ ਬੰਧੇ ਹੋਇ, ਮਾਇਆ ਦੇ ਧੰਧਿਆਂ ਵਿਚ ਫਾਥੇ ਮੁੜ ਮੁੜ ਨਰਕਾਂ ਸੁਰਗਾਂ ਵਿਚ ਉਤਰਦੇ ਹਨ। ਯਥਾ ਗੁਰਵਾਕ—

ਮੇਰੀ ਮੇਰੀ ਧਾਰਿ ਬੰਧਨਿ ਬੰਧਿਆ ॥
ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ ॥੩॥(੮॥੨॥੫॥੧੬)

[ਸੂਹੀ ਮ: ੫, ਪੰਨਾ ੭੬੧

ਅਗਲਾ ਗੁਰਵਾਕ ਤਾਂ ਸ਼ਕਤੀ ਦੇ ਉਪਾਸ਼ਕਾਂ ਦੀ ਨਰਕਗਾਮੀ ਗਤੀ ਨੂੰ ਖੋਲ੍ਹ ਕੇ ਵਰਨਣ ਕਰਦਾ ਹੈ—

ਜਿਨੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨਿ੍ ॥
ਪੰਚ ਚੋਰ ਤਿਨਾ ਘਰੁ ਮੁਹਨਿ੍ ਹਉਮੈ ਅੰਦਰਿ ਸੰਨਿ੍ ॥
ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨਿ੍ ॥

ਜਿਨੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨਿ ॥
ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨਿ ॥
ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨਿ ॥
ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨਿ ॥੧॥(੧੨)
[ਵਾਰ ਬਿਲਾਵਲੁ,ਸਲੋਕ ਮ: ੩, ਪੰਨਾ ੮੫੪

ਭਾਵ, ਜਿਨ੍ਹਾਂ ਨੇ ਨਾਮ ਵਿਸਾਰਿਆ ਹੈ, ਉਹ ਕੂੜੀਆਂ ਕਹਿਣੀਆਂ ਹੀ ਕਹਿੰਦੇ ਫਿਰਦੇ ਹਨ । ਪੰਚ ਦੂਤਾਂ ਕਾਮ ਕ੍ਰੋਧ ਆਦਿਕ ਦੇ ਅਧੀਨ ਹੋਏਵੇ ਅਰਲ ਬਰਲ ਮੂੰਹੋਂ ਕਢੀ ਜਾਂਦੇ ਹਨ । ਹਉਮੈ ਦਾ ਅੰਦਰ ਸੰਨ੍ਹ ਲਗਿਆ ਹੋਣ ਕਰਕੇ, ਹਉਮੈ ਦੀਆਂ, ਹਉਮੈ-ਗ੍ਰਸਤ ਗੱਲਾਂ ਹੀ ਕਰਦੇ ਰਹਿੰਦੇ ਹਨ । ਇਹ ਸਭ ਸਾਕਤ ਲੋਗ ਹਨ, ਜੋ ਦੁਰਮਤਿ ਮਤਾਂ ਦੇ ਮੁਠੇ ਹੋਇ ਹੁੰਦੇ ਹਨ; ਪਰਮਾਰਥ ਦੇ ਰਾਹ ਉਤੇ ਆਉਂਦੇ ਹੀ ਨਹੀਂ, ਪਰਮਾਰਥਾਂ ਦੇ ਰਸ ਨੂੰ ਜਾਣਦੇ ਨਹੀਂ । ਅੰਮ੍ਰਿਤ ਰੂਪੀ ਸਚੀ ਖੇਪ ਗੰਵਾਇ ਕੇ ਬਿਖਿਆ ਦੇ ਰਸਾਂ ਕਸਾਂ ਵਿਚ ਹੀ ਲੱਥ ਪੱਥ ਰਹਿੰਦੇ ਹਨ । ਦੁਸ਼ਟਾਂ ਦੇ ਨਾਲ ਦੋਸਤੀ ਰੱਖਦੇ ਹਨ; ਪ੍ਰਮਾਰਥੀ ਪੁਰਸ਼ਾਂ, ਸਤਸੰਗੀ ਜਨਾਂ ਨਾਲ ਵਾਦ ਵਿਰੋਧ ਰਚ ਲੈਂਦੇ ਹਨ । ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਐਸੇ ਸਾਕਤ ਨਰ ਸਿਧੇ ਨਰਕੀਂ ਜਾ ਪੈਂਦੇ ਹਨ ਅਤੇ ਜਮਾਂ ਦੇ ਬੱਧੇ ਅਨੇਕਾਂ ਦੁਖ ਸਹਿੰਦੇ ਹਨ, ਆਪਣੀ ਕਰਨੀ ਦਾ ਫਲ ਪਾਉਂਦੇ ਹਨ । ਰਖਣਹਾਰ ਦਾਤਾਰ ਜਿਵੇਂ ਉਨ੍ਹਾਂ ਦੇ ਕਰਮ ਫਲ ਅਨੁਸਾਰ ਰਖੇ ਤਿਵੇਂ ਹੀ ਉਹਨਾਂ ਨੂੰ ਰਹਿਣਾ ਤੇ ਦੁਖ ਸਹਿਣਾ ਪੈਂਦਾ ਹੈ । ਨਰਕ ਉਹਨਾਂ ਦੇ ਸਿਰਾਂ ਤੋਂ ਟਲ ਨਹੀਂ ਸਕਦਾ ।

ਵਾਹਿਗੁਰੂ ਨਾਰਾਇਣ ਦਾ ਨਾਮ ਜਪਣ ਵਾਲੇ, ਵਾਹਿਗੁਰੂ ਨਾਰਾਇਣ ਕਹਿਣ ਵਾਲੇ ਨਰਕ ਨਹੀਂ ਜਾਣੇ ਪਾਉਂਦੇ । ਵਾਹਿਗੁਰੂ ਨਾਰਾਇਣ ਦੀ ਸਚੀ ਭਗਤੀ ਸਰਬ ਫਲਾਂ ਦੀ ਦਾਤੀ ਹੈ । ਵਾਹਿਗੁਰੂ ਨਾਰਾਇਣ ਦਾ ਨਾਮ ਸੁਣ ਕੇ ਹੀ ਜਮ ਛੱਡ ਜਾਂਦੇ ਹਨ ਅਤੇ ਭਜ ਕੇ ਦੂਰ ਚਲੇ ਜਾਂਦੇ ਹਨ । ਵਾਹਿਗੁਰੂ ਦਾ ਨਾਮ ਮਾਇਆ ਰੂਪੀ ਡਾਇਣ ਦੇ ਦੰਦ ਭੰਨ ਦਿੰਦਾ ਹੈ । ਯਥਾ ਗੁਰਵਾਕ—

ਨਾਰਾਇਣ ਕਹਤੇ ਨਰਕਿ ਨ ਜਾਹਿ ॥
ਨਾਰਾਇਣ ਸੇਵਿ ਸਗਲ ਫਲ ਪਾਹਿ ॥੧॥......
ਨਾਰਾਇਣ ਕਹਤ ਜਮੁ ਭਾਗਿ ਪਲਾਇਣ ॥
ਨਾਰਾਇਣ ਦੰਤ ਭਾਨੇ ਡਾਇਣ ॥੨॥(੪॥੧੭॥੧੯)
[ਗੋਂਡ ਮ: ੫, ਪੰਨਾ ੮੬੮

ਵਾਹਿਗੁਰੂ ਦਾ ਨਾਮ ਅਠੇ ਪਹਿਰ ਧਿਆਉਣ-ਹਾਰਿਆਂ ਦੇ ਜਮੂਆ ਨੇੜੇ


www.sikhbookclub.com

ਨਹੀਂ ਆਉਂਦਾ। ਤਾਂਹੀ ਤੇ ਗੁਰੂ ਕੇ ਸਿਖ ਸੁਆਸਿ ਸੁਆਸਿ ਗੁਰੂ ਗੁਰੂ ਵਾਹਿਗੁਰੂ ਵਾਹਿਗੁਰੂ ਹੀ ਜਪਦੇ ਰਹਿੰਦੇ ਹਨ। ਐਸੇ ਜਨ ਅਗੇ ਜਾ ਕੇ ਸੱਚੀ ਦਰਗਹ ਜਾਇ ਉਬਰਦੇ ਹਨ ਅਤੇ ਸਾਕਤ ਨਿੰਦਕ ਨਰ ਨਰਕਾਂ ਵਿਚ ਵਾਸ ਜਾ ਪਾਉਂਦੇ ਹਨ। ਯਥਾ ਗੁਰਵਾਕ--

ਆਠ ਪਹਰ ਜਨੁ ਏਕੁ ਧਿਆਏ ॥
ਜਮੂਆ ਤਾ ਕੈ ਨਿਕਟਿ ਨ ਜਾਏ ॥੫॥......
ਗੁਰ ਕੈ ਸਿਖਿ ਸਤਿਗੁਰੂ ਧਿਆਇਆ ॥
ਜਨ ਉਬਰੇ ਨਿੰਦਕ ਨਰਕਿ ਪਾਇਆ ॥੬॥
ਸੁਣਿ ਸਾਜਨ ਮੇਰੇ ਮੀਤ ਪਿਆਰੇ ॥
ਸਤਿ ਬਚਨ ਵਰਤਹਿ ਹਰਿ ਦੁਆਰੇ...੭॥(੮॥੧॥੨੧)

[ਗੋਂਡ ਅਸਟ: ਮ: ੫, ਪੰਨਾ ੮੬੯-੭੦

ਇਸ ਗੁਰਵਾਕ ਦੀਆਂ ਪਿਛਲੀਆਂ ਦੋ ਤੁਕਾਂ ਦਸਦੀਆਂ ਹਨ ਕਿ ਇਹ ਉੱਪਰ ਦਸੇ ਬਚਨ ਬਿਲਕੁਲ ਸੱਚ ਹਨ। ਇਹਨਾਂ ਬਚਨਾਂ ਅੰਦਰ ਦਸਿਆ ਵਰਤਾਰਾ ਜ਼ਰੂਰ ਵਰਤੇਗਾ। ਇਹ ਧੁਰ ਦੀ ਦਰਗਾਹ ਦੇ ਬਚਨ ਹਨ, ਖ਼ਾਲੀ ਨਹੀਂ ਜਾਣੇ। ਮਤ ਕੋਈ ਖ਼ਿਆਲ ਕਰੇ ਕਿ ਇਹ ਐਵੇਂ ਭੁਚਲਾਉਣ ਲਈ ਹੀ ਉਚਾਰੇ ਗਏ ਹਨ। ਸਤਿਆਰਥੀ ਭਾਵ ਵਾਲੇ ਯਕੀਨੀ ਬਚਨ ਹਨ। ਹੇ ਸਚੜੇ ਮੀਤ ਪਿਆਰਿਓ ! ਗੁਰੂ ਕੇ ਸਿਖੋ ! ਇਹਨਾਂ ਬਚਨਾਂ ਨੂੰ ਸਤਿ ਸਤਿ ਕਰ ਕੇ ਮੰਨੋ।

ਨਾਮ ਬਿਹੂਨੜਿਆਂ ਦਾ ਜੀਉ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀ ਅਗਨੀ ਵਿਚ ਜਲ ਬਲ ਕੇ ਦਗਧ ਹੋਇਆ ਵਿਆ ਹੁੰਦਾ ਹੈ। ਕਾਮ ਵਾਸ਼ਨਾ ਵਾਲਿਆਂ ਦਾ ਮਨ ਸਦਾ ਹੀ ਡੋਲਦਾ ਰਹਿੰਦਾ ਹੈ। ਉਪਰੋਂ ਪਾਖੰਡ ਧਰਮੀ ਸਦਾਇ ਕੈ ਜਤੀ ਬਣ ਬਣ ਬਹਿੰਦੇ ਹਨ, ਪਰ ਲਖ ਯਤਨ ਕੀਤਿਆਂ ਭੀ ਉਹ ਕਾਮ ਉਤੇ ਹਾਵੀ ਨਹੀਂ ਹੋ ਸਕਦੇ। ਡੋਲ ਡੋਲ ਕੇ ਬਿਭਚਾਰੀ ਬਣ ਜਾਂਦੇ ਹਨ ਅਤੇ ਸਿਧੇ ਨਰਕਾਂ ਵਿਖੇ ਜਾ ਸਿਧਾਂਦੇ ਹਨ। ਯਥਾ ਗੁਰਵਾਕ—

ਜਤਨ ਕਰੈ ਬਿੰਦੁ ਕਿਵੈ ਨ ਰਹਾਈ ॥
ਮਨੂਆ ਡੋਲੈ ਨਰਕੇ ਪਾਈ ॥
ਜਮਪੁਰਿ ਬਾਧੋ ਲਹੈ ਸਜਾਈ ॥
ਬਿਨੁ ਨਾਵੈ ਜੀਉ ਜਲਿ ਬਲਿ ਜਾਈ ॥੫॥(੮॥੬)

[ਰਾਮਕਲੀ ਮ: ੧, ਪੰਨਾ ੯੦੬

ਇਸ ਗੁਰਵਾਕ ਤੋਂ ਭੀ ਜਮਪੁਰੀ ਸਿਧ ਹੁੰਦੀ ਹੈ, ਜਿਥੇ ਕਿ ਨਰਕ ਸਿਧਾਰਨ ਤੋਂ ਪਹਿਲਾਂ ਨਰਕੀ ਜੀਉ ਨੂੰ ਸਜਾਈਂ ਮਿਲਦੀਆਂ ਹਨ ।

ਜਿਨ੍ਹਾਂ ਨੇ ਕੂੜਾਵਿਆਂ ਲਾਲਚਾਂ ਵਿਚ ਲੱਗ ਕੇ ਨਾਮ ਉੱਕਾ ਹੀ ਵਿਸਾਰ ਦਿਤਾ ਹੈ, ਉਨ੍ਹਾਂ ਦਾ ਚੌਰਾਸੀ ਦੇ ਗੇੜ ਵਿਚ ਹੀ ਸਾਰਾ ਜਨਮ-ਜੀਵਨ ਬਤੀਤ ਹੁੰਦਾ ਹੈ ਤੇ ਮਰਨ ਸਮੇਂ ਜਦੋਂ ਜਮ ਆ ਕੇ ਸਿਰ ਦੇ ਵਾਲਾਂ ਤੋਂ ਫੜ ਕੇ ਉਹਨਾਂ ਨੂੰ ਮਾਰਦਾ ਹੈ, ਉਹਨਾਂ ਨੂੰ ਕਾਲ ਦੇ ਮੁਖ ਵਿਚ ਗਇਆਂ ਜਮਾਂ ਦੀ ਮਾਰ ਤੇ ਮਾਰ ਪੈਂਦੀ ਹੈ । ਬਿਨਾਂ ਗੁਰ-ਸ਼ਬਦ, ਗੁਰਮਤਿ ਨਾਮ ਦੇ ਗਤਿ ਪਤਿ ਕਿਤੇ ਨਹੀਂ ਪੈਂਦੀ । ਬਸ ਨਾਮ ਤੋਂ ਸੁੰਞੇ ਨਰਕ ਹੀ ਸਿਧਾਉਂਦੇ ਹਨ । ਯਥਾ ਗੁਰਵਾਕ—

ਲਾਲਚਿ ਲਾਗੈ ਨਾਮੁ ਬਿਸਾਰਿਓ ਆਵਤ ਜਾਵਤ ਜਨਮੁ ਗਇਆ ॥
ਜਾ ਜਮੁ ਧਾਇ ਕੇਸ ਗਹਿ ਮਾਰੈ
ਸੁਰਤਿ ਨਹੀ ਮੁਖਿ ਕਾਲ ਗਇਆ ॥੩॥......
ਬਿਨੁ ਗੁਰ ਸਬਦ ਨ ਗਤਿ ਪਤਿ ਪਾਵਹਿ
ਰਾਮ ਨਾਮ ਬਿਨੁ ਨਰਕਿ ਗਇਆ ॥੪॥(੧੨॥੭)

[ਰਾਮਕਲੀ ਮ: ੧, ਪੰਨਾ ੯੦੬

ਜਿਨ੍ਹਾਂ ਵਡਭਾਗਿਆਂ ਨੇ ਨਾਮ ਨਿਧਾਨ ਪਾਇਆ ਹੈ, ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਉਹ ਨਰਕਾਂ ਨੂੰ ਨਹੀਂ ਜਾਣਗੇ । ਯਥਾ ਗੁਰਵਾਕ—

ਨਾਮੁ ਨਿਧਾਨੁ ਪਾਇਆ ਵਡਭਾਗੀ ਨਾਨਕ ਨਰਕਿ ਨ ਜਾਈ ॥੧੧॥

[ਰਾਮਕਲੀ ਮ: ੫ ਅਸਟ:, ਪੰਨਾ ੯੧੫

ਜਿਨ੍ਹਾਂ ਦਾ ਮਨ ਸਦਾ ਜੰਜਾਲਾਂ ਵਿਖੇ ਵੇੜ੍ਹਿਆ ਹੋਇਆ ਹੈ, ਉਹ ਸਾਰੀ ਉਮਰ ਜੰਜਾਲਾਂ ਵਿਖੇ ਹੀ ਖਪਤ ਖੱਚਤ ਰਹਿੰਦੇ ਹਨ । ਝੂਠੀਆਂ ਗੱਲਾਂ ਵਿਚ ਹੀ, ਝੂਠ ਮੂਠੀਆਂ ਕਰਤੂਤਾਂ ਵਿਚ ਲੱਥ ਪੱਥ ਰਹਿੰਦੇ ਹਨ । ਝੂਠ ਅਤੇ ਝੂਠ-ਜੀਵਨੀ ਜੀਉ ਨਿਰਾ ਕਾਲ ਦਾ ਹੀ ਖਾਜਾ ਹੈ, ਐਸੇ ਪਾਪੀ ਜੀਵ ਨਾ ਤਾਂ ਜਮਕਾਲ ਦੀਆਂ ਚੋਟਾਂ ਤੋਂ ਬਚ ਸਕਦੇ ਹਨ, ਨਾ ਉਹ ਅਗੇ ਜਾ ਕੇ ਨਰਕਾਂ ਵਿਚ ਪੈਣੋਂ ਰਹਿ ਸਕਦੇ ਹਨ, ਜ਼ਰੂਰ ਨਰਕਾਂ ਵਿਚ ਪੈਣਗੇ ਅਤੇ ਜਮਾਂ ਦੀਆਂ ਚੋਟਾਂ ਸਹਿਣਗੇ । ਨਾਮ ਬਿਨਾਂ ਛੁਟਕਾਰਾ ਨਹੀਂ । ਨਾਮ ਬਿਹੂਨੜੇ ਨਰ ਪਾਪਾਂ ਵਿਚ ਹੀ ਪਚ ਪਚ ਕੇ ਰਿਝਦੇ ਕਰਿਝਦੇ ਹਨ । ਯਥਾ ਗੁਰਵਾਕ—

ਨਰਕਿ ਪੜੰਤਉ ਕਿਉ ਰਹੈ ਕਿਉ ਬੰਚੈ ਜਮਕਾਲੁ ॥
ਕਿਉ ਆਵਣ ਜਾਣਾ ਵੀਸਰੈ ਝੂਠੁ ਬੁਰਾ ਖੈਕਾਲੁ ॥
ਮਨੁ ਜੰਜਾਲੀ ਵੇੜਿਆ ਭੀ ਜੰਜਾਲਾ ਮਾਹਿ ॥

ਵਿਣੁ ਨਾਵੈ ਕਿਉ ਛੂਟੀਐ ਪਾਪੇ ਪਚਹਿ ਪਚਾਹਿ ॥੩੮॥
[ਰਾਮਕਲੀ ਮ: ੧, ਦਖਣੀ ਓਅੰਕਾਰ, ਪੰਨਾ ੯੩੫

ਅਗਲਾ ਗੁਰਵਾਕ ਦਸਦਾ ਹੈ ਕਿ ਓਅੰਕਾਰ ਦੇ ਪਸਾਰੇ ਦੇ ਨਾਲ ਹੀ ਨਰਕ ਸੁਰਗ ਅਤੇ ਨਰਕ ਸੁਰਗਾਂ ਦੇ ਅਵਤਾਰੇ ਦੀ ਰਚਨਾ ਹੋਈ ਹੈ, ਭਾਵ ਨਰਕ ਸੁਰਗ ਰਚਨਹਾਰ ਕਰਤਾਰ ਦੇ ਹੀ ਮੁਢ ਤੋਂ ਰਚੇ ਹੋਏ ਅਦ੍ਰਿਸ਼ਟ ਮੰਡਲੀ ਤਬਕੇ ਹਨ। ਐਵੇਂ ਫ਼ਰਜ਼ੀ ਕਹਾਉਤਾਂ ਹੀ ਨਹੀਂ, ਵਾਸਤਵੀ ਹੋਂਦਾਂ ਹਨ। ਯਥਾ ਗੁਰਵਾਕ—

ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ...੧॥...
ਤ੍ਰੈਗੁਣ ਕੀਆ ਪਸਾਰਾ ॥ ਨਰਕ ਸੁਰਗ ਅਵਤਾਰਾ...੨॥
[ਮਾਰੂ ਮ: ੫ ਘਰੁ ੪, ਪੰਨਾ ੧੦੦੩

ਤ੍ਰੈਗੁਣੀ ਪਸਾਰੇ ਦੇ ਨਾਲ ਹੀ ਨਰਕ ਸੁਰਗ ਅਵਤਾਰੇ ਦਾ ਪਸਾਰਾ ਰਚਿਆ ਗਿਆ ਹੈ। ਚੰਦ ਸੂਰਜ ਗੈਣਾਰੀ ਰਚਨਾ ਜਦੋਂ ਰਚੀ ਗਈ, ਦਿਨ ਰਾਤੀਂ ਜਦੋਂ ਬਣਾਈਆਂ ਗਈਆਂ, ਤਦੋਂ ਹੀ ਨਰਕ ਸੁਰਗ ਦੀ ਰਚਤ ਰਚਨਾ ਰਚੀ ਗਈ। ਐਸੀ ਮੁਹਕਮ ਸ਼ਹਾਦਤ ਦੇ ਹੁੰਦਿਆਂ ਕੌਣ ਸਿਖ ਹੈ ਜੋ ਨਰਕ ਸੁਰਗ ਮੰਡਲਾਂ ਦੀ ਹੋਂਦ ਤੋਂ ਮੁਨਕਰ ਹੋ ਸਕਦਾ ਹੈ। ਬੇਅੰਤ ਰਚਨਾਵਾਂ ਵਿਚੋਂ ਨਰਕ ਸੁਰਗਾਂ ਦੀ ਤਬਕ-ਮੰਡਲੀ ਰਚਨਾ ਭੀ ਵਖਰੀ ਹੈ। ਤ੍ਰੈਗੁਣੀ ਪਸਾਰੇ ਦੀ ਉਤਪਤੀ ਦੇ ਸੰਗ ਸਾਥ ਹੀ ਨਰਕ ਸੁਰਗ ਦੀ ਉਤਪਤੀ ਭੀ ਇਕ ਮੰਨਣ ਯੋਗ ਗੁਰਮਤਿ ਅਸੂਲ ਸਿਧਾਂਤੀ ਸੱਤਤਾ ਹੈ, ਜਿਸ ਤੋਂ ਕੋਈ ਸਿਖ ਨਾਮ ਲੇਵਾ ਸਿਰ ਨਹੀਂ ਫੇਰ ਸਕਦਾ। ਵਾਹਿਗੁਰੂ ਅਤੇ ਵਾਹਿਗੁਰੂ ਨਾਮ ਨੂੰ **ਵਿਸਾਰਨ** ਵਾਲਾ ਹਰ ਪ੍ਰਾਣੀ ਅਗਲੀ ਦਰਗਾਹੇ ਨਰਕ ਵਿਚ ਪਾਇਆ ਜਾਂਦਾ ਹੈ, ਜਿਥੇ ਕੋਈ ਭੀ ਸਹਾਈ ਨਹੀਂ ਹੁੰਦਾ, ਨਾ ਕੋਈ ਬੰਧਪ ਮੀਤ ਅਤੇ ਨਾ ਕੋਈ ਮਾਂ ਜਾਇਆ ਭਾਈ, ਨ ਮਾਤ ਪਿਤਾ। ਯਥਾ ਗੁਰਵਾਕ—

ਪ੍ਰਭ ਬਿਸਰਤ ਨਰਕ ਮਹਿ ਪਾਇਆ ॥
ਤਹ ਮਾਤ ਨ ਬੰਧੁ ਨ ਮੀਤ ਨ ਜਾਇਆ...੩॥(੪॥੩॥੧੯)
[ਮਾਰੂ ਮ: ੫, ਪੰਨਾ ੧੦੦੫

ਹੋਰ ਇਸੇ ਗੁਰਵਾਕ ਦੀ ਪ੍ਰੌੜ੍ਹਤਾ ਇਸ ਅਗਲੇ ਗੁਰਵਾਕ ਵਿਚ ਇਉਂ ਹੈ—

ਬਿਸਰਤ ਨਾਮ ਐਸੇ ਦੋਖ ਲਾਗਹਿ
ਜਮੁ ਮਾਰਿ ਸਮਾਰੇ ਨਰਕਿ ਖਰੇ ॥੮॥(੧੨॥੮)
[ਮਾਰੂ ਮ: ੧, ਪੰਨਾ ੧੦੧੪

ਭਾਵ, ਨਾਮ ਦੇ ਬਿਸਰਨ ਕਰਕੇ ਐਸੇ ਦੋਖ ਲਗਦੇ ਹਨ ਕਿ ਨਾਮ ਬਿਸਾਰਨ-ਹਾਰਿਆਂ ਸਾਕਤਾਂ ਨੂੰ ਮਰਨ ਪਸਚਾਤ ਮਾਰ ਮਾਰ ਕੇ ਜਮਦੂਤ ਆਪਣੇ ਕਾਬੂ ਵਿਚ ਕਰ ਲੈਂਦੇ ਹਨ ਅਤੇ ਨਰਕਾਂ ਵਿਚ ਬੰਨ੍ਹ ਕੇ ਲੈ ਜਾਂਦੇ ਹਨ। ਅਤੇ ਅਗਲਾ ਗੁਰਵਾਕ ਹਾਮੀ ਭਰਦਾ ਹੈ ਕਿ ਉਸ ਦੇ ਦੁਖ ਦਰਦ ਕਲੇਸ਼ ਸਭ ਦੂਰ ਹੋ ਜਾਂਦੇ ਹਨ, ਜਿਸ ਦੇ ਵਾਹਿਗੁਰੂ ਮਨ ਵਿਚ ਵਸ ਜਾਂਦਾ ਹੈ। ਫੇਰ ਉਸ ਨੂੰ ਮੌਤ ਦਾ ਦੁਖ ਨਹੀਂ ਹੁੰਦਾ, ਅਗੇ ਜਾ ਕੇ ਨਰਕ ਤੇ ਨਰਕਾਂ ਦੇ ਅਸਥਾਨ ਬਿਖੜੇ ਉਸ ਨੂੰ ਝਾਗਣੇ ਨਹੀਂ ਪੈਂਦੇ। ਨਾ ਹੀ ਬਿਖ ਮਾਇਆ ਉਨ੍ਹਾਂ ਨੂੰ ਐਥੇ ਪੋਂਹਦੀ ਹੈ। ਯਥਾ ਗੁਰਵਾਕ—

ਦੂਖ ਦਰਦ ਕਲੇਸ ਬਿਨਸਹਿ ਜਿਸੁ ਬਸੈ ਮਨ ਮਾਹਿ ॥
ਮਿਰਤੁ ਨਰਕੁ ਅਸਥਾਨ ਬਿਖੜੇ ਬਿਖੁ ਨ ਪੋਹੈ ਤਾਹਿ ॥੪॥(੮॥੨)
[ਮਾਰੂ ਮ: ੫ ਅਸਟ:, ਪੰਨਾ ੧੦੧੭

ਇਹ ਗੁਰਵਾਕ ਸਾਫ਼ ਸ਼ਾਹਦੀ ਭਰਦਾ ਹੈ ਕਿ ਅਗਲੇ ਲੋਕ ਵਿਚ ਨਰਕ ਆਦਿਕ ਬਿਖੜੇ ਅਸਥਾਨ ਬਣੇ ਹੋਇ ਹਨ, ਜੋ ਨਾਮ ਨਾਮੀ ਮੁਨਕਰਾਂ ਲਈ ਰੀਜ਼ਰਵ ਰਖੇ ਹੋਇ ਹਨ।

ਪਾਪੀ ਪੁਰਸ਼ਾਂ ਨੂੰ ਅਵੱਸ਼ ਅਗੇ ਜਾ ਕੇ ਖੁਆਰੀ ਹੈ। ਤਿਨ੍ਹਾਂ ਨੂੰ ਅਜ਼ਰਾਈਲ ਜਮਦੂਤ ਫ਼ਰਿਸ਼ਤਾ ਫੜ ਫੜ ਕੇ ਕੋਹੇਗਾ। ਸਿਰਜਣਹਾਰ ਦੇ ਹੁਕਮ ਨਾਲ ਉਹ ਦੋਜ਼ਕ (ਨਰਕ) ਵਿਚ ਪਾਇ ਜਾਣਗੇ ਅਤੇ ਧਰਮਰਾਇ ਰੂਪੀ ਬਾਣੀਆ ਉਹਨਾਂ ਤੋਂ ਲੇਖਾ ਮੰਗੇਗਾ। ਯਥਾ ਗੁਰਵਾਕ—

ਪਾਪ ਕਰੇਦੜ ਸਰਪਰ ਮੁਠੇ ॥
ਅਜਰਾਈਲਿ ਫੜੇ ਫੜਿ ਕੁਠੇ ॥
ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ ॥੨॥
[ਮਾਰੂ ਮ: ੫, ਪੰਨਾ ੧੦੧੯-੨੦

ਇਸ ਗੁਰਵਾਕ ਦੁਆਰਾ ਅਜ਼ਰਾਈਲ, ਮੌਤ ਦੇ ਫ਼ਰਿਸ਼ਤੇ, ਦੋਜ਼ਕ ਅਤੇ ਧਰਮਰਾਇ ਤਿਹਾਂ ਦੀ ਹੋਂਦ ਸਿਧ ਹੁੰਦੀ ਹੈ।

ਨਰਕ ਦੀ ਹੋਂਦ ਬਾਰੇ ਅਗਲਾ ਗੁਰਵਾਕ ਵਿਸਥਾਰ ਪੂਰਬਕ ਸ਼ਾਹਦੀ ਭਰਦਾ ਹੈ—

ਸਤਿਗੁਰ ਬਾਝਹੁ ਮੁਕਤਿ ਕਿਨੇਹੀ ॥
ਓਹੁ ਆਦਿ ਜੁਗਾਦੀ ਰਾਮ ਸਨੇਹੀ ॥
ਦਰਗਹ ਮੁਕਤਿ ਕਰੇ ਕਰਿ ਕਿਰਪਾ ਬਖਸੇ ਅਵਗੁਣ ਕੀਨਾ ਹੇ ॥੪॥

ਸਤਿਗੁਰੁ ਦਾਤਾ ਮੁਕਤਿ ਕਰਾਏ ॥
ਸਭਿ ਰੋਗ ਗਵਾਏ ਅੰਮ੍ਰਿਤੁ ਰਸੁ ਪਾਏ ॥
ਜਮੁ ਜਾਗਾਤਿ ਨਾਹੀ ਕਰੁ ਲਾਗੈ
ਜਿਸੁ ਅਗਨਿ ਬੁਝੀ ਠਰੁ ਸੀਨਾ ਹੇ ॥੫॥...
ਨਾਮੁ ਵਿਸਾਰਿ ਦੋਖ ਦੁਖ ਸਹੀਐ ॥
ਹੁਕਮੁ ਭਇਆ ਚਲਣਾ ਕਿਉ ਰਹੀਐ ॥
ਨਰਕ ਕੂਪ ਮਹਿ ਗੋਤੇ ਖਾਵੈ ਜਿਉ ਜਲ ਤੇ ਬਾਹਰਿ ਮੀਨਾ ਹੇ ॥੮॥
ਚਉਰਾਸੀਹ ਨਰਕ ਸਾਕਤੁ ਭੋਗਾਈਐ ॥ ਜੈਸਾ ਕੀਚੈ ਤੈਸੋ ਪਾਈਐ ॥
ਸਤਿਗੁਰ ਬਾਝਹੁ ਮੁਕਤਿ ਨ ਹੋਈ ਕਿਰਤਿ ਬਾਧਾ ਗ੍ਰਸਿ ਦੀਨਾ ਹੇ ॥੯॥
ਖੰਡੇ ਧਾਰ ਗਲੀ ਅਤਿ ਭੀੜੀ ॥ ਲੇਖਾ ਲੀਜੈ ਤਿਲ ਜਿਉ ਪੀੜੀ ॥
ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ
ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ ॥੧੦॥...
ਇਕਿ ਦਰਿ ਸੇਵਹਿ ਦਰਦੁ ਵੰਞਾਏ ॥
ਓਇ ਦਰਗਹ ਪੈਧੇ ਸਤਿਗੁਰੂ ਛਡਾਏ ॥
ਹਉਮੈ ਬੰਧਨ ਸਤਿਗੁਰਿ ਤੋੜੇ
ਚਿਤੁ ਚੰਚਲੁ ਚਲਣਿ ਨ ਦੀਨਾ ਹੇ ॥੧੬॥ (੧੭॥੨॥੮)

[ਮਾਰੂ ਮ: ੧, ਪੰਨਾ ੧੦੨੭-੨੮

ਭਾਵ, ਸਤਿਗੁਰੂ ਬਾਝਹੁ ਮੁਕਤਿ ਕੈਸੀ ? ਮੁਕਤੀ ਸਤਿਗੁਰੂ ਬਾਝਹੁ ਮਿਲ ਹੀ ਨਹੀਂ ਸਕਦੀ । ਆਦਿ ਜੁਗਾਦੀ ਸਤਿਗੁਰੂ ਹੀ ਰਾਮ ਸਨੇਹੀ ਬੇਲੀ ਹੈ। ਓਹੀ ਕਿਰਪਾ ਧਾਰ ਕੇ ਦਰਗਹ ਅੰਦਰ ਮੁਕਤ ਕਰਾਵਨ-ਹਾਰਾ ਹੈ ਅਤੇ ਕੀਤੇ ਅਵਗੁਣਾਂ ਨੂੰ ਬਖ਼ਸ਼ਣ-ਹਾਰਾ ਹੈ । ਸਤਿਗੁਰੂ ਹੀ ਮੁਕਤਿ ਕਰਾਉਣ-ਹਾਰਾ ਦਾਤਾਰਾ ਹੈ । ਅੰਮ੍ਰਿਤ ਰਸ ਅੰਮ੍ਰਿਤ ਅਧਿਕਾਰੀਆਂ ਦੇ ਘਟਿ ਅੰਦਰਿ ਪਰਵੇਸ਼ ਕਰ ਕੇ ਸਭ ਰੋਗ ਮਿਟਾਵਣ-ਹਾਰਾ ਹੈ । ਜਿਨ੍ਹਾਂ ਉਤੇ ਐਸੀ ਸਤਿਗੁਰੂ ਦੀ ਨਦਰ ਮੇਹਰ ਹੋਈ ਹੈ, ਉਹਨਾਂ ਨੂੰ ਅਗੇ ਗਇਆਂ ਜਮ-ਜਾਗਾਤੀਆ-ਡੰਨ (ਜਜ਼ੀਆ) ਨਹੀਂ ਲਗਦਾ । ਉਹਨਾਂ ਦੇ ਸੀਨਿਆਂ ਦੀ ਅਗਨੀ ਬੁਝੀ ਹੋਈ ਹੁੰਦੀ ਹੈ । ਨਾਮ ਦੀ ਠੰਢ ਨਾਲ ਉਹਨਾ ਦੇ ਸੀਨੇ ਠਰੇ ਹੋਏ ਹੁੰਦੇ ਹਨ। ਜੋ ਨਾਮ ਨੂੰ ਵਿਸਾਰਦੇ ਹਨ ਸੋਈ ਦੋਖੀ ਦੁਖ ਸਹਿੰਦੇ ਹਨ । ਸਾਰੀ ਉਮਰ ਹੀ ਪਾਪਾਂ ਵਿਚ ਗੁਜ਼ਾਰ ਲੈਂਦੇ ਹਨ । ਜਦੋਂ ਅੰਤੀ ਅਉਸਰ ਸਿਰ ਤੇ ਆਉਂਦਾ ਹੈ, ਓਦੋਂ ਚਲਣਾ ਹੀ ਬਣਦਾ ਹੈ। ਹੁਕਮ ਹੀ ਚਲਣ ਦਾ ਹੁੰਦਾ ਹੈ। ਕਿਵੇਂ ਕੋਈ ਠਹਿਰ ਸਕਦਾ ਹੈ ? ਜਿਹੜਾ ਪ੍ਰਾਣੀ ਸਾਰੀ ਉਮਰ ਪਾਪ ਹੀ ਪਾਪ ਕਮਾਉਂਦਾ ਹੈ ਅਤੇ ਨਾਮ ਇਕ ਨਿਮਖ ਭੀ ਨਹੀਂ ਧਿਆਉਂਦਾ, ਉਹ

ਨਰਕ ਰੂਪੀ ਖੂਹ ਵਿਚ ਅਗੇ ਜਾ ਕੇ ਗੋਤੇ ਖਾਂਦਾ ਹੈ ਅਤੇ ਉਸ ਦਾ ਬੁਰਾ ਮੰਦਾ ਹਾਲ ਇਉਂ ਹੁੰਦਾ ਹੈ, ਜਿਉਂ ਜਲ ਤੋਂ ਬਾਹਰ ਕੱਢੀ ਹੋਈ ਮਛਲੀ ਦੇ ਤੜਫੇਵੇਂ ਦਾ ਹੁੰਦਾ ਹੈ। ਐਸੇ ਸਾਕਤ ਪੁਰਸ਼ ਨੂੰ ਚੌਰਾਸੀਹ ਨਰਕ ਭੋਗਣੇ ਪੈਂਦੇ ਹਨ। ਇਹ ਕੋਈ ਉਸ ਨਾਲ ਅਨਰਥ ਅਨਿਆਉਂ ਨਹੀਂ ਹੁੰਦਾ। ਜੈਸਾ ਉਸ ਨੇ ਪੂਰਬਲੇ ਜਨਮ ਵਿਖੇ ਕਰਮ ਕੀਤਾ ਹੋਇਆ ਹੁੰਦਾ ਹੈ, ਤੈਸਾ ਹੀ ਫਲ ਉਸਨੂੰ ਭੋਗਣਾ ਪੈਂਦਾ ਹੈ। ਕਿਰਤ ਕਰਮ ਦਾ ਬਧਾ ਹੋਇਆ ਉਹ ਨਰਕਾਂ ਵਿਚ ਗ੍ਰਸਿਆ ਜਾਂਦਾ ਹੈ। ਅਗੇ ਚੱਲ ਕੇ ਅੱਤ ਭੀੜੀ ਅਤੇ ਖੰਡੇ ਦੀ ਧਾਰ ਵਰਗੀ ਤਿੱਖੀ ਗਲੀ ਵਿਚ ਦੀ ਉਸ ਨੂੰ ਲੰਘਣਾ ਪੈਂਦਾ ਹੈ ਅਤੇ ਧਰਮਰਾਏ ਦਾ ਲੇਖਾ ਦੇਣਾ ਪੈਂਦਾ ਹੈ। ਓਥੇ ਐਉਂ ਪੀੜਿਆ ਜਾਂਦਾ ਹੈ ਜਿਉਂ ਕੋਹਲੂ ਵਿਚ ਤਿਲ ਪੀੜੇ ਜਾਂਦੇ ਹਨ। ਉਥੇ ਉਸ ਦਾ ਕੋਈ ਬੇਲੀ ਨਹੀਂ ਬਣਦਾ। ਨਾ ਮਾਤ ਪਿਤਾ, ਨਾ ਇਸਤ੍ਰੀ, ਨਾ ਪੁੱਤਰ, ਜਿਨ੍ਹਾਂ ਦੀ ਖ਼ਾਤਰ ਉਹ ਖੋਟੇ ਕਰਮ ਕਰਿ, ਸਾਰੀ ਉਮਰ ਪਾਪ ਕਮਾਉਂਦਾ ਰਿਹਾ ਹੁੰਦਾ ਹੈ। ਉਹਨਾਂ ਦੀ ਮੋਹ-ਮਮਤਾ ਵਿਚ ਗ੍ਰਸਿਆ ਹੋਇਆ ਨਾਮ ਜਪਣ ਦੇ ਮੁਕਤ ਸੁਮਾਰਗੀ ਰਾਹੇ ਨਹੀਂ ਪੈਂਦਾ। ਕਿਉਂਕਿ ਕੇਵਲ ਹੋਛੇ ਰਸਾਂ ਕਸਾਂ ਨੂੰ ਛੱਡ ਕੇ ਨਾਮ ਰਸ ਰਤਿਆਂ ਹੀ,ਏਹਨਾਂ ਨਰਕ ਪ੍ਰਾਇਣੀ ਅਪਦਾਵਾਂ ਤੋਂ ਛੁਟਕਾਰਾ ਹੁੰਦਾ ਹੈ ਅਤੇ ਮੋਖ ਦੁਆਰਾ ਮਿਲਦਾ ਹੈ। ਇਕ ਐਸੇ ਹੀ ਵਡਭਾਗੇ ਹਨ ਜੋ ਉਮਰ ਭਰ ਸੇਵਾ ਭਗਤੀ ਵਿਚ ਲਗੇ ਰਹਿੰਦੇ ਹਨ। ਉਹਨਾਂ ਦੇ ਸਾਰੇ ਦੁਖ ਦਰਦ ਦੂਰ ਹੋ ਜਾਂਦੇ ਹਨ। ਸਤਿਗੁਰੂ ਉਹਨਾਂ ਨੂੰ ਦਰਗਹ ਅੰਦਰ ਛਡਾਇ ਲੈਂਦਾ ਹੈ। ਸਗੋਂ ਉਹਨਾਂ ਨੂੰ ਸਚੀ ਦਰਗਾਹੇ ਸਚੀ ਵਡਿਆਈ ਮਿਲਦੀ ਹੈ।

ਇਸ ਗੁਰਵਾਕ ਤੋਂ ਸਿੱਧ ਹੋਇਆ ਕਿ ਪਾਪੀ ਪੁਰਸ਼ਾਂ ਨੂੰ ਇਕ ਨਰਕ ਨਹੀਂ, ਚੌਰਾਸੀ ਨਰਕ ਭੋਗਣੇ ਪੈਂਦੇ ਹਨ। ਪਾਪਾਂ ਅਤੇ ਕਰਮਾਂ ਅਨੁਸਾਰ ਨਰਕ ਭੋਗਣੇ ਪੈਂਦੇ ਹਨ। ਚੌਰਾਸੀ ਲੱਖ ਜੂਨੀਆਂ ਵਿਚ ਪੈਣ ਨਿਕਲਣ ਰੂਪ ਨਰਕ ਵਖਰੇ ਰਹੇ। ਚੌਰਾਸੀ ਦੇ ਗੇੜ ਵਿਚ ਪੈਣਾ ਭੀ ਨਰਕ ਭੋਗਣਾ ਹੀ ਹੈ। ਪਰ ਨਿਰਾ ਏਸੇ ਉਤੇ ਹੀ ਨਰਕ ਭੁਗਤਣ ਦਾ ਇਕਤਫ਼ਾ (ਨਿਰਭਰ) ਨਹੀਂ। ਅਗਲੀ ਦਰਗਾਹ ਦੇ ਧਰਮਰਾਇ ਦੀ ਸਜ਼ਾਇ ਵਾਲੇ ਨਰਕ ਅਵੱਸ਼ ਭੋਗਣੇ ਪੈਂਦੇ ਹਨ। ਬਹੁਤ ਸਾਰੇ ਲੋਕਾਂ ਦਾ ਖ਼ਿਆਲ ਹੈ ਕਿ ਜੰਮਣ ਮਰਨ ਦੇ ਦੁਖਾਂ ਵਿਚ ਪੈਣ ਤੋਂ ਹੀ ਮੁਰਾਦ ਨਰਕਾਂ ਵਿਚ ਪੈਣ ਦੀ ਹੈ। ਇਹ ਉਹਨਾਂ ਦੀ ਖ਼ਾਮ ਖ਼ਿਆਲੀ ਹੈ। ਉਹ ਕਹਿੰਦੇ ਹਨ ਕਿ ਏਸ ਲੋਕ ਵਿਖੇ ਹੀ ਦੁਖਾਂ ਸੁਖਾਂ ਰੂਪੀ ਨਰਕ ਸੁਰਗ ਭੁਗਤ ਲਈਦੇ ਹਨ, ਅੱਗੇ ਚੱਲ ਕੇ ਨਰਕ ਸੁਰਗ ਨਹੀਂ ਭੁਗਤੀਦੇ, ਕਿਉਂਕਿ ਉਹਨਾਂ ਦੇ ਖ਼ਿਆਲ ਅੰਦਰ ਨਾ ਕੋਈ ਅੱਗਾ ਹੈ, ਨਾ ਨਰਕ ਸੁਰਗ ਹਨ, ਨਾ ਧਰਮਰਾਇ ਹੈ, ਨਾ ਹੀ ਧਰਮਰਾਇ ਦੇ ਦੂਤ ਹੈਨ। ਪਰ ਇਸ ਗੁਰਵਾਕ ਤੋਂ ਤਾਂ ਸਭ ਕੁਛ ਹੀ ਸਿੱਧ ਹੋ ਗਿਆ। ਖੰਡੇਧਾਰ ਭੀੜੀ

ਗਲੀ ਵਿਚ ਦੀ ਲੰਘਣਾ ਭੀ ਸਿਧ ਹੋ ਗਿਆ । ਐਥੇ ਇਸ ਦੁਨੀਆ ਅੰਦਰ ਐਸੀ ਕਿਹੜੀ ਗਲੀ ਕਿਸੇ ਨੇ ਦੇਖੀ ਪਰਖੀ ਹੈ, ਜੋ ਖੰਡਿਓਂ ਤਿਖੀ ਅਤੇ ਵਾਲਹੁ ਨਿਕੀ ਹੋਵੇ । ਐਸੀ ਭੀੜੀ ਤਿਖੀ ਖੰਡੇ-ਧਾਰ ਗਲੀ ਤਾਂ ਅਗਲੇ ਲੋਕ ਵਿਚ ਹੀ ਹੈ । ਇਸੇ ਗੁਰਵਾਕ ਤੋਂ ਜਮ ਜਾਗਾਤੀ ਭੀ ਸਿਧ ਹੁੰਦੇ ਹਨ, ਜੋ ਜਾਗਾਤ ਲੈਂਦੇ ਹਨ ਅਗੇ ਗਏ ਜੀਵ ਤੋਂ । ਇਹ ਭੀ ਸਿਧ ਹੁੰਦਾ ਹੈ ਕਿ ਧਰਮਰਾਇ ਅਗੇ ਐਸੇ ਜੀਵਾਂ ਨੂੰ ਲੇਖਾ ਦੇਣਾ ਪੈਂਦਾ ਹੈ । ਤਿਲ ਕੋਹਲੂ ਪੀੜੇ ਜਾਣ ਦੀ ਸਜ਼ਾ ਮਿਲਦੀ ਹੈ । ਐਸੇ ਗੁਰਵਾਕਾਂ ਨੂੰ ਪੜ੍ਹ ਸੁਣ ਕੇ ਸਾਰ-ਗਰਾਹੀ ਜਗਿਆਸੂਆਂ ਨੂੰ ਭੈ-ਭੀਤ ਹੋ ਕੇ ਪਾਪ ਕਰਮਾਂ ਤੋਂ ਹਟਣਾ ਸੰਕੁਚਣਾ ਚਾਹੀਦਾ ਹੈ । ਪਾਪਿਸ਼ਟ ਸਾਕਤਾਂ ਵਾਲੀ ਦਸ਼ਾ ਚੋਂ ਨਿਕਲ ਕੇ ਗੁਰੂ ਦੁਆਰੇ ਹੋਇ ਸਾਹਿਬ ਸੰਭਾਲਣਾ ਅਤੇ ਫੇਰ ਸਾਰੀ ਉਮਰ ਗੁਰੂ ਗੁਰੂ ਕਰਦਿਆਂ ਹੀ ਬਿਤਾਉਣੀ ਚਾਹੀਦੀ ਹੈ, ਤਾਂ ਜਾ ਕੇ ਨਿਜਤਾਰਾ ਛੁਟਕਾਰਾ ਹੁੰਦਾ ਹੈ । ਨਹੀਂ ਤਾਂ ਅਵੱਸ਼ ਉੱਪਰ ਦੱਸੀਆਂ ਸਜ਼ਾਵਾਂ ਭੁਗਤਣੀਆਂ ਪੈਣਗੀਆਂ । ਹੇ ਕਰਤਾਰ ! ਹੇ ਗੁਰੂ ਦਾਤਾਰ ! ਬਖ਼ਸ਼ ਲੈ ਪਾਪ ਕਰੇਂਦੜਾਂ ਨੂੰ ਅਤੇ ਆਪਣੇ ਪੰਨੇ ਪਾਇ ਲੈ । ਛਡਾਇ ਲੈ ਨਰਕਾਂ ਦਿਆਂ ਫੇੜੇ ਫੜਿਆਂ ਨੂੰ । ਮਨਮੁਖਾਂ ਦੀ ਜੋ ਗਤਿ ਐਥੇ ਓਥੇ ਹੁੰਦੀ ਹੈ, ਉਸ ਦਾ ਹੂਬਹੂ ਫ਼ੋਟੋ ਖਿਚ ਕੇ ਅਗਲੇ ਗੁਰਵਾਕ ਅੰਦਰ ਪੇਸ਼ ਕੀਤਾ ਗਿਆ ਹੈ । ਗੁਰਵਾਕ—

> ਮਨਮੁਖ ਅੰਧੁਲੇ ਸੋਝੀ ਨਾਹੀ ॥ ਆਵਹਿ ਜਾਹਿ ਮਰਹਿ ਮਰਿ ਜਾਹੀ ॥
> ਪੂਰਬਿ ਲਿਖਿਆ ਲੇਖੁ ਨ ਮਿਟਈ ਜਮਦਰਿ ਅੰਧੁ ਖੁਆਰਾ ਹੇ ॥੩॥
> ਇਕਿ ਆਵਹਿ ਜਾਵਹਿ ਘਰਿ ਵਾਸੁ ਨ ਪਾਵਹਿ ॥
> ਕਿਰਤ ਕੇ ਬਾਧੇ ਪਾਪ ਕਮਾਵਹਿ ॥
> ਅੰਧੁਲੇ ਸੋਝੀ ਬੂਝ ਨ ਕਾਈ ਲੋਭੁ ਬੁਰਾ ਅਹੰਕਾਰਾ ਹੇ ॥੪॥...
> ਪ੍ਰੇਤ ਪਿੰਜਰ ਮਹਿ ਦੂਖ ਘਨੇਰੇ ॥ ਨਰਕਿ ਪਚਹਿ ਅਗਿਆਨ ਅੰਧੇਰੇ ॥
> ਧਰਮਰਾਇ ਕੀ ਬਾਕੀ ਲੀਜੈ ਜਿਨਿ ਹਰਿ ਕਾ ਨਾਮ ਵਿਸਾਰਾ ਹੇ ॥੬॥...
> ਪੁਤ੍ਰ ਕਲਤ੍ਰ ਜਗਿ ਹੇਤੁ ਪਿਆਰਾ ॥
> ਮਾਇਆ ਮੋਹੁ ਪਸਰਿਆ ਪਾਸਾਰਾ ॥
> ਜਮ ਕੇ ਫਾਹੇ ਸਤਿਗੁਰਿ ਤੋੜੇ ਗੁਰਮੁਖਿ ਤਤੁ ਵੀਚਾਰਾ ਹੇ ॥੯॥...
> ਖੇਹੂ ਖੇਹ ਰਲੈ ਤਨੁ ਛੀਜੈ ॥ ਮਨਮੁਖੁ ਪਾਥਰੁ ਸੈਲੁ ਨ ਭੀਜੈ ॥
> ਕਰਣ ਪਲਾਵ ਕਰੇ ਬਹੁਤੇਰੇ ਨਰਕਿ ਸੁਰਗਿ ਅਵਤਾਰਾ ਹੇ ॥੧੨॥
> (੧੭॥੩॥੯) [ਮਾਰੂ ਮ: ੧, ਪੰਨਾ ੧੦੨੯

ਭਾਵ—ਮਨਮੁਖ ਅੰਧਲੇ ਪੁਰਸ਼ ਨੂੰ ਨਾ ਅਗੇ ਦੀ ਨਾ ਪਰਮਾਰਥ ਦੀ ਸੋਝੀ

ਹੁੰਦੀ ਹੈ । ਉਹ ਮੁੜ ਮੁੜ ਆਉਂਦਾ ਜਾਂਦਾ ਹੈ ਅਤੇ ਮਰ ਮਰ ਕੇ ਫੇਰ ਜੋਨੀ ਪੈਂਦਾ ਹੈ। ਉਹ ਜਮਪੁਰੀ ਦੇ ਅੰਧ ਗੁਬਾਰ ਦੁਆਰੇ ਖੁਆਰ ਹੁੰਦਾ ਹੈ । ਏਸੇ ਤਰ੍ਹਾਂ ਹੋਰ ਅਨੇਕਾਂ ਐਸੇ ਮਨਮੁਖ ਸਾਕਤ ਨਰ ਆਵਾਗਉਣ ਦੇ ਗੇੜ ਵਿਚ ਪੈਂਦੇ ਹਨ। ਸੱਚੀ ਦਰਗਾਹ ਦੇ ਅਸਲੀ ਘਰ ਵਿਖੇ ਅਸਥਿਤੀ ਨਹੀਂ ਪਾਉਂਦੇ, ਸਗੋਂ ਪਾਪ ਕਮਾਉਂਦੇ ਹਨ ਅਤੇ ਲੋਭ ਹੰਕਾਰ ਦੇ ਲੱਦੇ ਹੋਏ ਫਿਰਦੇ ਹਨ। ਤਿਨ੍ਹਾਂ ਅੰਧਲਿਆਂ ਨੂੰ ਸੁਕ੍ਰਿਤ ਕਰਮਾਂ ਦੇ ਕਰਨ ਦੀ ਸੂਝ ਬੂਝ ਹੀ ਕੋਈ ਨਹੀਂ ਪੈਂਦੀ। ਸੇ ਪ੍ਰੇਤ ਜੋਨਿ ਵਿਚ ਜਾ ਪੈਂਦੇ ਹਨ, ਇਸ ਪ੍ਰੇਤ ਪਿੰਜਰ ਵਿਚ ਬੜੇ ਹੀ ਘਨੇਰੇ ਅਤੇ ਭਿਅੰਕਰ ਦੁਖ ਭੋਗਣੇ ਪੈਂਦੇ ਹਨ। ਫੇਰ ਨਰਕਾਂ ਵਿਚ ਜਾ ਕੇ ਪਚਦੇ ਹਨ, ਜਿਥੇ ਨਿਰਾ ਘੋਰ ਘੁਪ ਅਗਿਆਨ ਅੰਧੇਰਾ ਹੀ ਹੁੰਦਾ ਹੈ । ਧਰਮਰਾਇ ਦੀ ਨਿਕਲੀ ਬਾਕੀ ਤਿਨ੍ਹਾਂ ਨੂੰ ਅਵੱਸ਼ ਹੀ ਦੇਣੀ ਪੈਂਦੀ ਹੈ। ਇਹ ਉਨ੍ਹਾਂ ਦਾ ਹਾਲ ਹੁੰਦਾ ਹੈ ਜਿਨ੍ਹਾਂ ਨੇ ਮਨੁਖਾ ਜਨਮ ਧਾਰ ਕੇ ਨਾਮ ਨਹੀਂ ਜਪਿਆ ਹੁੰਦਾ। ਇਸ ਜਗਤ-ਸੰਸਾਰ ਵਿਖੇ ਇਸਤ੍ਰੀ ਪੁੱਤਰ ਦਾ ਹੇਤ ਪਿਆਰ ਹੀ ਮਨਮੁਖ ਪੁਰਸ਼ਾਂ ਉਤੇ ਪਰਬਲ ਹੁੰਦਾ ਹੈ। ਮਾਇਆ ਮੋਹ ਦੇ ਪਸਰੇ ਪਸਾਰੇ ਵਿਚ ਸਾਕਤ ਸੰਸਾਰੀ ਪੁਰਸ਼ ਖਪਿ ਖਪਿ ਸਾਰੀ ਉਮਰ ਮਰਦੇ ਹਨ। ਇਹ ਜਗ ਦੇ ਫਾਹੇ ਸਤਿਗੁਰ ਦੀ ਕਿਰਪਾ ਨਾਲ ਹੀ ਟੁੱਟ ਸਕਦੇ ਹਨ । ਅਤੇ ਟੁਟਦੇ ਉਹਨਾਂ ਗੁਰਮੁਖਾਂ ਦੇ ਹਨ ਜਿਨ੍ਹਾਂ ਨੇ ਗੁਰਮਤਿ ਨਾਮ ਦਾ ਤੱਤ ਅਭਿਆਸ ਕਮਾਇਆ ਹੁੰਦਾ ਹੈ। ਸਾਕਤ ਮਨਮੁਖ ਪ੍ਰਾਣੀ ਪੱਥਰ ਦੀ ਸਿਲ ਦੀ ਨਿਆਈਂ ਹੁੰਦਾ ਹੈ, ਉਹ ਭਿੱਜਦਾ ਨਹੀਂ। ਮੁੜ ਮੁੜ ਕੇ ਅਨੇਕ ਦੇਹ ਜੂਨੀਆਂ ਧਾਰ ਧਾਰ ਕੇ ਉਹ ਖੇਹੂ ਖੇਹ ਰੁਲਦਾ ਫਿਰਦਾ ਹੈ। ਬਥੇਰੇ ਤਰਲੇ ਲੈਂਦਾ ਹੈ, ਪਰ ਉਸ ਦੇ ਤਰਲੇ ਲਇਆਂ ਬਣਦਾ ਕੁਛ ਨਹੀਂ । ਨਰਕਾਂ ਸੁਰਗਾਂ ਵਿਚ ਪਿਆ ਘੁੰਮਦਾ ਫਿਰਦਾ ਹੈ। ਇਸ ਗੁਰਵਾਕ ਅੰਦਰ ਭੀ ਨਰਕ ਸੁਰਗ ਤੋਂ ਬਿਨਾਂ ਜਮਪੁਰੀ ਅਤੇ ਆਵਾਗਉਂਣ ਦੀ ਹੋਂਦ ਸਿਧ ਹੁੰਦੀ ਹੈ । ਅਤੇ ਅਗਲੀ ਦਰਗਾਹ ਵਿਖੇ ਨਿਆਉਂ ਨਿਬੇੜਨ-ਹਾਰੇ ਧਰਮਰਾਇ ਦੀ ਕਚਹਿਰੀ ਦੀ ਪੇਸ਼ੀ ਭੁਗਤਣ ਦੀ ਸ਼ਾਹਦੀ ਭੀ ਮਿਲਦੀ ਹੈ ।

ਨਾਮ ਨਾ ਜਪਣਹਾਰੇ ਮਨਮੁਖ ਸਾਕਤ ਦਾ ਮਨ ਤਨ ਕੁਸ਼ਟੀ ਹੈ । ਉਹ ਅਗੇ ਜਾ ਕੇ ਨਰਕ ਵਿਚ ਵਾਸਾ ਪਾਉਂਦਾ ਹੈ । ਯਥਾ ਗੁਰਵਾਕ—

ਬਿਨੁ ਨਾਵੈ ਮਨੁ ਤਨੁ ਹੈ ਕੁਸਟੀ ਨਰਕੇ ਵਾਸਾ ਪਾਇਦਾ ॥੯॥
(੧੬॥੬॥੨੦) ਮਾਰੂ ਮ: ੩, ਪੰਨਾ ੧੦੬੪

ਵਾਹਿਗੁਰੂ ਨਾਮ ਦਾ ਅਜਪਾ ਜਾਪ ਜਪ ਕੇ, ਮਾਨੁਖਾ ਜਨਮ ਨੂੰ ਸਫਲਾ ਕੇ ਲੇਖੇ ਲਾ ਲਈਦਾ ਹੈ ਅਤੇ ਬਾਜ਼ੀ ਜਿਤ ਕੇ ਵਾਹਿਗੁਰੂ ਦੀ ਹਜ਼ੂਰੀ ਵਿਚ ਆ ਵਸੀਦਾ ਹੈ । ਰਸਕ ਰਸਕ ਗੁਣ ਗਾਉਣਹਾਰਿਆਂ, ਵਾਹਿਗੁਰੂ ਦੇ ਪਿਆਰਿਆਂ ਨੂੰ ਲੱਖ

ਚਉਰਾਸੀਹ ਨਰਕ ਨਹੀਂ ਦੇਖਣੇ ਪੈਂਦੇ। ਮਨਮੁਖ ਸਾਕਤਾਂ ਨੂੰ ਇਹ ਲੱਖ ਚਉਰਾਸੀਹ ਨਰਕ ਸਾਰੇ ਭੁਗਤਣੇ ਪੈਂਦੇ ਹਨ। ਯਥਾ ਗੁਰਵਾਕ—

ਹਰਿ ਕਾ ਜਾਪੁ ਜਪਹੁ ਜਪੁ ਜਪਨੇ ॥
ਜੀਤਿ ਆਵਹੁ ਵਸਹੁ ਘਰਿ ਅਪਨੇ ॥
ਲਖ ਚਉਰਾਸੀਹ ਨਰਕ ਨ ਦੇਖਹੁ
ਰਸਕਿ ਰਸਕਿ ਗੁਣ ਗਾਈ ਹੇ ॥੧੦॥(੧੬॥੧)
[ਮਾਰੂ ਸੋਲਹੇ ਮ: ੫, ਪੰਨਾ ੧੦੭੨

ਅਗਲੇ ਗੁਰਵਾਕ ਅੰਦਰ ਨਿਗੁਰੇ ਮਨਮੁਖਾਂ ਸਾਕਤਾਂ ਦੀ ਨਰਕ-ਗਾਮੀ ਗਤੀ ਫੇਰ ਕੈਸੀ ਭਿਅੰਕਰਣੀ ਦਸੀ ਗਈ ਹੈ। ਯਥਾ ਗੁਰਵਾਕ—

ਰੇ ਮਨ ਲੋਭੀ ਸੁਣਿ ਮਨ ਮੇਰੇ ॥
ਸਤਿਗੁਰੁ ਸੇਵਿ ਦਿਨੁ ਰਾਤਿ ਸਦੇਰੇ ॥
ਬਿਨੁ ਸਤਿਗੁਰ ਪਚਿ ਮੂਏ ਸਾਕਤ ਨਿਗੁਰੇ ਗਲਿ ਜਮ ਫਾਸਾ ਹੇ ॥੧੧॥
ਮਨਮੁਖਿ ਆਵੈ ਮਨਮੁਖਿ ਜਾਵੈ ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥
ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥
(੧੫॥੧॥੨) ਮਾਰੂ ਸੋਲਹੇ ਮ: ੫, ਪੰਨਾ ੧੦੭੩

ਇਸ ਗੁਰਵਾਕ ਅੰਦਰ ਜਗਿਆਸੂ ਮਨ ਨੂੰ ਸੌਹੇਂ ਕਰ ਕੇ ਸਤਿਗੁਰੂ ਸਚੇ ਪਾਤਸ਼ਾਹ ਕਿਆ ਪਿਆਰ ਨਾਲ ਸਮਝੌਤੀਆਂ ਦਿੰਦੇ ਹਨ, ਆਪਣੇ ਨਿਜ ਮਨ ਨੂੰ ਸੰਬੋਧਨ ਕਰਕੇ, 'ਹੇ ਮਨ! ਲੋਭੀ! ਤੂੰ ਸਚੀ ਸਿਖਿਆ ਨੂੰ ਸੁਣ ਕੰਨ ਲਾ ਕੇ। ਸਤਿਗੁਰੂ ਦੀ ਦ੍ਰਿੜ੍ਹਾਈ ਦੀਖਸ਼ਾਈ ਸੇਵਾ ਭਗਤੀ ਕਰਿ ਤੂੰ, ਦਿਨ ਰਾਤ ਇਕ ਕਰ ਕੇ। ਹਰ ਛਿਨ ਸਦਾ ਸਦਾ ਵਾਹਿਗੁਰੂ ਨਾਮ ਦਾ ਜਾਪ ਅਭਿਆਸ ਕਰ।' ਪਹਿਲਾਂ ਗੁਰੂ ਨਾਨਕ ਘਰ ਦਾ ਅੰਮ੍ਰਿਤਧਾਰੀ ਸਿਖ ਬਣ ਕੇ ਗੁਰੂ ਦੁਆਰਿਓਂ ਪੰਜਾਂ ਪਿਆਰਿਆਂ ਰਾਹੀਂ ਗੁਰ ਦੀਖਿਆ ਗੁਰ ਮੰਤ੍ਰ ਲਈਦਾ ਏ ਤਾਂ ਗੁਰਮੁਖ ਸਗੁਰੇ ਸਿਖ ਬਣੀਦਾ ਹੈ ਨਹੀਂ ਤਾਂ ਨਿਗੁਰੇ ਹੀ ਰਹੀਦਾ ਹੈ। ਇਸ ਬਿਧ ਸਤਿਗੁਰੂ ਧਾਰਨ ਕੀਤੇ ਬਿਨਾਂ ਸਾਕਤ ਨਿਗੁਰ ਪਚਿ ਪਚਿ ਮਰਦੇ ਹਨ ਅਤੇ ਅਨੇਕਾਂ ਅਸੰਖ ਬਿ-ਗਤੇ ਹੀ ਮਰਿ ਮਰਿ ਗਏ ਹਨ। ਨਿਗੁਰਿਆਂ ਸਾਕਤਾਂ ਦੇ ਗਲਾਂ ਵਿਚ ਅਗੇ ਗਇਆਂ ਜਮਾਂ ਦੀ ਫਾਸ ਪੈਂਦੀ ਹੈ ਮਨਮੁਖ ਸਾਕਤ ਪੁਰਸ਼ ਮੁੜਿ ਮੁੜਿ ਆਉਂਦਾ ਜਾਂਦਾ ਹੈ ਅਤੇ ਫਿਰਿ ਫਿਰਿ ਚੋਟਾਂ ਖਾਂਦਾ ਹੈ। ਜਿਤਨੇ ਭੀ ਨਰਕ ਹਨ ਸੋ ਮਨਮੁਖ ਸਾਕਤ ਪੁਰਸ਼ ਭੋਗਦਾ ਹੈ। ਗੁਰਮੁਖ ਜਨ ਨੂੰ ਏਹਨਾਂ ਨਰਕਾਂ ਦਾ ਲੇਪ ਮਾਤਰ ਭੀ ਨਹੀਂ ਲਗਦਾ। ਇਸ ਗੁਰਵਾਕ ਤੋਂ ਸਿਧ ਹੋਇਆ ਕਿ ਅਗਲੀ ਦਰਗਾਹ ਵਿਚ ਇਕ ਨਹੀਂ, ਅਨੇਕ ਪ੍ਰਕਾਰ ਦੇ ਨਰਕ ਹਨ। ਸੋ ਸਾਰੇ ਹੀ ਸਾਕਤ ਨਿਗੁਰੇ ਮਨਮੁਖਾਂ ਨੂੰ ਭੋਗਣੇ ਪੈਣੇ ਹਨ।

ਅਗਲੇ ਗੁਰਵਾਕ ਅੰਦਰ ਸਪੱਸ਼ਟ ਕੀਤਾ ਗਿਆ ਹੈ ਕਿ ਗੁਰੂ ਗੁਰੂ ਸਿਮਰਨਹਾਰਾ ਗੁਰੂ ਦਾ ਸੇਵਕ ਸਿਖ ਨਰਕਿ ਨਹੀਂ ਜਾਂਦਾ, ਨਾ ਜਮਾਂ ਦੀ ਮਾਰ ਸਹਿੰਦਾ ਹੈ । ਯਥਾ ਗੁਰਵਾਕ—

ਗੁਰੁ ਸਿਮਰਤ ਸਭਿ ਕਿਲਿਵਿਖ ਨਾਸਹਿ ॥
ਗੁਰੁ ਸਿਮਰਤ ਜਮ ਸੰਗਿ ਨ ਫਾਸਹਿ ॥
ਗੁਰੁ ਸਿਮਰਤ ਮਨੁ ਨਿਰਮਲੁ ਹੋਵੈ ਗੁਰੁ ਕਾਟੇ ਅਪਮਾਨਾ ਹੇ ॥੨॥
ਗੁਰ ਕਾ ਸੇਵਕੁ ਨਰਕਿ ਨ ਜਾਏ ॥
ਗੁਰ ਕਾ ਸੇਵਕੁ ਪਾਰਬ੍ਰਹਮੁ ਧਿਆਏ ॥
ਗੁਰ ਕਾ ਸੇਵਕੁ ਸਾਧਸੰਗੁ ਪਾਏ ਗੁਰੁ ਕਰਦਾ ਨਿਤ ਜੀਅ ਦਾਨਾ ਹੇ ॥੩॥
ਗੁਰਦੁਆਰੈ ਹਰਿ ਕੀਰਤਨੁ ਸੁਣੀਐ ॥
ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ ॥
ਕਲਿ ਕਲੇਸ ਮਿਟਾਏ ਸਤਿਗੁਰੁ ਹਰਿ ਦਰਗਹ ਦੇਵੈ ਮਾਨਾਂ ਹੇ ॥੪॥

(੯॥੧॥੪) ਮਾਰੂ ਸੋਲਹੇ ਮ: ੫, ਪੰਨਾ ੧੦੭੪-੭੫

ਭਾਵ—ਗੁਰੂ ਗੁਰੂ, ਵਾਹਿਗੁਰੂ ਵਾਹਿਗੁਰੂ ਸਿਮਰਦਿਆਂ ਸਾਰੇ ਵਡੇ ਤੋਂ ਵਡੇ ਪਾਪ ਮਿਟ ਜਾਂਦੇ ਹਨ । ਗੁਰੂ ਗੁਰੂ ਵਾਹਿਗੁਰੂ ਵਾਹਿਗੁਰੂ ਸਿਮਰਦਿਆਂ ਅਗੇ ਜਾ ਕੇ ਜਮਾਂ ਦੇ ਟੇਟੇ ਨਹੀਂ ਚੜ੍ਹੀਦਾ ਅਤੇ ਜਮਜਾਲ ਵਿਚ ਨਹੀਂ ਫਸੀਦਾ । ਵਾਹਿਗੁਰੂ ਵਾਹਿਗੁਰੂ ਸਿਮਰਦਿਆਂ ਸਿਮਰਨਹਾਰੇ ਦਾ ਮਨ ਮੈਲ ਰਹਿਤ (ਨਿਰਮਲ) ਹੋ ਜਾਂਦਾ ਹੈ । ਜਿਨ੍ਹਾਂ ਦਾ ਮਾਨ ਕਿਤੇ ਭੀ ਨਹੀਂ ਹੁੰਦਾ, ਜਿਥੇ ਜਾਣ ਓਥੇ ਅਪਮਾਨ ਹੀ ਅਪਮਾਨ ਹੁੰਦਾ ਹੈ। ਗੁਰੂ ਗੁਰੂ ਸਿਮਰਦਿਆਂ ਉਹਨਾਂ ਦਾ ਅਪਮਾਨ ਕਿਤੇ ਭੀ ਨਹੀਂ ਹੁੰਦਾ । ਅਪਮਾਨ ਦੀ ਰੇਖਾ ਵਾਹਿਗੁਰੂ ਦਾ ਸਿਮਰਨ ਕੱਟ ਦਿੰਦਾ ਹੈ। ਅਗੇ ਜਾ ਕੇ ਉਸ ਦਾ ਆਦਰ ਹੁੰਦਾ ਹੈ ਅਤੇ ਏਥੇ ਭੀ । ਗੁਰੂ ਗੁਰੂ ਵਾਹਿਗੁਰੂ ਵਾਹਿਗੁਰੂ ਸਿਮਰਨਹਾਰਾ ਗੁਰੂ ਕਾ ਸੇਵਕ ਸਿਖ ਸਚਿਆਰਾ ਅਗੇ ਜਾ ਕੇ ਨਰਕਾਂ ਵਿਚ ਨਹੀਂ ਜਾਂਦਾ, ਕਿਉਂਕਿ ਉਹ ਸੁਆਸਿ ਸੁਆਸਿ ਪਾਰਬ੍ਰਹਮ ਵਾਹਿਗੁਰੂ ਨੂੰ ਹੀ ਧਿਆਉਂਦਾ ਹੈ। ਜਿਹੜਾ ਜਗਿਆਸੂ ਗੁਰ ਘਰ ਦੀ ਸੰਗਤਿ, ਸਚੀ ਸਾਧ ਸੰਗਤਿ ਵਿਚ ਜਾ ਕੇ ਸੇਵਾ-ਭਾਵਨੀ ਦੁਆਰਾ ਪਰਮਾਰਥ ਦੀ ਅਤੇ ਸਚੇ ਨਾਮ ਦੀ ਯਾਚਨਾ ਕਰਦਾ ਹੈ, ਉਸ ਨੂੰ ਗੁਰੂ ਦੁਆਰਿਓਂ ਜੀਅ ਦਾਨ ਗੁਰਮੰਤ੍ਰ ਦੀਖਿਆ ਮਿਲਦੀ ਹੈ । ਇਸ ਬਿਧਿ ਗੁਰ-ਦੀਖਿਆ ਗੁਰੂ ਦੁਆਰਿਓਂ ਗੁਰਮੰਤਰ ਗੁਰ ਸਤਿਨਾਮ ਦੀ ਲੈ ਕੇ ਜੋ ਗੁਰੂ ਗੁਰੂ ਵਾਹਿਗੁਰੂ ਵਾਹਿਗੁਰੂ ਦਾ ਨਿਸ ਬਾਸਰ ਅਜਪਾ ਜਾਪ ਕਰਦਾ ਹੈ, ਉਹ ਗੁਰਸਿਖ ਸੇਵਕ ਗੁਰ ਬਖਸ਼ਿਆ ਨਾਮ ਸਿਮਰਨ ਕਰਕੇ ਨਰਕ ਵਿਚ ਨਹੀਂ ਪੈਂਦਾ। ਗੁਰੂ ਬਿਨ੍ਹਾਂ ਆਪੋਂ ਨਾਮ ਕੋਈ ਜਪ ਨਹੀਂ ਸਕਦਾ। ਨਿਗੁਰੇ ਦਾ

 www.sikhbookclub.com

ਸੁਣਿਆ ਸੁਣਾਇਆ ਗੁਰ-ਦੀਖਿਆ ਬਿਹੂਣਾ ਨਾਮ ਜਪਿਆ ਕਿਸੇ ਲੇਖੇ ਨਹੀਂ ਪੈਂਦਾ । ਅੱਵਲ ਤਾਂ ਉਸ ਤੋਂ ਨਾਮ ਸਿਮਰ ਹੀ ਨਹੀਂ ਹੁੰਦਾ । ਐਵੇਂ ਲੋਕਾਂ ਭਾਣੇ ਪਪ ਪਪ ਕਰਦਾ ਹੈ । ਸਭ ਬਿਰਥਾ ਹੀ ਜਾਂਦਾ ਹੈ । ਗੁਰੂ ਦੁਆਰਿਓਂ ਦੀਖਸ਼ਤ ਹੋਇਆ ਗੁਰਮੁਖ ਜਨ ਹੀ ਸਿਮਰਨ ਸਫਲਤਾ ਦੀ ਸਮਰਥਾ ਦਾ ਭਾਗੀ ਬਣਦਾ ਹੈ । ਇਸ ਬਿਧ ਸਤਿਗੁਰੂ ਨੂੰ ਭੇਟ ਕੇ ਜੋ ਜਨ ਵਾਹਿਗੁਰੂ ਨਾਮ ਮੁਖੋਂ ਉਚਾਰਦਾ ਹੈ, ਸਿਮਰਨ ਕਰਿ ਸੁਆਰਦਾ ਹੈ ਅਤੇ ਗੁਰੂ ਕੀ ਸੰਗਤ ਵਿਚ ਬਹਿ ਕੇ ਯਾ ਗੁਰੂ ਦੁਆਰੇ ਰਹਿ ਕੇ ਪ੍ਰੇਮ ਭਾਵਨਾ ਸਹਿਤ ਗੁਰਬਾਣੀ ਦਾ ਕੀਰਤਨ ਅਤੇ ਗੁਰਮਤਿ ਨਾਮ ਮਈ ਸਿਫਤਿ ਸਲਾਹ ਦਾ ਜਸ ਸੁਣਦਾ ਹੈ, ਉਸ ਦੇ ਸਾਰੇ ਕਲ ਕਲੇਸ਼ ਸਤਿਗੁਰੂ ਨਾਨਕ ਦਸਮੇਸ਼ ਸੱਚਾ ਪਾਤਸ਼ਾਹ ਆਪਿ ਮਿਟਾ ਦਿੰਦਾ ਹੈ ਅਤੇ ਉਸ ਨੂੰ ਸਚੀ ਦਰਗਾਹ ਅੰਦਰ ਸੱਚਾ ਆਦਰ ਮਾਣ ਦਿੰਦਾ ਦਿਵਾਉਂਦਾ ਹੈ ।

ਅਗਲੇ ਗੁਰਵਾਕ ਅੰਦਰ ਨਾਮ ਨਾ ਜਪਣਹਾਰੇ ਨੂੰ ਅਕ੍ਰਿਤਘਣ ਦਸਿਆ ਗਿਆ ਹੈ ਅਤੇ ਤਿਸ ਅਕ੍ਰਿਤਘਣ ਨੂੰ ਨਰਕਾਂ ਦਾ ਅਧਿਕਾਰੀ ਵਰਣਨ ਕੀਤਾ ਗਿਆ ਹੈ । ਯਥਾ ਗੁਰਵਾਕ—

ਜਾ ਤੇ ਬਿਰਥਾ ਕੋਊ ਨਾਹੀ ॥ ਆਠ ਪਹਰ ਹਰਿ ਰਖੁ ਮਨ ਮਾਹੀ ॥
ਸਾਧ ਸੰਗਿ ਭਜੁ ਅਚੁਤ ਸੁਆਮੀ ਦਰਗਹ ਸੋਭਾ ਪਾਵਣਾ ॥੩॥...
ਜਿਸਨੋ ਬਿਸਰੈ ਪੁਰਖੁ ਬਿਧਾਤਾ ॥ ਜਲਤਾ ਫਿਰੈ ਰਹੈ ਨਿਤ ਤਾਤਾ ॥
ਅਕਿਰਤਘਣੈ ਕਉ ਰਖੈ ਨ ਕੋਈ ਨਰਕ ਘੋਰ ਮਹਿ ਪਾਵਣਾ ॥੭॥
(੧੫॥੧॥੧੪) [ਮਾਰੂ ਸੋਲਹੇ ਮ: ੫, ਪੰਨਾ ੧੦੮੫-੮੬

ਭਾਵ—ਜਿਸ ਵਾਹਿਗੁਰੂ ਤੋਂ ਬਿਰਥਾ ਬਾਹਰਾ ਕੋਈ ਨਹੀਂ, ਉਸ ਅਚੁਤ ਸੁਆਮੀ ਨੂੰ ਸਾਧ ਸੰਗਤ ਵਿਖੇ ਮਿਲ ਕੇ ਸੁਆਸ ਸੁਆਸ ਸਾਲਾਹਨ ਸਿਮਰਨਹਾਰੇ, ਸੰਵਾਰਨਹਾਰੇ ਨੂੰ ਸਚੀ ਦਰਗਾਹ ਅੰਦਰ ਸੋਭਾ ਪਾਵਣ ਦਾ ਮਰਤਬਾ ਮਿਲਦਾ ਹੈ। ਜਿਸ ਨੂੰ ਕਰਨਹਾਰ ਕਰਤਾਰ ਬਿਧਾਤਾ ਕਦੇ ਚਿਤ ਨਹੀਂ ਆਉਂਦਾ, ਸਦਾ ਵਿਸਰਿਆ ਹੀ ਰਹਿੰਦਾ ਹੈ, ਉਹ ਸਦਾ ਜਲਦਾ ਹੀ ਫਿਰਦਾ ਰਹਿੰਦਾ ਹੈ । ਨਿਤ ਸੜੇ ਹੋਏ ਹਿਰਦੇ ਵਾਲਾ ਤੱਤਾ ਹੀ ਤੱਤਾ ਰਹਿੰਦਾ ਹੈ । ਠੰਢ ਤਾਂ ਪੈਂਦੀ ਹੈ ਕੇਵਲ ਨਾਮ ਸਿਮਰਿਆਂ । ਨਾਮ ਬਿਹੂਨੜੀ ਸਾਰੀ ਲੁਕਾਈ ਜਲਦੀ ਹੀ ਫਿਰਦੀ ਹੈ । ਇਸ ਜਗ ਜਲਦੇ ਭੁਜਦੇ ਸੜਦੇ ਨੂੰ ਦੇਖ ਕੇ ਹੀ ਸ੍ਰੀ ਗੁਰੂ ਨਾਨਕ ਸਾਹਿਬ ਸਚੇ ਪਾਤਸ਼ਾਹ ਧੁਰ ਦਰਗਾਹੋਂ ਇਸ ਜਲਦੇ ਸੰਸਾਰ ਵਿਚ ਨਾਮ ਦੀ ਸਚੀ ਠੰਢ ਪਾਉਣ ਆਏ । ਜੋ ਅਭਾਗੇ ਪੁਰਸ਼ ਅਜੇ ਭੀ ਐਸਾ ਗੁਰੂ ਪਾ ਕੇ ਨਹੀਂ ਵਰੋਸਾਏ, ਸਚੀ ਨਾਮ ਦੀ ਠੰਢ ਲੈ ਕੇ ਉਹਨਾਂ ਨੇ ਜਲਦਾ ਬਲਦਾ ਸੜਦਾ ਹਿਰਦਾ ਠੰਢਾ ਨਹੀਂ ਕੀਤਾ, ਉਹਨਾਂ ਨੂੰ ਅਗੇ ਜਾ ਕੇ ਕਿਵੇਂ ਠੰਢ ਨਸੀਬ ਹੋਵੇਗੀ । ਜਿਹੜੇ ਨਾਮ

ਬਿਹੂਨੜੇ ਏਥੇ (ਇਸ ਲੋਕ ਵਿਖੇ) ਜਲਦੇ ਬਲਦੇ ਸੜਦੇ ਹਨ, ਉਹਨਾਂ ਨੇ ਅਗੇ ਜਾ ਕੇ ਤਾਂ ਸੜਨਾ ਬਲਣਾ ਅਵੱਸ਼ ਹੀ ਹੋਇਆ। ਵਾਹਿਗੁਰੂ ਦਾ ਨਾਮ ਵਿਸਾਰਨਹਾਰੇ ਅਸਲ ਅਕ੍ਰਿਤਘਣ ਹਨ। ਐਸੇ ਅਕ੍ਰਿਤਘਣਾਂ ਦਾ ਐਥੇ ਓਥੇ ਕੋਈ ਰਖਵਾਲਾ ਨਹੀਂ, ਕੋਈ ਬਾਹਰੂ ਨਹੀਂ। ਉਹ ਅਗੇ (ਅਗਾਹਾਂ) ਪੁਜ ਕੇ ਨਰਕ ਘੋਰ ਵਿਚ ਹੀ ਪਾਏ ਜਾਂਦੇ ਹਨ। ਉਹਨਾਂ ਨੂੰ ਹੋਰ ਕੋਈ ਥਾਉਂ ਨਹੀਂ ਸਾਂਭਦਾ, ਨਰਕ ਹੀ ਸੰਭਾਲਦੇ ਹਨ। ਅਗਲਾ ਗੁਰਵਾਕ ਆਵਾਗਉਣ, ਨਰਕ ਅਤੇ ਜਮਦੂਤ ਦੀ ਹੋਂਦ ਦੀ ਸ਼ਹਾਦਤ ਦਿੰਦਾ ਹੈ। ਯਥਾ ਗੁਰਵਾਕ—

ਅਨਿਕ ਜਨਮ ਭ੍ਰਮੇ ਜੋਨਿ ਮਾਹਿ ॥ ਹਰਿ ਸਿਮਰਨ ਬਿਨੁ ਨਰਕਿ ਪਾਹਿ ॥
ਭਗਤਿ ਬਿਹੂਨਾ ਖੰਡ ਖੰਡ ॥ ਬਿਨੁ ਬੂਝੇ ਜਮੁ ਦੇਤ ਡੰਡ ॥੧॥(੮॥੨)
[ਬਸੰਤੁ ਮ: ੫, ਪੰਨਾ ੧੧੯੨

ਭਾਵ—ਜੋ ਜੋ ਪ੍ਰਾਣੀ ਗੁਰਮਤਿ ਹੁਕਮਾਂ ਅਨੁਸਾਰ ਹਰਿ ਸਿਮਰਨ ਨਹੀਂ ਕਰਦਾ, ਉਹ ਅਨੇਕ ਜਨਮਾਂ ਲਈ ਜੂਨੀਆਂ ਵਿਚ ਭਰਮਦਾ ਹੈ ਅਤੇ ਅਵੱਸ਼ ਹੀ ਨਰਕੀਂ ਜਾ ਪੈਂਦਾ ਹੈ। ਭਗਤੀ ਬਿਹੂਨਾ ਨਰ ਲੁਛ ਲੁਛ ਕੇ ਮਰਦਾ ਹੈ। ਜੋ ਪ੍ਰਾਣੀ ਭਗਤੀ ਦੇ ਇਸ ਪਰਮ ਪਦ ਨੂੰ ਨਹੀਂ ਬੁਝਦਾ ਅਤੇ ਨ ਬੁਝਣ ਕਰਕੇ ਭਗਤੀ ਨਹੀਂ ਕਰਦਾ, ਉਸਨੂੰ ਜ਼ਰੂਰ ਜਮ ਦਾ ਡੰਡ ਸਹਿਣਾ ਪਊ। ਜਮ ਉਸ ਨੂੰ ਡੰਡ ਜ਼ਰੂਰ ਦੇਊ। ਨਰਕ ਘੋਰ ਗੁਬਾਰ ਦੇ ਅੰਨ੍ਹੇ ਖੂਹ ਵਿਖ ਪਤਿਤ ਪ੍ਰਾਣੀਆਂ ਸਾਕਤ ਪੁਰਸ਼ਾਂ ਨੂੰ ਜ਼ਰੂਰ ਪੈਣਾ ਪਊ। ਯਥਾ ਗੁਰਵਾਕ—

ਗ੍ਰਿਹਿ ਅੰਧ ਕੂਪ ਪਤਿਤ ਪ੍ਰਾਣੀ ਨਰਕ ਘੋਰ ਗੁਬਾਰ...੧॥
(੨॥੭੭॥੯੯) [ਸਾਰਗ ਮ: ੫, ਪੰਨਾ ੧੨੨੩

ਮੌਤ ਰੂਪ ਬਿੱਲੇ ਤੋਂ ਅਤੇ ਮਰਨ ਕਾਲ ਦੇ ਤ੍ਰਾਸ ਤੋਂ ਬੇਮੁਖ ਦਾ ਬਚਾਉ ਕਦੇ ਨਹੀਂ ਹੁੰਦਾ। ਆਪਣੇ ਜਨ ਦਾ ਵਾਹਿਗੁਰੂ ਆਪ ਰਾਖਾ ਬਣਦਾ ਹੈ। ਬੇਮੁਖ ਦੀ ਪ੍ਰਤੀਤ ਕਿਤੇ ਭੀ ਨਹੀਂ ਰਹਿੰਦੀ। ਉਸ ਦਾ ਕਹਿਆ ਕੋਈ ਨਹੀਂ ਸੁਣਦਾ ਅਤੇ ਉਹਨੂੰ ਕਿਤੇ ਭੀ ਬਹਿਣਾ ਨਹੀਂ ਮਿਲਦਾ। ਐਥੇ (ਇਸੇ ਲੋਕ ਵਿਖੇ) ਦੁਖ ਅਤੇ ਅਗੇ (ਅਗਲੇ ਲੋਕ ਵਿਖੇ) ਨਰਕ ਭੁੰਚਦਾ ਹੈ ਅਤੇ ਬਹੁ ਜੋਨੀ ਭਰਮਦਾ ਫਿਰਦਾ ਹੈ। ਯਥਾ ਗੁਰਵਾਕ—

ਟੂਟੀ ਨਿੰਦਕ ਕੀ ਅਧ ਬੀਚ ॥
ਜਨ ਕਾ ਰਾਖਾ ਆਪਿ ਸੁਆਮੀ
ਬੇਮੁਖ ਕਉ ਆਇ ਪਹੂਚੀ ਮੀਚ ॥੧॥ਰਹਾਉ॥
ਉਸ ਕਾ ਕਹਿਆ ਕੋਇ ਨ ਸੁਣਈ ਕਹੀ ਨ ਬੈਸਣੁ ਪਾਵੈ ॥

 www.sikhbookclub.com

ਈਹਾਂ ਦੁਖੁ ਆਗੈ ਨਰਕੁ ਭੁੰਚੈ ਬਹੁ ਜੋਨੀ ਭਰਮਾਵੈ ॥੧॥
(੨॥੮੩॥੧੦੬) ਸਾਰਗ ਮ: ੫, ਪੰਨਾ ੧੨੨੪

ਇਸ ਗੁਰਵਾਕ ਅੰਦਰ ਭੀ ਨਰਕ ਤੇ ਆਵਾ-ਗਉਣ ਦੋਵੀ ਸਿਧ ਹੁੰਦੇ ਹਨ। ਅਗਲਾ ਗੁਰਵਾਕ ਇਸ ਗੱਲ ਨੂੰ ਪ੍ਰੋੜ੍ਹਤਾਉਂਦਾ ਹੈ ਕਿ ਜੋ ਪ੍ਰਾਣੀ ਨਾਮ ਸਿਮਰਨ ਦਾ ਗੁਰਮਤਿ ਮਾਰਗ ਵਿਸਾਰ ਕੇ ਆਨਮਤਾਂ ਦੇ ਮਾਰਗਾਂ ਤੇ ਚਲਦੇ ਹਨ, ਉਹ ਅਵੱਸ਼ਮੇਵ ਹੀ ਨਰਕ ਘੋਰ ਵਿਚ ਪੈਂਦੇ ਹਨ ਅਤੇ ਹੋਰ ਅਨਿਕ ਪ੍ਰਕਾਰ ਦੀਆਂ ਸਜ਼ਾਵਾ ਉਹਨਾਂ ਨੂੰ ਮਿਲਦੀਆਂ ਹਨ, ਜਿਨ੍ਹਾਂ ਦੀ ਸੁਮਾਰ ਗਿਣਤੀ ਕੋਈ ਨਹੀਂ ਹੋ ਸਕਦੀ। ਇਸ ਤੋਂ ਇਲਾਵਾ ਉਹ ਲੋਗ ਅਨਿਕ ਪ੍ਰਕਾਰੀ ਗਰਭ ਜੋਨੀਆਂ ਵਿਚ ਭਰਮਦੇ ਫਿਰਦੇ ਹਨ। ਯਥਾ ਗੁਰਵਾਕ—

ਨਾਮੁ ਬਿਸਾਰਿ ਚਲਹਿ ਅਨ ਮਾਰਗਿ ਨਰਕ ਘੋਰ ਮਹਿ ਪਾਹਿ ॥
ਅਨਿਕ ਸਜਾਂਈ ਗਣਤ ਨ ਆਵੈ ਗਰਭੈ ਗਰਭਿ ਭ੍ਰਮਾਹਿ ॥੧॥
(੨॥੮੮॥੧੧੧) ਸਾਰਗ ਮਹਲਾ ੫, ਪੰਨਾ ੧੨੨੫

ਇਸ ਵਿਚ ਕੋਈ ਸੰਦੇਹ ਨਹੀਂ ਕਿ ਜਨਮ ਜੋਨੀਆਂ ਦੇ ਜੰਜਾਲਾਂ ਵਿਚ ਪੈਣਾ ਭੀ ਨਰਕ ਸਮਾਨ ਹੀ ਸਮਝਿਆ ਜਾਂਦਾ ਹੈ, ਪਰ ਇਸ ਤੋਂ ਇਹ ਭਾਵ ਨਹੀਂ ਕਿ ਜੋ ਕੁਝ ਨਰਕ ਸੁਰਗ ਹੈ, ਏਥੇ ਹੀ ਹੈ, ਅਗੇ ਜਾ ਕੇ ਕੋਈ ਨਰਕ ਨਹੀਂ ਭੋਗਣਾ ਪੈਂਦਾ। ਇਸ ਪਰਕਾਰ ਦੇ ਮਾਇਆ ਜੰਜਾਲੀ ਨਰਕ ਪ੍ਰਥਾਇ ਹੀ ਇਹ ਅਗਲਾ ਗੁਰ ਵਾਕ ਆਉਂਦਾ ਹੈ ਅਤੇ ਦਸਦਾ ਹੈ ਕਿ ਜਿਸ ਵਡਭਾਗੇ ਪ੍ਰਾਣੀ ਦਾ ਮਨ ਮਾਇਆ ਮੋਹ ਜੰਜਾਲ ਵਿਚੋਂ ਨਿਕਲ ਕੇ ਵਾਹਿਗੁਰੂ ਦੇ ਦਰਸ਼ਨ ਦੀ ਪਿਆਸ ਨਾਲ ਮੋਹਤ ਹੋ ਜਾਂਦਾ ਹੈ, ਉਸ ਦਾ ਮਾਨੋ ਨਰਕ ਵਿਚੋਂ ਧੂਹ ਕੇ ਕੱਢ ਲੈਣ ਦਾ ਸਰੰਜਾਮ ਸਤਿਗੁਰੂ ਬਣਾ ਦਿੰਦੇ ਹਨ। ਯਥਾ ਗੁਰਵਾਕ—

ਦਰਸ ਪਿਆਸ ਮੇਰਾ ਮਨੁ ਮੋਹਿਓ ਕਾਢੀ ਨਰਕ ਤੇ ਧੂਹ ॥੧॥
(੨॥੯੫॥੧੧੮) ਸਾਰਗ ਮ: ੫, ਪੰਨਾ ੧੨੨੭

ਦਰਸ਼ਨ-ਪਿਆਸਾ ਵਾਲੀ ਪਰਮਾਟਥੀ ਜਗਿਆਸਣ ਇਸਤ੍ਰੀ ਪ੍ਰਥਾਇ ਇਹ ਵਾਕ ਉਚਾਰਨ ਹੋਇਆ ਹੈ। ਇਸ ਉਪਰਲੇ ਗੁਰਵਾਕ ਦਾ ਇਹ ਭੀ ਭਾਵ ਹੈ ਕਿ ਜੋ ਪਿਆਰੇ, ਪਿਆਰੇ ਦੇ ਦਰਸ਼ਨ ਦੀਆਂ ਤਾਂਘਾਂ, ਪਰਬਲ ਪਿਆਸ-ਤਰੰਗਾਂ ਵਿਚ ਹੀ ਸਰੀਰ ਛੱਡ ਜਾਂਦੇ ਹਨ, ਉਨ੍ਹਾਂ ਨੂੰ ਭੀ ਅਗੇ ਜਾ ਕੇ ਨਰਕ ਪੈਂਦਿਆਂ ਨੂੰ ਸਤਿਗੁਰੂ ਨਾਨਕ ਦੇਵ ਜੀ ਧੂਹ ਕੇ ਕੱਢ ਲੈਂਦੇ ਹਨ।

ਜੋ ਭਾਗਹੀਣ ਪ੍ਰਾਣੀ ਗੁਰੂ ਦੀ ਸਿਖਸ਼ਾ ਤੋਂ ਮੂੰਹ ਫੇਰ ਲੈਂਦਾ ਹੈ ਅਤੇ ਗੁਰੂ ਦੇ ਫ਼ੁਰਮਾਏ ਹੁਕਮ ਨੂੰ ਚਿਤ ਵਿਚ ਹੀ ਨਹੀਂ ਧਾਰਨ ਕਰਦਾ, ਸਗੋਂ


www.sikhbookclub.com

ਉਲਟਾ ਬਡ-ਆਚਾਰੀ ਹੋ ਕੇ ਬਹੁਤੀ ਸੰਪਤ ਸੰਚਣ ਵਿਚ ਲੱਗ ਜਾਂਦਾ ਹੈ, ਉਸ ਦੇ ਇਸ ਸੰਪਉ ਸੰਚਣ ਹਿਤ ਕੀਤੇ ਕਰਮ ਉਸ ਦੇ ਅਗੇ ਜਾ ਕੇ ਸਹਾਈ ਨਹੀਂ ਹੁੰਦੇ ਸਗੋਂ ਨਰਕਾਂ ਦੇ ਪਾਤਰ ਬਣਾਉਂਦੇ ਹਨ ਅਤੇ ਸਚਮੁਚ ਨਰਕ ਵਿਚ ਜਾਇ ਪਾਉਂਦੇ ਹਨ । ਯਥਾ ਗੁਰਵਾਕ—

ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥
ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥
(ਪ॥੬) ਪ੍ਰਭਾਤੀ ਮ: ੧, ਪੰਨਾ ੧੩੩੪

ਭਾਵ—ਜਿਤਨੇ ਭੀ ਚਜ-ਅਚਾਰੀ ਬਡਿ-ਕਰਤੂਤੇ ਅਤੇ ਬੜੀਆਂ ਬੜੀਆਂ ਜਾਇਦਾਦਾਂ ਸੰਪਤਾਵਾਂ ਵਾਲੇ ਮਾਇਕ ਵਡੇਰੂ ਪੁਰਸ਼ ਹਨ, ਉਹ ਸਾਰੇ ਹੀ ਨਰਕ-ਪਾਤੀ ਜੀਵ ਹਨ । ਉਹਨਾਂ ਨੂੰ ਏਹਨਾਂ ਮਾਇਕ ਵਡਿਆਈਆਂ ਨੇ, ਆਚਾਰਵੰਤੀਆਂ ਨੇ ਅਗੇ ਜਾ ਕੇ ਨਿਮਖ ਮਾਤਰ ਭੀ ਸਹਾਈ ਨਹੀਂ ਹੋਣਾ । ਅਵੱਸ਼ ਹੀ ਉਹਨਾਂ ਨੂੰ ਨਰਕ ਵਿਚ ਪੈਣਾ ਪਊ । ਐਥੇ ਉਹ ਟਿਚ ਸਮਝਦੇ ਹਨ, ਪਰਮਾਰਥੀ ਗੁਰ-ਬੁਝਾਰਤਾਂ ਨੂੰ । ਨਾਮ-ਧਰੀਕ ਸਿਖ ਸਦਾਇ ਕੇ ਆਪ-ਹੁਦਰੇ ਹੀ ਚਲਦੇ ਹਨ । ਗੁਰੂ ਦੀ ਸਿਖਿਆ ਨੂੰ ਕੰਨਾਂ ਤੇ ਹੀ ਨਹੀਂ ਧਰਦੇ । ਐਸੇ ਗੁਰੂ ਤੋਂ ਮੂੰਹ ਫੇਰਨਹਾਰੇ ਪੁਰਸ਼ ਗੁਰੂ ਤੋਂ ਬੇਮੁਖ ਹੀ ਗਰਦਾਨੇ ਜਾਂਦੇ ਹਨ । ਉਹਨਾਂ ਨੂੰ ਕਿਤੇ ਢੋਈ ਨਹੀਂ ਮਿਲਦੀ। ਚਾਰ ਦਿਨ ਦੀ ਫੋਕੀ ਮਾਇਕ ਵਡਿਆਈ ਹੀ ਮਿਲਦੀ ਹੈ, ਸੋ ਭੀ ਓਪਰੀ ਖ਼ੁਸ਼ੀ ਹੀ ਇਸ ਵਿਚ ਹੈ । ਅੰਦਰੋਂ ਉਹ ਬੜੇ ਦੁਖੀ ਹੁੰਦੇ ਹਨ, ਕਿਸੇ ਨੂੰ ਦਸਦੇ ਨਹੀਂ । ਕਰਤਾ ਪੁਰਖ ਭੀ ਸਭ ਕੁਝ ਅੰਦਰ ਦੀ ਗਤ ਨੂੰ ਜਾਣਦਾ ਹੀ ਹੈ ।

ਪੰਜਾਂ ਦੂਤਾਂ ਵਿਚੋਂ ਨਰਕ-ਗਾਮੀ ਕਰਨ ਲਈ ਕਾਮ ਦੀ ਕਰਤੂਤ ਸਭ ਤੋਂ ਭੈੜੀ ਹੈ । ਨਿਰਾ ਕਾਮ ਦੇ ਅਧੀਨ ਹੋਇਆ ਮਾਣਸ ਨਰਕ ਵਿਚ ਵਾਸਾ ਪਾਉਣ ਦਾ ਅਧਿਕਾਰੀ ਬਣ ਜਾਂਦਾ ਹੈ । ਬਹੁ ਜੋਨੀ ਭਰਮਾਵਣਾ ਭੀ ਕਾਮ ਦਾ ਹੀ ਕੰਮ ਹੈ। ਕਾਮੀ ਪੁਰਸ਼ ਦਾ ਚਿਤ ਸੁੰਦਰ ਕਾਮਣੀ ਨੂੰ ਦੇਖ ਕੇ ਛੇਤੀ ਹੀ ਚੁਰਾਇਆ ਜਾਂਦਾ ਹੈ। ਮਾਣਸ ਨੇ ਚਾਹੇ ਕਿਤਨੇ ਭੀ ਜਪ, ਤਪ ਸੀਲਤਾ ਦੇ ਸਾਧਨ ਕੀਤੇ ਹੋਣ, ਕਾਮ ਦੇ ਅਗੇ ਖੁਰ ਕੇ ਬਿਦਾਰੇ ਜਾਂਦੇ ਹਨ । ਕਾਮ ਦਾ ਸਤਾਇਆ ਹੋਇਆ, ਕਾਮੀ ਪੁਰਸ਼ ਤੇਰਾਂ ਲੋਕਾਂ ਚੌਹਾਂ ਕੂੰਟਾਂ ਵਿਚਿ ਸਤਾਇਆ ਭਰਮਾਇਆ ਜੋਨਿ ਜੋਨਾਇਆ ਫਿਰਦਾ ਹੈ। ਕਾਮ ਵਿਚ ਖੱਚਤ ਅਤੇ ਖੀਨ ਖ਼ਰਾਬ ਹੋਇਆ ਕਾਮੀ ਪੁਰਸ਼ ਅਨਿਕ ਜੋਨੀਆਂ ਵਿਚ ਪੈ ਕੇ ਜੰਮਦਾ ਮਰਦਾ ਹੈ। ਓੜਕ ਉਸ ਦਾ ਨਰਕ ਵਿਚ ਵਾਸਾ ਹੁੰਦਾ ਹੈ । ਅਨਿਕ ਉਪਾਵ ਕਰਿ ਭੀ ਨਰਕ ਵਿਚ ਪੈਣੋਂ ਬਚ ਨਹੀਂ ਸਕਦਾ। ਕੇਵਲ ਓਹੀ ਨਰ ਬਚਦੇ ਹਨ, ਜਿਨ੍ਹਾਂ ਦੇ ਚੰਗੇ ਕਰਮ ਉਦੇ ਹੋ

ਜਾਣ ਤੇ ਨਿਰਮਲ ਸਾਧ-ਸੰਗਤ (ਗੁਰੂ ਘਰ ਦੀ) ਵਿਚ ਉਹਨਾਂ ਦਾ ਵਾਸਾ ਹੋ ਜਾਵੇ। ਪ੍ਰਾਸਚਿਤ ਕਰਨ ਅਤੇ ਪਸਚਾਤਾਪ ਕਰ ਕੇ ਮੰਦ-ਕਰਮਾਂ ਨੂੰ ਛਡ ਦੇਣ ਅਤੇ ਵਾਹਿਗੁਰੂ ਦੀ ਓਟ ਲੈ ਲੈਣ, ਸਾਰਾ ਗੁਰਮਤਿ ਜੀਵਨ ਵਾਹਿਗੁਰੂ ਦੇ ਸਿਮਰਨ ਵਿਚ ਅਰਪਨ ਕਰ ਦੇਣ ਤਾਂ ਬਚਾਉ ਹੈ, ਨਹੀਂ ਤਾਂ ਨਰਕ ਵਿਚ ਨਿਵਾਸ ਜ਼ਰੂਰ ਹੈ। ਐਵੇਂ ਅਲਪ ਸੁਖ ਕਾਰਨ ਚੰਚਲ ਚਿਤ ਦੇ ਅਧੀਨ ਹੋ ਕੇ ਪਰ-ਤ੍ਰਿਆ ਰਮਣ ਵਿਚ ਖੱਚਤ ਹੋ ਕੇ ਨਰਕਾਂ ਦੇ ਪਾਤ੍ਰ ਬਣ ਬਹਿੰਦੇ ਹਨ। ਏਸੇ ਭਾਵ ਦਾ ਸਹਸਕ੍ਰਿਤੀ ਸਲੋਕ ਵਿਚ ਇਹ ਗੁਰਵਾਕ ਭੀ ਆਉਂਦਾ ਹੈ—

ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥
ਚਿਤ ਹਰਣੰ ਤ੍ਰੈ ਲੋਕ ਗੰਮੵੰ ਜਪ ਤਪ ਸੀਲ ਬਿਦਾਰਣਹ ॥
ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ ॥
ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ ॥੪੬॥

[ਸਲੋਕ ਸਹਸਕ੍ਰਿਤੀ ਮ: ੫, ਪੰਨਾ ੧੩੫੮

ਨਰਕਾਂ ਤੋਂ ਬਚਣ ਲਈ ਇਸ ਗੁਰਵਾਕ ਦੇ ਭਾਵ ਅਨੁਸਾਰ ਬਹੁਤਾ ਕਾਮ ਨੂੰ ਵਸੀਕਾਰ ਕਰਨਾ ਪਰਮ ਲਾਜ਼ਮੀ ਹੈ। ਇਸ ਦਾ ਹੋਰ ਕੋਈ ਉਪਾਵ ਨਹੀਂ, ਸਾਧ ਸੰਗਤ ਕਰੇ ਅਤੇ ਨਾਮ ਵਿਚ ਲੀਨ ਹੋਵੇ।

ਸਤਿ ਪੁਰਖ ਸਤਿ ਸਤਿ ਕਰ ਕੇ ਭਾਖਿਆ ਦਿੰਦੇ ਹਨ ਕਿ ਵਾਹਿਗੁਰੂ ਨਾਮ ਵਰਗਾ ਹੀਰਾ ਪਦਾਰਥ ਛੱਡ ਕੇ ਜਿਹੜੇ ਆਦਮੀ ਹੋਰਨਾਂ ਕੰਮਾਂ ਵਿਚ ਖੱਚਤ ਹੋ ਕੇ ਪਰਾਈਆਂ ਆਸਾਂ ਤੇ ਪਰਾਏ ਆਸਰੇ ਤਕਦੇ ਫਿਰਦੇ ਹਨ, ਤੇ ਨਰ ਅਵੱਸ਼ ਦੋਜ਼ਖਾਂ (ਨਰਕਾਂ) ਨੂੰ ਜਾਣਗੇ। ਯਥਾ ਗੁਰਵਾਕ—

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥੨੪੨॥

[ਸਲੋਕ ਭਗਤ ਕਬੀਰ ਜੀ, ਪੰਨਾ ੧੩੭੭

ਅਗਲਾ ਗੁਰਵਾਕ ਤਪੇ ਦੋਜ਼ਖ (ਨਰਕ) ਦੀ ਖ਼ੂਬ ਸ਼ਾਹਦੀ ਭਰਦਾ ਹੈ—

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥
ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥...੯੮॥

[ਸਲੋਕ ਫ਼ਰੀਦ ਜੀ, ਪੰਨਾ ੧੩੮੩

ਦੋਜ਼ਖ ਤਪਦੇ ਵਿਚ ਸੜਦੇ ਭੁਜਦੇ ਹੋਏ ਜੀਵ ਹਾਲ ਪੁਕਾਰ ਕਰਦੇ, ਹਾਹਾਕਾਰ ਕਰਦੇ ਸੁਣ ਕੇ ਹੀ ਸਰਬ ਦ੍ਰਿਸ਼ਟੀ-ਦਿੱਬਤਾ ਵਾਲਿਆਂ ਦੀ ਇਹ ਸੱਚੀ ਸ਼ਹਾਦਤ ਗਵਾਹੀ ਹੈ। ਜਿਹੜੇ ਅਜੇ ਭੀ ਬੁਰੇ ਕਰਮ ਕਰਨੋਂ ਨਹੀਂ ਟਲਦੇ ਅਤੇ ਅਵੇਸਲੇ ਬੇ-ਪ੍ਰਵਾਹ ਹੋਏ ਫਿਰਦੇ ਹਨ ਉਹਨਾਂ ਦੀਆਂ ਆਪਣੀਆਂ ਅਮਲ ਕਰਨੀਆਂ ਹੀ ਦਰਗਾਹ ਵਿਚ ਜਾ ਕੇ ਉਗਾਹੀਆਂ ਦੇਣਗੀਆਂ। ਜਿਨ੍ਹਾਂ ਨੂੰ ਸੋਝੀ ਆ ਗਈ ਹੈ

ਅਤੇ ਬੁਰੇ ਕਰਮਾਂ ਤੋਂ ਹਟ ਗਏ ਹਨ ਤੇ ਬੰਦਗੀ ਵਿਚ ਤਤਪਰ ਹੋ ਗਏ ਹਨ, ਉਹ ਦੋਜ਼ਖਾਂ ਦੀ ਅਗਨੀ ਤੋਂ ਬਚ ਜਾਣਗੇ—

ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥
ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥੯੮॥

[ਸਲੋਕ ਫਰੀਦ ਜੀ, ਪੰਨਾ ੧੩੮੩

ਜੋ ਜਨ ਗੁਰਮਤਿ ਪ੍ਰੇਮ ਮਾਰਗ ਦੇ ਪਾਂਧੀ ਨਹੀਂ ਬਣਦੇ ਅਤੇ ਅਨਮਾਰਗਾਂ ਵਿਚ ਭੁਲੇ ਫਿਰਦੇ ਹਨ ਗਵਾਰਾਂ ਵਾਂਗੂੰ, ਉਹ ਵਾਹਿਗੁਰੂ ਨਾਮ ਨੂੰ ਤੇ ਵਾਹਿਗੁਰੂ ਨੂੰ ਵਿਸਰਾਇ ਕੇ ਨਰਕ ਅੰਧਿਆਰ ਅਵੱਸ਼ ਪੈਣਗੇ। ਇਸ ਵਿਚ ਰੰਚਕ ਸੰਦੇਹ ਨਹੀਂ—

ਪੰਥਾ ਪ੍ਰੇਮ ਨ ਜਾਣਈ ਭੂਲੀ ਫਿਰੈ ਗਵਾਰਿ ॥
ਨਾਨਕ ਹਰਿ ਬਿਸਰਾਇ ਕੈ ਪਉਦੇ ਨਰਕਿ ਅੰਧ੍ਯਾਰ ॥੧੮॥

[ਸਲੋਕ ਮ: ੫, ਪੰਨਾ ੧੪੨੫

ਨਰਕ ਸੁਰਗ ਦੇ ਵਿਸ਼ੇ ਤੇ ਇਸ ਤੋਂ ਵਧ ਹੋਰ ਲਿਖਣ ਦੀ ਲੋੜ ਨਹੀਂ। ਗੁਰਬਾਣੀ ਦੇ ਪ੍ਰਮਾਣਾਂ ਦੀ ਏਦੂੰ ਵਧ ਲੋੜ ਨਹੀਂ ਭਾਸਦੀ। ਬਥੇਰੇ ਪ੍ਰਮਾਣ ਵਿਆਖਿਆ ਸੰਯੁਕਤ ਦਿਤੇ ਗਏ ਹਨ। ਐਸਾ ਕੋਈ ਸਰਧਾਵਾਨ ਸਿਖ ਨਹੀਂ, ਜੋ ਹੁਣ ਏਸ ਨਰਕ ਸੁਰਗ ਦੀ ਹੋਂਦ ਦੇ ਵਿਸ਼ੇ ਤੇ ਕਿੰਤੂ ਕਰੂਗਾ। ਹੁਣ ਅਗਲਾ ਵਿਸ਼ਾ ਜਮਦੂਤਾਂ ਜਾਂ ਜਮਾਂ ਦੀ ਹੋਂਦ ਸਬੰਧੀ ਹੈ, ਪਰ ਇਸ ਵਿਸ਼ੇ ਪ੍ਰਥਾਇ ਗੁਰਬਾਣੀ ਅੰਦਰ ਇਤਨੇ ਬੇਅੰਤ ਪ੍ਰਮਾਣ ਹਨ, ਜਿਨ੍ਹਾਂ ਦੀ ਹੋਂਦ ਵਿਚ ਕਿਸੇ ਗੁਰਸਿਖ ਨੂੰ ਇਸ ਵਿਸ਼ੇ ਬਾਰੇ ਕਿੰਤੂ ਕਰਨ ਦੀ ਗੁੰਜਾਇਸ਼ ਹੀ ਨਹੀਂ। ਪਰ ਆਮ ਤੌਰ ਤੇ ਦੇਖੀਦਾ ਹੈ ਕਿ ਗੁਰਬਾਣੀ ਦੇ ਪਾਠ ਵਿਚ ਤੱਤ-ਖੋਜੀ ਜਨਾਂ ਤੋਂ ਬਿਨਾਂ ਹੋਰ ਕੋਈ ਜਮਾਂ ਦੇ ਵਿਸ਼ੇ ਨੂੰ ਗੌਰ ਕਰ ਕੇ ਦੇਖਦਾ ਵੀਚਾਰਦਾ ਹੀ ਨਹੀਂ। ਆਮ ਤੌਰ ਤੇ ਪਾਠ ਬਾਣੀ ਦਾ ਕਰਦਿਆਂ ਹੋਇਆਂ ਐਵੇਂ ਇਸ ਪ੍ਰਕਾਰ ਦੇ ਵਿਸ਼ਿਆਂ ਨੂੰ ਉੱਪਰ ਦੀ ਉਲੰਘ ਜਾਈਦਾ ਹੈ। ਇਸ ਕਰਕੇ ਅਗਲੇ ਕਾਂਡ ਵਿਚ ਜਿਤਨੇ ਭੀ ਅੱਤ ਜ਼ਰੂਰੀ ਗੁਰ-ਪ੍ਰਮਾਣ ਇਸ ਵਿਸ਼ੇ ਉਤੇ ਦੇਣੇ ਦਰਕਾਰ ਹੋਏ, ਵਿਆਖਿਆ ਸੰਯੁਕਤ ਦੇ ਕੇ 'ਜਮ' ਅਤੇ 'ਜਮਪੁਰੀ' ਦੀ ਹੋਂਦ ਨੂੰ ਸਿੱਧ ਕੀਤਾ ਜਾਊ। ਜਿਥੇ ਜਿਥੇ ਅਤੀ ਲੋੜ ਪਈ, ਵਿਆਖਿਆ ਦਿਤੀ ਜਾਊ, ਨਹੀਂ ਤਾਂ ਗੁਰ-ਪ੍ਰਮਾਣ ਹੀ ਥੋੜੀ ਬਹੁਤੀ ਟੀਕਾ ਟਿਪਣੀ ਕਰ ਕੇ ਦਰਸਾਏ ਜਾਣਗੇ। ਵਿਸਥਾਰ ਦੇ ਭੈ ਕਰਕੇ ਸਮੂਚਿਆਂ ਗੁਰਵਾਕਾਂ ਦੀ ਵਿਆਖਿਆ ਤੋਂ ਸੰਕੋਚ ਹੀ ਕੀਤਾ ਜਾਊ। ਤਰਦੇ ਤਰਦੇ ਢੁਕਵੇਂ ਖ਼ੂਬ ਫਬਦੇ ਹੀ ਗੁਰ-ਪ੍ਰਮਾਣ ਠੋਕ ਕੇ ਵਿਆਖਤ ਕੀਤੇ ਜਾਣਗੇ, ਕੁਛ ਥੋੜਿਆਂ ਦੀਆਂ ਟੀਕਾ ਟਿਪਣੀਆਂ ਕੀਤੀਆਂ ਜਾਣਗੀਆਂ। ਬਾਕੀ ਬਹੁਤ ਸਾਰੇ ਗੁਰ-ਪ੍ਰਮਾਣ ਕੇਵਲ ਉਤਾਰਾ ਕਰ ਕੇ ਦਰਸਾਏ ਹੀ ਜਾਣਗੇ, ਵਿਆਖਿਆ ਵਿਸਥਾਰ ਵਿਚ ਨਹੀਂ ਆਉਣਗੇ।

# ੧੦

# ਜਮ ਅਤੇ ਜਮਪੁਰੀ

ਪਹਿਲਾਂ ਤਾਂ ਅਰੰਭ ਵਿਚ ਹੀ ਜਪੁਜੀ ਸਾਹਿਬ ਦੇ ਪਾਠ ਵਿਚ ਆਏ ਗੁਰਵਾਕ ਦਾ ਪਰਮਾਣ ਦਿਤਾ ਜਾਂਦਾ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਵਾਹਿਗੁਰੂ ਦੇ ਨਾਮ ਨੂੰ ਮੰਨਣ, ਨਿਧਿਆਸਣ ਕਰਨ ਕਰਕੇ ਮਾਇਆ ਮਮਤਾ ਵਿਚ ਪੈਣੋਂ ਬਚੀਦਾ ਹੈ ਅਤੇ ਜਮ ਦੀਆਂ ਚੋਟਾਂ ਨਹੀਂ ਖਾਈਦੀਆਂ, ਨਾ ਹੀ ਜਮ ਦੇ ਨਾਲ ਜਾਈਦਾ ਲਿਜਾਈਦਾ ਹੈ। ਯਥਾ ਗੁਰਵਾਕ—

ਮੰਨੈ ਮੁਹਿ ਚੋਟਾ ਨ ਖਾਇ ॥
ਮੰਨੈ ਜਮ ਕੈ ਸਾਥਿ ਨ ਜਾਇ...੧੩॥

[ਜਪੁਜੀ, ਪੰਨਾ ੩

ਸਤਿ ਅਤੇ ਸਤਾਜਵਾਦ ਦੇ ਸਰਚਸ਼ਮੇ ਗੁਰੂ ਨਾਨਕ ਸਾਹਿਬ ਦੀ ਸਰਬੱਗ ਦਿੱਬ-ਦ੍ਰਿਸ਼ਟੀ ਨੇ ਅਦ੍ਰਿਸ਼ਟ ਦੁਨੀਆ ਵਿਚ ਜਮ ਦੀ ਹੋਂਦ ਦੇਖੀ, ਤਦੇ ਤਾਂ ਐਸਾ ਜ਼ਿਕਰ ਜਮ ਦਾ ਜਪੁਜੀ ਸਾਹਿਬ ਵਿਚ ਕੀਤਾ। ਪਰ ਨਾਲ ਹੀ ਇਹ ਨਿਸਚਿਤ ਕਰਾ ਦਿਤਾ ਕਿ ਨਾਮ ਅਭਿਆਸ ਦੀ ਕਮਾਈ ਕਰਨਹਾਰਿਆਂ ਨੂੰ ਇਸ ਜਮ ਦਾ ਡਰ ਨਹੀਂ। ਜਮ ਉਹਨਾਂ ਦੇ ਨੇੜੇ ਨਹੀਂ ਆ ਸਕਦਾ। ਪਰ ਜਮ ਹੈ ਸਹੀ। ਗੁਰਮਤਿ-ਹੀਣੇ ਨਾਮ-ਬਿਹੂਣੇ ਸਾਕਤਾਂ ਨੂੰ ਧਰ ਕੇ ਲੈਂਦਾ ਹੈ। ਅਸੀਂ ਨਿਤ ਰਹਿਰਾਸ ਸਾਹਿਬ ਦੀ ਬਾਣੀ ਦਾ ਪਾਠ ਕਰਦੇ ਹਾਂ—

ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ
ਤਿਨ ਤੂਟੀ ਜਮ ਕੀ ਫਾਸੀ...੩॥(੫॥੧)

[ਆਸਾ ਮ: ੪ ਸੋ ਪੁਰਖੁ, ਪੰਨਾ ੧੧

ਦੀ ਤੁਕ ਪੜ੍ਹਦੇ ਹਾਂ, ਪਰ ਬਿਨਾਂ ਵਿਚਾਰੇ ਦੇ ਉਪਰ ਦੀ ਹੀ ਲੰਘ ਜਾਂਦੇ ਹਾਂ। ਇਹ ਤੁਕ ਸਾਫ਼ ਦਸਦੀ ਹੈ ਕਿ ਵਾਹਿਗੁਰੂ ਦਾ ਨਾਮ ਸਿਮਰਨਹਾਰੇ ਮੁਕਤਿ ਰੂਪ ਹੋ ਜਾਂਦੇ ਹਨ। ਤਿਨ੍ਹਾਂ ਦੀ ਜਮ ਦੀ ਫਾਸੀ ਟੁੱਟ ਜਾਂਦੀ ਹੈ। ਤਿਨ੍ਹਾਂ ਦੇ ਗਲ ਇਹ ਜਮ-ਫਾਹੀ ਪੈਂਦੀ ਹੀ ਨਹੀਂ।

ਜਿਨ੍ਹਾਂ ਸਾਕਤਾਂ ਨੇ ਹਰੀ ਰਸ ਦਾ ਸੁਆਦ ਨਹੀਂ ਜਾਣਿਆ, ਤਿਨ੍ਹਾਂ ਦੇ ਅੰਦਰ ਹਉਮੈ ਦਾ ਕੰਡਾ ਹੁੰਦਾ ਹੈ। ਇਸ ਲੋਕ ਵਿਖੇ ਤਾਂ ਇਹ ਹਉਮੈ ਦਾ ਕੰਡਾ, ਹਉਮੈ-ਗ੍ਰਸਤ ਪ੍ਰਾਣੀ ਨੂੰ ਪਰਮਾਰਥ ਵਲ ਆਉਣ ਨਹੀਂ ਦਿੰਦਾ ਅਤੇ ਨਾਮ ਸਿਮਰਨ ਤੋਂ ਮੁਨਹਰਫ਼ ਹੀ ਰਖਦਾ ਹੈ। ਜਦ ਸਿਮਰਨ ਵਲ ਆਉਣ ਹੀ ਨਹੀਂ ਦਿੰਦਾ, ਤਾਂ ਉਸ ਨੂੰ ਸਿਮਰਨ-ਰਸ ਕੀ ਆਉਣਾ ਸੀ? ਕਦਾਚਿਤ ਨਹੀਂ। ਅਗੇ ਜਾ ਕੇ (ਅਗਲੇ ਲੋਕ ਵਿਖੇ) ਜਦੋਂ ਉਹਨਾਂ ਮਾਰਗਾਂ ਵਿਖੇ ਚਲਣਾ ਪੈਂਦਾ ਹੈ, ਜਿਨ੍ਹਾਂ ਦੇ ਕੋਸ ਭੀ ਗਿਣੇ ਨਹੀਂ ਜਾਂਦੇ, ਉਹਨਾਂ ਰਾਹਾਂ ਵਿਚ ਇਹ ਹਉਮੈ ਦਾ ਕੰਡਾ ਚੁਭਦਾ ਹੈ ਅਤੇ—

ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ
ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥(੪॥੪)

[ਸੋਹਿਲਾ, ਗਉੜੀ ਪੂਰਬੀ ਮ: ੪, ਪੰਨਾ ੧੩

ਦੇ ਗੁਰਵਾਕ ਅਨੁਸਾਰ ਜਿਉਂ ਜਿਉਂ ਇਹ ਕੰਡਾ ਚੁਭਦਾ ਹੈ ਤਿਉਂ ਤਿਉਂ ਦੁਖਦਾਈ ਹੁੰਦਾ ਹੈ। ਉਪਰੋਂ ਜਮਾਂ ਦਾ ਡੰਡਾ ਸਿਰ ਤੇ ਪੈਂਦਾ ਹੈ, ਜੋ ਅਵਸ਼ਜ ਸਹਿਣਾ ਪੈਂਦਾ ਹੈ। ਇਸ ਗੁਰਵਾਕ ਵਿਚ ਜਮ ਅਤੇ ਜਮ ਦੇ ਡੰਡ ਰੂਪੀ ਡੰਡੇ ਦੀ ਹੋਂਦ ਤੋਂ ਕੋਈ ਸ਼ਰਧਾਵਾਨ ਸਿਖ ਮੁਨਕਰ ਨਹੀਂ ਹੋ ਸਕਦਾ। ਸਗੋਂ ਗੁਰਮੁਖ ਹੋ ਕੇ ਭਉ ਕਰਦਾ ਹੈ ਤੇ ਆਪਣਾ ਆਪ ਪਛਾਣਦਾ ਹੈ। ਸਾਕਤ ਦੀ ਗਤੀ ਤੋਂ ਭੈਮਾਨ ਹੋ ਕੇ ਆਪ ਬਚਦਾ ਹੈ ਅਤੇ ਹੋਰਨਾਂ ਨੂੰ ਬਚਾਉਂਦਾ ਹੈ। ਆਪ ਸੁਮਾਰਗੇ ਪੈਂਦਾ ਹੈ ਅਤੇ ਆਪਣੇ ਸਾਥੀਆਂ ਨੂੰ ਸੁਮਾਰਗੇ ਪਾਉਂਦਾ ਹੈ। ਅਗਲਾ ਗੁਰਵਾਕ ਜਮ ਦੀ ਭਿਅੰਕਰਤਾ ਸਬੰਧੀ ਕੈਸੀ ਸਪੱਸ਼ਟ ਗਵਾਹੀ ਦਿੰਦਾ ਹੈ। ਯਥਾ ਗੁਰਵਾਕ—

ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ ॥
ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ ॥
ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ ॥੩॥
ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ ॥(੪॥੧੯)

[ਸਿਰੀ ਰਾਗੁ ਮ: ੧, ਪੰਨਾ ੨੧

ਭਾਵ, ਸਾਕਤ ਨਿਗੁਰਾ, ਗੁਰ-ਬੇਮੁਖ, ਕੁੱਤੇ ਦੀ ਨਿਆਈਂ ਹੁੰਦਾ ਹੈ। ਕੁੱਤੇ ਵਾਂਗੂ ਭਉਂਕਿ ਭਉਂਕਿ, ਗੁਰੂ ਕੀ ਨਿੰਦਿਆ ਕਰਿ ਕਰਿ, ਪਚੇ ਪਚਿ ਮਰਦਾ ਹੈ ਅਤੇ ਭ੍ਰਮੇ ਭੂਲਾ ਅਗੇ ਜਾ ਕੇ ਘਣੇ ਦੁਖ ਸਹਿੰਦਾ ਹੈ। ਜਮੂਆ ਉਸ ਨੂੰ ਮਾਰ ਮਾਰ ਕੇ ਉਸ ਦਾ ਖਲਿਹਾਣ ਕਰ ਦਿੰਦਾ ਹੈ, ਉਸ ਦਾ ਕਚੂਮਰ ਕਢ ਦਿੰਦਾ ਹੈ। ਮਨਮੁਖੀਏ ਸਾਕਤ ਨੂੰ ਸੁਖ ਕਦੇ ਮਿਲਦਾ ਨਹੀਂ। ਇਹ ਗੁਰਮੁਖ ਜਨ ਹੀ ਹਨ, ਜਿਨ੍ਹਾਂ ਉਤੇ ਸੱਚਾ ਸੁਖ ਸੋਭਦਾ ਸੁਭਾਇਮਾਨ ਹੁੰਦਾ ਹੈ। ਐਥੇ (ਇਸ ਲੋਕ ਵਿਖੇ)

ਮਨਮੁਖੀਏ ਸਾਕਤ ਨਿਕੰਰਮਣ ਧੰਧ ਪਿਟਾਈਦੇ ਹਨ। ਧੰਦਿਆਂ ਵਿਚ ਪਏ ਰੋਂਦੇ ਪਿਟਦੇ ਰਹਿੰਦੇ ਹਨ। ਅਗੇ ਉਹਨਾਂ ਨਾਲ ਕੀ ਬੀਤਦੀ ਹੈ, ਸੋ ਉੱਪਰ ਦੱਸ ਹੀ ਦਿਤਾ ਗਿਆ ਹੈ। ਇਹ ਉਪਰਲੀ ਗੁਰਵਾਕ ਮਈ ਸਾਰੀ ਲਿਖਤ ਬਾਣੀ, ਸਚੁ ਲਿਖਤ ਹੈ। ਸਚੀ ਲਿਖਤ ਹੋਣ ਕਰਕੇ ਪਰਵਾਨ ਹੈ (ਪਰਵਾਨ ਕਰਨੇ ਯੋਗ ਹੈ) ਅਤੇ "ਜਮੁ ਮਾਰਿ ਕਰੈ ਖੁਲਹਾਨੁ" ਮਈ ਸਚੁ ਲਿਖਤ ਭੀ ਸਚੁ ਕਰ ਕੇ ਮੰਨਣ, ਪਰਵਾਣ ਕਰਨ ਯੋਗ ਹੈ ਕਿ ਜਮ ਦੀ ਹਸਤੀ ਜ਼ਰੂਰ ਹੈ। ਉਹ ਮਾਰ ਮਾਰ ਕੇ ਖਲਿਹਾਣ ਕਰ ਦਿੰਦਾ ਹੈ ਗੁਰ ਨਿੰਦਕਾਂ ਸਾਕਤਾਂ ਦਾ। ਇਸ ਵਿਚ ਰੰਚਕ ਸੰਦੇਹ ਨਹੀਂ।

ਅਗਲਾ ਗੁਰ ਪ੍ਰਮਾਣ ਦਸਦਾ ਹੈ ਕਿ ਜਿਹੜੇ ਮਨਮੁਖੀਏ ਸਾਕਤ ਨਰ ਸਤਿਗੁਰੂ ਤੋਂ ਮੂੰਹ ਫੇਰਦੇ ਹਨ, ਤਿਨ੍ਹਾਂ ਦੇ ਮੁਖ ਕਾਲੇ ਹਨ; ਤਿਨ੍ਹਾਂ ਦੇ ਮਥਿਆਂ ਤੇ ਕਾਲੇ ਲੇਖ ਲਿਖੇ ਗਏ ਹਨ। ਓਹ ਅਨਦਿਨ (ਦਿਨ ਰਾਤ) ਦੁਖ ਹੀ ਦੁਖ ਸਹੇੜਦੇ ਹਨ, ਦੁਖਾਂ ਦੀਆਂ ਪੰਡਾਂ ਇਕੱਠੀਆਂ ਕਰਦੇ ਹਨ, ਜੋ ਅਗੇ ਜਾ ਕੇ ਚੁਕਣੀਆਂ ਪੈਣਗੀਆਂ। ਨਿਤਾਪ੍ਰਤੀ ਜਮੂਆ ਓਹਨਾਂ ਦੇ ਸਿਰ ਤੇ ਖੜਾ ਓਹਨਾਂ ਨੂੰ ਜੋਹੰਦਾ ਹੈ। ਯਥਾ ਗੁਰਵਾਕ—

ਸਤਿਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥
ਅਨਦਿਨੁ ਦੁਖੁ ਕਮਾਵਦੇ ਨਿਤ ਜੋਹੇ ਜਮਜਾਲੇ ॥...੩॥(੪॥੯॥੪੨)
[ਸਿਰੀ ਰਾਗੁ ਮ: ੩, ਪੰਨਾ ੩੦

ਓਹ ਜਮ ਦੇ ਜਾਲ ਵਿਚ ਜ਼ਰੂਰ ਪੈਣਗੇ। ਐਸੇ ਸਾਕਤ ਅਗਿਆਨੀ ਪੁਰਸ਼ ਹਉਮੈ ਵਿਚ ਗੁਸੇ ਹਉਮੈ ਦੇ ਲੱਦੇ ਹੀ ਫਿਰਦੇ ਹਨ। ਹਉਮੈ ਲਦਿਆਂ, ਹਉਮੈ ਅਟਿਆਂ, ਹਉਮੈ ਦੀ ਗਣਤ ਗਣਦਿਆਂ ਨੂੰ ਕਦੇ ਸੁਖ ਨਹੀਂ। ਓਹ ਬਿਖ ਦੀ ਕਾਰ ਹੀ ਕਮਾਵੰਦੇ ਹਨ ਅਤੇ ਬਿਖ ਹੀ ਮਾਹਿ ਸਮਾਉਂਦੇ, ਖੱਚਤ ਹੋਏ ਰਹਿੰਦੇ ਹਨ। ਐਸੇ ਬਿਖਈ ਪੁਰਸ਼ ਨਾਮ ਅੰਮ੍ਰਿਤ ਦੇ ਪਾਸੇ ਆਉਂਦੇ ਹੀ ਨਹੀਂ ਅਤੇ ਪਰਮਾਰਥਾਂ ਵਲ ਲਗਦੇ ਹੀ ਨਹੀਂ। ਨਾਮ ਦੀ ਓਹਨਾਂ ਨੂੰ ਸੂਝ ਬੂਝ ਹੀ ਨਹੀਂ ਆਉਂਦੀ। ਨਾਮ ਬਿਨਾਂ ਓਹਨਾਂ ਨੂੰ ਕਿਤੇ ਭੀ ਠਉਰ ਨਹੀਂ ਮਿਲਦੀ। ਨਾ ਏਥੇ ਨਾ ਓਥੇ। ਨਾ ਲੋਕ ਵਿਖੇ ਨ ਪਰਲੋਕ ਵਿਖੇ। ਅਗੇ ਜਾ ਕੇ ਜਮਾਂ ਦੇ ਵੱਸ ਪੈ ਜਾਂਦੇ ਹਨ, ਜੋ ਓਹਨਾਂ ਨੂੰ ਜਮਪੁਰੀ ਵਿਚ ਲੈ ਜਾਂਦੇ ਹਨ ਅਤੇ ਜਮਪੁਰੀ ਦੇ ਦੁਖ ਸਹਿਣੇ ਪੈਂਦੇ ਹਨ। ਓਹਨਾਂ ਦੁਖਾਂ ਨੂੰ ਓਹੀ ਜਾਣਦੇ ਹਨ ਜਿਨ੍ਹਾਂ ਨੂੰ ਸਹਿਣੇ ਪਏ ਹਨ। ਯਥਾ ਗੁਰਵਾਕ—

ਹਉਮੈ ਸਭਾ ਗਣਤ ਹੈ ਗਣਤੈ ਨਉ ਸੁਖੁ ਨਾਹਿ ॥
ਬਿਖੁ ਕੀ ਕ਼ਾਰ ਕਮਾਵਣੀ ਬਿਖੁ ਹੀ ਮਾਹਿ ਸਮਾਹਿ ॥

ਬਿਨੁ ਨਾਵੈ ਠਉਰੁ ਨ ਪਾਇਨੀ ਜਮਪੁਰਿ ਦੂਖ ਸਹਾਹਿ ॥੩॥(੪॥੨੪)
[ਸਿਰੀ ਰਾਗੁ ਮ: ੩, ਪੰਨਾ ੩੬

ਇਸ ਗੁਰਵਾਕ ਤੋਂ ਜਮਪੁਰੀ ਭੀ ਸਿਧ ਹੋ ਗਈ। ਅਦ੍ਰਿਸ਼ਟ ਦੁਨੀਆ ਵਿਚ ਜਮਪੁਰੀ ਭੀ ਇਕ ਪੁਰੀ ਹੈ। ਜਿਥੇ ਜਮਾਂ ਦਾ ਵਾਸਾ ਹੈ ਅਤੇ ਜਿਥੇ ਆਮ ਪੁਰਸ਼ ਜਾ ਕੇ ਜਮਾਂ ਦੇ ਵਸਿ ਪੈਂਦੇ ਹਨ ਅਤੇ ਜਮਾਂ ਦੀ ਮਾਰ ਦੇ ਦੁਖ ਸਹਿੰਦੇ ਹਨ। ਅਗਲਾ ਗੁਰਵਾਕ ਭੀ ਇਕੋ ਤੁਕ ਅੰਦਰ ਇਹ ਦਸਦਾ ਹੈ ਕਿ ਜੋ ਜੋ ਪ੍ਰਾਣੀ ਹਉਮੈ-ਕਰਮ ਕਮਾਉਂਦੇ ਹਨ, ਤਿਨ੍ਹਾਂ ਨੂੰ ਜਮ ਦਾ ਡੰਡ ਸਹਿਣਾ ਪੈਂਦਾ ਹੈ ਅਗੇ. ਜਾ ਕੇ। ਯਥਾ ਗੁਰਵਾਕ—

ਹਉਮੈ ਕਰਮ ਕਮਾਵਦੇ ਜਮ ਡੰਡੁ ਲਗੈ ਤਿਨ ਆਇ ॥ (੬੫)

ਨਾਮ ਬਿਨਾਂ ਜਿਤਨੇ ਭੀ ਹੋਰ ਕਰਮ ਹਨ, ਸਭ ਹਉਮੈ ਕਰਮ ਹਨ। ਹਉਮੈ ਅੰਦਰ ਕੀਤੇ ਜਾਂਦੇ ਹਨ ਅਤੇ ਏਹਨਾਂ ਹਉਮੈ-ਕਰਮਾਂ ਦੇ ਕਰਨਹਾਰੇ ਸਭ ਜਮ-ਡੰਡ ਦੇ ਅਧਿਕਾਰੀ ਹਨ। ਸਚ ਭਾਖਦੇ ਹਨ ਗੁਰੂ ਸਾਹਿਬ ਕਿ ਇਸ ਤੋਂ ਕੇਵਲ ਰਾਮ ਜਨ ਹੀ ਅਲੱਗ ਹਨ।

ਆਪ-ਹੁਦਰੇ ਹਉਮੈ ਦੇ ਅਧੀਨ ਹੋ ਕੇ ਅਨਿਕ ਪ੍ਰਕਾਰੀ ਕਰਮ ਕਮਾਵਨਹਾਰੇ ਸਾਰੇ ਹੀ ਅਗੇ ਜਾ ਕੇ ਜਮ ਡੰਡ ਦੇ ਅਧਿਕਾਰੀ ਬਣਨਗੇ। ਸੇਈ ਬਚ ਕੇ ਉਬਰਨਗੇ ਜੋ ਸਚੇ ਸਤਿਗੁਰੂ ਦੇ ਸੇਵਕ ਸਿਖ ਹੋ ਕੇ ਵਾਹਿਗੁਰੂ ਨਾਮ ਨਾਲ ਲਿਵ ਲਾਉਣਗੇ। ਯਥਾ ਗੁਰਵਾਕ—

ਹਉਮੈ ਕਰਮ ਕਮਾਵਦੇ ਜਮ ਡੰਡੁ ਲਗੈ ਤਿਨ ਆਇ ॥
ਜਿ ਸਤਿਗੁਰੁ ਸੇਵਨਿ ਸੇ ਉਬਰੇ ਹਰਿ ਸੇਤੀ ਲਿਵ ਲਾਇ ॥੧॥
(੮॥੨॥੧੯) [ਸਿਰੀ ਰਾਗੁ ਮ: ੩, ਪੰਨਾ ੬੫

ਜੋ ਸੰਸਾਰੀ ਪੁਰਸ਼ ਜ਼ਾਹਰਾ ਤੌਰ ਤੇ ਸਰੀਰ ਕਰਕੇ ਸੁਖੀ ਦਿਸਦੇ ਹਨ, ਓਹਨਾਂ ਦੀ ਕਾਇਆਂ ਭੀ ਅਰੋਗ ਅਤੇ ਛਿਦਰਹੀਣ ਜਾਪਦੀ ਹੈ, ਮਨ ਕਰਕੇ ਭੀ ਓਹਨਾਂ ਤੇ ਕੋਈ ਕਾੜ੍ਹਾ ਅੰਦੇਸਾ ਅਤੇ ਸੋਗ ਰੋਗ ਵਿਆਪਿਆ ਨਹੀਂ ਜਾਪਦਾ, ਦੁਨੀਆ ਦੇ ਐਸ਼ੂਰਜ ਤੇ ਭੀ ਓਹਨਾਂ ਨੇ ਖਾਸਾ ਜੱਫਾ ਮਾਰਿਆ ਹੋਇਆ ਹੈ, ਜੀਅਹੁ ਨਿਰਸੰਕ ਹੋ ਕੇ ਸਭ ਕਾਸੇ ਤੇ ਜਿਨ੍ਹਾਂ ਕਬਜ਼ਾ ਕੀਤਾ ਹੋਇਆ ਹੁੰਦਾ ਹੈ, ਪਰ ਜੇਕਰ ਓਹਨਾਂ ਦੇ ਪਾਰਬ੍ਰਹਮ (ਵਾਹਿਗੁਰੂ) ਕਦੇ ਚਿਤਿ ਚੇਤੇ ਨਹੀਂ ਆਇਆ ਤਾਂ ਓਹਨਾਂ ਨੇ ਅਗੇ ਜਾ ਕੇ ਅਵਸ਼ਜ ਜਮ ਕੰਕਰਾਂ ਦੇ ਵਸਿ ਪੈਣਾ ਹੈ, ਪਏ ਬਾਝ ਨਹੀਂ ਰਹਿਣਾ। ਯਥਾ ਗੁਰਵਾਕ—

ਕਾਇਆ ਰੋਗੁ ਨ ਛਿਦ੍ਰੁ ਕਿਛੁ ਨ ਕਿਛੁ ਕਾੜਾ ਸੋਗੁ ॥

ਮਿਰਤੁ ਨ ਆਵੀ ਚਿਤਿ ਤਿਸੁ ਅਹਿਨਿਸਿ ਭੋਗੈ ਭੋਗੁ ॥
ਸਭ ਕਿਛੁ ਕੀਤੋਨੁ ਆਪਣਾ ਜੀਇ ਨ ਸੰਕ ਧਰਿਆ ॥
ਚਿਤਿ ਨ ਆਇਓ ਪਾਰਬ੍ਰਹਮੁ ਜਮ ਕੰਕਰ ਵਸਿ ਪਰਿਆ ॥੮॥
(੯॥੧॥੨੬) [ਸਿਰੀ ਰਾਗੁ ਮ: ੫, ਪੰਨਾ ੭੧

ਜਿਸ ਨੂੰ ਮਉਤ ਭੀ ਚੇਤੇ ਨਹੀਂ ਅਤੇ ਨਿਸੰਕ ਹੋ ਕੇ ਦਿਨ ਰਾਤ ਮਨ-ਭਾਉਂਦੇ ਭੋਗ ਭੋਗਦਾ ਹੈ, ਪਰ ਨਿਮਖ ਭੀ ਭੋਗਾਂ ਦੇ ਦਾਤੇ ਸਿਰਜਨਹਾਰ ਵਾਹਿਗੁਰੂ ਨੂੰ ਨਹੀਂ ਸਿਮਰਦਾ, ਉਸ ਨੇ ਅਗੇ ਜਾ ਕੇ ਜਮ ਕੰਕਰ ਦੇ ਵਸਿ ਪੈਣਾ ਹੈ, ਪਰ ਜ਼ਰੂਰ ਪੈਣਾ ਹੈ। ਅਗਲੇ ਗੁਰਵਾਕ ਅੰਦਰਿ ਏਸ ਪਰਕਾਰ ਦਾ ਸੋਝਲਾ ਮਿਲਦਾ ਹੈ। ਯਥਾ ਗੁਰਵਾਕ—

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ॥
ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ
ਕਿਸੈ ਨ ਮਿਲਿਆ ਭੇਤੁ ॥
ਭੇਤੁ ਚੇਤੁ ਹਰਿ ਕਿਸੈ ਨ ਮਿਲਿਓ
ਜਾ ਜਮਿ ਪਕੜਿ ਚਲਾਇਆ ॥...੪॥੧॥
[ਸਿਰੀ ਰਾਗੁ ਮ: ੧, ਪੰਨਾ ੭੫

ਅੰਤਿ ਕਾਲਿ ਪਛੁਤਾਸੀ ਅੰਧੁਲੇ ਜਾ ਜਮਿ ਪਕੜਿ ਚਲਾਇਆ ॥
ਸਭ ਕਿਛੁ ਅਪੁਨਾ ਕਰਿ ਕਰਿ ਰਾਖਿਆ
ਖਿਨ ਮਹਿ ਭਇਆ ਪਰਾਇਆ ॥...੩॥(੫॥੨)
[ਸਿਰੀ ਰਾਗੁ ਮ: ੧, ਪੰਨਾ ੭੬

ਸਚੀ ਵੱਥ ਵਣਜਣ ਆਏ ਜਗਿਆਸੂ ਵਣਜਾਰੇ ਮਾਨੁਖ ਨੂੰ ਸਨਮੁਖ ਕਰ ਕੇ ਉਚਾਰਦੇ ਹਨ ਗੁਰੂ ਸਾਹਿਬ। ਸੱਚੀ ਵੱਥ ਵਣਜਣ ਆਏ ਦੇਖੋ ਕਿਵੇਂ ਓੜਕ ਖ਼ਾਲੀ ਜਾਂਦੇ ਹਨ। ਸਾਰੀ ਉਮਰ ਹੋਰ ਹੀ ਹੋਰ ਬਿਖਿਆ ਵਸਤੂਆਂ ਨੂੰ ਵਿਹਾਜਣ ਵਿਚ ਖੱਚਤ ਰਹਿਣ ਵਾਲਿਆਂ ਨੂੰ ਓਦੋਂ ਹੀ ਪਤਾ ਲਗਦਾ ਹੈ ਜਦੋਂ ਸਿਰ ਤੇ ਕਾਲ ਆ ਜਾਂਦਾ ਹੈ, ਮਰਨੇ ਪਹਿਰੇ ਹੋਏ ਪ੍ਰਾਣੀ ਦੇ ਪ੍ਰਾਣ ਹਿਰਨ ਲਈ ਜਦੋਂ ਜਮਦੂਤ ਆਉਂਦੇ ਹਨ, ਜੋ ਉਸ ਦੇ ਚਿਤ ਚੇਤੇ ਭੀ ਨਹੀਂ ਹੁੰਦਾ। ਵਾਹਿਗੁਰੂ ਚਿਤ ਆਉਣ ਦਾ ਤੱਤ ਭਾਉ ਉਸ ਨੂੰ ਕੀ ਮਿਲਣਾ ਸੀ, ਉਸ ਨੂੰ ਤਾਂ ਚਲਣ ਚਿਤ ਆਉਣ ਦੀ ਖ਼ਬਰ ਭੀ ਨਹੀਂ ਮਿਲਣੀ ਪਾਉਂਦੀ ਅਤੇ ਜਮਦੂਤ ਉਸ ਨੂੰ ਪਕੜ ਚਲਾਉਂਦੇ ਹਨ।

ਸਾਰੀ ਆਵਰਦਾ ਬਿਰਥੀ ਗਵਾਵਣਹਾਰੇ ! ਰੇ ਮੂੜ੍ਹੇ ਅੰਧਲੇ ਮਾਨੁਖ ! ਤੂੰ

ਅੰਤ ਕਾਲਿ ਪਛੁਤਾਵੇਂਗਾ, ਜਦੋਂ ਜਮ ਨੇ ਆ ਕੇ ਤੈਨੂੰ ਪਕੜਿ ਚਲਾਉਣਾ ਹੈ। ਜੋ ਪਦਾਰਥ ਸਾਂਭ ਸਾਂਭ ਕੇ ਆਪਣਾ ਥਾਪ ਕੇ ਇਕੱਠਾ ਕਰ ਕੇ ਰਖਿਆ ਹੋਇਆ ਹੈ, ਓਹ ਖਿਨ ਮਹਿ ਪਰਾਇਆ ਹੋ ਜਾਣਾ ਹੈ। ਇਕ ਤਸੂ ਭੀ ਸੰਗ ਨਹੀਂ ਚਲਣਾ, ਜਿਸਦੀ ਖ਼ਾਤਰ ਸਾਰੀ ਉਮਰ ਖਪਿ ਖਪਿ ਮਰਦਾ ਰਿਹਾ ਹੈਂ।

ਆਯੂ ਆਵਰਦਾ ਦੇ ਭਰ ਜੁਆਨੀ ਦੇ ਪਹਿਰੇ ਤਾਂ ਐਸੀਆਂ ਲਹਿਰਾਂ ਵਜਦੀਆਂ ਹਨ ਕਿ ਅਹੰਮੇਵ ਦੇ ਮਨਮਤੇ ਨੂੰ ਬੁਰਾ ਭਲਾ ਕਿਛ ਸੁਝਦਾ ਹੀ ਨਹੀਂ। ਬੁਰੇ ਭਲੇ ਦੀ ਤਮੀਜ਼ ਹੀ ਨਹੀਂ ਰਹਿੰਦੀ, ਪ੍ਰੰਤੂ ਗੁਰੂ ਸਾਹਿਬ ਅਗਲੇ ਗੁਰਵਾਕ ਅੰਦਰ ਐਸੇ ਅਹੰਮੇਵ ਮੱਤੇ ਪ੍ਰਾਣੀ ਨੂੰ ਖ਼ਬਰਦਾਰ ਕਰਦੇ ਹਨ, 'ਹੇ ਪ੍ਰਾਣੀ! ਅਗੇ ਪੰਥ ਕਰਾਰਾ ਅਤੇ ਬੜਾ ਹੀ ਬਿਖੜਾ ਹੈ। ਪੂਰਾ ਸਤਿਗੁਰੂ (ਵਾਹਿਗੁਰੂ) ਤੈਂ ਕਦੇ ਚੇਤਿਆ ਨਹੀਂ, ਸਿਰ ਤੇ ਤੇਰੇ ਜਮ ਜੰਦਾਰ ਖੜਾ ਹੈ, ਜਿਸ ਦਾ ਦੰਡ ਤੈਨੂੰ ਅਵੱਸ਼ਜ ਸਹਿਣਾ ਪਵੇਗਾ।' ਯਥਾ ਗੁਰਵਾਕ—

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੁਆਨੀ ਲਹਰੀ ਦੇਇ ॥
ਬੁਰਾ ਭਲਾ ਨ ਪਛਾਣਈ ਵਣਜਾਰਿਆ ਮਿਤ੍ਰਾ ਮਨੁ ਮਤਾ ਅਹੰਮੇਇ ॥
ਬੁਰਾ ਭਲਾ ਨ ਪਛਾਣੈ ਪ੍ਰਾਣੀ ਆਗੈ ਪੰਥੁ ਕਰਾਰਾ ॥
ਪੂਰਾ ਸਤਿਗੁਰੁ ਕਬਹੂੰ ਨ ਸੇਵਿਆ ਸਿਰਿ ਠਾਢੇ ਜਮ ਜੰਦਾਰਾ ॥...੨॥
(੫॥੧॥੪) [ਸਿਰੀ ਰਾਗੁ ਮ: ੫, ਪੰਨਾ ੭੭

ਜਦੋਂ ਹੁਕਮ ਚਲਾਣੇ ਦਾ ਧੁਰੋਂ ਗੋਬਿੰਦ ਦੀ ਦਰਗਾਹੋਂ ਲਿਖਿਆ ਆਇਆ ਤਾਂ ਪ੍ਰਾਣੀ ਨੂੰ ਅਵੱਸ਼ ਉਠ ਚਲਣਾ ਪੈਂਦਾ ਹੈ, ਓਹਨਾਂ ਦੇ ਸਾਥ, ਜੋ ਲੈ ਜਾਣ ਦੀ ਕਮਾਣ (ਹੁਕਮ ਓੜਕੀ) ਲੈ ਕੇ ਆਏ ਹਨ, ਅਰਥਾਤ ਜਮਦੂਤ, ਭਾਵ ਜਮਦੂਤਾਂ ਦੇ ਨਾਲ ਜ਼ਰੂਰੀ ਬੱਧੇ ਜਾਣਾ ਪੈਂਦਾ ਹੈ। **ਅਸੀਂ ਅਨੇਕਾਂ ਜਾਂਦੇ ਡਿਠੇ ਹਨ**। ਇਕ ਰੱਤੀ ਭਰ ਭੀ ਠਹਿਰਨ ਅਟਕਣ ਦੀ ਇਜਾਜ਼ਤ ਨਹੀਂ ਦੇਣੀ ਓਹਨਾਂ ਜਮਦੂਤਾਂ ਨੇ, ਜਿਨ੍ਹਾਂ ਨੇ ਤਕੜੇ ਹੱਥ ਪਾ ਕੇ ਵਾਟ-ਵਟਾਊ ਆਏ ਚਲਾਊ ਪ੍ਰਾਣੀ ਨੂੰ ਪਕੜਿਆ ਹੋਇਆ ਹੁੰਦਾ ਹੈ। ਯਥਾ ਗੁਰਵਾਕ—

ਲਿਖਿਆ ਆਇਆ ਗੋਵਿੰਦ ਕਾ ਵਣਜਾਰਿਆ ਮਿਤ੍ਰਾ
ਉਠਿ ਚਲੇ ਕਮਾਣਾ ਸਾਥਿ ॥
ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ
ਓਨੀ ਤਕੜੇ ਪਾਏ ਹਾਥ ॥...੫॥੧॥੪॥
[ਸਿਰੀ ਰਾਗੁ ਮ: ੫, ਪੰਨਾ ੭੮

ਜਿਨ੍ਹਾਂ ਵਣਜਾਰਿਆਂ ਮਿਤਰਾਂ ਨੇ ਨਾਮ ਦੀ ਖੇਪ ਸੁਵੱਲੀ ਲਦੀ ਹੋਈ ਹੁੰਦੀ

 www.sikhbookclub.com

ਹੈ, ਤਿਨ੍ਹਾਂ ਨੇ ਹਰੀ ਦਰਗਾਹ ਅੰਦਰ ਜਾ ਕੇ ਨਿਹਚਲ ਥਾਉਂ ਮੱਲ ਲੈਣੀ ਹੈ। ਅਤੇ ਆਪਣਾ ਪੱਕਾ ਆਸਣ ਜਮਾ ਲੈਣਾ ਹੈ। ਓਥੇ ਭੀ ਵਾਹਿਗੁਰੂ ਦੇ ਦਰ ਦਰਵਾਜ਼ੇ ਪੁਜ ਕੇ ਭੀ ਅਲਖ ਅਭੇਵ ਵਾਹਿਗੁਰੂ ਦੀ ਸੇਵਾ ਸਿਮਰਨ ਭਗਤੀ ਕਰਨੋਂ ਤਿਨ੍ਹਾਂ ਨੇ ਨਹੀਂ ਟਲਣਾ। ਤਿਥੇ ਤਿਨ੍ਹਾਂ ਨੂੰ ਨ ਜਨਮ ਮਰਨ ਹੈ, ਨਾ ਆਵਾਗਉਣ ਦਾ ਫ਼ਿਕਰ ਹੈ। ਸਾਰੇ ਹੀ ਦੂਖ ਸੰਸੇ ਤਿਨ੍ਹਾਂ ਦੇ ਮਿਟ ਗਏ ਹਨ। ਨਾਮ ਕਮਾਈਆਂ ਕਰਿ ਸੰਸੇ ਦੂਖ ਮਿਟਾ ਲਏ ਹਨ। ਕਰਤੇ ਪੁਰਖ ਨੇ ਮਿਟਾ ਦਿਤੇ ਹਨ ਸਭ ਸੰਸੇ ਦੂਖ ਤਿਨ੍ਹਾਂ ਦੇ। ਤਿਨ੍ਹਾਂ ਖੇਪ ਸੁਵੱਲੀ ਲੱਦ ਕੇ ਲੈ ਚਲਿਆਂ ਨੂੰ ਅਗੇ ਜਾ ਕੇ ਕਿਸੇ ਨੇ ਹੋੜਨਾ ਹੁੜਕਣਾ ਨਹੀਂ। ਨਾ ਜਮ ਜਾਗਾਤੀ ਨੇ ਨੇੜੇ ਆਉਣਾ ਹੈ। ਨਾ ਚਿਤਰ-ਗੁਪਤ ਦੀ ਓਥੇ ਕੁਝ ਸੁਣਾਈ ਹੋਣੀ ਹੈ। ਜਮਦੂਤਾਂ ਦੀ ਕੋਈ ਵਾਹ ਨਹੀਂ ਚਲਣੀ। ਚਿਤਰ ਗੁਪਤ ਦਾ ਲਿਖਿਆ ਹੋਇਆ ਲੇਖ ਲਿਖਤੀ ਕਾਗਦ ਹੀ ਫਾੜਿਆ ਜਾਣਾ ਹੈ। ਇਸ ਕਰਕੇ ਗੁਰੂ ਸਾਹਿਬ ਬੜੇ ਪਿਆਰ ਨਾਲ ਸੱਚੀ ਖੇਪ ਨਾਮ ਦੀ ਐਥੋਂ ਲੱਦ ਲੈ ਚਲਣ ਲਈ ਸ਼ੁਭ ਸਿਖਸ਼ਾ ਦਿੰਦੇ ਹਨ। ਯਥਾ ਗੁਰਵਾਕ—

ਮਨ ਪਿਆਰਿਆ ਜੀਉ ਮਿਤ੍ਰਾ ਹਰਿ ਲਦੇ ਖੇਪ ਸਵਲੀ ॥
ਮਨ ਪਿਆਰਿਆ ਜੀਉ ਮਿਤ੍ਰਾ ਹਰਿ ਦਰੁ ਨਿਹਚਲੁ ਮਲੀ ॥
ਹਰਿ ਦਰੁ ਸੇਵੇ ਅਲਖ ਅਭੇਵੇ ਨਿਹਚਲੁ ਆਸਣੁ ਪਾਇਆ ॥
ਤਹ ਜਨਮ ਨ ਮਰਣੁ ਨ ਆਵਣ ਜਾਣਾ ਸੰਸਾ ਦੂਖੁ ਮਿਟਾਇਆ ॥
ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ ॥
ਨਾਨਕੁ ਸਿਖ ਦੇਇ ਮਨ ਪ੍ਰੀਤਮ ਹਰਿ ਲਦੇ ਖੇਪ ਸਵਲੀ ॥੩॥

(੫॥੧॥੨) [ਸਿਰੀ ਰਾਗੁ ਛੰਤ ਮ: ੫, ਪੰਨਾ ੭੯

ਇਸ ਗੁਰਵਾਕ ਅੰਦਰ ਬੜੇ ਪ੍ਰੇਮ ਪਿਆਰ ਨਾਲ ਸਚੀ ਸਿਖਿਆ ਦਿਤੀ ਗਈ ਹੈ। ਕੋਈ ਰੋਚਕ ਭਿਆਨਕ ਡਰ ਨਹੀਂ ਦਿਤਾ ਗਿਆ। ਵਾਹਿਗੁਰੂ ਦੇ ਨਾਮ ਦੀ ਸੁਵੱਲੀ ਖੇਪ ਲਦਿ ਲੈ ਚਲਣ ਨਾਲ ਅਗੇ ਜਾ ਕੇ ਜਮਦੂਤਾਂ ਦਾ ਕੁਝ ਵਸ ਨਹੀਂ ਚਲਦਾ, ਨਾ ਹੀ ਚਿਤਰ–ਗੁਪਤ ਦੀ ਗਵਾਹੀ ਲੈਣੀ ਪੈਂਦੀ ਹੈ। ਤਾਂ ਤੇ ਜਮਦੂਤਾਂ, ਚਿਤਰਗੁਪਤ ਦਾ ਹੋਣਾ ਸਹੀ ਸਿਧ ਹੋਇਆ। ਚਿਤਰ ਗੁਪਤ ਐਸੀਆਂ ਗੁਪਤ ਅਤੇ ਅਦ੍ਰਿਸ਼ਟ ਵਿਅਕਤੀਆਂ ਹਨ, ਜੋ ਹਰੇਕ ਪ੍ਰਾਣੀ ਦੇ ਕੀਤੇ ਕਰਮਾਂ ਦਾ ਲੇਖ ਨਾਲੋ ਨਾਲ ਲਿਖਦੀਆਂ ਰਹਿੰਦੀਆਂ ਹਨ। ਇਕ ਡੱਕਾ ਭੀ ਉਨ੍ਹਾਂ ਦੇ ਇਲਮ ਤੋਂ ਬਾਹਰ ਨਹੀਂ ਰਹਿੰਦਾ ਕੀਤੇ ਕਰਮਾਂ ਦਾ। ਪਰ ਨਿਸਚੇ ਕਰ ਜਾਣੋ ਕਿ ਚਾਹੇ ਇਹ ਵਿਅਕਤੀਆਂ ਜਮਦੂਤ ਅਤੇ ਚਿਤਰ ਗੁਪਤ ਹੈਨ ਸਹੀ ਜ਼ਰੂਰ, ਪਰ ਨਾਮ ਜਪਣਹਾਰਿਆਂ ਦਾ ਓਹ ਤਸੂ ਭੀ ਨਹੀਂ ਵਿਗਾੜ ਸਕਦੀਆਂ।

ਚਿਤ੍ਰ ਗੁਪਤ ਦੇ ਲੇਖਿਆਂ ਵਾਲਾ ਕਾਗਦ ਫਾੜਿਆ ਜਾਂਦਾ ਹੈ। ਜਮਦੂਤਾਂ ਦੀ ਉਥੇ ਚਲਦੀ ਕੁਝ ਨਹੀਂ। ਸੁਵੱਲੀ ਖੇਪ ਲੱਦ ਲੈ ਚਲਿਆਂ ਨੂੰ ਸਦਾ ਫ਼ਰਾਗਤ ਹੀ ਫ਼ਰਾਗਤ ਹੈ, ਅਤੇ ਸਰਪਰ ਸੁਰਖ਼ਰੂਈ ਹੈ।

ਤਾਂ ਤੇ ਜਿਨ੍ਹਾਂ ਗੁਰਮੁਖਾਂ ਨੇ ਸੰਸਾਰ ਯਾਤ੍ਰਾ ਵਿਖੇ ਵਾਹਿਗੁਰੂ ਦਾ ਨਾਮ ਮਨ ਬਚਨ ਕਰਮ ਕਰ ਕੇ ਆਰਾਧਿਆ ਹੈ ਤਿਨ੍ਹਾਂ ਨੇ ਤਾਂ ਸੁਖੈਨ ਹੀ ਭਉਜਲ ਸੰਸਾਰ ਤਰਿਆ ਹੈ। ਪਰ ਮਨਮੁਖਾਂ ਨੂੰ ਜਮ ਜੰਦਾਰ ਦੀ ਮਾਰ ਜ਼ਰੂਰ ਪਏਗੀ, ਕਿਉਂਕਿ ਓਹਨਾਂ ਨੇ ਵਾਹਿਗੁਰੂ ਦਾ ਹੁਕਮ (ਨਾਮ ਜਪਣ ਦਾ) ਨਹੀਂ ਜਾਣਿਆ ਤੇ ਸਾਰੀ ਉਮਰ ਨਾਮ ਨਹੀਂ ਜਪਿਆ। ਅਗਲੇ ਗੁਰਵਾਕ ਵਿਖੇ ਤਾੜਨਾ ਸਹਿਤ ਸਿਖਿਆ ਦਿਤੀ ਜਾਂਦੀ ਹੈ ਕਿ ਹੇ ਮੂੜ੍ਹੇ ! ਮਨਮੁਖ ਪ੍ਰਾਣੀ ! ਤੂੰ ਫੇਰ ਪਛਤਾਵੇਂਗਾ। ਤੂੰ ਹੁਣ ਕਿਹੜੀ ਕੁਮੱਤ-ਭ੍ਰਮਣੀ ਮਤਿ ਵਿਚ ਲਗਾ ਹੋਇਆ ਹੈਂ। ਰਾਮ ਨਾਮ ਦਾ ਚਿੰਤਨ ਸਿਮਰਨ ਕਰ। ਨਹੀਂ ਤਾਂ ਜ਼ਰੂਰ ਜਮਪੁਰੀ ਨੂੰ ਜਾਵੇਂਗਾ। ਯਥਾ ਗੁਰਵਾਕ—

ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ ॥
ਚੇਤਿ ਰਾਮੁ ਨਾਹੀ ਜਮਪੁਰਿ ਜਾਹਿਗਾ ਜਨੁ ਬਿਚਰੈ ਅਨਰਾਧਾ॥੧॥ਰਹਾਉ॥
[ਸਿਰੀ ਰਾਗੁ ਬੇਣੀ ਜੀਉ, ਪੰਨਾ ੯੩

ਹਾਂ ਜਿਨ੍ਹਾਂ ਨੇ ਐਸਾ ਸਿਮਰਨ ਕੀਤਾ ਹੈ ਵਾਹਿਗੁਰੂ ਨਾਮ ਦਾ ਕਿ ਸਾਰੀ ਉਮਰ ਹੀ ਨਾਮ ਸਿਮਰ ਸਿਮਰ ਕੇ ਵਾਹਿਗੁਰੂ ਦੇ ਗੁਣ ਗਾਵਣ ਵਿਚ ਬਤੀਤ ਕੀਤੀ ਹੈ, ਤਿਨ੍ਹਾਂ ਦੀ ਸਾਚੀ ਪ੍ਰੀਤ ਲਗੀ ਹੋਈ ਕਦੇ ਨਹੀਂ ਟੁਟੀ। ਅੰਤਰਿ ਬਾਹਰਿ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਹੀ ਪੇਖਦੇ ਹਨ। ਤਿਨ੍ਹਾਂ ਦੀ ਜਮ ਦੀ ਫਾਸੀ ਕਟੀ ਗਈ ਹੈ। ਜਮਫਾਸ ਤਿਨ੍ਹ ਗਲੇ ਪੈਂਦੀ ਹੀ ਨਹੀਂ। ਜੇ ਪਹਿਲਾਂ ਲਿਖਤ ਹੋਈ ਸੀ, ਤਦ ਭੀ ਕਟੀ ਗਈ ਹੈ। ਯਥਾ ਗੁਰਵਾਕ—

ਲਾਗੀ ਪ੍ਰੀਤਿ ਨ ਤੂਟੈ ਮੂਲੇ ॥ ਹਰਿ ਅੰਤਰਿ ਬਾਹਰਿ ਰਹਿਆ ਭਰਪੂਰੇ ॥
ਸਿਮਰਿ ਸਿਮਰਿ ਸਿਮਰਿ ਗੁਣ ਗਾਵਾ ਕਾਟੀ ਜਮ ਕੀ ਫਾਸਾ ਜੀਉ ॥੨॥
(੪॥੩੧॥੩੮) [ਮਾਝ ਮ: ੫, ਪੰਨਾ ੧੦੫

ਜਿਹੜੇ ਮੁਗਧ ਅੰਧਲੇ ਗਵਾਰ ਨਰ ਸਤਿਗੁਰ ਦੀ ਦੀਖਿਆ ਲੈ ਕੇ ਉਸ ਦੇ ਸੇਵਕ ਸਿਖ ਨਹੀਂ ਬਣਦੇ ਅਤੇ ਨਾਮ ਨਹੀਂ ਸਿਮਰਦੇ, ਓਹਨਾਂ ਨੂੰ ਫੇਰ ਕਿਥੋਂ ਮੋਖ ਦੁਆਰਾ ਪਦਵੀ ਮਿਲਣੀ ਹੈ ? ਬੱਸ, ਓਹਨਾਂ ਨੇ ਤਾਂ ਮੁੜਿ ਮੁੜਿ ਮਰਨਾ ਜੰਮਣਾ ਅਤੇ ਫਿਰਿ ਫਿਰਿ ਆਉਣਾ ਜਾਣਾ ਹੀ ਹੈ ਅਤੇ ਜਮਦਰ ਚੋਟਾਂ ਹੀ ਖਾਣੀਆਂ ਹਨ। ਯਥਾ ਗੁਰਵਾਕ—

ਸਤਿਗੁਰੁ ਨ ਸੇਵਹਿ ਮੂਰਖ ਅੰਧ ਗਵਾਰਾ ॥

ਫਿਰਿ ਓਇ ਕਿਥਹੁ ਪਾਇਨਿ ਮੋਖ ਦੁਆਰਾ ॥
ਮਰਿ ਮਰਿ ਜੰਮਹਿ ਫਿਰਿ ਫਿਰਿ ਆਵਹਿ
ਜਮਦਰਿ ਚੋਟਾ ਖਾਵਣਿਆ ॥੪॥(੮॥੧੦॥੧੧)
[ਮਾਝ ਮ: ੩, ਪੰਨਾ ੧੧੫

ਨਾਮ ਤੋਂ ਭੁਲਿਆਂ ਨੂੰ ਜਮ ਜ਼ਰੂਰ ਸਜ਼ਾਈਂ ਦਿੰਦਾ ਹੈ। ਦੂਜੇ ਭਾਇ ਲਗਿਆਂ ਨੂੰ ਜਮ ਦਾ ਜਗਾਤ ਡੰਡ ਜ਼ਰੂਰ ਲਗਦਾ ਹੈ। ਨਾਵਹੁ ਭੁਲਿਆਂ ਦਾ ਰਤੀ ਰਤੀ ਮਾਸਾ ਮਾਸਾ ਭਰ ਦਾ ਤੋਲ ਤੋਲ ਕੇ ਲੇਖਾ ਲਿਆ ਜਾਣਾ ਹੈ ਅਗੇ ਚੱਲ ਕੇ। ਯਥਾ ਗੁਰਵਾਕ—

ਜਮੁ ਜਾਗਾਤੀ ਦੂਜੈ ਭਾਇ ਕਰੁ ਲਾਏ ॥ ਨਾਵਹੁ ਭੂਲੇ ਦੇਇ ਸਜਾਏ ॥
ਘੜੀ ਮੁਹਤ ਕਾ ਲੇਖਾ ਲੇਵੈ ਰਤੀਅਹੁ ਮਾਸਾ ਤੋਲ ਕਢਾਵਣਿਆ ॥੫॥
(੨॥੨੮॥੨੯) [ਮਾਝ ਮ: ੩, ਪੰਨਾ ੧੨੭

ਦੇਖਿਆ ! ਘੜੀ ਮੁਹਤ ਦੇ ਭੀ ਜ਼ਰਾ ਜਿੰਨੇ ਲੇਖੇ ਲਏ ਜਾਂਦੇ ਹਨ ਅਗੇ ਚਲ ਕੇ। ਕਿਸੇ ਦੀ ਰਿਆਇਤ ਨਹੀਂ ਹੁੰਦੀ, ਸਿਵਾਏ ਨਾਮ ਜਪਣ ਵਾਲਿਆਂ ਦੇ। ਤਿਨ੍ਹਾਂ ਨੂੰ ਕੋਈ ਪੁਛਦਾ ਹੀ ਨਹੀਂ, ਨਾ ਕੋਈ ਲੇਖਾ ਲੈਂਦਾ ਹੈ। ਜਮ ਜੰਦਾਰ ਤਿਨ੍ਹਾਂ ਦੇ ਨੇੜੇ ਨਹੀਂ ਆਉਂਦਾ।

ਅਗਲੇ ਗੁਰਵਾਕ ਅੰਦਰ ਕਿਆ ਸੋਹਣਾ ਵਰਨਣ ਹੈ ਨਾਮ ਸੰਮਾਲਣ ਵਾਲਿਆਂ ਦੀ ਦਸ਼ਾ ਦਾ ਕਿ ਓਹਨਾਂ ਨੂੰ ਕਦੇ ਜਮੂਆ ਨਹੀਂ ਲਗਦਾ। ਯਥਾ ਗੁਰਵਾਕ—

ਨਿਤ ਨਿਤ ਦਯੁ ਸਮਾਲੀਐ ॥ ਮੂਲਿ ਨ ਮਨਹੁ ਵਿਸਾਰੀਐ ॥ਰਹਾਉ॥
ਸੰਤਾ ਸੰਗਤਿ ਪਾਈਐ ॥ ਜਿਤੁ ਜਮ ਕੈ ਪੰਥਿ ਨ ਜਾਈਐ ॥
ਤੋਸਾ ਹਰਿ ਕਾ ਨਾਮੁ ਲੈ ਤੇਰੇ ਕੁਲਹਿ ਨ ਲਾਗੈ ਗਾਲਿ ਜੀਉ ॥੧॥
ਜੋ ਸਿਮਰੰਦੇ ਸਾਂਈਐ ॥ ਨਰਕਿ ਨ ਸੇਈ ਪਾਈਐ ॥
ਤਤੀ ਵਾਉ ਨ ਲਗਈ ਜਿਨ ਮਨਿ ਵੁਠਾ ਆਇ ਜੀਉ ॥੨॥
(੮॥੪॥੩੮) [ਮਾਝ ਮ: ੫, ਪੰਨਾ ੧੩੨

ਭਾਵ—ਦਾਤਾਰ ਵਾਹਿਗੁਰੂ ਨੂੰ ਜੋ ਜਨ ਨਿਤ ਨਿਤ ਤੇ ਸੁਆਸਿ ਸੁਆਸਿ ਸਿਮਰਨ ਕਰਿ ਸੰਮਾਲਦੇ ਹਨ ਅਤੇ ਮਨ ਤੋਂ ਮੂਲੋਂ ਨਹੀਂ ਵਿਸਾਰਦੇ ਤੇ ਸੰਤਾਂ ਦੀ ਸੰਗਤ ਵਿਚਿ ਵਾਸਾ ਰਖਦੇ ਹਨ, ਸਾਰੀ ਉਮਰ ਨਾਮ ਦਾ ਤੋਸ਼ਾ ਹੀ ਵਿਹਾਝਦੇ ਹਨ, ਸੇ ਜਨ ਜਮ ਦੇ ਪੰਥਿ ਨਹੀਂ ਜਾਂਦੇ। ਤਿਨ੍ਹਾਂ ਦੀ ਕੁਲ ਨੂੰ ਭੀ ਲੀਕ ਨਹੀਂ ਲਗਦੀ। ਸਾਈਂ ਨੂੰ ਸਦ ਸਦਾ ਸਿਮਰਨਹਾਰੇ ਨਰਕਾਂ ਵਿਚਿ ਨਹੀਂ ਪੈਂਦੇ, ਨਾ

ਹੀ ਪਾਏ ਜਾਂਦੇ ਹਨ। ਓਨ੍ਹਾਂ ਨੂੰ ਤਤੀ ਵਾਉ ਨਹੀਂ ਲਗਦੀ। ਤਿਨ੍ਹਾਂ ਦੇ ਮਨ ਵਿਚ ਆਪ ਵਾਹਿਗੁਰੂ ਆ ਕੇ ਵੁਠਦਾ ਹੈ ਅਤੇ ਤਿਨ੍ਹਾਂ ਦੇ ਮਨ ਵਿਖੇ ਹੀ ਵਾਹਿਗੁਰੂ ਆਣਿ ਤੁਠਦਾ ਹੈ, ਜੋ ਅਨਦਿਨ ਵਾਹਿਗੁਰੂ ਨਾਮ ਹੀ ਸਿਮਰਨ ਕਰਦੇ ਹਨ।

ਬਾਰਹਮਾਹਾ ਮਾਝ ਵਿਖੇ ਭੀ ਗੁਰੂ ਪੰਚਮ ਪਾਤਸ਼ਾਹ 'ਜਮਾਂ' ਬਾਰੇ ਇਉਂ ਉਚਾਰਨ ਕਰਦੇ ਹਨ। ਯਥਾ ਗੁਰਵਾਕ—

ਦੂਐ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥
ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥
ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥
ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ...੫॥

[ਬਾਰਹਮਾਹਾ ਮਾਝ, ਪੰਨਾ ੧੩੪

ਭਾਵ—ਵਾਹਿਗੁਰੂ ਨਾਮ ਨੂੰ ਛੱਡ ਕੇ ਜਿਹੜੀ ਦੂਜੇ ਭਾਵ ਦੀ ਪ੍ਰਸਤਸ਼ ਹੈ, ਉਸ ਵਿਚ ਵਿਗੋਚਾ ਹੀ ਵਿਗੋਚਾ ਹੈ। ਦੂਜੇ ਭਾਵ ਵਿਚ ਪਰਵਿਰਤ ਹੋਇ ਪ੍ਰਾਣੀਆਂ ਦੇ ਗਲ ਵਿਚ ਜਮ ਦੀ ਫਾਸ ਜ਼ਰੂਰ ਪੈਂਦੀ ਹੈ। ਅਗੇ ਜਾ ਕੇ ਸੋਈ ਵਢਣਾ ਪੈਂਦਾ ਹੈ ਜਿਹਾ ਕਿਸੇ ਨੇ ਬੀਜ ਬੀਜਿਆ ਹੁੰਦਾ ਹੈ, ਤੇਹਾ ਹੀ ਫਲ ਉਸ ਨੂੰ ਮਿਲਦਾ ਹੈ। ਜਦੋਂ ਸਾਰੀ ਉਮਰ ਰੂਪੀ ਰੈਣ ਐਵੇਂ ਹੀ ਵਿਹਾ ਜਾਂਦੀ ਹੈ ਤਾਂ ਫੇਰ ਪਛਤਾਵਾ ਹੀ ਹਥਿ ਰਹਿ ਜਾਂਦਾ ਹੈ। ਪਰ ਫੇਰ ਪਛੁਤਾਏ ਕੀ ਬਣਦਾ ਹੈ। ਨਿਰਾਸੇ ਹੀ ਉਠ ਸਿਧਾਉਣਾ ਹੁੰਦਾ ਹੈ। ਦਰਗਹ ਅੰਦਰ ਤਿਨ੍ਹਾਂ ਦੀ ਹੀ ਬੰਦ-ਖਲਾਸੀ ਹੁੰਦੀ ਹੈ ਜਿਨ੍ਹਾਂ ਨੇ ਮਾਨੁਖਾ ਜਨਮ ਧਾਰ ਕੇ ਗੁਰੂ ਨਾਨਕ ਸਾਧ ਰੂਪ ਨੂੰ ਭੇਟਿਆ ਹੁੰਦਾ ਹੈ, ਅਰਥਾਤ ਗੁਰੂ ਘਰ ਵਿਚ ਆ ਕੇ ਗੁਰ-ਦੀਖਿਆ ਲਈ ਹੋਈ ਤੇ ਕਮਾਈ ਹੋਈ ਹੁੰਦੀ ਹੈ। ਭਾਦੋਂ ਦੇ ਮਹੀਨੇ ਵਿਚ ਇਉਂ ਉਚਾਰਨ ਉਚਾਰਿਆ ਮਿਲਦਾ ਹੈ—

ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥
ਸੇ ਭਾਦੁਇ ਨਰਕ ਨ ਪਾਈਅਹਿ ਗੁਰੁ ਰਖਣਵਾਲਾ ਹੇਤੁ ॥੭॥

[ਬਾਰਹਮਾਹਾ ਮਾਝ, ਪੰਨਾ ੧੩੪

ਭਾਵ—ਦੇਹੀ ਦੇ ਬਿਨਸਣ ਨਾਲ ਹੀ ਪ੍ਰਾਣੀ ਨੂੰ ਪ੍ਰੇਤ ਕਹਿਣ ਲਗ ਜਾਂਦੇ ਹਨ। ਜੀਵ ਨੂੰ ਪਕੜ ਕੇ ਜਮ ਲੈ ਜਾਂਦੇ ਹਨ। ਦੇਹੀ ਡਰਾਉਣੀ ਹੋ ਜਾਂਦੀ

ਹੈ । ਦੇਹੀ ਨੂੰ ਦੇਖ ਦੇਖ ਕੇ ਹੀ ਲੋਕਾਂ ਨੂੰ ਡਰ ਲਗਣ ਲਗ ਜਾਂਦਾ ਹੈ ਅਤੇ ਪਿਆਰੀ ਲਗਣ ਵਾਲੀ ਦੇਹੀ ਪ੍ਰੇਤ ਸਮਾਨ ਪਰਤੀਤ ਹੁੰਦੀ ਹੈ । ਓਸ ਦੇ ਪਿਆਰਿਆਂ ਨੂੰ ਭੀ ਜੀਵ ਦੀ ਗਤੀ ਦਾ ਭੇਤ ਨਹੀਂ ਲਗਦਾ, ਕਿਸੇ ਨੂੰ ਭੀ ਨਹੀਂ ਲਗਦਾ ਕਿ ਜਮਦੂਤ ਲੈ ਗਏ ਹਨ ਉਸ ਨੂੰ ਫੜ ਕੇ । ਜੇ ਪਤਾ ਲਗ ਭੀ ਜਾਵੇ ਤਾਂ ਕਿਸੇ ਨੇ ਕੀ ਕਰ ਲੈਣਾ ਹੈ । ਪਰ ਪੱਕ ਗੱਲ ਇਹ ਹੈ ਕਿ ਜੀਵ ਨੂੰ ਜਮਦੂਤ ਜ਼ਰੂਰ ਫੜ ਕੇ ਲੈ ਜਾਂਦੇ ਹਨ । ਅਤੇ ਛੁਟੜ ਦੇਹੀ ਨੂੰ, ਜੀਵ ਤੋਂ ਛੁਟੜ ਦੇਹੀ ਨੂੰ ਉਹ ਸੰਸਾਰੀ ਸਬੰਧੀ ਭੀ ਖਿਨ ਵਿਚ ਹੀ ਛਡ ਬਹਿੰਦੇ ਹਨ, ਜਿਨ੍ਹਾਂ ਦਾ ਕਿ ਜੀਉਂਦੇ ਜੀਅ ਇਸ ਦੇਹੀ ਨਾਲ ਹਿਤ ਪਿਆਰ ਲਗਾ ਹੋਇਆ ਸੀ । ਜੀਵ ਦੇਹੀ ਵਿਚਹੁ ਨਿਕਲ ਜਾਂਦਾ ਹੈ ਤਾਂ ਨਿਕਲਣ ਸਮੇਂ ਸਰੀਰ ਪਹਿਲਾਂ ਸਿਆਹ ਕਾਲਾ ਹੋ ਜਾਂਦਾ ਹੈ ਅਤੇ ਫੂਕ ਨਿਕਲਣ ਸਾਰ ਹੀ ਸਿਆਹਹੁ ਸੇਤ ਬੱਗਾ ਹੋ ਜਾਂਦਾ ਹੈ । ਸੋ ਅਗੇ ਜਾ ਕੇ ਦੇਹੀ ਵਿਚਹੁ ਨਿਕਲਿਆ ਜੀਵ ਤੇਹਾ ਹੀ ਲੁਣਦਾ ਹੈ, ਜੇਹਾ ਬੀਜ ਉਸ ਨੇ ਬੋਇਆ ਹੋਇਆ ਹੁੰਦਾ ਹੈ । ਕਰਮਾਂ ਦੇ ਖੇਤ ਦਾ ਫਲ-ਨਿਬੇੜਾ ਅਗੇ ਜਾ ਕੇ ਹੁੰਦਾ ਹੈ । ਇਹ ਓਹਨਾਂ ਦਾ ਹਾਲ ਹੁੰਦਾ ਹੈ ਜਿਨ੍ਹਾਂ ਨੇ ਸਾਰੀ ਉਮਰ ਵਾਹਿਗੁਰੂ ਨੂੰ ਵਿਸਾਰ ਛਡਿਆ ਹੁੰਦਾ ਹੈ ਅਤੇ ਨਿਮਖ ਮਾਤ੍ਰ ਭੀ ਨਾਮ ਨਹੀਂ ਜਪਿਆ ਹੁੰਦਾ । ਅਤੇ ਜਿਨ੍ਹਾਂ ਨੂੰ ਸਤਿਗੁਰੂ ਨੇ ਵਾਹਿਗੁਰੂ ਨਾਮ ਦੇ ਜਹਾਜ਼ ਤੇ ਚਾੜ੍ਹ ਲਿਆ ਹੈ, ਓਹ ਐਥੇ ਓਥੇ ਵਾਹਿਗੁਰੂ ਦੇ ਚਰਨਾਂ ਵਿਚ ਹੀ ਨਿਵਾਸ ਰਖਣ ਵਾਲੇ ਹੋ ਜਾਂਦੇ ਹਨ । ਓਹਨਾਂ ਦੀ ਵਾਹਿਗੁਰੂ ਦੇ ਦਰ ਤੇ ਪੈਜ ਰਖਣ ਵਾਲਾ ਆਪ ਸਤਿਗੁਰੂ ਹੈ । ਓਹ ਨਰਕਾਂ ਵਿਚ ਨਹੀਂ ਪੈਂਦੇ ।

ਗੁਰੂ ਘਰ ਦੇ ਗੁਰਮੁਖ ਸਾਧ ਜਨਾਂ ਦੀ ਸੰਗਤ ਤੋਂ ਵਾਂਝੀਆਂ ਜੀਵ-ਆਤਮਾਵਾਂ ਅਗੇ ਜਾ ਕੇ ਇਕੇਲੜੀਆਂ ਹੀ ਭਰਮਦੀਆਂ ਭਟਕਦੀਆਂ ਫਿਰ੍ਦੀਆਂ ਹਨ । ਓਹਨਾਂ ਦਾ ਓਥੇ ਕੋਈ ਸੰਗੀ ਸਾਥੀ ਤੇ ਬਾਹਰੂ ਨਹੀਂ ਹੁੰਦਾ । ਬਸ ਅਗੇ ਜਾ ਕੇ ਓਹ ਜਮਾਂ ਦੇ ਵਸਿ ਪੈ ਜਾਂਦੀਆਂ ਹਨ । ਤਿਨ੍ਹਾਂ ਦਾ ਜਮਦੂਤਾਂ ਦੀ ਮਾਰ ਵਾਲਾ ਦੁਖ ਕਦੇ ਨਹੀਂ ਉਤਰਦਾ, ਚਾਹੇ ਉਹ ਕਿਤਨੇ ਹੀ ਕਰਣ-ਪਲਾਵ ਕਰਨ । ਯਥਾ ਗੁਰਵਾਕ—

ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ...੧੦॥

[ਬਾਰਹਮਾਹਾ ਮਾਝ, ਪੰਨਾ ੧੩੫

ਤਾਂ ਤੇ ਕੁਸੰਗੀ ਪੁਰਸ਼ਾਂ ਨੂੰ, ਕੁਸੰਗ ਦੀ ਮੈਲ ਨਾਲ ਲਿਬੜੀਆਂ ਹੋਈਆਂ ਰੂਹਾਂ ਨੂੰ ਅਗੇ ਜਾ ਕੇ ਜ਼ਰੂਰ ਜਮ ਦੇ ਵਸਿ ਪੈਣਾ ਪੈਂਦਾ ਹੈ ਅਤੇ ਜਮਾਂ ਦੀ ਅਸਹਿ ਮਾਰ ਦਾ ਦੁਖ ਸਹਿਣਾ ਪੈਂਦਾ ਹੈ । ਤਾਂ ਤੇ ਰਮਤ ਰਾਮ ਸ੍ਰੀ ਵਾਹਿਗੁਰੂ ਦਾ ਨਾਮ ਰਸਨਾ ਕਰਕੇ ਉਚਾਰਨ ਅਤੇ ਮੁਖ ਕਰਕੇ ਜਪਣ ਵਿਚ ਇਕ ਬਿਲਮ

ਭੀ ਨਹੀਂ ਲਾਉਣੀ ਚਾਹੀਦੀ। ਸਾਰੀ ਆਯੂ ਨਾਮ ਸਿਮਰਨ ਵਿਚ ਹੀ ਬਿਹਾਉਣੀ ਚਾਹੀਦੀ ਹੈ। ਨਹੀਂ ਤਾਂ ਅਗੇ ਜਾ ਕੇ ਜਮਾਂ ਦੇ ਟੇਟੇ ਚੜ੍ਹਨਾ ਪਊ ਅਤੇ ਜਮ ਮਾਰਗ ਦਾ ਦੁਖ ਸਹਿਣਾ ਪਊ। ਜਿਥੇ ਜਮਾਂ ਦੇ ਬਿਖਮ ਘਣੇ ਦਲਾਂ ਦੇ ਦਲ ਭਿਆਨਕ ਰੂਪ ਧਾਰ ਕੇ ਖੜੋਤੇ ਹੋਣਗੇ, ਜਿਨ੍ਹਾਂ ਦੇ ਵਸਿ ਪੈ ਕੇ ਨਾਨਾ ਪ੍ਰਕਾਰ ਦੇ ਬਿਕਟ ਦੁਖ ਸਹਿਣੇ ਪੈਣਗੇ। ਜਦੋਂ ਦੇਹ ਰੂਪੀ ਮੜ੍ਹੀ ਦੀ ਢਹਿ-ਢੇਰੀ ਹੋ ਜਾਣੀ ਹੈ ਅਤੇ ਜੀਵ ਦੇ ਦੇਹੁਰੇ ਵਿਚ ਲੁਟ ਮਚ ਜਾਣੀ ਹੈ, ਜੀਵ ਜਿੰਦ ਨੂੰ ਦੇਹੁਰੀ ਵਿਚੋਂ ਮਾਰ ਕੇ ਕਢਿਆ ਜਾਣਾ ਹੈ (ਮੌਤ ਸਮੇਂ), ਪੰਜਾਂ ਦੂਤਾਂ—ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦਾ ਲੁਟਿਆ ਹੋਇਆ ਦੇਹੁਰਾ ਸੁੰਞਾ ਅਤੇ ਵੈਰਾਨ ਹੋ ਜਾਣਾ ਹੈ। ਜੀਉ ਵਿਚਾਰਾ ਜਮਾਂ ਦੇ ਵਸਿ ਪੈ ਕੇ ਪਕੜਿਆ ਜਾਣਾ ਹੈ। ਪੰਜਾਂ ਦੂਤਾਂ ਨੇ ਜੀਵ ਨੂੰ ਫਸਾ ਕੇ ਨੱਸ ਭੱਜ ਜਾਣਾ ਹੈ। ਵਿਚਾਰੀ ਜਿੰਦੜੀ ਇਕੇਲੀ ਨੂੰ ਹੀ ਸਿਰ ਤੇ ਬਣੀਆਂ ਸਹਿਣੀਆਂ ਪੈਣੀਆਂ ਹਨ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਰੂਪੀ ਪੰਜਾਂ ਦੂਤਾਂ ਨੇ ਤਾਂ ਉਸੇ ਵੇਲੇ ਹੀ ਅਲੱਗ ਭੱਜ ਜਾਣਾ ਹੈ ਜਦੋਂ ਜਮ ਦਾ ਡੰਡਾ ਜੀਵ ਦੇ ਸਿਰ ਤੇ ਵਰ੍ਹਨਾ (ਵਰਸਣਾ) ਹੈ ਅਤੇ ਸੰਗਲ ਜਮ ਦਾ ਜੀਵ ਦੇ ਗਲੇ ਵਿਚ ਪੈਣਾ ਹੈ।

ਜਿਨ੍ਹਾਂ ਦਾ ਪ੍ਰੇਰਿਆ ਹੋਇਆ ਜੀਵ ਸਾਰੀ ਉਮਰ ਪਾਪ ਕਰਮ ਹੀ ਕਮਾਉਂਦਾ ਰਹਿਆ ਹੈ, ਓਹਨਾਂ ਨੇ ਫੇਰ ਨੇੜੇ ਭੀ ਨਹੀਂ ਢੁਕਣਾ। ਜਿਨ੍ਹਾਂ ਦੀ ਖ਼ਾਤਰ ਸਾਰੀ ਉਮਰ ਖੱਚਤ ਹੋ ਕੇ ਖੋਟੀ ਕਮਾਈ ਕਰਦਾ ਰਿਹਾ ਹੈ, ਤਿਨ੍ਹਾਂ ਨੇ ਭੀ ਕੋਈ ਸਹਾਇਤਾ ਨਹੀਂ ਕਰ ਸਕਣੀ। ਜਿਸ ਕਾਮਣੀ ਇਸਤ੍ਰੀ ਦੇ ਕਾਮ ਮੋਹ ਵਸਿ ਪਇਆ, ਜਿਹੜੇ ਭੀ ਉਹ ਸੋਇਨਾ ਚਾਂਦੀ ਆਦਿਕ ਪਦਾਰਥ ਮੰਗਦੀ ਰਹੀ ਹੈ, ਉਸ ਦੀ ਲੋੜ ਪੂਰੀ ਕਰਨ ਖ਼ਾਤਰ ਜਿਵੇਂ ਭੀ ਹੋਵੇ, ਚੋਰੀ ਜੁਆਰੀ ਆਦਕ ਖੋਟੀਆਂ ਕਮਾਈਆਂ ਕਰ ਕੇ ਸਾਰੀ ਉਮਰ ਖਟ ਕੇ ਲਿਆਉਂਦਾ ਰਿਹਾ, ਤਿਸ ਨੇ ਭੀ ਕੋਈ ਹਿਮਾਇਤ ਨਹੀਂ ਕਰ ਸਕਣੀ। ਸਾਰੀ ਉਮਰ ਦੇ ਖਾਊ ਯਾਰਾਂ ਮਿਤਰਾਂ ਨੇ ਭੀ ਮੁੱਛਾਂ ਤੇ ਤਾਉ ਦੇ ਕੇ ਖਾ ਪੀ ਕੇ ਹਜ਼ਮ ਕਰ ਕੇ ਲਾਂਭੇ ਹੋ ਜਾਣਾ ਹੈ। ਜਿਨ੍ਹਾਂ ਦੇ ਕਾਰਨ ਪਾਪ ਕਰਮ ਕਮਾਵੰਦਾ ਰਿਹਾ ਹੈ, ਤਿਨ੍ਹਾਂ ਵਿਚੋਂ ਕਿਸੇ ਨੇ ਭੀ ਕਖ ਕੰਮ ਨਹੀਂ ਆਉਣਾ। ਓਹਨਾਂ ਦੇ ਦੇਖਦਿਆਂ ਖ਼ਾਲੀ ਇਕੇਲੇ ਨੇ ਲੱਦ ਜਾਣਾ ਹੈ ਅਤੇ ਜਮਪੁਰੀ ਵਿਚ ਬਧੇ ਹੋਏ ਨੇ ਜਾ ਬੰਧੂਏ ਬਣਨਾ ਹੈ। ਏਸੇ ਭਾਵ ਦਾ ਜਣਾਇਕ ਇਹ ਅਗਲਾ ਗੁਰਵਾਕ ਹੈ। ਯਥਾ—

ਸ੍ਰੀਰਾਮ ਨਾਮਾ ਉਚਰੁ ਮਨਾ ॥
ਆਗੈ ਜਮ ਦਲੁ ਬਿਖਮੁ ਘਨਾ ॥੧॥ਰਹਾਉ॥...
ਢਾਹਿ ਮੜੋਲੀ ਲੂਟਿਆ ਦੇਹੁਰਾ ਸਾਧਨ ਪਕੜੀ ਏਕ ਜਨਾ ॥

ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ ਗਏ ਸੇ ਪੰਚ ਜਨਾ ॥੩॥
ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੋੜੇਨਿ ਸੁ ਖਾਧਾਤਾ ॥
ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮਪੁਰਿ ਬਾਧਾਤਾ ॥੪॥੨॥੨੪॥
[ਗਉੜੀ ਚੇਤੀ ਮ: ੧, ਪੰਨਾ ੧੫੫

ਇਸ ਗੁਰਵਾਕ ਵਿਖੇ ਗੁਰੂ ਨਾਨਕ ਸਾਹਿਬ ਨੇ ਸਾਫ਼ ਸ਼ਾਹਦੀ ਭਰੀ ਹੈ ਕਿ ਹੋਰ ਅਦ੍ਰਿਸ਼ਟ ਅਗੰਮ ਪੁਰੀਆਂ ਵਾਂਗੂ ਅਕਾਲ ਪੁਰਖ ਦੀ ਕਾਇਨਾਤ ਵਿਖੇ ਜਮ-ਪੁਰੀ ਦਾ ਵਖਰਾ ਰਿਜਨ (region) ਭੀ ਰਚਿਆ ਹੋਇਆ ਹੈ, ਜਿਥੇ ਲਿਜਾ ਕੇ ਪਾਪੀਆਂ ਦੀਆਂ ਪਾਪਿਸ਼ਟ ਰੂਹਾਂ ਨੂੰ ਨਾਨਾ ਪ੍ਰਕਾਰ ਦੀਆਂ ਭਿਅੰਕਰ ਸਜ਼ਾਵਾਂ ਜਮਦੂਤ ਦਿੰਦੇ ਹਨ।

ਇਹ ਜਮਾਂ ਦੀ ਮਾਰ ਤਿਨ੍ਹਾਂ ਸਾਕਤਾਂ ਨਿਗੁਰਿਆਂ ਉਤੇ ਹੀ ਪੈਂਦੀ ਹੈ, ਜੋ ਮਨੁਖਾ ਜਨਮ ਧਾਰ ਕੇ ਨਾਮ ਬਿਨਾਂ ਦੂਜੇ ਕਰਮਾਂ ਵਿਚ ਅਤੇ ਦੂਜੇ ਭਾਵ ਦੀ ਪੂਜਾ ਵਿਚ ਹੀ ਸਾਰੀ ਉਮਰ ਲਗੇ ਰਹੇ ਹਨ। ਤਿਨ੍ਹਾਂ ਨੂੰ ਹੀ ਜਮਾਂ ਨੇ ਮਰਨ ਸਾਰ ਫੜ ਕੇ ਲੈ ਜਾਣਾ ਹੈ, ਗਲ ਘੁੱਟ ਘੁੱਟ ਕੇ ਮਾਰਨਾ ਹੈ। ਐਸੇ ਸਾਕਤਾਂ ਚੋਰਾਂ ਦੇ ਨੇੜੇ ਭੀ ਨਹੀਂ ਭਿਟਣਾ ਚਾਹੀਦਾ, ਜਿਨ੍ਹਾਂ ਨੇ ਨਾਮ ਵਿਸਾਰਿ ਹੋਰਤ ਕੰਮਾਂ-ਕਰੰਮਾਂ ਵਲ ਹੀ ਰੁਚੀ ਲਾਈ ਰਖੀ ਹੈ। ਨਾਮ ਵਿਸਾਰਨਹਾਰੇ ਸਭ ਸਾਕਤ ਚੋਰ ਹਨ। ਤਿਨ੍ਹਾਂ ਨੂੰ ਅਗੇ ਜਾ ਕੇ ਤਿਵੇਂ ਹੀ ਮਾਰ ਪੈਂਦੀ ਹੈ, ਜਿਵੇਂ ਸੰਨ੍ਹੀ ਉਪਰ ਫੜੇ ਚੋਰ ਨੂੰ ਇਸ ਸੰਸਾਰ ਵਿਖੇ ਪੈਂਦੀ ਹੈ। ਯਥਾ ਗੁਰਵਾਕ—

ਮੇਰੇ ਮਨ ਨਾਮ ਬਿਨਾ ਜੋ ਦੂਜੈ ਲਾਗੇ ਤੇ ਸਾਕਤ ਨਰ ਜਮਿ ਘੁਟੀਐ ॥
ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ
ਮਨ ਤਿਨ ਕੈ ਨਿਕਟਿ ਨ ਭਿਟੀਐ ॥੪॥(੫॥੫॥੧੯॥੫੭)
[ਗਉੜੀ ਪੂਰਬੀ ਮ: ੪, ਪੰਨਾ ੧੭੦

ਇਸ ਜਮ ਤੋਂ ਸੋਈ ਜਨ ਬਚਦੇ ਹਨ ਜਿਨ੍ਹਾਂ ਨੇ ਸਾਰੀ ਉਮਰ ਸਤਿਗੁਰੂ ਦਾ ਦੀਖਿਆ ਗੁਰਮੰਤ੍ਰ ਰੂਪੀ ਬਚਨ ਕਮਾਇਆ ਹੋਵੇ, ਭਾਵ ਜਿਸ ਨੇ ਗੁਰਮੰਤ੍ਰ, ਗੁਰਮਤਿ ਨਾਮ ਦੀ ਅਤੁੱਟ ਕਮਾਈ ਕੀਤੀ ਹੋਵੇ। ਕਿਉਂਕਿ ਅਬਿਨਾਸ਼ੀ ਸਤਿਗੁਰੂ ਦਾ ਗੁਰਮੰਤ੍ਰ ਰੂਪੀ ਬਚਨ ਭੀ ਅਬਿਨਾਸ਼ੀ ਹੈ ਅਤੇ ਜਮ-ਫਾਸੀ ਕਟਣ ਨੂੰ ਸਮਰੱਥ ਹੈ। ਯਥਾ ਗੁਰਵਾਕ—

ਗੁਰ ਕਾ ਬਚਨੁ ਸਦਾ ਅਬਿਨਾਸੀ ॥
ਗੁਰ ਕੈ ਬਚਨਿ ਕਟੀ ਜਮ ਫਾਸੀ...੧॥(੪॥੫॥੭੪)
[ਗਉੜੀ ਗੁਆਰੇਰੀ ਮ: ੫, ਪੰਨਾ ੧੭੭

## ੧੧

# ਮਰਨ ਸਮੇਂ ਦੀ ਜਮਾਂ ਦੀ ਝਾਕੀ

ਕਾਲ ਰੂਪੀ ਫਾਸੀ, ਮਰਨ ਕਾਲ ਰੂਪੀ ਤ੍ਰਾਸ ਤਾਂ ਨਾਮ ਜਪਣਹਾਰਿਆਂ ਦਾ ਐਥੇ ਜੀਉਂਦੇ-ਜੀਅ ਹੀ ਕਟਿਆ ਜਾਂਦਾ ਹੈ। ਓਹ ਸੁਖਾਲੇ ਸੁਆਸੀਂ ਨਾਮ ਜਪਦੇ ਹੋਏ ਹੀ ਚਲਾਣਾ ਕਰਦੇ ਹਨ। ਜਿਨ੍ਹਾਂ ਨੂੰ ਮਰਨ ਸਮੇਂ ਕਾਲ-ਫਾਸ ਨੇ ਨਹੀਂ ਸਤਾਇਆ, ਉਹਨਾਂ ਨੂੰ ਅਗੇ ਜਾ ਕੇ ਜਮ-ਫਾਸ ਨੇ ਕੀ ਸਤਾਉਣਾ ਹੈ ? ਅਰਥਾਤ ਉੱਕਾ ਹੀ ਨਹੀਂ ਸਤਾ ਸਕਣਾ। ਮਰਨ ਕਾਲ ਦੇ ਤ੍ਰਾਸ ਸਮੇਂ ਭੀ ਬਹੁਤਾ ਜਮਾਂ ਦਾ ਤ੍ਰਾਸ ਹੀ ਹੁੰਦਾ ਹੈ। ਕਈ ਬੁਰਿਆਰ ਪਾਪਿਸ਼ਟ ਕਰੰਮੀਆਂ ਨੂੰ ਮਰਨ ਸਮੇਂ ਤੋਂ ਪਹਿਲਾਂ ਹੀ ਜਮ ਆ ਕੇ ਡਰਾਉਣ ਲਗ ਜਾਂਦੇ ਹਨ, ਜਿਨ੍ਹਾਂ ਨੂੰ ਦੇਖ ਕੇ ਉਹ ਕੰਪਾਇਮਾਨ ਹੁੰਦੇ ਹਨ ਅਤੇ ਦੁਹਾਈਆਂ ਦਿੰਦੇ ਹਨ। ਇਸ ਪ੍ਰਕਾਰ ਦੁਹਾਈਆਂ ਦਿੰਦੇ ਅਤੇ ਜਮਾਂ ਨੂੰ ਦੇਖ ਕੇ ਥਰ ਥਰ ਕੰਬਦੇ ਅਸੀਂ ਭੀ ਕੁਝ ਪ੍ਰਾਣੀ ਦੇਖੇ ਹਨ। ਇਕ ਦੋ ਉਦਾਹਰਨ ਅਖੀਂ ਦੇਖੇ ਏਥੇ ਲਿਖਣੇ ਦਿਲਚਸਪੀ ਤੋਂ ਖ਼ਾਲੀ ਨਹੀਂ ਹੋਣਗੇ। ਦਿਲਚਸਪੀ ਇਸ ਕਰਕੇ ਆਖੀ ਹੈ ਕਿ ਇਹ ਉਦਾਹਰਨ ਸਿਖਿਆਦਾਇਕ ਹਨ।

ਪਹਿਲੀ ਮਿਸਾਲ ਇਹ ਹੈ—

ਇਸ ਦਾਸਰੇ ਦਾ ਇਕ ਤਾਏ ਜਾਇਆ ਭਾਈ ਟੇਕ ਸਿੰਘ ਨਾਂ ਦਾ ਸੀ, ਜੋ ਸਾਰੀ ਉਮਰ ਕੁਸੰਗੀਆਂ ਦੀ ਕੁਸੰਗਤ ਵਿਚ ਫਸ ਕੇ ਸ਼ਰਾਬੀ ਕਬਾਬੀ ਬਣਿਆ ਰਹਿਆ ਅਤੇ ਹੋਰਤ ਖ਼ਰਾਬੀਆਂ ਵਿਚ ਖੀਨ ਖ਼ਰਾਬ ਹੁੰਦਾ ਰਿਹਾ। ਓੜਕ ਭਰੀ ਜਵਾਨੀ ਵਿਚ ਹੀ ਉਸ ਨੂੰ ਤਪਦਿਕ ਦੀ ਨਾਮੁਰਾਦ ਬੀਮਾਰੀ ਨੇ ਗ੍ਰਸ ਲਿਆ ਤੇ ਐਸਾ ਗ੍ਰਸਿਆ ਕਿ ਉਹ ਸਾਹਾਂ ਤੇ ਆ ਪਿਆ। ਅੰਤੀ ਸਮੇਂ ਉਹ ਬੜਾ ਹੀ ਦੁਖੀ ਹੋਇਆ ਅਤੇ ਉੱਚੀ ਉੱਚੀ ਦੁਹਾਈਆਂ ਦੇਣ ਲਗਾ। ਅਤੇ ਉੱਪਰ ਨੂੰ ਬਨੇਰਿਆਂ ਵਲ ਇਸ਼ਾਰੇ ਕਰ ਕਰ ਕੇ ਦਸੇ ਕਿ ਔਹ ਜਮ ਦੰਦ ਕਢ ਕੇ ਡਰਾਉਂਦੇ ਹਨ ਤੇ ਖਾਣ ਨੂੰ ਆਉਂਦੇ ਹਨ। ਇਹ ਦੇਖ ਕੇ ਕੰਬਣੀ ਆਉਂਦੀ ਹੈ ਅਤੇ ਜਾਨ ਅਜ਼ਾਬਾਂ ਵਿਚ ਫਸੀ ਹੋਈ ਹੈ।

ਦਾਸ ਨੇ ਓਹਨੀਂ ਦਿਨੀਂ ਸਜਰਾ ਹੀ ਅੰਮ੍ਰਿਤ ਛਕਿਆ ਸੀ ਅਤੇ ਪਰਮਾਰਥ

ਦੀ ਸੁਹਾਗ-ਪ੍ਰਾਪਤੀ ਦੇ ਚਾਉ ਵਿਚ ਅਹਿਨਿਸ ਨਾਮ ਜਪਦਾ ਹੋਇਆ ਨਾਲ ਦੀ ਨਾਲ 'ਸੁਖਮਨੀ ਸਾਹਿਬ' ਦੇ ਅਖੰਡ ਪਾਠ ਭੀ ਜਿਤਨੇ ਹੋ ਸਕਣ, ਕਰਦਾ ਰਹਿੰਦਾ ਸੀ । ਤੁਰਦਾ ਫਿਰਦਾ ਬਹਿੰਦਾ ਉਠਦਾ ਨਾਮ ਅਭਿਆਸ ਕਰਦਾ ਹੋਇਆ ਇਕ ਸੁਖਮਨੀ ਸਾਹਿਬ ਦਾ ਪਾਠ ਜਾਰੀ ਹੀ ਰਖਦਾ ਸੀ । ਇਸੇ ਦਸ਼ਾ ਵਿਚ ਪਾਠ ਅਭਿਆਸ ਕਰਦੇ ਨੂੰ ਮੇਰੀ ਮਾਈ ਨੇ ਮੈਨੂੰ ਆ ਕੇ ਦਸਿਆ ਕਿ ਟੇਕ ਸਿੰਘ ਦੀ ਹਾਲਤ ਬੜੀ ਖ਼ਰਾਬ ਹੈ। ਉਹ ਦੁਹਾਈਆਂ ਦਿੰਦਾ ਹੈ, ਨਾਲੇ ਉਸ ਦਾ ਸਾਰਾ ਸਰੀਰ ਕੰਬਦਾ ਹੈ । ਅਜੀਬ ਗੱਲ ਇਕ ਇਹ ਹੈ ਕਿ ਉਹ ਸੈਨਤਾਂ ਕਰ ਕਰ ਦਸਦਾ ਹੈ ਕਿ ਜਮਦੂਤ ਖੜੇ ਡਰਾਉਂਦੇ ਹਨ । ਤੂੰ ਕਾਕਾ ਜ਼ਰਾ ਉਸ ਦੀ ਹਾਲਤ ਆ ਕੇ ਦੇਖ ਤਾਂ ਸਹੀ ।

ਆਪਣੀ ਮਾਤਾ ਜੀ ਦੀ ਆਗਿਆ ਮੰਨ ਕੇ ਦਾਸ ਉਸ ਪਾਸ ਗਿਆ । ਜਦੋਂ ਮੈਂ ਉਸ ਦੇ ਕਮਰੇ ਵਿਚ ਵੜਿਆ ਹੀ ਸੀ ਤਾਂ ਉਸ ਦੇ ਮੂੰਹੋਂ ਆਪ-ਮੁਹਾਰੇ ਇਹ ਆਵਾਜ਼ ਨਿਕਲੀ, 'ਆਹਾ ! ਬਈ ਠੰਢ ਪੈ ਗਈ। ਆ ਜਾ, ਮੇਰੇ ਕੋਲ ਬਹਿ ਜਾ । ਤੇਰੇ ਆਉਣ ਤੇ ਜੋ ਜਮਦੂਤ ਮੈਨੂੰ ਡਰਾਉਂਦੇ ਸਨ, ਤਾਬੜ-ਤੋੜ ਹੀ ਭੱਜ ਨੱਸ ਗਏ । ਹੁਣ ਮੇਰੇ ਕੋਲ ਬੈਠਾ ਰਹੁ, ਕਿਸੇ ਪਾਸੇ ਨਾ ਜਾਈਂ ।' ਸਚਮੁਚ ਉਸ ਦੇ ਪਾਸ ਬੈਠੇ ਹੋਏ ਸਾਰੇ ਦੇਖ ਕੇ ਹੈਰਾਨ ਸੀ ਕਿ ਇਕ-ਦਮ ਦੁਹਾਈਆਂ ਦੇਣੋਂ ਇਹ ਕਿਵੇਂ ਹਟ ਗਿਆ ਅਤੇ ਇਸ ਦੀ ਕੰਬਣੀ ਭੀ ਹਟ ਗਈ ।

ਮੈਂ ਇਹ ਦੇਖ ਕੇ ਅੰਦਰ ਹੀ ਅੰਦਰ ਸਤਿਗੁਰੂ ਦੇ ਸਿਦਕ ਵਿਚ ਭਰਪੂਰ ਲੀਣਾ ਹੋ ਕੇ ਆਨੰਦਤ ਹੋ ਰਿਹਾ ਸੀ ਅਤੇ ਸਤਿਗੁਰੂ ਅਗੇ ਗੁਪਤ ਅਰਦਾਸ ਕਰ ਰਿਹਾ ਸੀ ਕਿ ਹੇ ਸਚੇ ਪਾਤਸ਼ਾਹ ! ਇਹ ਸਭ ਤੇਰੀ ਬਾਣੀ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਹੀ ਵਡਿਆਈ ਹੈ, ਜਿਸ ਕਾਰਨ ਇਹ ਕਉਤਕ ਵਰਤਿਆ ਹੈ, ਵਰਨਾ ਮੈਂ ਨੀਚ ਦੇ ਆਉਣ ਤੇ ਇਹ ਘਟਨਾ ਕਿਵੇਂ ਵਰਤ ਸਕਦੀ ਸੀ । ਮੇਰਾ ਸਿਦਕ ਭਰੋਸਾ ਗੁਰਬਾਣੀ ਦੀ ਪਾਰਸ-ਕਲਾ ਉਤੇ, ਤੇ ਵਿਸ਼ੇਸ਼ ਕਰਕੇ ਸ੍ਰੀ ਸੁਖਮਨੀ ਸਾਹਿਬ ਦੀ ਪਾਰਸ-ਰਸਾਇਣੀ ਬਰਕਤ ਉਤੇ ਅਗੇ ਨਾਲੋਂ ਵੀ ਦਹਿਦੂਣਾ ਹੋ ਗਿਆ ਅਤੇ ਪੱਕਾ ਨਿਸਚਾ ਹੋ ਗਿਆ ਕਿ ਇਹ ਗੁਰਬਾਣੀ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਹੀ ਬਰਕਤ ਹੈ, ਜਿਸ ਕਰਕੇ ਜਮ ਡਰ ਕੇ ਭੱਜ ਗਏ ਹਨ ।

ਮੈਂ ਜਿਤਨਾ ਚਿਰ ਉਸ ਦੇ ਸਿਰਹਾਣੇ ਬੈਠਾ, ਆਸ ਪਾਸ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਦਾ ਰਿਹਾ, ਉਹ (ਮੇਰਾ ਤਾਏ ਜਾਇਆ ਭਾਈ) ਸ਼ਾਂਤ ਅਤੇ ਸੁਖੀ ਹੋ ਕੇ ਪਿਆ ਰਿਹਾ । ਮੇਰੀ ਬਾਂਹ ਨ ਛੱਡੇ ਅਤੇ ਮੈਨੂੰ ਆਪਣੇ ਪਾਸੋਂ ਪਰੇ

ਨਾ ਜਾਣ ਦੇਵੇ।

ਕੋਈ ਆਥਣ ਜਿਹੇ ਦਾ ਸਮਾਂ ਸੀ। ਦਾਸ ਨੇ ਆਪਣੇ ਬੁੰਗੇ ਤੇ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੁਖਆਸਣ ਕਰਨਾ ਸੀ, ਜਿਸ ਕਰਕੇ ਮਜਬੂਰ ਹੋ ਕੇ ਮੈਨੂੰ ਓਥੋਂ ਆਉਣਾ ਪਿਆ। ਮੇਰੇ ਉਠ ਕੇ ਉਸ ਦੇ ਕਮਰੇ ਚੋਂ ਬਾਹਰ ਨਿਕਲਣ ਦੀ ਦੇਰ ਸੀ ਕਿ ਉਹ ਫੇਰ ਓਵੇਂ ਹੀ ਦੁਹਾਈਆਂ ਦੇਣ ਲਗ ਪਿਆ। ਮੈਂ ਤੁਰਤ ਫੁਰਤੀ ਫੇਰ ਆ ਗਿਆ ਅਤੇ ਆਪਣੀ ਭੈਣ ਤੇ ਉਸ ਦੀਆਂ ਭੈਣਾਂ ਦੇ ਹੱਥੀਂ ਗੁਟਕੇ ਫੜਾ ਕੇ ਓਹਨਾਂ ਨੂੰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰੀ ਜਾਣ ਲਈ ਪ੍ਰੇਰਿਆ। ਓਹ ਪਾਠ ਕਰਨ ਲਗ ਪਈਆਂ ਤੇ ਮੈਂ ਚਲਿਆ ਗਿਆ। ਫੇਰ ਓਹ ਖਾਸਾ ਸੁਖੀ ਰਿਹਾ। ਮੈਂ ਸ੍ਰੀ ਗੁਰੂ ਸਾਹਿਬ ਦੇ ਕਮਰੇ ਵਿਚ ਜਾ ਕੇ ਉਸ ਦੀ ਨਮਿਤ ਅਰ਼ਦਾਸ ਕੀਤੀ ਕਿ ਇਸ ਦਾ ਮਰਨ ਕਾਲ ਦਾ ਤ੍ਰਾਸ ਨਿਵਾਰਿਆ ਜਾਵੇ। ਅਰਦਾਸ ਕਰ ਕੇ ਗੁਰੂ ਸਾਹਿਬ ਦਾ ਵਾਕ ਲਇਆ। ਗੁਰਵਾਕ ਚਾਹੇ ਸੁਖਆਸਨ ਦਾ ਸੀ, ਪਰ ਅਰਦਾਸ ਦੀ ਪਰਵਾਨਗੀ ਦਾ ਵਾਕ ਹੀ ਨਿਕਲਿਆ; ਜਿਸ ਵਿਚ ਉਸ ਦੇ ਪਿਛਲੇ ਕੀਤੇ ਕਰਮਾਂ ਦਾ ਹੂਬਹੂ ਨਕਸ਼ਾ ਚਿਤਰਿਆ ਹੋਇਆ ਸੀ। ਓੜਕ ਗੁਰਵਾਕ ਤੇ ਹੋਰ ਭੀ ਨਿਸਚਤ ਹੋ ਗਿਆ ਕਿ ਉਸ ਨੇ ਚਲਾਣਾ ਤਾਂ ਜ਼ਰੂਰ ਕਰ ਜਾਣਾ ਹੈ, ਪਰ ਹੁਣ ਅੰਤੀ ਅਵਸਰ ਉਸ ਨੂੰ ਗੁਰਬਾਣੀ ਦੇ ਪਾਠ ਸੁਣਾਉਣ ਦੀ ਅਤੀ ਲੋੜ ਹੈ, ਜਿਸ ਕਰਕੇ ਕਿ ਸੁਖਾਲੇ ਸੁਆਸੀਂ ਉਸ ਦਾ ਚਲਾਣਾ ਹੋ ਜਾਵੇ।

ਮੁਕਦੀ ਗੱਲ ਇਹ ਕਿ ਫੇਰ ਉਸ ਦੇ ਨਿਕਟ ਗੁਰਬਾਣੀ ਦਾ ਪਾਠ ਜਾਰੀ ਹੀ ਰਖਿਆ ਗਿਆ। ਅੰਤੀ ਅਉਸਰ ਦਾਸ ਨੇ ਸਾਰਿਆਂ ਸਬੰਧੀਆਂ ਨੂੰ, ਜੋ ਉਸ ਦੇ ਉਦਾਲੇ ਬੈਠੇ ਸਨ, ਸ੍ਰੀ ਜਪੁਜੀ ਸਾਹਿਬ ਦੇ ਪੰਜ ਪੰਜ ਪਾਠ ਕਰਨ ਨੂੰ ਕਹਿਆ। ਸਭ ਨੇ ਕੀਤੇ; ਜਿਨ੍ਹਾਂ ਦੇ ਜਪੁਜੀ ਸਾਹਿਬ ਦਾ ਪਾਠ ਕੰਠਾਗਰ ਸੀ, ਓਨ੍ਹਾਂ ਨੇ ਕੰਠ ਤੋਂ ਪਾਠ ਕੀਤੇ, ਬਾਕੀ ਦਿਆਂ ਨੇ ਗੁਟਕੇ ਤੋਂ ਕੀਤੇ। ਪੰਜਵੇਂ ਪਾਠ ਦੀ ਸਮਾਪਤੀ ਤੇ ਉਸ ਦੇ ਸੁਆਸ ਸਾਡੇ ਦੇਖਦਿਆਂ ਸੁਖਾਲੇ ਹੀ ਨਿਕਲ ਗਏ। ਉਸ ਦਾ ਘੌਰੜੂ ਬਜਣੋਂ ਤਾਂ ਉਦੋਂ ਹੀ ਹਟ ਗਿਆ ਸੀ, ਜਦੋਂ ਤੋਂ ਪਾਠ ਹੋਣੇ ਆਰੰਭ ਹੋਏ ਸਨ। ਅਖੀਆਂ ਤੋਂ ਨੀਰ ਜਾਣਾ ਭੀ ਹਟ ਗਿਆ ਸੀ। ਉਸ ਦੀਆਂ ਭੈਣਾਂ ਨੇ ਪੁਛਿਆ, ਹੁਣ ਜਮ ਤਾਂ ਨਹੀਂ ਡਰਾਉਂਦੇ। ਉਸ ਨੇ ਸਿਰ ਹਿਲਾ ਕੇ ਅਤੇ ਬੜਾ ਸੁਖੀ ਹੋ ਕੇ ਦਸਿਆ ਕਿ ਨਹੀਂ। ਇਹ ਅਖੀਂ ਦੇਖੀ ਇਕ ਵਾਰਤਾ ਹੈ।

ਅਸੀਂ ਤਾਂ ਕਿਸੇ ਨੇ ਉਸ ਸਮੇਂ ਜਮ ਆਉਂਦੇ ਜਾਂਦੇ ਨਹੀਂ ਦੇਖੇ, ਨਾ

ਹੀ ਸਾਨੂੰ ਦੇਖਣ ਦਾ ਕੋਈ ਚਾਉ ਸੀ । ਅਨਰਾਉ ਤਾਂ ਇਹ ਸੀ ਕਿ ਬਿਚਾਰੇ ਜਮ-ਗ੍ਰਸਤ ਦਾ ਨਿਸਤਾਰਾ ਜਮਾਂ ਦੇ ਤ੍ਰਾਸ ਤੋਂ ਹੋ ਜਾਏ । ਸੋ ਪਰਤੱਖ ਦੇਖ ਲਿਆ, ਜੋ ਉਸ ਦੀ ਦਸ਼ਾ ਆਪਣੀ ਪਰਤੱਖ ਗਵਾਹੀ ਦੇ ਰਹੀ ਸੀ । ਨਾਲੇ ਇਹ ਜਮਦੂਤ ਮਰਨਹਾਰੇ ਪ੍ਰਾਣੀ ਨੂੰ ਹੀ ਨਜ਼ਰ ਆਉਂਦੇ ਹਨ, ਹੋਰ ਕਿਸੇ ਨੂੰ ਨਹੀਂ ਦਿਸਦੇ । ਜਾਂ ਓਹਨਾਂ ਚੇਟਕੀਆਂ ਨੂੰ ਦਿਸਦੇ ਹਨ, ਜਿਨ੍ਹਾਂ ਨੂੰ ਭੂਤ ਪ੍ਰੇਤ ਦੇ ਇਲਮ ਦਾ ਚੇਟਕ ਲਗਿਆ ਹੋਇਆ ਹੁੰਦਾ ਹੈ । ਸਾਨੂੰ ਤਾਂ ਇਹ ਸਬਕ ਪੱਕਾ ਹਾਸਲ ਹੋਇਆ ਕਿ ਗੁਰਬਾਣੀ ਦਾ ਪਾਠ ਸੁਣਦਿਆਂ ਕਰਦਿਆਂ ਦੇ ਨਿਕਟ ਜਮਦੂਤ ਨਹੀਂ ਆਉਂਦੇ, ਸਗੋਂ ਦੇਖ ਕੇ ਦੂਰੋਂ ਹੀ ਭੱਜ ਜਾਂਦੇ ਹਨ । ਸਚਮੁਚ ਗੁਰ ਕੇ ਬਚਨ, ਗੁਰਬਾਣੀ ਰੂਪੀ ਬਚਨ ਜਮ-ਫਾਸ ਕਟਣ ਲਈ ਸਮਰੱਥ ਹਨ । ਵਾਹੁ ਵਾਹੁ ਕਿਆ ਸੁੰਦਰ ਅਤੇ ਢੁਕਵਾਂ ਗੁਰਵਾਕ ਹੈ—

ਗੁਰ ਕਾ ਬਚਨੁ ਸਦਾ ਅਬਿਨਾਸੀ ॥
ਗੁਰ ਕੈ ਬਚਨਿ ਕਟੀ ਜਮ ਫਾਸੀ ॥੧॥
[ਗਉੜੀ ਗੁਆ: ਮ: ੫, ਪੰਨਾ ੧੭੭

ਜਮ ਤ੍ਰਾਸ ਅਖੀਂ ਦੇਖੇ ਦੀ ਦੂਜੀ ਉਦਾਹਰਨ ਇਉਂ ਹੈ ਕਿ ਜਦੋਂ ਅਸੀਂ ਹਜ਼ਾਰੀ ਬਾਗ ਜੇਲ੍ਹ ਵਿਚ ਆਪਣੀ ਜੇਲ੍ਹ-ਯਾਤ੍ਰਾ ਬਿਤੀਤ ਕਰ ਰਹੇ ਸਾਂ, ਅਸਾਡੇ ਨਾਲ ਦੇ ਚਾਲੀ ਜੇਲ੍ਹ ਯਾਤਰੂਆਂ ਸਿਖ ਸਜਣਾਂ ਵਿਚੋਂ ਇਕ ਕੇਹਰ ਸਿੰਘ ਨਾਮੇ ਸਜਣ ਭੀ ਸੀ, ਜੋ ਲੁਧਿਆਣੇ ਦੇ ਜ਼ਿਲੇ ਵਿਚੋਂ ਪਿੰਡ ਸਾਹਨੇਵਾਲ ਦੇ ਰਹਿਣ ਵਾਲਾ ਸੀ । ਇਹ ਕੇਹਰ ਸਿੰਘ ਸਿਖਾਂ ਦੇ ਘਰਾਣੇ ਵਿਚ ਜ਼ਿਮੀਦਾਰਾਂ ਦੇ ਘਰ ਜਨਮਿਆ ਸੀ, ਪਰ ਆਰੀਆ ਸਕੂਲ ਲੁਧਿਆਣੇ ਵਿਚ ਤਾਲੀਮ ਪਾਉਂਦਾ ਰਹਿਣ ਕਰਕੇ ਇਸ ਨੂੰ ਐਸਾ ਕੁਸੰਗ ਬਿਆਪ ਗਿਆ ਸੀ ਕਿ ਇਸ ਨੇ ਆਪਣੇ ਕੇਸ ਕਟਾ ਲਏ ਸਨ ਅਰ ਸਾਰੇ ਸੰਸਕਾਰ ਇਸ ਦੇ ਨਿਰੇ ਸਾਕਤਾਂ ਵਾਲੇ ਹੀ ਸਨ । ਮੁਕੱਦਮਾ ਸਾਜ਼ਸ਼ ਲਾਹੌਰ ਦੇ ਪਹਿਲੇ ਕੇਸ ਵਿਚ ਇਹ ਭਗੌੜਾ ਹੋ ਗਿਆ ਸੀ, ਪਿਛੋਂ ਫੜਿਆ ਗਿਆ ਸੀ । ਅਤੇ ਤੀਜੇ ਕੇਸ ਵਿਚ ਉਮਰ ਕੈਦ ਹੋ ਕੇ ਅਸਾਡੇ ਪਾਸ ਹਜ਼ਾਰੀ ਬਾਗ ਜੇਲ੍ਹ ਵਿਚ ਹੀ ਆ ਗਿਆ ਸੀ, ਪਰ ਇਸ ਨੂੰ ਹੰਜੀਰਾਂ ਦੀ ਛੂਤ-ਬੀਮਾਰੀ ਹੋਣ ਕਰਕੇ ਜੇਲ੍ਹ ਅੰਦਰਲੇ ਹਸਪਤਾਲ ਵਿਚ ਹੀ ਵਖਰਾ ਰਖਦੇ ਸਨ । ਉਂਞ ਅਸੀਂ ਭੀ ਸਾਰੇ ਵਖੋ ਵਖਰੀਆਂ ਕੋਠੜੀਆਂ ਵਿਚ ਤਾੜੇ ਹੋਏ ਸਾਂ, ਪਰ ਇਹ ਕੇਹਰ ਸਿੰਘ ਅਸਾਥੋਂ ਘਣੀ ਦੂਰ ਹਸਪਤਾਲ ਦੇ ਵਾਰਡ ਵਿਚ ਬੰਦ ਸੀ, ਜਿਸ ਦੇ ਨੇੜੇ ਕਿਸੇ ਨੂੰ ਨਹੀਂ ਸਨ ਢੁਕਣ ਦਿੰਦੇ ।

ਉਥੇ ਆ ਕੇ ਇਹ ਮਹੀਨਿਆਂ ਬੱਧੀ ਸਖ਼ਤ ਬੀਮਾਰ ਪਿਆ ਰਿਹਾ । ਤੇ ਛੇ ਮਹੀਨੇ ਤਾਂ ਬੜਾ ਹੀ ਔਖਾ ਰਿਹਾ । ਇਸ ਦੇ ਸਬੰਧੀਆਂ ਰਿਸ਼ਤੇਦਾਰਾਂ ਵਿਚੋਂ ਕੋਈ ਇਸ ਦੀ ਮੁਲਾਕਾਤ ਨੂੰ ਭੀ ਨਾ ਆਇਆ । ਜਦੋਂ ਇਸ ਦੀ ਹਾਲਤ ਜੇਲ੍ਹ ਵਾਲਿਆਂ ਨੇ ਬੜੀ ਹੀ ਨਾਜ਼ਕ ਦੇਖੀ ਅਤੇ ਜਦੋਂ ਓਹਨਾਂ ਨੂੰ ਪਰਤੀਤ ਹੋ ਗਿਆ ਕਿ ਇਹ ਹੁਣ ਚਲਾਣਿਆਂ ਉਤੇ ਪਿਆ ਹੈ ਤਾਂ ਓਹਨਾਂ ਨੇ ਕੇਹਰ ਸਿੰਘ ਨੂੰ ਪੁਛਿਆ ਕਿ ਦਸੋ ਜਿਸ ਨਾਲ ਮੁਲਾਕਾਤ ਕਰਨੀ ਹੈ, ਉਸ ਨੂੰ ਬੁਲਾ ਲਈਏ । ਤਾਂ ਉਸ ਨੇ ਅਖੀਆਂ ਵਿਚਿ ਨੀਰ ਭਰ ਕੇ ਉੱਤਰ ਦਿਤਾ, 'ਮੇਰਾ ਇਸ ਜਗਤ ਵਿਚਿ ਕਉਣ ਹੈ, ਅਰਥਾਤ ਕੋਈ ਨਹੀਂ ।'

ਓੜਕ ਬਾਰੰਬਾਰ ਪੁਛਣ ਤੇ ਜ਼ੋਰ ਦੇਣ ਤੇ ਕੇਹਰ ਸਿੰਘ ਨੇ ਆਖਿਆ, 'ਬਚਨ ਦੇਵੋ ਤਾਂ ਮੈਂ ਦਸ ਦਿੰਦਾ ਹਾਂ, ਜਿਸ ਨਾਲ ਮੈਂ ਮੁਲਾਕਾਤ ਕਰਨੀ ਚਾਹੁੰਦਾ ਹਾਂ, ਉਸ ਨੂੰ ਜ਼ਰੂਰ ਮਿਲਾ ਦਿਓਗੇ ਤਾਂ ਮੈਂ ਦਸਦਾ ਹਾਂ, ਨਹੀਂ ਤਾਂ ਨਾ ਸਹੀ ।' ਗੋਰੇ ਸੁਪ੍ਰੰਟੈਂਡੈਂਟ ਜੇਲ੍ਹ ਨੇ, ਜੋ ਮੈਡੀਕਲ ਆਫ਼ੀਸਰ ਹੋਣ ਦੀ ਹੈਸੀਅਤ ਵਿਚ ਉਸ ਦਾ ਇਲਾਜ ਭੀ ਬੜੇ ਗ਼ੌਰ ਨਾਲ ਕਰਦਾ ਰਿਹਾ ਸੀ, ਬਚਨ ਦੇ ਦਿਤਾ ਕਿ ਦਸੋ ਕਿਸ ਨਾਲ ਮੁਲਾਕਾਤ ਕਰਨੀ ਚਾਹੁੰਦੇ ਹੋ, ਮੈਂ ਕਰਾ ਦੇਵਾਂਗਾ । ਤਿਸ ਪਰ ਕੇਹਰ ਸਿੰਘ ਨੇ ਮੰਗ ਕੀਤੀ ਕਿ ਮੇਰੇ ਸਾਥੀ ਪੁਲੀਟੀਕਲ ਕੈਦੀਆਂ ਵਿਚੋਂ ਭਾਈ ਰਣਧੀਰ ਸਿੰਘ ਨਾਮੇ ਜੋ ਸਜਣ ਹਨ, ਓਹਨਾਂ ਨਾਲ ਮੈਂ ਮੁਲਾਕਾਤ ਕਰਨੀ ਚਾਹੁੰਦਾ ਹਾਂ ਤੇ ਨਾਲੇ ਚਾਰ ਹੋਰ ਸਜਣਾਂ ਨਾਲ ਮੁਲਾਕਾਤ ਕਰਾ ਦਿਓ । ਉਹ ਸਜਣ ਭਾਈ ਕਰਤਾਰ ਸਿੰਘ ਚੰਦ ਨਿਵਾਸੀ, ਭਾਈ ਮੁਨਸ਼ਾ ਸਿੰਘ ਦੁਖੀ ਤੇ ਦੋ ਹੋਰ ਕੋਈ ਹੋਣ । ਹੋਰ ਕਿਸੇ ਨਾਲ ਨਹੀਂ । ਅਤੇ ਜ਼ਰੂਰੀ ਇਉਂ ਮਿਲਣਾ ਹੈ ਕਿ ਮੈਂ ਓਹਨਾਂ ਦੇ ਪਾਸ ਆਪਣੇ ਗੁਨਾਹਾਂ ਦਾ ਕਫ਼ਾਰਾ ਕਰਾਉਣ ਲਈ ਪਸਚਾਤਾਪ ਕਰ ਕੇ ਪ੍ਰਾਸਚਿਤ ਕਰਾਉਣਾ ਹੈ, ਜਿਵੇਂ ਤੁਸਾਡੇ ਪਾਦਰੀ ਕਰਿਆ ਕਰਾਇਆ ਕਰਦੇ ਹਨ । ਇਸ ਕਰਕੇ ਮੈਂ ਓਹਨਾਂ ਨਾਲ ਮੁਲਾਕਾਤ ਕਰਨੀ ਚਾਹੁੰਦਾ ਹਾਂ ਤੇ ਗੱਲ ਬਾਤ ਪ੍ਰਾਈਵੇਟ ਹੋਵੇ । ਓਹਨਾਂ ਤੋਂ ਬਿਨਾਂ ਹੋਰ ਮੇਰੇ ਪਾਸ ਕੋਈ ਨਾ ਹੋਵੇ, ਨਾ ਹੀ ਤੂੰ ਮੇਰੇ ਪਾਸ ਹੋਵੇਂ ।

ਸੁਪ੍ਰੰਟੈਂਡੈਂਟ ਨੇ ਉਸ ਨੂੰ ਉੱਤਰ ਦਿਤਾ ਕਿ ਇਹ ਸਭ ਕੁਝ ਤਾਂ ਹੋ ਜਾਵੇਗਾ, ਪਰ ਬੜੀ ਮੁਸ਼ਕਲ ਤਾਂ ਇਹ ਹੈ ਕਿ ਭਾਈ ਰਣਧੀਰ ਸਿੰਘ ਨਾਲ ਮੁਲਾਕਾਤ ਕਿਵੇਂ ਕਰਾਵਾਂ । ਬਿਹਾਰ, ਉੜੀਸਾ ਦੀ ਗਵਰਮੈਂਟ ਅਤੇ ਖ਼ਾਸ ਕਰ ਪੰਜਾਬ ਗਵਰਮੈਂਟ ਦਾ ਸਖ਼ਤ ਹੁਕਮ ਹੈ ਕਿ ਸਿਖ ਪੁਲੀਟੀਕਲ ਕੈਦੀਆਂ ਨੂੰ ਪ੍ਰਸਪਰ ਇਕ ਦੂਜੇ ਨਾਲ ਮਿਲਣ ਨਾ ਦੇਵੋ । ਸਭੋ ਅਡੋ ਅਡੀ ਆਪੋ ਆਪਣੀਆਂ

ਕਾਲ-ਕੋਠੜੀਆਂ ( cells ) ਵਿਚ ਤੜੇ ਰਹਿਣ । ਖ਼ਾਸ ਕਰ ਭਾਈ ਰਣਧੀਰ ਸਿੰਘ ਬਾਰੇ ਤਾਂ ਬਹੁਤ ਹੀ ਸਖ਼ਤ ਆਰਡਰ ਹੈ ਕਿ ਇਸ ਪਾਸ ਜੇਲ੍ਹ ਦੇ ਕਿਸੇ ਬੰਦੇ ਬਸ਼ਰ ਨੂੰ ਨੇੜੇ ਨਾ ਆਉਣ ਦੇਵੋ । ਦੂਜੇ, ਪੰਜਾਬ ਦੇ ਸਿਖ ਪੋਲੀਟੀਕਲ ਕੈਦੀ !! ਏਹਨਾਂ ਵਿਚੋਂ ਤਾਂ ਕੋਈ ਭੀ ਉਸ ਦੇ ਪਾਸ ਨਹੀਂ ਜਾ ਸਕਦਾ, ਨਾ ਹੀ ਉਹ ਕਿਸੇ ਪਾਸ ਲਿਆਇਆ ਜਾ ਸਕਦਾ ਹੈ ।

ਤਿਸ ਪਰ ਕੇਹਰ ਸਿੰਘ ਨੇ ਕਿਹਾ ਕਿ ਚੰਗਾ ਆਪਣਾ ਦਿਤਾ ਹੋਇਆ ਬਚਨ (word ) ਵਾਪਸ ਲੈ ਲਵੋ । ਗੋਰੇ ਸੁਪ੍ਰੰਟੈਂਡੈਂਟ ਨੇ ਆਖਿਆ ਕਿ ਬਚਨ ਤਾਂ ਮੈਂ ਵਾਪਸ ਨਹੀਂ ਲੈਂਦਾ, ਜ਼ਰੂਰੀ ਪੂਰਾ ਕਰੂੰਗਾ; ਪਰ ਇਸ ਸ਼ਰਤ ਤੇ ਪੂਰਾ ਕਰੂੰਗਾ ਕਿ ਤੂੰ ਕਿਸੇ ਨੂੰ ਨਾ ਦਸੀਂ ਕਿ ਇਹ ਮੁਲਾਕਾਤ ਕਰਾਈ ਗਈ ਹੈ । ਮੈਂ ਸਭ ਤੋਂ ਬੇਖ਼ਬਰੇ ਹੀ, ਬਿਨਾਂ ਕਿਸੇ ਨੂੰ ਦਸੇ ਦੇ, ਆਪ ਦੇ ਪਾਸ ਲੈ ਆਉਂਦਾ ਹਾਂ । ਓਹਨਾਂ ਦੀ ਆਥਣ ਦੀ ਪ੍ਰੇਅਰ ( prayer ) ਰਹਿਰਾਸ ਦੇ ਪਾਠ ਪਿਛੋਂ ਮੈਂ ਚੁਪਕੇ ਹੀ ਰਣਧੀਰ ਸਿੰਘ ਨੂੰ ਉਸ ਦੀ ਕੋਠੀ ਵਿਚੋਂ ਕਢ ਕੇ ਆਪ ਦੇ ਪਾਸ ਲੈ ਆਵਾਂਗਾ । ਉਸ ਵਕਤ ਹੋਰ ਕੋਈ ਜੇਲ੍ਹ-ਮੁਲਾਜ਼ਮ ਭੀ ਨਹੀਂ ਦੇਖਦਾ ਹੋਵੇਗਾ । ਦੂਜੀ ਸੂਰਤ ਇਹ ਭੀ ਹੈ ਕਿ ਭਾਈ ਰਣਧੀਰ ਸਿੰਘ ਭੀ ਜੇ ਕਿਸੇ ਨੂੰ ਇਹ ਗੱਲ (ਮੁਲਾਕਾਤ ਵਾਲੀ) ਨਾ ਦਸਣ ਦਾ ਵਾਅਦਾ ਕਰੇਗਾ ਤਾਂ ਉਸ ਨੂੰ ਲਿਆਵਾਂਗਾ । ਨਹੀਂ ਤਾਂ ਬੜੀ ਮਜਬੂਰੀ ਹੈ । ਏਤਨੀ ਗੱਲ ਕੇਹਰ ਸਿੰਘ ਨਾਲ ਕਰ ਕੇ ਸੁਪ੍ਰੰਟੈਂਡੈਂਟ ਗੋਰਾ ਉਸ ਦੇ ਪਾਸੋਂ ਚਲਿਆ ਆਇਆ ।

ਰਹਿਰਾਸ ਸਾਹਿਬ ਦੇ ਪਾਠ ਪਿਛੋਂ ਮੇਰੇ ਪਾਸ ਚੁਪ ਕੀਤਾ ਹੀ ਆਇਆ । ਮੇਰੀ ਕੋਠੀ ਦੇ ਜੰਗਲੇ ਦੇ ਬਾਹਰ ਖੜਾ ਹੋ ਗਿਆ । ਮੈਨੂੰ ਗੁੱਡ ਈਵਨਿੰਗ ਕਹਿ ਕੇ ਪੁਛਣ ਲਗਾ ਕਿ ਤੂੰ ਆਪਣੇ ਸਾਥੀ ਕੇਹਰ ਸਿੰਘ ਨਾਲ ਮੁਲਾਕਾਤ ਕਰਨੀ ਚਾਹੁੰਦਾ ਹੈਂ, ਜੋ ਹਸਪਤਾਲ ਵਿਚ ਬੀਮਾਰ ਹੈ । ਮੈਂ ਉੱਤਰ ਵਿਚ ਉਸ ਨੂੰ ਆਖਿਆ ਕਿ ਮੈਨੂੰ ਕੀ ਚਾਹੀਦਾ ਹੈ, ਦੋ ਨੈਣ ! ਮੈਂ ਤਾਂ ਅਗੇ ਹੀ ਉਸ ਨੂੰ ਮਿਲਣਾ ਚਾਹੁੰਦਾ ਹਾਂ ਕਿ ਤਿੰਨ ਦਿਨ ਤੋਂ ਉਸ ਦੀ ਵਾਇਰਲੈੱਸ ਮੈਨੂੰ ਪਹੁੰਚ ਰਹੀ ਹੈ । ਉਹ ਮਿਲਣ ਲਈ ਬਹੁਤ ਬੇਤਾਬ ਹੋ ਰਿਹਾ ਹੈ । ਇਹ ਆਪ ਦਾ ਬੜਾ ਉਪਕਾਰ ਹੋਵੇਗਾ, ਜੋ ਮੈਨੂੰ ਉਸ ਦੇ ਨਾਲ ਮੁਲਾਕਾਤ ਕਰਾ ਦੇਵੋਗੇ ।

ਸੁਪ੍ਰੰਟੈਂਡੈਂਟ ਬੜਾ ਹੀ ਹੈਰਾਨ ਹੋਇਆ ਜਦੋਂ ਉਸ ਨੇ ਵਾਇਰਲੈੱਸ ਵਾਲੀ ਗੱਲ ਸੁਣੀ ।

ਮੈਂ ਆਖਿਆ, 'ਹੈਰਾਨ ਕਿਉਂ ਹੁੰਦੇ ਹੋ, ਇਹ ਤਾਂ ਮਾਮੂਲੀ ਗੱਲ ਹੈ।'

ਕਹਿਣ ਲਗਾ ਇਹ ਦੂਜੀ ਹੈਰਾਨ ਕਰਨ ਵਾਲੀ ਗੱਲ ਮੇਰੇ ਤਜਰਬੇ ਵਿਚ ਆਈ ਹੈ ਕਿ ਸਿਖ ਪ੍ਰਸਪਰ ਦਿਲਾਂ ਦਿਲਾਂ ਅੰਦਰ ਹੀ ਵਾਇਰਲੈੱਸ ਚਲਾ ਲੈਂਦੇ ਹਨ। ਇਹ ਗੱਲ ਹੈ ਵੀ ਕਾਬਲੇ-ਯਕੀਨ ਕਿ ਤੈਨੂੰ ਜ਼ਰੂਰ ਉਸ ਦੀ ਵਾਇਰਲੈੱਸ ਪੁਜੀ ਹੋਣੀ ਹੈ; ਜੋ ਤਿੰਨਾਂ ਦਿਨਾਂ ਤੋਂ ਉਹ ਤੈਨੂੰ ਬੜਾ ਹੀ ਯਾਦ ਕਰ ਰਿਹਾ ਹੈ। ਰਾਤ ਤਾਂ ਖ਼ਾਸ ਤੌਰ ਤੇ ਹੀ ਤੇਰੀ ਬਾਬਤ ਉਸ ਨਾਲ ਗੱਲ ਬਾਤ ਹੋਈ ਹੈ। ਇਸ ਕਰਕੇ ਮੈਂ ਆਇਆ ਹਾਂ ਕਿ ਤੈਨੂੰ ਉਸ ਦੇ ਪਾਸ ਹੁਣ ਲੈ ਚਲਾਂ, ਪਰ ਏਸ ਸ਼ਰਤ ਤੇ ਕਿ ਤੂੰ (word) ਬਚਨ ਦੇਵੇਂ ਕਿ ਇਸ ਮੁਲਾਕਾਤ ਦੀ ਖ਼ਬਰ ਤੇਰੀ ਜ਼ਬਾਨੋਂ ਤੇ ਤੇਰੇ ਮੂੰਹੋਂ ਕਿਸੇ ਪਾਸ ਨਹੀਂ ਨਿਕਲੇਗੀ। ਆਪਣੀ ਸਾਰੀ ਮੁਸ਼ਕਲ ਉਸ ਨੇ ਮੇਰੇ ਪਾਸ ਦਸੀ ਅਤੇ ਆਖਿਆ ਕਿ ਮੈਂ ਆਪਣੀ ਆਕਵਰਡ ਪੋਜ਼ੀਸ਼ਨ (awkward position, ਔਖੀ ਪੋਜ਼ੀਸ਼ਨ) ਆਪ ਤੇ ਛੱਡਦਾ ਹਾਂ।

ਮੈਂ ਉਸ ਦੀ ਤਸੱਲੀ ਕਰਵਾਈ ਕਿ ਨਿਸ਼ਾ ਖ਼ਾਤਰ ਰਖੋ, ਗੱਲ ਬਾਹਰ ਨਹੀਂ ਨਿਕਲੇਗੀ। ਗੁਰਸਿਖ ਤਾਂ "ਬਾਹਰ ਗੱਲ ਨਾ ਨਿਕਲੇ ਹੁਕਮੀ ਬੰਦੇ ਕਾਰ ਕਰਾਰੀ" ਦੇ ਅਸੂਲ ਦੇ ਕਾਇਲ ਹੁੰਦੇ ਹਨ। 'ਚਲੋ ਫੇਰ ਲੈ ਚਲੋ। ਪਰ ਪਹਿਲਾਂ ਮੈਨੂੰ ਦਸ ਲਵੋ ਕਿ ਉਹ ਪਹਿਲੀ ਗੱਲ ਕਿਹੜੀ ਹੈ ਜਿਸ ਨੇ ਤੈਨੂੰ ਏਤਨਾ ਹੈਰਾਨ ਕਰ ਛੱਡਿਆ ਹੋਇਆ ਹੈ।'

ਸੁਪ੍ਰੰਟੈਂਡੈਂਟ ਨੇ ਖੋਲ੍ਹ ਕੇ ਸਾਰੀ ਗੱਲ ਸੁਣਾਈ ਕਿ ਕੇਹਰ ਸਿੰਘ ਛੇ ਮਹੀਨੇ ਤੋਂ ਸਖ਼ਤ ਬੀਮਾਰ ਹੈ। ਹੁਣ ਤਾਂ ਉਸ ਦੀ ਬੜੀ ਹੀ ਖ਼ਤਰਨਾਕ ਹਾਲਤ ਹੈ। ਉਸ ਦੇ ਕੋਲ ਜਾਂਦਿਆਂ ਭੀ ਭੈ ਲਗਦਾ ਹੈ। ਕਈ ਦਿਨਾਂ ਤੋਂ ਉਸ ਦੀਆਂ ਅਖੀਆਂ ਚੋਂ ਨੀਰ ਚਲਦਾ ਰਹਿੰਦਾ ਹੈ ਅਤੇ ਕਈ ਵਾਰ ਉਸ ਦਾ ਸਾਰਾ ਸਰੀਰ ਕੰਬਣ ਲਗ ਜਾਂਦਾ ਹੈ। ਇਕ ਦਿਨ ਮੈਂ ਜਦੋਂ ਉਸ ਦੇ ਪਾਸ ਗਿਆ ਤਾਂ ਉਹ ਬੜੀ ਭਿਆਨਕ ਕੰਬਣੀ ਕੰਬ ਰਿਹਾ ਸੀ। ਨਾਲੇ ਉੱਪਰ ਛੱਤ ਵਲ ਨੂੰ ਦੇਖ ਦੇਖ ਕੇ ਘਿਗਿਆਉਂਦਾ ਸੀ। ਉਸ ਦੀਆਂ ਡਰਾਵਣੀਆਂ ਅਖੀਆਂ ਚੋਂ ਇਹ ਗੱਲ ਸਾਫ਼ ਪੜ੍ਹੀ ਜਾਂਦੀ ਸੀ ਕਿ ਇਹ ਕੋਈ ਭਿਆਨਕ ਚੀਜ਼ ਦੇਖ ਰਿਹਾ ਹੈ। ਮੇਰੇ ਪੁਛਣ ਤੇ ਉਸ ਨੇ ਕਿਹਾ ਕਿ ਮੈਨੂੰ ਕਈ ਦਿਨਾਂ ਤੋਂ ਇਕ ਬੜੀ ਹੀ ਬਦ-ਸ਼ਕਲ ਡਰਾ ਰਹੀ ਹੈ। ਉਸ ਨੇ ਸਪੱਸ਼ਟ ਆਖਿਆ ਕਿ ਮੈਂ ਹੁਣ ਤਾਈਂ ਸਾਰੀ ਉਮਰ ਭੂਤਾਂ, ਪ੍ਰੇਤਾਂ, ਜਿੰਨਾਂ, ਜਮਦੂਤਾਂ ਦੇ ਬੜਾ ਸਖ਼ਤ ਬਰਖ਼ਿਲਾਫ਼ ਰਿਹਾ

 www.sikhbookclub.com

ਹਾਂ, ਐਪਰ ਮੈਨੂੰ ਹੁਣ ਕਾਇਲ ਹੋਣਾ ਪਿਆ। 'ਔਹ ਦੇਖੋ ! ਸਾਹਮਣੇ ਮੈਨੂੰ ਇਕ ਪ੍ਰੇਤ ਡਰਾ ਰਿਹਾ ਹੈ ਅਤੇ ਰੋਜ਼ ਡਰਾਉਂਦਾ ਹੈ।' ਮੈਂ ਉਸ ਦੀ ਹਾਲਤ ਦੇਖ ਕੇ ਉਸ ਦੀ ਕਹੀ ਹੋਈ ਉਪ੍ਰੋਕਤ ਗੱਲ ਉਤੇ ਯਕੀਨ ਕੀਤੇ ਬਿਨਾਂ ਰਹਿ ਨ ਸਕਿਆ। ਏਤਨੇ ਨੂੰ ਛੱਤ ਵਲ ਤਕੜਾ ਖੜਕਾ ਹੋਇਆ, ਜੋ ਮੈਨੂੰ ਦਿਸਿਆ ਨਹੀਂ, ਪਰ ਮੈਂ ਕੰਨੀਂ ਸੁਣਿਆ ਜ਼ੋਰ ਦਾ ਖੜਾਕ। ਪਰ ਜਦੋਂ ਮੈਂ ਕੇਹਰ ਸਿੰਘ ਵਲ ਦੇਖਿਆ ਤਾਂ ਉਸ ਨੇ ਮੇਰੀਆਂ ਅਖਾਂ ਚੋਂ ਹੀ ਪ੍ਰਸ਼ਨ ਪਛਾਣ ਲੀਤਾ। ਮੈਨੂੰ ਪੁਛਿਆ, 'ਖੜਾਕ ਸੁਣਿਆ ?' ਮੈਂ ਆਖਿਆ, 'ਹਾਂ, ਪਰ ਦੇਖਿਆ ਕੁਛ ਨਹੀਂ।' ਉਸ ਨੇ ਮੈਨੂੰ ਦਸਿਆ ਕਿ ਇਹ ਪ੍ਰੇਤ ਰੋਜ਼ ਜਾਣ ਲਗਿਆਂ ਇਉਂ ਖੜਾਕ ਕਰਦਾ ਹੈ। ਹੁਣੇ ਉਹ ਗਿਆ, ਮੈਨੂੰ ਜਾਂਦਾ ਦਿਸਿਆ। ਜੈਸਾ ਕਿ ਹਰ ਰੋਜ਼ ਹੀ ਆਉਂਦਾ ਜਾਂਦਾ ਦੀਂਹਦਾ ਹੈ। ਸੁਪ੍ਰੰਟੈਂਡੈਂਟ ਨੇ ਫੇਰ ਜ਼ਿਕਰ ਕੀਤਾ ਕਿ ਚਾਹੇ ਮੈਂ ਆਪਣੇ ਅਖੀਂ ਉਹ ਪ੍ਰੇਤ ਨਹੀਂ ਦੇਖਿਆ, ਪਰ ਮੈਨੂੰ ਹੁਣ ਪੱਕਾ ਯਕੀਨ ਹੈ ਕਿ ਉਹ (ਕੇਹਰ ਸਿੰਘ) ਜ਼ਰੂਰ ਕੋਈ ਭੂਤ ਪ੍ਰੇਤ ਦੇਖਦਾ ਹੈ ਅਤੇ ਉਹ ਭੂਤ ਉਸ ਨੂੰ ਆ ਕੇ ਡਰਾਉਂਦਾ ਹੈ। ਇਹ ਹੈ ਓਹ ਗੱਲ ਜਿਹੜੀ ਮੈਨੂੰ ਪਹਿਲਾਂ ਹੀ ਬਥੇਰਾ ਹੈਰਾਨ ਕਰ ਰਹੀ ਸੀ, ਹੁਣ ਤੈਂ ਦੂਜੀ ਹੈਰਾਨੀ ਕਰਨ ਵਾਲੀ ਗੱਲ ਆਖ ਦਿਤੀ। ਮੁਕਦੀ ਗੱਲ, ਇਉਂ ਗੱਲਾਂ ਕਰਦਾ ਕਰਾਉਂਦਾ ਸੁਪ੍ਰੰਟੈਂਡੈਂਟ ਮੈਨੂੰ ਕੋਠੜੀ ਚੋਂ ਕਢ ਕੇ ਹਸਪਤਾਲ ਕੇਹਰ ਸਿੰਘ ਪਾਸ ਲੈ ਗਿਆ।

ਜਦੋਂ ਅਸੀਂ (ਮੈਂ ਤੇ ਸੁਪ੍ਰੰਟੈਂਡੈਂਟ) ਉਸ ਦੇ ਕਮਰੇ ਵਿਚ ਜਾ ਕੇ ਵੜੇ ਤਾਂ ਕੇਹਰ ਸਿੰਘ ਠੰਡਾ ਸਾਹ ਭਰ ਕੇ ਬੋਲਿਆ–'ਹਾ ! ਆਰਾਮ ਆ ਗਿਆ !!' ਸੁਪ੍ਰੰਟੈਂਡੈਂਟ ਨੇ ਪੁਛਿਆ, ਕਿਸ ਗੱਲ ਦਾ ਆਰਾਮ ਆ ਗਿਆ ਤਾਂ ਕੇਹਰ ਸਿੰਘ ਨੇ ਕਿਹਾ, ਭਾਈ ਸਾਹਿਬ ਦੇ ਕਮਰੇ ਵਿਚ ਦਾਖ਼ਲ ਹੁੰਦਿਆਂ ਹੀ ਉਹ ਪ੍ਰੇਤ ਭੈ-ਭੀਤ ਹੋ ਕੇ ਭੱਜ ਗਿਆ ਹੈ ਤੇ ਮੈਨੂੰ ਡਰਾਉਣੀ ਕੰਬਣੀ ਆਉਣੀ ਹਟ ਗਈ ਹੈ ਤੇ ਆਰਾਮ ਆ ਗਿਆ ਹੈ। ਏਸ ਕਰਕੇ ਮੇਰੇ ਮੂੰਹੋਂ ਆਪ-ਮੁਹਾਰੇ ਇਹ ਫ਼ਿਕਰਾ ਨਿਕਲ ਗਿਆ, 'ਹਾ ! ਆਰਾਮ ਆ ਗਿਆ'। ਗੱਲ ਕੀ ਸੁਪ੍ਰੰਟੈਂਡੈਂਟ ਮੈਨੂੰ ਇਕੱਲੇ ਨੂੰ ਉਸ ਦੇ ਪਾਸ ਛੱਡ ਕੇ ਚਲਿਆ ਗਿਆ, ਇਹ ਆਖ ਕੇ ਕਿ ਤੁਸੀਂ ਪ੍ਰਸਪਰ ਹਾਲ ਪਿਆਰ ਦੀਆਂ ਗੱਲਾਂ ਕਰੋ, ਮੈਂ ਅਧੇ ਘੰਟੇ ਪਿਛੋਂ ਫੇਰ ਆ ਕੇ (ਮੇਰੇ ਵਲ ਇਸ਼ਾਰਾ ਕਰ ਕੇ) ਤੈਨੂੰ ਛੱਡ ਆਵਾਂਗਾ। ਅਧੇ ਘੰਟੇ ਦੀ ਮੁਲਾਕਾਤ ਦੀ ਇਜਾਜ਼ਤ ਦਿੰਦਾ ਹਾਂ।

ਉਸ ਦੇ ਜਾਣ ਦੀ ਦੇਰ ਸੀ ਕਿ ਕੇਹਰ ਸਿੰਘ ਬਿਲਬਿਲਾ ਕੇ ਰੋਇਆ, ਬੜਾ ਹੀ ਰੋਇਆ। ਕਮਜ਼ੋਰ ਬੜਾ ਹੋਇਆ ਪਿਆ ਸੀ। ਸਰੀਰ ਤਾਂ ਕਰੰਗ

ਹੀ ਬਣਿਆ ਹੋਇਆ ਸੀ । ਅਖਾਂ ਬਾਹਰ ਨਿਕਲੀਆਂ ਹੋਈਆਂ ਸਨ । ਮੰਜੇ ਤੋਂ ਉਠ ਤਾਂ ਨਹੀਂ ਸਕਦਾ ਸੀ । ਮੈਂ ਉਸ ਦੇ ਪਾਸ ਹੀ ਕੁਰਸੀ ਤੇ ਬੈਠ ਗਿਆ ਅਤੇ ਉਸ ਨੂੰ ਆਖਿਆ ਕਿ ਰੋਵੋ ਨਾ, ਆਪਣੇ ਮਨ ਦੀ ਬਿਰਥਾ ਦਸੋ । ਰੋਣ ਨਾਲ ਤੁਸਾਨੂੰ ਬਹੁਤ ਤਕਲੀਫ਼ ਹੁੰਦੀ ਹੈ । ਉਹ ਬੋਲ ਭੀ ਮਸਾਂ ਹੀ ਸਕਦਾ ਸੀ । ਸਪਤ ਪਤਾਲ ਦੀ ਬਾਣੀ ਵਾਲੀ ਉਸ ਦੀ ਅਵਾਜ਼ ਉਸ ਦੇ ਮੂੰਹੋਂ ਨਿਕਲਦੀ ਸੀ, ਜੋ ਪਾਸ ਹੋ ਕੇ ਕੰਨ ਲਾ ਕੇ ਸੁਣੀ ਜਾਂਦੀ ਸੀ। ਉਸ ਨੇ ਘਿਗਿਆ ਕੇ ਆਖਿਆ, 'ਮੈਨੂੰ ਪਾਪੀ ਨੂੰ ਬਖ਼ਸ਼ ਲਵੋ ਅਤੇ ਬਖ਼ਸ਼ਾ ਦਿਓ ਗੁਰੂ ਸਾਹਿਬ ਪਾਸੋਂ । ਮੈਂ ਬੜਾ ਪਾਪੀ ਹਾਂ । ਮੈਂ ਆਪ ਦੇ ਪਾਸ ਆਪਣੇ ਅੰਦਰਲੇ ਪਾਪਾਂ ਦੀ ਬਿਰਥਾ ਦਸਦਾ ਹਾਂ ਅਤੇ ਪ੍ਰਾਸਚਿਤ ਕਰਾਉਣ ਲਈ ਪਸਚਾਤਾਪ ਆਪ ਦੇ ਪੇਸ਼ ਕਰਦਾ ਹਾਂ । '

ਮੈਂ ਉਸ ਨੂੰ ਹਲਾਸ਼ੇਰੀ ਦਿਤੀ ਕਿ ਨਿਸ਼ੰਗ ਖੋਲ੍ਹ ਕੇ ਦਸੋ, ਹੁਣ ਸੰਕੋਚਣ ਦਾ ਵੇਲਾ ਨਹੀਂ ।

ਫਿਰ ਉਸ ਨੇ ਹੌਲੀ ਹੌਲੀ ਅਟਕਵੀਂ ਤੇ ਥਿਥਲਦੀ ਜ਼ਬਾਨ ਤੋਂ ਆਪਣੀ ਪਾਪ-ਕਹਾਣੀ ਵਰਨਣ ਕਰਨੀ ਅਰੰਭੀ । ਕੇਹਰ ਸਿੰਘ ਨੇ ਕਿਹਾ ਕਿ ਪਹਿਲਾ ਪਾਪ ਤਾਂ ਮੇਰਾ ਇਹ ਹੈ ਕਿ ਮੈਂ ਕੁਸੰਗ ਕਰਕੇ ਗੁਰਸਿਖੀ ਤੋਂ ਪਤਿਤ ਹੋ ਚੁਕਾ ਹਾਂ । ਜਦੋਂ ਦਾ ਮੈਂ ਏਥੇ ਹਜ਼ਾਰੀ ਬਾਗ ਜੇਲ੍ਹ ਵਿਚ ਆਇਆ ਹਾਂ, ਮੈਂ ਕੇਸ ਤਾਂ ਧਾਰਨ ਕਰ ਲਏ ਹਨ; ਪਰ ਮੈਨੂੰ ਆਪਣਾ ਪਾਪ ਅਤੇ ਤਨਖ਼ਾਹ ਬਖ਼ਸ਼ਾਉਣ ਦਾ ਅਵਸਰ ਮਿਲਦਾ ਦਿਸਦਾ ਨਹੀਂ, ਮੈਂ ਪ੍ਰਾਣਾਂ ਤੇ ਪਿਆ ਹਾਂ । ਤੁਸਾਡੇ ਬਖ਼ਸ਼ਾਉਣ ਤੋਂ ਬਖ਼ਸ਼ਿਆ ਜਾ ਸਕਦਾ ਹਾਂ, ਹੋਰ ਮੇਰੇ ਵਿਚ ਕੋਈ ਤਾਕਤ ਨਹੀਂ । ਦੂਜੇ, ਮੈਂ ਆਪਣੇ ਸਾਰੇ ਕਮਾਤੇ ਭਿਆਨਕ ਪਾਪ ਆਪ ਦੇ ਪਾਸ ਦਸ ਕੇ ਆਪਣੀ ਹਿੱਕ ਹੌਲੀ ਕਰਨਾ ਚਾਹੁੰਦਾ ਹਾਂ । ਉਹਨਾਂ ਪਾਪਾਂ ਵਿਚੋਂ ਸਭ ਤੋਂ ਵਡਾ ਬੱਜਰ ਪਾਪ ਇਹ ਮੈਥੋਂ ਹੋਇਆ, ਜੋ ਸਾਰੇ ਦੁਖਾਂ ਦਾ ਮੂਲ਼ ਹੈ । ਜ਼ਰਾ ਕੰਨ ਦੇ ਕੇ ਸੁਣਨਾ ਜੀ ! ਆਪ ਨੂੰ ਪਤਾ ਹੋਣਾ ਹੈ ਕਿ ਫਲਾਣੇ ਸਾਲ ਫਲਾਣੀ ਫਲਾਣੀ ਤ੍ਰੀਕ ਨੂੰ ਅਸਾਡੇ ਪਿੰਡ ਸਾਹਨੇਵਾਲ ਇਕ ਪੁਲੀਟੀਕਲ ਡਾਕਾ ਪਿਆ ਸੀ।

ਮੈਂ ਹੁੰਗਾਰਾ ਭਰਿਆ । ਕਿਹਾ, 'ਮੈਂ ਸੁਣਿਆ ਸੀ ।'

ਕੇਹਰ ਸਿੰਘ ਨੇ ਫੇਰ ਬਿਆਨ ਕਰਨਾ ਸ਼ੁਰੂ ਕੀਤਾ, 'ਜੀ ਭਾਈ ਸਾਹਿਬ ! ਉਹ ਡਾਕਾ ਮੈਂ ਹੀ ਪਵਾਇਆ ਸੀ । ਮੇਰੀ ਤਰਗ਼ੀਬ ਨਾਲ ਹੀ ਪਿਆ ਸੀ । ਸਾਡੇ ਪਿੰਡ ਸਾਹਨੇਵਾਲ ਦਾ ਇਕ ਸ਼ਾਹੂਕਾਰ ਮਾਲਦਾਰ ਖੱਤਰੀ ਸੀ, ਜੋ ਇਸ ਡਾਕੇ ਵਿਚ ਜਾਨੋਂ ਮਾਰਿਆ ਜਾਣਾ ਆਪ ਨੇ ਸੁਣਿਆ ਹੋਣਾ ਹੈ ?

ਜਦੋਂ ਆਪ ਬਾਹਰ ਸੀ।'

ਮੈਂ ਆਖਿਆ, 'ਹਾਂ, ਇਹ ਗੱਲ ਭੀ ਸੁਣੀ ਸੀ ਕਿ ਸਾਹਨੇਵਾਲ ਇਕ ਸ਼ਾਹੂਕਾਰ ਇਸ ਡਾਕੇ ਵਿਚ ਜਾਨੋਂ ਮਾਰਿਆ ਗਿਆ।'

ਕੇਹਰ ਸਿੰਘ ਨੇ ਬੜੇ ਤਸਲੀਮ-ਕੁਨ (confirming) ਲਹਿਜੇ ਵਿਚ ਆਖਿਆ, 'ਉਸ ਸ਼ਾਹੂਕਾਰ ਦਾ ਖ਼ੂਨ ਮੇਰੇ ਸਿਰ ਤੇ ਹੀ ਹੈ। ਉਹ ਇਸ ਤਰ੍ਹਾਂ ਕਿ ਜਦੋਂ ਅਸਾਂ ਸਾਰਿਆਂ ਪੁਲੀਟੀਕਲ ਡਾਕੇਬਾਜ਼ਾਂ ਨੇ ਸਾਰੇ ਉਸ ਦੇ ਮਕਾਨ ਉਤੇ ਚਾਰ ਚੁਫੇਰੇ ਭਰੀਆਂ ਬੰਦੂਕਾਂ ਦੇ ਪਹਿਰੇ ਲਾ ਦਿਤੇ ਅਤੇ ਨਾਕਿਆਂ ਉਤੇ ਬੰਬਾਂ ਵਾਲੇ ਖੜੇ ਕਰ ਦਿਤੇ, ਫੇਰ ਸ਼ਾਹੂਕਾਰ ਦੀਆਂ ਮੁਸ਼ਕਾਂ ਕਸ ਲਈਆਂ ਅਤੇ ਲਗੇ ਉਸ ਨੂੰ ਤਸੀਹੇ ਦੇਣ। ਮਤਲਬ ਤਸੀਹੇ ਦੇਣ ਦਾ ਇਹ ਸੀ ਕਿ ਸਾਨੂੰ ਮਾਲ ਰਖਿਆ ਦਸੇ ਅਤੇ ਖ਼ਜ਼ਾਨੇ ਦੀਆਂ ਕੁੰਜੀਆਂ ਸਪੁਰਦ ਕਰ ਦੇਵੇ। ਇਹ ਸ਼ਾਹੂਕਾਰ ਬੜਾ ਹੀ ਮਾਲਦਾਰ ਤੇ ਨਕਦੀ ਵਾਲਾ ਸੀ। ਪਰ ਉਸ ਢੀਠ ਨੇ ਇਕੋ ਨਾਂਹ ਹੀ ਫੜ ਲਈ, ਕੁਛ ਨਾ ਦਸੇ। ਮੈਂ ਫੇਰ ਇਹ ਤਜਵੀਜ਼ ਦਸੀ ਆਪਣੇ ਸਾਥੀ ਡਾਕੂਆਂ ਨੂੰ ਕਿ ਇਹ ਇਉਂ ਨਹੀਂ ਦਸਦਾ, ਇਸ ਦੇ ਗਲੇ ਦੀ ਘੰਡੀ ਉਤੇ ਛੁਰੀ ਰਖੋ, ਫੇਰ ਦਸੇਗਾ। ਛੁਰੀ ਰਖੀ ਗਈ। ਪਰ ਉਹ ਫੇਰ ਭੀ ਕੁਛ ਨ ਦਸੇ। ਮੈਂ ਆਖਿਆ, ਛੁਰੀ ਫੇਰੋ ਇਸ ਦੀ ਘੰਡੀ ਤੇ। ਛੁਰੀ ਫੇਰੀ ਗਈ। ਪਰ ਉਹ ਅਜੇ ਭੀ ਨ ਦਸੇ। ਮੈਂ ਹੋਰ ਡੂੰਘੀ ਛੁਰੀ ਗਲੇ ਤੇ ਫੇਰਨ ਲਈ ਵੰਗਾਰਨ ਕੀਤਾ, ਪਰ ਉਸ ਨੇ ਇਕੋ ਚੁਪ ਵਟ ਲਈ, ਮਰਨਾ ਮਾਂਡ ਲਿਆ, ਪਰ ਧਨ ਹੱਥੋਂ ਨਾ ਜਾਣ ਦੇਣ ਦੀ ਮੱਥ ਲਈ। ਇਉਂ ਮੁੜ ਮੁੜ ਕੇ ਛੁਰੀ ਫੇਰਦਿਆਂ ਫਿਰਾਉਂਦਿਆਂ ਉਸ ਦੀ ਜਾਨ ਨਿਕਲ ਗਈ ਅਤੇ ਆਨਨ ਫਾਨਨ ਹੀ ਕਤਲ ਹੋ ਗਿਆ, ਜੋ ਮੇਰੇ ਪੈਰੋਂ ਹੋਇਆ। ਕੇਸ ਕਤਲ ਤੇ ਡਾਕੇ ਦਾ ਸਾਡੇ ਤੇ ਚਲ ਪਿਆ। ਹੱਥ ਭੀ ਕੁਛ ਨ ਆਇਆ।

'ਮੈਂ ਏਥੇ ਆਪ ਨੂੰ ਇਕ ਗੱਲ ਪਰਗਟ ਕੀਤੇ ਬਿਨਾਂ ਨਹੀਂ ਰਹਿ ਸਕਦਾ ਕਿ ਅਸਾਡਾ ਕਾਜ਼ ਕਿਉਂ ਫ਼ੇਲ੍ਹ ਹੋਇਆ। ਬੜਾ ਉਪਕਾਰ ਭਰਿਆ ਪਵਿੱਤਰ ਕਾਜ਼ ਸੀ। ਇਸ ਨੇ ਕਦੇ ਫ਼ੇਲ੍ਹ ਨਹੀਂ ਸੀ ਹੋਣਾ। ਫ਼ੇਲ੍ਹ ਸਿਰਫ਼ ਇਸ ਕਰ ਕੇ ਹੋਇਆ ਕਿ ਮੇਰੇ ਵਰਗੇ ਪਾਪੀ ਪੁਰਸ਼ (ਮੈਂ ਇਕ ਨਹੀਂ, ਹੋਰ ਭੀ ਕਈ ਹੋਣਗੇ) ਇਸ ਮੂਵਮੈਂਟ (movement) ਵਿਚ ਸ਼ਾਮਲ ਹੋ ਗਏ ਸਨ। ਅਤੇ ਇਹੋ ਜਿਹੇ ਉਪੱਦ੍ਰਵ ਪੁਲੀਟੀਕਲ ਡਾਕਿਆਂ ਵਿਚ, ਇਕੜ ਦੁਕੜ ਨਹੀਂ, ਕਈ ਹੋ ਗਏ ਹੋਣਗੇ।

'ਪਰ ਮੈਨੂੰ ਹੋਰਾਂ ਦੀ ਕੀ ਪਈ, ਮੈਨੂੰ ਤਾਂ ਆਪਣੇ ਕੀਤੇ ਦੀ ਪਈ ਹੋਈ ਹੈ। ਉਹ ਜਿਹੜੀ ਛੁਰੀ ਉਸ ਸ਼ਾਹੂਕਾਰ ਦੇ ਗਲੇ ਤੇ ਫਿਰੀ ਸੀ, ਜਿਸ ਨੇ ਕਿ ਉਸ ਦੀ ਓੜਕ ਜਾਨ ਕਢ ਲਈ, ਓਹੀ ਛੁਰੀ ਹੁਣ ਮੇਰੇ ਗਲ ਤੇ ਭੀ ਫਿਰੇਗੀ। ਆਪਣੇ ਅਮਲਾਂ ਦਾ ਹਿਸਾਬ ਜ਼ਰੂਰ ਹੱਥੋ ਹੱਥੀ ਦੇਣਾ ਪੈਂਦਾ ਹੈ। ਕਈ ਐਥੇ ਦੇ ਦਿੰਦੇ ਹਨ, ਕਈ ਅਗੇ ਜਾ ਕੇ। ਕਈ ਦੋਹੀਂ ਥਾਈਂ ਐਥੇ ਓਥੇ ਦਿੰਦੇ ਹਨ। ਮੈਨੂੰ ਹੰਜੀਰਾਂ ਦੀ ਬੀਮਾਰੀ ਐਸੀ ਲਾਹੱਕ ਹੋਈ ਹੈ ਕਿ ਮੇਰੇ ਗਲੇ ਉਤੇ ਲੱਖ ਲੱਖ ਛੁਰੀ ਫਿਰ ਰਹੀ ਹੈ। ਲੱਖ ਲੱਖ ਛੁਰੀਆਂ ਦੇ ਡੰਗਾਂ ਵਾਲਾ ਅਸਹਿ ਦਰਦ ਮੇਰੀ ਗਰਦਨ ਤੇ ਹੋ ਰਿਹਾ ਹੈ। ਐਸੀਆਂ ਪੀੜਾਂ ਪੈਂਦੀਆਂ ਹਨ ਕਿ ਦਿਨ ਰਾਤ ਤੜਫਾਉਂਦੀਆਂ ਹਨ। ਨਾ ਜਾਨ ਨਿਕਲਦੀ ਮੁਕਦੀ ਹੈ, ਨਾ ਇਕ ਖਿਨ ਮਾਤਰ ਭੀ ਭਿਅੰਕਰ ਤਕਲੀਫ਼ ਹਟਦੀ ਹੈ। ਉਪਰੋਂ ਸਭ ਤੋਂ ਬੜੀ ਤਕਲੀਫ਼ ਹੁਣ ਕੁਝ ਦਿਨਾਂ ਤੋਂ ਇਹ ਭਿਆਨਕ ਸ਼ਕਲ ਦਿਖਲਾ ਰਹੀ ਹੈ ਕਿ ਉਹੀ ਸ਼ਾਹੂਕਾਰ ਜਿਸ ਦੇ ਗਲੇ ਉਤੇ ਮੈਂ ਛੁਰੀ ਫਿਰਵਾਈ ਸੀ, ਬਿਕਰਾਲ ਪ੍ਰੇਤ ਦੀ ਸ਼ਕਲ ਵਿਚ ਮੇਰੇ ਸਾਹਮਣੇ ਖੜਾ ਮੈਨੂੰ ਡਰਾਉਂਦਾ ਰਹਿੰਦਾ ਹੈ, ਜਿਸ ਤੋਂ ਮੇਰੀਆਂ ਡਾਡਾਂ ਨਿਕਲ ਜਾਂਦੀਆਂ ਹਨ। ਹੁਣੇ ਆਪਦੇ ਆਉਣ ਕਰਕੇ ਉਹ ਨਸਿਆ ਹੈ। ਹੁਣ ਤਾਈਂ ਮੁੜ ਨਹੀਂ ਆਇਆ, ਨਹੀਂ ਤਾਂ ਪੰਜ ਪੰਜ ਮਿੰਟ ਪਿਛੋਂ ਮੈਨੂੰ ਆ ਕੇ ਡਰਾਉਂਦਾ ਹੈ। ਮੈਨੂੰ ਪੱਕ ਪਰਤੀਤ ਹੋ ਗਈ ਹੈ ਕਿ ਭਜਨ ਦੇ ਪਰਤਾਪ ਨਾਲ ਉਹ ਆਉਣ ਤੇ ਡਰਾਉਣ ਤੋਂ ਪਰੇ ਭੱਜ ਗਿਆ ਹੈ। ਆਪ ਗੁਰੂ ਕੇ ਭਜਨੀਕ ਪੁਰਸ਼ ਹੋ। ਮੈਨੂੰ ਤਾਂ ਪਹਿਲਾਂ ਹੀ ਭਾਰੀ ਯਕੀਨ ਸੀ। ਪਰ ਹੁਣ ਭਾਰੀ ਭਰੋਸਾ ਬੱਝ ਗਿਆ ਹੈ ਕਿ ਆਪ ਦੇ ਤੁਫ਼ੈਲ ਮੇਰੀ ਭੀ ਬੰਦ-ਖਲਾਸੀ ਹੋ ਜਾਵੇਗੀ।'

ਕੇਹਰ ਸਿੰਘ ਦੀ ਇਹ ਅੱਤ ਦੁਖੀ ਦਸ਼ਾ ਦੇਖ ਕੇ ਮੈਨੂੰ ਉਸ ਦੇ ਉੱਪਰ ਬੜਾ ਤਰਸ ਆਇਆ। ਮੇਰਾ ਜੀਉ ਕਰੇ ਕਿ ਇਸ ਨੂੰ ਭਜਨ ਗੁਰਮੰਤ੍ਰ ਦਸ ਦੇਵਾਂ, ਪਰ ਗੁਰਮਤਿ ਅਸੂਲ ਦੀ ਹੁਕਮ-ਅਦੂਲੀ ਹੋ ਜਾਣ ਦੇ ਕਾਰਨ ਦਸਣੋਂ ਡਰ ਆਉਂਦਾ ਸੀ। ਸਾਰੀ ਉਮਰ ਐਸਾ ਗੁਰਮਤਿ ਵਿਰੁਧ ਕੋਈ ਕੰਮ ਨਹੀਂ ਕੀਤਾ ਗਿਆ। ਮੈਨੂੰ ਇਹ ਪੱਕਾ ਯਕੀਨ ਸੀ ਕਿ ਐਸ ਵੇਲੇ ਨਾਮ ਹੀ ਇਸ ਦੀ ਸਹਾਇਤਾ ਕਰ ਸਕਦਾ ਹੈ, ਪਰ ਨਾਮ ਮਿਲੇ ਤਾਂ ਕਿਵੇਂ ਮਿਲੇ। ਪੰਜਾਂ ਪਿਆਰਿਆਂ ਦਾ ਸੰਗਮ ਸਮਾਗਮ ਜੇਲ੍ਹ ਵਿਚ ਬੱਝ ਨਹੀਂ ਸਕਦਾ। ਮੈਨੂੰ ਇਕੱਲੇ ਨੂੰ ਭਜਨ ਦਸ ਦੇਣ ਦਾ ਹੁਕਮ ਨਹੀਂ। ਓੜਕ ਮੈਂ ਉਸ ਨੂੰ ਪੁਛਿਆ ਕਿ ਤੁਸਾਡੇ ਆਰੀਆ ਮਤ ਵਿਚ, ਆਰੀਆ ਬਣਾਉਣ ਦੀ ਰਸਮ ਅਦਾ ਕਰਨ ਸਮੇਂ, ਕੋਈ ਭਜਨ ਭੀ ਤੁਸਾਡੇ ਮਤ ਦਾ ਤੁਸਾਨੂੰ ਦਸਿਆ ਹੋਣਾ ਹੈ, ਉਸੇ

ਹੀ ਨਾਮ ਦਾ ਭਜਨ ਕਰੋ । ਸ਼ਾਇਦ ਆਪ ਦੇ ਸੰਕਟ ਕਟੇ ਜਾਣ ।

ਮੇਰੇ ਇਤਨਾ ਕਹਿਣ ਪਰ ਉਹ ਕੁਛ ਮਿੰਟਾਂ ਲਈ ਗੁੰਮ ਹੋ ਗਿਆ ਅਤੇ ਅੱਖੀਆਂ ਮੀਚ ਲਈਆਂ। ਓੜਕ ਅੱਖਾਂ ਖੋਲ੍ਹੀਆਂ ਤੇ ਸਿਰ ਫੇਰਿਆ ਅਤੇ ਬੜੀ ਹੀ ਔਖ ਅਤੇ ਮੁਸ਼ਕਲ ਨਾਲ ਉਸ ਦੀ ਜ਼ਬਾਨ ਵਿਚੋਂ ਮਸਾਂ 'ਹੇ ਈਸ਼੍ਵਰ' ਹੀ ਨਿਕਲਿਆ । ਫੇਰ ਉਹ ਰੋ ਕੇ ਦਸਣ ਲਗਿਆ ਕਿ ਮੈਂ ਖ਼ੂਬ ਅੰਤਰ ਧਿਆਨ ਹੋ ਕੇ ਦੇਖ ਲਿਆ ਅਤੇ ਯਤਨ ਪੂਰਾ ਕੀਤਾ ਕਿ ਕਿਵੇਂ ਮੇਰੇ ਮੂੰਹੋਂ ਮੈਨੂੰ ਦਸਿਆ ਜਾਂ ਆਪੇ ਦ੍ਰਿੜ੍ਹ ਹੋਇਆ ਮੰਤ੍ਰ ਨਿਕਲ ਸਕੇ । ਮੇਰੀਆਂ ਬਹੁਤ ਕੋਸ਼ਸ਼ਾਂ ਨਾਲ ਮਸਾਂ ਇਕ ਵਾਰੀ ਹੀ ਮੈਂ ਮੂੰਹੋਂ ਇਸ ਦਾ ਉਚਾਰਨ ਕਰ ਸਕਿਆ ਹਾਂ, ਪਰ ਬੱਸ ਹੋ ਗਈ । ਭਾਈ ਸਾਹਿਬ ਜੀ ! ਐਸ ਵੇਲੇ ਜੋ ਅਤੀ ਕਠਨ ਅਤੇ ਮੁਸ਼ਕਲ ਤੋਂ ਮੁਸ਼ਕਲ ਔਕੜ ਮੇਰੇ ਦਰਪੇਸ਼ ਹੈ, ਉਹ ਇਹ ਹੈ ਕਿ ਮੇਰੇ ਮੂੰਹੋਂ ਨਾਮ ਨਹੀਂ ਨਿਕਲ ਸਕਦਾ । ਇਹ ਗਲ ਪੱਕ ਜਾਣੋ ਕਿ ਜਿਸ ਨੇ ਸਾਰੀ ਉਮਰ ਪਾਪ ਹੀ ਪਾਪ ਕਮਾਏ ਹੋਣ, ਉਸ ਨੂੰ ਸਭ ਤੋਂ ਬੜੀ ਸਜ਼ਾ ਇਹੋ ਹੈ ਕਿ ਉਹ ਨਾਮ ਨ ਜਪ ਸਕੇ । ਸੋ ਮੈਂ ਤਾਂ ਉੱਕਾ ਹੀ ਅਸਮਰੱਥ ਹਾਂ, ਕੋਈ ਨਾਮ ਉਚਾਰਨੇ ਤੋਂ । ਮੈਨੂੰ ਚਾਰ ਚੁਫੇਰਿਓਂ ਗੁਰਜਾਂ ਪੈਂਦੀਆਂ ਹਨ । ਹੁਣ ਮੇਰਾ ਇਕੋ ਹੀ ਬਚਾਉ ਹੈ ਅਤੇ ਇਹੋ ਹੀ ਮੇਰੇ ਤੇ ਵਡਾ ਉਪਕਾਰ ਹੈ ; ਉਹ ਇਹ ਹੈ ਕਿ ਮੈਂ ਪਾਪੀ ਤੋਂ ਤਾਂ ਕੁਝ ਨਹੀਂ ਹੋ ਸਕਦਾ । ਆਪ ਕਿਰਪਾ ਕਰ ਕੇ ਮੇਰੇ ਸਾਰੇ ਕੀਤੇ ਗੁਨਾਹਾਂ ਦਾ ਕਫ਼ਾਰਾ ਆਪਣੀ ਅਰਦਾਸ ਦੁਆਰਾ ਕਰਵਾਓ । ਮੇਰੇ ਨਮਿਤ ਏਤਨੀ ਹੀ ਅਰਦਾਸ ਕਰੋ ਕਿ ਮੇਰੀ ਜਾਨ ਹੁਣ ਮੇਰੇ ਪਿੰਜਰ ਵਿਚੋਂ ਨਿਕਲ ਜਾਵੇ ਅਤੇ ਮੈਂ ਇਸ ਦਾਰਨ ਦੁਖ ਤੋਂ ਬਚ ਜਾਵਾਂ । ਨਹੀਂ ਤਾਂ ਪਤਾ ਨਹੀਂ ਕਿਤਨੇ ਦਿਨ ਹੋਰ ਏਸੇ ਤਰ੍ਹਾਂ ਲਮਕਦਾ ਰਹਾਂਗਾ । ਤੁਸਾਡੀ ਗੁਰੂ ਘਰ ਦੀ ਅਰਦਾਸ ਹੀ ਮੈਨੂੰ ਬਚਾ ਸਕਦੀ ਹੈ ਅਤੇ ਮੇਰੀ ਸਹਾਈ ਹੋ ਸਕਦੀ ਹੈ । ਨਹੀਂ ਤਾਂ ਮੇਰਾ ਠਿਕਾਣਾ ਕੁਛ ਨਹੀਂ । ਮੈਂ ਆਪ ਨੂੰ ਆਪਣੇ ਕੀਤੇ ਕਿਲਵਿਖਾਂ ਪਾਪਾਂ ਦੇ ਹਾਲ ਨੂੰ ਖੋਲ੍ਹ ਕੇ ਦਸ ਚੁੱਕਾ ਹਾਂ ਅਤੇ ਪੂਰਨ ਪਸਚਾਤਾਪ ਕਰਦਾ ਹਾਂ । ਪ੍ਰਾਸਚਿਤ ਕਰਨ ਖ਼ਾਤਰ ਹੀ ਮੈਂ ਆਪ ਨੂੰ ਆਪਣੇ ਪਾਸ ਬੁਲਾਇਆ ਹੈ। ਮੈਨੂੰ ਪੱਕਾ ਯਕੀਨ ਹੈ ਕਿ ਆਪ ਹੀ ਮੈਨੂੰ ਇਸ ਦੁਖ ਤੋਂ ਛੁਡਾਓਗੇ । ਆਪ ਦੇ ਆਉਣ ਨਾਲ ਹੀ ਅੱਧੇ ਘੰਟੇ ਤੋਂ ਮੈਂ ਬੜਾ ਸੁਖੀ ਹਾਂ ਅਤੇ ਉਹ ਪ੍ਰੇਤ ਮੈਨੂੰ ਡਰਾਉਣੋਂ ਹਟ ਗਿਆ ਹੈ । ਮੇਰੀ ਨਮਿੱਤ ਆਪ ਅਰਦਾਸ ਕਰੋਗੇ ਤਾਂ ਮੇਰਾ ਛੁਟਕਾਰਾ ਪਾਪਾਂ ਤੋਂ ਜ਼ਰੂਰ ਹੋ ਜਾਵਗਾ ।

ਇਸ ਪ੍ਰਕਾਰ ਘਿਗਿਆ ਕੇ ਬੇਨਤੀਆਂ ਕਰਦੇ ਦੀਆਂ ਘਗਾਂ ਬੈਠ

ਗਈਆਂ ਅਤੇ ਉਹ ਬੇਹੋਸ਼ ਹੋ ਗਿਆ। ਏਤਨੇ ਨੂੰ ਸੁਪ੍ਰੰਟੈਂਡੈਂਟ ਮੈਨੂੰ ਲੈ ਜਾਣ ਲਈ ਆ ਗਿਆ ਅਤੇ ਮੈਨੂੰ ਲੈ ਕੇ ਮੇਰੇ ਬਲਾਕ ਵਿਚ ਮੇਰੀ ਕੋਠੀ ਵਿਚ ਮੈਨੂੰ ਛੱਡ ਆਇਆ। ਮੈਂ ਆਪਣੇ ਬਲਾਕ ਵਿਚ ਪੁਜਣ ਸਾਰ ਹੀ ਸੁਪ੍ਰੰਟੈਂਡੈਂਟ ਦੇ ਪਰਤਿਆਂ ਸਭ ਨਾਲ ਦੇ ਸਜਣਾਂ ਨੂੰ ਪ੍ਰੇਰ ਕੇ ਬਿਨੈ ਕੀਤੀ ਕਿ ਕੇਹਰ ਸਿੰਘ ਦੀ ਨਮਿਤ ਅਜ ਸਾਰੀ ਰਾਤ ਸਭ ਨੇ ਸ੍ਰੀ ਸੁਖਮਨੀ ਸਾਹਿਬ ਦੇ ਜਿਤਨੇ ਭੀ ਅਖੰਡਪਾਠ ਹੋ ਸਕਣ, ਕਰਨੇ। ਘਟ ਤੋਂ ਘਟ ਇਕ ਪਾਠ ਸੁਖਮਨੀ ਸਾਹਿਬ ਦਾ ਜ਼ਰੂਰ ਕਰੋ। ਸੋ ਉਹ ਸਾਰੇ ਹੀ ਜੁਟ ਗਏ। ਮੈਂ ਭੀ ਅੰਦਰ ਪੁਜ ਕੇ ਜੁਟ ਗਿਆ ਅਤੇ ਅਰਦਾਸ ਬੇਨਤੀਆਂ ਕੀਤੀਆਂ ਗਈਆਂ। ਅਗਲੇ ਦਿਨ ਉਸ ਦੀ ਹਾਲਤ ਦੇਖ ਕੇ ਉਸ ਨਾਲ ਸਾਰੇ ਸਿਖਾਂ ਦੀ ਹੀ ਮੁਲਾਕਾਤ ਕਰਾ ਦਿਤੀ।

ਇਸ ਤੋਂ ਅਗਲੇ ਦਿਨ ਕੇਹਰ ਸਿੰਘ ਅਕਾਲ ਚਲਾਣਾ ਕਰ ਗਿਆ। ਸੂਰਜ ਚੜ੍ਹਦੇ ਹੀ ਮੇਰੇ ਪਾਸ ਸੁਪ੍ਰੰਟੈਂਡੈਂਟ ਨਸਾ ਆਇਆ ਅਤੇ ਆਉਂਦਾ ਹੀ ਦਸਣ ਲਗਾ ਕਿ ਇਹ ਬੜਾ ਮੁਅੱਜਜ਼ਾ ਹੋਇਆ ਆਪਦੀ ਮੁਲਾਕਾਤ ਦਾ। ਕੇਹਰ ਸਿੰਘ ਉਸ ਤੋਂ ਬਾਅਦ ਆਰਾਮ ਵਿਚ ਪਿਆ ਰਿਹਾ। ਉਸ ਨੂੰ ਕੋਈ ਤਕਲੀਫ਼ ਨਹੀਂ ਹੋਈ। ਨਾ ਹੀ ਉਸ ਨੂੰ ਫੇਰ ਪ੍ਰੇਤ ਨੇ ਤੰਗ ਕੀਤਾ। ਤੰਗ ਕੀ, ਉਹ ਮੁੜ ਕੇ ਉਸ ਨੂੰ ਡਰਾਉਣ ਆਇਆ ਹੀ ਨਹੀਂ। ਇਹ ਗੱਲ ਉਥੋਂ ਦੇ ਪਹਿਰੇਦਾਰ ਆਪਣੀ ਜ਼ਬਾਨੀ ਤਸਦੀਕ ਕਰਦੇ ਹਨ ਅਤੇ ਦਿਨ ਚੜ੍ਹਦੇ ਨੂੰ ਉਹ ਪ੍ਰਾਣ ਤਿਆਗ ਗਿਆ। ਇਹ ਗੱਲ ਦਸ ਕੇ ਸੁਪ੍ਰੰਟੈਂਡੈਂਟ ਚਲਦਾ ਲਗਾ। ਅਸੀਂ ਸਾਰਿਆਂ ਨੇ ਉਸ ਦੇ ਚਲਾਣੇ ਨਮਿਤ ਅੰਦਰ ਬੈਠਿਆਂ ਨੇ ਫੇਰ ਅਰਦਾਸ ਕੀਤੀ। ਇਉਂ ਕੇਹਰ ਸਿੰਘ ਦਾ ਬਿਰਤਾਂਤ ਹੈ। ਅਤੇ ਜਮ-ਤ੍ਰਾਸ ਦੀ ਗਵਾਹੀ ਅੱਖੀਂ ਦੇਖੀ ਪਰਤੱਖ ਹੈ।

ਇਨ੍ਹਾਂ ਦੋਹਾਂ ਉਪਰਲੀਆਂ ਉਦਾਹਰਣਾਂ ਦੇ ਸਾਹਮਣੇ ਜਮ ਦੀ ਹੋਂਦ ਤੋਂ ਮੁਨਕਰ ਹੋਣ ਦੀ ਉੱਕੀ ਹੀ ਗੁੰਜਾਇਸ਼ ਨਹੀਂ ਰਹਿ ਸਕਦੀ। ਜਿਸ ਨੂੰ ਅਜੇ ਭੀ ਸ਼ੰਕਾ ਹੋਵੇ ਤਾਂ ਉਸ ਦੀ ਕਿਸਮਤ ਮਾੜੀ, ਕਿਉਂਕਿ ਭਰੋਸੇ-ਹੀਣ ਸ਼ੰਕਾ ਕਰਨ ਵਾਲਿਆਂ ਹੁਜਤੀਆਂ ਦਾ ਇਲਾਜ ਹੀ ਕੋਈ ਨਹੀਂ।

ਇਹ ਗੱਲ ਬਿਲਕੁਲ ਸੱਚ ਹੈ ਕਿ ਹਰਿ ਗੁਣ ਗਾਉਣਹਾਰਿਆਂ ਦੇ, ਸ਼ਬਦ ਬਾਣੀ ਧਿਆਉਣਹਾਰਿਆਂ ਦੇ ਨਾ ਜਮ ਨੇੜੇ ਆਉਂਦਾ ਹੈ ਨਾ ਕੋਈ ਦੁਖ ਦਰਦ ਤਿਨ੍ਹਾਂ ਨੂੰ ਸਤਾਉਂਦਾ ਹੈ। ਯਥਾ ਗੁਰਵਾਕ—

ਦੂਖੁ ਦਰਦੁ ਜਮੁ ਨੇੜਿ ਨ ਆਵੈ ॥
ਕਹੁ ਨਾਨਕ ਜੋ ਹਰਿ ਗੁਨ ਗਾਵੈ ॥੪॥੫੯॥੧੨੮॥
[ਗਉੜੀ ਮ: ੫, ਪੰਨਾ ੧੯੧

ਵਾਹਿਗੁਰੂ ਨੂੰ ਵਿਸਾਰਿਆਂ ਹੀ ਘਨੇਰੇ ਦੁਖ ਲਗਦੇ ਹਨ। ਵਾਹਿਗੁਰੂ ਦੀ ਸੇਵਾ ਸਿਮਰਨ ਕਰਨਹਾਰਿਆਂ ਦੇ ਜਮ ਨੇੜੇ ਨਹੀਂ ਆਉਂਦਾ। ਯਥਾ ਗੁਰਵਾਕ—

ਹਰਿ ਬਿਸਰਿਐ ਦੁਖ ਰੋਗ ਘਨੇਰੇ ॥
ਪ੍ਰਭ ਸੇਵਾ ਜਮੁ ਲਗੈ ਨ ਨੇਰੇ ॥੨॥(੪॥੮੯॥੧੫੮)
[ਗਉੜੀ ਮ: ੫, ਪੰਨਾ ੧੯੭

ਜਿਨ੍ਹਾਂ ਨੂੰ ਨਾਮ ਦਾ ਓਹਲਾ ਹੈ ਤਿਨ੍ਹਾਂ ਨੂੰ ਜਮ ਦਾ ਭੈ ਹੀ ਨਹੀਂ। ਨਾਮ ਬਿਨਾਂ ਹੋਰ ਅਨੇਕ ਕਰਮ ਦੇ ਕਰਨ ਕਰਾਵਨ-ਹਾਰਿਆਂ ਨੂੰ ਜਮੂਆ ਆ ਕੇ ਬਿਆਪਦਾ ਹੈ। ਯਥਾ ਗੁਰਵਾਕ—

ਜੀਅ ਰੇ ਓਲ੍ਹਾ ਨਾਮ ਕਾ ॥
ਅਵਰੁ ਜਿ ਕਰਨ ਕਰਾਵਨੋ ਤਿਨ ਮਹਿ ਭਉ ਹੈ ਜਾਮ ਕਾ ॥੧॥ਰਹਾਉ॥
(੪॥੪॥੧੪੨) [ਗਉੜੀ ਮ: ੫, ਪੰਨਾ ੨੧੧

ਵਾਹਿਗੁਰੂ ਪਾਰਬ੍ਰਹਮ ਜਿਸ ਘਟ ਵਿਚ ਵਸਿਆ ਹੈ ਸੋਈ ਥਾਉਂ ਸੁਹਾਵਾ ਹੈ ਅਤੇ ਰਸਨਾ ਕਰਕੇ ਹਰਿ ਗੁਣ ਗਾਵਣ ਨਾਲ ਜਮਕੰਕਰ ਨੇੜੇ ਨਹੀਂ ਆਉਂਦਾ। ਯਥਾ ਗੁਰਵਾਕ—

ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ ॥
ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ ॥੧॥
(੪॥੨॥੧੭੦) [ਗਉੜੀ ਮ: ੫ ਮਾਝ, ਪੰਨਾ ੨੧੮

ਸੰਸਾਰ ਦੇ ਜਿਤਨੇ ਭੀ ਸੁਲਤਾਨ ਖ਼ਾਨ ਬਾਦਸ਼ਾਹ ਹਨ, ਸਭ ਜਮ ਦੇ ਚੀਰੇ ਵਿਚ ਹਨ ਅਤੇ ਕਾਲ ਦਾ ਲੁਕਮਾ ਹਨ, ਕਿਉਂਕਿ ਇਹ ਸਭ ਨਾਮ ਤੋਂ ਭੁਲੇ ਹੋਏ ਹਨ। ਏਹਨਾਂ ਸਭਨਾਂ ਨੂੰ ਜਮ ਦਾ ਦੁਖ ਸਹਿਣਾ ਪਵੇਗਾ। ਯਥਾ ਗੁਰਵਾਕ—

ਸੁਲਤਾਨ ਖਾਨ ਬਾਦਿਸਾਹ ਨਹੀ ਰਹਨਾ ॥
ਨਾਮਹੁ ਭੂਲੇ ਜਮ ਕਾ ਦੁਖੁ ਸਹਨਾ...੩॥(੯॥੧੪)
[ਗਉੜੀ ਮ: ੧, ਪੰਨਾ ੨੨੭

ਇਹ ਸੰਸਾਰ ਸਾਰਾ ਅਤੇ ਸਾਰੇ ਹੀ ਸੰਸਾਰੀ ਪੁਰਸ਼ ਹਉਮੈ ਦੀ ਮੈਲ ਨਾਲ ਮੈਲੇ ਹੋਏਵੇ ਹਨ। ਚਾਹੇ ਉਹ ਨਿਤ ਨਿਤ ਤੀਰਥੀਂ ਨ੍ਹਾਉਣ, ਪਰ ਓਹਨਾਂ ਦਾ ਹੰਕਾਰ ਨਹੀਂ ਕਦੇ ਜਾਂਦਾ। ਸਤਿਗੁਰੂ ਪੂਰਾ ਭੇਟੇ ਬਾਝਹੁ ਓਨ੍ਹਾਂ ਨੂੰ ਜਮੁ ਖੁਆਰ ਕਰਦਾ ਹੈ। ਮਾਇਆਧਾਰਆਂ ਦੇ ਪੂਜਜ ਪੰਡਿਤ ਭੀ ਮਾਇਆ ਦੇ ਹੀ ਮੁਥਾਜ ਹਨ। ਉਹ ਪੰਡਿਤ ਕਾਹਦਾ ਹੈ, ਜੋ ਮਾਇਆ ਦਾ ਮੁਥਾਜ ਹੈ ? ਬਿਖਿਆ ਰੱਤਾ ਭਾਵੇਂ ਕੋਈ ਹੋਵੇ, ਬਹੁਤ ਦੁਖ ਪਾਵੇਗਾ। ਉਸ ਦੇ ਗਲ ਜਮ ਦਾ ਜੇਵੜਾ ਜ਼ਰੂਰ ਪਵੇਗਾ ਅਤੇ ਨਿਤ ਨਿਤ ਉਸ ਨੂੰ ਕਾਲ ਸੰਤਾਵੇਗਾ। ਯਥਾ ਗੁਰਵਾਕ—

ਹਉਮੈ ਮੈਲਾ ਇਹੁ ਸੰਸਾਰਾ ॥
ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ ॥
ਬਿਨੁ ਗੁਰ ਭੇਟੇ ਜਮੁ ਕਰੇ ਖੁਆਰਾ ॥੩॥(੮॥੩)

[ਗਉੜੀ ਮ: ੩, ਪੰਨਾ ੨੩੦

ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥
ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥
ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥੪॥(੮॥੪)

[ਗਉੜੀ ਮ: ੩, ਪੰਨਾ ੨੩੧

ਪਾਖੰਡੀਆਂ ਲੋਭੀਆਂ ਨੂੰ ਅਗੇ ਜਾ ਕੇ ਜਮ ਸਜ਼ਾਵਾਂ ਦਿੰਦਾ ਹੈ, ਯਥਾ ਗੁਰਵਾਕ—

ਮਨ ਕਰਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ ਤਜਾਇ ॥
ਪਾਖੰਡਿ ਲੋਭੀ ਮਾਰੀਐ ਜਮ ਡੰਡੁ ਦੇਇ ਸਜਾਇ ॥੬॥(੧੦॥੧)

[ਗਉੜੀ ਪੂਰਬੀ ਮ: ੪ ਕਰਹਲੇ, ਪੰਨਾ ੨੩੪

ਨਾਮ ਦਾ ਖੰਡਾ ਖੜਕਾਉਣਹਾਰੇ ਗੁਰ-ਸ਼ਬਦ ਖੜਗੇਸ਼ੀਆਂ ਨੇ ਜਮ ਬਿਖੜੇ ਨੂੰ ਮਲ ਦਲ ਕੇ ਮਾਰ ਛਡਿਆ ਹੈ। ਯਥਾ ਗੁਰਵਾਕ—

ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ॥
ਗੁਰ ਗਿਆਨੁ ਖੜਗੁ ਹਥਿ ਧਾਰਿਆ
ਜਮੁ ਮਾਰਿਅੜਾ ਜਮਕਾਲਿ ॥੭॥(੧੦॥੨॥)

[ਗਉੜੀ ਮ: ੪, ਪੰਨਾ ੨੩੫

ਦੀਨ ਸਰਨ, ਸ੍ਰੀ ਸਤਿ ਵਾਹਿਗੁਰੂ ਦਾ ਨਾਮ ਦੁਖ-ਹਰਨਹਾਰਾ ਹੈ। ਉਸ ਦੇ ਚਰਨ ਕੰਵਲ ਆਰਾਧਿਆਂ ਅਤੇ ਨਿਮਖ ਸਿਮਰਨ ਮਨ ਬਚਨ ਕਰਮ ਕਰਕੇ ਕੀਤਿਆਂ ਜਮ ਦਾ ਮਾਰਗ ਸਾਧਿਆ ਜਾਂਦਾ ਹੈ। ਯਥਾ ਗੁਰਵਾਕ—

ਦੁਖ ਹਰਣ ਦੀਨ ਸਰਣ ਸ੍ਰੀ ਧਰ ਚਰਨ ਕਮਲ ਅਰਾਧੀਐ ॥
ਜਮ ਪੰਥੁ ਬਿਖੜਾ ਅਗਨਿ ਸਾਗਰੁ ਨਿਮਖ ਸਿਮਰਤ ਸਾਧੀਐ...੧॥
(੪॥੩) [ਗਉੜੀ ਮ: ੫ ਛੰਤ, ਪੰਨਾ ੨੪੮

ਨਾਮ ਜਪਣਹਾਰਿਆਂ ਗੁਰਮੁਖਾਂ ਦੀ ਸਤਿਸੰਗਤ ਵਿਚ ਸਮਾਉਣਹਾਰਿਆਂ ਦੇ ਨੇੜੇ ਆਉਣੋਂ ਜਮਦੂਤ ਟਲ ਜਾਂਦੇ ਹਨ। ਯਥਾ ਗੁਰਵਾਕ—

ਟੋਹੇ ਟਾਹੇ ਬਹੁ ਭਵਨ ਬਿਨੁ ਨਾਵੈ ਸੁਖੁ ਨਾਹਿ ॥
ਟਲਹਿ ਜਾਮ ਕੇ ਦੂਤ ਤਿਹ ਜੁ ਸਾਧੂ ਸੰਗਿ ਸਮਾਹਿ...॥੨੭॥
[ਬਾਵਨ ਅਖਰੀ ਮ: ੫, ਪੰਨਾ ੨੫੫

ਜਿਥੇ ਗੁਰੂ-ਘਰ ਦੇ ਗੁਰਮੁਖ ਸਾਧ ਸੰਤ ਜਨ ਪਰਸਪਰ ਮਿਲ ਕੇ ਗੋਬਿੰਦ ਦਾ ਭਜਨ ਕਰਦੇ ਹਨ, ਨਿਤ ਨਿਤ ਸਿਮਰਨ ਕੀਰਤਨ ਗਾਉਂਦੇ ਹਨ, ਉਥੇ ਜਮ ਦੇ ਦੂਤ ਨੇੜੇ ਨਹੀਂ ਆ ਸਕਦੇ, ਬਲਕਿ ਧਰਮਰਾਇ ਆਪਣੇ ਜਮਦੂਤਾਂ ਨੂੰ ਤਾੜਨਾ ਸਹਿਤ ਤਾਕੀਦ ਕਰਦਾ ਹੈ ਕਿ ਦੇਖਣਾ ਕਿਤੇ ਤੁਸੀਂ ਗੁਰਮੁਖ ਭਜਨੀਕ ਕੀਰਤਨੀ ਜਨਾਂ ਦੀ ਸੰਗਤ-ਸਮਾਗਮਾਂ ਦੇ ਨੇੜੇ ਨਹੀਂ ਢੁਕਣਾ। ਜੇ ਗਏ ਤਾਂ ਓਥੇ ਮਾਰੇ ਜਾਓਗੇ। ਹੇ ਜਮਦੂਤ, ਓਥੇ ਤਾਂ ਨਾ ਮੇਰਾ ਛੁਟਕਾਰਾ ਹੈ ਨਾ ਤੇਰਾ ਛੁਟਕਾਰਾ ਹੈ। ਚਾਹੇ ਆਪਾਂ ਦੋਈ ਵਖੋ ਵਖ ਹੋ ਕੇ ਸਾਧਸੰਗਤ ਦੇ ਨੇੜੇ ਜਾਈਏ, ਚਾਹੇ ਦੋਈ ਇਕੱਠੇ ਹੋ ਕੇ। ਚਾਹੇ ਜਮਦੂਤਾਂ ਸੰਯੁਕਤ ਓਥੇ ਜਾਈਏ ਤਾਂ ਭੀ ਸਾਡਾ ਛੁਟਕਾਰਾ ਨਹੀਂ। ਯਥਾ ਗੁਰਵਾਕ—

ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ ॥
ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥੧॥(੩੧)
[ਗਉੜੀ ਬਾਵਨ ਅਖਰੀ ਸਲੋਕੁ, ਪੰਨਾ ੨੫੬

ਜਿਸ ਦੇ ਹਿਰਦੇ ਵਿਚ ਨਾਮ ਵਸਦਾ ਹੈ, ਉਸ ਦੀ ਜਮ ਦੀ ਤ੍ਰਾਸ ਮਿਟ ਜਾਂਦੀ ਹੈ। ਜਮ ਪੰਥ (ਮਾਰਗ) ਦੀ ਤ੍ਰਾਸ ਹੀ ਤਿਸ ਦੀ ਨਹੀਂ ਰਹਿੰਦੀ। ਨਾਮ ਧਿਆਵਣਹਾਰੇ ਗੁਰਮੁਖ ਜਨ ਦੀ ਮਤਿ ਪਰਗਾਸ ਹੋ ਜਾਂਦੀ ਹੈ ਜੋਤਿ ਰੰਗ ਨਾਲ, ਅਤੇ ਉਹ ਪੂਰਨ ਸਦਗਤੀ ਨੂੰ ਪ੍ਰਾਪਤ ਹੋ ਜਾਂਦਾ ਹੈ। ਸਚੇ ਵਾਹਿਗੁਰੂ ਦੇ ਸੱਚ ਮਹਲਾਂ ਵਿਚ ਉਸ ਨੂੰ ਨਿਵਾਸ ਮਿਲਦਾ ਹੈ। ਯਥਾ ਗੁਰਵਾਕ—

ਤ੍ਰਾਸ ਮਿਟੈ ਜਮ ਪੰਥ ਕੀ ਜਾਸੁ ਬਸੈ ਮਨਿ ਨਾਉ ॥
ਗਤਿ ਪਾਵਹਿ ਮਤਿ ਹੋਇ ਪ੍ਰਗਾਸ ਮਹਲੀ ਪਾਵਹਿ ਠਾਉ...੩੨॥
[ਗਉੜੀ ਬਾਵਨ ਅਖਰੀ, ਪੰਨਾ ੨੫੭

ਵਾਹਿਗੁਰੂ ਦੇ ਸਿਮਰਨ ਕਰਿ ਗਰਭ ਜੋਨਿ ਵਿਚ ਵਾਸਾ ਨਹੀਂ ਹੁੰਦਾ। ਵਾਹਿਗੁਰੂ ਦੇ ਸਿਮਰਨ ਨਾਲ ਜਮ ਦੀ ਸਗਲ ਤ੍ਰਾਸ ਮਿਟ ਜਾਂਦੀ ਹੈ। ਵਾਹਿਗੁਰੂ ਦੇ ਸਿਮਰਨ ਨਾਲ ਜਮ ਤੇ ਜਮਾਂ ਦੇ ਦੁਖ ਸਭ ਨਾਸ ਹੋ ਜਾਂਦੇ ਹਨ। ਯਥਾ ਗੁਰਵਾਕ—

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ...੨॥
ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥
ਪ੍ਰਭ ਕੈ ਸਿਮਰਨਿ ਪੂਰਨ ਆਸਾ...੪॥

[ਸੁਖਮਨੀ ਸਾਹਿਬ ਅਸਟ: ੧, ਪੰਨਾ ੨੬੨-੨੬੩

ਸ੍ਰੀ ਗੁਰੂ ਪੰਚਮ ਪਾਤਸ਼ਾਹ ਸ੍ਰੀ ਸੁਖਮਨੀ ਸਾਹਿਬ ਦੀ ਦੂਜੀ ਅਸਟਪਦੀ ਵਿਚ ਵਰਨਣ ਕਰਦੇ ਹਨ ਕਿ ਅਗੇ ਜਾ ਕੇ ਜਿਥੇ ਮਾਤ, ਪਿਤਾ, ਸੁਤ, ਮੀਤ, ਭਾਈ ਕੋਈ ਨਹੀਂ ਬਹੁੜਦਾ, ਉਥੇ ਨਾਮ ਹੀ ਸੰਗ ਸਹਾਈ ਹੁੰਦਾ ਹੈ। ਅਰਥਾਤ ਨਾਮ ਜਪਿਆ ਹੋਇਆ ਹੀ ਰਖਵਾਲਾ ਬਣਦਾ ਹੈ। ਆਗਮ ਨਿਗਮ ਦੇ ਜਾਨਣਹਾਰ ਸਚੇ ਪਾਤਸ਼ਾਹ ਅਗਲੀਆਂ ਖ਼ਬਰਾਂ ਦਸਦੇ ਹਨ ਕਿ ਅਗੇ ਐਸੇ ਅਸਥਾਨ ਭੀ ਜੀਵਾਂ ਨੂੰ ਲੰਘਣੇ ਪੈਂਦੇ ਹਨ, ਜਿਥੇ ਵਡਿਆਂ ਮਹਾਂ ਭਿਆਨਕ ਜਮਦੂਤਾਂ ਦੇ ਦਲਾਂ ਦੇ ਦਲ ਜੀਵ ਨੂੰ ਦਲ ਸਿਟਣ ਨੂੰ ਤਤਪਰ ਹੁੰਦੇ ਹਨ। ਉਥੇ ਐਸੇ ਬਿਖੜੇ ਅਸਥਾਨ ਵਿਖੇ ਕੇਵਲ ਨਾਮ ਹੀ ਸਹਾਇਤਾ ਕਰਦਾ ਹੈ। ਨਾਮ ਜਪਿਆ ਹੋਇਆ ਹੀ ਸੰਗ ਚਲਣਾ ਹੈ। ਉਥੇ ਹੋਰ ਕਿਸੇ ਦੀ ਗੰਮਤਾ ਨਹੀਂ। ਜੀਵ ਦੇ ਨਾਲ ਹੀ ਨਾਮ ਦੀ ਕਮਾਈ ਜਾਂਦੀ ਹੈ, ਜੋ ਜਮਦੂਤਾਂ ਤੋਂ ਛੁਡਾਉਂਦੀ ਹੈ। ਜਿਥੇ ਬਿਖਮ ਜਮ ਮਾਰਗ ਪੈਂਡਿਆਂ ਵਿਚ ਅੱਤ ਭਾਰੀ ਮੁਸ਼ਕਲ ਜੀਵ ਨੂੰ ਆਇ ਬਣਦੀ ਹੈ, ਉਥੇ ਜੀਵ ਨੂੰ ਉਸ ਦਾ ਪੁਰਬ-ਜਨਮਾਂ ਦਾ ਕਮਾਇਆ ਸਿਮਰਿਆ ਹੋਇਆ ਨਾਮ ਖਿਨ ਮਾਹਿ ਹੀ ਉਧਾਰ ਲੈਂਦਾ ਹੈ। ਯਥਾ ਗੁਰਵਾਕ—

ਜਹ ਮਹਾ ਭਇਆਨ ਦੂਤ ਜਮ ਦਲੈ ॥
ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥
ਜਹ ਮੁਸਕਲ ਹੋਵੈ ਅਤਿ ਭਾਰੀ ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ...੧॥
ਜਿਹ ਮਾਰਗਿ ਇਹੁ ਜਾਤ ਇਕੇਲਾ ॥
ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ੨॥

[ਸੁਖਮਨੀ ਸਾਹਿਬ ਅਸਟ: ੨, ਪੰਨਾ ੨੬੪

 www.sikhbookclub.com

ਬੇਦ ਵੀਚਾਰੀ ਸਹਸ ਸਿਆਣਪਾਂ ਓਥੇ ਕਿਸੇ ਕੰਮ ਨਹੀਂ ਆਉਂਦੀਆਂ, ਸਗੋਂ ਬਹੁਤੀਆਂ ਸਿਆਣਫਾਂ ਵਾਲਿਆਂ ਨੂੰ ਜਮ ਕਾ ਭਉ ਬਹੁਤਾ ਬਿਆਪਦਾ ਹੈ। ਅਨੇਕਾਂ ਜਤਨ ਕੀਤਿਆਂ ਭੀ ਸਿਆਣਪਾਂ ਵਾਲਿਆਂ ਦੀਆਂ ਕੂੜਾਵੀਆਂ ਤ੍ਰਿਸ਼ਨਾਵਾਂ ਨਹੀਂ ਧ੍ਰਾਪੀਆਂ ਜਾਂਦੀਆਂ। ਯਥਾ ਗੁਰਵਾਕ—

ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥
ਅਨਿਕ ਜਤਨ ਕਰਿ ਤ੍ਰਿਸਨ ਨ ਧ੍ਰਾਪੈ ॥ (੨੬੫-੬੬)

ਸਹਿਸ ਸਿਆਣਫੀਆਂ ਦੀਆਂ ਕੀਤੀਆਂ ਅਨਿਕ ਪ੍ਰਕਾਰੀ ਸਗਲੀਆਂ ਕਰਤੂਤਾਂ ਨੂੰ ਜਮ ਦਾ ਡੰਨ ਲਗਦਾ ਹੈ, ਨਿਮਖ ਭੀ ਬਚਾਉ ਨਹੀਂ ਹੁੰਦਾ ਜਮ ਡੰਨ ਲਗਣੇ ਤੋਂ। ਗੋਬਿੰਦ ਭਜਨ ਲਈ ਸਚੀ ਸੁਕ੍ਰਿਤ ਕਰਨੀ ਬਿਨਾਂ ਜਮੂਆ ਡੰਨ ਲਾਉਣੋਂ ਨਹੀਂ ਟਲਦਾ। ਹੋਰ ਕੀਤੀਆਂ ਕਰਤੂਤਾਂ ਕਰਨੀਆਂ ਦੀ ਸਿਫ਼ਾਰਸ਼ ਨੂੰ ਜਮੂਆ ਤਿਲ ਮਾਤਰ ਨਹੀਂ ਮੰਨਦਾ। ਯਥਾ ਗੁਰਵਾਕ—

ਅਵਰ ਕਰਤੂਤਿ ਸਗਲੀ ਜਮੁ ਡਾਨੈ ॥
ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥
ਹਰਿ ਕਾ ਨਾਮੁ ਜਪਤ ਦੁਖੁ ਜਾਇ ॥
ਨਾਨਕ ਬੋਲੈ ਸਹਜਿ ਸੁਭਾਇ ॥੪॥(੮॥੩)
[ਸੁਖਮਨੀ ਸਾਹਿਬ, ਪੰਨਾ ੨੬੬

ਸਹਿਜ ਸੁਭਾਇ ਨਾਮ ਜਪਿਆ ਹੋਇਆ ਅਗੇ ਜਮ ਦਾ ਦੁਖ ਨਹੀਂ ਲਗਣ ਦਿੰਦਾ। ਸਾਰਾ ਦੁਖ ਨਵਿਰਤ ਹੋ ਜਾਂਦਾ ਹੈ। ਜੋ ਗੁਰਮੁਖ ਜਨ ਇਕੋ ਅਕਾਲ ਦੇ ਨਾਮ ਦੇ ਪ੍ਰਾਇਣ ਹੋ ਰਹਿੰਦੇ ਹਨ, ਤਿਨ੍ਹਾਂ ਦੀ ਜਮ ਦੀ ਫਾਂਸ ਕਟੀ ਜਾਂਦੀ ਹੈ। ਯਥਾ ਗੁਰਵਾਕ—

ਏਕ ਊਪਰਿ ਜਿਸੁ ਜਨ ਕੀ ਆਸਾ ॥
ਤਿਸ ਕੀ ਕਟੀਐ ਜਮ ਕੀ ਫਾਸਾ ॥੪॥(੮॥੧੪)
[ਸੁਖਮਨੀ ਸਾਹਿਬ, ਪੰਨਾ ੨੮੧

ਜਮ ਦੀ ਫਾਂਸ ਹੋਈ ਨਾ! ਤਾਂ ਹੀ ਤਾਂ ਕਟੀ ਜਾਂਦੀ ਹੈ। ਜਾਂ ਜਮ ਫਾਂਸ ਪੈਂਦੀ ਹੈ, ਤਾਂ ਤੇ ਜਮ ਭੀ ਹੈ ਅਤੇ ਜਮ ਦੀ ਫਾਂਸ ਭੀ ਹੈ। ਜਮ ਦਾ ਕੰਮ ਫਾਂਸ ਲੈ ਕੇ ਅਗੇ ਹੋ ਕੇ ਪੇਸ਼ ਹੋਣਾ, ਇਕ ਐਵੇਂ ਅਕਾਰਥ ਵਾਰਤਾ ਨਹੀਂ, ਸਚੀ ਬੀਤਣ ਬਤੀਤਣ ਵਾਲੀ ਅਗਲੀ ਗੱਲ ਹੈ।

ਜਿਹੜੇ ਵਡਭਾਗੇ ਗੁਰਮੁਖ ਜਨ ਸਚਿਆਰ ਸਿਖ ਵਾਹਿਗੁਰੂ ਸਚੇ ਨੂੰ ਸਚ ਕਰਕੇ ਧਿਆਉਂਦੇ ਹਨ, ਤਿਨ੍ਹਾਂ ਦੇ ਅਗੇ ਗਇਆਂ ਜਮ-ਕੰਕਰ ਨੇੜੇ ਨਹੀਂ

ਆਉਂਦਾ। ਜਿਨ੍ਹਾਂ ਦੇ ਹਿਰਦੇ ਅੰਦਰ ਸਚਾ ਵਾਹਿਗੁਰੂ ਭਾਵਨਾ ਸਹਿਤ ਵਸ ਗਇਆ ਤਿਨ੍ਹਾਂ ਦੇ ਮੁਖ ਅਗੇ ਜਾ ਕੇ ਉਜਲੇ ਰਹਿੰਦੇ ਹਨ। ਯਥਾ ਗੁਰਵਾਕ—

ਜੋ ਤੁਧੁ ਸਚੁ ਸਲਾਹਦੇ ਤਿਨ ਜਮ ਕੰਕਰੁ ਨੇੜਿ ਨ ਆਵੈ ॥
ਤਿਨ ਕੇ ਮੁਖ ਦਰਿ ਉਜਲੇ ਜਿਨ ਹਰਿ ਹਿਰਦੈ ਸਚਾ ਭਾਵੈ...॥੬॥

[ਗਉੜੀ ਕੀ ਵਾਰ ਮ: ੪, ਪੰਨਾ ੩੦੨

ਜਿਨ੍ਹਾਂ ਗੁਰਮੁਖਾਂ ਨੂੰ ਸਤਿਗੁਰੂ ਸਚੇ ਪਾਤਸ਼ਾਹ ਨੇ ਅਖੁਟ ਵਾਹਿਗੁਰੂ ਨਾਮ ਧਨ ਦੀ ਬਖ਼ਸ਼ਸ਼ ਕੀਤੀ ਹੈ, ਤਿਨ੍ਹਾਂ ਦੇ ਸਭ ਅੰਦੇਸੇ ਮਿਟ ਗਏ ਹਨ ਅਤੇ ਉਹਨਾਂ ਦਾ ਜਮ ਕਾ ਭਉ ਛੁਟਕ ਗਿਆ, ਭਾਵ ਦੂਰ ਹੋ ਗਿਆ। ਯਥਾ ਗੁਰਵਾਕ—

ਤੁਸਿ ਦਿਤਾ ਪੂਰੈ ਸਤਿਗੁਰੂ ਹਰਿ ਧਨੁ ਸਚੁ ਅਖੁਟੁ ॥
ਸਭਿ ਅੰਦੇਸੇ ਮਿਟਿ ਗਏ ਜਮ ਕਾ ਭਉ ਛੁਟੁ ॥੨੯॥

[ਗਉੜੀ ਕੀ ਵਾਰ ਮ: ੪, ਪੰਨਾ ੩੧੫

ਸਤਿਗੁਰੂ ਸਚੇ ਪਾਤਸ਼ਾਹ ਦੇ ਸਚੇ ਦਰਬਾਰ ਸਤਿਸੰਗਤ ਸਭਾ ਵਿਖੇ ਅੰਮ੍ਰਿਤ ਨਾਮ ਦੀ ਬਰਖਾ ਹੁੰਦੀ ਹੈ। ਵਡਭਾਗਿਆਂ ਨੂੰ ਅੰਮ੍ਰਿਤ ਦੀ, ਹਾਂ ਅੰਮ੍ਰਿਤ ਛਕਣ ਦੀ ਵੰਡ ਹਥਿ ਆਉਂਦੀ ਹੈ। ਐਸੇ ਵਡਿਭਾਗੇ ਜਨ ਐਥੇ ਓਥੇ ਵਹਿਗੁਰੂ ਨੇ ਸਦਾ ਸੁਹੇਲੇ ਕੀਤੇ ਹਨ। ਤਿਨ੍ਹਾਂ ਨੂੰ ਜਮ ਕੇ ਪੰਥ ਕਦੇ ਨਹੀਂ ਪਾਈਦਾ। ਨਾ ਹੀ ਉਹਨਾਂ ਨੂੰ ਬਹੁੜਿ ਮਰਨਾ ਪੈਂਦਾ ਹੈ। ਯਥਾ ਗੁਰਵਾਕ—

ਓਥੈ ਅੰਮ੍ਰਿਤ ਵੰਡੀਐ ਸੁਖੀਆ ਹਰਿ ਕਰਣੇ ॥
ਜਮ ਕੈ ਪੰਥਿ ਨਾ ਪਾਈਅਹਿ ਫਿਰਿ ਨਾਹੀ ਮਰਣੇ...॥੯॥

[ਗਉੜੀ ਕੀ ਵਾਰ ਮ: ੫, ਪੰਨਾ ੩੨੦

ਸਚੇ ਗੁਰੂ ਸਾਧ ਦੀ ਨਿਸ਼ਾਨੀ ਹੀ ਇਹੀ ਹੈ ਕਿ ਜਿਸ ਦੇ ਭੇਟਣਹਾਰੇ ਜਗਿਆਸੂ ਜਨਾਂ ਦਾ ਨਿਸਤਾਰਾ, ਭਵਜਲੋਂ ਪਾਰ-ਉਤਾਰਾ ਹੋ ਜਾਂਦਾ ਹੈ। ਤਿਨ੍ਹਾਂ ਦੇ ਜਮ ਕੰਕਰ ਨੇੜੇ ਨਹੀਂ ਆਉਂਦਾ। ਨਾ ਹੀ ਉਹ ਮੁੜ ਕੇ ਫੇਰ ਮਰਦੇ ਹਨ। ਯਥਾ ਗੁਰਵਾਕ—

ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥
ਜਮ ਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ ..॥੧੧॥

[ਗਉੜੀ ਕੀ ਵਾਰ ਮ: ੫, ਪੰਨਾ ੩੨੦

ਜਿਹੜੇ ਪੁਰਸ਼ ਲੋਭ ਮੋਹ ਵਿਚ ਵਿਗੁਤੇ ਹੋਏ ਪਾਪ ਕਰਮ ਕਮਾਵੰਦੇ ਹਨ, ਓਹ ਪਾਪ ਕਰਮ ਸਿਰ ਦੇ ਸਾਈਂ ਵਾਹਿਗੁਰੂ ਤੋਂ ਗੁਝਾ ਨਹੀਂ ਹੁੰਦਾ।

ਓਸ ਨੂੰ ਸਭ ਉੱਘਾ ਹੁੰਦਾ ਹੈ। ਇਸ ਕਰਕੇ ਉਸ ਨਾਲ ਧੋਖਾ ਕੀਤਾ ਕਿਸੇ ਤਰ੍ਹਾਂ ਨਹੀਂ ਚਲ ਸਕਦਾ। ਚਾਹੇ ਉਹ ਲੋਕਾਂ ਭਾਣੇ ਭਲੇਰੇ ਕਰਤਬ ਕਰਤੂਤੀ ਕਰਮ ਕਰਦੇ ਹਨ, ਪਰ ਵਾਹਿਗੁਰੂ ਅੰਤਰਯਾਮੀ ਜਾਣਦਾ ਹੈ ਕਿ ਉਹ ਮੋਹ ਮਾਇਆ ਦੇ ਮਤੂ, ਮਾਇਆ ਮੁੱਤੂ ਪਾਪਿਸ਼ਟ ਕਰਮ ਕਮਾਵਣਹਾਰੇ ਹਨ। ਐਸੇ ਲੋਗ ਵਾਹਿਗੁਰੂ ਦੇ ਹੁਕਮ ਨਾਲ ਮੁੜ ਮੁੜ ਅਤੇ ਫੇਰ ਫੇਰ ਜੂਨੀਆਂ ਵਿਚ ਭਵਾਏ ਜਾਂਦੇ ਹਨ ਅਤੇ ਜਮ ਮਾਰਗੀਂ ਮੁਹਾਏ ਜਾਂਦੇ ਹਨ। ਯਥਾ ਗੁਰਵਾਕ—

ਧੋਹੁ ਨ ਚਲੀ ਖਸਮ ਨਾਲਿ ਲਬਿ ਮੋਹਿ ਵਿਗੁਤੇ ॥
ਕਰਤਬ ਕਰਨਿ ਭਲੇਰਿਆ ਮਦਿ ਮਾਇਆ ਸੁਤੇ ॥
ਫਿਰਿ ਫਿਰਿ ਜੂਨਿ ਭਵਾਈਅਨਿ ਜਮ ਮਾਰਗਿ ਮੁਤੇ ॥੧੨॥

[ਗਉੜੀ ਕੀ ਵਾਰ ਮ: ੫, ਪੰਨਾ ੩੨੧

ਜਿਸ ਦੇ ਮਨ ਅੰਦਰ, ਜਿਹਬਾ ਉਪਰ ਵਾਹਿਗੁਰੂ ਨਾਮ ਵਸਿਆ ਹੋਇਆ ਹੈ, ਉਹ ਜਮ ਫਾਸੀ ਵਿਚ ਨਹੀਂ ਪੈਂਦਾ। ਯਥਾ ਗੁਰਵਾਕ—

ਮਨਿ ਮੁਕੰਦ ਜਿਹਬਾ ਨਾਰਾਇਨੁ ਪਰੈ ਨ ਜਮ ਕੀ ਫਾਸੀ ॥੨॥

(੪॥੧॥੭॥੫੮)[ਗਉੜੀ ਕਬੀਰ ਜੀ, ਪੰਨਾ ੩੩੬

ਨਿਰਭਉ ਨਾਮ, ਨਿਰਭਉ ਅਕਾਲ ਪੁਰਖ ਦਾ ਸਤਿਗੁਰੂ ਦੀ ਦੀਖਿਆ ਦੁਆਰਾ ਹੀ ਪਾਇਆ ਜਾਂਦਾ ਹੈ। ਇਸ ਨਿਰਭਉ ਨਾਮ ਨੂੰ ਗੁਰੂ ਦੀਖਿਆ ਦੁਆਰਿਓਂ ਪਾਵਨਹਾਰੇ ਗੁਰਮੁਖ ਜਨ ਹੀ ਨਿਸਤਰਦੇ ਹਨ ਅਤੇ ਜਮ ਦੇ ਡਰ ਤੋਂ ਨਿਰਭੈ ਰਹਿੰਦੇ ਹਨ, ਨਹੀਂ ਤਾਂ ਇਸ ਜੱਗ ਵਿਖੇ ਹੋਰ ਸਭ ਮਨਮੁਖ ਮੁਗਧ ਗਵਾਰ, ਨਾਮ-ਵਿਹੂਣੇ ਰਹਿਣ ਕਰਕੇ ਸਭ ਜਮ ਦੇ ਵਸਿ ਹੀ ਅਗੇ ਜਾ ਕੇ ਪੈਂਦੇ ਹਨ। ਯਥਾ ਗੁਰਵਾਕ—

ਇਸ ਜੁਗ ਮਹਿ ਨਿਰਭਉ ਹਰਿ ਨਾਮੁ ਹੈ ਪਾਈਐ ਗੁਰ ਵੀਚਾਰ ॥
ਬਿਨੁ ਨਾਵੈ ਜਮ ਕੈ ਵਸਿ ਹੈ ਮਨਮੁਖਿ ਅੰਧ ਗਵਾਰਿ ॥੨॥

(੪॥੩੯॥੧੩॥੫੨) [ਆਸਾ ਮ: ੩, ਪੰਨਾ ੩੬੫

ਵਾਹਿਗੁਰੂ ਨਾਮ ਅਨਿਕ ਤ੍ਰੰਗੀਂ ਜਪਿਆ ਹੋਇਆ ਅਤੇ ਗੁਰਮਤੀ ਸਲਾਹਿਆ ਹੋਇਆ ਜਮ-ਕੰਕਰ ਅਤੇ ਮਹਾਂ ਕਾਲ ਨੂੰ ਮਾਰਨ ਲਈ ਸਮਰੱਥ ਹੈ। ਯਥਾ ਗੁਰਵਾਕ—

ਹਰਿ ਹਰਿ ਨਾਮੁ ਜਪਿ ਅਨਤ ਤਰੰਗਾ ॥
ਜਪਿ ਜਪਿ ਨਾਮੁ ਗੁਰਮਤਿ ਸਾਲਾਹੀ
ਮਾਰਿਆ ਕਾਲੁ ਜਮਕੰਕਰੁ ਭੁਇਅੰਗਾ ॥੧॥ਰਹਾਉ॥(੪॥੭॥੫੯)

[ਆਸਾ ਮ: ੪, ਪੰਨਾ ੩੬੭

ਤਾਂ ਤੇ ਜਮ ਕੰਕਰ ਦੀ ਹੋਂਦ ਵਲੋਂ ਅੱਖਾਂ ਮੀਚ ਕੇ ਮੁਨਕਰ ਹੋਇਆਂ ਨਹੀਂ ਸਰਨਾ । ਨਾ ਹੀ ਕੋਈ ਸੁਬੇਹਤਾ ਹੋਣਾ ਹੈ, ਇਹ ਸਮਝ ਕੇ ਕਿ ਇਹ ਗੱਲਾਂ ਸਭ ਕਲਪਤ ਹਨ । ਨਾਮ ਤੋਂ ਬੇਮੁਖ ਹੋ ਕੇ, ਮਾਇਆ ਮੋਹ ਦੇ ਅਧੀਨ ਹੋ ਹੋ ਕੇ ਪਾਪ ਕਰਮ ਕਰੀ ਜਾਣਾ, ਨਿਸਚਿੰਤ ਹੋ ਕੇ ਕਿ, 'ਅਗੇ ਸਜ਼ਾ ਤਾਂ ਮਿਲਣੀ ਹੀ ਨਹੀਂ, ਨਾ ਕੋਈ ਮੈਨੂੰ ਅਗੇ ਜਮ ਦਾ ਡਰ ਹੈ । ਐਸ਼ਾਂ ਲਵੋ । ਮੌਜਾਂ ਮਾਣੋ ।' ਇਉਂ ਕਹਿ ਕੇ ਜਿਹੜੇ ਪੁਰਸ਼ ਨਿਰਭੈ ਹੋ ਕੇ ਪਾਪ ਕਰਮ ਕਰੀ ਜਾਂਦੇ ਹਨ, ਓਨ੍ਹਾਂ ਦਾ ਇਹ ਗੁਮਾਨ ਉਤਰ ਜਾਇਗਾ ।

ਦਸੋ ਬਈ, ਏਹਨਾਂ ਮਨਮੁਖਾਂ ਦੀਆਂ ਕਲਪਨਾਂ ਨੂੰ ਪੱਕ ਜਾਣੀਏ ਕਿ ਸਤਿਗੁਰੂ ਦੇ ਵਾਕਾਂ ਨੂੰ ਸਤਿ ਸਤਿ ਕਹਿ ਮੰਨੀਏ । ਸਤਿਗੁਰੂ ਦੇ ਬਚਨ ਸਤ ਹੋ ਕੇ ਰਹਿਣੇ ਹਨ । ਸਚ ਵਰਤਾਰਾ ਅਗੇ ਜਾ ਕੇ ਸਤਿਗੁਰੂ ਦੇ ਵਾਕਾਂ ਅਨੁਸਾਰ ਹੀ ਹੋਣਾ ਹੈ । ਸਤਿਗੁਰ ਵਾਕਾਂ ਦੀ ਦਰਸਾਈ ਹੋਈ ਜਮਕੰਕਰੀ ਖੇਲ ਮਨਮੁਖਾਂ ਤੇ ਵਰਤ ਕੇ ਰਹਿਣੀ ਹੈ । ਕਦੇ ਟਲਣੀ ਨਹੀਂ । ਮਤ ਕੋਈ ਭਰਮ ਭੁਲਾ ਚੋਟਾਂ ਖਾਵੇ ।

ਨਾਮ ਤੇ ਨਾਮੀ ਅਭੇਦ ਹੋਣ ਕਰਕੇ ਵਾਹਿਗੁਰੂ ਨਾਮ ਜਪਣ ਸਮੇਂ ਵਾਹਿਗੁਰੂ ਸਚਾ ਪਾਤਸ਼ਾਹ, ਵਾਹਿਗੁਰੂ ਨਾਮ ਸਿਮਰਨਹਾਰੇ ਗੁਰਮੁਖ ਜਨ ਦੇ ਸੰਗਿ ਸਾਥ ਹੀ ਵਸਦਾ ਹੈ ਅਤੇ ਸਚਾ ਸੰਗੀ ਸਾਥੀ ਹੋਣ ਦਾ ਫ਼ਖ਼ਰ ਬਖ਼ਸ਼ਦਾ ਹੈ । ਨਾਮ ਸਿਮਰਨਹਾਰੇ ਨੂੰ ਇਕੱਲ ਕਦੇ ਪਰਤੀਤ ਨਹੀਂ ਹੁੰਦਾ । ਉਹ ਇਕੱਲਾ ਕਦੇ ਰਹਿੰਦਾ ਹੀ ਨਹੀਂ । ਨਿਰਜਨ-ਬਨ ਅਤੇ ਉਜਾੜ ਬੀਆਬਾਨ ਵਿਚ ਭੀ ਵਾਹਿਗੁਰੂ ਆਪਣੇ ਜਨ ਦਾ ਸਦਾ ਸਾਥੀ ਤੇ ਸੰਗੀ ਸਹਾਈ ਰਹਿੰਦਾ ਹੈ । ਚਾਹੇ ਦੁਖ ਅਪਦਾ ਸਿਰ ਤੇ ਆਵੇ, ਚਾਹੇ ਸੁਖ ਸੰਪਤ ਦੀਆਂ ਮੌਜਾਂ ਸੌਜਾਂ ਬਣੀਆਂ ਹੋਈਆਂ ਹੋਣ, ਵਾਹਿਗੁਰੂ ਦਾ ਅਨਿੰਨ ਭਗਤ ਜਨ ਸਿਮਰਨ ਵਲੋਂ ਮੂਹ ਨਹੀਂ ਮੋੜਦਾ । ਗੁਰਮਤਿ ਨਾਮ ਅਭਿਆਸੀ ਕਮਾਈ ਵਿਚ ਜੁਟਿਆ ਹੀ ਰਹਿੰਦਾ ਹੈ, ਚਾਹੇ ਦੁਖ ਦਾ ਸਮਾਂ ਹੋਵੇ, ਚਾਹੇ ਸੁਖ ਦਾ । ਦੁਖ ਸੁਖ ਵਿਚ ਸਿਮਰਿਆ ਵਾਹਿਗੁਰੂ ਸੰਗਿ ਸਾਥ ਹਰ ਥਾਂ ਮੌਜੂਦ ਰਹਿੰਦਾ ਹੈ । ਤਾਂ ਤੇ ਵਾਹਿਗੁਰੂ ਨਾਮ ਸਿਮਰਨਹਾਰੇ ਨੂੰ ਬਪੁੜਾ ਜਮ ਡਰਾ ਨਹੀਂ ਸਕਦਾ, ਨਾ ਐਥੇ (ਇਸ ਲੋਕ ਵਿਖੇ) ਨਾ ਅਗੇ (ਪਰਲੋਕ ਵਿਖੇ) । ਡਰਾਉਣਾ ਤਾਂ ਕੀ ਸੀ, ਨੇੜੇ ਹੀ ਨਹੀਂ ਆ ਸਕਦਾ । ਯਥਾ ਗੁਰਵਾਕ—

ਹਰਿ ਮੇਰਾ ਸਾਥੀ ਸੰਗਿ ਸਖਾਈ ॥
ਦੁਖਿ ਸੁਖਿ ਸਿਮਰੀ ਤਹ ਮਉਜੂਦ
ਜਮੁ ਬਪੁਰਾ ਮੋਕਉ ਕਹਾ ਡਰਾਈ ॥੧॥ਰਹਾਉ॥(੪॥੧੬)

[ਆਸਾ ਮ: ੫, ਪੰਨਾ ੩੭੫

ਜਮ ਹੈ ਤਾਂ ਸਹੀ । ਨਾਮ ਜਪਣਹਾਰੇ ਗੁਰਮੁਖਾਂ ਦੇ ਨੇੜੇ ਨਹੀਂ ਆਉਂਦਾ। ਮਨਮੁਖਾਂ ਬੇਮੁਖਾਂ ਨੂੰ ਡਰਾਉਂਦਾ ਹੈ ਅਤੇ ਅਨਿਕ ਪ੍ਰਕਾਰ ਸਤਾਉਂਦਾ ਹੈ। ਸਿਵਾਏ ਨਾਮ ਸਿਮਰਨਹਾਰਿਆਂ ਦੇ ਹੋਰ ਕਿਸੇ ਦਾ ਖਹਿੜਾ ਨਹੀਂ ਛਡਦਾ ।

ਨਾਮ ਦਾ ਬੜਾ ਪਰਤਾਪ ਹੈ। ਤਾਂ ਤੇ ਜਿਸ ਨਾਮ ਸਿਮਰੇ ਤੋਂ ਜਮ ਤੋਂ ਛੁਟਕਾਰਾ ਹੁੰਦਾ ਹੈ (ਜੇ ਨਾਮ ਸਿਮਰਨਹਾਰੇ ਗੁਰਮੁਖ ਨਾ ਬਣਦੇ ਤਾਂ ਕਦੇ ਨ ਹੁੰਦਾ) ਅਤੇ ਹਲਤ ਪਲਤ (ਲੋਕ ਪਰਲੋਕ) ਵਿਖੇ ਸਦਾ ਸੁਖ ਪਾਈਦਾ ਹੈ, ਐਸੇ ਨਾਮ ਦਾ ਸਾਸਿ ਗਿਰਾਸਿ ਰਸਨਾ ਕਰਕੇ ਅਜਪਾ ਜਾਪ ਕਰਨਾ, ਕਰੀ ਜਾਣਾ (ਜਾਰੀ ਰਖਣਾ) ਚਾਹੀਦਾ ਹੈ ਅਤੇ ਨਿਤਾ ਨਿਤ ਸਿਫ਼ਤਿ ਸਲਾਹ ਕਰਨ ਵਿਚ ਤਤਪਰ ਹੋਣਾ, ਜੁਟੇ ਰਹਿਣਾ ਲਾਜ਼ਮੀ ਹੈ। ਯਥਾ ਗੁਰਵਾਕ—

ਜਾ ਕੈ ਸਿਮਰਣਿ ਜਮ ਤੇ ਛੁਟੀਐ ਹਲਤਿ ਪਲਿਤ ਸੁਖੁ ਪਾਈਐ ॥
ਸਾਸਿ ਗਿਰਾਸਿ ਜਪਹੁ ਜਪੁ ਰਸਨਾ ਨੀਤ ਨੀਤ ਗੁਣ ਗਾਈਐ ॥੨॥
(੪॥੬॥੪੫) [ਆਸਾ ਮ: ੫, ਪੰਨਾ ੩੮੨

ਜਿਨ੍ਹਾਂ ਜਨਾਂ ਦਾ ਆਹਰ ਤੇ ਆਹਾਰ ਹੀ ਦਿਨ ਰਾਤਿ ਹਰਿ ਕੀਰਤਨ ਗਾਵਣ ਦਾ ਹੈ, ਤਿਨ੍ਹਾਂ ਜਨਾਂ ਨੂੰ ਜਮ ਦੀ ਵਾਟੇ ਨਹੀਂ ਪੈਣਾ ਪੈਂਦਾ। ਯਥਾ ਗੁਰਵਾਕ—

ਦਿਨਸੁ ਰੈਨਿ ਹਰਿ ਕੀਰਤਨੁ ਗਾਈਐ ॥
ਸੋ ਜਨੁ ਜਮ ਕੀ ਵਾਟ ਨ ਪਾਈਐ ॥੩॥(੪॥੧੦॥੬੧)
[ਆਸਾ ਮ: ੫, ਪੰਨਾ ੩੮੬

ਇਸ ਪਦ ਦੀ ਪ੍ਰਾਪਤੀ ਤੋਂ ਸਖਣੇ ਤਾਂ ਜ਼ਰੂਰ ਜਮ ਕੀ ਵਾਟ ਪਾਈਦੇ ਹਨ। ਜਮ ਹੋਇਆ ਨਾ ! ਤਦੇ ਤਾਂ ਜਮ ਦੀ ਵਾਟ ਆਖੀ ਗਈ ਹੈ। ਜਿਨ੍ਹਾਂ ਜਨਾਂ ਗੁਰਮੁਖਾਂ ਭਗਤਾਂ ਦੀ ਵਾਹਿਗੁਰੂ ਅਤੇ ਵਾਹਿਗੁਰੂ ਨਾਮ ਨਾਲ ਸੱਚੀ ਹਿਰਦੇ ਦੀ ਪ੍ਰੀਤ ਹੈ, ਓਹ ਸਹਿਲੇ ਹੀ ਇਸ ਭਵ-ਸਾਗਰ ਨੂੰ ਤਰ ਜਾਂਦੇ ਹਨ। ਅਤੇ ਓਹਨਾਂ ਨੂੰ ਜਮ ਦਾ ਡਰ ਉੱਕਾ ਹੀ ਨਹੀਂ ਰਹਿੰਦਾ। ਯਥਾ ਗੁਰਵਾਕ—

ਪ੍ਰਭ ਕੀ ਪ੍ਰੀਤਿ ਇਹੁ ਭਵਜਲੁ ਤਰੈ ॥
ਪ੍ਰਭ ਕੀ ਪ੍ਰੀਤਿ ਜਮ ਤੇ ਨਹੀ ਡਰੈ...॥੩॥(੪॥੩੪॥੮੫)
[ਆਸਾ ਮ: ੫, ਪੰਨਾ ੩੯੧

ਇਸ ਪ੍ਰੀਤੀਓਂ ਸਖਣਾ ਮਨਮੁਖ ਹੀ ਜਮ ਤੋਂ ਡਰਦਾ ਹੈ। ਪ੍ਰੀਤਵਾਨ ਗੁਰਮੁਖ ਜਨ ਨੂੰ ਜਮ ਦਾ ਡਰ ਕਾਹਦਾ ਹੈ ? ਜਮ ਦੀ ਹੋਂਦ ਤਾਂ ਸਿੱਧ ਹੋਈ ਨਾ। ਬਾਕੀ ਰਿਹਾ ਸਵਾਲ ਡਰਨ ਨਾ ਡਰਨ ਦਾ, ਸੋ ਮਨਮੁਖਤਾ ਤੇ ਗੁਰਮੁਖਤਾ ਤੇ ਨਿਰਭਰ ਹੈ। ਅਗਲਾ ਗੁਰਵਾਕ ਇਸ ਵਿਤਕਰੇ ਨੂੰ ਖ਼ੂਬ ਨਿਰਣੇ

ਕਰਦਾ ਹੈ—

ਜਿਹਿ ਪੈਡੈ ਲੂਟੀ ਪਨਿਹਾਰੀ ॥
ਸੋ ਮਾਰਗੁ ਸੰਤਨ ਦੂਰਾਰੀ ॥੧॥
ਸਤਿਗੁਰ ਪੂਰੈ ਸਾਚੁ ਕਹਿਆ ॥
ਨਾਮ ਤੇਰੇ ਕੀ ਮੁਕਤੇ ਬੀਥੀ
ਜਮ ਕਾ ਮਾਰਗੁ ਦੂਰਿ ਰਹਿਆ ॥੧॥ਰਹਾਉ॥(੫॥੪੦॥੯੧)
[ਆਸਾ ਮ: ੫, ਪੰਨਾ ੩੯੩

ਭਾਵ, ਜਿਸ ਜਮ ਦੇ ਮਾਰਗ ਵਿਚ ਠੇਹਲੀ ਹੋਈ ਜੀਵ ਰੂਪ ਕੁਮਾਰਗਣ, ਕੁਸੰਗਣ, ਕੁਸੱਤਣ, ਸਾਕਤ ਇਸਤ੍ਰੀ ਜਮਾਂ ਦੇ ਹਥੋਂ ਲੁਟੀ ਖਸੁਟੀ ਅਤੇ ਖੋਹੀ ਘਸੀਟੀ ਜਾਂਦੀ ਹੈ, ਉਹ ਮਾਰਗ ਹੀ ਗੁਰੂ ਘਰ ਦੇ ਗੁਰਮੁਖ ਸੰਤ ਜਨਾਂ ਨੂੰ ਦੂਰ ਦੁਰੇਡੇ ਰਹਿ ਜਾਂਦਾ ਹੈ। ਜਿਸ ਪਾਸੇ ਹਰਿ ਕੇ ਲੋਕ, ਪਰਲੋਕ ਨੂੰ ਸਿਧਾਰਦੇ ਹਨ, ਉਸ ਪਾਸੇ ਜਮ ਨੇੜੇ ਹੀ ਨਹੀਂ ਆਉਂਦੇ। ਪੂਰੇ ਸਤਿਗੁਰੂ ਨੇ ਇਹ ਕਥਨ ਸਾਚ ਹੀ ਕਹਿਆ ਅਤੇ ਸਾਚ ਹੀ ਉਚਾਰਿਆ ਹੈ ਕਿ ਵਾਹਿਗੁਰੂ ਦੇ ਨਾਮ ਦੀ ਅਤੇ ਨਾਮ ਵਾਲਿਆਂ ਦੀ ਗਲੀ ਮੋਕਲੀ ਅਤੇ ਮੁਕਤ ਮੁਕਤੋਕਲੀ ਹੈ। ਓਸ ਗਲੀ ਤੋਂ ਜਮ ਦਾ ਮਾਰਗ ਬਹੁਤ ਦੂਰ ਰਹਿ ਜਾਂਦਾ ਹੈ। ਅਰਥਾਤ ਨਾਮ ਜਪਣ ਵਾਲੇ ਉਸ ਗਲੀ ਪਾਏ ਹੀ ਨਹੀਂ ਜਾਂਦੇ, ਜਿਹੜੀ ਜਮ ਮਾਰਗੀ ਗਲੀ ਹੈ। ਨਾਮ ਦੀ ਗਲੀ ਮੁਕਤਿ ਵਿਲੱਖਣੀ ਗਲੀ ਹੈ। ਜਮ ਦੀ ਅੱਤ ਭੀੜੀ ਤੀੜੀ ਗਲੀ ਏਸ ਮਾਰਗੋਂ ਬਹੁਤ ਦੂਰ ਰਹਿ ਜਾਂਦੀ ਹੈ। ਜਮ-ਮਾਰਗ ਮੁਕਤਿ-ਮਾਰਗ ਤੋਂ ਬਹੁਤ ਹੀ ਦੁਰੇਡਾ ਰਹਿ ਜਾਂਦਾ ਹੈ। ਇਹ ਗੱਲ ਪੂਰੇ ਸਤਿਗੁਰੂ ਨੇ ਸਤਿ ਸਤਿ ਹੀ ਭਾਖੀ ਹੈ। ਮਤ ਕੋਈ ਖ਼ਿਆਲ ਕਰੇ ਕਿ ਜਮ ਅਤੇ ਜਮ-ਮਾਰਗੀ ਗੱਲ ਐਵੇਂ ਖ਼ਿਆਲੀ ਅਤੇ ਕੂੜ ਕਲਪਣੀ ਗੱਲ ਹੀ ਹੈ। ਸਚਿਆਰ ਸਿਖਾਂ ਨੂੰ ਪੂਰੇ ਗੁਰੂ ਦੀ ਆਖੀ ਇਸ ਸੱਚੀ ਗੱਲ ਤੇ ਪੂਰਾ ਤੇ ਸਚਾ ਭਰੋਸਾ ਹੈ। ਮਨਮੁਖਾਂ ਨੂੰ ਪਿਆ ਨਾ ਹੋਵੇ। ਨਾ ਹੋਵੇ ਤਾਂ ਕੀ ਕਰੀਏ? ਪਏ ਰੋਣ ਆਪਣੇ ਕਰਮਾਂ ਨੂੰ।

ਵਾਹਿਗੁਰੂ ਦੇ ਦਰ ਪਰਵਾਨ ਪਏ, ਭਾ ਗਏ ਗੁਰਸਿਖਾਂ ਦੇ ਜਮ ਨੇੜੇ ਨਹੀਂ ਆਉਂਦਾ। ਚੰਗੇ ਮਾੜੇ ਸਗਨ ਬਦ-ਸਗਨ ਭੀ ਤਿਸ ਮਨਮੁਖ ਨੂੰ ਹੀ ਲਗਦੇ ਹਨ ਜਿਸ ਦੇ ਵਾਹਿਗੁਰੂ ਨਾਮ ਚਿਤ ਨਹੀਂ ਆਉਂਦਾ। ਯਥਾ ਗੁਰਵਾਕ—

ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥
ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ ॥੨॥
(੪॥੧੮॥੧੨੦) [ਆਸਾ ਮ: ੫, ਪੰਨਾ ੪੦੧

ਅਗੇ ਦਸਦੇ ਹਨ ਕਿ ਰਾਹੂ ਕੇਤੂ ਆਦਿਕ ਗ੍ਰਹਿ ਭੀ ਤਿਸ ਦੇ ਨਿਵਾਰੇ ਜਾਂਦੇ ਹਨ, ਜਿਸ ਨੂੰ ਵਾਹਿਗੁਰੂ ਆਪਣਾ ਨਾਉਂ ਦਿੰਦਾ ਹੈ। ਹਰਿ ਕੀਰਤਨ ਗਾਇਆਂ ਸੁਖ ਸਹਿਜ ਅਤੇ ਘਣਾ ਆਨੰਦ ਪ੍ਰਾਪਤ ਹੁੰਦਾ ਹੈ। ਯਥਾ ਗੁਰਵਾਕ—

ਸੂਖ ਸਹਜ ਆਨਦੁ ਘਣਾ ਹਰਿ ਕੀਰਤਨੁ ਗਾਉ ॥
ਗਰਹ ਨਿਵਾਰੇ ਸਤਿਗੁਰੂ ਦੇ ਅਪਣਾ ਨਾਉ ॥੧॥(੪॥੧੮॥੧੨੦)
[ਆਸਾ ਮ: ੫, ਪੰਨਾ ੪੦੦

ਧੰਨ ਗੁਰਸਿਖੀ ! ਆਨਮਤੀ ਨੂੰ ਹੀ ਗ੍ਰਹਿ ਗ੍ਰਸਦੇ ਹਨ ਅਤੇ ਸਗਨ ਅਪਸਗਨ ਲਗਦੇ ਹਨ, ਗੁਰਸਿਖਾਂ ਦੇ ਨੇੜੇ ਤਕ ਨਹੀਂ ਆਉਂਦੇ।

ਓਹ ਵਿਰਲੇ ਜਨ ਹਨ, ਜਿਨ੍ਹਾਂ ਦੇ ਅੰਦਰ ਗੁਰਮਤਿ ਘਰ ਕਰ ਕੇ ਵਸ ਗਈ ਹੈ। ਜਿਨ੍ਹਾਂ ਦੀ ਸਾਰੀ ਜਿੰਦ-ਕ੍ਰਾਂਤ ਨਾਮ ਰਸ ਨਾਲ ਰਸ ਗਈ ਹੈ ਤਿਨ੍ਹਾਂ ਦੇ ਘਟਾਂ ਅੰਤਰ ਨਾਮ-ਰਸ ਐਸਾ ਸੰਚੀਰਨ ਹੋਇਆ ਹੈ ਕਿ ਤਿਨ੍ਹਾਂ ਦੇ ਨਾਭਿ ਕੰਵਲ ਪਰਗਾਸ ਹੋ ਗਏ ਹਨ। ਬਸ ਐਸੇ ਰਿਦ੍ਰਿ-ਨਾਮ ਪਰਗਾਸੀਆਂ ਨੂੰ ਜਮ ਦੀ ਤ੍ਰਾਸ ਨਹੀਂ। ਹੋਰ ਸਾਰੀ ਲੁਕਾਈ ਜਮ ਦੇ ਚੀਰੇ ਵਿਚ ਹੈ, ਕੇਵਲ ਗੁਰਮੁਖ ਨਾਮ-ਪਰਗਾਸੀਆਂ ਦੀ ਹੀ ਜਮ ਤੋਂ ਬੰਦ ਖਲਾਸੀ ਹੈ। ਯਥਾ ਗੁਰਵਾਕ—

ਗੁਰਮਤੀ ਇਕਿ ਭਏ ਉਦਾਸਾ ॥
ਅੰਤਰਿ ਨਾਮੁ ਕਮਲੁ ਪਰਗਾਸਾ ॥
ਤਿਨ ਕਉ ਨਾਹੀ ਜਮ ਕੀ ਤ੍ਰਾਸਾ ॥੨॥(੮॥੨)
[ਆਸਾ ਮ: ੧, ਅਸਟ:, ਪੰਨਾ ੪੧੨

ਜਿਹੜੇ ਭਗਤ ਜਨ, ਗੁਰਮੁਖ ਪਿਆਰੇ ਨਾਮ ਦੀ ਲਿਵਤਾਰ ਦੀ ਬਹਾਰ ਵਿਚ ਸ਼ਗੁਫ਼ਤਾ ਹੋ ਕੇ ਸਦ ਸਦਾ ਹੀ ਸਾਵਧਾਨ ਰਹਿੰਦੇ ਹਨ, ਜਿਨ੍ਹਾਂ ਰਸਿ-ਜੋਤਿ ਵਿਗਾਸੀਆਂ ਦੀ ਨਾਮ ਵਿਖੇ ਐਸੀ ਲਿਵ ਲਗੀ ਹੈ, ਤਿਨ੍ਹਾਂ ਨੂੰ ਕਦੇ ਨਿੰਦ੍ਰਾ ਤੰਦ੍ਰਾ ਨਹੀਂ ਵਿਆਪਦੀ। ਓਹ ਸਦਾ ਹੀ ਸੁਜਾਗ ਜਾਗਰਤ ਵਿਚ ਹੀ ਰਹਿੰਦੇ ਹਨ। ਤਿਨ੍ਹਾਂ ਦੇ ਨਾ ਜਮਦੂਤ ਨੇੜੇ ਆਉਂਦੇ ਹਨ, ਨਾ ਤਿਨ੍ਹਾਂ ਨੂੰ ਜਮਾਂ ਦਾ ਦੁਖ ਵਿਆਪਦਾ ਹੈ। ਵਾਹਿਗੁਰੂ ਭਗਤਾਂ ਦਾ ਪਿਆਰਾ ਅਤੇ ਭਗਤਾਂ ਦਾ ਰਾਖਾ ਸਦਾ ਆਪਣੇ ਭਗਤਾਂ ਦੇ ਸੰਗਿ ਸਹਾਈ ਹੈ। ਵਾਹਿਗੁਰੂ ਦੇ ਰੰਗਾਂ ਵਿਚ ਹੀ ਭਗਤ ਜਨ ਰੰਗੇ ਹੋਏ ਜੀਵਨ-ਮੁਕਤ ਪਦ ਨੂੰ ਪ੍ਰਾਪਤ ਹੋਏ ਹਨ। ਤਿਨ੍ਹਾਂ ਨੂੰ ਭਲਾ ਜਮਾਂ ਨੇ ਕੀ ਦੁਖ ਦੇ ਸਕਣਾ ਹੋਇਆ ? ਜਮ ਹੈ, ਪਰ ਤਿਨ੍ਹਾਂ ਦੇ ਨੇੜੇ ਨਹੀਂ ਢੁਕਦਾ। ਯਥਾ ਗੁਰਵਾਕ—

ਨਾ ਜਮਦੂਤ ਦੂਖੁ ਤਿਸੁ ਲਾਗੈ ॥
ਜੋ ਜਨੁ ਰਾਮ ਨਾਮਿ ਲਿਵ ਜਾਗੈ ॥
ਭਗਤਿ ਵਛਲੁ ਭਗਤਾ ਹਰਿ ਸੰਗਿ ॥
ਨਾਨਕ ਮੁਕਤਿ ਭਏ ਹਰਿ ਰੰਗਿ ॥੮॥੯॥

[ਆਸਾ ਮ: ੧, ਪੰਨਾ ੪੧੬

ਅਗਲੀ ਦਰਗਾਹ ਵਿਚ ਨਾਮਹੀਣ ਮਨਮੁਖਾਂ, ਨਿਗੁਰੇ ਸਾਕਤਾਂ ਦੀ ਕੋਈ ਪੁਛ ਪਰਤੀਤ ਨਹੀਂ ਹੁੰਦੀ, ਨਾ ਓਹਨਾਂ ਨੂੰ ਆਦਰ ਮਿਲਦਾ ਹੈ। ਪਤਿ ਆਬਰੋ ਓਹਨਾਂ ਦੀ ਕੋਈ ਨਹੀਂ ਰਹਿੰਦੀ। ਉਹ ਜਮਪੁਰੀ ਵਿਚ ਜਮਾਂ ਦੇ ਬੱਧੇ ਹੋਏ ਮਾਰੀਦੇ ਹਨ, ਕਿਉਂਕਿ ਓਹਨਾਂ ਨੇ ਮਾਨੁਖਾ ਜਨਮ ਨਾਮ ਬਿਹੂਣਾ ਬਿਰਥਾ ਹੀ ਗਵਾਇਆ ਹੁੰਦਾ ਹੈ। ਓਹਨਾਂ ਦਾ ਇਹ ਹਾਲ ਅਗੇ ਹੋਣਾ ਹੀ ਹੋਇਆ, ਜਮਾਂ ਦੇ ਵਸਿ ਪੈ ਕੇ। ਅਗਲੇ ਗੁਰਵਾਕ ਅੰਦਰ ਮਨਮੁਖ ਨਾਮ-ਬਿਹੂਣਿਆਂ ਦੀ ਦੁਰਦਸ਼ਾ ਇਉਂ ਲਿਖੀ ਹੈ—

ਮਰਣਾ ਮਨਹੁ ਵਿਸਾਰਿਆ ਮਾਇਆ ਮੋਹੁ ਗੁਬਾਰੁ ॥
ਮਨਮੁਖ ਮਰਿ ਮਰਿ ਜੰਮਹਿ ਭੀ ਮਰਹਿ ਜਮਦਰਿ ਹੋਹਿ ਖੁਆਰੁ ॥੭॥

(੪॥੨੨॥੧੫॥੩੭) [ਆਸਾ ਮ: ੩, ਪੰਨਾ ੪੩੦

ਭਾਵ—ਮਨਮੁਖਾਂ ਉਤੇ ਐਸਾ ਮਾਇਆ ਮੋਹ ਗੁਬਾਰ ਬਿਆਪਦਾ ਹੈ ਕਿ ਓਹ ਇਹ ਗੱਲ ਸਚ ਕਰਿ ਸਮਝ ਬੈਠਦੇ ਹਨ ਕਿ ਓਹਨਾਂ ਸਦਾ ਹੀ ਜੀਊਂਦੇ ਰਹਿਣਾ ਹੈ, ਕਦੇ ਮਰਨਾ ਨਹੀਂ। ਮਰਣਾ ਉੱਕਾ ਹੀ ਮਨੋਂ ਵਿਸਾਰ ਦਿਤਾ ਹੈ। ਮਰਨ ਦਾ ਨਾ ਖ਼ਿਆਲ, ਨਾ ਭੈ। ਇਸ ਬਿਧਿ ਮੌਤ ਤੋਂ ਬੇਖ਼ੌਫ਼ ਹੋ ਕੇ ਓਹ ਪਾਪ ਕਰਮ ਵਿਚ ਪਰਵਿਰਤ ਰਹਿੰਦੇ ਹਨ। ਨਿਮਖ ਮਾਤ੍ਰ ਭੀ ਵਾਹਿਗੁਰੂ ਦਾ ਨਾਮ ਨਹੀਂ ਜਪਦੇ। ਵਾਹਿਗੁਰੂ ਉਤੇ ਓਹਨਾਂ ਦਾ ਵਿਸ਼ਵਾਸ ਹੀ ਨਹੀਂ ਹੁੰਦਾ, ਨਾਮ ਕੀ ਜਪਣਾ ਸੀ ? ਨਿਕੋਰੇ ਨਾਸਤਕਾਂ ਵਾਲੀ ਓਹਨਾਂ ਦੀ ਦਸ਼ਾ ਹੁੰਦੀ ਹੈ। ਪਰ ਓਦੋਂ ਹੀ ਪਤਾ ਲਗਦਾ ਹੈ ਜਦੋਂ ਜਮ-ਕਾਲ ਦਾ ਡੰਡਾ ਓਹਨਾਂ ਦੇ ਮੂੰਹ ਤੇ ਆ ਲਗਦਾ ਹੈ। ਬਸ ਫਿਰ ਬਿਲਲਾਉਂਦੇ ਹੀ ਮਰ ਜਾਂਦੇ ਹਨ। ਇਕ ਵਾਰ ਨਹੀਂ ਮਰਦੇ, ਬਾਰੰਬਾਰ ਜਨਮ ਧਾਰਿ ਧਾਰਿ ਮਰਦੇ ਹਨ। ਜੰਮਦੇ ਹਨ ਫੇਰ ਮਰ ਜਾਂਦੇ ਹਨ। ਮਰਦੇ ਹਨ ਫੇਰ ਜੰਮਦੇ ਹਨ, ਭੀ ਮਰਿ ਮਰਿ ਜ਼ਾਰੋ ਜ਼ਾਰ ਰੋਂਦੇ ਹਨ। ਜਮਦਰ ਤੇ ਜੋ ਖੁਆਰੀ ਓਹਨਾਂ ਦੀ ਹੁੰਦੀ ਹੈ, ਉਹ ਵਖਰੀ ਹੈ, ਜੋ ਕਥੀ ਨਹੀਂ ਜਾਂਦੀ। ਇਉਂ ਮਨਮੁਖਾਂ ਨੂੰ ਜਮਦਰਿ ਖੁਆਰ ਹੁੰਦੇ ਦੇਖਣ ਵਾਲੇ ਤ੍ਰਿਕਾਲ-ਦਰਸੀ ਸਤਿਗੁਰੂ ਸਚੀ ਅਖੀਂ ਦੇਖੀ ਸ਼ਾਹਦੀ (ਗਵਾਹੀ) ਭਰਦੇ ਹਨ।

ਫੇਰ ਭੀ ਜੋ ਪੁਰਸ਼ ਗੁਰੂ ਦੇ ਸਿਖ ਹੋ ਕੇ ਜਮ ਦੀ ਹੋਂਦ ਵਲੋਂ ਮੁਨਕਰ ਹੁੰਦੇ ਹੋਏ ਮੰਨਣ ਤੋਂ ਨਿਸ਼ੰਕ ਰਹਿਣ, ਤਾਂ ਓਹਨਾਂ ਦੇ ਅਭਾਗ ਹੀ ਹਨ। ਹੋਰ ਕੀ ਕਹਿ ਸਕੀਏ, ਜੋ ਕੁਝ ਓਹਨਾਂ ਦੇ ਨਾਲ ਅਗੇ ਜਮਪੁਰੀ ਵਿਚ ਜਾ ਕੇ ਵਰਤੇਗੀ ਉਸ ਦਾ ਤਲਖ਼ ਤਜਰਬਾ ਆਪੇ ਹੀ ਭੁਗਤਣਗੇ।

ਵਾਹਿਗੁਰੂ ਦੀ ਸਰਣੀ ਭਜ ਕੇ ਸੇਈ ਵਡਿਭਾਗੀ ਨਰ ਪੈਂਦੇ ਹਨ, ਜੋ ਗੁਰ ਪ੍ਰਸਾਦੀ ਮਨਮੁਖਤਾ ਦੇ ਗੁਬਾਰ ਤੋਂ ਉਪਰਿ ਉਭਰ ਆਉਂਦੇ ਹਨ। ਓਹੀ ਜਮ ਦੇ ਵਸਿ ਪੈਣੋਂ ਬਚਦੇ ਹਨ, ਨਹੀਂ ਤਾਂ ਸਾਰਾ ਜਗਤ-ਸੰਸਾਰ ਜਮ ਦੀ ਫਾਸੀ ਵਿਚ ਫਸ ਕੇ ਜਮ ਦੀਆਂ ਚੋਟਾਂ ਖਾਵੇਗਾ ਅਤੇ ਜਮ ਦੇ ਸੰਗਲ ਵਿਚ ਬੱਧਾ ਹੋਇਆ ਬਿਲਲਾਇਗਾ। ਯਥਾ ਗੁਰਵਾਕ—

ਫਫੈ ਫਾਹੀ ਸਭੁ ਜਗੁ ਫਾਸਾ ਜਮ ਕੈ ਸੰਗਲਿ ਬੰਧਿ ਲਇਆ ॥
ਗੁਰਪਰਸਾਦੀ ਸੇ ਨਰ ਉਬਰੇ ਜਿ ਹਰਿ ਸਰਣਾਗਤਿ ਭਜਿ ਪਇਆ ॥੨੫॥
[ਆਸਾ ਮ: ੧ ਪਟੀ, ਪੰਨਾ ੪੩੩

ਇਸ ਮਾਇਆ-ਮੱਤੇ, ਮਮਤਾ-ਮਮਤੇ ਪ੍ਰਾਣੀ ਦੇ ਸਿਰ ਦੇ ਕੇਸ ਕਾਲਿਓਂ ਧਉਲੇ ਹੋ ਜਾਂਦੇ ਹਨ। ਐਸੇ ਧਉਲੇ ਕਿ ਸਾਬਣ ਲਾਏ ਬਿਨਾਂ ਹੀ ਚਿਟੇ ਸਫ਼ੇਦ ਹੋ ਜਾਂਦੇ ਹਨ, ਅਰਥਾਤ ਉਹ ਮਰਨ ਪਹਿਰੇ ਹੋ ਜਾਂਦਾ ਹੈ। ਪਰ ਫੇਰ ਭੀ ਉਸ ਨੂੰ ਨਾਮ ਜਪਣ ਦੀ ਸੋਝੀ ਨਹੀਂ ਆਉਂਦੀ। ਸਾਰੀ ਉਮਰ ਹੀ ਉਸ ਦੀ ਵਿਗੋਚੇ ਵਿਚ ਵਿਹਾਉਂਦੀ ਹੈ, ਤਾਂ ਭੀ ਮਰਣਾ ਉਸ ਨੂੰ ਸੁਝਦਾ ਨਹੀਂ। ਪਰ ਓਦੋਂ ਹੀ ਪਤਾ ਲਗਦਾ ਹੈ ਕਿ ਮੌਤ ਸਿਰ ਤੇ ਆ ਗਜਦੀ ਹੈ ਅਤੇ ਜਮ ਰਾਜੇ ਦੇ ਪਠਾਏ ਹੋਏ ਹੇਰੂ ਜਮਦੂਤ ਉਸ ਨੂੰ ਆ ਗ੍ਰਸਦੇ ਹਨ। ਅਤੇ ਉਸ ਦੀ ਕਮਾਬੀ ਹੋਈ ਮਾਇਆ ਅਤੇ ਵਿਹਾਜੀ ਹੋਈ ਮੋਹ-ਮਮਤਾ ਹੀ ਸਗੋਂ ਉਸ ਸਮੇਂ ਉਸ ਨੂੰ ਬਹੁਤੀ ਦੁਖਦਾਈ ਹੋ ਜਾਂਦੀ ਹੈ। ਐਸੀ ਦੁਖਦਾਈ ਕਿ ਸੰਗਲ ਬਣ ਕੇ ਜਮਦੂਤਾਂ ਦੇ ਹੱਥਾਂ ਵਿਚ ਆ ਜਾਂਦੀ ਹੈ। ਓਸੇ ਸੰਗਲ ਨਾਲ ਜੀਵ ਨੂੰ ਜਕੜ ਜਮਦੂਤ ਉਸ ਨੂੰ ਜਮਪੁਰੀ ਵਿਚ ਲੈ ਜਾਂਦੇ ਹਨ। ਜੈਸਾ ਕਿ ਇਸ ਅਗ
ਦਾ ਭਾਵ ਹੈ—

ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ ॥
ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬੰਧਿ ਲਇਆ ॥੫॥
[ਆਸਾ ਮ: ੧ ਪਟੀ, ਪੰਨਾ ੪੩੨

ਤੀਜੇ ਮਹਲੇ ਦੀ ਲਿਖੀ ਪਟੀ ਵਿਚ ਸ੍ਰੀ ਗੁਰੂ ਤੀਜੀ ਪਾਤਸ਼ਾਹੀ ਸਪੱਸ਼ਟ ਨਿਰਣੇ ਕਰਾਉਂਦੇ ਹਨ ਕਿ ਜਿਹੜੇ ਮਨੁਖਾ ਜਨਮ ਧਾਰ ਕੇ ਨਾਮ ਨਹੀਂ ਜਪਦੇ

ਓਹ ਅਗੇ ਜਾ ਕੇ ਜਮਾਂ ਦੇ ਵਸਿ ਪੈਣਗੇ। ਜਮਾਂ ਦੀ ਫਾਹੀ ਤੋਂ ਓਹਨਾਂ ਕਦੇ ਨਹੀਂ ਛੁਟਣਾ, ਛੁਟ ਸਕਣਗੇ ਹੀ ਨਹੀਂ। ਯਥਾ ਗੁਰਵਾਕ—

ਸਿਧੰ ਙਾਇਐ ਸਿਮਰਹਿ ਨਾਹੀ ਨੰਨੈ ਨਾ ਤੁਧੁ ਨਾਮੁ ਲਇਆ ॥
ਛਛੈ ਛੀਜਹਿ ਅਹਿਨਿਸਿ ਮੂੜੇ ਕਿਉ ਛੂਟਹਿ ਜਮਿ ਪਾਕੜਿਆ ॥੨॥
[ਆਸਾ ਮ: ੩ ਪਟੀ, ਪੰਨਾ ੪੩੪

ਕਿਵੇਂ ਛੁਟੇਂਗਾ ਜਦੋਂ ਜਮਾਂ ਨੇ ਪਕੜਿਆ? ਅਰਥਾਤ ਜਮ ਜ਼ਰੂਰ ਫੜਨਗੇ। ਛੁਟਕਾਰਾ ਕਦੇ ਨਹੀਂ ਹੋਣਾ। ਜਮਾਂ ਤੋਂ ਛੁਟਕਾਰਾ ਓਹਨਾਂ ਦਾ ਹੀ ਹੈ, ਜਿਨ੍ਹਾਂ ਨੇ ਮਨੁਖਾ ਜਨਮ ਧਾਰ ਕੇ ਵਾਹਿਗੁਰੂ-ਸਿਮਰਨ ਸੰਵਾਰ ਕੇ ਕੀਤਾ ਹੈ ਅਤੇ ਨਾਮ ਵਿਚ ਲਿਵਲੀਨਤਾ ਪ੍ਰਾਪਤ ਕੀਤੀ ਹੈ। ਏਹੋ ਭਾਵ ਅਗਲੇ ਗੁਰਵਾਕ ਤੋਂ ਵਿੱਦਤ ਹੁੰਦਾ ਹੈ—

ਵਵੈ ਵਾਰੀ ਆਈਆ ਮੂੜੇ ਵਾਸੁਦੇਉ ਤੁਧੁ ਵੀਸਰਿਆ ॥
ਏਹ ਵੇਲਾ ਨ ਲਹਸਹਿ ਮੂੜੇ ਫਿਰਿ ਤੂੰ ਜਮ ਕੈ ਵਸਿ ਪਇਆ ॥੧੨॥
[ਆਸਾ ਮ: ੩ ਪਟੀ, ਪੰਨਾ ੪੩੫

ਭਾਵ—ਮਾਨੁਖਾ ਜਨਮ ਦੀ ਵਾਰੀ ਮੁੜਿ ਮੁੜਿ ਨਹੀਂ ਆਉਂਦੀ। ਹੁਣ ਇਹ ਦੁਰਲੱਭ ਵਾਰੀ ਆਈ ਹੈ। ਪਰ ਇਸ ਆਈ ਵਾਰੀ ਵਿਚ ਜਿਸ ਮੂੜ੍ਹੇ ਮਨਮੁਖ ਨੇ ਸਰਬ-ਵਿਆਪੀ ਹਾਜ਼ਰ-ਨਾਜ਼ਰ ਵਾਹਿਗੁਰੂ ਨੂੰ ਵਿਸਾਰ ਦਿਤਾ ਹੈ, ਕਦੇ ਨਾਮ ਨਹੀਂ ਜਪਿਆ, ਇਹ ਵੇਲਾ ਮੁੜ ਕੇ ਹਥਿ ਨਹੀਂ ਆਉਣਾ। ਫੇਰ ਤਾਂ ਬਸ ਜਮ ਦੇ ਵਸਿ ਹੀ ਪੈਣਾ ਲਗੂ। ਜਮ ਵਸਿ ਪਇਆਂ ਖ਼ਬਰ ਨਹੀਂ, ਕਦੋਂ ਛੁਟਕਾਰਾ ਹੋਊ।

ਜਮ ਦਾ ਅਰਥ ਕਈ ਅਹੰਮਤੇ ਗਿਆਨੀ ਮੌਤ ਦਾ ਹੀ ਲਾਉਂਦੇ ਹਨ। ਕਿਉਂਕਿ ਮੌਤ ਤਾਂ ਸਭਨਾਂ ਨੂੰ ਆਉਂਦੀ ਦੀਹਦੀ ਹੈ, ਜਮ ਕਿਸੇ ਦੇਖਿਆ ਥੋੜੇ ਹੈ, ਇਸ ਕਰਕੇ ਓਹ ਜਮ ਦੀ ਹੋਂਦ-ਮਨੌਤੀ ਤੋਂ ਮੁਨਕਰ ਹੋ ਜਾਂਦੇ ਹਨ। ਇਸ ਇਨਕਾਰ ਨੂੰ ਉਹ ਗਿਆਨਪੁਣੇ ਦੀ ਸੁਚੱਜਤਾ ਸਮਝਦੇ ਹਨ। ਇਹ ਸੁਚੱਜਤਾ ਓਹਨਾਂ ਦੀ ਆਪਣੀ ਮਨ ਸਿਆਣਪ ਤੋਂ ਹੀ ਉਪਜੀ ਹੋਈ ਹੁੰਦੀ ਹੈ। ਕਾਸ਼ ਕਿ ਇਹ ਸੁਚੱਜਤਾ ਸਤਿਗੁਰੂ ਦੇ ਬਚਨ ਸਤਿ ਸਤਿ ਕਰਿ ਮੰਨਣ ਵਿਚ ਸੁਚੱਜਤਾ ਹੁੰਦੀ ਤਾਂ ਓਹ ਨਾ ਆਪ ਗੁਮਰਾਹ ਹੁੰਦੇ ਨਾ ਲੋਕਾਂ ਨੂੰ ਗੁਮਰਾਹ ਕਰਦੇ। ਗੁਰਬਾਣੀ ਅੰਦਰ ਬਾਰੰਬਾਰ ਅਨੇਕ ਥਾਈਂ 'ਜਮ' ਦਾ ਜ਼ਿਕਰ ਆਉਣਾ ਐਵੇਂ ਕਲਪਤ ਜ਼ਿਕਰ ਅਜ਼ਕਾਰ ਨਹੀਂ, ਬਲਕਿ ਸਚ ਨਿਸ਼ਾਨਾ ਜਮ ਹੋਂਦ ਤੋਂ ਹੈ। ਇਸ ਬਿਧਿ ਜਮ-ਹੋਂਦ ਨੂੰ ਮਹਿਜ਼ ਕਲਪਤ ਹੀ ਗਰਦਾਨਿਆਂ ਤਾਂ ਸਾਰੀ ਗੁਰਬਾਣੀ ਦੀ ਸੱਤਤਾ ਵਾਲੀ ਮਹੱਤਤਾ ਹੀ ਜਾਂਦੀ ਰਹੇਗੀ। ਸੋ ਬਾਰੰਬਾਰ ਗੁਰਬਾਣੀ

ਅੰਦਰ ਆਏ ਜਮ ਦੀ ਹੋਂਦ ਨੂੰ ਇਕ ਖ਼ਿਆਲੀ ਇਜ਼ਹਾਰ ਹੀ ਮੰਨ ਲੈਣਾ ਨਾ ਸਿਰਫ਼ ਐਸੇ ਗਿਆਨੀਆਂ, ਨਹੀਂ ਨਹੀਂ, ਅਗਿਆਨੀਆਂ ਦੀ ਮਨ-ਮੂੜ੍ਹਤਾ ਹੀ ਹੈ, ਬਲਕਿ ਗੁਰਬਚਨਾਂ ਤੋਂ ਓਹਨਾਂ ਦੀ ਸ਼ਰਧਾ-ਹੀਨਤਾ ਸਿੱਧ ਹੁੰਦੀ ਹੈ । ਦੇਖੋ ਇਸ ਅਗਲੇ ਇਕੋ ਗੁਰਵਾਕ ਵਿਚਿ 'ਜਮ' ਦਾ ਦੋ ਵਾਰ ਜ਼ਿਕਰ ਆਇਆ ਹੈ। ਕੀ ਇਹ ਜ਼ਿਕਰ ਬੇਹੂਦਾ ਹੀ ਹੈ ? ਉਹ ਜ਼ਬਾਨ ਸੜ ਜਾਏ, ਜੋ ਇਸ ਜ਼ਿਕਰ ਨੂੰ ਬੇਹੂਦਾ ਆਖੇ । ਹਾਂ, ਓਹਨਾਂ ਦੀ ਬੁੱਧੀ ਬੇਹੂਦਾ ਹੈ, ਜੋ ਸਤੋ ਸਤਿ ਬਾਣੀ ਨੂੰ ਮਹਿਜ਼ ਖ਼ਿਆਲ ਕਲਪਤ ਗਰਦਾਨ ਕੇ ਅਸਤਿ ਸਮਝਦੇ ਹਨ । ਦੇਖੋ ਇਹ ਅਗਲਾ ਵਾਕ ਵੀਚਾਰ ਕੇ । ਯਥਾ ਗੁਰਵਾਕ—

ਜਿਨ੍ ਇਕਮਨਿ ਧਿਆਇਆ ਤਿਨ੍ ਸੁਖੁ ਪਾਇਆ
ਤੇ ਵਿਰਲੇ ਸੰਸਾਰਿ ਜੀਉ ॥
ਤਿਨ ਜਮੁ ਨੇੜਿ ਨ ਆਵੈ ਗੁਰ ਸਬਦੁ ਕਮਾਵੈ
ਕਬਹੁ ਨ ਆਵਹਿ ਹਾਰਿ ਜੀਉ ॥
ਤੇ ਕਬਹੁ ਨ ਹਾਰਹਿ ਹਰਿ ਹਰਿ ਗੁਣ ਸਾਰਹਿ
ਤਿਨ੍ ਜਮੁ ਨੇੜਿ ਨ ਆਵੈ ॥
ਜੰਮਣੁ ਮਰਣੁ ਤਿਨ੍ਾ ਕਾ ਚੂਕਾ ਜੋ ਹਰਿ ਲਾਗੇ ਪਾਵੈ ॥
ਗੁਰਮਤਿ ਹਰਿ ਰਸੁ ਹਰਿ ਫਲੁ ਪਾਇਆ
ਹਰਿ ਹਰਿ ਨਾਮੁ ਉਰਧਾਰਿ ਜੀਉ ॥
ਜਿਨ੍ ਇਕਮਨਿ ਧਿਆਇਆ ਤਿਨ੍ ਸੁਖੁ ਪਾਇਆ
ਤੇ ਵਿਰਲੇ ਸੰਸਾਰਿ ਜੀਉ॥੨॥(੪॥੧॥੪)

[ਆਸਾ ਮ: ੧ ਛੰਤ, ਪੰਨਾ ੪੩੮

ਭਾਵ—ਐਸੇ ਜਨ ਸੰਸਾਰ ਵਿਚ ਵਿਰਲੇ ਹਨ ਜਿਨ੍ਹਾਂ ਨੇ ਇਕ-ਮਨਿ ਇਕਾਗਰ ਚਿਤ ਹੋ ਕੇ ਵਾਹਿਗੁਰੂ ਨਾਮ ਨੂੰ ਧਿਆਇਆ ਹੈ । ਜਿਨ੍ਹਾਂ ਜਨਾਂ ਨੇ ਭੀ ਇਸ ਬਿਧਿ ਇਕਾਗਰ ਚਿਤ ਹੋ ਕੇ ਮਨ ਦੀ ਸਾਵਧਾਨਤਾ ਸਹਿਤ ਵਾਹਿਗੁਰੂ ਨਾਮ ਨੂੰ ਧਿਆਇਆ ਹੈ, ਤਿਨ੍ਹਾਂ ਨੇ ਹੀ ਸਚਾ ਅਜ਼ਲੀ ਅਬਦੀ ਆਤਮ-ਸੁਖ ਪਰਮਾਰਥੀ ਪਾਇਆ ਹੈ । ਇਸ ਬਿਧਿ ਗੁਰ ਸ਼ਬਦ ਕਮਾਵਣਹਾਰਿਆਂ ਗੁਰਮਤਿ ਨਾਮ ਅਭਿਆਸੀ ਜਨਾਂ ਦੇ ਨੇੜੇ ਜਮ ਨਹੀਂ ਆਉਂਦਾ, ਉੱਕਾ ਹੀ ਨਹੀਂ ਆ ਸਕਦਾ । ਓਹਨਾਂ ਨੂੰ ਐਥੇ ਓਥੇ ਕਦੇ ਭੀ ਹਾਰ ਨਹੀਂ ਆਉਂਦੀ । ਤੇ ਜਨ ਕਦੇ ਭੀ ਨਹੀਂ ਹਾਰਦੇ, ਜੋ ਅਜਪਾ ਜਾਪ ਦੁਆਰਾ ਰਸਨਾ ਅਤੇ ਹਿਰਦੇ ਕਰਕੇ ਗੁਰਮਤਿ ਨਾਮ ਗੁਰਮੰਤ੍ਰ ਨੂੰ ਅਭਿਆਸਕਾਰ ਬਿਰਤੀ ਸੁਰਤੀ ਦੁਆਰਾ

ਸਦ ਸਦਾ ਸਮਾਰਦੇ (ਸੰਮ੍ਹਾਲਦੇ, ਅੰਤਰ ਉਰਧਾਰਦੇ) ਹਨ। ਇਸ ਬਿਧ ਵਾਹਿਗੁਰੂ ਦੀ ਸਿਫ਼ਤ ਸਾਲਾਹ ਕਰਨਹਾਰਿਆਂ ਦੇ ਜਮ ਕਦੇ ਨੇੜੇ ਨਹੀਂ ਆਉਂਦਾ। ਜਮ ਤਾਂ ਕੀ ਨੇੜੇ ਆਉਣਾ ਸੀ, ਬਲਕਿ ਇਸ ਬਿਧਿ ਨਾਮ ਜਪ ਕੇ ਨਾਮ ਵਿਚ ਲਿਵਲੀਨ ਹੋਇਆਂ ਅਤੇ ਨਾਮੀ ਦੀ ਸਰਨੀ ਸਮਾਇ ਰਹਿਆਂ ਗੁਰਮੁਖ ਭਗਤ ਜਨਾਂ ਦਾ ਜੰਮਣ ਮਰਨ ਦਾ ਆਵਾ-ਗਵਨੀ ਸਿਲਸਿਲਾ ਮੁੱਕ ਚੁੱਕ ਜਾਂਦਾ ਹੈ। ਐਸਾ ਹਰਿ ਰਸੁ, ਹਰੀ (ਵਾਹਿਗੁਰੂ) ਪ੍ਰਾਪਤੀ ਵਾਲਾ ਫਲ ਗੁਰਮਤਿ, ਕੇਵਲ ਗੁਰਮਤਿ ਦੁਆਰਾ ਹੀ, ਗੁਰਮਤਿ ਨਾਮ ਉਰਿਧਾਰ ਕੇ ਹੀ ਪਾਇਆ ਜਾਂਦਾ ਹੈ। ਐਸਾ ਇਕ-ਮਨ ਇਕ-ਚਿਤ ਕਰਕੇ ਗੁਰਮਤਿ ਨਾਮ ਨੂੰ ਧਿਆਉਣ ਵਾਲੇ ਗੁਰਮੁਖ ਜਨ ਵਿਰਲੇ ਹੀ ਸੰਸਾਰ ਅੰਦਰ ਹਨ। ਬਸ, ਸੇਈ ਜਮ ਦੇ ਫੱਟ ਤੋਂ ਬੰਚਤ ਹਨ। ਨਹੀਂ ਤਾਂ ਸਾਰਾ ਸੰਸਾਰ ਹੀ ਜਮ ਦੇ ਫੇੜੇ ਵਿਚ ਹੈ। ਐਸਾ ਤੋਂ ਭਾਵ ਇਸ ਉਪਰਲੇ ਗੁਰਵਾਕ ਦਾ ਹੈ।

ਹੁਣ ਜ਼ਰਾ ਖ਼ਿਆਲ ਕਰੋ ਕਿ ਇਸ ਗੁਰਵਾਕ ਵਿਚ 'ਜਮ' ਦੇ ਅਸਲੇ ਨੂੰ ਹੀ ਅਭਾਵ ਕਰ ਦੇਣਾ ਕੀ ਸਾਰੇ ਗੁਰਵਾਕ ਦੀ ਮਹੱਤਤਾ ਅਤੇ ਸੱਤਤਾ ਨੂੰ ਖੋ ਦੇਣਾ ਨਹੀਂ ? ਸਾਰੇ ਗੁਰਵਾਕ ਵਿਚੋਂ ਇਕ ਪੰਗਤੀ ਦੇ ਭਾਵ ਨੂੰ ਪਰਵਾਨ ਕਰ ਲੈਣਾ ਅਤੇ ਦੂਜੀ ਪੰਗਤੀ ਦੇ ਭਾਵ ਦੀ ਅਸਲੀਅਤ ਨੂੰ ਨਾ ਮੰਨਣਾ ਇਹ ਕਿਧਰ ਦੀ ਗੁਰਮੁਖਤਾਈ ਹੈ ? ਅਸੀਂ ਤਾਂ ਇਹ ਸਮਝਦੇ ਹਾਂ, ਜਿਸ ਨੇ ਗੁਰਵਾਕ ਦੀ ਇਕ ਇਕ ਤੁਕ ਨੂੰ, ਇਕ ਇਕ ਪੰਗਤੀ ਨੂੰ, ਇਕ ਇਕ ਅੱਖਰ ਨੂੰ ਸਤਿ ਸਤਿ ਕਰ ਕੇ ਨਹੀਂ ਮੰਨਿਆ, ਓਹ ਅਜੇ ਭੰਬਲਭੂਸੇ ਹੀ ਖਾਂਦਾ ਹੈ। ਉਸ ਨੂੰ ਗੁਰਬਾਣੀ ਉਤੇ ਮਨ ਬਚ ਕਰਮ ਕਰਕੇ ਸ਼ਰਧਾ ਹੀ ਨਹੀਂ ਆਉਂਦੀ। ਇਹ ਕਿਹੜੀ ਗੁਰਮੁਖਤਾਈ ਹੈ ? ਇਹ ਕਿਹੜੀ ਗਿਆਨਤਾਈ, ਗਿਆਨਤ ਬੁਧਤਾਈ ਹੈ ਕਿ ਇਕੋ ਗੁਰਵਾਕ ਵਿਚੋਂ ਭਿੰਨ ਭਿੰਨ ਪੰਗਤੀਆਂ ਦੇ ਭਾਵਾਂ ਨੂੰ ਸੱਤਤਾ ਯਾ ਅਸੱਤਤਾ ਆਪਣੇ ਮਨ ਦੀ ਮਰਜ਼ੀ ਅਨੁਸਾਰ ਦਿਤੀ ਜਾਵੇ ? ਇਹ ਸਭ ਗਿਆਨ-ਮਤੇ ਦੀ ਅਗਿਆਨ ਭਰੀ ਗੜਬੜੇਸ਼ਨ ਹੈ।

ਜੇ ਆਪੋ ਆਪਣੀ ਮਨ ਮਤਸਰਿ ਬੁਧੀ ਦੀ ਕਸਉਟੀ ਗੁਰਬਾਣੀ ਪਰਖਣ ਹਿਤ ਲਾਈ ਜਾਵੇ ਤਾਂ ਕੋਈ ਭੀ ਨਿਗਰ ਅਭਿਪਰਾ ਗੁਰਬਾਣੀ ਵਿਚਾਰ ਦਾ ਹਾਸਲ ਨਹੀਂ ਹੁੰਦਾ। ਦੇਖੋ, ਇਸ ਉਪਰਲੇ ਗੁਰਵਾਕ ਅੰਦਰ ਜੇ ਕਿਸੇ ਜਮ ਦੀ ਹੋਂਦ ਤੋਂ ਸਿਰ ਫੇਰ ਲਿਆ ਅਤੇ ਕਿਸੇ ਦੂਜੇ ਨੇ ਜੰਮਣ ਮਰਨ-ਮਈ ਆਵਾ ਗਉਣ ਦੇ ਅਸੂਲ ਤੋਂ ਇਨਕਾਰ ਕਰ ਲਿਆ ਅਤੇ ਕਿਸੇ ਨੇ ਨਾਮ ਜਪਣ ਤੇ ਈਮਾਨ ਨਹੀਂ ਲਿਆਂਦਾ ਤੇ ਕਿਸੇ ਨੇ ਨਾਮ ਜਪਣ ਦੇ ਫਲ ਤੇ ਹੀ ਸ਼ਰਧਾ ਨਹੀਂ ਲਿਆਂਦੀ ਅਤੇ

ਕਿਸੇ ਨੂੰ ਇਸ ਗੁਰਵਾਕ ਅੰਦਰ ਦਰਸਾਈ ਹਰੀ-ਰਸ ਸਫੁੱਟਾਈ ਵਾਲੀ ਗੁਰਮਤਿ ਅਸੂਲ ਅਸਲੀਅਤ ਉਤੇ ਹੀ ਪਰਤੀਤ ਨਹੀਂ ਆਈ ਤਾਂ ਦਸੋ ਸਾਰੇ ਗੁਰਵਾਕ ਦਾ ਅਸਲੀ ਭਾਵ ਖੇਰੂੰ ਖੇਰੂੰ ਹੋ ਗਿਆ ਕਿ ਨਾ ? ਤਾਂ ਤੇ ਆਪੋ ਆਪਣੀ ਬੁੱਧੀ ਅਨੁਸਾਰ ਗੁਰਬਾਣੀ ਦੇ ਭਾਵਾਂ ਨੂੰ ਕਲਪ ਬੈਠਣਾ ਮਹਾਂ ਮਨਮਤ ਅਤੇ ਅਗਿਆਨ ਗੁਮਰੱਤ (ਗੁਮਰਾਹ ਹੋਣ ਵਾਲੀ) ਕੁਮਤਿ ਹੈ, ਜਿਸ ਤੇ ਹਾਸਲ ਕੁਝ ਨਹੀਂ। ਤਾਂ ਤੇ ਆਓ ਸੁਮੱਤੇ ਲਗੋ। ਬਾਰ ਬਾਰ ਗੁਰਬਾਣੀ ਅੰਦਰ ਆਏ ਕਿਸੇ ਗੁਰਮਤਿ ਵਿਸ਼ੇ ਆਸ਼ੇ ਨੂੰ ਹਰਗਿਜ਼ ਹਰਗਿਜ਼ 'ਕਲਪਤ' ਮਤ ਕਹੋ। ਕਹੋਗੇ ਤਾਂ ਗੁਰਮਤਿ ਦੇ ਸਾਰ-ਤੱਤ ਤੋਂ ਵਾਂਝੇ ਰਹਿ ਜਾਵੋਗੇ। ਕੇਵਲ ਚੁੰਚ ਗਿਆਨ ਹੀ ਰਹਿ ਜਾਣਾ ਹੈ। ਤੱਤ ਗਿਆਨ, ਗੁਰਮਤਿ ਕਲਿਆਨ ਕਾਰਨੀ ਗਿਆਨ ਕਦੇ ਨਹੀਂ ਲਭਣਾ। ਖ਼ਾਲੀ ਦੇ ਖ਼ਾਲੀ ਢੋਰ ਦੇ ਢੋਰ ਸਾਕਤ ਚੋਰ ਹੀ ਰਹਿ ਜਾਵੋਗੇ। ਅਸਲੀ ਭਾਵਾਂ ਨੂੰ ਚੁਰਾਇ ਚੁਰਾਇ ਕੋਈ ਗੁਰਮਤਿ-ਤੱਤ-ਸਾਰ-ਗਰਾਹੀ ਬਣ ਸਕਦਾ ਹੈ ? ਕਦਾਚਿਤ ਨਹੀਂ। ਤੀਨ ਕਾਲ ਨਹੀਂ ਬਣ ਸਕਦਾ। ਸਗੋਂ ਗੁਰੂ ਦਾ ਦੇਣਦਾਰ ਹੀ ਬਣਿਆ ਰਹਿੰਦਾ ਹੈ ਅਤੇ ਮੂੰਹੋਂ ਮੂੰਹ ਚੋਟਾਂ ਖਾਂਦਾ ਹੈ। ਗੁਰ-ਸ਼ਬਦ, ਗੁਰ-ਦੀਖਿਆ, ਗੁਰਮੰਤ੍ਰ ਜਿਸ ਪ੍ਰਾਣੀ ਨੂੰ ਪ੍ਰਾਪਤ ਨਹੀਂ ਹੋਇਆ, ਉਹ ਮਾਨੁਖਾ ਜਾਮੇ ਵਿਚ ਹੁੰਦਾ ਹੋਇਆ ਭੀ ਭੂਤਨਾ ਹੈ। ਐਸਾ ਸ਼ਬਦ ਬਿਹੂਣਾ ਭੂਤਨਾ ਮਾਨੁਖਾ ਜਨਮ ਅਜਾਈਂ ਹੀ ਗਵਾ ਕੇ ਚਲਿਆ ਜ਼ਾਵੇਗਾ ਅਤੇ ਮਰ ਕੇ ਜਮ ਦੇ ਮਾਰਗ ਵਿਚ ਮੂੰਹੋਂ ਮੂੰਹ ਚੋਟਾਂ ਖਾਏਗਾ। ਯਥਾ ਗੁਰਵਾਕ—

ਜਮ ਮਗਿ ਬਾਧਾ ਖਾਹਿ ਚੋਟਾ ਸਬਦ ਬਿਨੁ ਬੇਤਾਲਿਆ...੨॥
(੪॥੧॥੫) [ਆਸਾ ਮ: ੧ ਛੰਤ, ਪੰਨਾ ੪੩੯

ਤਾਂ ਤੇ ਜਮ ਅਤੇ ਜਮ-ਮਾਰਗ ਇਸ ਗੁਰਵਾਕ ਪੰਗਤੀ ਦੁਆਰਾ ਭੀ ਸਿਧ ਹੈ। ਪਰ ਓਹਨਾਂ ਨੂੰ ਹੀ ਜਮ ਗ੍ਰਸਦਾ ਹੈ ਅਤੇ ਓਹਨਾਂ ਨੂੰ ਜਮ ਦੇ ਪੈਂਡੇ ਵਿਚ ਪੈਣਾ ਤੇ ਦੁਖ ਸਹਿਣਾ ਪੈਂਦਾ ਹੈ ਜੋ ਸ਼ਬਦ ਬਿਨ ਬੇਤਾਲੇ (ਭੂਤਨੇ) ਹੋ ਰਹੇ ਹਨ, ਭੂਤਨੇ ਸਮਾਨ ਹੋ ਰਹੇ ਹਨ। ਇਹ ਮਤ ਸਮਝ ਲੈਣਾ ਚਾਹੀਏ ਕਿ ਭੂਤਨੇ ਓਹਨਾਂ ਦਾ ਹੀ ਨਾਉਂ ਹੈ ਜੋ ਨਾਮ ਨਹੀਂ ਜਪਦੇ। ਨਹੀਂ ਨਹੀਂ, ਭੂਤ ਪ੍ਰੇਤ ਦੀ ਜੂਨ ਵਖਰੀ ਹੈ। ਏਥੇ ਤਾਂ ਭਾਵ ਭੂਤਨੇ ਸਦਰਸ਼ ਤੋਂ ਹੈ। ਭੂਤ ਪ੍ਰੇਤ ਦਾ ਕਾਂਡ ਵੱਖਰਾ ਆਵੇਗਾ। ਜਿਨ੍ਹਾਂ ਦੇ ਹਿਰਦੇ ਮਨ ਵਿਚ ਸਾਚਾ ਸਾਹਿਬ ਆ ਵਸਿਆ ਹੈ ਓਹ ਜਮ ਦੇ ਜਾਲ ਵਿਚ ਕਾਹਨੂੰ ਫਸਦੇ ਹਨ—

ਸਾਚਾ ਸਾਹਿਬੁ ਮਨਿ ਵਸੈ ਕੀ ਫਾਸਹਿ ਜਮ ਜਾਲੇ ਰਾਮ...॥੩॥
(੪॥੧॥੫) [ਆਸਾ ਮ: ੧ ਛੰਤ, ਪੰਨਾ ੪੩੯

'ਜਮ ਜਾਲ' ਦਾ ਅਰਥ ਬਹੁਤ ਸਾਰੇ ਉਘੇ ਗਿਆਨੀ 'ਮੌਤ ਦੀ ਫਾਸ' ਹੀ ਕਰਦੇ ਹਨ। ਓਹਨਾਂ ਦੇ ਖ਼ਿਆਲ ਵਿਚ ਮੌਤ ਤੋਂ ਬਿਨਾਂ ਹੋਰ ਕੋਈ ਜਮਦੂਤ ਨਹੀਂ। ਇਹ ਓਹਨਾਂ ਦੀ ਮਹਾਂ ਭੁਲ ਹੈ। ਗੁਰਬਾਣੀ ਅੰਦਰ 'ਜਮ' ਦੀ ਹੋਂਦ ਵਖਰੀ ਹੈ, ਜੋ ਅਗਲੇ ਲੋਕ ਵਿਚ ਸਾਡੀਆਂ ਨਜ਼ਰਾਂ ਤੋਂ ਓਹਲੇ ਅਦਿਸ਼ਟ ਹੀ ਰਹਿੰਦੀ ਹੈ। ਹਾਂ ਮਰਨ ਸਮੇਂ ਮਰਨਹਾਰੇ ਪ੍ਰਾਣੀ ਨੂੰ ਜਮ ਲੋਕ ਯਾ ਧਰਮਰਾਇ ਪਾਸ ਲੈ ਜਾਣ ਨੂੰ ਆਉਂਦੀ, ਮਰਨ ਵਾਲੇ ਪ੍ਰਾਣੀ ਨੂੰ ਨਜ਼ਰ ਆਉਂਦੀ ਹੈ, ਦੂਜਿਆਂ ਨੂੰ ਨਹੀਂ ਦੀਂਹਦੀ। ਕੇਵਲ ਮੌਤ ਨੂੰ ਜਮ ਸਮਝ ਲੈਣਾ ਗੁਰਮਤਿ ਅਗਿਆਨੀ ਦਾ ਕੰਮ ਹੈ। ਗੁਰਮਤਿ-ਗਿਆਨੀਆਂ ਨੂੰ ਗੁਰਬਾਣੀ ਦੇ ਤੱਤ ਭਾਵ ਦੀ ਸੂਝ ਆਉਂਦੀ ਹੈ। ਓਹੀ ਅਸਲੀ ਅਰਥ ਜਮ ਦੇ ਸਮਝ ਸਕਦੇ ਹਨ। ਗੁਰਵਾਕ ਸਾਫ਼ ਦਸਦੇ ਹਨ ਕਿ ਜਮ ਦਾ ਵਜੂਦ ਭੀ ਹੈ ਅਤੇ ਜਮ ਦਾ ਪੰਥ (ਮਾਰਗ) ਭੀ ਹੈ। ਯਥਾ ਗੁਰਵਾਕ—

ਮਹਾ ਬਿਖਮੁ ਜਮ ਪੰਥੁ ਦੁਹੇਲਾ ਕਾਲੂਖਤ ਮੋਹ ਅੰਧਿਆਰਾ ॥...੪॥
(੮॥੨॥੯) [ਆਸਾ ਮ: ੪, ਪੰਨਾ ੪੪੩

ਜਮ ਦੇ ਅਰਥ ਜੇ ਮੌਤ ਲਏ ਜਾਣ ਤਾਂ ਦਸੋ ਮੌਤ ਦਾ ਰਸਤਾ (ਮਾਰਗ) ਕਿਹੜਾ ਹੋਇਆ ? ਮੌਤ ਆਈ ਪਿਛੋਂ, ਅਰਥਾਤ ਮਰਨ ਪਿਛੋਂ ਜਿਸ ਮਾਰਗ ਵਿਚ ਦੀ ਪਾਂਧੀ ਜੀਵ ਨੂੰ ਲੰਘਣਾ ਪਊ, ਉਹ ਮਾਰਗ ਜਮ-ਮਾਰਗ ਜਾਂ ਜਮ-ਪੰਥ ਹੈ, ਜੋ ਬੜਾ ਹੀ ਔਖਾ ਹੈ, ਜਿਥੇ ਕਾਲੀ ਬੋਲੀ ਰਾਤ ਵਰਗਾ ਅੰਧੇਰਾ ਹੈ। ਏਥੇ ਦੀ ਲੰਘਣਾ ਪਊ ਜੀਵ ਨੂੰ। ਇਹ ਰਸਤਾ ਬੜਾ ਹੀ ਦੁਹੇਲਾ ਬਿਕਟ ਦੁੱਖਾਂ ਦਾ ਭਰਿਆ ਹੈ।

ਅਗਲੇ ਗੁਰ ਪ੍ਰਮਾਣ ਵਿਖੇ ਮੌਤ ਤੇ ਜਮ ਦਾ ਵਖੋ ਵਖ ਵਿਤਕਰਾ ਇਕੋ ਹੀ ਗੁਰਵਾਕ ਪੰਗਤੀ ਵਿਚ ਹੈ। ਜਿਸ ਤੋਂ ਸਾਫ਼ ਸਪੱਸ਼ਟ ਸਿਧ ਹੁੰਦਾ ਹੈ ਕਿ ਮੌਤ ਵਖਰੀ ਚੀਜ਼ ਹੈ ਅਤੇ ਜਮ ਦਾ ਵਜੂਦ ਵਖਰਾ ਹੈ। ਯਥਾ ਗੁਰਵਾਕ—

ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ
ਮਤ ਜਮੁ ਪਕਰੈ ਲੈ ਜਾਇ ਜੀਉ ॥੨॥(੪॥੬॥੧੩)
[ਆਸਾ ਮ: ੪, ਪੰਨਾ ੪੪੭

ਭਾਵ—ਸੰਸਾਰੀ ਪੁਰਸ਼ਾਂ ਨੂੰ ਮਰਨ ਏਸ ਕਰਕੇ ਨਹੀਂ ਭਾਉਂਦਾ ਕਿ ਓਹਨਾਂ ਨੂੰ ਏਸ ਗੱਲ ਦਾ ਬਹੁਤਾ ਡਰ ਹੁੰਦਾ ਹੈ ਕਿ ਮੌਤ ਸਮੇਂ ਜਮ ਓਹਨਾਂ ਨੂੰ ਫੜ ਕੇ ਲੈ ਜਾਂਦਾ ਹੈ। ਤਾਂ ਤੇ ਜਮ ਹੋਰ ਹੈ ਤੇ ਮੌਤ ਹੋਰ ਹੈ। ਜਮ ਦਾ ਸੀਗ਼ਾ ਤਾਂ ਮੌਤ ਤੋਂ ਪਿਛੋਂ ਜੀਵ ਨੂੰ ਫੜ ਕੇ ਲੈ ਜਾਣ ਦਾ ਹੁੰਦਾ ਹੈ। ਤਾਂ ਤੇ ਮੌਤ ਨੂੰ ਹੀ ਜਮ

ਆਖਣਾ ਬੜੀ ਅਗਿਆਨਤਾ ਹੈ। ਕਿਥੇ ਕਿਥੇ ਜਮ ਦਾ ਅਰਥ ਖਿੱਚ ਪਾੜ ਕੇ ਮੌਤ ਦਾ ਕੀਤਾ ਜਾਵੇਗਾ ? ਹੇਠਲਾ ਗੁਰਵਾਕ ਵੀਚਾਰੋ—

ਜੋ ਹਰਿ ਹਰਿ ਨਾਮੁ ਧਿਆਇਦੇ ਤਿਨ੍ ਜਮੁ ਨੇੜਿ ਨ ਆਵੈ ॥...੧॥
(੪॥੧੩॥੨੦) [ਆਸਾ ਮ: ੪ ਛੰਤ, ਪੰਨਾ ੪੫੧

ਸਰੀਰ ਕਰਕੇ ਚਲਾਣਾ (ਜਿਸਨੂੰ ਆਮ ਫ਼ਹਿਮ ਲਫ਼ਜ਼ਾਂ ਵਿਚ ਮੌਤ ਕਿਹਾ ਜਾਂਦਾ ਹੈ) ਤਾਂ ਨਾਮ ਧਿਆਵਣਹਾਰਿਆਂ ਦਾ ਭੀ ਹੋਵੇਗਾ, ਪਰ ਨਾਮ ਧਿਆਵਣ-ਹਾਰਿਆਂ ਦੇ ਨੇੜੇ ਜਮ ਨਹੀਂ ਜਾ ਸਕਦਾ। ਕੀ ਉਪਰਲੇ ਗੁਰਵਾਕ ਦਾ ਇਹ ਅਰਥ ਲਾਉਣਾ ਖਿੱਚ ਪਾੜ ਨਹੀਂ ਕਿ ਜੋ ਨਾਮ ਧਿਆਉਂਦੇ ਹਨ ਤਿਨ੍ਹਾਂ ਦੇ ਨੇੜੇ ਮੌਤ ਨਹੀਂ ਆਉਂਦੀ ? ਮੌਤ ਤਾਂ ਸਭ ਦੇ ਸਿਰ ਤੇ ਹੈ, ਪਰ ਨਾਮ ਧਿਆਉਣ-ਹਾਰਿਆਂ ਨੂੰ ਜਮ ਨਹੀਂ ਸਤਾਉਂਦਾ, ਨੇੜੇ ਹੀ ਨਹੀਂ ਆਉਂਦਾ। 'ਜਮ' ਦੀ ਹੋਂਦ ਤੋਂ ਮੁਨਕਰ ਹੋਣਾ, ਖਿਚੋਤਾਣ ਕਰਕੇ ਇਉਂ ਅਸਲ-ਭਾਵ ਵਿਹੂਣੀਏ ਅਰਥ ਕਰਨਗੇ ਕਿ ਏਥੇ ਮੌਤ-ਦੁਖ ਤੋਂ ਮੁਰਾਦ ਹੈ ਜਾਂ ਇਉਂ ਕਰਨਗੇ ਕਿ ਨਾਮ ਧਿਆਵਣਹਾਰਿਆਂ ਦੇ ਨੇੜੇ ਮੌਤ ਦਾ ਦੁਖ ਨਹੀਂ ਆਉਂਦਾ। ਮੌਤ ਤਾਂ ਆਉਣੀ ਓਹਨਾਂ ਨੂੰ ਹਾਰ ਕੇ ਮੰਨਣੀ ਪਊ। ਪਰ ਅਸੀਂ ਹੈਰਾਨ ਹਾਂ ਕਿ ਕਿਹੜੇ ਕੋਸ਼ ਦੁਆਰਾ ਓਹ ਜਮ ਦੇ ਅਰਥ ਮੌਤ ਦਾ ਭੈ ਯਾ ਮੌਤ ਦਾ ਦੁਖ ਕਰਨਗੇ। ਇਹ ਮਹਿਜ਼ ਖਿਚੋਤਾਣ ਹੈ।

ਨਿਤ ਜੋਬਨੁ ਜਾਵੈ ਮੇਰੇ ਪਿਆਰੇ ਜਮੁ ਸਾਸ ਹਿਰੇ ॥੨॥(੬॥੧੪॥੨੧)
[ਆਸਾ ਮ: ੪, ਪੰਨਾ ੪੫੨

ਏਥੇ ਭੀ 'ਜਮ' ਦੇ ਅਰਥ ਮੌਤ ਦੇ ਨਹੀਂ ਬਣ ਸਕਦੇ, ਕਿਉਂਕਿ ਸਾਸ ਹਿਰਨ ਵਾਲੀ ਮੌਤ ਮੁਜੱਸਮ ਨਹੀਂ ਹੋ ਸਕਦੀ, ਮੌਤ ਦਾ ਫ਼ਰਿਸ਼ਤਾ ਯਾ ਜਮਦੂਤ ਹੀ ਹੋ ਸਕਦਾ ਹੈ।

ਨਾਮੁ ਜਪਤ ਗੋਬਿੰਦ ਨਹਿ ਅਲਸਾਈਐ ॥
ਭੇਟਤ ਸਾਧੂ ਸੰਗ ਜਮਪੁਰਿ ਨਹ ਜਾਈਐ ॥...੧॥
[ਆਸਾ ਮ: ੫ ਛੰਤ, ਪੰਨਾ ੪੫੬

ਕੀ ਏਥੇ ਭੀ ਖਿੱਚੋਤਾਣ ਕਰਨ ਵਾਲੇ ਅਗਿਆਨੀ 'ਜਮ-ਪੁਰਿ' ਦੇ ਅਰਥ ਮੌਤ-ਪੁਰੀ ਲਾਉਣਗੇ ? ਕੀ ਮੌਤ-ਪੁਰੀ ਭੀ ਅਗਾਹਾਂ ਕੋਈ ਅਸਥਾਨ ਹੈ ? ਜਮ-ਪੁਰੀ ਨਹੀਂ ਮੰਨਣੀ, ਪਰ ਮੌਤ-ਪੁਰੀ ਮੰਨ ਲੈਣ ਵਿਚ ਕੋਈ ਦਰੇਗ਼ ਨਹੀਂ ਕਰਨਾ, ਇਹ ਅਜ ਕਲ ਦੇ ਗਿਆਨ-ਅਗਿਆਨੀਆਂ ਦੀ ਮੱਤ ਕੁਮੱਤ ਹੈ। ਅਗਲੇ ਗੁਰ ਪ੍ਰਮਾਣ ਅੰਦਰ ਇਕੋ ਪੰਗਤੀ ਵਿਚ ਜਮ ਤੇ ਕਾਲ ਵਖੋ ਵਖਰੇ ਆਏ ਹਨ ਤੇ ਵਖੋ

ਵਖਰੇ ਆਪੋ ਆਪਣੇ ਅਰਥ ਰਖਦੇ ਹਨ । ਯਥਾ ਗੁਰਵਾਕ—

ਤਨੁ ਭਸਮ ਢੇਰੀ ਜਮਹਿ ਹੇਰੀ ਕਾਲਿ ਬਪੁੜੇ ਜਿਤੀਆ ॥...੧॥

[ਆਸਾ ਮ: ੫, ਪੰਨਾ ੪੫੯-੬੦

ਏਥੇ ਸਾਫ਼ ਜਮ ਤਾਂ ਭਸਮ ਢੇਰੀ ਨੂੰ ਹੇਰਨਹਾਰਾ ਹੈ (ਅਰਥਾਤ ਦੇਖਣ-ਹਾਰਾ ਹੈ) ਅਤੇ ਕਾਲ ਤਨ ਦੀ ਭਸਮ ਢੇਰੀ ਬਣਾਵਣਹਾਰਾ ਹੈ । ਤਾਂ ਤੇ 'ਜਮ' ਤਾਂ ਜਮ ਹੀ ਹੈ ਅਤੇ ਕਾਲ ਕਾਲ ਹੀ ਹੈ । ਤਾਂ ਤੇ ਜਮ ਕਦਾਚਿਤ ਕਾਲ ਦੇ ਅਰਥਾਂ ਦੇ ਥਾਉਂ ਨਹੀਂ ਪੁਜ ਸਕਦਾ ।

ਪਾਪਾ ਕਮਾਣੇ ਛਡਹਿ ਨਾਹੀ ਲੈ ਚਲੇ ਘਤਿ ਗਲਾਵਿਆ ॥...੨॥

(੪॥੨॥੧੧) [ਆਸਾ ਮ: ੫, ਪੰਨਾ ੪੬੦

ਭਾਵ, ਪਾਪ ਕਮਾਵਣਹਾਰੇ ਜੀਵ ਨੂੰ ਜਮ ਛਡਦੇ ਨਹੀਂ । ਗਲ-ਹਥਾ ਦੇ ਕੇ, ਗਲੋਂ ਫੜ ਕੇ ਲੈ ਜਾਂਦੇ ਹਨ । ਇਸ ਪਰਕਾਰ ਅਨੇਕਾਂ ਗੁਰਵਾਕ ਹਨ ਜਿਨ੍ਹਾਂ ਦੁਆਰਾ 'ਜਮ' ਦੀ ਹੋਂਦ 'ਕਾਲ' ਤੋਂ ਨਿਆਰੀ ਸਿਧ ਹੁੰਦੀ ਹੈ—

ਸਤਸੰਗਤਿ ਗੁਰ ਕੀ ਹਰਿ ਪਿਆਰੀ
ਜਿਨ ਹਰਿ ਹਰਿ ਨਾਮੁ ਮੀਠਾ ਮਨਿ ਭਾਇਆ ॥
ਜਿਨ ਸਤਿਗੁਰ ਸੰਗਤਿ ਸੰਗੁ ਨ ਪਾਇਆ
ਸੇ ਭਾਗਹੀਣ ਪਾਪੀ ਜਮਿ ਖਾਇਆ ॥੩॥(੪॥੫)

[ਗੂਜਰੀ ਮ: ੪, ਪੰਨਾ ੪੯੪

ਗੁਰੂ ਘਰ ਦੇ ਗੁਰਮੁਖਾਂ ਦੀ ਸੰਗਤਿ ਹੀਣਿਆਂ ਕੁਸੰਗੀਆਂ ਨੂੰ ਹੀ ਜਮ ਖਾਂਦਾ ਹੈ । ਸਤਿਸੰਗੀਆਂ ਨਾਮ ਜਪਣਹਾਰਿਆਂ ਗੁਰਮੁਖਾਂ ਦੇ ਜਮ ਨੇੜੇ ਨਹੀਂ ਜਾਂਦਾ ।

ਦੇਸੁ ਕਮਾਵਨ ਧਨ ਜੋਰਨ ਕੀ ਮਨਸਾ ਬੀਚੇ ਨਿਕਸੇ ਸਾਸ ॥
ਲਸਕਰ ਨੇਬ ਖਵਾਸ ਸਭ ਤਿਆਗੇ ਜਮਪੁਰਿ ਊਠਿ ਸਿਧਾਸ ॥੨॥...
ਸਹਜ ਸੁਭਾਇ ਭਏ ਕਿਰਪਾਲਾ ਤਿਸੁ ਜਨ ਕੀ ਕਾਟੀ ਫਾਸ ॥
ਕਹੁ ਨਾਨਕ ਗੁਰੁ ਪੂਰਾ ਭੇਟਿਆ
ਪਰਵਾਣੁ ਗਿਰਸਤ ਉਦਾਸ ॥੪॥੪॥੫॥

[ਗੂਜਰੀ ਮ: ੪, ਪੰਨਾ ੪੯੬

ਦੇਸ ਪ੍ਰਾਪਤਿ ਕਰਨ ਅਤੇ ਦੌਲਤ ਇਕੱਠੀ ਕਰਨ ਦੀ ਲਾਲਸਾ ਵਿਖੇ ਹੀ ਲੋਭ ਲਹਿਰ ਗ੍ਰਸੇ ਮਾਇਆਧਾਰੀ ਮਾਨੁਖ ਦੇ ਪ੍ਰਾਣ ਨਿਕਲ ਜਾਂਦੇ ਹਨ । ਲਸ਼ਕਰਾਂ ਅਤੇ ਆਪਣੇ ਅਹਿਲਕਾਰਾਂ ਨੌਕਰਾਂ ਨੂੰ ਏਥੇ ਹੀ ਛੱਡ ਜਾਂਦਾ ਹੈ । ਜਿਨ੍ਹਾਂ ਉਤੇ ਮਾਣ ਕਰਦਾ ਸੀ, ਉਹ ਮੌਤ ਸਮੇਂ ਉਸ ਦੀ ਕੁਛ ਭੀ ਸਹਾਇਤਾ ਨਹੀਂ ਕਰ

ਸਕਦੇ । ਇਕੇਲਾ ਹੀ ਜਮ-ਪੁਰੀ ਨੂੰ ਜਾ ਸਿਧਾਉਂਦਾ ਹੈ । ਜਮ-ਪੁਰੀ ਨੂੰ ਬੰਨ੍ਹ ਕੇ ਲਿਜਾਇਆ ਜਾਂਦਾ ਹੈ । ਜਮਾਂ ਦਾ ਬੱਧਾ ਹੋਇਆ ਜਿਉਂ ਜਿਉਂ ਮਾਇਆ ਬਹੁਤੀ ਜੋੜਦਾ ਹੈ, ਤਿਉਂ ਤਿਉਂ ਉਸ ਦੀ ਲਾਲਸਾ ਮਾਇਆ ਜੋੜਨ ਦੀ ਹੋਰ ਵਧਦੀ ਜਾਂਦੀ ਹੈ । ਚਾਹੇ ਕਿਤਨੀਆਂ ਭਾਰੀਆਂ ਸਿਕਦਾਰੀਆਂ ਮੁਲਕਗੀਰੀਆਂ ਕਰ ਲਵੇ, ਫੇਰ ਭੀ ਤ੍ਰਿਸ਼ਨਾ ਉਸ ਦੀ ਹੋਰ ਤੇ ਹੋਰ ਵਧਦੀ ਜਾਂਦੀ ਹੈ । ਹੋਰ ਤੇ ਹੋਰ ਮੁਲਕ ਦੇਸ਼ਾਂ ਤੇ ਕਬਜ਼ਾ ਕਰਨ ਨੂੰ ਉਸ ਦੀ ਤਮੰਨਾ ਬਹੁਤੀ ਤੋਂ ਬਹੁਤੀ ਹੁੰਦੀ ਜਾਂਦੀ ਹੈ । ਓਦੋਂ ਹੀ ਪਤਾ ਲਗਦਾ ਹੈ, ਜਦੋਂ ਉਹ ਮਰ ਜਾਂਦਾ ਹੈ । ਸਾਰੀਆਂ ਕੂੜ ਦੀਆਂ ਆਸਾਂ ਉਸ ਦੀਆਂ ਵਿਚੇ ਹੀ ਰਹਿ ਜਾਂਦੀਆਂ ਹਨ । ਏਤਨਾ ਕੁਛ ਖਪ ਖਪ ਕੇ ਕਬਜ਼ਾਉਣ ਦਾ ਨਤੀਜਾ ਕੀ ਨਿਕਲਦਾ ਹੈ ਕਿ ਬਸ, ਜਮ ਉਸ ਨੂੰ ਜਮ-ਪੁਰੀ ਵਿਚ ਲੈ ਜਾਂਦੇ ਹਨ । ਓਥੇ ਚਿਰੰਕਾਲ ਤਾਈਂ ਦੁਖ ਭੋਗਦਾ ਹੈ । ਜਿਨ੍ਹਾਂ ਵਡਭਾਗਿਆਂ ਨੇ ਸਤਿਗੁਰੂ ਪੂਰਾ ਭੇਟ ਕੇ ਪੂਰੀ ਗੁਰੂ ਦੀਖਸ਼ਾਈ ਨਾਮ ਅਭਿਆਸ ਜੁਗਤੀ ਅਨੁਸਾਰ ਸਿਮਰਨ ਕਮਾਈਆਂ ਕਰ ਕੇ ਪ੍ਰਵਾਨ ਗ੍ਰਿਹਸਤ ਉਦਾਸ ਪਦਵੀ ਪਾਈ ਹੋਈ ਹੁੰਦੀ ਹੈ, ਓਹਨਾਂ ਤੇ ਕਿਰਪਾਲੂ ਨਦਰਾਲੂ ਪਿਤਾ ਸਹਿਜ ਸੁਭਾਇ ਦਇਆਲ ਹੋ ਕੇ ਨਦਰੀ ਨਦਰਿ ਨਿਹਾਲ ਕਰ ਦਿੰਦਾ ਹੈ । ਤਿਨ੍ਹਾਂ ਦੀ ਜਮ ਦੀ ਫਾਸ ਵਾਲੀ ਰੇਖਾ ਕੱਟੀ ਜਾਂਦੀ ਹੈ । ਨਹੀਂ ਤਾਂ ਸਭ ਨੂੰ ਜਮ ਦੀ ਫਾਸ ਵਿਚ ਫਸਣਾ ਹੀ ਪੈਂਦਾ ਹੈ, ਅਗੇ ਜਾ ਕੇ ।

ਮਨ ਚਰਣਾਰਬਿੰਦ ਉਪਾਸ ॥
ਕਲਿ ਕਲੇਸ ਮਿਟੰਤ ਸਿਮਰਣਿ ਕਾਟਿ **ਜਮਦੂਤ** ਫਾਸ ॥੧॥ਰਹਾਉ॥
(੨॥੧॥੩੧) [ਗੂਜਰੀ ਮ: ੫, ਪੰਨਾ ੫੦੨

ਵਾਹਿਗੁਰੂ ਦੇ ਚਰਨ ਕਮਲਾਂ ਦੀ ਉਪਾਸ਼ਨਾ ਕੀਤਿਆਂ ਅਤੇ ਸਿਮਰਨ ਵਿਚ ਲਿਵਲੀਨ ਹੋਇਆਂ ਸਾਰੇ ਕਲ ਕਲੇਸ਼ ਮਿਟ ਜਾਂਦੇ ਹਨ ਕਲੀਕਾਲ ਦੇ, ਅਤੇ ਜਮਦੂਤਾਂ ਦੀ ਫਾਸੀ ਕੱਟੀ ਜਾਂਦੀ ਹੈ ।

ਤਾ ਕਉ ਕਾਲੁ ਨਾਹੀ **ਜਮੁ** ਜੋਹੈ ਬੂਝਹਿ ਅੰਤਰਿ ਸਬਦੁ **ਬੀਚਾਰ** ॥੭॥
(੮॥੨) [ਗੂਜਰੀ ਮ: ੧, ਪੰਨਾ ੫੦੪

ਤਿਸ ਪੁਰਖ ਨੂੰ ਨਾ ਤਾਂ ਕਾਲ, ਨਾ ਹੀ ਜਮ ਜੋਹ ਸਕਦਾ ਹੈ, ਜਿਸ ਦੇ ਅੰਤਰ ਆਤਮੇ ਨਾਮ ਅਭਿਆਸ ਦੀ ਲਿਵਤਾਰ ਪ੍ਰੋਤੀ ਹੋਈ ਹੁੰਦੀ ਹੈ ।

ਭਾਈ ਰੇ ਗੁਰ ਕਿਰਪਾ ਤੇ ਭਗਤਿ ਠਾਕੁਰ ਕੀ ॥
ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ
ਨਾ ਜਮ ਕਾਣਿ ਨ ਜਮ ਕੀ ਬਾਕੀ ॥੧॥ਰਹਾਉ॥(੮॥੪)
[ਗੂਜਰੀ ਮ: ੧, ਪੰਨਾ ੫੦੫


www.sikhbookclub.com

ਸਤਿਗੁਰੂ ਦੀ ਕਿਰਪਾ ਦੇ ਪਰਤਾਪ ਕਰਿ ਐਸੀ ਪ੍ਰਮਾਤਮਾ ਦੀ ਭਗਤੀ ਅੰਦਰ ਘਰ ਕਰ ਗਈ ਹੈ ਕਿ ਗੁਰਮਤਿ ਨਾਮ ਗੁਰਮੰਤ੍ਰ ਦੀ ਅਭਿਆਸ ਕਮਾਈ ਕਰਦਿਆਂ, ਵਾਹਿਗੁਰੂ ਪਾਰਸ ਰੂਪ, ਜੋਤਿ ਵਿਗਾਸ ਰੂਪ ਹਿਰਦੇ ਅੰਦਰ ਵਸ ਗਇਆ ਹੈ। ਬਸ, ਫੇਰ ਨਾ ਜਮ ਦੀ ਕਾਣ ਕਨੌਡ ਹੀ ਕੋਈ ਰਹਿੰਦੀ ਹੈ ਅਤੇ ਨਾ ਹੀ ਬਾਕੀ ਰਹਿੰਦੀ ਹੈ। ਧਰਮਰਾਇ ਦਾ ਲੇਖਾ ਹੀ ਸਭ ਮੁੱਕ ਜਾਂਦਾ ਹੈ।

ਨਾਚੁ ਰੇ ਮਨ ਗੁਰ ਕੈ ਆਗੈ ॥
ਗੁਰ ਕੈ ਭਾਣੈ ਨਾਚਹਿ ਤਾ ਸੁਖੁ ਪਾਵਹਿ
ਅੰਤੇ ਜਮ ਭਉ ਭਾਗੈ ॥ਰਹਾਉ॥(੧੦॥੧)

[ਗੂਜਰੀ ਮ: ੩, ਪੰਨਾ ੫੦੬

ਹਰਿ ਨਾਮੁ ਨ ਪਾਇਆ ਜਨਮੁ ਬਿਰਥਾ ਗਵਾਇਆ
ਨਾਨਕ ਜਮੁ ਮਾਰਿ ਕਰੇ ਖੁਆਰ ॥੨॥(੧)

[ਵਾਰ ਗੂਜਰੀ ਮ: ੩, ਪੰਨਾ ੫੦੯

ਪਹਿਲਾ ਗੁਰਵਾਕ ਤਾਂ ਨਿਸਚਾ ਕਰਾਉਂਦਾ ਹੈ ਕਿ ਜੋ ਜਨ ਆਪਣੇ ਮਨ ਨੂੰ ਐਸਾ ਵਸਗਤਿ ਕਰਦਾ ਹੈ ਕਿ ਉਹ ਗੁਰੂ-ਆਗਿਆ ਤੋਂ ਉਲਟ ਕਦੇ ਚਲਦਾ ਹੀ ਨਹੀਂ, ਸਦਾ ਗੁਰੂ ਵਾਕ-ਆਗਿਆਕਾਰੀ ਰਹਿੰਦਾ ਹੈ, ਗੁਰੂ ਕੇ ਭਾਣੇ ਅੰਦਰ ਲਿਵ ਪਰਾਇਣ ਰਹਿ ਕੇ ਹੀ ਅਭਿਆਸ ਵਿਚ ਖੀਵਾ ਹੋ ਕੇ ਜੁਟਿਆ ਰਹਿੰਦਾ ਹੈ, ਉਸ ਨੂੰ ਐਥੇ ਓਥੇ ਸਚੇ ਆਤਮ ਸੁਖ ਦੀ ਪ੍ਰਾਪਤੀ ਹੁੰਦੀ ਹੈ। ਉਹ ਅਗੇ ਜਾ ਕੇ ਅਨੰਦ ਨਾਲ ਹਰਿ ਸਿਉਂ ਕੇਲ ਕਰਦਾ ਹੈ। ਉਸ ਦਾ ਜਮ-ਭਉ ਸਭ ਨਸ ਜਾਂਦਾ ਹੈ। ਅਤੇ ਇਸ ਤੋਂ ਉਲਟ ਦੂਜੇ ਵਾਕ ਅਨੁਸਾਰ ਜਿਨ੍ਹਾਂ ਨੂੰ ਵਾਹਿਗੁਰੂ ਨਾਮ ਦੀ ਪ੍ਰਾਪਤੀ ਗੁਰੂ ਦੁਆਰਿਓਂ ਨਹੀਂ ਹੁੰਦੀ, ਤਿਨ੍ਹਾਂ ਨੇ ਸਾਰਾ ਮਨੁਖਾ ਜਨਮ ਬਿਰਥਾ ਹੀ ਗਵਾਇਆ। ਓਹਨਾਂ ਨੂੰ ਅਗੇ ਜਾ ਕੇ ਜਮੂਆ ਮਾਰ ਮਾਰ ਕੇ ਜ਼ਰੂਰ ਖੁਆਰ ਕਰੇਗਾ। ਨਿਸਚੇ ਕਰ ਮੰਨਣਾ ਜੀ।

ਅਗਲਾ ਗੁਰ-ਪ੍ਰਮਾਣ ਜਮ ਦੇ ਵਿਸ਼ੇ ਪਰਥਾਇ ਦੇਖੋ ਕੈਸੀ ਨਿਸ਼ਾ ਕਰਦਾ ਹੈ—

ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ ॥
ਏਹ ਜਮ ਕੀ ਸਿਰਕਾਰ ਹੈ ਏਨਾ ਉਪਰਿ ਜਮ ਕਾ ਡੰਡੁ ਕਰਾਰਾ ॥
ਮਨਮੁਖ ਜਮ ਮਗਿ ਪਾਈਅਨ੍ਹਿ ਜਿਨ ਦੂਜਾ ਭਾਉ ਪਿਆਰਾ ॥
ਜਮਪੁਰਿ ਬਧੇ ਮਾਰੀਅਨਿ ਕੋ ਸੁਣੈ ਨ ਪੂਕਾਰਾ ॥
ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ ਗੁਰਮੁਖਿ ਨਿਸਤਾਰਾ ॥੧੨॥

[ਵਾਰ ਗੂਜਰੀ ਮ: ੩, ਪੰਨਾ ੫੧੩

ਵਿਆਖਿਆ—ਮਾਇਆ ਮੋਹ ਪ੍ਰੇਤ ਰੂਪ ਹੈ, ਭੂਤ ਰੂਪ, ਜਿੰਨ ਰੂਪ ਹੈ। ਤਥਾ ਏਸੇ ਤਰ੍ਹਾਂ ਕਾਮ ਭੀ, ਕ੍ਰੋਧ ਭੀ, ਹੰਕਾਰ ਭੀ ਪ੍ਰੇਤ ਰੂਪ ਹੈ। ਇਹ ਸਾਰੇ ਕਾਮ ਕ੍ਰੋਧ ਆਦਿਕ ਜਮ ਦੀ ਰਈਅਤ (ਰਿਆਇਆ) ਹੀ ਹਨ। ਇਹਨਾਂ ਸਾਰਿਆਂ ਉੱਪਰ ਜਮ ਦਾ ਕਰਾਰਾ ਡੰਡ ਹੈ। ਏਹਨਾਂ ਪੰਜਾਂ ਦੂਤਾਂ ਭੂਤਾਂ ਦੇ ਬਹਿਕਾਏ ਡਹਿਕਾਏ (ਵਰਗਲਾਏ) ਹੋਏ ਜੋ ਜੋ ਨਰ ਆਪਣਾ ਜੀਵਨ ਸੁਆਰ ਬਣਾਉਂਦੇ ਹਨ, ਤਿਨ੍ਹਾਂ ਦੇ ਉੱਪਰ ਅਗੇ ਜਾ ਕੇ ਜਮ ਦੀ ਮਾਰ ਪੈਂਦੀ ਹੈ। ਕਾਮ ਆਦਿਕ ਪੰਜੇ ਦੂਤ ਭੂਤ ਮਾਨੋ ਜਮ ਦੇ ਗੁਮਾਸ਼ਤੇ ਛੱਡੇ ਹੋਏ ਹਨ, ਜੀਵਾਂ ਨੂੰ ਆਪੋ ਆਪਣੇ ਅਧੀਨ ਕਰ ਕੇ ਰੱਬ ਤੋਂ, ਪਰਮਾਰਥ ਤੋਂ, ਨਾਮ ਤੋਂ, ਸੁਕ੍ਰਿਤ ਕਰਮਾਂ ਤੋਂ ਪ੍ਰਾਣੀਆਂ ਨੂੰ ਉਲਟੇ ਚਲਾਉਣ ਲਈ, ਮੁਨਹਰਫ਼ ਕਰਨ ਲਈ। ਜੋ ਜੋ ਨਰ ਏਹਨਾਂ ਦਾ ਸ਼ਿਕਾਰ ਹੋ ਕੇ ਆਪਣਾ ਸਾਰਾ ਜੀਵਨ ਜਨਮ ਖੀਨ ਖ਼ਰਾਬ ਕਰ ਲੈਂਦੇ ਹਨ, ਤਿਨ੍ਹਾਂ ਦੇ ਸਿਰ ਤੇ ਅਗੇ ਗਇਆਂ ਜਮ ਦੀ ਮਾਰ ਪੈਂਦੀ ਹੈ। ਏਹਨਾਂ ਪੰਜਾਂ ਦਾ ਸ਼ੇਵਾ ਹੀ ਜੀਵਾਂ ਨੂੰ ਗੁਮਰਾਹ ਕਰਨ ਦਾ ਹੈ। ਜੇ ਨਾ ਕਰਨ ਤਾਂ ਇਹ ਭੀ ਜਮ ਦੇ ਡੰਡ ਕਰਾਰੇ ਤੋਂ ਡਰਦੇ ਹਨ। ਮਾਨੋ ਏਹਨਾਂ ਜਮ ਦੇ ਗ਼ੁਲਾਮਾਂ ਪੰਜ ਦੂਤਾਂ ਨੂੰ ਹੁਕਮਨ (ਜਮ ਦੇ ਹੁਕਮ ਅਨੁਸਾਰ) ਏਹ ਸੀਗਾ (ਜੀਵਾਂ ਨੂੰ ਗੁਮਰਾਹ ਕਰਨ ਦਾ) ਇਖ਼ਤਿਆਰ ਕਰਨਾ ਪੈਂਦਾ ਹੈ। ਮਨ ਭੀ ਇਹਨਾਂ ਪੰਜਾਂ ਦੂਤਾਂ ਦਾ ਹੀ ਪੁੰਜ ਹੈ। ਜੋ ਮਨ ਦੇ ਅਧੀਨ ਹਨ, ਓਹ ਮਾਨੋ ਪੰਜਾਂ ਦੂਤਾਂ ਭੂਤਾਂ ਦੇ ਹੀ ਅਧੀਨ ਹਨ। ਸੋ ਜੋ ਪ੍ਰਾਣੀ ਏਹਨਾਂ ਪੰਜਾਂ ਦੂਤਾਂ ਦੇ ਅਧੀਨ ਹੋਏਵੇ ਹਨ ਓਹ ਪੱਕੇ ਮਨਮੁਖ ਹਨ। ਸੋ ਇਹ ਸਾਰੇ ਪੰਜਾਂ ਦੂਤਾਂ ਭੂਤਾਂ ਦੇ ਮਾਰੇ ਸ਼ਿਕਾਰੇ ਹੋਏ ਮਨਮੁਖ ਪ੍ਰਾਣੀ ਅਗੇ ਜਾ ਕੇ ਜਮ ਦੇ ਰਸਤੇ ਵਲ ਧਕੇ ਜਾਂਦੇ ਹਨ। ਜਮ ਹੀ ਏਹਨਾਂ ਨੂੰ ਫੜ ਕੇ ਜਮਪੁਰੀ ਨੂੰ ਲੈ ਜਾਂਦੇ ਹਨ। ਦੂਜੇ ਭਾਉ ਵਿਚ ਲਗੇ ਹੋਏ ਸਾਰੇ ਪ੍ਰਾਣੀ ਮਨਮੁਖ ਹਨ। ਸੋ ਸਾਰੇ ਹੀ ਜਮਪੁਰੀ ਜਾ ਸਿਧਾਉਂਦੇ ਹਨ। ਜਮਪੁਰੀ ਵਿਚ ਲੈ ਜਾਏ ਜਾ ਕੇ ਏਹਨਾਂ ਮੁਸ਼ਕਾਂ ਬੱਧੀਆਂ ਹੋਈਆਂ ਜੀਵ-ਵਿਅਕਤੀਆਂ ਨੂੰ ਬੜੀ ਮਾਰ ਪੈਂਦੀ ਹੈ। ਐਸੀ ਮਾਰ ਪੈਂਦੀ ਹੈ ਕਿ ਓਹ ਰੋਂਦੇ ਕੁਰਲਾਉਂਦੇ ਹਨ। ਓਹਨਾਂ ਦੀ ਪੁਕਾਰ ਕੋਈ ਨਹੀਂ ਸੁਣਦਾ। ਜਿਨ੍ਹਾਂ ਉਤੇ ਵਾਹਿਗੁਰੂ ਕਰਤਾਰ ਦੀ ਕਿਰਪਾ ਹੁੰਦੀ ਹੈ, ਤਿਨ੍ਹਾਂ ਨੂੰ ਮਨੁਖਾ ਜਨਮ ਸਫਲਾਉਣ ਲਈ ਗੁਰੂ ਘਰ ਵਿਚ ਵਾਸਾ ਆ ਮਿਲਦਾ ਹੈ ਅਤੇ ਸਤਿਗੁਰੂ ਦਾ ਭਰਵਾਸਾ ਪ੍ਰਾਪਤ ਹੁੰਦਾ ਹੈ। ਤੇ ਨਰ ਸਤਿਗੁਰੂ ਦੇ ਦੁਆਰਿਓਂ ਵਰੋਸਾਇ ਕੇ ਗੁਰ-ਦੀਖਿਆ ਗੁਰਮੰਤ੍ਰ ਪ੍ਰਾਪਤ ਕਰਿ ਗੁਰਮੁਖ ਬਣ ਜਾਂਦੇ ਹਨ, ਨਿਗੁਰਿਓਂ ਸਗੁਰੇ ਹੋ ਜਾਂਦੇ ਹਨ। ਮਨਮੁਖੋਂ ਗੁਰ-ਹੁਕਮੀ ਬੰਦੇ ਗੁਰੂ ਕੇ ਸਨਮੁਖ ਸਿਖ, ਹੁਕਮਾਂ ਦੀ ਕਰਾਰੀ ਕਾਰ ਕਮਾਵਣਹਾਰੇ, ਤੱਤ ਗੁਰਮਤਿ ਨਾਮ ਅਭਿਆਸੀ ਅਨਿੰਨ ਭਗਤ ਵਾਹਿਗੁਰੂ ਦੇ ਸਜ ਜਾਂਦੇ ਹਨ।

ਤਿਨ੍ਹਾਂ ਗੁਰਮੁਖਾਂ ਦਾ ਹੀ ਤੱਤ ਨਿਸਤਾਰਾ ਹੁੰਦਾ ਹੈ । ਓਹ ਜਮ ਮਗਿ ਪੈਣੇ ਹੀ ਨਹੀਂ ਪਾਉਂਦੇ । ਓਹ ਸਿਧੇ ਨਿਰੰਕਾਰ ਦੇ ਦਰਬਾਰ ਵਿਖੇ ਹੀ ਪੈਂਧੇ ਜਾਂਦੇ ਹਨ। ਅਗਲੇ ਗੁਰ-ਪ੍ਰਮਾਣ ਦਾ ਭਾਵ ਭੀ ਪਿਛਲੇ ਗੁਰਵਾਕ ਦੀ ਪੁਸ਼ਟੀ ਕਰਦਾ ਹੈ—

ਜਿਨਾ ਸਤਿਗੁਰ ਸਿਉ ਚਿਤੁ ਲਾਇਆ ਸੁ ਖਾਲੀ ਕੋਈ ਨਾਹਿ ॥
ਤਿਨ ਜਮ ਕੀ ਤਲਬ ਨ ਹੋਵਈ ਨਾ ਓਇ ਦੁਖ ਸਹਾਹਿ ॥
ਨਾਨਕ ਗੁਰਮੁਖਿ ਉਬਰੇ ਸਚੈ ਸਬਦਿ ਸਮਾਹਿ ॥੨॥ (੧੮)

[ਵਾਰ ਗੂਜਰੀ ਮ: ੩, ਪੰਨਾ ੫੧੬

ਭਾਵ—ਜੋ ਜਨ ਗੁਰੂ ਦੇ ਪੰਨੇ ਪੈ ਕੇ ਸਤਿਗੁਰੂ ਦੇ ਬਣ ਗਏ ਅਤੇ ਜਿਨ੍ਹਾਂ ਨੇ ਸਤਿਗੁਰੂ ਦੇ ਹੁਕਮਾਏ ਹੁਕਮਾਂ ਅਤੇ ਹੁਕਮਨ ਸਿਰ ਹੁਕਮ ਵਾਹਿਗੁਰੂ ਨਾਮੁ (ਸਤਿਗੁਰੂ ਦ੍ਰਿੜ੍ਹਾਈ ਗੁਰਮੰਤ੍ਰ ਦੀਖਿਆ) ਵਿਖੇ ਚਿਤੁ ਲਾਇਆ ਹੈ, ਅਰਥਾਤ ਇਕ-ਮਨ ਇਕ-ਚਿਤ ਹੋ ਕੇ ਨਾਮ ਧਿਆਇਆ ਹੈ, ਤਿਨ੍ਹਾਂ ਨੂੰ ਕਿਸੇ ਗੱਲ ਦੀ ਥੁੜ ਨਹੀਂ ਰਹਿੰਦੀ, ਸਦਾ ਸਭ ਗਲੋਂ ਬੇਮੁਥਾਜ ਹੋ ਜਾਂਦੇ ਹਨ । ਤਿਨ੍ਹਾਂ ਨਾਮ ਰਸ ਭਰਪੂਰ-ਲੀਣਿਆਂ ਨੂੰ ਅਗੇ ਜਾ ਕੇ ਜਮ ਦੀ ਤਲਬ ਨਹੀਂ ਹੁੰਦੀ । ਨਾ ਓਹਨਾਂ ਨੂੰ ਜਮਾਂ ਦੇ ਦਿਤੇ ਦੁਖ ਸਹਿਣੇ ਪੈਂਦੇ ਹਨ, ਜਿਹੜੇ ਕਿ ਮਨਮੁਖ ਨਿਗੁਰੇ ਚੁਰਾਸੀ ਦੇ ਜੀਵ ਅਗੇ ਜਾ ਕੇ ਸਹਿੰਦੇ ਹਨ । ਗੁਰਮੁਖ ਜਨਾਂ ਦਾ ਸਚੇ ਸ਼ਬਦ ਗੁਰਮਤਿ ਨਾਮ ਦੁਆਰਾ ਉਧਾਰ ਨਿਸਤਾਰਾ ਹੋ ਜਾਂਦਾ ਹੈ । ਜ਼ਰਾ ਅਗਲਾ ਗੁਰਵਾਕ ਵੀਚਾਰੋ—

ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ ॥
ਤਉ ਸਹ ਸੇਤੀ ਲਗੜੀ ਡੋਰੀ ਨਾਨਕ ਅਨਦ ਸੇਤੀ ਬਨੁ ਗਾਹੀ ॥੧॥

(੧੦) [ਵਾਰ ਗੂਜਰੀ ਸਲੋਕ ਮ: ੫, ਪੰਨਾ ੫੨੦

ਭਾਵ—ਅਗੇ ਜਾ ਕੇ ਮਨਮੁਖੀ ਜੀਵ ਨੂੰ ਐਸੇ ਭਿਆਨਕ ਅਤੇ ਓਪਰੇ ਜਮਪੁਰੀ ਦੇ ਮਾਰਗ ਵਿਚ ਦੀ ਗੁਜ਼ਰਨਾ ਪੈਂਦਾ ਹੈ, ਜਿਸ ਮਾਰਗ ਦਾ ਅਗੇ ਕੋਈ ਭੀ ਵਾਕਫ਼ਕਾਰ ਨਹੀਂ ਹੁੰਦਾ । ਇਸ ਅੱਤ ਸੁੰਨਸਾਨ ਡਰਾਉਣੇ ਮਾਰਗ ਵਿਚ ਬਿਗਾਨਿਆਂ ਵਾਂਗੂੰ ਭਮੱਤ੍ਰਿਆ ਹੋਇਆ ਜੀਵ ਡਰ ਨਾਲ ਥਰ ਥਰ ਕੰਬਦਾ ਲਿਜਾਇਆ ਜਾਂਦਾ ਹੈ । ਇਸ ਜਮ-ਪੁਰੀ ਵਿਚ ਹਾਹਾਕਾਰ ਸੁਣੀਂਦੀ ਹੈ, ਜਦੋਂ ਜੀਵ ਜਮਾਂ ਦੀ ਮੁਦਗਰਾਂ ਦੀ ਮਾਰ ਸਹਿੰਦੇ ਹਨ । ਮੁਦਗਰਾਂ ਦੀ ਮਾਰ ਦੇ ਧੈਂਸ ਧੈਂਸ ਕਰਦੇ ਕੁਟਾਪੇ ਦਾ ਉੜਦੂ (ਰੌਲਾ) ਉਠਿਆ ਕੰਨੀਂ ਪਿਆ ਸੁਣੀਂਦਾ ਹੈ, ਤੇ ਜਮ-ਮਾਰਗ ਦੇ ਰਾਹ ਲਿਜਾਇਆਂ ਨੂੰ ਭੀ ਇਹ ਹੁੰਮਸ ਧੁੰਮਸੀ ਕੁਟਾਪਾ ਪੈਂਦਾ ਹੈ। ਅਤੇ ਕੁਟੀਂਦੇ ਜੀਵਾਂ ਦੀਆਂ ਚੀਖਾਂ ਨਿਕਲ ਜਾਂਦੀਆਂ ਹਨ, ਪਏ ਕੂਕਾਂ ਮਾਰਦੇ ਹਨ । ਆਹੋ ਜ਼ਾਰ ਕਰਦੇ ਪੁਕਾਰਦੇ ਹਨ, ਪਰ ਕੋਈ ਨਹੀਂ ਇਹ ਕੂਕ ਪੁਕਾਰ

ਸੁਣਦਾ। ਜਿਨ੍ਹਾਂ ਦੀ ਨਾਮ ਅਭਿਆਸ ਕਮਾਈਆਂ ਕਰਿ ਵਾਹਿਗੁਰੂ ਦੇ ਚਰਨਾਂ ਨਾਲ ਡੋਰੀ ਲਗੀ ਹੋਈ ਹੁੰਦੀ ਹੈ, ਓਹ ਨਿਰਸੰਸੇ ਹੋ ਕੇ ਆਨੰਦ ਚਿਤਿ ਗੱਦ ਗੱਦ ਕਰਦੇ ਹੋਏ, ਬਨ ਭੀਹਾਵਲੇ ਨੂੰ ਉਲੰਘ ਕੇ ਸਿੱਧੇ ਸਚੀ ਦਰਗਾਹੇ ਜਾ ਸਿਧਾਉਂਦੇ ਹਨ।

ਨਿੰਦਕ ਮਾਰੇ ਤਤਕਾਲਿ ਖਿਨੁ ਟਿਕਣ ਨ ਦਿਤੇ ॥
ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ ਫੜਿ ਜੋਨੀ ਜੁਤੇ ॥
ਮਥੇ ਵਾਲਿ ਪਛਾੜਿਅਨੁ ਜਮ ਮਾਰਗਿ ਮੁਤੇ ॥
ਦੁਖਿ ਲਗੈ ਬਿਲਲਾਣਿਆ ਨਰਕਿ ਘੋਰਿ ਸੁਤੇ ॥
ਕੰਠਿ ਲਾਇ ਦਾਸ ਰਖਿਅਨੁ ਨਾਨਕ ਹਰਿ ਸਤੇ ॥੨੦॥
[ਗੂਜਰੀ ਕੀ ਵਾਰ, ਪੰਨਾ ੫੨੩-੨੪

ਨਿੰਦਕਾਂ ਦੀ ਜਮ-ਮਾਰਗੀ ਦੁਰਦਸ਼ਾ ਦਾ ਹੂਬਹੂ ਫ਼ੋਟੋ ਖਿਚਿਆ ਗਿਆ ਹੈ। ਜੋ ਪਰਤੱਖ ਵਰਤਾਰਾ ਨਿੰਦਕ ਦੇ ਨਾਲ ਅਗਲੀ ਦਰਗਾਹ ਵਿਚ ਵਰਤਦਾ ਹੈ, ਓਹੀ ਇਸ ਗੁਰਵਾਕ ਵਿਖੇ ਇੰਨ ਬਿੰਨ ਉਤਾਰਿਆ ਗਿਆ ਹੈ। ਗੁਰ-ਨਿੰਦਕਾਂ ਨੂੰ ਜਮ ਮਾਰਗ ਵਿਖੇ ਜਮਦੂਤਾਂ ਦੇ ਅਗੇ ਧੱਕੇ ਧੂਸੇ ਪੈਂਦੇ ਹਨ। ਓਹਨਾਂ ਨੂੰ ਸਿਰ ਦੇ ਵਾਲਾਂ ਤੋਂ ਫੜ ਕੇ ਬਾਰੰਬਾਰ ਪਟਕਾਇਆ ਜਾਂਦਾ ਹੈ। ਮਾਰੇ ਦੁਖ ਦੇ ਬਿਲਲਾਪ ਕਰਦੇ ਹਨ ਅਤੇ ਰੋਂਦੇ ਕੁਰਲਾਂਦੇ ਤੇ ਚੀਖਾਂ ਮਾਰਦੇ ਹੀ ਘੋਰ ਨਰਕਾਂ ਵਿਚ ਸੁਟੇ ਜਾਂਦੇ ਹਨ।

ਜੋ ਕੁਤਰਕੀ ਪੁਰਸ਼ ਇਸ ਸਾਰੇ ਨਜ਼ਾਰੇ ਨੂੰ ਫ਼ਰਜ਼ੀ ਅਤੇ ਕਿਆਸੀ ਹੀ ਸਮਝਦੇ ਹਨ, ਓਹਨਾਂ ਦੀ ਬੁਧੀ ਤੇ ਬਦ-ਅਕੀਦਤ ਦਾ ਪੜਦਾ ਪਿਆ ਹੋਇਆ ਹੈ। ਓਹਨਾਂ ਬੇ-ਏਅਤਕਾਦਿਆਂ ਦਾ ਕਿਤੇ ਠਿਕਾਣਾ ਨਹੀਂ। ਓਹ ਮਾਨੋ ਗੁਰੂ ਦੀ ਨਿਜ-ਲਿਖਤੀ ਸ਼ਾਹਦੀ ਦੇ **ਮੁਤਰਾਦਫ਼ (ਉਲਟ) ਹੁੰਦੇ ਹਨ। ਇਹ ਇਕ ਪ੍ਰਕਾਰ ਦੇ** ਗੁਰਬਾਣੀ ਦੇ ਨਿੰਦਕ ਹੀ ਬਣਦੇ ਹਨ। ਸਾਨੂੰ ਤ੍ਰਾਸ ਭਰਿਆ ਖ਼ਤਰਾ ਹੈ ਮਤੇ ਓਹਨਾਂ ਦਾ ਹਾਲ ਗੁਰ-ਨਿੰਦਕਾਂ ਵਰਗਾ ਹੀ ਅਗੇ ਜਾ ਕੇ ਨਾ ਹੋਵੇ, ਜੋ ਉਪਰਲੇ ਗੁਰ-ਪ੍ਰਮਾਣ ਵਿਚ ਵਰਨਣ ਕੀਤਾ ਹੋਇਆ ਹੈ। ਕਿਉਂਕਿ ਗੁਰਬਾਣੀ ਭੀ ਗੁਰੂ ਸਦਰਸ਼ ਹੀ ਹੈ, ਗੁਰਬਾਣੀ ਤੋਂ ਮੂੰਹ ਫੇਰਨ-ਹਾਰਿਆਂ ਨੂੰ ਗੁਰ-ਬੇਮੁਖਤਾਈ ਦੀ ਪਦਵੀ ਹੀ ਮਿਲਣੀ ਹੈ। ਗੁਰ-ਬੇਮੁਖਾਂ ਅਤੇ ਗੁਰ-ਨਿੰਦਕਾਂ ਵਿਚ ਫ਼ਰਕ ਕੋਈ ਨਹੀਂ। ਗੁਰੂ ਕਰਤਾਰ ਅਜਿਹੇ ਮਨਮੁਖਾਂ ਨੂੰ ਸੁਮਤਿ ਬਖ਼ਸ਼ਣ ਕਿ ਅਜਿਹੀ ਬੇਮੁਖਤਾ ਤੋਂ ਅਜੇ ਭੀ ਬਾਜ਼ ਆ ਜਾਵਣ ਅਤੇ ਸਤਿਗੁਰੂ ਦੀ ਬਾਣੀ ਸਤਿ ਸਤਿ ਕਰਿ ਮੰਨਣ ਦੀ ਪਟੜੀ ਤੇ ਪੈ ਜਾਣ। ਗੁਰਬਾਣੀ ਦੇ ਭਾਵਾਂ ਉਤੇ ਕੁ-ਤਰਕਾਂ ਭਰੀ ਕਿੰਤੂ-

ਕਰਨੋਂ ਹਟ ਜਾਣ ।

ਹਰਿ ਰਾਮ ਨਾਮੁ ਜਪਿ ਲਾਹਾ ॥
ਗਤਿ ਪਾਵਹਿ ਸੁਖ ਸਹਜ ਅਨੰਦਾ
ਕਾਟੇ ਜਮ ਕੇ ਫਾਹਾ ॥੧॥ਰਹਾਉ॥(੨॥੧੦)

[ਦੇਵ ਗੰਧਾਰੀ ਮ: ੫, ਪੰਨਾ ੫੩੦

ਜਿਨ੍ਹਾਂ ਗੁਰ ਆਗਿਆਕਾਰੀ ਸ਼ਰਧਾਵਾਨ ਗੁਰਸਿਖਾਂ ਨੇ ਸਤਿਗੁਰੂ ਦੇ ਹੁਕਮਾਂ ਤੇ ਚਲਦੇ ਹੋਏ ਸਾਰੀ ਆਯੂ ਭਰਿ, ਗੁਰਮਤਿ ਨਾਮ ਜਪਣ ਦਾ ਸਚਾ ਲਾਹਾ ਲਿਆ ਹੈ, ਓਹਨਾਂ ਨੂੰ ਸਚੀ ਗਤਿ ਪਤਿ ਪ੍ਰਾਪਤ ਹੋਈ ਹੈ ਅਤੇ ਅਗੇ ਜਾ ਕੇ ਉਹ ਸਚੇ ਸੁਖ ਸਹਿਜ ਆਨੰਦ ਵਿਚ ਸਮਾਏ ਜਾਂਦੇ ਹਨ । ਅਤੇ ਓਹਨਾਂ ਦੇ ਸੁਤੇ ਸਿਧ ਹੀ ਜਮ ਦੇ ਫਾਹੇ ਕਟੇ ਗਏ ਹਨ । ਓਹ ਜਮ ਮਾਰਗ ਭੀ ਨਹੀਂ ਪੈਂਦੇ । ਜਮਾਂ ਦਾ ਕੀ ਮਕਦੂਰ ਹੈ ਕਿ ਓਹਨਾਂ ਦੇ ਨੇੜੇ ਆ ਸਕਣ । ਨੇੜੇ ਢੁਕਣੇ ਹੀ ਨਹੀਂ ਪਾਉਂਦੇ, ਦੂਰੋਂ ਦੇਖ ਕੇ ਹੀ ਭਜ ਜਾਂਦੇ ਹਨ । ਇਹੋ ਭਾਵ ਇਸ ਅਗਲੇ ਗੁਰਵਾਕ ਵਿਚ ਵਰਨਣ ਹੈ—

ਜਨ ਨਾਨਕ ਨਾਮੁ ਧਿਆਇਆ ਮੇਰੀ ਜਿੰਦੁੜੀਏ
ਜਮ ਕੰਕਰੁ ਨੇੜਿ ਨ ਆਵੈ ਰਾਮ ॥੨॥(੪॥੫)

[ਬਿਹਾਗੜਾ ਮ: ੪, ਪੰਨਾ ੫੪੦

ਨਾਮ ਧਿਆਵਣਹਾਰਿਆਂ ਦੇ ਜਮ ਕੰਕਰ ਨੇੜੇ ਨਹੀਂ ਆਉਂਦਾ, ਦੂਰੋਂ ਹੀ ਭਜ ਜਾਂਦਾ ਹੈ, ਡਰਦਾ ਮਾਰਿਆ ਥਰ ਥਰ ਕੰਬਦਾ ਹੈ ।

ਇਹ ਵਾਹਿਗੁਰੂ ਦੇ ਨਿਆਉਂ ਦੀ ਧੁਰ-ਧੁਰੰਧਰੀ ਤਤ ਮਰਯਾਦਾ ਚਲੀ ਆਉਂਦੀ ਹੈ ਕਿ ਵਾਹਿਗੁਰੂ ਦੇ ਭਗਤ ਸਦਾ ਬਖ਼ਸ਼ੇ ਗਏ ਅਤੇ ਜਮ ਤੋਂ ਉਬਾਰੇ ਗਏ । ਐਸੇ ਬਖ਼ਸ਼ੇ ਹੋਏ ਭਗਤ ਜਨ ਜੁਗਹ ਜੁਗੰਤਰ ਵਾਹਿਗੁਰੂ ਦੇ ਦਰ ਉਤੇ ਹੁਣ ਤਾਈਂ ਕੀਰਤਨ ਭਗਤੀ ਕਰਦੇ ਹਨ ਅਤੇ ਇਕ ਸਚੇ ਵਾਹਿਗੁਰੂ ਦਾ ਹੀ ਜਾਪ ਜਪਦੇ ਹਨ । ਯਥਾ ਗੁਰਵਾਕ—

ਜੁਗਹ ਜੁਗੰਤਰਿ ਭਗਤ ਤੁਮਾਰੇ ॥
ਕੀਰਤਿ ਕਰਹਿ ਸੁਆਮੀ ਤੇਰੈ ਦੁਆਰੇ ॥
ਜਪਹਿ ਤ ਸਾਚਾ ਏਕੁ ਮੁਰਾਰੇ ॥...੪॥
ਗੁਰ ਪਰਸਾਦੀ ਕਰਹੁ ਕਿਰਪਾ ਲੇਹੁ ਜਮਹੁ ਉਬਾਰੇ ॥
ਜੁਗਹ ਜੁਗੰਤਰਿ ਭਗਤ ਤੁਮਾਰੇ ॥੫॥(੮॥੨)

[ਵਡਹੰਸੁ ਮ: ੧, ਪੰਨਾ ੫੬੭

ਸ੍ਰੀ ਗੁਰੂ ਸਾਹਿਬ ਪ੍ਰਾਰਥਨਾ ਕਰਦੇ ਹਨ ਅਸਾਂ ਕਲਜੁਗੀ ਜੀਵਾਂ ਹਿਤ ਕਿ ਹੇ ਵਾਹਿਗੁਰੂ ! ਏਹਨਾਂ ਕਲਜੁਗੀ ਜੀਵਾਂ ਨੂੰ ਭੀ ਜਮਾਂ ਦੀ ਮਾਰ ਤੋਂ ਉਭਾਰ ਲਵੋ ਅਤੇ ਆਪਣੇ ਭਗਤਾਂ ਵਿਚ ਸ਼ੁਮਾਰ ਕਰਦੇ ਹੋਏ ਜੁਗਹ ਜੁਗੰਤਰੀ ਦੀ ਨਦਰ ਮਰਯਾਦਾ ਨੂੰ ਮਾਣਦੇ ਹੋਏ ਸਚਖੰਡ ਦਰਬਾਰੀ ਕੀਰਤਨੀਏ ਬਣਾ ਲਵੋ । ਇਸ ਬਖ਼ਸ਼ਸ਼ ਦੇ ਪਾਤਰ ਹੋਣ ਦਾ ਨੁਸਖ਼ਾ ਇਸ ਅਗਲੇ ਗੁਰਵਾਕ ਵਿਚ ਦਸਦੇ ਹਨ—

ਖਿਨੁ ਨਾਹਿ ਟਰੀਐ ਪ੍ਰੀਤਿ ਹਰੀਐ ਸੀਗਾਰ ਹਭਿ ਰਸ ਅਰਪੀਐ ॥
ਜਹ ਦੂਖੁ ਸੁਣੀਐ ਜਮ ਪੰਥੁ ਭਣੀਐ
ਤਹ ਸਾਧ ਸੰਗਿ ਨ ਡਰਪੀਐ ॥...੧॥(੪॥੧॥੪)
[ਆਸਾ ਮ: ੫ ਛੰਤ, ਪੰਨਾ ੪੫੪

ਅਰਥਾਤ, ਵਾਹਿਗੁਰੂ ਦੇ ਨਾਮ ਨਾਲ ਖਿਨ ਖਿਨ ਪ੍ਰੀਤ ਲਾਉਣੋਂ ਹਰਗਿਜ਼ ਨਹੀਂ ਟਲਣਾ ਚਾਹੀਦਾ । ਇਕ ਨਿਮਖ ਮਾਤ੍ਰ ਭੀ ਪ੍ਰੇਮ ਸਹਿਤ ਨਾਮ ਜਪਣ ਤੋਂ ਆਲਸ ਨਹੀਂ ਕਰਨੀ ਚਾਹੀਦੀ ਅਤੇ ਕੂੜੇ ਸੀਗਾਰਾਂ ਨੂੰ ਤਿਆਗ ਕੇ ਨਾਮ ਅਭਿਆਸ ਵਿਟਹੁੰ ਆਪਾ ਵਾਰ ਕੇ ਰਖਣਾ ਚਾਹੀਦਾ ਹੈ । ਐਸੇ ਜਗਿਆਸੂਆਂ ਨੂੰ ਅਗੇ ਜਾ ਜਮਦੂਤਾਂ ਦੇ ਮਾਰਗ ਨਹੀਂ ਪੈਣਾ ਪੈਂਦਾ, ਨਾ ਹੀ ਦੁਖ ਸਹਿਣੇ ਪੈਂਦੇ ਹਨ । ਅਗਲਾ ਗੁਰਵਾਕ ਭੀ ਦਸਦਾ ਹੈ—

ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥
ਭੇਟਤ ਸਾਧੂ ਸੰਗ ਜਮਪੁਰਿ ਨਹ ਜਾਈਐ ॥...੧॥(੪॥੩॥੬)
[ਆਸਾ ਮ: ੫ ਛੰਤ, ਪੰਨਾ ੪੫੬

ਭਾਵ—ਵਾਹਿਗੁਰੂ ਨਾਮ ਜਪਦਿਆਂ ਆਲਸ ਨਹੀਂ ਕਰਨੀ ਚਾਹੀਦੀ । ਸਾਵਧਾਨ ਇਕਾਗਰ-ਚਿਤ ਹੋ ਕੇ ਨਾਮ-ਅਭਿਆਸ ਵਿਖੇ ਤਤਪਰ ਰਹਿਣਾ ਚਾਹੀਦਾ ਹੈ । ਇਸ ਬਿਧਿ ਸਾਵਧਾਨਤਾ ਸਹਿਤ ਸਤਸੰਗਤਿ ਵਿਖੇ ਬੈਠ ਕੇ ਜਿਹੜੇ ਨਾਮ ਜਪਦੇ ਹਨ, ਓਹ ਜਮਪੁਰੀ ਨੂੰ ਨਹੀਂ ਜਾਂਦੇ । ਇਹ ਪੱਕੀ ਸਨਦ ਹੈ । ਨਹੀਂ ਤਾਂ ਸਭ ਜਮਪੁਰੀ ਨੂੰ ਜਾਣਗੇ ਅਤੇ ਪਛਤਾਉਣਗੇ । ਤਾਂ ਤੇ ਨਾਮ ਜਪਣ ਵਿਚ ਬਿਲਮ ਤਿਲ ਢਿਲ ਨਹੀਂ ਕਰਨੀ ਚਾਹੀਦੀ ।

ਗੁਰੂ ਸਚੇ ਪਾਤਸ਼ਾਹ ਕੈਸੇ ਆਦਰ ਪਿਆਰ ਨਾਲ ਅਗਲੇ ਗੁਰਵਾਕ ਅੰਦਰ ਜਮ ਤੋਂ ਬਚਣ ਦੀਆਂ ਸਮਝਉਤੀਆਂ ਦਿੰਦੇ ਹਨ । ਯਥਾ ਗੁਰਵਾਕ—

ਮਨ ਮੇਰਿਆ ਤੂ ਸਦਾ ਸਚੁ ਸਮਾਲਿ ਜੀਉ ॥
ਆਪਣੈ ਘਰਿ ਤੂ ਸੁਖਿ ਵਸਹਿ ਪੋਹਿ ਨ ਸਕੈ ਜਮ ਕਾਲੁ ਜੀਉ ॥
ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੈ ਸਬਦਿ ਲਿਵ ਲਾਏ ॥


www.sikhbookclub.com

ਸਦਾ ਸਚਿ ਰਤਾ ਮਨੁ ਨਿਰਮਲੁ ਆਵਣੁ ਜਾਣੁ ਰਹਾਏ ॥
ਦੂਜੈ ਭਾਇ ਭਰਮਿ ਵਿਗੁਤੀ ਮਨਮੁਖਿ ਮੋਹੀ ਜਮਕਾਲਿ ॥
ਕਹੈ ਨਾਨਕੁ ਸੁਣਿ ਮਨ ਮੇਰੇ ਤੂ ਸਦਾ ਸਚੁ ਸਮਾਲਿ ॥੧॥...
ਬਿਨੁ ਨਾਵੈ ਕੋ ਛੂਟੈ ਨਾਹੀ ਸਭ ਬਾਧੀ ਜਮਕਾਲਿ ॥
ਨਾਨਕ ਅੰਤਰਿ ਤੇਰੈ ਨਿਧਾਨੁ ਹੈ ਤੂ ਬਾਹਰਿ ਵਸਤੁ ਨ ਭਾਲਿ ॥੨॥
(੪॥੩) [ਵਡਹੰਸ ਛੰਤ ਮ: ੩, ਪੰਨਾ ੫੬੯

ਭਾਵ—ਨਾਮ ਰੂਪੀ ਸੱਚ ਨੂੰ ਸਾਸਿ ਸਾਸਿ ਸਦਾ ਸਦਾ ਸੰਮਾਲਿਆਂ, ਸਿਮਰਨ ਘਾਲ ਘਾਲਿਆਂ, ਐਥੇ (ਇਸ ਲੋਕ ਵਿਖੇ) ਭੀ ਸੁਖ ਅਨੰਦ ਨਾਲ ਰਹੀਦਾ ਹੈ ਅਤੇ ਅਗੇ ਜਾ ਕੇ ਭੀ ਨਿਜ ਘਰ ਨਿਵਾਸ ਦਾ ਸੁਖ ਮਾਣੀਦਾ ਹੈ। ਸਦਾ ਆਤਮ ਸੁਖ, ਗੁਰਪੁਰੀ ਦਾ ਅਨੰਦ ਅਨੰਦਾਣੀਦਾ ਹੈ। ਅਤੇ ਜਮ ਰੂਪੀ ਕਾਲ ਦੀ ਪੋਹ-ਸਕਣੀ ਲਾਗ ਭੀ ਨਹੀਂ ਲਗਦੀ। ਨਾ ਹੀ ਕਾਲ ਰੂਪੀ ਦੁਖ ਜਾਲ ਅਤੇ ਨਾ ਹੀ ਜਮ ਜੰਦਾਰ ਜੋਹ ਸਕਦਾ ਹੈ, ਜੇਕਰ ਸਾਚੇ ਸ਼ਬਦ ਦੀ ਰਸ-ਜੋਤਿ ਬਿਲੱਖਣੀ ਸੁਰਤਿ ਵਿਚ ਲਿਵ ਲਗੀ ਹੋਈ ਹੋਵੇ। ਐਸੀ ਲਿਵਲੀਣਤਾ ਅੰਦਰਿ ਰਤੜਾ, ਜੋਤਿ ਰਸੱਤੜਾ ਸੁਰਤਿ ਵਿਗਸਤੜਾ, ਜੀਵ-ਆਤਮਾ ਨਾ ਹੀ ਆਵਾਗਉਣ ਦੇ ਗੇੜ ਵਿਚ ਪੈਂਦਾ ਹੈ, ਨਾ ਹੀ ਜਮਕਾਲ ਦੀ ਜਫੇੜ ਵਿਚ ਆਉਂਦਾ ਹੈ। ਇਸ ਬਿਵਸਥਾ ਤੋਂ ਊਣੇ ਝੂਣੇ; ਸਬਦ ਦੀ ਦਾਤ ਤੋਂ ਛੁਟੜ, ਵਿਗੁੱਤੜ, ਸਾਰੀ ਲੁਕਾਈ ਦੂਜੇ ਭਾਇ ਵਿਚ ਗ੍ਰਸੀ ਹੋਈ ਸਭ ਜਮ ਰੂਪੀ ਕਾਲ ਦੇ ਚੀਰੇ ਵਿਚ ਹੈ। ਇਸ ਕਰਕੇ, ਗੁਰੂ ਨਾਨਕ ਸਾਹਿਬ, ਗੁਰੂ ਘਰ ਦੇ ਨਾਮ ਲੇਵਾ ਸਿਖਾਂ ਨੂੰ ਲਾਜ਼ਮੀ ਤੌਰ ਤੇ ਸਚ ਵਖਰ ਨਾਮ ਰਤਨ ਵਣਜਾਰੇ ਹੀ ਬਣੇ ਰਹਿਣਾ ਲੋੜਦੇ ਹਨ। ਇਸ ਲਈ ਸੁਆਸਿ ਸੁਆਸਿ ਨਾਮ ਸਮ੍ਹਾਲਣਾ ਚਾਹੀਦਾ ਹੈ। ਕਿਉਂਕਿ ਬਿਨਾਂ ਨਾਮ ਦੇ ਕਿਸੇ ਦਾ ਭੀ ਛੁਟਕਾਰਾ ਨਹੀਂ, ਸਾਰੀ ਦੁਨੀਆ ਜਮ ਰੂਪੀ ਕਾਲ ਦੀ ਹੀ ਬੱਧੀ ਹੋਈ ਹੈ। ਤਾਂ ਤੇ ਨਾਮ ਵਖਰ ਨੂੰ ਵਿਹਾਜਣ ਵਿਚ ਤੱਤਪਰ ਹੋ ਕੇ ਜੁਟ ਜਾਣਾ ਹੀ ਗੁਰਸਿਖਾਂ ਦਾ ਆਹਰ ਅਹਾਰੀ ਸਰਬੋਤਮ ਕੰਮ ਹੈ। ਇਹ ਵਸਤ ਗੁਰਸਿਖ ਨੇ ਕੋਈ ਬਾਹਰੋਂ ਨਹੀਂ ਲੈਣ ਜਾਣੀ, ਘਟ ਅੰਦਰ ਖ਼ਜ਼ਾਨੇ ਭਰਪੂਰ ਹਨ। ਸ੍ਰੀ ਗੁਰੂ ਨਾਨਕ ਸਾਹਿਬ ਦੇ ਸਾਖਸ਼ਾਤ ਸਰੂਪ, ਸ੍ਰੀ ਗੁਰੂ ਦਸਮੇ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਨੂੰ ਸੌਂਪਾਏ ਹੋਏ ਹਨ।

ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨ ਕੇ ਦੁਖ ਪਾਪ ਨਿਵਾਰੇ ॥
ਸਤਿਗੁਰਿ ਗਿਆਨ ਖੜਗੁ ਹਥਿ ਦੀਨਾ
ਜਮ ਕੰਕਰ ਮਾਰਿ ਬਿਦਾਰੇ ॥...੨॥(੪॥੪)
[ਵਡਹੰਸੁ ਮ: ੪, ਪੰਨਾ ੫੭੪

ਭਾਵ—ਜਿਨ੍ਹਾਂ ਜਨਾਂ ਨੇ ਸਦਾ ਗੁਰਮਤਿ ਨਾਮ ਦਾ ਅਰਾਧਨ ਕੀਤਾ ਹੈ, ਤਿਨ ਕੇ ਦੂਖ ਪਾਪ ਸਭਿ ਨਿਵਾਰੇ ਗਏ ਹਨ। ਸਤਿਗੁਰੂ ਨੇ ਤਿਨ੍ਹਾਂ ਨੂੰ ਐਸਾ ਨਾਮ ਰੂਪੀ ਗਿਆਨ ਖੰਡਾ (ਖੜਗ) ਬਖ਼ਸ਼ਿਆ ਹੈ, ਜਿਸ ਨੂੰ ਖੜਕਾ ਕੇ ਨਾਮ-ਮਈ ਗਿਆਨ-ਖੜਗੇਸ਼ੀਆਂ ਨੇ ਉਨ੍ਹਾਂ ਨੂੰ ਮਾਰ ਕੇ ਬਿਦਾਰ ਦਿਤਾ। ਨਾਮ ਦਾ ਖੰਡਾ ਸਾਸਿ ਗਿਰਾਸੀ ਖੜਕਾਉਣ ਵਾਲਿਆਂ ਦੇ ਦੁਖ ਪਾਪ ਸਭ ਕਟੇ ਗਏ ਅਤੇ ਜਮਕੰਕਰਾਂ ਦਾ ਫਾਹਾ ਹੀ ਵਢਿਆ ਗਿਆ, ਜਿਨ੍ਹਾਂ ਨੇ ਕਿ ਅਗਾਹਾਂ ਜਾ ਕੇ ਖ਼ੁਆਰ ਕਰਨਾ ਸੀ। ਜੈਸਾ ਕਿ ਆਨ ਮਤ ਕਰਮਚਾਰੀਆਂ ਸੰਸਾਰੀਆਂ ਨੂੰ ਆਮ ਤੌਰ ਤੇ ਖ਼ੁਆਰ ਕਰਦੇ ਹਨ ਇਹ ਜਮ ਦੇ ਦੂਤ।

ਨਿਰਭਉ ਭਏ ਖਸਮ ਰੰਗਿ ਰਾਤੇ ਜਮ ਕੀ ਤ੍ਰਾਸ ਬੁਝਾਏ ॥
ਨਾਨਕ ਦਾਸੁ ਸਦਾ ਸੰਗਿ ਸੇਵਕੁ ਤੇਰੀ ਭਗਤਿ ਕਰੰਉ ਲਿਵ ਲਾਏ ॥੩॥
(੪॥੧) [ਵਡਹੰਸੁ ਮ: ੫ ਛੰਤ, ਪੰਨਾ ੫੭੭

ਜਿਨ੍ਹਾਂ ਵਾਹਿਗੁਰੂ ਦੇ ਸਿਮਰਨਹਾਰੇ ਸੇਵਕਾਂ ਭਗਤਾਂ ਨੇ ਵਾਹਿਗੁਰੂ ਨਾਮ ਦੇ ਨਾਲ ਲਿਵ ਲਾ ਕੇ ਵਾਹਿਗੁਰੂ ਦੀ ਸੇਵਾ ਸਿਮਰਨ ਭਗਤੀ ਕਮਾਈ ਹੈ ਤੇ ਖਸਮ ਦੇ ਰੰਗਾਂ ਵਿਚ ਰਤੇ ਗਏ ਅਤੇ ਨਿਰਭਉ ਪਦ ਨੂੰ ਪ੍ਰਾਪਤ ਹੋ ਗਏ, ਤਿਨ੍ਹਾਂ ਐਸੇ ਅਨਿੰਨ ਭਗਤਾਂ ਦੀ ਜਮ ਦੀ ਤ੍ਰਾਸ ਸਭ ਮਿਟ ਗਈ ਹੈ। ਗੁਰੂ ਨਾਨਕ ਸਾਹਿਬ ਸਚ ਫ਼ੁਰਮਾਉਣੀ ਫ਼ੁਰਮਾਉਂਦੇ ਹਨ ਕਿ ਐਸੇ ਸੇਵਕਾਂ ਭਗਤਾਂ ਦੇ ਵਾਹਿਗੁਰੂ ਸਦਾ ਅੰਗ ਸੰਗ ਵਰਤਦਾ ਹੈ। ਤੱਤੀ ਵਾਉ ਨਹੀਂ ਲਗਣ ਦਿੰਦਾ, ਜਮਾਂ ਦੇ ਖ਼ਤਰੇ ਤੋਂ ਬਚਾ ਲੈਂਦਾ ਹੈ।

ਮਨ ਇਛ ਪਾਈਐ ਪ੍ਰਭੁ ਧਿਆਈਐ ਮਿਟਹਿ ਜਮ ਕੇ ਤ੍ਰਾਸਾ ॥
ਗੋਬਿਦੁ ਗਾਇਆ ਸਾਧ ਸੰਗਾਇਆ ਭਈ ਪੂਰਨ ਆਸਾ ॥...੩॥
(੪॥੩) [ਵਡਹੰਸ ਮ: ੫, ਪੰਨਾ ੫੭੮

ਜਿਨ੍ਹਾਂ ਗੁਰਸਿਖਾਂ ਨੇ ਗੁਰੂ ਘਰ ਦੀ ਸਚੀ ਸਤਿਸੰਗਤਿ ਵਿਚ ਰਲ ਕੇ ਗੋਬਿੰਦ ਗੁਣ ਗਾਏ ਹਨ ਅਤੇ ਵਾਹਿਗੁਰੂ ਨਾਮ ਨੂੰ ਧਿਆਇਆ ਹੈ, ਤਿਨ੍ਹਾਂ ਨੇ ਮਨ ਇਛਿਅੜਾ ਫਲ ਪਾਇਆ ਹੈ। ਤਿਨ੍ਹਾਂ ਦੀ ਸਗਲੀ ਆਸ ਪੂਰਨ ਹੋਈ ਹੈ ਅਤੇ ਤਿਨ੍ਹਾਂ ਦੀ ਅਗਲੀ ਜਮ ਦੀ ਤ੍ਰਾਸ ਭੀ ਸਗਲੀ ਮਿਟ ਗਈ ਹੈ।

ਸਤਿਗੁਰਿ ਮਿਲਿਐ ਭੁਖ ਗਈ ਭੇਖੀ ਭੁਖ ਨ ਜਾਇ ॥
ਦੁਖਿ ਲਗੈ ਘਰਿ ਘਰਿ ਫਿਰੈ ਅਗੈ ਦੂਣੀ ਮਿਲੈ ਸਜਾਇ ॥...੧॥
ਪਾਖੰਡਿ ਜਮਕਾਲੁ ਨ ਛੋਡਈ ਲੈ ਜਾਸੀ ਪਤਿ ਗਵਾਇ ॥
ਨਾਨਕ ਨਾਮਿ ਰਤੇ ਸੇ ਉਬਰੇ ਸਚੇ ਸਿਉ ਲਿਵ ਲਾਇ ॥੨॥(੪)
[ਵਡਹੰਸ ਕੀ ਵਾਰ, ਸਲੋਕ ਮ: ੩, ਪੰਨਾ ੫੮੬-੮੭

ਭਾਵ—ਸੰਸਾਰਕ ਪਦਾਰਥਾਂ ਅਤੇ ਮਾਇਆ ਦੀ ਭੁੱਖ ਤ੍ਰਿਸ਼ਨਾ ਤਿਨ੍ਹਾਂ ਦੀ ਹੀ ਦੂਰ ਹੁੰਦੀ ਹੈ, ਜਿਨ੍ਹਾਂ ਨੂੰ ਵਡੇ ਭਾਗਾਂ ਦੇ ਅੰਕੂਰ ਉਦੇ ਹੋਣ ਕਰਿ ਸਚੇ ਸਤਿਗੁਰੂ ਦੀ ਪ੍ਰਾਪਤੀ ਹੋਈ ਹੈ। ਇਹ ਸਚੀ ਪ੍ਰਾਪਤੀ ਗੁਰੂ ਘਰ (ਗੁਰੂ ਨਾਨਕ ਦੇ ਘਰ) ਵਿਖੇ ਹੀ ਆਣ ਕੇ ਹੁੰਦੀ ਹੈ। ਜਿਨ੍ਹਾਂ ਨੂੰ ਸਚੇ ਸਤਿਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ ਯਾ ਨਹੀਂ ਹੋਈ, ਤਿਨ੍ਹਾਂ ਆਨਮਤ ਭੇਖਾਂ ਦੇ ਭੇਖਧਾਰੀਆਂ ਦੀ ਨਾਨਾ ਪ੍ਰਕਾਰ ਦੇ ਭੇਖ ਧਾਰਿਆਂ ਭੀ ਭੁੱਖ ਨਹੀਂ ਜਾਂਦੀ, ਤ੍ਰਿਸ਼ਨਾ ਨਹੀਂ ਮਿਟਦੀ। ਭੁੱਖ ਦਾ ਦੁਖ ਲਗਣ ਕਰਕੇ ਉਹ ਬੂਹੇ ਬੂਹੇ ਮੰਗਦਾ ਫਿਰਦਾ ਹੈ, ਹਰ ਇਕ ਭੇਖਧਾਰੀ ਅਨਮਤੀ ਭੇਖ ਵਾਲਾ। ਘਰਿ ਘਰਿ ਭੀਖ ਮੰਗਿਆਂ ਸਗੋਂ ਅਗੇ ਹੋਰ ਦੂਣੀ ਸਜ਼ਾ ਮਿਲਦੀ ਹੈ। ਜੈਸਾ ਕਿ—

ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ ॥
ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ ॥੧॥(੯)
[ਮਾਰੂ ਵਾਰ ਮ: ੩, ਸਲੋਕੁ ਮ: ੩, ਪੰਨਾ ੧੦੮੯

ਗੁਰਵਾਕ ਦਾ ਭਾਵ ਭੀ ਇਹੀ ਹੈ ਕਿ ਘਰਿ ਘਰਿ ਭੀਖ ਮੰਗਣ ਵਾਲਿਆਂ ਨੂੰ ਦਰਗਹ ਜਾ ਕੇ ਲੇਖਾ ਦੇਣਾ ਪੈਂਦਾ ਹੈ। ਐਸੇ ਭੇਖਧਾਰੀ ਸਭਿ ਪਾਖੰਡੀ ਹਨ। ਅਤੇ ਪਾਖੰਡੀਆਂ ਨੂੰ ਤਾਂ ਜਮਕਾਲ ਧਰ ਕੇ ਲੈਂਦਾ ਹੈ, ਕਦੇ ਛਡਦਾ ਹੀ ਨਹੀਂ। ਬੜੀ ਬੇਇਜ਼ਤੀ ਕਰ ਕੇ, ਫੜ ਕੇ, ਧੂਹ ਕੇ, ਅਗਾਹਾਂ ਜਮਪੁਰੀ ਵਿਖੇ ਲੈ ਜਾਂਦਾ ਹੈ। ਪਾਖੰਡੀ ਤਾਂ ਕਦੇ ਭੀ ਜਮ ਦੀ ਮਾਰ ਤੋਂ ਬਚ ਹੀ ਨਹੀਂ ਸਕਦੇ। ਜਿਤਨੇ ਭੀ ਪਾਖੰਡੀ ਭੇਖਧਾਰੀ ਹਨ, ਸੋ ਸਭੇ ਹੀ ਜਮਪੁਰੀ ਵਿਚ ਬੜੀ ਦੁਰਗਤੀ ਨਾਲ ਘੜੀਸ ਕੇ ਲੈ ਜਾਏ ਜਾਣਗੇ। ਪਾਖੰਡੀ ਭੇਖੀ ਕੋਈ ਭੀ ਇਸ ਜਮ ਜੰਦਾਰਿ ਦੁਰਗਤਿ ਤੋਂ ਬਚ ਨਹੀਂ ਸਕਦਾ। ਸੋਈ ਬਚਣਗੇ ਜਿਨ੍ਹਾਂ ਨੇ ਗੁਰੂ ਘਰ ਪ੍ਰਾਪਤਿ ਕਰ ਕੇ, ਸਚੇ ਸਤਿਗੁਰੂ ਦੁਆਰਿਓਂ ਸਚੀ ਗੁਰਮਤਿ ਬਿਧੀ ਅਨੁਸਾਰ ਗੁਰੂ ਦੀਖਿਆ (ਗੁਰਮੰਤ੍ਰ) ਲੈ ਕੇ ਨਾਮ ਦੀ ਐਸੀ ਅਗਾਧ ਕਮਾਈ ਕੀਤੀ ਹੋਵੇ ਕਿ ਨਾਮ ਜਪਦਿਆਂ ਨਾਮ ਵਿਚ ਹੀ ਰਤੇ ਗਏ ਹੋਣ ਅਤੇ ਸਚੇ ਵਾਹਿਗੁਰੂ ਦੇ ਨਾਲ ਹੀ ਜਿਨ੍ਹਾਂ ਦੀ ਲਿਵਤਾਰ ਜੁੜ ਗਈ ਹੋਵੇ। ਓਹੀ, ਬਸ ਓਹੀ ਜਮ ਦੀ ਫੇਟ ਤੋਂ ਬਚ ਸਕਦੇ ਹਨ। ਹੋਰ ਕੋਈ ਨਹੀਂ ਬਚ ਸਕਦਾ। ਹੋਰ ਭੀ ਅਨੇਕ ਪ੍ਰਕਾਰ ਦੇ ਪਾਖੰਡ ਕਰਨ-ਹਾਰਿਆਂ ਨੂੰ ਅਗੇ ਜਾ ਕੇ ਜਮ ਧਰ ਕੇ ਲੈਂਦਾ ਹੈ। ਜਿਨ੍ਹਾਂ ਦੇ ਮਨਿ ਹੋਰ ਹੈ ਅਤੇ ਮੁਖਿ ਹੋਰਿ ਹੈ, ਉਪਰੋਂ ਚੋਪੜੇ ਚਾਪੜੇ ਭੇਖਧਾਰੀ ਹਨ, ਚੁਪ-ਕੀਤੇ ਬਗਲੇ ਭਗਤ ਹਨ, ਅੰਦਰੋਂ ਖੋਟੇ ਕੂੜਿਆਰ ਹਨ, ਪਾਖੰਡ ਕਰਿ ਕਰਿ ਕੇ ਜਗਤ ਨੂੰ ਲੁਟਿ ਲੁਟਿ ਖਾਂਦੇ ਹਨ, ਪਾਖੰਡਿ ਧਰਮੀ ਬਣ ਕੇ ਲੋਕਾਂ ਨੂੰ ਪਤੀਆਉਂਦੇ ਹਨ, ਅੰਦਰਿ ਆਤਮੇ ਓਹਨਾਂ ਦੇ ਕੱਖ ਭੀ ਨਹੀਂ ਹੁੰਦਾ, ਆਤਮ ਕਣੀਓਂ ਉਕੇ

ਹੀ ਊਰੇ ਅਤੇ ਸਖਣੇ ਹੁੰਦੇ ਹਨ, ਆਪਣੇ ਆਪ ਨੂੰ ਮਹਾਤਮਾ ਬਣ ਕੇ ਦਿਖਾਉਂਦੇ ਹਨ, ਮੁਗਧ, ਮੂਰੇ, ਮਤ-ਮਾਰੀ ਵਾਲੇ ਨਰਾਂ ਨੂੰ ਪਤੀਆਉਂਦੇ ਹਨ; ਤਿਨ੍ਹਾਂ ਦਾ ਤਾਂ ਜਮਪੁਰੀ ਵਿਚ ਜਾ ਕੇ ਅਤਿ ਦਰਜੇ ਦਾ ਮੰਦਾ ਹਾਲ ਹੋਵੇਗਾ ।

ਕਲਜੁਗ ਦੇ ਮਾਇਆਧਾਰੀ ਸੰਸਾਰੀ ਜੀਵ ਗਲ ਗਲ ਵਿਚ ਪਾਖੰਡ ਵਰਤਦੇ ਹਨ । ਕਈ ਸਿਖ ਸਦਾਉਣ ਵਾਲੇ ਭੀ ਆਪਣੇ ਆਪ ਨੂੰ ਚੰਗਾ ਜਣਾਉਣ ਵਾਸਤੇ ਪ੍ਰਸਪਰੀ ਵਰਤੋਂ ਵਿਉਹਾਰ ਵਿਚ ਪਾਖੰਡ ਕਮਾਉਂਦੇ ਹਨ । ਅੰਦਰੋਂ ਬਾਹਰੋਂ ਇਕ ਨਾ ਹੋਣ ਕਰਿ ਆਪਣਾ ਜੀਵਨ ਨਿਰਾ ਪਾਖੰਡੀਆਂ ਵਾਲਾ ਹੀ ਬਣਾ ਲੈਂਦੇ ਹਨ । ਤਿਨ੍ਹਾਂ ਪਾਖੰਡੀਆਂ ਨੂੰ ਭੀ ਕਿਤੇ ਠਉਰ ਠਾਉਂ ਨਹੀਂ । ਤਿਨ੍ਹਾਂ ਦਾ ਭੀ ਅਗੇ ਜਾ ਕੇ ਭੇਖੀਆਂ ਦੀ ਦੁਰਗਤੀ ਵਾਲਾ ਹੀ ਹਾਲ ਹੋਵੇਗਾ । ਤਾਂ ਤੇ ਪਾਖੰਡ ਤੋਂ ਨਿਮਖ ਨਿਮਖ ਬਚਣਾ ਹਰ ਇਕ ਸਚਿਆਰ ਗੁਰਸਿਖ ਦਾ ਮੁਖ ਧਰਮ (ਫ਼ਰਜ਼) ਹੈ । ਮਤ ਕੋਈ ਜਾਣੇ ਕਿ ਗੁਰਸਿਖੀ ਦਾ ਭੇਖ ਜਮਾਂ ਤੋਂ ਤਿਨ੍ਹਾਂ ਨੂੰ ਬਚਾ ਲਵੇਗਾ । "ਧੋਹੁ ਨ ਚਲੀ ਖਸਮ ਨਾਲਿ" ਵਾਲਾ ਗੁਰਵਾਕ ਪਹਿਲਾਂ ਧਰਨ ਟਿਕਾਣੇ ਕਰ ਚੁਕਾ ਹੈ । ਪਰ ਸਤਿਗੁਰੂ ਦੀ ਸੁਮੱਤਿ ਮੱਤਿ ਵਾਲੇ ਗੁਰੂ ਦੇ ਸਿਖ ਕਾਹਨੂੰ ਇਹਨਾਂ ਕੁਮਤਿ ਕਿਰਿਆਵੀ ਪਾਖੰਡ-ਖ਼ਿਆਲੀਆਂ ਵਿਚ ਪੈਂਦੇ ਹਨ । ਇਹ ਤਾਂ ਗੁਰੂ ਤੋਂ, ਗੁਰੂ ਘਰ ਤੋਂ ਧੱਕੇ ਹੋਏ ਡਿੰਭਧਾਰੀ ਮੰਦਭਾਗੀ ਨਰ ਹੀ ਹਨ, ਜੋ ਇਸ ਖਲਜਗਣ ਵਿਚ ਪੈਂਦੇ ਹਨ । ਦੇਖੋ ਅਗਲਾ ਗੁਰ ਪ੍ਰਮਾਣ ਇਸ ਪਿਛਲੇ ਕਥਨ ਦੀ ਕੈਸੀ ਪੁਸ਼ਟੀ ਕਰਦਾ ਹੈ । ਯਥਾ—

ਕਲਿ ਮਹਿ ਜਮੁ ਜੰਦਾਰੁ ਹੈ ਹੁਕਮੇ ਕਾਰ ਕਮਾਇ ॥
ਗੁਰਿ ਰਾਖੇ ਸੇ ਉਬਰੇ ਮਨਮੁਖਾ ਦੇਇ ਸਜਾਇ ॥
ਜਮਕਾਲੈ ਵਸਿ ਜਗੁ ਬਾਂਧਿਆ ਤਿਸ ਦਾ ਫਰੂ ਨ ਕੋਇ ॥
ਜਿਨਿ ਜਮੁ ਕੀਤਾ ਸੋ ਸੇਵੀਐ ਗੁਰਮੁਖਿ ਦੁਖੁ ਨ ਹੋਇ ॥
ਨਾਨਕ ਗੁਰਮੁਖਿ ਜਮੁ ਸੇਵਾ ਕਰੇ ਜਿਨ ਮਨਿ ਸਚਾ ਹੋਇ ॥੧॥(੭)
[ਵਡਹੰਸ ਕੀ ਵਾਰ, ਸਲੋਕ ਮ: ੩, ਪੰਨਾ ੫੮੯

ਵਿਆਖਿਆ—ਕਲਜੁਗ ਵਿਖੇ ਜਮ ਬੜਾ ਡਾਢਾ ਹੈ ਤੇ ਬੜਾ ਅੜੈੜਾ ਹੈ । ਜਮ ਹੈ ਤਾਂ ਸਾਰਿਆਂ ਜੁਗਾਂ ਵਿਖੇ ਹੀ । ਇਸ ਜਮ ਦੀ ਹੋਂਦ ਤਾਂ ਧੁਰੋਂ ਹੀ ਚਲੀ ਆਈ ਹੈ । ਕਹਨਹਾਰ ਕਰਤਾਰ ਦਾ ਕੀਤਾ ਹੋਇਆ ਹੀ ਸ੍ਰਿਸ਼ਟੀ ਦੀ ਰਚਨਾ ਦੇ ਨਾਲ ਹੀ ਰਚਿਆ ਹੋਇਆ ਜਮਾਂ ਦਾ ਵਜੂਦ ਹੈ । ਪਰ ਕਲਜੁਗ ਵਿਖੇ ਤਾਂ ਇਹ ਜਮ ਬਹੁਤਾ ਹੀ ਭੂਸਰ ਜਾਂਦਾ ਹੈ, ਜਾਣੋ ਜਿੰਨ ਹੋ ਕੇ ਚਿਮੜਦਾ ਹੈ । ਪਰ ਓਹਨਾਂ ਨੂੰ ਚਿਮੜਦਾ ਹੈ, ਜਿਹੜੇ ਏਥੇ ਕਰਤਾਰ ਦੇ ਹੁਕਮ ਦੇ ਅਨੁਸਾਰੀ ਹੋ ਕੇ ਹੁਕਮੀ ਕਾਰ ਨਹੀਂ ਕਮਾਉਂਦੇ । ਇਹ ਜਮੂਆ ਭੀ ਕਰਤਾਰ ਦੇ ਹੁਕਮ

 www.sikhbookclub.com

ਅਨੁਸਾਰ ਹੀ ਕਾਰ ਕਮਾਉਂਦਾ ਹੈ। ਜਿਹੜੇ ਕਰਤਾਰ ਦੇ ਹੁਕਮ ਤੋਂ ਮਨਮੁਖ ਅਤੇ ਮੁਨਕਰ ਆਕੀ ਹੋ ਕੇ ਹੁਕਮੋਂ ਉਲਟੀ ਕਰਨੀ ਕਰਤੂਤ ਕਰਦੇ ਹਨ, ਤਿਨ੍ਹਾਂ ਮਨਮੁਖਾਂ ਨੂੰ ਕਰਤਾਰ ਦੇ ਹੁਕਮ ਅਨੁਸਾਰ ਇਹ ਜਮੂਆ ਤਕੜੀ ਸਜ਼ਾ ਦਿੰਦਾ ਹੈ। ਜਿਹੜੇ ਸਤਿਗੁਰੂ ਦੇ ਪੰਨੇ ਪੈ ਕੇ ਗੁਰੂ ਦੇ ਸਨਮੁਖ ਸੁਜਾਨ ਸਿਖ ਸਜ ਜਾਂਦੇ ਹਨ, ਕਰਤਾਰ ਦੇ ਹੁਕਮ ਅਨੁਸਾਰ ਓਹਨਾਂ ਦੀ ਰਖਸ਼ਾ ਹੋ ਜਾਂਦੀ ਹੈ। ਐਸੇ ਗੁਰੂ ਕੀ ਰਖਿਆ ਓਟ ਅੰਦਰਿ ਆਏ ਗੁਰਮੁਖ ਸਿਖ ਕਰਤਾਰ ਦੇ ਹੁਕਮ ਅਨੁਸਾਰ ਜਮ ਤੋਂ ਉਭਰ ਕੇ ਬਚ ਰਹਿੰਦੇ ਹਨ। ਗੁਰੂ ਕਰਤਾਰ ਦਾ ਹੁਕਮ ਹੀ ਐਸਾ ਹੈ ਕਿ ਜਮ ਜੰਦਾਰ ਓਹਨਾਂ ਗੁਰਮੁਖਾਂ ਗੁਰੂ ਦੇ ਰਖਿਆਂ ਹੋਇਆਂ ਨੂੰ ਸਜ਼ਾ ਨਹੀਂ ਦੇ ਸਕਦਾ। ਨਹੀਂ ਤਾਂ ਸਾਰਾ ਸੰਸਾਰ, ਜੋ ਗੁਰੂ ਤੋਂ ਬੇਮੁਖ ਨਿਗੁਰਾ ਹੈ, ਓਹ ਜਮ ਰੂਪੀ ਕਾਲ ਦੇ ਵਸਿ ਪਿਆ ਹੋਇਆ ਹੈ ਅਤੇ ਜਮ ਦਾ ਬੰਧੂਆ ਹੈ। ਉਸ ਨੂੰ ਜਮ ਜੰਦਾਰ ਨੇ ਅਗਲੀ ਦਰਗਾਹ ਵਿਖੇ ਜ਼ਰੂਰ ਜਕੜ ਲੈਣਾ ਹੈ। ਤਿਸ ਜਮ ਜੰਦਾਰ ਗੁਸੇ ਸੰਸਾਰ ਦੀ ਮਨਮੁਖ ਕਿਰਿਆ ਦਾ ਜਮ-ਦਰਗਾਹੋਂ ਬਾਹਰੂ ਕੋਈ ਨਹੀਂ। ਕੋਈ ਭੀ ਜਮਦਰ ਗੁਸਿਆਂ ਦੀ ਫ਼ੁਰਮਾਇਸ਼ੀ ਸਫ਼ਾਰਸ਼ ਨਹੀਂ ਕਰ ਸਕਦਾ। ਗੁਰੂ ਬਾਝੋਂ ਪਹੁ ਪੰਧ ਮੋਕਲੇ ਕਰਾਉਣਹਾਰਾ ਕੋਈ ਫ਼ੁਰਮਾਇਸ਼ੀ ਨਹੀਂ ਓਥੇ। ਵਾਹਿਗੁਰੂ ਕਰਤਾਰ ਦੇ ਸੇਵਨ ਸਿਮਰਨਹਾਰੇ ਗੁਰਮੁਖਾਂ ਨੂੰ ਜਮ ਜੰਦਾਰ ਰਾਈ ਮਾਤ੍ਰ ਭੀ ਦੁਖ ਨਹੀਂ ਦਿੰਦਾ। ਜਿਸ ਗੁਰੂ ਕਰਤਾਰ ਨੇ ਜਮ ਜੰਦਾਰ ਦੀ ਰਚਨਾ ਰਚੀ ਹੈ, ਤਿਸ ਵਾਹਿਗੁਰੂ (ਜਮ ਦੇ ਕਰਨਹਾਰ) ਦੀ ਜੋ ਗੁਰਮੁਖ ਸੇਵਾ ਸਿਮਰਨ ਭਗਤੀ ਕਰਦੇ ਹਨ, ਤਿਨ੍ਹਾਂ ਨੂੰ ਜਮ ਦਾ ਦੁਖ ਨਹੀਂ ਹੁੰਦਾ। ਜਮ ਤਿਨ੍ਹਾਂ ਦੇ ਨੇੜੇ ਨਹੀਂ ਆਉਂਦਾ। ਤਾਂ ਤੇ ਤਿਸ ਸਿਰਜਨਹਾਰ ਕਰਤਾਰ ਦੀ ਸੇਵਾ ਭਗਤੀ ਕਰਨਾ ਗੁਰਸਿਖ ਦਾ ਮੁਖ ਆਦਰਸ਼ ਹੈ; ਉਸ ਸਿਰਜਨਹਾਰ ਦੀ, ਜਿਸ ਨੇ ਕਿ ਜਮ ਦੀ ਸ੍ਰਿਸ਼ਟ ਨੂੰ ਸਿਰਜਿਆ ਹੈ। ਸਗੋਂ ਓਹਨਾਂ ਗੁਰਮੁਖਾਂ ਦੀ ਇਹ ਜਮੂਆ ਉਲਟੀ ਸੇਵਾ ਕਰਦਾ ਹੈ, ਜਿਨ੍ਹਾਂ ਗੁਰਮੁਖਾਂ ਦੇ ਹਿਰਦਿਆਂ ਅੰਦਰ ਸਚਾ ਵਾਹਿਗੁਰੂ ਹਰ ਦਮ ਵਸਦਾ ਰਸਦਾ ਹੈ। ਇਸ ਉਪਰਲੇ ਗੁਰਵਾਕ ਤੋਂ ਇਹ ਗੱਲ ਸਪੱਸ਼ਟ ਸਿਧ ਹੋ ਗਈ ਕਿ ਜਮ ਦੀ ਹੋਂਦ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ, ਕਿਉਂਕਿ ਇਹ ਜਮ ਵਾਹਿਗੁਰੂ ਸਿਰਜਨਹਾਰ ਦਾ ਕੀਤਾ ਹੋਇਆ ਹੀ ਹੈ, ਖ਼ੁਦ ਵਾਹਿਗੁਰੂ ਦਾ ਹੀ ਸਾਜਿਆ ਹੋਇਆ ਹੈ।

ਅਗਿਆਨੀ ਅੰਧੁ ਬਹੁ ਕਰਮ ਕਮਾਵੈ ਦੂਜੈ ਭਾਇ ਪਿਆਰੁ ॥
ਅਣਹੋਦਾ ਆਪੁ ਗਣਾਇਦੇ ਜਮੁ ਮਾਰਿ ਕਰੇ ਤਿਨ ਖੁਆਰੁ ॥...੨॥(੮)
[ਵਡਹੰਸ ਕੀ ਵਾਰ, ਮ: ੩, ਪੰਨਾ ੫੮੯

ਵਿਆਖਿਆ—ਗੁਰਮਤਿ ਗਿਆਨ, ਤਤੁ ਗਿਆਨ ਨਾਮ ਤੋਂ ਘੁਥੇ ਹੋਏ

 www.sikhbookclub.com

ਸਭ ਅਗਿਆਨੀ ਹਨ । ਐਸੇ ਅੰਧ ਅਗਿਆਨੀ ਦੂਜੇ ਭਾਇ ਵਿਚ ਮੁੱਠੇ ਹੋਏ ਬਹੁ ਪ੍ਰਕਾਰ ਦੇ ਆਨਮਤੀ ਕਰਮ ਕਮਾਉਂਦੇ ਹਨ । ਇਹ ਸਾਰੇ ਕਰਮ ਜੋ ਹਨ ਸੋ ਸਭ ਗੁਣ ਬਿਹੂਣੇ ਹਨ । ਏਹਨਾਂ ਕਰਮਾਂ ਦੇ ਕੀਤਿਆਂ ਕੋਈ ਭੀ ਤੱਤ ਗੁਣ ਫਲ ਪ੍ਰਾਪਤ ਨਹੀਂ ਹੁੰਦਾ। ਸੋ ਐਸੇ ਗੁਣ-ਬਿਹੂਣੇ ਕਰਮਾਂ ਨੂੰ ਕਰ ਕਰ ਕੇ ਐਵੇਂ ਬਫ਼ਾਉਂਦੇ ਹਨ ਅਤੇ ਆਪਣਾ ਆਪ ਜਣਾਉਂਦੇ ਹਨ । ਐਸੇ ਬਿਨ ਗੁਣ ਗਰਬ ਕਰਨਹਾਰਿਆਂ ਅੰਧ ਅਗਿਆਨੀਆਂ ਨੂੰ ਅਗੇ ਜਾ ਕੇ ਜਮ ਮਾਰ ਮਾਰ ਕੇ ਖ਼ੁਆਰ ਕਰਦਾ ਹੈ ।

ਜਿਉ ਜੋਗੀ ਜਤ ਬਾਹਰਾ ਤਪੁ ਨਾਹੀ ਸਤੁ ਸੰਤੋਖੁ ॥
ਤਿਉ ਨਾਮੈ ਬਿਨੁ ਦੇਹੁਰੀ ਜਮੁ ਮਾਰੈ ਅੰਤਰਿ ਦੋਖੁ ॥੩॥(੪॥੬)
[ਸੋਰਠਿ ਮ: ੧, ਪੰਨਾ ੫੯੭

ਭਾਵ—ਜਿਸ ਪਰਕਾਰ ਇੰਦ੍ਰੀਆਂ ਵਸਿ ਕੀਤੇ ਬਿਨਾਂ ਜੋਗੀ ਦੀ ਜੋਗ-ਸਾਧਨਾ ਅਤੇ ਸਤ ਸੰਤੋਖ ਕਿਸੇ ਲੇਖੇ ਨਹੀਂ, ਇਸੇ ਪ੍ਰਕਾਰ ਨਾਮ ਤੋਂ ਬਿਨਾਂ ਇਹ ਸਰੀਰ (ਦੇਹੀ) ਹੈ। ਇਹ ਦੋਖ ਪਾਪਾਂ ਦਾ ਭਰਿਆ ਹੋਇਆ ਹੈ । ਨਾਮ ਬਿਹੂਣ ਹੋਣ ਕਰਿ ਇਸ ਸਰੀਰ ਵਿਚੋਂ ਜਦ ਜੀਉ ਨਿਕਲੇਗਾ ਤਾਂ ਇਸ ਜੀਵ ਉਤੇ ਜਮਾਂ ਦੀ ਮਾਰ ਪਵੇਗੀ ਅਤੇ ਬਰ ਜ਼ਰੂਰ ਪਵੇਗੀ, ਪੈਣੋਂ ਆਹਲੀ ਨਹੀਂ ਜਾਣੀ ।

ਸਾਧ ਸੰਗਤਿ ਮਹਿ ਹਰਿ ਰਸੁ ਪਾਈਐ
ਗੁਰਿ ਮਿਲਿਐ ਜਮ ਭਉ ਭਾਗਾ ॥...੫॥੧੦॥
[ਸੋਰਠਿ ਮ: ੧, ਪੰਨਾ ੫੯੮

ਜਮ ਦਾ ਭਉ ਹਰੇਕ ਜੀਵ ਮਾਤ੍ਰ ਪ੍ਰਾਣੀ ਦੇ ਸਿਰ ਤੇ ਸਵਾਰ ਰਹਿੰਦਾ ਹੈ। ਕੇਵਲ ਤਿਸ ਪ੍ਰਾਣੀ ਦਾ ਜਮ-ਭਉ ਮਿਟਦਾ ਹੈ, ਜੋ ਗੁਰੂ ਘਰ ਦਾ ਅੰਮ੍ਰਿਤ ਛਕਿ, ਨਿਗੁਰਿਓਂ ਸਗੁਰਾ ਹੋ ਕੇ ਗੁਰਦੀਖਿਆ (ਗੁਰਮੰਤ੍ਰ) ਪ੍ਰਾਪਤਿ ਕਰਿ, ਸਤਿ-ਸੰਗਤਿ ਦੇ ਆਸਰੇ ਅਥੱਕ ਨਾਮ ਅਭਿਆਸ ਕਮਾਈਆਂ ਕਰਿ, ਨਾਮ ਰਸ ਵਿਖੇ ਲੀਨ ਹੋ ਜਾਂਦਾ ਹੈ। ਤਿਸ ਦਾ, ਬਸ ਤਿਸੇ ਗੁਰਮੁਖ ਜਨ ਦਾ ਜਮ-ਡਰ ਮਿਟਦਾ ਹੈ, ਹੋਰ ਕਿਸੇ ਦਾ ਨਹੀਂ।

ਗੁਰ ਚਰਨੀ ਮਨੁ ਲਾਗਾ ॥ ਤਾ ਜਮ ਕਾ ਮਾਰਗੁ ਭਾਗਾ ॥...੩॥
(੪॥੧॥੧੨) [ਸੋਰਠਿ ਮ: ੧ ਘਰੁ ੩, ਪੰਨਾ ੫੯੯

ਭਾਵ—ਗੁਰਮਤਿ ਨਾਮ ਜਪ ਜਪ ਕੇ ਜਦੋਂ ਗੁਰ-ਚਰਨਾਂ ਦੀ ਲੀਨਤਾ ਪ੍ਰਾਪਤਿ ਹੋ ਗਈ, ਇਸ ਆਤਮ ਅਵਸਥਾ ਪ੍ਰਾਪਤੀ ਹੋਣ ਪਰ ਜਮ ਦੇ ਮਾਰਗ ਦਾ ਖਹਿੜਾ ਛੁਟਦਾ ਹੈ, ਨਹੀਂ ਤਾਂ ਅਵੱਸ਼-ਮੇਵ ਜਮ ਦੇ ਮਾਰਗ ਹਰ ਏਕ ਨੂੰ ਪੈਣਾ ਪੈਂਦਾ ਹੈ । ਕਿਸੇ ਦਾ ਭੀ ਛੁਟਕਾਰਾ ਨਹੀਂ ਹੋ ਸਕਦਾ ।

ਕਲਿ ਕਲੇਸ ਮਿਟੇ ਦੁਖ ਸਗਲੇ ਕਾਟੀ ਜਮ ਕੀ ਫਾਸਾ ॥

ਕਹੁ ਨਾਨਕ ਪ੍ਰਭਿ ਕਿਰਪਾ ਧਾਰੀ ਮਨ ਤਨ ਭਏ ਬਿਗਾਸਾ ॥
੪॥੧੨॥੨੩॥ [ਸੋਰਠਿ ਮ: ੫, ਪੰਨਾ ੬੧੫

ਵਾਹਿਗੁਰੂ ਦੀ ਅਪਾਰ ਕਿਰਪਾ ਹੋਣ ਪਰ ਗੁਰਮਤਿ ਨਾਮ ਅਭਿਆਸ ਦੀ ਕਮਾਈ ਦਾ ਸਦਕਾ ਜਦੋਂ ਅਭਿਆਸੀ ਜਨ ਦੇ ਮਨ ਤਨ ਤੇ ਸਾਰੇ ਜੋਤਿ ਦਾ ਪਰਕਾਸ਼ ਹੋ ਜਾਂਦਾ ਹੈ ਤਾਂ ਸਾਰੇ ਕਲਹ ਕਲੇਸ਼ ਅਤੇ ਦੁਖ ਮਿਟ ਜਾਂਦੇ ਹਨ, ਜਮ ਦੀ ਫਾਂਸ ਭੀ ਕਟੀ ਜਾਂਦੀ ਹੈ। ਨਹੀਂ ਤਾਂ ਇਹ ਜਮ ਦੀ ਫਾਸ ਸਾਰਿਆਂ ਦੇ ਸਿਰ ਤੇ ਖੜੀ ਹੈ, ਗਲ ਪੈਣੋਂ ਨਹੀਂ ਟਲੇਗੀ, ਭਾਵੇਂ ਕੋਈ ਕਿਤਨੇ ਕਰਮ ਕਮਾ ਲਵੇ, ਜ਼ੋਰ ਲਾ ਲਵੇ।

ਮੇਰਾ ਬੈਦੁ ਗੁਰੂ ਗੋਵਿੰਦਾ ॥
ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ
ਕਾਟੈ ਜਮ ਕੀ ਫੰਧਾ ॥੧॥ਰਹਾਉ॥(੨॥੬॥੩੪)
[ਸੋਰਠਿ ਮ: ੫, ਪੰਨਾ ੬੧੮

ਗੋਬਿੰਦ ਵਾਹਿਗੁਰੂ ਦੇ ਪਠਾਏ ਹੋਏ, ਗੋਬਿੰਦ ਵਾਹਿਗੁਰੂ ਦੇ ਗੁਰੂ ਬਣਾਏ ਹੋਏ, ਗੋਬਿੰਦ ਰੂਪ ਗੁਰੂ ਹੀ ਸਚੀ ਪਦਵੀ ਦੇ ਮਾਲਕ ਹਨ। ਸੋਈ ਗੋਬਿੰਦ ਰੂਪ ਗੁਰੂ ਹੀ ਨਾਮ ਰੂਪੀ ਅੰਮ੍ਰਿਤ-ਅਉਖਧੀ ਅੰਮ੍ਰਿਤ-ਨਾਮ ਅਧਿਕਾਰੀਆਂ ਨੂੰ ਦੇਣ ਦੇ ਸਮਰੱਥ ਹਨ। ਹੋਰ ਕੋਈ ਕੱਚਾ ਪਿੱਲਾ ਆਪੇ ਬਣਿ ਬੈਠਾ ਡਿੰਭੀ ਗੁਰੂ ਹਰਗਿਜ਼ ਹਰਗਿਜ਼ ਕਿਸੇ ਨੂੰ ਗੁਰ-ਦੀਖਿਆ ਦੇਣ ਦੀ ਯੋਗਤਾ ਦਾ ਭਾਗੀ ਨਹੀਂ। ਬਸ, ਗੋਬਿੰਦ ਰੂਪ, ਵਾਹਿਗੁਰੂ ਪਠਾਏ, ਵਾਹਿਗੁਰੂ ਦੀ ਧੁਰ ਦਰਗਾਹੋਂ ਬਣੇ ਆਏ ਗੁਰੂ ਦੁਆਰਿਓਂ ਹੀ ਜਿਨ੍ਹਾਂ ਵਡਭਾਗਿਆਂ ਨੇ ਗੁਰ-ਦੀਖਿਆ ਮਈ ਅੰਮ੍ਰਿਤ ਨਾਮ ਅਉਖਧੀ ਪ੍ਰਾਪਤਿ ਕੀਤੀ ਹੈ, ਓਹਨਾਂ ਦੀ ਹੀ ਅਗੇ ਗਇਆਂ ਜਮ ਦੀ ਫਾਂਸ ਕਟੀ ਜਾਂਦੀ ਹੈ, ਹੋਰ ਕਿਸੇ ਦੀ ਨਹੀਂ। ਧੰਨ ਧੰਨ ਗੋਬਿੰਦ ਰੂਪ ਗੁਰੂ ਨਾਨਕ ਸਾਹਿਬ ਜੀ ! ਧੰਨ ਧੰਨ ਵਾਹਿਗੁਰੂ ਸਰੂਪ ਸ੍ਰੀ ਗੁਰੂ ਨਾਨਕ ਦਸਮੇਸ਼ ਗੁਰੂ ਗੋਬਿੰਦ ਸਿੰਘ ਜੀਉ ! ਜਿਨ੍ਹਾਂ ਨੇ ਅਮਰ ਸੁਰਜੀਤਨੀ ਅੰਮ੍ਰਿਤ ਮਰਯਾਦਾ ਚਲਾਈ ਅਤੇ ਜੁਗੋ ਜੁਗ ਅਟੱਲ ਰਖਾਈ, ਜਿਸ ਦੁਆਰਾ ਕਿ ਅੰਮ੍ਰਿਤਧਾਰੀ ਪ੍ਰਾਣੀਆਂ ਨੂੰ ਅਮਰ ਪਦਵੀ ਪ੍ਰਾਪਤ ਹੋਈ ਅਤੇ ਜਮ ਫਾਂਸ ਦੀ ਤ੍ਰਾਸ ਮਿਟ ਗਈ, ਨਹੀਂ ਤਾਂ ਇਹ ਅਮਰ ਸਰਜੀਵਨੀ ਅਉਖਧੀ ਕਿਥੋਂ ਮਿਲਣੀ ਸੀ ?

ਪ੍ਰਭਿ ਕਾਟਿਆ ਜਮ ਕਾ ਫਾਸਾ ॥ ਮਨ ਪੂਰਨ ਹੋਈ ਆਸਾ ॥
ਜਹ ਪੇਖਾ ਤਹ ਸੋਈ ॥ ਹਰਿ ਪ੍ਰਭ ਬਿਨੁ ਅਵਰੁ ਨ ਕੋਈ ॥੩॥
(੪॥੫॥੫੫) [ਸੋਰਠਿ ਮ: ੫, ਪੰਨਾ ੬੨੨

ਗੁਰਮਤਿ ਨਾਮ ਦੀ ਅਤੁਟ ਕਮਾਈ ਕਰਿ ਜਦੋਂ ਆਤਮ ਬਿਵਸਥਾ

 www.sikhbookclub.com

ਏਥੋਂ ਤਾਈਂ ਅਪੜ ਜਾਂਦੀ ਹੈ ਕਿ ਅਭਿਆਸੀ ਗੁਰਮੁਖ ਜਨ ਨੂੰ ਸਾਰੇ ਵਾਹਿਗੁਰੂ ਦੀ ਜੋਤਿ ਹੀ ਪਰਗਟ ਪਹਾਰੇ ਪਰਤੱਖ ਦਿਸਣ ਲਗ ਪੈਂਦੀ ਹੈ, ਪਰਤੱਖ ਦਿਸਦੀ ਹੈ, ਅਨੁਮਾਨ ਮਾਤਰ ਨਹੀਂ, ਅਕਾਸ਼ ਪਤਾਲ ਘਟ ਘਟ ਅੰਦਰਿ ਵਾਹਿਗੁਰੂ ਹੀ ਵਾਹਿਗੁਰੂ ਨਜ਼ਰੀਂ ਆਉਣ ਲਗ ਪੈਂਦਾ ਹੈ, ਤਾਂ ਹੀ ਪਰਮਾਰਥੀ ਜਗਿਆਸੂ ਜਨ ਦੀਆਂ ਆਸਾਂ ਸਿਰ ਆਸ, ਤੱਤ ਆਸ ਦਾ ਮੇਅਰਾਜ (ਰੁਤਬਾ) ਹਾਸਲ ਹੁੰਦਾ ਹੈ। ਉਸ ਦੀਆਂ ਸਾਰੀਆਂ ਡੰਝਾਂ ਮਿਟ ਜਾਂਦੀਆਂ ਹਨ। ਵਾਹਿਗੁਰੂ ਦੀ ਕਿਰਪਾ ਨਾਲ ਉਸ ਦਾ ਜਮ ਦਾ ਫਾਸਾ ਭੀ ਕਟਿਆ ਜਾਂਦਾ ਹੈ। ਇਹ ਤਾਂ ਸੁਤੇ ਸੁਭਾਵ ਹੀ ਕਟਿਆ ਜਾਂਦਾ ਹੈ, ਜਦੋਂ ਐਸੀ ਉੱਚ ਆਤਮ-ਔਜ ਦੀ ਮੰਜ਼ਲ ਤਹਿ ਹੋ ਗਈ।

ਅਪਣੇ ਜੀਅ ਜੰਤ ਆਪੇ ਰਾਖੇ ਜਮਹਿ ਕੀਓ ਹਟਤਾਰਿ ॥੧॥
(੨॥੧੯॥੪੭) [ਸੋਰਠਿ ਮ: ੫, ਪੰਨਾ ੬੨੦

ਜਿਨ੍ਹਾਂ ਜੰਤਾਂ ਨੂੰ ਵਾਹਿਗੁਰੂ ਨੇ ਆਪਣੀ ਕਿਰਪਾ ਕਰ ਕੇ ਆਪਣੇ ਪੰਨੇ ਪਾ ਲਿਆ ਹੈ, ਜਿਨ੍ਹਾਂ ਤੇ ਵਾਹਿਗੁਰੂ ਦੀ ਆਪਣੀ ਰਖਿਆ ਹੋਈ ਹੈ, ਤਿਨ੍ਹਾਂ ਵਡਭਾਗੇ ਜੰਤਾਂ ਲਈ ਜਮ ਵਲੋਂ ਹੜਤਾਲ ਹੋ ਗਈ ਹੈ। ਜਮੂਆ ਤਿਨ੍ਹਾਂ ਦੇ ਨੇੜੇ ਲਗਣੋਂ ਹਟ ਗਿਆ ਹੈ। ਤਿਨ੍ਹਾਂ ਨੂੰ ਜਮ ਦਾ ਦੁਖ ਕਦੇ ਹੋ ਹੀ ਨਹੀਂ ਸਕਦਾ, ਜਮ ਦਾ ਫਸਤਾ ਹੀ ਮੁਕ ਜਾਂਦਾ ਹੈ। ਪਰ ਹੋਰਨਾਂ ਦੇ ਸਿਰ ਤੇ ਜਮ ਦਾ ਡੰਡ ਕਰਾਰਾ ਮਉਜੂਦ ਹੈ, ਟਲਦਾ ਨਹੀਂ।

ਵਡਭਾਗੀ ਸਤਿਗੁਰੁ ਪਾਇਆ ॥ ਜਿਨਿ ਜਮ ਕਾ ਪੰਥੁ ਮਿਟਾਇਆ ॥
ਹਰਿ ਭਗਤਿ ਭਾਇ ਚਿਤੁ ਲਾਗਾ ॥ ਜਪਿ ਜੀਵਹਿ ਸੇ ਵਡਭਾਗਾ ॥੨॥
(੪॥੮॥੫੮) [ਸੋਰਠਿ ਮ: ੫, ਪੰਨਾ ੬੨੩

ਵਡੇ ਭਾਗਾਂ ਕਰਕੇ ਜਿਨ੍ਹਾਂ ਨੂੰ ਸਤਿਗੁਰੂ ਸਚੇ ਪਾਤਸ਼ਾਹ ਦੀ ਪ੍ਰਾਪਤੀ ਹੋਈ ਹੈ ਅਤੇ ਸਤਿਗੁਰੂ ਸਚੇ ਪਾਤਸ਼ਾਹ ਦੀ ਗੁਰਸਿਖੀ ਜਿਨ੍ਹਾਂ ਨੂੰ ਮਿਲੀ ਹੈ, ਤਿਨ੍ਹਾਂ ਗੁਰਸਿਖਾਂ ਲਈ ਜਮ ਦਾ ਮਾਰਗ ਮਿਟ ਗਿਆ ਹੈ। ਗੁਰੂ ਨੇ ਆਪ ਮਿਟਾ ਦਿਤਾ ਹੈ। ਇਹ ਤਿਨ੍ਹਾਂ ਗੁਰਸਿਖਾਂ ਤੇ ਐਸੀ ਮੇਹਰ ਹੋਈ ਹੈ, ਜਿਨ੍ਹਾਂ ਨੇ ਭਗਤੀ ਭਾਉ ਵਿਚ ਐਸਾ ਚਿੱਤ ਗਡਿਆ ਹੈ ਕਿ ਸੇ ਵਡਭਾਗੀ ਜਨ ਸਾਰੀ ਉਮਰ ਵਾਹਿਗੁਰੂ ਨਾਮ ਜਪ ਕੇ ਹੀ ਜੀਵੇ, ਅਮਰ ਥੀਵੇ ਹਨ।

ਨਾਲਿ ਨਰਾਇਣੁ ਮੇਰੈ ॥ ਜਮਦੂਤੁ ਨਾ ਆਵੈ ਨੇਰੈ ॥...੧॥
(੨॥੨੪॥੮੮) [ਸੋਰਠਿ ਮ: ੫, ਪੰਨਾ ੬੩੦

ਸਾਸਿ ਸਾਸਿ ਵਾਹਿਗੁਰੂ ਨਾਮ ਜਪਣਹਾਰਿਆਂ ਦੇ ਸਦਾ ਵਾਹਿਗੁਰੂ ਅੰਗ ਸੰਗ ਹੀ ਰਹਿੰਦਾ ਹੈ, ਨਾਲ ਵਸਦਾ ਹੈ। ਇਸ ਕਰਕੇ ਓਨ੍ਹਾਂ ਗੁਰਮੁਖਾਂ ਦੇ ਨੇੜੇ ਜਮ ਰੂਪੀ ਦੂਤ ਨਹੀਂ ਆਉਂਦਾ।


www.sikhbookclub.com

# ੧੨

# ਗੁਰਮੁਖਾਂ ਦੇ ਦੁਆਲੇ ਚਉਕੀ

ਗੁਰ ਕਾ ਸਬਦੁ ਰਖਵਾਰੇ ॥ ਚਉਕੀ ਚਉਗਿਰਦ ਹਮਾਰੇ ॥
ਰਾਮ ਨਾਮਿ ਮਨੁ ਲਾਗਾ ॥ ਜਮੁ ਲਜਾਇ ਕਰਿ ਭਾਗਾ ॥੧॥
(੨॥੪॥੬੮) [ਸੋਰਠਿ ਮ: ੫, ਪੰਨਾ ੬੨੬

ਗੁਰ ਕਾ ਸ਼ਬਦ, ਗੁਰਮਤਿ ਨਾਮ 'ਵਾਹਿਗੁਰੂ' ਜੋ ਗੁਰਮੁਖਿ ਜਨ ਸੁਆਸਿ ਸੁਆਸਿ ਆਰਾਧਦੇ ਰਹਿੰਦੇ ਹਨ, ਓਹਨਾਂ ਦਾ ਵਾਹਿਗੁਰੂ ਨਾਮ ਹਰ-ਬਾਬ ਰਖਵਾਲਾ ਹੁੰਦਾ ਹੈ । ਓਹਨਾਂ ਦੇ ਚੁਗਿਰਦੇ ਮਾਨੋਂ ਚਉਕੀਦਾਰ ਵਾਲਾ ਪਹਿਰਾ ਹਰ ਵਕਤ ਲਗਾ ਰਹਿੰਦਾ ਹੈ। ਤਾਂ ਤੇ ਜਿਨ੍ਹਾਂ ਦਾ ਚਿਤ ਵਾਹਿਗੁਰੂ ਨਾਮ ਵਿਚ ਖੁਭਿਆ ਰਹਿੰਦਾ ਹੈ, ਓਹਨਾਂ ਦੇ ਗਿਰਦੇ ਸਦਾ ਨਾਮ-ਰੂਪੀ ਸਚੇ ਰਖਵਾਲੇ ਦੀ ਚਉਕੀਦਾਰੇ ਦੀ ਪਹਿਰੇ ਰੂਪ ਚਉਕੀ ਪਈ ਹੋਈ ਹੋਣ ਕਰਕੇ ਜਮ ਤਿਨ੍ਹਾਂ ਦੇ ਨੇੜੇ ਨਹੀਂ ਆਉਂਦਾ, ਛਿੱਥਾ ਪੈ ਕੇ ਨਸ ਜਾਂਦਾ ਹੈ । ਇਹ ਅਚਰਜ ਚੁਲੰਭਲੀ ਚਉਕੀ ਉਦਿਆਣ ਵਿਚ ਬੈਠੇ ਨਾਮ ਰਤੇ ਸਮਾਧਿ-ਸਿਥਿਤੀਆਂ ਦੇ ਦੁਆਲੇ ਉਸਰੀ ਹੋਈ ਕਈ ਨਾਮ ਰਤੜਿਆਂ ਗੁਰਸਿਖਾਂ ਦੇ ਤਜਰਬੇ ਵਿਚ ਦੇਖਣੀ ਆਈ ਹੈ । ਓਹ ਘੋਰ ਬਨਾਂ ਕੰਦਰਾਂ ਵਿਚ ਬੈਠੇ ਸਚੇ ਨਾਮ ਦੀ ਸਚੀ ਤਪੱਸਿਆ ਕਰਦੇ ਹੋਏ ਏਸ ਚਉਕੀ ਦੇ ਆਸਰੇ ਨਿਸਚਿੰਤ ਸਮਾਧੀ ਲਾ ਕੇ ਅਸਥਿਰ ਬੈਠੇ ਰਹਿੰਦੇ ਹਨ । ਉਪਰੋਂ ਰਾਤ ਪੈ ਜਾਵੇ ਕਾਲੀ ਬੋਲੀ, ਤਾਂ ਭੀ ਓਹਨਾਂ ਨੂੰ ਕਿਸੇ ਅਲੱਾ ਬਲੱਾ ਦਾ ਖ਼ਤਰਾ ਨਹੀਂ ਰਹਿੰਦਾ । ਅੰਤੀ ਚਲਾਣੇ ਸਮੇਂ ਭੀ, ਅਰਥਾਤ ਇਸ ਸੰਸਾਰ ਅਸਾਰ ਤੋਂ ਚਾਲੇ ਪਾਉਣ ਸਮੇਂ ਭੀ ਇਹ ਚਉਗਿਰਦੀ ਸਚੀ ਚਉਕੀ, ਆਤਮ-ਤੇਜਤਾ ਦੀ ਦਿੱਬਤਾ ਵਿਚ ਆਤਮਾ ਦੇ ਨਾਲ ਹੀ ਜਾਂਦੀ ਹੈ । ਤਾਂ ਤੇ ਜਿਨ੍ਹਾਂ ਗੁਰਮੁਖਾਂ ਦਾ ਮਨ ਵਾਹਿਗੁਰੂ ਨਾਮ ਵਿਚ ਹੀ ਅੰਤੀ ਅਉਸਰ ਸੁਰਤਿ ਬ੍ਰਿਤਾਸਨ ਲਗਿਆ ਹੋਇਆ ਹੁੰਦਾ ਹੈ, ਓਹਨਾਂ ਦੇ ਨਾਲ ਹੀ ਇਹ ਤੱਤ ਰਖਵਾਲੀ ਵਾਲੀ ਚਉਕੀ ਜਾਂਦੀ ਹੈ, ਅੰਗ ਸੰਗਿ ਸਹਾਈ ਹੋ ਕੇ । ਜਮ ਬਪੜਾ ਦੂਰੋਂ ਹੀ ਪਸ਼ੇਮਾਨ ਹੋ ਕੇ ਭਜ ਜਾਂਦਾ ਹੈ । ਨੇੜੇ ਆਉਣਾ ਹੀ ਨਹੀਂ ਪਾਉਂਦਾ । ਗੁਰੂ ਪੰਚਮ ਪਾਤਸ਼ਾਹ ਆਪਣਾ ਹਡ ਵਰਤਿਆ ਤਜਰਬਾ ਦਸਦੇ ਹਨ, "ਚਉਕੀ

ਚਉਗਿਰਦ ਹਮਾਰੇ" ਵਾਲੀ ਪੰਗਤੀ ਇਸ ਗੁਰਵਾਕ ਵਿਖੇ ਆਈ ਦਸਦੀ ਹੈ ਕਿ ਗੁਰੂ ਸਾਹਿਬ ਗੁਰੂ ਅਰਜਨ ਦੇਵ ਜੀ ਨੇ ਇਹ ਤਜਰਬਾ ਆਪ ਨਿਜ ਦਿਬ-ਦ੍ਰਿਸ਼ਟੀ ਦੁਆਰੇ ਦੇਖਿਆ ਪਰਖਿਆ ਹੈ । ਸਚ ਮੁਚ ਨਾਮ ਜਪਣ ਸਮੇਂ ਗੁਪਤ ਦਿਬਤਾਰੀ ਪਹਿਰੇ ਪਕੀ ਮੁਹਕਮਤਾ ਵਿਚ ਨਾਮ ਅਭਿਆਸੀਆਂ ਦੇ ਦੁਆਲੇ ਲਗੇ ਰਹਿੰਦੇ ਹਨ, ਤੇ ਲਗੇ ਹੀ ਚਲੇ ਜਾਂਦੇ ਹਨ । ਤਿਨ੍ਹਾਂ ਨੂੰ ਹਰ ਪਰਕਾਰ ਦੀ ਰਖਵਾਲੀ ਅਮਰੋਂ ਹੀ ਪ੍ਰਾਪਤ ਰਹਿੰਦੀ ਹੈ । ਖ਼ੌਫ਼ ਤੇ ਖ਼ਤਰਾ ਕਿਸੇ ਪਰਕਾਰ ਦਾ ਤਿਨ੍ਹਾਂ ਨੂੰ ਨਹੀਂ ਰਹਿੰਦਾ । ਇਹ ਗੱਲ ਸਚ ਕਰਿ ਮੰਨਣੀ ਜੀ ।

ਹਰ ਦਿਨੁ ਰੈਨਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥੩॥
ਜਿਸੁ ਦੇਵੈ ਪੁਰਖੁ ਬਿਧਾਤਾ ॥ ਹਰਿ ਰਸੁ ਤਿਨ ਹੀ ਜਾਤਾ ॥
ਜੰਮ ਕੰਕਰੁ ਨੇੜਿ ਨ ਆਇਆ ॥ ਸੁਖੁ ਨਾਨਕ ਸਰਣੀ ਪਾਇਆ ॥੪॥
੯॥੫੯॥ [ਸੋਰਠਿ ਮ: ੫, ਪੰਨਾ ੬੨੪

ਵਿਆਖਿਆ—ਵਾਹਿਗੁਰੂ ਦਾ ਰਾਤ ਦਿਨ ਜਸ ਗਾਵਣਹਾਰਿਆਂ, ਕੀਰਤਨ ਕਰਨਹਾਰਿਆਂ ਦਾ ਆਵਾਗਵਨ ਦਾ ਸਿਲਸਿਲਾ ਮੁਕ ਜਾਂਦਾ ਹੈ । ਕੋਈ ਅਕਹਿ ਰਸੁ ਹੁੰਦਾ ਹੈ, ਜਿਸ ਵਿਚ ਲੀਨ ਹੋਏਵੇ ਗੁਰਮੁਖ ਜਨ ਦਿਨ ਰਾਤ ਕੀਰਤਨ ਕਰਦੇ ਥਕਦੇ ਨਹੀਂ । ਸਿਫ਼ਤ ਸਲਾਹ ਵਿਚ ਹੀ ਸਾਵਧਾਨ ਰਹਿੰਦੇ ਹਨ । ਵਾਹਿਗੁਰੂ ਨਾਮ ਦਾ ਤਤ ਰਸ ਤਿਨ੍ਹਾਂ ਨੂੰ ਹੀ ਆਉਂਦਾ ਹੈ ਜਿਨ੍ਹਾਂ ਨੂੰ ਵਾਹਿਗੁਰੂ ਆਪ ਇਸ ਰਸ ਦੀ ਦਾਤ ਤੁੱਠ ਕੇ ਕਰਦਾ ਹੈ । ਇਸ ਰਸ ਵਿਚ ਲੀਨ ਹੋਏਵੇ ਹੀ ਓਹ ਗੁਰਮੁਖ ਓੜਕ ਅੰਤੀ ਅਉਸਰ ਸਦ ਸਰਣਾਗਤੀ ਸਚੇ ਸੁਖ ਅਬਦੀ ਵਿਚ ਸਮਾ ਜਾਂਦੇ ਹਨ । ਸਰੀਰ ਤਿਆਗ ਕੇ ਜਦੋਂ ਪਰਲੋਕ ਪਿਆਨੇ ਕਰਦੇ ਹਨ, ਤਿਨ੍ਹਾਂ ਦੇ ਓਹ ਜਮ ਕੰਕਰ ਨੇੜੇ ਨਹੀਂ ਫਟਕਣਾ ਪਾਉਂਦਾ, ਜੋ ਆਮ ਸੰਸਾਰੀਆਂ ਦੇ ਮਰਨ ਸਮੇਂ ਚੁਰਾਸੀ ਦੇ ਜੀਵਾਂ ਦੇ ਆ ਦੁਆਲੇ ਹੁੰਦਾ ਹੈ । ਜਮ ਜੰਦਾਰ ਪ੍ਰਥਾਇ ਬਾਰੰਬਾਰ ਅਨੇਕ ਗੁਰਵਾਕਾਂ ਅੰਦਰ ਇਤਨਾ ਜ਼ੋਰਦਾਰ ਜ਼ਿਕਰ ਆਉਣਾ ਸਿੱਧ ਕਰਦਾ ਹੈ ਕਿ ਜਮ ਦੀ ਹਸਤੀ ਜ਼ਰੂਰ ਹੈ । ਤਦੇ ਤਾਂ ਇਤਨਾ ਜ਼ੋਰ ਦਿਤਾ ਗਿਆ ਹੈ । ਫੇਰ ਭੀ ਜੇ ਬੇ-ਯਕੀਨਿਆਂ ਨੂੰ ਯਕੀਨ ਨ ਆਵੇ ਤਾਂ ਇਹ ਓਹਨਾਂ ਦੀ ਮਨਮੁਖਤਾ ਅਤੇ ਮਤਸਰਤਾ ਦਾ ਪੱਕਾ ਸਬੂਤ ਹੈ । ਜਮ ਦੀ ਹੋਂਦ ਦੇ ਸਬੂਤ ਵਿਚ ਕੋਈ ਸ਼ਕ ਬਾਕੀ ਨਹੀਂ ਰਹਿ ਗਿਆ ।

ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥
ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ ॥੩॥੭॥
[ਸੋਰਠਿ ਮ: ੯, ਪੰਨਾ ੬੩੩

 www.sikhbookclub.com

ਗੁਰੂ ਘਰ ਵਿਚ ਆ ਕੇ ਗੁਰੂ ਰੂਪੀ ਸਚੇ ਸਾਧ ਦੀ ਪ੍ਰਾਪਤੀ ਹੋਣ ਕਰਿ ਹੀ ਮਨ ਦੀ ਸਾਰੀ ਦੁਰਮਤਿ ਦਾ ਨਾਸ ਹੁੰਦਾ ਹੈ, ਕਿਉਂਕਿ ਓਥੇ ਗੁਰਮਤਿ ਨਾਮ ਦੀ ਪੱਕੀ ਦੀਖਿਆ ਮਿਲਣ ਕਰਿ ਪਾਰਸ ਰਸਾਇਣੀ ਮੁਅਜਜ਼ਾ ਵਰਤਦਾ ਹੈ। ਗੁਰੂ ਅਤੇ ਗੁਰਮਤਿ ਨਾਮ ਰੂਪੀ ਪਾਰਸ ਭੇਟਣ ਕਰਿ ਜਗਿਆਸੂ ਜਨ ਦਾ ਮਨ ਕੰਚਨ ਚੰਦਨ ਵਤ ਹੋ ਜਾਂਦਾ ਹੈ। ਉਸ ਦੀ ਦੁਰਮਤਿ ਮਤਿ ਦਾ ਵਿਣਾਸ ਅਵਸ਼ਜ ਹੋਣਾ ਹੀ ਸੀ, ਸੋ ਹੋ ਜਾਂਦਾ ਹੈ। ਗੁਰੂ ਸਾਧ ਰੂਪੀ ਪਾਰਸ ਭੇਟਣ ਸਾਰ ਹੀ ਇਹ ਚੁੰਭਕ ਕਲਾ ਵਰਤ ਜਾਂਦੀ ਹੈ ਕਿ ਤੁਰਤ ਫੁਰਤ ਹੀ ਚਿੰਤਾਮਣੀ ਨਾਮ ਦੀ ਜੋਤਿ-ਬਿਜਲਾਣੀ ਲਹਿਰ ਰੌ ਉੱਤਮ ਅਤੇ ਵਡਿਭਾਗੇ ਜਗਿਆਸੂ ਜਨ ਦੇ ਰੋਮ ਰੋਮ ਅੰਦਰ ਅਤੇ ਉਸ ਦੀ ਨਾੜ ਨਾੜ ਅੰਦਰ ਫਿਰ ਜਾਂਦੀ ਹੈ। ਅਣਵੱਸ ਹੀ, ਆਪ-ਹੁਦਰੋਂ ਨਾਮ ਅਭਿਆਸ ਦੇ ਤੋਰੇ ਤੁਰ ਪੈਂਦੇ ਹਨ, ਜੋ ਤੁਰੇ ਹੀ ਰਹਿੰਦੇ ਹਨ। ਊਠਤ ਬੈਠਤ ਸੋਵਤ ਜਾਗਤ ਨਾਮ ਦਾ ਖੰਡਾ ਖੜਕਦਾ ਹੀ ਰਹਿੰਦਾ ਹੈ। ਉਸ ਵਡਿਭਾਗੇ ਜਨ ਦੀ ਜਮ ਦੀ ਫਾਸੀ ਉਸੇ ਦਮ ਤੋਂ ਹੀ ਕਟੀ ਜਾਂਦੀ ਹੈ। ਧੁਰ ਦੀ ਬਖ਼ਸ਼ਸ਼ ਵਾਲਾ ਪਾਰਸ ਨਾਮ ਐਸੀ ਚੁੰਭਕ ਕਲਾ ਵਾਲਾ ਮਣੀਆ ਹੈ ਕਿ ਇਸ ਦੇ ਰਿਦੰਤਰ ਪਰਵੇਸ਼ ਹੋਣ ਕਰਿ ਉਸ ਦੀਆਂ ਸਰਬ ਚਿਤਵਣੀਆਂ ਪੂਰੀਆਂ ਹੋ ਜਾਂਦੀਆਂ ਹਨ। ਜਿਸ ਦੇ ਅੰਦਰਿ ਕਿ ਇਹ ਚਿੰਤਾਮਣੀ ਹੀਰਾ ਰਤਨ ਲਾਲ ਆਨਿ ਪ੍ਰਗਟ ਹੁੰਦਾ ਹੈ, ਤਿਸ ਜਨ ਦੇ ਸਾਰੇ ਜਮ-ਡਰ ਨਿਵਾਰੇ ਜਾਂਦੇ ਹਨ। ਜਿਵੇਂ ਜੋਤਿ ਬਿਜਲਾਰਕ ਉਜਿਆਰੇ ਦੇ ਸਾਹਮਣੇ ਹਨੇਰਾ ਨਹੀਂ ਫਟਕਣਾ ਪਾਉਂਦਾ, ਇਸੇ ਪਰਕਾਰ ਨਾਮ-ਜੋਤਿ-ਵਿਗਾਸੀਆਂ ਦੇ ਨੇੜੇ ਜਮ ਜੰਦਾਰ ਨਹੀਂ ਢੁਕਦਾ—

ਭਗਤਾ ਨੋ ਜਮੁ ਜੋਹਿ ਨ ਸਾਕੈ ਕਾਲੁ ਨ ਨੇੜੈ ਜਾਈ ॥
ਕੇਵਲ ਰਾਮ ਨਾਮੁ ਮਨਿ ਵਸਿਆ ਨਾਮੇ ਹੀ ਮੁਕਤਿ ਪਾਈ...॥੨॥
(੮॥੧) [ਸੋਰਠਿ ਮ: ੩ ਘਰੁ ੧, ਪੰਨਾ ੬੩੭

ਗੁਰੂ ਘਰ ਦੇ ਭਗਤ ਜਨਾਂ ਦੇ ਹਿਰਦੇ ਅੰਦਰ ਕੇਵਲ ਗੁਰਮਤਿ ਨਾਮ ਵਾਹਿਗੁਰੂ ਹੀ ਪਰਮ ਪਰਬਲਤਾ ਸਹਿਤ ਵਸਿਆ ਹੋਇਆ ਹੁੰਦਾ ਹੈ ਅਤੇ ਸਦਾ ਵਸਿਆ ਹੀ ਰਹਿੰਦਾ ਹੈ। ਨਾਮ ਬਿਨਾਂ ਭਗਤ ਜਨਾਂ ਦਾ ਆਚਾਰ ਵਿਉਹਾਰ ਹੀ ਹੋਰ ਕੋਈ ਨਹੀਂ ਹੁੰਦਾ। ਇਸ ਕਰਕੇ ਨਾਮ ਦੇ ਪਰਬਲ ਪਰਤਾਪ ਕਰਿ ਤਿਨ੍ਹਾਂ ਨੂੰ ਜਮ ਜੋਹ ਹੀ ਨਹੀਂ ਸਕਦਾ। ਨਾ ਹੀ ਕਾਲ (ਮੌਤ) ਦਾ ਦੁਖ ਤਿਨ੍ਹਾਂ ਨੂੰ ਵਿਆਪਦਾ ਹੈ। (ਵਿਆਪ ਸਕਦਾ ਹੀ ਨਹੀਂ) ਕਿਉਂਕਿ ਉਹ ਤਾਂ ਜੀਉਂਦੇ ਜੀਅ ਹੀ ਮੁਕਤ ਪਦ ਨੂੰ ਪ੍ਰਾਪਤ ਹੋ ਚੁਕੇ ਹੋਏ ਹੁੰਦੇ ਹਨ। ਸੰਸਾਰੀਆਂ, ਸਾਕਤ ਪੁਰਸ਼ਾਂ ਨੂੰ ਹੀ ਜਮ ਜੋਹ ਸਕਦਾ ਹੈ।

ਮਨ ਰੇ ਸੰਸਾਰੁ ਅੰਧ ਗਹੇਰਾ ॥
ਚਹੁ ਦਿਸ ਪਸਰਿਓ ਹੈ ਜਮ ਜੇਵਰਾ ॥੧॥ਰਹਾਉ॥(੪॥੧)
[ਸੋਰਠਿ ਕਬੀਰ ਜੀ, ਪੰਨਾ ੬੫੪

ਸੰਸਾਰ ਅਤੇ ਸਮੂਹ ਸੰਸਾਰੀਆਂ ਦੇ ਦੁਆਲੇ ਚਾਰੀਂ ਪਾਸੀਂ ਜਮ ਦਾ ਜਾਲ ਤਣਿਆ ਪਿਆ ਹੈ, ਜਮ ਦਾ ਹੀ ਪਸਾਰਾ ਪਸਰਿਆ ਪਿਆ ਹੈ, ਕਿਉਂਕਿ ਸਾਰਾ ਜਗਤ ਸਾਕਤ ਅਤੇ ਨਿਗੁਰਾ ਹੋਣ ਕਰਿ ਅਗਿਆਨ-ਅੰਧਤਾ ਦੇ ਡੂੰਘੇ ਖਾਤੇ ਵਿਚ ਡਿਗਿਆ ਪਿਆ ਹੈ। ਓਥੇ ਉਸ ਨੂੰ ਕਢਣਹਾਰਾ ਕੋਈ ਨਹੀਂ, ਸਿਵਾਏ ਸਤਿਗੁਰੂ ਦੇ। ਸਤਿਗੁਰੂ ਦੀ ਸਰਨਿ ਸਾਕਤ ਸੰਸਾਰੀ ਪੁਰਸ਼ ਆਉਂਦੇ ਨਹੀਂ। ਇਸ ਕਰਕੇ ਸਾਰਾ ਸੰਸਾਰ ਅਤੇ ਸਗਲ ਸੰਸਾਰੀ ਪੁਰਸ਼ ਇਸ ਅਗਿਆਨ ਅੰਧੇਰੇ ਦੇ ਗੁਬਾਰ-ਗਹੇਰੇ ਵਿਚ ਹੀ ਰੁੜ੍ਹੇ ਚਲੇ ਜਾਂਦੇ ਹਨ। ਇਹ ਸਭ ਜਮ ਦਾ ਗ੍ਰਾਸ ਹਨ। ਜਮ ਦੀ ਫਾਸ ਵਿਚ ਹੀ ਪੈਣਗੇ। ਤਾਂ ਤੇ ਇਸ ਸੰਸਾਰ ਗਹੇਰੇ ਵਿਚ ਫਸਣ ਤੋਂ, ਇਸ ਅੰਧ ਖਾਤੇ ਦੀ ਗਡਣ ਤੋਂ ਸਦਾ ਬਚੇ ਹੀ ਰਹਿਣਾ ਚਾਹੀਦਾ ਹੈ।

ਤੇਰੇ ਗਲਹਿ ਤਉਕੁ ਪਗ ਬੇਰੀ ॥ ਤੂ ਘਰ ਘਰ ਰਮਈਐ ਫੇਰੀ ॥
ਤੂ ਅਜਹੁ ਨ ਚੇਤਸਿ ਚੇਰੀ ॥ ਤੂ ਜਮਿ ਬਪੁਰੀ ਹੈ ਹੇਰੀ ॥੨॥(੪॥੫)
[ਸੋਰਠਿ ਕਬੀਰ ਜੀ, ਪੰਨਾ ੬੫੫

ਭਗਤ ਕਬੀਰ ਸਾਹਿਬ ਭੀ ਇਸ ਗੁਰਵਾਕ ਵਿਖੇ ਜਮ ਦੀ ਹੋਂਦ ਬਾਰੇ ਸ਼ਾਹਦੀ ਭਰਦੇ ਹਨ ਕਿ ਸਾਰੀ ਸੰਸਾਰੀ ਜੀਵ-ਸ਼੍ਰੇਣੀ ਜਮ ਦੇ ਚੀਰੇ ਵਿਚ ਹੈ। ਸਭ ਦੇ ਗਲ ਵਿਚ ਜਮ ਦਾ ਤਉਕ ਪੈਣਾ ਹੈ। ਸਾਰਿਆਂ ਦੇ ਪੈਰਾਂ ਵਿਚ ਜਮਾਂ ਨੇ ਬੇੜੀਆਂ ਪਾਉਣੀਆਂ ਹਨ। ਸਾਰੀ ਜੀਵ-ਸ਼੍ਰੇਣੀ ਚਉਰਾਸੀਹ ਦੇ ਗੇੜ ਵਿਚ ਪੈਣੀ ਹੈ। ਸਭ ਇਹ ਚਉਰਾਸੀ ਦੀ ਜੀਵ-ਸ਼੍ਰੇਣੀ ਜਮ ਦੀ ਅੱਖ ਵਿਚ ਹੈ। ਜਮ ਗ੍ਰਸਣ ਨੂੰ ਤਿਆਰ ਹੀ ਬੈਠਾ ਹੈ। ਪਰ ਭਰਮ ਭੁਲੀ ਹੋਈ ਮਾਇਆ-ਗ੍ਰਸਤ ਲੋਕਾਈ ਦੀ ਅੱਖ ਅਜੇ ਭੀ ਨਹੀਂ ਉਘੜਦੀ, ਪਰਮਾਰਥ ਦੇ ਪਾਸੇ ਵਲ। ਮਾਇਆ ਦੇ ਵਹਿਣ ਵਿਚ ਹੀ ਰੁੜ੍ਹੀ ਚਲੀ ਜਾਂਦੀ ਹੈ ਸਾਰੀ ਲੁਕਾਈ। ਸਿਰਜਨਹਾਰ ਕਰਤਾਰ ਦਾ ਨਾਮ ਚੇਤਨ ਕਰਨ ਦਾ ਅਜੇ ਭੀ ਕਿਸੇ ਨੂੰ ਫ਼ਿਕਰ ਨਹੀਂ।

ਤੁਮਰੇ ਭਜਨ ਕਟਹਿ ਜਮ ਫਾਂਸਾ ॥
ਭਗਤਿ ਹੇਤ ਗਾਵੈ ਰਵਿਦਾਸਾ ॥੫॥੫॥
[ਸੋਰਠਿ ਰਵਿਦਾਸ ਜੀ, ਪੰਨਾ ੬੫੯

ਭਗਤ ਰਵਿਦਾਸ ਜੀ ਇਸ ਗੁਰਵਾਕ ਦੁਆਰਾ ਦ੍ਰਿੜ੍ਹਾਉਂਦੇ ਹਨ ਕਿ ਜਮ ਦੀ ਫਾਸ ਸਭ ਦੇ ਸਿਰ ਤੇ ਖੜੀ ਹੈ, ਪੈਣ ਨੂੰ ਤਿਆਰ। ਇਹ ਜਮ-ਫਾਸ

 www.sikhbookclub.com

ਵਾਹਿਗੁਰੂ ਦੇ ਭਜਨ ਦੁਆਰਾ ਹੀ ਕੱਟੀ ਜਾ ਸਕਦੀ ਹੈ, ਐਵੇਂ ਨਹੀਂ। ਇਸ ਲਈ ਭਾਉ ਭਗਤੀ ਭਜਨ ਕਰਨ ਹਿਤ ਹਰ ਸਮੇਂ ਹੀ ਹਰੀ ਜਸ ਤੱਤਪਰ ਹੋ ਕੇ, ਲੱਕ ਬੰਨ੍ਹ ਕੇ ਗਾਉਣਾ ਉਚਿਤ ਹੈ। ਸਿਫ਼ਤ ਸਲਾਹ ਵਿਚ ਰਮਤ ਹੋਣ ਨਾਲ ਹੀ ਜਮ ਦੀ ਫਾਸ ਕੱਟੀ ਜਾਣੀ ਸੰਭਵ ਹੈ, ਐਵੇਂ ਨਹੀਂ। ਏਸੇ ਕਰਕੇ ਅਗਲੇ ਗੁਰ ਪ੍ਰਮਾਣ ਅੰਦਰ ਸ੍ਰੀ ਰਵਿਦਾਸ ਭਗਤ ਜੀ ਉਚਾਰਨ ਕਰਦੇ ਹਨ ਕਿ ਮੈਂ ਹਰ ਸਮੇਂ ਨਾਮ ਰਟਣ ਅੰਦਰ ਰਚਿਆ ਰਮਿਆ ਰਹਿੰਦਾ ਹਾਂ, ਤਾਂ ਤੇ ਜਮ ਦੇ ਨਾਲ ਮੇਰਾ ਕੋਈ ਵਾਸਤਾ ਨਹੀਂ ਪੈਣਾ। ਜਮ ਦਾ ਕੀ ਕੰਮ ਹੈ ਜੁ ਮੇਰੇ ਨੇੜੇ ਆ ਜਾਵੇ ? ਯਥਾ—

ਰਵਿਦਾਸੁ ਜਪੈ ਰਾਮ ਨਾਮਾ ॥ ਮੋਹਿ ਜਮ ਸਿਉ ਨਾਹੀ ਕਾਮਾ ॥੩॥੭॥
[ਸੋਰਠਿ ਰਵਿਦਾਸ ਜੀ, ਪੰਨਾ ੬੫੯

ਦੇਖੋ ਅਗਲੇ ਗੁਰਵਾਕ ਅੰਦਰ ਗੁਰੂ ਨਾਨਕ ਸਾਹਿਬ ਕੀ ਫ਼ੁਰਮਾਉਂਦੇ ਹਨ—

ਨਾਮੁ ਖਸਮ ਕਾ ਚਿਤਿ ਨ ਕੀਆ ਕਪਟੀ ਕਪਟੁ ਕਮਾਣਾ ॥
ਜਮ ਦੁਆਰਿ ਜਾ ਪਕੜਿ ਚਲਾਇਆ ਤਾ ਚਲਦਾ ਪਛੁਤਾਣਾ ॥੪॥
(੫॥੨) [ਧਨਾਸਰੀ ਮ: ੧, ਪੰਨਾ ੬੬੦-੬੧

ਆਗਮ ਨਿਗਮ ਦੀ ਜੀਵ-ਗਤੀ ਜਾਨਣਹਾਰ ਅੰਤਰਯਾਮੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਸੰਸਾਰੀ ਮਾਇਆਧਾਰੀ ਜੀਵ ਸਾਰੇ ਕਪਟ ਚਲਾਕੀ ਦੇ ਭਰੇ ਹੋਏ ਹੀ ਹਨ। ਸਾਰੀ ਉਮਰ ਕਪਟ ਹੀ ਕਮਾਉਣ ਵਿਚ ਪਰਵਿਰਤ ਰਹਿੰਦੇ ਹਨ। ਓਹਨਾਂ ਨੂੰ ਪਰਮਾਰਥ ਦੇ ਪਾਸੇ ਦੀ ਸੂਝ ਬੂਝ ਹੀ ਨਹੀਂ ਆਉਂਦੀ। ਨਾ ਹੀ ਅਗੇ ਦਾ ਡਰ ਭੈ ਬਿਆਪਦਾ ਹੈ।

ਪਰ ਓਦੋਂ ਹੀ ਪਤਾ ਲਗੂ ਜਦੋਂ ਮਰਨ ਪਿਛੋਂ ਜਮਪੁਰੀ ਵਿਚ ਬੰਨ੍ਹ ਕੇ ਚਲਾਇਆ ਜਾਊ। ਜਮ ਮਗ ਬੱਧੇ ਜਾਣ ਸਮੇਂ ਫੇਰ ਪਛਤਾਇਆਂ ਕੀ ਬਣੂ ? ਗੁਰੂ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਐਸੇ ਅਗਿਣਤ ਜੀਵ ਜਮ-ਮਗ ਬੱਧੇ ਜਾਂਦੇ ਅਤੇ ਪਛਤਾਂਦੇ ਦੇਖੇ ਪਰਖੇ ਹਨ। ਤਦੇ ਤਾਂ ਆਪਣੀ ਅੱਖੀਂ ਡਿਠੀ ਸ਼ਾਹਦੀ ਏਥੇ ਦਿੰਦੇ ਹਨ। ਅਤੇ ਸੰਸਾਰੀਆਂ ਨੂੰ ਚਉਕੰਨੇ ਕਰਦੇ ਹਨ ਕਿ ਰਚਣਹਾਰ ਮਾਲਕ ਦਾ ਨਾਮ ਚਿੰਤਨ ਕਰਨ, ਨਾਮ ਜਪਣ ਵਿਚ ਜੁਟ ਜਾਣ, ਨਹੀਂ ਤਾਂ ਅਗੇ ਚਲ ਕੇ ਜਮ ਦੇ ਵਸਿ ਜ਼ਰੂਰ ਪੈਣਾ ਲਗੂ ਅਤੇ ਪਛਤਾਉਣਾ ਪਊ, ਪਰ ਫੇਰ ਪਛਤਾਇਆਂ ਕੁਝ ਬਣਨਾ ਨਹੀਂ। ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਸੁਣਨਹਾਰੇ ਪਾਠ ਕਰੀ ਸੁਣੀ ਜਾਂਦੇ ਹਨ, ਪਰ ਇਸ ਅਗੇ ਬੰਨ੍ਹਣ ਵਾਲੀ ਹਕੀਕਤ ਨੂੰ ਸਭੇ ਉਲੰਘੀ ਜਾਂਦੇ ਹਨ। ਏਸ ਪਾਸੇ ਗਹੁ ਕਰ ਕੇ ਪਰਤਦੇ ਹੀ

ਨਹੀਂ । ਕਦੇ ਭੀ ਗੁਰਬਾਣੀ ਦੇ ਤੱਤ ਭਾਵ ਨੂੰ ਗਹਿ ਕਰ ਨਹੀਂ ਵਿਚਾਰਦੇ । ਥਾਂ ਪਰ ਥਾਂ ਗੁਰਬਾਣੀ ਅੰਦਰ ਜਮ ਦਾ ਜ਼ਿਕਰ ਹੈ ਅਤੇ ਜਮ ਤੋਂ ਬਚਣ ਦੀ ਜਗ੍ਹਾ ਜਗ੍ਹਾ ਹਿਦਾਇਤ ਮਉਜੂਦ ਹੈ, ਪਰ ਗੁਮੇਹ ਹੀ ਨਹੀਂ ਕਰਦੇ । ਇਹ ਸਮਝਦੇ ਹਨ ਕਿ ਇਹ ਐਵੇਂ ਫ਼ਾਲਤੂ ਗੱਲਾਂ ਹੀ ਲਿਖੀਆਂ ਹਨ । ਪਰ ਜੇ ਗੁਰੂ ਦੀ ਬਾਣੀ ਨੂੰ ਸਤਿ ਸਤਿ ਕਰ ਕੇ ਮੰਨਣ ਤਾਂ ਕਦੇ ਇਹ ਹੋ ਸਕਦਾ ਹੈ ਕਿ ਓਹ ਆਪਣਾ ਅੱਗਾ ਸੰਵਾਰਨ ਦੇ ਫ਼ਿਕਰ ਵਿਚ ਨਾ ਪੈਣ ਅਤੇ ਗੁਰਵਾਕਾਂ ਅੰਦਰ ਉਪਦੇਸ਼ਤ ਹੁਕਮਾਂ ਨੂੰ ਨਾ ਕਮਾਉਣ । ਪਰ ਅਫ਼ਸੋਸ ਕਿ ਬਪੁੜੇ ਮਾਇਆ-ਮਮਤਾ-ਗ੍ਰਸਤ ਸੰਸਾਰੀਆਂ ਨੂੰ ਗੁਰਬਾਣੀ ਦੀ ਨਾ ਸ਼ਰਧਾ-ਭਾਵਨੀ ਹੈ ਤੇ ਨਾ ਹੀ ਅੱਗੇ ਦੀ ਪਰਵਾਹ ਹੈ, ਨਾ ਸਤਿਗੁਰੂ ਦੇ ਵਾਕਾਂ ਉਤੇ ਨਿਸਚਾ ਭਰੋਸਾ ਹੈ । ਇਸ ਕਰਕੇ ਓਹਨਾਂ ਦੀ ਹੋਣ ਵਾਲੀ ਜ਼ਿਲਤ ਖੁਆਰੀ ਤੇ ਤਰਸ ਆਏ ਬਿਨਾਂ ਨਹੀਂ ਰਹਿੰਦਾ ।

ਹਰਿ ਕੇ ਸੇਵਕ ਸੇ ਹਰਿ ਪਿਆਰੇ ਜਿਨ ਜਪਿਓ ਹਰਿ ਬਚਨਾਕੀ ॥
ਲੇਖਾ ਚਿਤ੍ਰ ਗੁਪਤਿ ਜੋ ਲਿਖਿਆ ਸਭ ਛੂਟੀ ਜਮ ਕੀ ਬਾਕੀ ॥੨॥
(੪॥੬) [ਧਨਾਸਰੀ ਮ: ੪, ਪੰਨਾ ੬੬੮

ਵਿਆਖਿਆ—ਜਿਨ੍ਹਾਂ ਗੁਰਮੁਖਾਂ ਨਾਮ ਸਿਮਰਨਹਾਰੇ ਸੇਵਕਾਂ ਭਗਤਾਂ ਨੇ ਵਾਹਿਗੁਰੂ ਨਾਮ ਨੂੰ ਗੁਰਬਾਣੀ ਰੂਪੀ ਹਰਿ ਬਚਨਾਂ ਦੀ ਰੌਸ਼ਨੀ ਅੰਦਰ ਜਪਿਆ ਹੈ, ਤਿਨ੍ਹਾਂ ਦੀ ਜਮ ਦੀ ਬਾਕੀ ਸਭ ਛੁਟ ਗਈ ਹੈ । ਤਿਨ੍ਹਾਂ ਨਮਿੱਤ ਲਿਖਿਆ ਹੋਇਆ ਚਿਤਰ ਗੁਪਤ ਦਾ ਲੇਖਾ ਭੀ ਸਭ ਮੁੱਕ ਚੁੱਕ ਗਿਆ ਹੈ । ਇਸ ਗੁਰਵਾਕ ਦੁਆਰਾ ਨਾ ਸਿਰਫ਼ ਜਮ ਦੀ ਹੋਂਦ ਹੀ ਸਿੱਧ ਹੋਈ ਬਲਕਿ ਚਿਤਰ ਗੁਪਤ ਦੀ ਹੋਂਦ ਭੀ ਸਿਧ ਹੋ ਗਈ, ਜੋ ਧਰਮਰਾਇ ਦੇ ਮੁਨਸ਼ੀ ਜੀਵਾਂ ਦਾ ਲੇਖਾ ਲਿਖਣ ਲਈ ਰਖੇ ਹੋਏ ਹਨ । ਚਿਤਰ ਗੁਪਤ ਪ੍ਰਥਾਇ ਵਖਰੇ ਕਾਂਡ ਵਿਚ ਖ਼ਾਸ ਜ਼ਿਕਰ ਆਵੇਗਾ ।

ਗੁਣ ਨਿਧਾਨੁ ਰਿਦ ਭੀਤਰਿ ਵਸਿਆ ਤਾ ਦੂਖੁ ਭਰਮ ਭਉ ਭਾਗਾ ॥
ਭਈ ਪਰਾਪਤਿ ਵਸਤੁ ਅਗੋਚਰ ਰਾਮ ਨਾਮਿ ਰੰਗੁ ਲਾਗਾ ॥੨॥
ਚਿੰਤ ਅਚਿੰਤਾ ਸੋਚ ਅਸੋਚਾ ਸੋਗੁ ਲੋਭੁ ਮੋਹੁ ਥਾਕਾ ॥
ਹਉਮੈ ਰੋਗ ਮਿਟੇ ਕਿਰਪਾ ਤੇ ਜਮ ਤੇ ਭਏ ਬਿਬਾਕਾ ॥੩॥
ਗੁਰ ਕੀ ਟਹਲ ਗੁਰੂ ਕੀ ਸੇਵਾ ਗੁਰ ਕੀ ਆਗਿਆ ਭਾਣੀ ॥
ਕਹੁ ਨਾਨਕ ਜਿਨਿ ਜਮ ਤੇ ਕਾਢੇ ਤਿਸੁ ਗੁਰ ਕੈ ਕੁਰਬਾਣੀ ॥੪॥੪॥
[ਧਨਾਸਰੀ ਮ: ੫, ਪੰਨਾ ੬੭੧

ਵਿਆਖਿਆ—ਜਿਨ੍ਹਾਂ ਗੁਰਮੁਖਾਂ ਦੇ ਰਿਦੇ ਅੰਦਰ ਗੁਰਮਤਿ ਨਾਮ ਵਾਹਿਗੁਰੂ ਦੀ ਅਤੁਟ ਅਭਿਆਸ ਕਮਾਈ ਦੁਆਰਾ ਖ਼ੁਦ ਵਾਹਿਗੁਰੂ ਗੁਣੀ ਨਿਧਾਨ ਆ ਵਸਿਆ ਹੈ, ਤਿਨ੍ਹਾਂ ਦਾ ਜਨਮ ਮਰਨ ਦਾ ਦੁਖ ਅਤੇ ਹਰ ਪਰਕਾਰ ਦਾ ਭਰਮ ਤੇ ਭਉ ਦੂਰ ਹੋ ਗਿਆ ਹੈ। ਇਹ ਸਭ ਕੁਛ ਇਸ ਕਰਕੇ ਹੋਇਆ ਕਿ ਤਿਨ੍ਹਾਂ ਨੂੰ ਗੁਰੂ ਦੁਆਰਿਓਂ ਗੁਰਮਤਿ ਨਾਮ ਰੂਪੀ ਅਗੋਚਰ ਵਸਤੂ ਪ੍ਰਾਪਤਿ ਹੋਈ, ਜਿਸ ਦੀਆਂ ਅਭਿਆਸ ਕਮਾਈਆਂ ਕਰਿ ਕਰਿ ਤਿਨ੍ਹਾਂ ਦੇ ਘਟ ਅੰਦਰ ਵਾਹਿਗੁਰੂ ਨਾਮ ਹੀ ਜੋਤਿ ਪ੍ਰਕਾਸ਼ਕ ਰੰਗਾਂ ਵਿਚ ਪਰਗਟ ਹੋਇਆ ਹੈ। ਤੇ ਜਨ ਹਰ ਪ੍ਰਕਾਰ ਦੀ ਚਿੰਤਾ ਫ਼ਿਕਰ ਕਰਨੋਂ ਅਚਿੰਤ ਅਤੇ ਬੇਫ਼ਿਕਰ ਹੋ ਗਏ ਹਨ ਅਤੇ ਸੋਚਾਂ ਸੋਚਣੋਂ ਅਸੋਚ ਹੋ ਗਏ ਹਨ। ਤਿਨ੍ਹਾਂ ਦੇ ਹਰ ਪਰਕਾਰ ਦੇ ਰੰਜ ਗ਼ਮ ਅਤੇ ਲੋਭ ਮੋਹ ਮੁੱਕ ਗਏ ਅਤੇ ਵਾਹਿਗੁਰੂ ਦੀ ਕਿਰਪਾ ਦੁਆਰਾ ਤਿਨ੍ਹਾਂ ਦੇ ਹਉਮੈ ਰੋਗ ਭੀ ਮਿਟ ਗਏ। ਤੇ ਜਨ ਜਮ ਤੋਂ ਭੀ ਬੇਬਾਕ (ਬੇਖ਼ੌਫ਼) ਹੋ ਗਏ। ਤਿਨ੍ਹਾਂ ਅਨਿੰਨ ਗੁਰਸਿਖਾਂ ਨੂੰ ਗੁਰੂ ਕੀ ਆਗਿਆ ਅਤੇ ਗੁਰੂ ਦੇ ਹੁਕਮਾਂ ਚੇ ਪਾਲਨ ਰੂਪੀ ਟਹਿਲ ਸੇਵਾ ਹੀ ਭਾਈ ਹੈ, ਹੋਰ ਕੁਛ ਨਹੀਂ ਭਾਇਆ। ਤਿਨ੍ਹਾਂ ਨੂੰ ਸਤਿਗੁਰੂ ਨੇ ਬਾਂਹ ਫੜ ਕੇ ਜਮ ਦੇ ਜੱਫੇ ਤੋਂ ਬਾਹਰ ਕਢ ਲਿਆ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਜਮ ਤੋਂ ਛੁਡਾਉਣ ਵਾਲੇ ਗੁਰੂ ਵਿਟਹੁ ਕੁਰਬਾਨ ਹੋ ਹੋ ਜਾਣਾ ਚਾਹੀਦਾ ਹੈ। ਇਸ ਗੁਰਵਾਕ ਤੋਂ ਸਿਧ ਹੋਇਆ ਕਿ ਗੁਰੂ ਸਾਹਿਬਾਨ ਦਾ ਉੱਤਮ ਉਦੇਸ਼ਾਂ ਵਿਚੋਂ ਇਕ ਉਦੇਸ਼ ਜੀਵਾਂ ਨੂੰ ਜਮ ਤੋਂ ਛੁਡਾਉਣ ਦਾ ਭੀ ਹੈ। ਇਸ ਇਕੋ ਗੁਰਵਾਕ ਅੰਦਰ ਦੋ ਵਾਰ 'ਜਮ' ਦਾ ਜ਼ਿਕਰ ਆਇਆ ਹੈ। ਕੀ ਐਵੇਂ ਫ਼ਾਲਤੂ ਹੀ ਆਇਆ ਹੈ ? ਹਰਗਿਜ਼ ਨਹੀਂ। ਸਗੋਂ ਜਮ ਦੀ ਯਕੀਨੀ ਹੋਂਦ ਉਤੇ ਖ਼ਾਸ ਜ਼ੋਰ ਦਿਤਾ ਹੈ।

ਸਾਗਰੁ ਤਰਿਆ ਸਾਧੂ ਸੰਗੇ ॥ ਨਿਰਭਉ ਨਾਮੁ ਜਪਹੁ ਹਰਿ ਰੰਗੇ ॥੩॥
ਪਰਧਨ ਦੋਖ ਕਿਛੁ ਪਾਪ ਨ ਫੇੜੇ ॥ ਜਮ ਜੰਦਾਰੁ ਨ ਆਵੈ ਨੇੜੇ ॥੪॥
(੫॥੧॥੫੫) [ਧਨਾਸਰੀ ਮ: ੫, ਪੰਨਾ ੬੮੪

ਵਿਆਖਿਆ—ਜਿਨ੍ਹਾਂ ਪਿਆਰਿਆਂ ਨੇ ਨਿਰਭਉ ਨਾਮੁ ਵਾਹਿਗੁਰੂ ਆਤਮ ਰੰਗਾਂ ਵਿਚ ਜਪਿਆ ਹੈ ਅਤੇ ਸਦਾ ਸਤਿਸੰਗ ਵਿਚ ਨਿਵਾਸ ਕੀਤਾ ਹੈ, ਸੋ ਇਸ ਭਵ-ਸਾਗਰ ਤੋਂ ਪਾਰ ਪਏ ਹਨ। ਤਿਨ੍ਹਾਂ ਨੂੰ ਪਿਛਲੇ ਕੀਤੇ ਪਰਧਨ ਪਰਤਨ ਸੰਬੰਧ ਦੋਖ ਤੇ ਪਾਪ ਨਹੀਂ ਪੋਂਹਦੇ। ਓਹ ਸਭ ਦੋਖ ਪਾਪ ਪਿਛਲੇ ਕਮਾਤੇ ਅਵਗੁਣਾਂ ਦੇ ਕਟੇ ਜਾਂਦੇ ਹਨ ਅਤੇ ਅਗੇ ਨੂੰ ਗੁਰੂ ਕੇ ਸਿਖ ਸਜ ਕੇ ਓਹ ਕਦੇ ਭੀ ਏਹਨਾਂ ਦੋਖਾਂ ਪਾਪਾਂ ਵਿਚ ਪਰਵਿਰਤ ਨਹੀਂ ਹੁੰਦੇ। ਅਤੇ ਅਗਾਹਾਂ (ਅਗਲੀ ਦਰਗਾਹ ਵਿਖੇ) ਜਾ ਕੇ ਜਮ ਭੀ ਤਿਨ੍ਹਾਂ ਦੇ ਨੇੜੇ ਨਹੀਂ ਆਉਂਦਾ।


www.sikhbookclub.com

ਭਜੁ ਸੰਗਿ ਸਾਧੂ ਇਕੁ ਅਰਾਧੂ ਜਨਮ ਮਰਨ ਦੂਖ ਨਾਸਏ ॥
ਧੁਰਿ ਕਰਮੁ ਲਿਖਿਆ ਸਾਚੁ ਸਿਖਿਆ ਕਟੀ ਜਮ ਕੀ ਫਾਸਏ ॥
ਭੈ ਭਰਮ ਨਾਠੇ ਛੁਟੀ ਗਾਠੇ ਜਮ ਪੰਥਿ ਮੂਲਿ ਨ ਆਵੀਐ ॥
ਬਿਨਵੰਤਿ ਨਾਨਕ ਧਾਰਿ ਕਿਰਪਾ ਸਦਾ ਹਰਿਗੁਣ ਗਾਵੀਐ ॥੧॥
(੪॥੧) [ਧਨਾਸਰੀ ਛੰਤ ਮ: ੫, ਪੰਨਾ ੬੯੧

ਵਿਆਖਿਆ—ਜਿਨ੍ਹਾਂ ਦੇ ਵਿਰਸੇ ਵਿਚਿ ਧੁਰੋਂ ਹੀ ਇਹ ਕਰਮ ਲਿਖਿਆ ਆਇਆ ਹੈ, ਤਿਨ੍ਹਾਂ ਨੂੰ ਸਤਿਗੁਰੂ ਦੁਆਰਿਓਂ ਸਚੀ ਗੁਰ ਦੀਖਿਆ ਮਈ ਸਿਖਿਆ ਗੁਰਮੰਤ੍ਰ ਦੀ ਦਾਤਿ ਪ੍ਰਾਪਤ ਹੋਈ ਹੈ, ਤਿਨ੍ਹਾਂ ਨੇ ਹੀ ਮਨ ਬਚਨ ਕਰਮ ਕਰਕੇ ਸਾਧ ਸੰਗਤੀਂ ਬੈਠ ਕੇ ਇਕ ਅਕਾਲ ਪੁਰਖ ਦੀ ਉਪਾਸ਼ਨਾ ਮਈ ਅਰਾਧਨਾ ਕੀਤੀ ਹੈ। ਤਿਨ੍ਹਾਂ ਦੇ ਜਨਮ ਮਰਨ ਚੁਰਾਸੀ ਦੇ ਗੇੜ ਵਾਲੇ ਸਭ ਦੂਖ ਦੂਰ ਹੋ ਗਏ ਹਨ (ਨਸ ਭਜ ਗਏ ਹਨ), ਤਿਨ੍ਹਾਂ ਨੂੰ ਮਰਨ ਪਿਛੋਂ ਅਗਾਹਾਂ (ਅਗਲੀ ਦਰਗਾਹੇ) ਚਲ ਕੇ ਜਮ ਦੇ ਪੈਂਡੇ ਮੂਲੋਂ ਹੀ ਨਹੀਂ ਪੈਣਾ ਪੈਂਦਾ। ਓਹ ਸਦਾ ਇਹੋ ਬੇਨਤੀਆਂ ਕਰਨੀਆਂ ਹੀ ਗੁਰੂ ਨਾਨਕ ਸਾਹਿਬ ਤੋਂ ਸਿਖੇ ਹਨ ਕਿ ਹੇ ਵਾਹਿਗੁਰੂ ! ਐਸੀ ਕਿਰਪਾ ਕਰਹੁ ਕਿ ਅਸੀਂ ਹਰ ਦਮ ਤੇਰੇ ਹੀ ਗੁਣ ਗਾਉਂਦੇ ਰਹੀਏ। ਗੁਣ ਗਾਉਣ ਦਾ ਇਸ਼ਕ ਐਸਾ ਪਰਬਲ ਹੋ ਕੇ ਤਿਨ੍ਹਾਂ ਨੂੰ ਲਗਿਆ ਰਹਿੰਦਾ ਹੈ ਕਿ ਓਹ ਗੁਣ ਗਾਉਣੋਂ ਹਟਦੇ ਹੀ ਨਹੀਂ। ਤਿਨ੍ਹਾਂ ਤੋਂ ਹਟ ਹੀ ਨਹੀਂ ਹੁੰਦਾ। ਜਿਉਂ ਜਿਉਂ ਵਧੇਰੇ ਆਤਮ ਵ੍ਰਿਗਾਸ ਦਾ ਵਿਕਾਸ ਗੁਣ ਗਾਉਣ ਕਰਕੇ ਹੁੰਦਾ ਹੈ ਤਿਉਂ ਤਿਉਂ ਓਹ ਹੋਰ ਵਧੇਰੇ ਗੁਣ ਗਾਵਣ, ਸਿਫ਼ਤ-ਸਲਾਹ ਕਰਨ ਵਿਚ ਤੱਤਪਰ ਹੋ ਕੇ ਜੁਟਦੇ ਹਨ। ਤਿਨ੍ਹਾਂ ਦਾ ਪਰਮਾਰਥੀ ਰਸਤਾ ਉੱਕਾ ਹੀ ਸਾਫ਼ ਜਮ ਤੋਂ ਬੇਲਾਗ ਹੋ ਜਾਂਦਾ ਹੈ।

ਕਰਿ ਕਿਰਪਾ ਟਹਲ ਹਰਿ ਲਾਇਓ
ਤਉ ਜਮਿ ਛੋਡੀ ਮੋਰੀ ਲਾਗਿ ॥੧॥(੨॥੧॥੫)
[ਜੈਤਸਰੀ ਮ: ੫, ਪੰਨਾ ੭੦੧

ਵਾਹਿਗੁਰੂ ਨਾਮ ਸਿਮਰਨ ਰੂਪੀ ਸੇਵਾ ਭਗਤੀ ਵਿਖੇ ਉਸ ਦੀ ਆਪਣੀ ਕਿਰਪਾ ਦੁਆਰਾ ਹੀ ਲਗੀਦਾ ਹੈ। ਜੋ ਜਨ ਲਗ ਗਏ ਹਨ ਵਾਹਿਗੁਰੂ ਨਾਮ ਦੀ ਸਿਮਰਨ ਮਈ ਸੇਵਾ ਭਗਤੀ ਵਿਚ, ਓਹਨਾਂ ਦਾ ਅਗੇ ਜਾ ਕੇ ਜਮ ਪਿਛਾ ਨਹੀਂ ਕਰੇਗਾ। ਉੱਕਾ ਹੀ ਖਹਿੜਾ ਛੱਡ ਜਾਵੇਗਾ।

ਮਨ ਮਹਿ ਸਤਿਗੁਰ ਧਿਆਨੁ ਧਰਾ ॥
ਦ੍ਰਿੜਿਓ ਗਿਆਨੁ ਮੰਤ੍ਰ ਹਰਿ ਨਾਮਾ
ਪ੍ਰਭ ਜੀਉ ਮਇਆ ਕਰਾ ॥੧॥ਰਹਾਉ॥

ਕਾਲ ਜਾਲ ਅਰੁ ਮਹਾ ਜੰਜਾਲਾ ਛੁਟਕੇ ਜਮਹਿ ਡਰਾ ॥
ਆਇਓ ਦੁਖ ਹਰਣ ਸਰਣ ਕਰੁਣਾਪਤਿ ਗਹਿਓ ਚਰਣ ਆਸਰਾ ॥੧॥
(੨॥੨॥੬) [ਜੈਤਸਰੀ ਮ: ੫, ਪੰਨਾ ੭੦੧

ਵਿਆਖਿਆ—ਸਤਿਗੁਰੂ ਦੀ ਕਿਰਪਾ ਦੁਆਰਾ ਗੁਰ-ਦੀਖਿਆ ਪ੍ਰਾਪਤ ਹੋਈ ਅਤੇ ਗਿਆਨ-ਮਈ ਗੁਰਮਤਿ ਨਾਮ ਗੁਰ ਮੰਤਰ ਦ੍ਰਿੜ੍ਹ ਹੋਇਆ । ਗੁਰਮੰਤ੍ਰ ਦੀ ਅਭਿਆਸ ਕਮਾਈ ਕਰਿ "ਸਬਦ ਗੁਰੂ ਸੁਰਤਿ ਧੁਨਿ ਚੇਲਾ" ਵਾਲਾ ਧਿਆਨ ਹਰਦਮ ਹਿਰਦੇ ਅੰਦਰ ਜੁੜ ਗਇਆ । ਮਾਇਆ ਮੋਹ ਰੂਪੀ ਸਾਰੇ ਜੰਜਾਲ ਛੁਟ ਗਏ । ਨਾਲੇ ਕਾਲ ਦੇ ਜਾਲ ਦਾ ਅਤੇ ਜਮ ਦਾ ਡਰ ਸਾਰਾ ਚੁੱਕ ਗਿਆ । ਇਹ ਸਭ ਦਇਆਨਿਧਿ ਦੁਖਹਰਣ ਵਾਹਿਗੁਰੂ ਦੀ ਸਰਣੀ ਆਉਣ ਦਾ ਅਤੇ ਉਸ ਦੇ ਚਰਣ ਗਹਿਣ ਦੇ ਆਸਰੇ ਅਤੇ ਪਰਤਾਪ ਦਾ ਹੀ ਸਦਕਾ ਹੈ ਕਿ ਐਸੀ ਬਿਧਿ ਪ੍ਰਾਪਤ ਹੋਈ ਹੈ ।

ਕੋਟਿ ਬਿਘਨ ਬਿਨਸਹਿ ਹਰਿ ਸੇਵਾ ਨਿਹਚਲੁ ਗੋਵਿਦ ਧਾਮ ॥
ਭਗਵੰਤ ਭਗਤ ਕਉ ਭਉ ਕਿਛੁ ਨਾਹੀ ਆਦਰੁ ਦੇਵਤ ਜਾਮ ॥੧॥
(੨॥੯॥੧੩) [ਜੈਤਸਰੀ ਮ: ੫, ਪੰਨਾ ੭੦੨

ਵਿਆਖਿਆ—ਭਗਵੰਤ ਦੇ ਭਗਤਾਂ ਨੂੰ ਅਨਿੰਨ ਸੇਵਾ ਭਗਤੀ ਦੇ ਬਦਲੇ ਗੋਬਿੰਦ ਵਾਹਿਗੁਰੂ ਦੇ ਨਿਹਚਲ ਧਾਮ ਦਾ ਵਾਸ ਮਿਲਦਾ ਹੈ । ਭਗਤੀ ਰੂਪੀ ਸੇਵਾ ਘਾਲਣਾ ਦਾ ਸਦਕਾ ਤਿਨ੍ਹਾਂ ਦੇ ਕਰੋੜਾਂ ਬਿਘਨ ਬਿਨਸ ਜਾਂਦੇ ਹਨ । ਤਿਨ੍ਹਾਂ ਨੂੰ ਅਗੇ ਦਾ ਕੁਛ ਭਉ ਨਹੀਂ ਰਹਿੰਦਾ । ਸਗੋਂ ਜਮ ਭੀ ਤਿਨ੍ਹਾਂ ਦਾ ਆਦਰ ਸਤਿਕਾਰ ਕਰਦਾ ਹੈ ਅਤੇ ਦੂਰੋਂ ਹੀ ਨਮਸਕਾਰ ਕਰ ਕੇ ਪਰੇ ਹਟ ਜਾਂਦਾ ਹੈ । ਇਹ ਉਸ ਦਾ ਅਦਬ ਆਦਰ ਹੈ ।

ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥
ਜਮ ਕੋ ਤ੍ਰਾਸ ਭਇਓ ਉਰ ਅੰਤਰਿ
ਸਰਨਿ ਗਹੀ ਕਿਰਪਾਨਿਧਿ ਤੇਰੀ ॥੧॥ਰਹਾਉ॥(੩॥੨)
[ਜੈਤਸਰੀ ਮ: ੯, ਪੰਨਾ ੭੦੩

ਵਿਆਖਿਆ—ਸਤਿਗੁਰੂ ਨੌਵੇਂ ਪਾਤਸ਼ਾਹ ਅਸਾਂ ਕਲਜੁਗੀ ਜੀਵਾਂ ਦੀ ਰਖਿਆ ਨਮਿੱਤ ਜਮ ਪਲੰਦੇ ਜਗਤ ਜਲੰਦੇ ਨੂੰ ਬਚਾਵਣ ਲਈ ਇਉਂ ਵਾਹਿਗੁਰੂ ਅਗੇ ਪ੍ਰਾਰਥਨਾ ਕਰਦੇ ਹਨ, ਹੇ ਵਾਹਿਗੁਰੂ ! ਏਹਨਾਂ ਮੈਂ-ਮੇਰੀ ਵਾਲਿਆਂ ਮਾਇਆ-ਮਮਤਾ-ਗ੍ਰਸਤ ਜੀਵਾਂ ਦੀ ਪਤ ਨੂੰ ਤੂੰ ਰਖ ਲੈ । ਤਿਨ੍ਹਾਂ ਦੀ ਜਮ ਦੀ ਤਰਾਸ ਨੂੰ ਇਹਨਾਂ ਦੇ ਉਰ ਅੰਤਰੋਂ ਮਿਟਾ ਦੇ, ਜਿਨ੍ਹਾਂ ਨੇ ਕਿਰਪਾਨਿਧਿ ਵਾਹਿਗੁਰੂ ਤੇਰੀ

ਸ਼ਰਨ ਗਹੀ ਹੈ; ਤੇਰਾ ਆਸਰਾ ਤਕਿਆ ਹੈ । ਸਤਿਗੁਰੂ ਸਚੇ ਪਾਤਸ਼ਾਹ ਨੂੰ ਜੀਵਾਂ ਤੇ ਤਰਸ ਆਇਆ ਅਤੇ ਸਾਫ਼ ਦਿਸਿਆ ਕਿ ਇਹ ਜੀਵ ਜਮ ਦਾ ਗ੍ਰਾਸ ਜ਼ਰੂਰ ਬਣਨਗੇ । ਜਮ ਤੋਂ ਛੁਡਾਉਣ ਲਈ ਅਤੇ ਜਮ ਦੇ ਤ੍ਰਾਸ ਤੋਂ ਬਚਾਉਣ ਲਈ ਦਇਆਨਿਧਿ ਕਰੁਣਾ ਰੂਪ ਸਤਿਗੁਰੂ ਨੇ ਇਹ ਪ੍ਰਾਰਥਨਾ ਕੀਤੀ, ਕਿਉਂਕਿ ਸਮਰਥ ਅਤੇ ਸਰਬੱਗ ਸਤਿਗੁਰੂ ਤੀਨ ਕਾਲ ਭੂਤ ਭਵਿਖ ਭਵਾਨ ਦੇ ਤ੍ਰਿਕਾਲ ਦਰਸੀ ਹਨ । ਓਹਨਾਂ ਨੂੰ ਜੀਵਾਂ ਨਾਲ ਅਗੇ ਵਰਤਣੇ ਵਾਲੇ ਵਰਤਾਰੇ ਦੀ ਸਭ ਸੋਝੀ, ਅੰਤਰਯਾਮਤਾ ਹੁੰਦੀ ਹੈ । ਇਸ ਕਰਕੇ ਓਹਨਾਂ ਦਾ ਫ਼ੁਰਮਾਇਆ ਇਹ ਬਚਨ ਸਤਿ ਸਤਿ ਪੂਰਨ ਸੱਚ ਹੈ ਕਿ ਜਮ ਦਾ ਵਜੂਦ ਜ਼ਰੂਰ ਹੈ । ਇਸ ਤੋਂ ਅਵੇਸਲੇ ਹੋਣਾ ਕਮਲਾਪਣ ਹੈ । ਇਸ ਦੇ ਖ਼ਤਰੇ ਤੋਂ ਰਹਿਤ ਹੋਣ ਦਾ ਇਕੋ ਉਪਾਓ ਅਕਾਲ ਪੁਰਖ ਦੀ ਸਰਨ ਗਹਿਣੀ ਅਤੇ ਉਸ ਦੇ ਅਗੇ ਪ੍ਰਾਰਥਨਾ ਕਰਨੀ ਹੈ ।

ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਚ ਕਾ ਪੰਥਾ ਥਾਟਿਓ ॥
ਖਾਤ ਖਰਚਤ ਕਿਛੁ ਨਿਖੁਟਤ ਨਾਹੀ ਰਾਮ ਰਤਨੁ ਧਨੁ ਖਾਟਿਓ ॥੧॥
(੨॥੬॥੧੧) [ਟੋਡੀ ਮਹਲਾ ੫, ਪੰਨਾ ੭੧੪

ਵਿਆਖਿਆ—ਨਾਮ ਰਤਨ ਧਨ ਖੱਟਣ ਵਾਲਿਆਂ ਲਈ ਪ੍ਰਲੋਕ ਵਿਖੇ ਭੀ ਐਸਾ ਸੱਚ ਦਾ ਸਿਧਾ ਰਸਤਾ ਥਾਟਿਆ (ਕਾਇਮ ਕੀਤਾ) ਗਿਆ ਹੈ ਕਿ ਤਿਨ੍ਹਾਂ ਨੂੰ ਕਾਲ, ਜਾਲ, ਜਮ ਕੋਈ ਜੋਹ ਨਹੀਂ ਸਕਦਾ । ਤਿਨ੍ਹਾਂ ਦਾ ਨਾਮ ਧਨ ਖਟਿਆ ਕਦੇ ਨਿਖੁਟਦਾ ਨਹੀਂ, ਭਾਵੇਂ ਤਿਸ ਨੂੰ ਕਿਤਨਾ ਹੀ ਖਾਧਾ ਤੇ ਖਰਚਿਆ ਜਾਵੇ ।

ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ ॥
ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ ॥੧੩॥
(੨੨॥੨) [ਤਿਲੰਗ ਮਹਲਾ ੪, ਪੰਨਾ ੭੨੬

ਵਿਆਖਿਆ—ਨਾਮ ਨੂੰ ਵਿਸਾਰ ਕੇ ਪਾਨ ਸੁਪਾਰੀ ਖਾਣਹਾਰੀਆਂ, ਮੁਖਿ ਬੀੜੀਆਂ ਲਾਣ-ਹਾਰੀਆਂ ਸਾਰੀਆਂ ਐਸ਼ਾਂ ਕਰਨ-ਹਾਰੀਆਂ ਯੁਵਤੀਆਂ ਜਮ ਦੇ ਅਗੇ ਪਕੜਿ ਚਲਾਈਆਂ ਜਾਣਗੀਆਂ । ਉੱਪਰ ਦੱਸੀਆਂ ਖਾਣ ਪੀਣ ਦੀਆਂ ਵਹਿਦਤਾਂ ਵਿਚ ਪਈਆਂ ਹੋਈਆਂ ਜ਼ਿੰਦਗੀਆਂ ਕਦੇ ਭੀ ਪਰਮਾਰਥ ਦੇ ਮਾਰਗ ਤੇ ਪੈ ਨਹੀਂ ਸਕਦੀਆਂ, ਨਾਮ ਜਪਣ ਦਾ ਨਾਉਂ ਨਹੀਂ ਲੈ ਸਕਦੀਆਂ । ਸੋ ਤਿਨ੍ਹਾਂ ਨੂੰ ਆਪਣਾ ਕੀਤਾ ਪਾਉਣਾ ਪਊ । ਇਸ ਗੁਰਵਾਕ ਤੇ ਇਸ ਗੱਲ ਦੀ ਤਾੜਨਾ ਭੀ ਮਿਲਦੀ ਹੈ ਕਿ ਗੁਰਸਿਖਾਂ ਸਿੰਘ ਸਿੰਘਣੀਆਂ ਨੂੰ ਪਾਨ ਸੁਪਾਰੀ ਖਾਣਾ ਤੇ ਮੁਖਿ ਬੀੜੀਆਂ ਲਾਉਣਾ ਬਿਲਕੁਲ ਮਨ੍ਹਾ ਹੈ । ਐਸਾ ਕਰਨਹਾਰੇ ਸਭ ਤਨਖ਼ਾਹੀਏ ਹਨ ।

ਜਿਨ ਹਰਿ ਨਾਮਾ ਹਰਿ ਚੇਤਿਆ ਹਿਰਦੈ ਉਰਿਧਾਰੇ ॥

ਤਿਨ ਜਮੁ ਨੇੜਿ ਨ ਆਵਈ ਗੁਰਸਿਖ ਗੁਰ ਪਿਆਰੇ ॥੧੪॥(੨੨॥੨)
[ਤਿਲੰਗ ਮਹਲਾ ੪, ਪੰਨਾ ੭੨੬

ਵਿਆਖਿਆ—ਜਿਨ੍ਹਾਂ ਗੁਰਸਿਖਾਂ ਨੇ ਹਿਰਦੈ ਉਰਿਧਾਰ ਕੇ ਗੁਰਮਤਿ ਨਾਮ ਦਾ ਸਿਮਰਨ ਕੀਤਾ ਹੈ, ਤਿਨ੍ਹਾਂ ਗੁਰਸਿਖਾਂ ਪਿਆਰਿਆਂ ਦੇ ਨੇੜੇ ਜਮ ਨਹੀਂ ਆਉਂਦਾ।

ਹਰਿ ਧਨ ਕਉ ਉਚਕਾ ਨੇੜਿ ਨ ਆਵਈ
ਜਮੁ ਜਾਗਾਤੀ ਡੰਡੁ ਨ ਲਗਾਈ ॥੪॥(੬॥੩॥੧੦)
[ਸੂਹੀ ਮਹਲਾ ੪, ਪੰਨਾ ੭੩੪

ਨਾਮ ਰੂਪੀ ਧਨ ਐਸਾ ਹੈ ਕਿ ਇਸ ਲੋਕ ਵਿਖੇ ਤਾਂ ਚੋਰ ਉਚੱਕਾ ਇਸ ਦੇ ਨੇੜੇ ਨਹੀਂ ਆ ਸਕਦਾ, ਅਗਲੇ ਲੋਕ ਵਿਖੇ ਜਮ ਜਾਗਾਤੀ ਇਸ ਨੂੰ ਡੰਡ ਤੇ ਜਾਗਾਤ ਨਹੀਂ ਲਗਾ ਸਕਦਾ।

ਕੋਟਿ ਅਪ੍ਰਾਧੀ ਸੰਤ ਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ ॥
ਜਨਮ ਜਨਮ ਕਾ ਬਿਛੁੜਿਆ ਹੋਵੈ ਤਿਨ੍ਹ ਹਰਿ ਸਿਉ ਆਣਿ ਮਿਲਾਵੈ ॥
੨॥(੪॥੪॥੫੧) [ਸੂਹੀ ਮ: ੫, ਪੰਨਾ ੭੪੮

ਵਿਆਖਿਆ—ਗੁਰੂ ਘਰ ਦੇ ਸੰਤਾਂ ਦੀ ਸੰਗਤਿ ਦੇ ਸਹਾਰੇ ਕੋਟ ਅਪ੍ਰਾਧੀ ਉਧਰ ਗਏ ਹਨ। ਤਿਨ੍ਹਾਂ ਦੇ ਜਮ ਨੇੜੇ ਨਹੀਂ ਆ ਸਕਦਾ। ਜਨਮ ਜਨਮ ਦਾ ਵਿਛੜਿਆ ਹੋਇਆ ਪ੍ਰਾਣੀ ਗੁਰੂ ਘਰ ਦੇ ਸੰਤਾਂ ਦੀ ਸੰਗਤਿ ਦੇ ਤੁਫ਼ੈਲ ਵਾਹਿਗੁਰੂ ਨਾਲ ਆ ਜੁੜਦਾ ਹੈ।

ਮੇਰੇ ਰਾਮਰਾਇ ਤੂੰ ਸੰਤਾ ਕਾ ਸੰਤ ਤੇਰੇ ॥
ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥੧॥ਰਹਾਉ॥
(੪॥੧੦॥੫੭) [ਸੂਹੀ ਮਹਲਾ ੫, ਪੰਨਾ ੭੪੯

ਵਾਹਿਗੁਰੂ ਦੇ ਸੰਤਾਂ ਭਗਤਾਂ ਸੇਵਕਾਂ ਨਾਮ ਸਿਮਰਨਹਾਰਿਆਂ ਦੇ ਨੇੜੇ ਜਮ ਨਹੀਂ ਆਉਂਦਾ। ਤਿਨ੍ਹਾਂ ਨੂੰ ਕਿਸੇ ਗੱਲ ਦਾ ਭੀ ਭੈ ਨਹੀਂ ਹੁੰਦਾ, ਕਿਉਂਕਿ ਨਾਮ ਜਪਣਹਾਰੇ ਸੰਤ ਵਾਹਿਗੁਰੂ ਦੇ ਹੁੰਦੇ ਹਨ ਅਤੇ ਵਾਹਿਗੁਰੂ ਤਿਨ੍ਹਾਂ ਦਾ ਹੁੰਦਾ ਹੈ। ਓਹਨਾਂ ਦੇ ਜਮ ਨੇ ਕੀ ਨੇੜੇ ਆ ਸਕਣਾ ਹੋਇਆ? ਭਾਵ ਕਦੇ ਨੇੜੇ ਨਹੀਂ ਆਉਂਦਾ।

ਬਾਕੀ ਵਾਲਾ ਤਲਬੀਐ ਸਿਰਿ ਮਾਰੇ ਜੰਦਾਰੁ ਜੀਉ ॥
ਲੇਖਾ ਮੰਗੈ ਦੇਵਣਾ ਪੁਛੈ ਕਰਿ ਬੀਚਾਰੁ ਜੀਉ ॥...੫॥(੮॥੧॥੨)
[ਸੂਹੀ ਮ: ੧ ਘਰੁ ੯, ਪੰਨਾ ੭੫੧

ਭਾਵ—ਅਗੇ ਜਾ ਕੇ ਹਰ ਇਕ ਉਹ ਜੀਵ ਤਲਬ ਲਈਦਾ ਹੈ, ਜਿਸ ਦੀ ਬਾਕੀ ਨਿਕਲੀ ਹੋਈ ਹੁੰਦੀ ਹੈ। ਉਸ ਦੇ ਸਿਰ ਜਮ ਜੰਦਾਰ ਦੇ ਖੌਂਸੜੇ ਪੈਂਦੇ

ਹਨ । ਖੌਂਸੜੇ ਖਾਂਦਾ ਹੋਇਆ ਜਦੋਂ ਧਰਮ ਰਾਇ ਦੇ ਪੇਸ਼ ਹੁੰਦਾ ਹੈ, ਤਦ ਧਰਮਰਾਇ ਉਸ ਤੋਂ ਲੇਖਾ ਮੰਗਦਾ ਹੈ, ਜੋ ਉਸ ਨੂੰ ਦੇਣਾ ਪੈਂਦਾ ਹੈ ।

ਬਿਨੁ ਸਬਦੈ ਭੈ ਰਤਿਆ ਸਭ ਜੋਹੀ ਜਮਕਾਲਿ ਜੀਉ ॥੭॥(੮॥੧॥੨)
[ਸੂਹੀ ਮ: ੧, ਪੰਨਾ ੭੫੧

ਭੈ ਭਾਵਨੀ ਕਰਿ ਗੁਰ ਸ਼ਬਦ (ਨਾਮ, ਗੁਰਮਤਿ ਨਾਮ) ਵਿਖੇ ਜੋ ਜਨ ਰਤੇ ਗਏ ਹਨ, ਓਹਨਾਂ ਤੋਂ ਬਿਨਾਂ ਸਭ ਜੀਵ-ਸ਼੍ਰੇਣੀ ਜਮ ਦੀ ਲੱਤ ਹੇਠਾਂ ਹੈ । ਜਮ ਰੂਪੀ ਕਾਲ ਨੇ ਸਭਨਾਂ ਨੂੰ ਚਿੰਬੜਨਾ ਹੈ । ਸੋਈ ਜਮ ਦੀ ਫੇਟ ਤੋਂ ਬਚਣਗੇ ਜੋ ਭਾਉ ਭਾਵਨਾ ਕਰਿ ਨਾਮ ਦੇ ਰੰਗਾਂ ਵਿਚ ਰੱਤਿਆਂ ਆਪਣਾ ਜੀਵਨ ਬਿਤਾਉਂਦੇ ਰਹੇ ਹਨ, ਮਨੁਖਾ ਜਨਮ ਧਾਰ ਕੇ ।

ਵਿਣੁ ਨਾਵੈ ਦਰਿ ਢੋਈ ਨਾਹੀ ਤਾ ਜਮੁ ਕਰੇ ਖੁਆਰੀ ॥
ਨਾਨਕ ਸਚੁ ਵਡਿਆਈ ਪਾਏ ਜਿਸ ਨੋ ਹਰਿ ਕਿਰਪਾ ਧਾਰੀ ॥੮॥੨॥
[ਸੂਹੀ ਮਹਲਾ ੩, ਪੰਨਾ ੭੫੪

ਭਾਵ—ਜਿਹੜੇ ਨਾਮ ਨਹੀਂ ਜਪਦੇ ਤਿਨ੍ਹਾਂ ਨੂੰ ਸਚੀ ਦਰਗਾਹੇ (ਅਗੇ ਜਾ ਕੇ) ਢੋਈ ਨਹੀਂ ਮਿਲਣੀ । ਬੱਸ ਤਿਨ੍ਹਾਂ ਨੂੰ ਜਮ ਖੁਆਰ ਕਰਿ ਕਰਿ ਮਾਰੇਗਾ । ਜਿਨ੍ਹਾਂ ਦੇ ਉਪਰ ਵਾਹਿਗੁਰੂ ਦੀ ਕਿਰਪਾ ਹੁੰਦੀ ਹੈ, ਓਹ ਸਤਿਗੁਰੂ ਦੇ ਹੁਕਮ ਮੰਨਦੇ ਹੋਏ ਗੁਰ-ਦੀਖਿਆ ਲੈ ਨਾਮ ਜਪਦਿਆਂ ਆਪਣਾ ਜਨਮ ਬਿਤੀਤ ਕਰਦੇ ਹਨ । ਓਹ ਵਾਹਿਗੁਰੂ ਦੇ ਦਰ ਤੇ ਵਡਿਆਈ ਪਾਉਂਦੇ ਹਨ ।

ਦੁਨੀਆ ਕੇਰੀ ਦੋਸਤੀ ਮਨਮੁਖ ਦਝਿ ਮਰੰਨਿ ॥
ਜਮਪੁਰਿ ਬਧੇ ਮਾਰੀਅਹਿ ਵੇਲਾ ਨ ਲਾਹੰਨਿ ॥੨॥...
ਸੁਇਨਾ ਰੁਪਾ ਪਾਪ ਕਰਿ ਕਰਿ ਸੰਚੀਐ ਚਲੈ ਨ ਚਲਦਿਆ ਨਾਲਿ ॥
ਵਿਣੁ ਨਾਵੈ ਨਾਲਿ ਨ ਚਲਸੀ ਸਭ ਮੁਠੀ ਜਮਕਾਲਿ ॥੨੭॥
(੩੪॥੧॥੩) [ਸੂਹੀ ਮ: ੩ ਘਰੁ ੧੦, ਪੰਨਾ ੭੫੫-੫੬

ਭਾਵ—ਮਨਮੁਖ ਮਾਇਆਧਾਰੀ ਸਾਕਤ ਪੁਰਸ਼ ਸੰਸਾਰੀ ਦੁਨੀਆ ਅਤੇ ਦੁਨਿਆਵੀ ਪਦਾਰਥਾਂ ਨਾਲ ਹੀ ਸਾਰੀ ਉਮਰ ਨੇਹੁ (ਮੋਹ ਮੁਹੱਬਤ) ਲਾਈ ਰਖਦੇ ਹਨ । ਏਸੇ ਦੁਨੀਆ ਦੀ ਮੋਹ ਮਮਤਾ ਗ੍ਰਸੇ ਹੋਏ ਮਰ ਜਾਂਦੇ ਹਨ । ਤ੍ਰਿਸ਼ਨਾ ਓਹਨਾਂ ਦੀ ਬੁਝਦੀ ਨਹੀਂ । ਮਾਇਆ ਦੇ ਪਦਾਰਥਾਂ ਦੀ ਤ੍ਰਿਸ਼ਨਾ ਬੁਝਣੀ ਤਾਂ ਕੀ ਸੀ, ਦਿਨੋ ਦਿਨ ਹੋਰ ਬਹੁਤੀ ਭੜਕਦੀ ਹੈ ਅੱਗ ਵਾਂਗੂ । "ਆਤਸ਼ ਦੁਨੀਆ ਖੁਨਕ ਨਾਮੁ ਖੁਦਾਇਆ" ਗੁਰਵ੍ਹਾਕ ਦੇ ਭਾਵ ਅਨੁਸਾਰ ਦੁਨੀਆ ਆਤਸ਼ ਰੂਪ, ਅਗਨੀ ਦੀ ਨਿਆਈਂ ਹੈ । ਇਸ ਅੱਗ ਦੇ ਦਾਹ ਤੋਂ ਬਚਾਉਣ ਲਈ ਵਾਹਿਗੁਰੂ ਦੇ ਨਾਮ ਦੀ

 www.sikhbookclub.com

ਠੰਢਕ ਹੀ ਦਾਰੂ ਹੈ ਅਤੇ ਇਸ ਨਾਮ ਦੀ ਠੰਢਕ-ਹੀਣੇ ਆਦਮੀ ਦੁਨੀਆ ਦੀ ਅੱਗ ਦੇ ਦਾਹ ਨਾਲ ਦੱਝੇ (ਦੱਧੇ) ਹੋਏ ਹੀ ਮਰ ਜਾਂਦੇ ਹਨ। ਅਗਾਹਾਂ ਜਾ ਕੇ ਓਹ ਜਮਪੁਰੀ ਵਿਚ ਬੱਧੇ ਹੋਏ ਮਾਰੇ ਜਾਂਦੇ ਹਨ। ਫੇਰ ਪਛਤਾਉਂਦੇ ਹਨ ਕਿ ਅਸਾਂ ਮਨੁਖਾ ਜਨਮ ਅਜਾਈਂ ਹੀ ਗੰਵਾ ਲਿਆ, ਨਾਮ ਨਾ ਜਪ ਲਿਆ। ਪਰ ਹੁਣ ਪਛਤਾਇਆਂ ਕੀ ਬਣਦਾ ਹੈ ? ਫੇਰ ਇਹ ਵੇਲਾ ਮਾਨੁਖਾ ਜਨਮ ਦੀ ਵਾਰੀ ਦਾ ਓਹਨਾਂ ਦੇ ਹਥਿ ਨਹੀਂ ਆਉਂਦਾ। ਜਿਤਨਾ ਭੀ ਸੋਨਾ ਤੇ ਚਾਂਦੀ ਦੁਨੀਆ ਇਕੱਠੀ ਕਰਦੀ ਹੈ, ਸਭ ਪਾਪ ਕਰਿ ਕਰਿ ਇਕੱਠੀ ਕਰਦੀ ਹੈ। ਇਸ ਵਿਚੋਂ ਤਸੂ ਮਾਤ੍ਰ ਭੀ ਚਲਦਿਆਂ ਨਾਲ ਨਹੀਂ ਚਲਦਾ। ਜਦੋਂ ਕੂਚ ਦਾ ਨਗਾਰਾ ਵਜਦਾ ਹੈ, ਸਭ ਕੁਝ ਏਥੇ ਹੀ ਧਰਿਆ ਰਹਿ ਜਾਂਦਾ ਹੈ। ਨਾਮ ਤੋਂ ਬਿਨਾਂ ਹੋਰ ਕੋਈ ਸ਼ੈ ਭੀ ਨਾਲ ਨਹੀਂ ਜਾਂਦੀ ਮਰਨਹਾਰੇ ਬੰਦੇ ਦੇ। ਤਾਂ ਤੇ ਨਾਮ ਵਿਹੂਣੀ ਸਭ ਦੁਨੀਆ ਜਮਕਾਲ ਦੇ ਢਹੇ ਚੜ੍ਹੇਗੀ ਅਤੇ ਫਾਥੀ ਚੋਟਾਂ ਖਾਵੇਗੀ, ਖਾ ਖਾ ਕੇ ਚੋਟਾਂ ਬਹੁੜ ਪਛਤਾਵੇਗੀ।

ਅਨਾਥਾ ਨਾਥ ਭਗਤ ਭੈ ਮੇਟਨ ॥ ਸਾਧ ਸੰਗਿ ਜਮਦੂਤ ਨ ਭੇਟਨ ॥੨॥
ਜੀਵਨ ਰੂਪ ਅਨੂਪ ਦਇਆਲਾ ॥ ਰਵਣ ਗੁਣਾ ਕਟੀਐ ਜਮ ਜਾਲਾ ॥੩॥
(੮॥੧॥੨) [ਸੂਹੀ ਮਹਲਾ ੫ ਘਰੁ ੩, ਪੰਨਾ ੭੬੦

ਵਿਆਖਿਆ—ਵਾਹਿਗੁਰੂ ਅਨਾਥਾਂ ਦਾ ਨਾਥ ਹੈ, ਨਿਖਸਮਿਆਂ ਦਾ ਖਸਮੁ ਹੈ। ਜਿਨ੍ਹਾਂ ਦਾ ਕੋਈ ਮਾਲਕ ਨਹੀਂ, ਤਿਨ੍ਹਾਂ ਦਾ ਵਾਹਿਗੁਰੂ ਮਾਲਕ ਹੈ। ਜੋ ਸਚ ਮੁਚ ਮਨ ਬਚਨ ਕਰਮ ਕਰਿ ਨਿਮਾਣੇ ਨਿਆਸਰੇ ਹੋਏ, ਅਨਾਥ ਹੋ ਕੇ ਉਸ ਦੇ ਦਰ ਤੇ ਢੱਠੇ ਹਨ, ਓਹਨਾਂ ਦਾ ਖ਼ਾਸ ਤੌਰ ਤੇ ਵਾਹਿਗੁਰੂ ਨਾਥ ਰੂਪ ਹੋ ਕੇ ਸਹਾਈ ਹੁੰਦਾ ਹੈ ਅਤੇ ਆਪਣੇ ਅਨਿੰਨ ਭਗਤ ਜਨਾਂ ਦੇ ਸਾਰੇ ਭੈ ਮੇਟਣਹਾਰਾ ਹੈ। ਐਸੇ ਵਾਹਿਗੁਰੂ ਨੂੰ ਗੁਰੂ ਘਰ ਦੀ ਸਾਧ ਸੰਗਤਿ ਦੁਆਰਾ ਗਾਵਣ ਨਾਲ ਅਗੇ ਗਇਆਂ ਜਮਦੂਤ ਨੇੜੇ ਨਹੀਂ ਛੋਂਹਦੇ। ਭਾਵ, ਜਿਨ੍ਹਾਂ ਨੇ ਅਨਾਥਾਂ ਨਾਥ ਭਗਤ ਭੈ ਮੇਟਣਹਾਰੇ ਵਾਹਿਗੁਰੂ ਨੂੰ ਗੁਰੂ ਘਰ ਦੀ ਸੰਗਤਿ ਦੀ ਬਸੀਠੀ ਕਰਿ ਗਾਵਿਆ ਹੈ, ਤਿਨ੍ਹਾਂ ਨੂੰ ਅਗੇ ਗਇਆਂ ਜਮ ਛੋਹ ਭੀ ਨਹੀਂ ਸਕਦੇ। ਵਾਹਿਗੁਰੂ ਐਸਾ ਦਇਆਲੂ ਹੈ ਕਿ ਉਸ ਦੀ ਦਇਆਲਤਾ ਦੀ ਉਪਮਾ ਨਹੀਂ ਹੋ ਸਕਦੀ। ਉਹ ਭਗਤ ਜਨਾਂ ਦਾ ਜੀਵਨ ਰੂਪ ਜੀਵਨ ਆਧਾਰ ਹੈ। ਐਸੇ ਜੀਵਨ ਰੂਪ ਅਨੂਪ ਦਇਆਲ ਵਾਹਿਗੁਰੂ ਦੇ ਪਾਰਸ ਰਸਾਇਣੀ ਗੁਣ ਰਵਿਆਂ ਸੁਤੇ ਸਿਧ ਹੀ ਅਗੇ ਗਇਆਂ ਜਮ ਦੇ ਜਾਲ ਕਟੇ ਜਾਂਦੇ ਹਨ।

ਇਹੁ ਜਗੋ ਦੁਤਰੁ ਮਨਮੁਖੁ ਪਾਰਿ ਨ ਪਾਈ ਰਾਮ ॥
ਅੰਤਰੇ ਹਉਮੈ ਮਮਤਾ ਕਾਮੁ ਕ੍ਰੋਧੁ ਚਤੁਰਾਈ ਰਾਮ ॥

 www.sikhbookclub.com

ਅੰਤਰਿ ਚਤੁਰਾਈ ਥਾਇ ਨ ਪਾਈ ਬਿਰਥਾ ਜਨਮੁ ਗਵਾਇਆ ॥
ਜਮ ਮਗਿ ਦੁਖੁ ਪਾਵੈ ਚੋਟਾ ਖਾਵੈ ਅੰਤਿ ਗਇਆ ਪਛੁਤਾਇਆ ॥
ਬਿਨੁ ਨਾਵੈ ਕੋ ਬੇਲੀ ਨਾਹੀ ਪੁਤੁ ਕੁਟੰਬੁ ਸੁਤੁ ਭਾਈ ॥
ਨਾਨਕ ਮਾਇਆ ਮੋਹ ਪਸਾਰਾ ਆਗੈ ਸਾਥਿ ਨ ਜਾਈ ॥੩॥
(੪॥੧॥੪) [ਰਾਗ ਸੂਹੀ ਛੰਤ ਮ: ੪, ਪੰਨਾ ੭੭੫

ਵਿਆਖਿਆ—ਇਹ ਸੰਸਾਰ ਰੂਪੀ ਸਮੁੰਦਰ ਤਰਿਆ ਜਾਣਾ ਬੜਾ ਅਉਖਾ ਹੈ। ਮਨਮੁਖ ਸਾਕਤ ਆਪ-ਹੁਦਰਾ ਗੁਰੂ ਤੋਂ ਬੇ-ਮੁਖ ਨਿਗੁਰਾ ਪ੍ਰਾਣੀ ਤਾਂ ਇਸ ਦੁਤਰ ਭੈ-ਸਾਗਰ ਸੰਸਾਰ ਤੋਂ ਪਾਰ ਹੋ ਹੀ ਨਹੀਂ ਸਕਦਾ, ਕਿਉਂਕਿ ਉਸ ਦੇ ਹਿਰਦੇ ਅੰਦਰ ਹਉਮੈ ਕਾਮੁ ਕ੍ਰੋਧ ਅਤੇ ਚਤੁਰਾਈ ਕੁਟ ਕੁਟ ਕੇ ਭਰੀ ਹੋਈ ਹੁੰਦੀ ਹੈ। ਚਤੁਰਾਈ ਤਾਂ ਐਸੀ ਭਾਰੂ ਹੋ ਕੇ ਉਸ ਦੇ ਅੰਦਰ ਸਮਾਈ ਹੋਈ ਹੁੰਦੀ ਹੈ ਕਿ ਉਹ ਕਿਸੇ ਬਿਧਿ ਭੀ ਉਸ ਨੂੰ ਸੰਸਾਰ-ਸਮੁੰਦਰੋਂ ਪਾਰ ਨਹੀਂ ਹੋਣ ਦਿੰਦੀ। ਬਸ, ਮਨਮੁਖ ਪ੍ਰਾਣੀ ਦਾ ਸਾਰਾ ਜਨਮ ਹੀ ਬਿਰਥਾ (ਅਕਾਰਥ) ਜਾਂਦਾ ਹੈ। ਅਤੇ ਮਰ ਕੇ ਅਗੇ ਜਾ ਕੇ ਜਮ ਦੇ ਮਾਰਗ ਵਿਖੇ ਬਹੁਤ ਦੁਖ ਪਾਉਂਦਾ ਹੈ; ਚੋਟਾਂ ਖਾਂਦਾ ਹੈ। ਅੰਤੀ ਸਮੇਂ ਮਰਨ ਲਗਿਆਂ ਉਹ ਪਛਤਾਉਂਦਾ ਹੈ ਅਤੇ ਅਗੇ ਗਇਆਂ ਭੀ ਪਛਤਾਉਂਦਾ ਹੈ, ਪਰ ਉਸ ਦਾ ਓਥੇ ਬੇਲੀ ਕੋਈ ਨਹੀਂ ਬਣਦਾ। ਪੁੱਤਰ, ਕਲੱਤਰ, ਕੁਟੰਬ, ਭਾਈ, ਬੰਧ ਉਥੇ ਉਸ ਦੇ ਸਹਾਈ ਨਹੀਂ ਹੋ ਸਕਦੇ। ਅਗੇ ਗਇਆਂ ਸਹਾਈ ਹੁੰਦਾ ਹੈ ਤਾਂ ਨਾਮ ਹੀ ਸਹਾਈ ਹੁੰਦਾ ਹੈ ਅਤੇ ਬੇਲੀ ਬਣਦਾ ਹੈ, ਸੋ ਉਸ ਨੇ ਸਾਰੀ ਉਮਰ ਜਪਿਆ ਨਹੀਂ। ਜਿਨ੍ਹਾਂ ਦੀ ਖ਼ਾਤਰ ਮਾਇਆ ਮੋਹ ਦੇ ਪਸਾਰੇ ਵਿਚ ਪੈ ਕੇ ਨਾਮ ਵਿਸਾਰ ਛਡਿਆ ਸੀ, ਓਹ ਅਗੇ ਸਾਥ ਨਹੀਂ ਜਾਂਦੇ। ਮਾਇਆ-ਮੋਹ ਦਾ ਪਸਾਰਾ ਭੀ ਐਥੇ ਦਾ ਐਥੇ ਹੀ ਰਹਿ ਜਾਂਦਾ ਹੈ। 'ਹੇਖਾਂ, ਅੱਗਾ ਕੀਹਨੇ ਡਿਠਾ ਹੈ ?' ਇਸ ਹੈਂਕੜ ਵਿਚ ਅੱਖਾਂ ਮੀਟ ਛਡਦਾ ਸੀ। ਦਿਸਦਾ ਜਗ ਮਿੱਠਾ ਦੇਖ ਕੇ ਮੱਖੀ ਦੀ ਨਿਆਈਂ ਪਚਿ ਪਚਿ ਮਰਦਾ ਰਿਹਾ। ਅੱਗੇ ਦਾ ਭੈ ਹੁੰਦਾ ਅਤੇ ਅਗੇ ਜਾ ਕੇ ਜਮ ਦੇ ਫੰਧੇ ਵਿਚ ਪੈਣ ਦਾ ਡਰ ਹੁੰਦਾ ਤਾਂ ਕਾਹਨੂੰ ਪਾਪ ਕਮਾਉਂਦਾ। ਨਾਮ ਸੰਮ੍ਹਾਲ ਕੇ ਆਪਣਾ ਜਨਮ ਤੇ ਸੰਵਾਰ ਲੈਂਦਾ, ਇਹ ਸਾਰੇ ਕਾਰੇ ਉਸ ਦੀ ਅਨਗਹਿਲਤਾ ਦੇ ਹਨ। ਜਿਨ੍ਹਾਂ ਉਤੇ ਗੁਰੂ ਕਰਤਾਰ ਦੀ ਕਿਰਪਾ ਹੁੰਦੀ ਹੈ, ਓਹਨਾਂ ਨੂੰ ਅਗੇ ਦਾ ਭਉ ਪੈਂਦਾ ਹੈ ਅਤੇ ਓਹ ਭੈ-ਭੀਤ ਹੋ ਕੇ ਪਾਪ ਕਮਾਉਣੋਂ ਬਚੇ ਰਹਿੰਦੇ ਹਨ, ਭੈ-ਦੁਤਰੀ ਮਾਇਆ ਦੀ ਮਮਤਾ ਵਿਚ ਖੱਚਤ ਨਹੀਂ ਹੁੰਦੇ। ਇਸ ਪਰਕਾਰ ਪ੍ਰਮਾਰਥ ਸੰਵਾਰਨ ਲਈ ਨਿਮਰੀ ਭੂਤ ਹੋ ਕੇ ਬੇਨਤੀਆਂ ਕਰਦੇ ਹਨ, ਜੈਸਾ ਕਿ ਇਸ ਅਗਲੇ ਗੁਰਵਾਕ ਵਿਖੇ ਵਿਦਮਾਨ ਹੈ। ਯਥਾ ਗੁਰਵਾਕ—

 www.sikhbookclub.com

ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ ਨੇਤ੍ਰ ਦੇਖਹਿ ਦਰਸੁ ਤੇਰਾ ਰਾਮ ॥
ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ ॥
ਹਰਿ ਆਰਾਧੇ ਜਮ ਪੰਥੁ ਸਾਧੇ ਦੂਖੁ ਨ ਵਿਆਪੈ ਕੋਈ ॥
ਜਲਿ ਥਲਿ ਮਹੀਅਲਿ ਪੂਰਨ ਸੁਆਮੀ ਜਤ ਦੇਖਾ ਤਤ ਸੋਈ ॥...੧॥
ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ
ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ ॥
ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ ਕਟੀਐ ਕਾਲ ਕੀ ਫਾਸੀ ਰਾਮ ॥
ਕਟੀਐ ਜਮ ਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁਗਿਆਨਾ ॥
ਹਰਿ ਹਰਿ ਜਪੁ ਜਪੀਐ ਦਿਨੁ ਰਾਤੀ ਲਾਗੈ ਸਹਜਿ ਧਿਆਨਾ ॥...੨॥
(੪॥੩॥੬) [ਸੂਹੀ ਛੰਤ ਮ: ੫, ਪੰਨਾ ੭੮੦-੮੧

ਭੂਤ ਭਵਿਖ ਦੇ ਜਾਨਣਹਾਰੇ ਸਤਿਗੁਰੂ ਪੰਚਮ ਪਾਤਸ਼ਾਹ ਨੇ ਇਹ ਗੁਰਵਾਕ ਕਲਜੁਗੀ ਜੀਵਾਂ ਦੀ ਗਤੀ ਦੇਖ ਕੇ ਓਹਨਾਂ ਦੇ ਉਧਾਰ ਲਈ ਖ਼ੁਦ ਪ੍ਰਾਰਥਨਾ ਰੂਪ ਹੋ ਕੇ ਉਚਾਰਿਆ ਹੈ ਅਤੇ ਇਉਂ ਸੰਸਾਰੀ ਜੀਵਾਂ ਵਲੋਂ ਉਚਾਰਿਆ ਹੈ, ਨਾਲੇ ਸਚੀ ਸਿਫ਼ਾਰਸ਼ ਕੀਤੀ ਹੈ ਜੀਵ ਦੇ ਉਧਾਰ ਦੀ।

ਵਿਆਖਿਆ—ਹੇ ਵਾਹਿਗੁਰੂ ! ਮੇਰੇ ਸਚੇ ਪ੍ਰੀਤਮ ਸੁਆਮੀ ! ਐਸੀ ਕਿਰਪਾ ਕਰ ਕਿ ਨੇਤਰਾਂ ਕਰਕੇ ਤੇਰਾ ਦਰਸ਼ਨ ਸਦਾ ਹੀ ਦੇਖਦਾ ਰਹਾਂ (ਜਿਸ ਕਰਕੇ ਤੈਨੂੰ ਪਰਤੱਖ ਸਾਰੇ ਰਮਿਆ ਦੇਖ ਕੇ ਬੁਰੇ ਕੰਮਾਂ ਤੋਂ ਬਚਿਆ ਰਹਾਂ)। ਹੇ ਵਾਹਿਗੁਰੂ ! ਮੇਰੇ ਪਿਆਰੇ ! ਇਕ ਦੇ ਥਾਂਵ ਲਖਾਂ ਜੀਭਾਂ ਮੈਨੂੰ ਦੇਵੋ, ਜਿਸ ਕਰਕੇ ਓਹਨਾਂ ਲੱਖਾਂ ਜੀਭਾਂ ਦੁਆਰਾ ਤੇਰਾ ਨਾਮ ਮੈਂ ਜਪਾਂ ਅਤੇ ਸਾਰੀ ਉਮਰ ਜਪਦਾ ਹੀ ਰਹਾਂ, ਕਿਉਂਕਿ ਇਸ ਪਰਕਾਰ, ਕੇਵਲ ਇਸ ਪ੍ਰਕਾਰ ਹੀ ਵਾਹਿਗੁਰੂ ਅਰਾਧਨ ਕੀਤਿਆਂ ਹੀ ਅੱਗਾ ਸੰਵਾਰਿਆ ਜਾਂਦਾ ਹੈ ਅਤੇ ਅਗਲਾ ਜਮ ਪੰਥ ਸਾਧਿਆ ਸੁਧਾਰਿਆ ਜਾਂਦਾ ਹੈ, ਕੋਈ ਦੁਖ ਨਹੀਂ ਵਿਆਪ ਸਕਦਾ। ਇਸ ਅਨਿੰਨ ਭਗਤੀ ਦਾ ਐਸਾ ਆਤਮ ਤੇ ਪਰਮਾਰਥੀ ਸੱਚਾ ਸੁਖੁ ਪ੍ਰਾਪਤ ਹੁੰਦਾ ਹੈ ਕਿ ਜਲ ਵਿਖੇ, ਥਲ ਵਿਖੇ, ਧਰਤੀ ਆਕਾਸ਼ ਵਿਖੇ, ਜਿਥੇ ਕਿਥੇ ਵੀ ਵੇਖਾਂ, ਹੇ ਵਾਹਿਗੁਰੂ ! ਤੂੰਹੀਂ ਤੂੰਹੀਂ ਦ੍ਰਿਸ਼ਟੀ ਆਵੇਂ। ਸਚਮੁਚ ਏਵੇਂ ਹੀ ਦ੍ਰਿਸ਼ਟੀ ਆਉਂਦਾ ਹੈ, ਉੱਪਰ ਦੱਸੀ ਅਨਿੰਨ ਭਗਤੀ ਕਮਾਇਆਂ। ਹੇ ਵਾਹਿਗੁਰੂ ! ਮੇਰੇ ਪ੍ਰੀਤਮਾ ! ਮੈਨੂੰ ਕ੍ਰੋੜਾਂ ਹੀ ਕੰਨ ਅਤਾ ਫ਼ੁਰਮਾਓ, ਭਾਵ ਕੰਨਾਂ ਦੇ ਦੇਣ ਦੀ ਦਾਤ ਬਖ਼ਸ਼ੋ, ਜਿਨ੍ਹਾਂ ਕਰਕੇ ਮੈਂ ਤੇਰੇ ਅਬਿਨਾਸ਼ੀ ਗੁਣ ਹੀ ਦਿਨੇ ਰਾਤ ਸਦ ਸਦਾ ਸੁਣਾਂ ਤੇ ਸੁਣਦਾ ਰਹਾਂ। ਕਿਉਂਕਿ ਇਸ ਬਿਧਿ ਹਰਿ ਗੁਣ ਅਬਿਨਾਸ਼ੀ ਸੁਣਨ ਦਾ ਸਦਕਾ ਹੀ ਮਲੀਨ ਮਨ ਨਿਰਮਲ ਹੁੰਦਾ ਹੈ ਅਤੇ ਅਗੇ ਆਉਣ ਵਾਲੀ

ਜਮ ਰੂਪੀ ਕਾਲ ਦੀ ਫਾਸੀ ਕੱਟੀ ਜਾਂਦੀ ਹੈ । ਬਸ, ਇਹ ਕੇਵਲ ਅਬਿਨਾਸ਼ੀ ਪ੍ਰਭੂ ਦਾ ਸਿਮਰਨ ਹੀ ਹੈ, ਜੋ ਜਮ ਫਾਸੀ ਕੱਟਣ ਨੂੰ ਸਮਰੱਥ ਹੈ ਅਤੇ ਸ੍ਰੇਸ਼ਟ ਤੱਤ ਗੁਰਮਤਿ ਗਿਆਨ ਦਾ ਉਪਜਾਇਕ ਹੈ, ਜਿਸ ਕਰਕੇ ਅਨਿਕ ਪ੍ਰਕਾਰ ਦੀਆਂ ਮੰਗਲ-ਮਈ ਸਾਰੀਆਂ ਖ਼ੁਸ਼ੀਆਂ ਹੀ ਪ੍ਰਾਪਤ ਹੋ ਜਾਂਦੀਆਂ ਹਨ । ਤੱਤ ਗਿਆਨ-ਮਈ ਜੋਤਿ ਪ੍ਰਕਾਸ਼ਕ ਆਤਮ ਅਵਸਥਾ ਵਿਚ ਅਰੂੜ ਹੋ ਕੇ ਦਿਨ ਰਾਤ ਸਨਮੁਖ ਦਰਸ-ਪੇਖਾਗਰਾਂ ਨੂੰ ਸਦਾ ਸਿਮਰਨ ਪ੍ਰਾਪਤ ਹੁੰਦਾ ਹੈ ਅਤੇ ਤ੍ਰੈਗੁਣੀ ਅਤੀਤ ਤੁਰੀਆ-ਗੁਣੀ ਸਹਿਜ ਪਦ ਪ੍ਰਾਪਤ ਹੋ ਜਾਂਦਾ ਹੈ । ਤਿਤ ਸਹਿਜ ਪਦ ਵਿਖੇ ਹੀ ਧਿਆਨ ਅੰਤਰ ਹੁਇ ਪਰਮਾਤਮਾ ਵਿਖੇ ਜੁੜ ਜਾਈਦਾ ਹੈ । ਇਥੇ ਧਿਆਤਾ, ਧਿਆਨ, ਧੇਜ, ਇਕੋ ਹੀ ਹੋ ਜਾਂਦੇ ਹਨ । ਐਨ ਐਸੀ ਅਵਸਥਾ ਹੀ ਅਗਲੇ ਗੁਰਵਾਕ ਵਿਖੇ ਵਰਨਣ ਹੈ—

ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥
ਸੰਤ ਭਗਤ ਹਰਿਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ ॥
ਕਾਟੀ ਜਮ ਫਾਸੀ ਪ੍ਰਭਿ ਅਬਿਨਾਸੀ ਹਰਿ ਹਰਿ ਨਾਮੁ ਧਿਆਏ ॥
ਸਗਲ ਸਮਗ੍ਰੀ ਪੂਰਨ ਹੋਈ ਮਨ ਇਛੇ ਫਲ ਪਾਏ ॥...੨॥(੪॥੬॥੯)
[ਸੂਹੀ ਮ: ੫, ਪੰਨਾ ੭੮੩

ਵਿਆਖਿਆ—ਜਿਥੇ ਜਿਥੇ ਭੀ ਬੈਠ ਕੇ ਗੁਰੂ ਘਰ ਦੇ ਸੰਤ ਭਗਤ ਵਾਹਿਗੁਰੂ ਅਰਾਧਨ ਮਈ ਭਜਨ ਕਰਦੇ ਹਨ, ਓਹ ਸੰਤਾਂ ਭਗਤਾਂ ਦੇ ਨਿਵਾਸ-ਅਸਥਾਨ, ਘਰ ਮੰਦਰ ਅਤੇ ਨਿਕਟ ਨਿਵਾਸੀ ਹਟ ਪਟਣ ਬਾਜ਼ਾਰ ਭੀ ਸੁਹਾਵਣੇ ਹੋ ਜਾਂਦੇ ਹਨ। ਤਿਨ੍ਹਾਂ ਸੰਤਾਂ ਭਗਤਾਂ ਦੇ ਘਟ ਰੂਪੀ ਘਰ ਮੰਦਰ ਅਤੇ ਤਨ ਰੂਪੀ ਹਟੜੀਆਂ ਤਾਂ ਸੁਹਾਵਣੀਆਂ ਹੋਣੀਆਂ ਹੀ ਹੋਈਆਂ । ਤਿਨ੍ਹਾਂ ਵਾਹਿਗੁਰੂ ਆਰਾਧਣ-ਹਾਰਿਆਂ ਦੇ ਸਭੇ ਟੋਲ ਹੀ ਸੁਹਾਵਣੇ ਹੋ ਜਾਂਦੇ ਹਨ । ਨਿਵਾਸ-ਅਸਥਾਨ, ਪੜੌਸ-ਅਸਥਾਨ ਭੀ ਸਗਲੇ ਸੁਹਾਵਣੇ ਹੋ ਜਾਂਦੇ ਹਨ । ਤਿਨ੍ਹਾਂ ਸੰਤਾਂ ਭਗਤਾਂ ਨਾਮ ਆਰਾਧਣ-ਹਾਰਿਆਂ ਗੁਰਮੁਖ ਜਨਾਂ ਦੀ (ਅਗੇ ਆਉਣ ਵਾਲੀ) ਜਮਾਂ ਦੀ ਫਾਸੀ ਭੀ ਕੱਟੀ ਜਾਂਦੀ ਹੈ। ਦੂਜੀ ਵੇਰ ਫੇਰ ਮਹਾਰਾਜ ਜ਼ੋਰ ਦੇ ਕੇ ਦਸਦੇ ਹਨ, ਕਿ ਹਾਂ, ਜ਼ਰੂਰ ਹੀ ਇਹ ਜਮ ਫਾਸੀ ਕਟ ਜਾਂਦੀ ਹੈ । ਪ੍ਰਭ ਅਬਿਨਾਸ਼ੀ ਦੇ ਨਾਮ ਪ੍ਰਭਾਵ ਕਰਿ ਹੀ ਕਟ ਜਾਂਦੀ ਹੈ । ਜਿਸ ਦਾ ਨਾਮ ਅਰਾਧਨ ਕਰੀਦਾ ਹੈ, ਸੋਈ ਵਾਹਿਗੁਰੂ ਅਬਿਨਾਸ਼ੀ ਇਹ ਜਮ ਫਾਸੀ ਆਪਣੇ ਸੰਤਾਂ ਭਗਤਾਂ ਦੀ ਕਟ ਦਿੰਦਾ ਹੈ । ਜੋ ਹਰ ਦੰਮ ਸਾਸਿ ਗਿਰਾਸਿ ਵਾਹਿਗੁਰੂ ਨਾਮ ਧਿਆਉਂਦੇ ਹਨ, ਓਹਨਾਂ ਨੂੰ ਮਨ-ਚਿੰਦੇ ਫਲ ਸੁਤੇ ਸਿਧ ਹੀ ਪ੍ਰਾਪਤ ਹੋ ਜਾਂਦੇ ਹਨ । ਅਤੇ ਓਹਨਾਂ ਦੇ ਆਤਮ ਪਰਮਾਤਮ ਸੁਖਾਂ ਦੀ ਸਗਲ ਸਮੱਗਰੀ ਭੀ ਸੰਪੂਰਨ ਹੋ ਜਾਂਦੀ ਹੈ, ਕੋਈ ਕਸਰ ਬਾਕੀ ਨਹੀਂ ਰਹਿੰਦੀ ।

ਐਸੇ ਮਹਾਂ-ਪਰਤਾਪੀ ਨਾਮ ਦੇ ਸਿਮਰਨ ਨੂੰ ਛੱਡ ਕੇ ਜੋ ਜੋ ਮਨਮੁਖ, ਮੂੜ੍ਹ, ਮੁਗਧ, ਨਿਗੁਰਾ ਨਰ ਕੁਟੰਬ ਦੇ ਕੂੜੇ ਮੋਹ ਅਤੇ ਮਾਇਆ ਵਿਚ ਲੱਥ ਪੱਥ ਅਤੇ ਖੱਚਤ ਹੋ ਜਾਂਦਾ ਹੈ, ਉਸ ਦੇ ਪੱਲੇ ਬੱਸ ਹਉਮੈ-ਮੇਰਾ ਹੀ ਰਹਿ ਜਾਂਦਾ ਹੈ। ਅਜਿਹੇ ਹਉਮੈ-ਮੇਰਾ ਕਰ ਗਏ ਮਨਮੁਖਾਂ ਦੇ ਪੱਲੇ ਕੁਝ ਨਹੀਂ ਪੈਂਦਾ। ਨਾ ਹੀ ਓਹਨਾਂ ਦੇ ਪਾਸ ਕੁਝ ਰਹਿ ਜਾਂਦਾ ਹੈ, ਨਾ ਹੀ ਮਰਨ ਲਗੇ ਸਾਥ ਲੈ ਕੇ ਓਹ ਜਾਂਦੇ ਹਨ। ਸਭ ਕੁਝ ਐਥੇ ਹੀ ਛੱਡ ਜਾਂਦੇ ਹਨ, ਕੁਟੰਬ ਨੂੰ ਭੀ ਅਤੇ ਕੁਟੰਬ ਦੀ ਖ਼ਾਤਰ ਮੋਹ ਮਾਇਆ ਦੇ ਇਕੱਤ੍ਰ ਕੀਤੇ ਪਦਾਰਥ ਨੂੰ ਭੀ। ਫੋਕੀ ਮੈਂ-ਮੇਰੀ ਵਿਚ ਹੀ ਆਫਰੇ ਹੋਏ ਓਹ ਮਰ ਜਾਂਦੇ ਹਨ। ਓਹਨਾਂ ਨੂੰ ਸਿਰ ਉਪਰ ਜਮ ਰੂਪੀ ਕਾਲ ਨਹੀਂ ਸੁਝਦਾ। ਦੂਜੇ ਭਾਵ ਦੇ ਹੋਛੇ ਕਰਮਾਂ ਵਿਚ ਰਚਿਆਂ ਮਚਿਆਂ ਨੂੰ ਅੱਗਾ ਸਵਾਰਨ ਦੀ ਸੋਝੀ ਹੀ ਨਹੀਂ ਆਉਂਦੀ। ਅੱਗਾ ਓਹਨਾਂ ਨੂੰ ਦੀਹਦਾ ਨਹੀਂ। ਅੱਗੇ ਨੂੰ ਓਹ ਮੰਨਦੇ ਹੀ ਨਹੀਂ। ਦੂਜੇ ਭਾਵ ਦੇ ਮਿਠੇ ਮੋਹ ਵਿਚ ਹੀ ਰਚੇ-ਪਿਚੇ ਰਹਿੰਦੇ ਹਨ ਅਤੇ ਇਸੇ ਮਿਠੇ ਮੋਹ ਨੂੰ ਸਚ ਕਰਕੇ ਮੰਨੀ ਰਖਦੇ ਹਨ। ਇਸੇ ਮਿਠੇ ਮੋਹ ਦੇ ਮੁਠੇ ਹੋਏ ਓਹ 'ਅੱਗੇ' ਤੋਂ ਬੇਪਰਵਾਹ ਹੋ ਜਾਂਦੇ ਹਨ। ਐਸਾ ਭਰਮ-ਜਾਲ ਮੋਹ ਮਾਇਆ ਦਾ ਹੈ, ਜਿਸ ਦੇ ਭਰਮਾਏ ਹੋਇਆਂ ਨੂੰ ਜਮ ਕਾਲ ਸਿਰ ਤੇ ਸੁਝਦਾ ਹੀ ਨਹੀਂ। ਪਰ ਫੇਰ ਓਹਨਾਂ ਦੇ ਵੇਲਾ ਹਥਿ ਨਹੀਂ ਆਉਂਦਾ। ਜਦੋਂ ਜਮ ਪਕੜ ਚਲਾਉਂਦਾ ਹੈ, ਜਮ ਰੂਪੀ ਕਾਲ ਦੇ ਵਸਿ ਪੈ ਕੇ ਕੰਨ ਤਾਂ ਖੁਲ੍ਹ ਜਾਂਦੇ ਹਨ ਅਤੇ ਆਪਣੇ ਕੀਤੇ ਕੁਕਰਮਾਂ ਦਾ ਪਛੋਤਾਉ ਭੀ ਹੁੰਦਾ ਹੈ, ਪਰ ਫੇਰ ਕੀ ਬਣਦਾ ਹੈ? ਜਮ ਕਾਲ ਦੇ ਵਸਿ ਪਇਆਂ ਜੀਵਾਂ ਦਾ ਚਾਰਾ ਕੁਛ ਨਹੀਂ ਚਲਦਾ। ਉਸ ਦੇ ਕਮਾਤੇ ਕਰਮਾਂ ਦਾ ਫਲ ਉਸ ਨੂੰ ਮਿਲ ਕੇ ਰਹਿੰਦਾ ਹੈ, ਜਿਹਾ ਕਿ ਧੁਰੋਂ ਉਸ ਦੇ ਲੇਖੇ ਵਿਚ ਲਿਖਿਆ ਹੋਇਆ ਸੀ। ਯਥਾ ਗੁਰਵਾਕ—

ਮੋਹੁ ਕੂੜੁ ਕੁਟੰਬੁ ਹੈ ਮਨਮੁਖੁ ਮੁਗਧੁ ਰਤਾ ॥
ਹਉਮੈ ਮੇਰਾ ਕਰਿ ਮੁਏ ਕਿਛੁ ਸਾਥਿ ਨ ਲਿਤਾ ॥
ਸਿਰ ਉਪਰਿ ਜਮਕਾਲੁ ਨ ਸੁਝਈ ਦੂਜੈ ਭਰਮਿਤਾ ॥
ਫਿਰਿ ਵੇਲਾ ਹਥਿ ਨ ਆਵਈ ਜਮਕਾਲਿ ਵਸਿ ਕਿਤਾ ॥
ਜੇਹਾ ਧੁਰਿ ਲਿਖਿ ਪਾਇਓਨੁ ਸੇ ਕਰਮ ਕਮਿਤਾ ॥੫॥

[ਵਾਰ ਸੂਹੀ ਕੀ, ਪੰਨਾ ੭੮੭

ਆਮ ਲੋਕੀ ਇਸ ਗੱਲ ਨੂੰ ਮੰਨਦੇ ਨਹੀਂ ਅਤੇ ਆਮ ਮਗ਼ਰਬੀ ਦੇਸਾਂ ਦੀਆਂ ਪੜ੍ਹਾਈਆਂ ਦੇ ਮੁਠੇ ਹੋਏ ਸਿਖ ਭੀ ਇਸ ਗੱਲ ਨੂੰ ਢਕੌਂਸਲਾ ਹੀ ਸਮਝਦੇ ਹਨ ਕਿ ਮਰਨ ਸਮੇਂ ਜੀਵ ਨੂੰ ਜਮਦੂਤ ਲੈਣ ਆਉਂਦੇ ਹਨ। ਓਹ ਚਾਹੇ ਕੁਝ ਸਮਝਣ, ਪਰ ਇਹ ਇਕ ਗੁਰਮਤਿ ਸੱਚਾਈ ਹੈ, ਜਿਸ ਦੀ ਅਸਾਡੇ ਪਾਸ ਸ੍ਰੀ ਕਬੀਰ ਸਾਹਿਬ

ਦੇ ਮੁਖੋਂ ਉਚਰਾਈ ਅਗਲੇ ਗੁਰਵਾਕ ਦੀ ਪੱਕੀ ਗਵਾਹੀ ਹੈ ਕਿ ਮਰਨ ਸਮੇਂ ਜੀਵ ਨੂੰ ਲੈਣ ਲਈ ਜਮਦੂਤ ਜ਼ਰੂਰ ਆਉਂਦੇ ਹਨ। ਯਥਾ ਗੁਰਵਾਕ—

ਅਮਲੁ ਸਿਰਾਨੋ ਲੇਖਾ ਦੇਨਾ॥ ਆਏ ਕਠਿਨ ਦੂਤ ਜਮ ਲੇਨਾ ॥
ਕਿਆ ਤੈ ਖਟਿਆ ਕਹਾ ਗਵਾਇਆ ॥
ਚਲਹੁ ਸਿਤਾਬ ਦੀਬਾਨਿ ਬੁਲਾਇਆ ॥੧॥
ਚਲੁ ਦਰਹਾਲੁ ਦੀਵਾਨਿ ਬੁਲਾਇਆ ॥
ਹਰਿ ਫੁਰਮਾਨੁ ਦਰਗਹ ਕਾ ਆਇਆ ॥੧॥ਰਹਾਉ॥(੪॥੩)
[ਸੂਹੀ ਕਬੀਰ ਜੀਉ, ਪੰਨਾ ੭੯੨

ਭਾਵ—ਦੁਨੀਆ ਵਿਚ ਰਹਿਣ ਦਾ, ਅਮਲ ਕਰਨ ਦਾ ਜਦੋਂ ਸਮਾਂ ਸਮਾਪਤ ਹੋ ਜਾਂਦਾ ਹੈ, ਅਰਥਾਤ ਜਦੋਂ ਜੀਵ ਦੀ ਆਯੂ ਦੇ ਦਿਨ ਪੁਗ ਜਾਂਦੇ ਹਨ ਤਾਂ ਮਰਨ ਵੇਲੇ ਜੀਵ ਨੂੰ ਜਮ ਰੂਪੀ ਕਠਨ ਦੂਤ (ਕਰੜਾਈ ਕਰਨ ਵਾਲੇ ਦੂਤ) ਲੈਣ ਲਈ ਆ ਜਾਂਦੇ ਹਨ। ਜੀਵ ਨੂੰ ਆਪਣੇ ਅਗੇ ਹਕ ਕੇ ਤੋਰਦੇ ਹੋਏ ਕਹਿੰਦੇ ਹਨ ਕਿ ਹੁਣ ਜਕਾਂ ਤਕਾਂ ਕੀ ਕਰਦਾ ਹੈਂ, ਛੇਤੀ (ਸ਼ਤਾਬ) ਚਲੋ। ਧਰਮਰਾਇ ਦੀ ਕਚਹਿਰੀ ਵਿਚ ਤੈਨੂੰ ਬੁਲਾਇਆ ਹੈ, ਜਿਥੇ ਤੈਨੂੰ ਲੇਖਾ ਦੇਣਾ ਪਵੇਗਾ, ਜੋ ਕੁਛ ਕਿ ਤੈਂ ਖਟਿਆ ਹੈ ਯਾ ਗਵਾਇਆ ਹੈ। ਚਲੋ ਜਿਸ ਹਾਲ ਵਿਚ ਤੂੰ ਹੁਣ ਹੈਂ, ਉਸੇ ਹਾਲ ਵਿਚ ਹੀ ਚਲਣਾ ਪਵੇਗਾ। ਝਬਦੇ ਦੀਵਾਨ ਵਿਚ ਧਰਮਰਾਇ ਨੇ ਤੈਨੂੰ ਬੁਲਾਇਆ ਹੈ। ਧੁਰ ਦਰਗਾਹ ਦਾ ਹਰਿ-ਫ਼ੁਰਮਾਨ ਆਇਆ ਹੈ, ਹੁਣ ਮੁੜੇਗਾ ਨਹੀਂ। ਐਸਾ ਜਾਪਦਾ ਹੈ ਕਿ ਸ੍ਰੀ ਕਬੀਰ ਸਾਹਿਬ ਜੀ ਨੇ ਕਿਸੇ ਚਲਾਣੇ ਵਾਲੇ ਜੀਵ ਦਾ ਹਾਲ ਖ਼ੁਦ ਆਪਣੀ ਦਿੱਬ ਦ੍ਰਿਸ਼ਟੀ ਦੁਆਰਾ ਦੇਖਿਆ ਹੈ ਅਤੇ ਉਸ ਦੇ ਨਾਲ ਜੋ ਜਮ ਦੇ ਸਵਾਲ ਜਵਾਬ ਹੋਏ ਹਨ, ਓਹ ਭੀ ਆਪਣੇ ਕੰਨੀਂ ਸੁਣੇ ਹਨ, ਜੈਸੇ ਕਿ ਇਸ ਉਪਰਲੇ ਸਾਰੇ ਗੁਰਵਾਕ ਅੰਦਰ ਦਰਜ ਹਨ। ਸਾਰਾ ਸ਼ਬਦ-ਭਾਵ ਵਿਚਾਰਨ ਦੀ ਐਥੇ ਲੋੜ ਨਹੀਂ, ਵਾਧੂ ਵਿਸਥਾਰ ਫੈਲਣ ਦਾ ਡਰ ਹੈ। ਸਿੱਧ ਤਾਂ ਇਹੀ ਗੱਲ ਕਰਨੀ ਹੈ ਕਿ ਮਰਨ ਸਮੇਂ ਜੀਵ ਨੂੰ ਧਰਮਰਾਜ ਦੀ ਕਚਹਿਰੀ ਵਿਚ ਲੈ ਜਾਣ ਲਈ ਜਮਦੂਤ ਜ਼ਰੂਰ ਆਉਂਦੇ ਹਨ। ਇਸ ਗੱਲ ਨੂੰ ਭਾਵੇਂ ਕੋਈ ਗੌਲੇ ਜਾਂ ਨਾ ਗੌਲੇ, ਪਰ ਹੈ ਇਹ ਨਿਰੋਲ ਸੱਚਾਈ, ਜੋ ਉੱਪਰ ਵਰਨਣ ਹੋਈ ਹੈ।

ਅਗਲੇ ਗੁਰਵਾਕ ਦੁਤੁਕੀ ਅੰਦਰ ਭਗਤ ਰਵਿਦਾਸ ਜੀ ਦੇ ਮੁਖੋਂ ਉਚਰਵਾਈ ਗਵਾਹੀ ਭੀ ਇਹੋ ਹੈ ਕਿ ਮਰਨ ਪਿਛੋਂ ਜਮ ਦੇ ਔਖੇ ਰਾਹ ਥਾਣੀਂ ਲੰਘਣਾ ਪੈਂਦਾ ਹੈ। ਉਹ ਬੜਾ ਹੀ ਦੁਹੇਲਾ ਮਾਰਗ ਹੈ, ਜਿਥੇ ਨਾ ਕੋਈ ਸੰਗੀ ਹੈ, ਨਾ ਸਾਥੀ। ਜੀਵ ਨੂੰ ਇਸ ਰਾਹ ਵਿਚ ਦੀ ਇਕੇਲੇ, ਕੱਲਮ-ਕੱਲੇ ਨੂੰ ਹੀ ਲੰਘਣਾ ਪੈਂਦਾ

ਹੈ ਯਥਾ—

ਪੁਰਸਲਾਤ ਕਾ ਪੰਥੁ ਦੁਹੇਲਾ ॥ ਸੰਗਿ ਨ ਸਾਥੀ ਗਵਨੁ ਇਕੇਲਾ ॥੨॥
(੩॥੧) [ਸੂਹੀ ਰਵਿਦਾਸ ਜੀਉ, ਪੰਨਾ ੭੯੩

ਪੁਰਸਲਾਤ ਇਕ ਵਾਲ ਜਿੰਨਾ ਨਿੱਕਾ ਰਸਤਾ ਹੈ, ਜੋ ਦੋਜ਼ਕ ਦੀ ਭੜ ਭੜ ਕਰਦੀ ਅੱਗ ਦੇ ਉਪਰ ਬਣਿਆ ਹੋਇਆ ਹੈ। ਇਸ ਦੁਹੇਲੇ ਅਤੇ ਦੁਸ਼ਵਾਰ ਰਸਤੇ ਉੱਪਰ ਦੀ ਜੀਵ ਨੂੰ ਅਵੱਸ਼ ਲੰਘਣਾ ਪਊ, ਜਿਸ ਨੇ ਕਿ ਪਾਪ ਕਰਮ ਕਮਾਏ ਹਨ, ਇਸ ਦੁਨੀਆ ਵਿਚ ਆ ਕੇ, ਅਤੇ ਨਾਮ ਵਾਹਿਗੁਰੂ ਦਾ ਕਮਾਇਆ ਨਹੀਂ।

ਜੀਵਣ ਮਰਣੁ ਕੋ ਸਮਸਰਿ ਵੇਖੈ ॥ ਬਹੁੜਿ ਨ ਮਰੈ ਨਾ ਜਮੁ ਪੇਖੈ ॥੨॥
(੫॥੬॥੪...) [ਬਿਲਾਵਲੁ ਮ: ੩, ਪੰਨਾ ੭੯੮

ਜੋ ਕੋਈ ਗੁਰਮਖ ਜਨ ਨਾਮ ਕਮਾਈਆਂ ਕਰਿ ਜੀਵਨ ਮੁਕਤ ਹੋ ਗਿਆ ਹੈ, ਐਸਾ ਕਿ ਉਸ ਨੂੰ ਜੀਵਣ ਤੇ ਮਰਣ ਇਕ ਸਾਰ ਹੀ ਪਰਤੀਤ ਹੋਣ ਲੱਗ ਪਏ ਹਨ, ਉਹ ਜੀਵ ਫੇਰ ਮੁੜ ਕੇ ਨਹੀਂ ਮਰਦਾ, ਨਾ ਹੀ ਜਮ ਉਸ ਵਲ ਤਕਦਾ ਹੈ।

ਅਨਦ ਮੂਲੁ ਧਿਆਇਓ ਪੁਰਖੋਤਮੁ ਅਨਦਿਨੁ ਅਨਦ ਅਨੰਦੇ ॥
ਧਰਮਰਾਇ ਕੀ ਕਾਣਿ ਚੁਕਾਈ ਸਭਿ ਚੂਕੇ ਜਮ ਕੇ ਛੰਦੇ ॥੧॥(੪॥੬)
[ਬਿਲਾਵਲੁ ਮਹਲਾ ੪, ਪੰਨਾ ੮੦੦

ਭਾਵ—ਜਿਨ੍ਹਾਂ ਗੁਰਮੁਖਾਂ ਭਗਤਾਂ ਨੇ ਸਰਬ ਸੁਖਾਂ ਦੇ ਮੂਲ ਕਾਰਨ ਸਰਬੋਤਮ ਪੁਰਖ ਸਿਰੀ ਵਾਹਿਗੁਰੂ ਨੂੰ ਧਿਆਇਆ ਹੈ, ਉਹਨਾਂ ਦੀ ਸਾਰੀ ਉਮਰ ਅਨੰਦ ਹੀ ਅਨੰਦ ਵਿਖੇ ਨਿਤ ਨਿਤ ਵਿਹਾਉਂਦੀ ਹੈ। ਉਹਨਾਂ ਦੇ ਉਪਰੋਂ ਧਰਮਰਾਇ ਦੀ ਕਾਣ ਚੁਕੀ ਗਈ ਅਤੇ ਜਮ ਦੇ ਜਾਲ ਭੀ ਸਭਿ ਦੂਰ ਹੋ ਗਏ।

ਪ੍ਰਭੁ ਚਿਤਿ ਆਵੈ ਤਾ ਕੈਸੀ ਭੀੜ ॥ ਹਰਿ ਸੇਵਕ ਨਾਹੀ ਜਮ ਪੀੜ ॥
ਸਰਬ ਦੂਖ ਹਰਿ ਸਿਮਰਤ ਨਸੇ ॥ ਜਾ ਕੈ ਸੰਗਿ ਸਦਾ ਪ੍ਰਭੁ ਬਸੈ ॥
॥੨॥ (੪॥੩) [ਬਿਲਾਵਲੁ ਮ: ੫, ਪੰਨਾ ੮੦੨

ਵਿਆਖਿਆ—ਵਾਹਿਗੁਰੂ ਨਾਮ ਦੇ ਸਿਮਰਨ ਨਾਲ ਸਾਰੇ ਹੀ ਦੁਖ ਦੂਰ ਹੋ ਜਾਂਦੇ ਹਨ ਉਸ ਸਿਮਰਨਹਾਰੇ ਜਨ ਦੇ, ਜਿਸ ਦੇ ਸੰਗ ਸਿਮਰਨ ਕਮਾਈ ਦੇ ਪਰਤਾਪ ਨਾਲਿ ਸਦਾ ਹੀ ਅਬਿਨਾਸ਼ੀ ਵਾਹਿਗੁਰੂ ਵਸਦਾ ਹੈ। ਓਸ ਵਾਹਿਗੁਰੂ ਨੂੰ ਹਰ ਦੰਮ ਚਿੰਤਨ ਕਰਨਹਾਰੇ ਨੂੰ ਕਿਸੇ ਕਿਸਮ ਦੀ ਭੀ ਭੀੜ ਨਹੀਂ ਵਿਆਪਦੀ। ਨਾ ਹੀ ਵਾਹਿਗੁਰੂ ਸਿਮਰਨਹਾਰੇ ਸੇਵਕ ਭਗਤ ਨੂੰ ਜਮ ਦੀ ਪੀੜ ਹੀ ਸਹਿਣੀ ਪੈਂਦੀ ਹੈ, ਕਿਉਂਕਿ ਜਮ ਤਾਂ ਉਹਦੇ ਨੇੜੇ ਹੀ ਨਹੀਂ ਲੱਗ ਸਕਦਾ।

ਵਡਭਾਗੀ ਸੇ ਕਾਢੀਅਹਿ ਪਿਆਰੇ ਸੰਤ ਸੰਗਤਿ ਜਿਨਾ ਵਾਸੋ ॥
ਅੰਮ੍ਰਿਤ ਨਾਮੁ ਅਰਾਧੀਐ ਨਿਰਮਲੁ ਮਨੈ ਹੋਵੈ ਪਰਗਾਸੋ ॥
ਜਨਮ ਮਰਣ ਦੁਖੁ ਕਾਟੀਐ ਪਿਆਰੇ ਚੂਕੈ ਜਮ ਕੀ ਕਾਣੇ ॥
ਤਿਨਾ ਪਰਾਪਤਿ ਦਰਸਨੁ ਨਾਨਕ ਜੋ ਪ੍ਰਭ ਆਪਣੇ ਭਾਣੇ ॥੩॥
(੪॥੧॥੪)[ਬਿਲਾਵਲੁ ੫ ਘਰੁ ੨, ਪੰਨਾ ੮੦੨

ਵਿਆਖਿਆ—ਸੰਸਾਰ ਵਿਚੋਂ ਉਹੀ ਚੁਣਿ-ਕਢੇ ਲਧੋਵਾਰੇ ਗੁਰਮੁਖ ਜਨ ਸਚੇ ਵਡਭਾਗੀ ਹਨ, ਜਿਨ੍ਹਾਂ ਦਾ ਸਦ-ਸਦੀਵ ਗੁਰੂ ਘਰ ਦੀ ਵਾਹਿਗੁਰੂ-ਗੁਣ-ਗਾਵਣਹਾਰੀ ਸੰਤ-ਮੰਡਲੀ ਵਿਚ ਵਾਸਾ ਹੋ ਗਿਆ ਹੈ। ਜਿਸ ਸੰਤ-ਮੰਡਲ ਵਿਚ ਮਿਲ ਕੇ ਖ਼ਾਸੁਲ ਖ਼ਾਸ ਅੰਮ੍ਰਿਤ-ਕਲਾ ਸੰਪੰਨ ਗੁਰਮਤਿ ਨਾਮ ਦਾ ਅਰਾਧਨ ਕਰਦੇ ਹੋਏ, ਤਿਨ੍ਹਾਂ ਦੇ ਘਟ ਅੰਤਰ ਜੋਤੀਸ਼ ਦੀ ਜੋਤਿ ਦਾ ਪਰਗਾਸ ਹੋ ਜਾਂਦਾ ਹੈ। ਤਿਨ੍ਹਾਂ ਦਾ ਜਨਮ ਮਰਨ ਦਾ ਦੁਖ ਕਟਿਆ ਜਾਂਦਾ ਹੈ ਅਤੇ ਤਿਨ੍ਹਾਂ ਦੀ ਜਮ ਦੀ ਕਾਣ-ਮੁਥਾਜੀ ਸਾਰੀ ਚੱਕੀ ਜਾਂਦੀ ਹੈ। ਐਸਾ ਘਟ ਪ੍ਰਕਾਸ਼ਕ ਦਰਸ਼ਨ ਕੇਵਲ ਤਿਨ੍ਹਾਂ ਨੂੰ ਹੀ ਪ੍ਰਾਪਤ ਹੁੰਦਾ ਹੈ, ਜੋ ਨਦਰੀ ਨਦਰ ਨਿਹਾਲ ਗੁਰੂ ਅਕਾਲ ਪੁਰਖ ਨੂੰ ਭਾ ਗਏ ਹਨ, ਹੁਕਮ ਰਜ਼ਾ ਅੰਦਰਿ ਸਮਾ ਗਏ ਹਨ।

ਭਜੁ ਗੋਬਿੰਦ ਸਭਿ ਛੋਡਿ ਜੰਜਾਲ ॥
ਜਬ ਜਮੁ ਆਇ ਸੰਘਾਰੈ ਮੂੜੇ ਤਬ ਤਨੁ ਬਿਨਸਿ ਜਾਇ ਬੇਹਾਲ ॥
(੪॥੧੧॥੧੬)[ਬਿਲਾਵਲੁ ਮਹਲਾ ੫, ਪੰਨਾ ੮੦੫

ਗੁਰੂ ਸਚੇ ਪਾਤਸ਼ਾਹ ਕੈਸੀ ਤਾੜਨਾ ਮਈ ਤਾਕੀਦ ਕਰਦੇ ਹਨ ਇਸ ਗੁਰਵਾਕ ਦੁਆਰਾ ਕਿ ਸਾਰੇ ਜੰਜਾਲਾਂ ਨੂੰ ਛੱਡ ਕੇ ਕੇਵਲ ਗੋਬਿੰਦ ਵਾਹਿਗੁਰੂ ਦਾ ਹੀ ਭਜਨ ਕਰ, ਹੇ ਭੁਲੇ ਹੋਏ ਮੂਰਖ ਪ੍ਰਾਣੀ ! ਨਹੀਂ ਤਾਂ ਤੇਰਾ ਬੁਰਾ ਹਾਲ ਹੋਵੇਗਾ, ਜਦੋਂ ਮਰਨ ਸਮੇਂ ਜਮ ਤੇਰੇ ਆ ਉਦਾਲੇ ਹੋਵੇਗਾ ਅਤੇ ਬੁਰੀ ਮਾਰਨੀ ਮਾਰੇਗਾ। ਤਨ ਦੇ ਬਿਨਸ ਜਾਣ ਪਿਛੋਂ ਭੀ ਮਾਰ ਪਵੇਗੀ ਅਤੇ ਹਾਲੋਂ ਬੇਹਾਲ ਹੋ ਹੋ ਜਾਵੇਂਗਾ। ਭਜਨ-ਹੀਣਿਆਂ ਦੇ ਇਹ ਹਾਲ ਜ਼ਰੂਰ ਹੋਣਗੇ, ਚਾਹੇ ਉਹ ਜਮ ਦੀ ਜ਼ਾਤ ਨੂੰ ਮੰਨਣ ਚਾਹੇ ਨਾ ਮੰਨਣ।

ਕਹੁ ਨਾਨਕ ਜਪਹਿ ਜਨ ਨਾਮ ॥ ਤਾ ਕੇ ਨਿਕਟਿ ਨ ਆਵੈ ਜਾਮੁ ॥
੪॥੧੩॥੧੮॥ [ਬਿਲਾਵਲੁ ਮ: ੫, ਪੰਨਾ ੮੦੬

ਜਿਹੜੇ ਜਨ ਨਾਮ ਜਪਦੇ ਹਨ, ਤਿਨ੍ਹਾਂ ਦੇ ਨੇੜੇ ਜਮ ਨਹੀਂ ਆਉਂਦਾ।

ਮਮਤਾ ਮੋਹ ਧ੍ਰੋਹ ਮਦਿ ਮਾਤਾ ਬੰਧਨਿ ਬਾਧਿਆ ਅਤਿ ਬਿਕਰਾਲ ॥
ਦਿਨੁ ਦਿਨੁ ਛਿਜਤ ਬਿਕਾਰ ਕਰਤ ਅਉਧ ਫਾਹੀ ਫਾਥਾ ਜਮ ਕੈ ਜਾਲ ॥
॥੧॥(੨॥੪॥੨੨) [ਬਿਲਾਵਲੁ ਮ: ੫, ਪੰਨਾ ੮੦੬

ਭਾਵ—ਮੈਂ ਮੇਰੀ ਮਾਇਆ ਦੇ ਮੋਹ ਦਾ ਮਨੁੱਖ ਮਾਤਰ ਉਤੇ ਐਸਾ ਪਰਬਲ ਅਸਰ ਹੈ ਕਿ ਓਹ ਏਹਨਾਂ ਵਿਚ ਮੱਤਿਆ ਹੋਇਆ ਲੋਕਾਂ ਨਾਲ ਧ੍ਰੋਹ ਕਮਾਵਣ ਵਿਚ ਪਰਵਿਰਤ ਹੋ ਜਾਂਦਾ ਹੈ। ਐਸੇ ਬਿਕਰਾਲ ਬੰਧਨਾਂ ਵਿਚ ਬੰਧਿਆ ਜਾਂਦਾ ਹੈ ਕਿ ਉਸ ਦੀ ਸਾਰੀ ਅਵਰਦਾ (ਉਮਰ) ਨਿਤਾਪ੍ਰਤਿ ਬਿਕਾਰ ਕਰਨ ਵਿਚ ਹੀ ਬਿਤੀਤ ਹੋ ਜਾਂਦੀ ਹੈ। ਪਰ ਉਸ ਨੂੰ ਅਗੇ ਦੀ ਸੂਝ ਬੂਝ ਨਹੀਂ ਆਉਂਦੀ, ਹਾਲਾਂਕਿ ਦਿਨੋ-ਦਿਨ ਉਸ ਦੀ ਆਰਜਾ ਘਟਦੀ ਜਾਂਦੀ ਹੈ। ਬਸ, ਓਦੋਂ ਹੀ ਪਤਾ ਲਗਦਾ ਹੈ ਜਦੋਂ ਉਹ ਮੁਕ-ਚੁਕ ਜਾਂਦਾ ਹੈ ਅਤੇ ਮਰਨ ਪਿਛੋਂ ਜਮਜਾਲ ਦੀ ਫਾਹੀ ਵਿਚ ਫਸ ਜਾਂਦਾ ਹੈ ਅਤੇ ਫਾਥਾ ਚੋਟਾਂ ਖਾਂਦਾ ਹੈ। ਗੁਰੂ ਸਾਹਿਬ ਨੇ ਕੈਸੀਆਂ ਕੈਸੀਆਂ ਸਚੀਆਂ ਸਚੀਆਂ ਸਮਝੌਤੀਆਂ ਦਿਤੀਆਂ ਸੰਸਾਰ ਦੇ ਪਾਪ-ਗ੍ਰਸਤ ਲੋਕਾਂ ਨੂੰ, ਕੈਸੇ ਕੈਸੇ ਹੀਲੇ ਕੀਤੇ ਅਤੇ ਉਪਦੇਸ਼ ਦਿਤੇ ਓਹਨਾਂ ਨੂੰ ਜਮ-ਫਾਹੀ ਤੋਂ ਛੁਡਾਉਣ ਲਈ। ਪਰ ਅਫ਼ਸੋਸ ਕਿ ਅੰਧ ਅਗਿਆਨੀ ਨੂੰ ਇਕ ਨਾ ਲੱਗੀ। ਬਾਂਸ ਬਜਾਈ ਫੂਕ ਵਾਂਗੂ ਹੀ ਗੁਰ ਉਪਦੇਸ਼ ਤਿਸ ਦੇ ਕੰਨਾਂ ਉੱਪਰ ਦੀ ਲੰਘ ਗਏ। ਪਰ ਉਸ ਦੀ ਅੱਖ ਨ ਉਘੜੀ, ਵਾਹਿਗੁਰੂ ਦੇ ਭਜਨ ਕਰਨ ਦੇ ਰਸਤੇ ਤੇ ਨਾ ਆਇਆ, ਪਰ ਨਾ ਹੀ ਆਇਆ।

ਸਾਧ ਸੰਗਿ ਭਜੀਐ ਗੋਪਾਲੁ ॥ ਗੁਨ ਗਾਵਤ ਤੂਟੈ ਜਮ ਜਾਲੁ ॥੧॥
(੨॥੬॥੨੪) [ਬਿਲਾਵਲੁ ਮਹਲਾ ੫, ਪੰਨਾ ੮੦੭

ਗੁਰੂ ਘਰ ਦੀ ਸਾਧ ਸੰਗਤਿ ਵਿਚ ਮਿਲ ਕੇ ਵਾਹਿਗੁਰੂ ਦਾ ਭਜਨ ਕਰਨਾ ਚਾਹੀਦਾ ਹੈ, ਇਉਂ ਬੜੇ ਆਤਮ ਰੰਗ ਚੜ੍ਹਦੇ ਹਨ। ਅਤੇ ਸੰਗਤ ਨਾਲ ਜੁੜ ਕੇ ਹੀ ਵਾਹਿਗੁਰੂ ਦੇ ਗੁਣ ਗਾਵਣੇ ਚਾਹੀਦੇ ਹਨ। ਇਸ ਬਿਧਿ ਭਜਨ ਕਰਨ-ਹਾਰਿਆਂ ਅਤੇ ਗੁਣ ਗਾਵਣਹਾਰਿਆਂ ਦੇ ਜਮ-ਜਾਲ ਸਭ ਟੁਟ ਜਾਂਦੇ ਹਨ, ਰਹਿੰਦੇ ਹੀ ਨਹੀਂ ਟੁਟਣੋਂ।

ਗੁਰੂ ਸਚੇ ਪਾਤਸ਼ਾਹ 'ਜਮ' ਦੀ ਹੋਂਦ ਤੇ ਐਥੋਂ ਤਾਈਂ ਜ਼ੋਰ ਦਿੰਦੇ ਹਨ ਕਿ ਉਹ ਗੁਰਸਿਖ ਪਰਮਾਰਥੀਆਂ ਨੂੰ ਹੋਰ ਬੇਨਤੀਆਂ ਵਿਚੋਂ ਇਕ ਇਹ ਬੇਨਤੀ ਵੀ ਆਪਣੀ ਅਰਦਾਸ ਵਿਚ ਕਰਨੀ ਸਿਖਾਉਂਦੇ ਹਨ ਕਿ ਹੇ ਵਾਹਿਗੁਰੂ! ਜਮ ਕਾਲ ਕੱਟ ਦੇਵੋ। ਯਥਾ ਗੁਰਵਾਕ—

ਭ੍ਰਮ ਭੈ ਰਾਖਹੁ ਮੋਹ ਤੇ ਕਾਟਹੁ ਜਮਜਾਲ ॥੩॥(੪॥੧੧॥੪੧)
[ਬਿਲਾਵਲੁ ਮ: ੫, ਪੰਨਾ ੮੧੧

ਭਾਵ—ਹੇ ਅਕਾਲ ਪੁਰਖ! ਭ੍ਰਮ ਦੀ ਜਾਲੀ ਕਟਹੁ, ਮੋਹ ਦੀ ਫਾਸ ਤੋਂ ਬਚਾਈ ਰਖੋ ਅਤੇ ਐਸੀ ਕਿਰਪਾ ਕਰਹੁ, ਜਾਂ ਤੇ ਜਮ ਦੀ ਫਾਸ ਉੱਕੀ ਹੀ ਕੱਟੀ

ਜਾਵੇ; ਅੱਗੇ ਦਾ ਜਮ ਦਾ ਡਰ ਚੁੱਕ ਜਾਵੇ । ਨਿੰਦਕ ਤਾਂ ਜ਼ਰੂਰ ਜਮ ਦਾ ਗ੍ਰਾਸ ਹੀ ਹਨ । ਯਥਾ ਗੁਰਵਾਕ—

ਕਰਿ ਕਿਰਪਾ ਪ੍ਰਭਿ ਆਪਣੀ ਅਪਨੇ ਦਾਸ ਰਖਿ ਲੀਏ ॥
ਨਿੰਦਕ ਨਿੰਦਾ ਕਰਿ ਪਚੇ ਜਮਕਾਲਿ ਗ੍ਰਸੀਏ ॥੧॥ਰਹਾਉ॥
(੪॥੨੬॥੫੬) [ਬਿਲਾਵਲੁ ਮ: ੫, ਪੰਨਾ ੮੧੫

ਵਾਹਿਗੁਰੂ ਕਿਰਪਾਲ ਨੇ ਬੜੀ ਕਿਰਪਾ ਕੀਤੀ ਕਿ ਆਪਣੇ ਦਾਸਾਂ ਦੀ ਹਰ ਬਾਬ ਰਖਿਆ ਕੀਤੀ ਅਤੇ ਸਾਕਤ ਨਿੰਦਕ ਪੁਰਸ਼ ਨਿੰਦਾ ਕਰਦੇ ਹੀ ਪਚ ਪਚ ਕੇ ਮਰ ਗਏ, ਓੜਕ ਜਮ ਰੂਪੀ ਕਾਲ ਦਾ ਗ੍ਰਾਸ ਬਣੇ ।

ਹਰਿ-ਕੀਰਤਨ, ਹਰੀ-ਜਸ ਦਾ ਐਸਾ ਮਹਾਤਮ ਹੈ ਕਿ ਜੋ ਜਨ ਵਾਹਿਗੁਰੂ ਦਾ ਜਸ (ਸਿਫ਼ਤ-ਸਲਾਹ) ਕਰਦੇ ਹਨ ਉਹਨਾਂ ਤੋਂ ਬੜੀ ਦੂਰੋਂ ਹੀ ਜਮ ਪ੍ਰਾਹਾਂ ਭਜ ਜਾਂਦੇ ਹਨ । ਯਥਾ ਗੁਰਵਾਕ—

ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ ॥
ਉਚਰਤ ਗੁਨ ਗੋਪਾਲ ਜਸੁ ਦੂਰ ਤੇ ਜਮੁ ਭਾਗੈ ॥੧॥(੨॥੪॥੬੮)
[ਬਿਲਾਵਲੁ ਮਹਲਾ ੫, ਪੰਨਾ ੮੧੭

ਭਾਵ—ਗੁਰੂ ਘਰ ਦੇ ਸਾਧ ਸਮਾਗਮ ਵਿਚ ਜੁੜ ਕੇ ਇਕ-ਮਨ ਇਕ-ਚਿਤ ਹੋ ਕੇ ਵਾਹਿਗੁਰੂ ਦਾ ਅਰਾਧਨ ਕਰਨਾ ਚਾਹੀਦਾ ਹੈ । ਇਸ ਬਿਧਿ ਗੁਣ ਗੋਪਾਲ ਜਸੁ ਉਚਰਦਿਆਂ ਦੂਰ ਤੇ ਹੀ ਜਮ ਨਸ ਜਾਂਦਾ ਹੈ, ਨੇੜੇ ਆਉਣਾ ਹੀ ਨਹੀਂ ਪਾਉਂਦਾ । ਗੁਰਸਿਖਾਂ ਪਿਆਰਿਆਂ, ਪਾਰਬ੍ਰਹਮ ਚੇਤਨ-ਹਾਰਿਆਂ ਦੇ ਜਮ-ਕੰਕਰ ਨੇੜੇ ਨਹੀਂ ਆਉਂਦਾ । ਤਿਨ੍ਹਾਂ ਨੂੰ ਕਦੇ ਭੀ ਅੰਤੀ ਅਉਸਰ ਜਮ-ਕਾਲ ਦਾ ਦੁਖ ਨਹੀਂ ਵਿਆਪਦਾ । ਯਥਾ ਗੁਰਵਾਕ—

ਦੂਖੁ ਨ ਲਾਗੈ ਕਦੇ ਤੁਧੁ ਪਾਰਬ੍ਰਹਮੁ ਚਿਤਾਰੇ ॥
ਜਮ ਕੰਕਰੁ ਨੇੜਿ ਨ ਆਵਈ ਗੁਰ ਸਿਖ ਪਿਆਰੇ ॥੧॥ਰਹਾਉ॥
(੨॥੫॥੬੯) [ਬਿਲਾਵਲੁ ਮ: ੫, ਪੰਨਾ ੮੧੮

ਐਸੇ ਹਨ ਗੁਰੂ ਨੂੰ ਸਿਖ ਪਿਆਰੇ ਕਿ ਸਤਿਗੁਰੂ ਆਪਣੇ ਸਿਖਾਂ ਨੂੰ ਜਮ ਦੀ ਲਾਗ ਨਹੀਂ ਲੱਗਣ ਦਿੰਦੇ । ਤਾਂ ਤੇ ਜੇ ਜਮ ਤੋਂ ਬਚਣਾ ਹੈ ਤਾਂ ਗੁਰੂ ਦੀ ਸਰਣਿ ਲਵੋ, ਸਾਰੀ ਚਿੰਤਾ ਮਿਟ ਜਾਵੇਗੀ ।

ਜਹ ਮਹਾ ਭਇਆਨ ਦੂਖ ਜਮ ਸੁਨੀਐ ਤਹ ਮੇਰੇ ਪ੍ਰਭ ਤੂਹੈ ਸਹਾਈ ॥
ਸਰਨਿ ਪਰਿਓ ਹਰਿ ਚਰਨ ਗਹੇ ਪ੍ਰਭ ਗੁਰਿ ਨਾਨਕ ਕਉ ਬੂਝ ਬੁਝਾਈ ॥
੨॥੫॥ [ਬਿਲਾਵਲੁ ਮਹਲਾ ੫, ਪੰਨਾ ੮੨੨

 www.sikhbookclub.com

ਇਸ ਗੁਰਵਾਕ ਅੰਦਰ ਸਤਿਗੁਰੂ ਨਾਨਕ ਸਾਹਿਬ ਨੇ ਐਸੀ ਸੱਚੀ ਬੂਝ ਬੂਝਾਈ ਹੈ ਆਪਣੇ ਗੁਰਸਿਖਾਂ ਪ੍ਰਤੀ ਕਿ ਵਾਹਿਗੁਰੂ ਦੀ ਚਰਨ ਸਰਨ ਗਹਿਆਂ ਅਤੇ ਵਾਹਿਗੁਰੂ ਦਾ ਨਾਮ ਲਇਆਂ ਇਹ ਪਰਤੱਖ ਪ੍ਰਭਾਵ ਵਰਤਦਾ ਹੈ ਕਿ ਜਿਸ ਮਾਰਗ ਵਿਖੇ ਅਗੇ ਗਇਆਂ ਮਹਾਂ ਭਇਆਨਕ ਦੁਖ ਜਮਾਂ ਦੇ ਸੁਣੀਂਦੇ ਹਨ (ਗੁਰੂ ਨਾਨਕ ਸਾਹਿਬ ਨੇ ਆਪਿ ਦੇਖੇ ਸੁਣੇ ਹਨ) ਤਿਥੇ ਕੇਵਲ ਵਾਹਿਗੁਰੂ ਅਤੇ ਵਾਹਿਗੁਰੂ ਦਾ ਨਾਮ ਹੀ ਸਹਾਈ ਹੁੰਦਾ ਹੈ।

ਸਿਮਰਤ ਨਾਮੁ ਕੋਟਿ ਜਤਨ ਭਏ ॥
ਸਾਧ ਸੰਗਿ ਮਿਲਿ ਹਰਿ ਗੁਨ ਗਾਏ ਜਮ ਦੂਤਨ ਕਉ ਤ੍ਰਾਸ ਅਹੇ ॥
੧॥ਰਹਾਉ॥(੨॥੧੭॥੧੦੩) [ਬਿਲਾਵਲੁ ਮਹਲਾ ੫, ੮੨੪

ਵਿਆਖਿਆ—ਕ੍ਰੋੜਾਂ ਸਾਧਨਾਂ ਦਾ ਸਾਧਨ ਨਾਮ ਦਾ ਸਿਮਰਨ ਹੈ। ਸਾਧਨਾਂ ਸਿਰ ਸਾਧਨ ਨਾਮ ਦਾ ਸਿਮਰਨ ਹੈ। ਨਾਮ ਸਿਮਰਨ ਦਾ ਸਾਧਨ ਸੰਜਾਮਦਿਆਂ ਕ੍ਰੋੜਾਂ ਫਲ ਪ੍ਰਾਪਤ ਹੁੰਦੇ ਹਨ। ਖ਼ਾਸ ਕਰ ਗੁਰਮੁਖ ਸਿਖਾਂ ਸਾਧਾਂ ਦੀ ਸੰਗਤਿ ਵਿਚ ਹਰੀ ਗੁਣ ਗਾਂਵਦਿਆਂ, ਹਰਿ ਕੀਰਤਨ ਕਰਦਿਆਂ ਸਿਮਰਨ ਸੰਜਾਮ ਦੇ ਬੜੇ ਹੀ ਕੋਟਿ-ਕੋਟਾਨ ਫਲ ਹਨ। ਅਜਿਹੀ ਨਾਮ ਅਭਿਆਸ ਕਮਾਈ ਵਾਲਿਆਂ ਕੋਲੋਂ ਜਮਦੂਤਾਂ ਨੂੰ ਭੀ ਬੜੇ ਡਰ ਤ੍ਰਾਸ ਹਨ, ਭਾਵ ਜਮ ਬੜੇ ਹੀ ਓਹਨਾਂ ਤੋਂ ਡਰਦੇ ਹਨ।

ਭ੍ਰਮ ਭੈ ਤਰੇ ਛੁਟੇ ਭੈ ਜਮ ਕੇ ਘਟਿ ਘਟਿ ਏਕੁ ਰਹਿਆ ਭਰਪੂਰੇ ॥
ਨਾਨਕ ਸਰਣਿ ਪਰਿਓ ਦੁਖ ਭੰਜਨ ਅੰਤਰਿ ਬਾਹਰਿ ਪੇਖਿ ਹਜੂਰੇ ॥
੨॥੨੨॥੧੦੮॥ [ਬਿਲਾਵਲੁ ਮਹਲਾ ੫, ਪੰਨਾ ੮੨੫-੨੬

ਜਿਨ੍ਹਾਂ ਗੁਰਮੁਖਾਂ ਦੀ ਨਾਮ ਸਿਮਰਨ ਕਮਾਈ ਦੁਆਰਾ ਐਸੀ ਅਰੂੜ ਬਿਰਤੀ ਹੋ ਜਾਂਦੀ ਹੈ ਕਿ ਉਹ ਇਕੋ ਵਾਹਿਗੁਰੂ ਨੂੰ ਸਾਰਿਆਂ ਘਟਾਂ ਵਿਖੇ ਭਰਪੂਰ ਪਰਤੱਖ ਵੇਖ ਲੈਂਦੇ ਹਨ ਅਤੇ ਅੰਤਰ ਬਾਹਰ ਵਾਹਿਗੁਰੂ ਹਾਜ਼ਰਾ-ਹਜ਼ੂਰ, ਜ਼ਾਹਰਾ ਜ਼ਹੂਰ ਪੇਖ ਕੇ ਉਸੇ ਦੁਖ-ਭੰਜਨਹਾਰ ਵਾਹਿਗੁਰੂ ਦੀ ਹੀ ਸਦਾ ਸਰਣਾਗਤਿ ਰਹਿੰਦੇ ਹਨ, ਓਹ ਭਰਮ-ਜਾਲਾਂ ਭਰੇ ਭੈ-ਸਾਗਰ ਤੋਂ ਸੁਤੇ ਹੀ ਤਰ ਜਾਂਦੇ ਹਨ ਅਤੇ ਭ੍ਰਮ-ਭੈ ਤੋਂ ਪਾਰ ਪੈਂਦੇ ਹਨ ਅਤੇ ਉਹਨਾਂ ਦੇ ਜਮ ਦੇ ਭੈ ਭੀ ਛੁਟ ਜਾਂਦੇ ਹਨ। ਸਗੋਂ ਜਮ ਭੀ ਉਹਨਾਂ ਤੋਂ ਭੈ ਖਾਂਦੇ ਹਨ।

ਹਰਿ ਨਾਮ ਰਸਨਾ ਕਹਨ ॥ ਮਲ ਪਾਪ ਕਲਮਲ ਦਹਨ...॥੨॥...
ਤੇ ਜਮੁ ਨ ਪੇਖਹਿ ਨੈਨ ॥ ਸੁਨਿ ਮੋਹੇ ਅਨਹਤ ਬੈਨ ॥੫॥(੮॥੧)
[ਬਿਲਾਵਲੁ ਮ: ੫ ਅਸਟ:, ਪੰਨਾ ੮੩੭

ਭਾਵ—ਵਾਹਿਗੁਰੂ ਦਾ ਨਾਮ ਰਸਨਾ ਕਰਕੇ ਜਪਣ (ਕਹਿਣ) ਵਾਲੇ ਜਨ

ਜਮ ਨੂੰ ਅਖੀਂ ਨਹੀਂ ਦੇਖਣਾ ਪਾਉਂਦੇ, ਕਿਉਂਕਿ ਜਿਹਵਾ ਨਾਲ ਨਾਮ ਜਪਣਾ ਪਾਪਾਂ ਤੇ ਕਿਲਵਿਖ ਦੋਸ਼ਾਂ ਦੀ ਮੈਲ ਸਾੜ ਦਿੰਦਾ ਹੈ (ਦਾਹ ਸਿਟਦਾ ਹੈ)। ਨਾਮ ਦੀਆਂ ਅਪਾਰ ਕਮਾਈਆਂ ਵਾਲਿਆਂ ਦੀ ਤਾਂ ਦਸਮ ਦੁਆਰ ਵਿਖੇ ਪਹੁੰਚ ਹੋ ਜਾਂਦੀ ਹੈ, ਜਿਥੇ ਉਹ ਹਰ ਦੰਮ ਅਨਹਦ ਬਾਜੇ ਹੀ ਬਜਦੇ ਸੁਣਦੇ ਹਨ। ਚੋਲਾ ਸਰੀਰ ਛੱਡ ਕੇ ਭੀ ਓਹ ਇਹ ਅਨਹਦ ਬੈਣ (ਬਾਜੇ) ਸੁਣਦੇ ਹੀ ਪਰਲੋਕ ਨੂੰ ਸਿਧਾਉਂਦੇ ਹਨ। ਜਮ ਤੇ ਜਮਪੁਰੀਆਂ ਓਹਨਾਂ ਤੋਂ ਲਾਂਭੇ ਹੀ ਰਹਿ ਜਾਂਦੀਆਂ ਹਨ। ਓਧਰ ਉਹਨਾਂ ਦੀ ਸੁਰਤੀ ਫੁਰਤੀ ਮਈ ਸਰੋਤ ਅਤੇ ਦ੍ਰਿਸ਼ਟੀ ਹੀ ਨਹੀਂ ਜਾਂਦੀ। ਜਿਹੜੇ ਅਭਾਗੇ ਪੁਰਸ਼ ਜੀਉਂਦੇ ਜੀਅ ਨਾਮ ਤਾਂ ਜਪਦੇ ਹੀ ਨਹੀਂ, ਸਗੋਂ ਦੂਜੇ ਭਾਇ ਦੀ ਮਾਇਆ ਮੋਹ ਦੀ ਪੂਜਾ ਵਿਚ ਹੀ ਲਗੇ ਰਹਿੰਦੇ ਹਨ, ਉਹ ਅਗੇ ਜਾ ਕੇ ਪਛਤਾਉਂਦੇ ਹਨ, ਕਿਉਂਕਿ ਉਹ ਜਮ-ਦਰ ਬਧੇ ਆਉਂਦੇ ਜਾਂਦੇ ਤੇ ਚੋਟਾਂ ਖਾਂਦੇ ਹਨ। ਓਹ ਨਾਮ ਬਿਨਾਂ ਖ਼ਾਲੀ ਹਥੀਂ ਹੀ ਆਉਂਦੇ ਹਨ ਅਤੇ ਖ਼ਾਲੀ ਹਥੀਂ ਹੀ ਜਾਂਦੇ, ਜੰਮਦੇ ਮਰਦੇ ਹਨ। ਉਨ੍ਹਾਂ ਦੇ ਸਿਰ ਤੇ ਸਦਾ ਹੀ ਜਮਕਾਲ ਸਵਾਰ ਰਹਿੰਦਾ ਹੈ। ਬਾਰ ਬਾਰ ਜਮਪੁਰੀ ਵਿਚ ਜਾ ਜਾ ਕੇ ਜਮ ਦੀਆਂ ਚੋਟਾਂ ਖਾਂਦੇ ਹਨ। ਯਥਾ ਗੁਰਵਾਕ—

ਦੂਜੈ ਭਾਇ ਲਗੇ ਪਛੁਤਾਣੇ ॥ ਜਮਦਰਿ ਬਾਧੇ ਆਵਣ ਜਾਣੇ ॥
ਕਿਆ ਲੈ ਆਵਹਿ ਕਿਆ ਲੇ ਜਾਹਿ ॥
ਸਿਰਿ ਜਮਕਾਲੁ ਸਿ ਚੋਟਾ ਖਾਹਿ...੨॥

[ਬਿਲਾਵਲੁ ਮਹਲਾ ੧ ਥਿਤੀ, ਪੰਨਾ ੮੩੯

ਅਗਲਾ ਗੁਰਵਾਕ ਦਸਦਾ ਹੈ ਕਿ ਕਿਵੇਂ ਭਜਨ-ਹੀਣਿਆਂ ਦੀ ਦੁਰਦਸ਼ਾ ਹੁੰਦੀ ਹੈ—

ਲੋਭਿ ਮੋਹਿ ਬਾਧੀ ਦੇਹ ॥ ਬਿਨੁ ਭਜਨ ਹੋਵਤ ਖੇਹ ॥
ਜਮਦੂਤ ਮਹਾ ਭਇਆਨ ॥ ਚਿਤ ਗੁਪਤ ਕਰਮਹਿ ਜਾਨ ॥
ਦਿਨੁ ਰੈਨਿ ਸਾਖਿ ਸੁਨਾਇ ॥ ਨਾਨਕਾ ਹਰਿ ਸਰਨਾਇ ॥੩॥(੧੦॥੨)

[ਬਿਲਾਵਲੁ ਮਹਲਾ ੫, ਪੰਨਾ ੮੩੮

ਭਾਵ—ਇਹ ਮਨੁੱਖਾ ਦੇਹ ਲੋਭ ਮੋਹ ਦੇ ਬੰਧਨਾਂ ਵਿਚ ਬੰਨ੍ਹੀ ਹੋਈ ਹੀ ਅਜਾਈਂ ਬਿਨਸ ਜਾਂਦੀ ਹੈ। ਭਜਨ ਦੇ ਬਿਨਾਂ ਕਿਸੇ ਕੰਮ ਨਹੀਂ ਆਉਂਦੀ, ਬਸ ਖੇਹ ਹੀ ਹੋ ਜਾਂਦੀ ਹੈ। ਜੀਵ, ਜਦੋਂ ਦੇਹੀ ਖੇਹ ਹੋਈ ਤੇ ਇਸ ਵਿਚੋਂ ਨਿਕਲ ਕੇ ਅਗੇ ਜਾਂਦਾ ਹੈ ਤਾਂ ਮਹਾਂ ਭਇਆਨਕ ਜਮਦੂਤਾਂ ਦੇ ਵਸ ਪੈ ਜਾਂਦਾ ਹੈ। ਜਮਦੂਤ ਉਸ ਨੂੰ ਫੜ ਕੇ ਧਰਮਰਾਇ ਪਾਸ ਲੈ ਜਾਂਦੇ ਹਨ। ਜਿਥੇ ਉਸ ਦੇ ਕੀਤੇ ਕਰਮਾਂ ਦਾ ਲੇਖਾ ਲਿਆ ਜਾਂਦਾ ਹੈ, ਉਥੇ ਉਹ ਮੰਦ ਕਰਮਾਂ ਤੋਂ ਮੁਕਰ ਨਹੀਂ ਸਕਦਾ।

 www.sikhbookclub.com

ਜੇ ਮੁਕਰੇ ਤਾਂ ਚਿਤਰ ਗੁਪਤ (ਧਰਮਰਾਇ ਦੇ ਕਰਿੰਦੇ ਮੁਨਸ਼ੀ ਜੋ ਜੀਵਾਂ ਦਾ ਲੇਖਾ ਨਾਲ ਦੀ ਨਾਲ ਲਿਖੀ ਜਾਣ ਲਈ ਛੱਡੇ ਹੋਏ ਹਨ) ਉਸ ਦੇ ਦਿਨ ਰਾਤ ਦੇ ਕੀਤੇ ਮੰਦੇ ਚੰਗੇ ਕਰਮਾਂ ਦੀ ਗਵਾਹੀ ਦੇ ਦਿੰਦੇ ਹਨ। ਜੀਵ ਮੁਕਰੇ ਤਾਂ ਕਿਵੇਂ ਮੁਕਰੇ। ਫੇੜੇ ਫੜੇ ਨੂੰ ਕੌਣ ਛੁਡਾਵੇ। ਹੇ ਵਾਹਿਗੁਰੂ! ਤੇਰੀ ਸਰਣ ਹੀ ਸਹਾਈ ਹੋ ਸਕਦੀ ਹੈ, ਹੋਰ ਕੋਈ ਠਿਕਾਣਾ ਨਹੀਂ ਜਮਾਂ ਤੋਂ ਬਚਣ ਦਾ। ਤਾਂ ਤੇ ਭਜਨ ਹੀ ਛੁਡਾ ਸਕਦਾ ਹੈ ਜੀਵਾਂ ਨੂੰ ਅਤੇ ਹਰਿ ਸਰਣਾਗਤਿ ਰਖ ਸਕਦਾ ਹੈ ਤੇ ਛੁਟਕਾਰਾ ਜਮਾਂ ਤੋਂ ਕਰਵਾ ਸਕਦਾ ਹੈ। ਪ੍ਰੰਤੂ ਸਾਕਤ ਨਿਗੁਰੇ ਮਨਮੁਖ ਪ੍ਰਾਣੀ ਦੂਜੇ ਭਾਇ ਵਿਚ ਅੰਨ੍ਹੇ ਹੋਇ ਰਹਿੰਦੇ ਅਤੇ ਅੰਧੇ ਕਰਮ ਹੀ ਕਮਾਉਂਦੇ ਹਨ। ਐਸੇ ਅੰਧ ਧੁੰਦ ਕਰਮ ਕਰਨ ਵਾਲਾ ਹਰ ਇਕ ਮਨਮੁਖ ਨਿਗੁਰਾ ਨਰ ਜਮ-ਦਰ ਬੱਧਾ ਹੀ ਚੋਟਾਂ ਖਾਂਦਾ ਹੈ। ਯਥਾ ਗੁਰਵਾਕ—

ਮਨਮੁਖੁ ਅੰਧਾ ਦੂਜੈ ਭਾਇ ॥ ਜਮਦਰਿ ਬਾਧਾ ਚੋਟਾ ਖਾਇ...੮॥
[ਬਿਲਾਵਲੁ ਮ: ੩ ਵਾਰ ਸਤ, ਪੰਨਾ ੮੪੧

ਇਹ ਅਗਲਾ ਗੁਰਵਾਕ ਦਸਦਾ ਹੈ ਕਿ ਗੁਰਮੁਖਾਂ ਅਬਿਨਾਸ਼ੀ-ਗੁਣ ਗਾਵਣਹਾਰਿਆਂ ਦੀ ਕਿਵੇਂ ਜਮ ਦੀ ਫਾਸੀ ਕੱਟੀ ਜਾਂਦੀ ਹੈ—

ਬਿਸਮਨ ਬਿਸਮ ਭਈ ਪੇਖਿ ਗੁਣ ਅਬਿਨਾਸੀ ਰਾਮ ॥
ਕਰੁ ਗਹਿ ਭੁਜਾ ਗਹੀ ਕਟਿ ਜਮ ਕੀ ਫਾਸੀ ਰਾਮ ॥...੩॥(੪॥੨)
[ਬਿਲਾਵਲੁ ਮ: ੫ ਛੰਤ, ਪੰਨਾ ੮੪੬

ਗੁਰਮੁਖ ਜਨਾਂ ਦੀ, ਅਬਿਨਾਸ਼ੀ ਗੁਣ ਗਾਵਣਹਾਰੇ ਗੁਰਮੁਖ ਜਨਾਂ ਦੀ ਰੂਹ ਆਤਮਾ ਗੁਣ ਗਾ ਗਾ ਕੇ ਬਿਸਮਾਦ ਰੂਪ ਅਤੇ ਬਿਸਮ-ਰੰਗ ਰੰਗੀ ਹੋ ਜਾਂਦੀ ਹੈ, ਜਦੋਂ ਉਹ ਗੁਣ ਗਾਂਵਦੀ ਗਾਂਵਦੀ ਅਬਿਨਾਸ਼ੀ ਪ੍ਰਭੂ ਪਤੀ ਦੇ ਅਮਰ ਗੁਣਾਂ ਦਾ ਪਰਤੱਖ ਦਰਸ਼ਨ ਕਰ ਲੈਂਦੀ ਹੈ। ਪਤੀ ਪ੍ਰਮਾਤਮਾ ਦੇ ਓਹਨਾਂ ਅਸਲੀ ਅਮਰ ਗੁਣਾਂ ਦਾ ਦਰਸ਼ਨ ਬੜਾ ਹੀ ਬਿਸਮਾਦ ਰੂਪ ਹੈ, ਜਿਨ੍ਹਾਂ ਦਾ ਗੁਰਬਾਣੀ ਅੰਦਰ ਜ਼ਿਕਰ ਆਇਆ ਹੈ। ਇਹ ਗੁਣ ਗੁਰੂ ਸਾਹਿਬਾਨ ਦੇ ਤਾਂ ਪਰਤੱਖ ਦੇਖੇ ਬਿਸਮੇਖੇ ਹੋਏ ਹੁੰਦੇ ਹਨ। ਓਹੀ ਪਰਤੱਖ ਪੇਖੇ ਹੋਏ ਗੁਣ-ਗੋਬਿੰਦ, ਜਦੋਂ ਧੁਰੋਂ ਆਈ ਗੁਰਬਾਣੀ ਦੁਆਰਾ ਸਤਿਗੁਰੂ-ਉਚਾਰੇ ਹੋਇ ਉਤਰਦੇ ਹਨ (ਜੈਸਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਪਰਤੱਖ ਉਤਰੇ ਹੋਏ ਹਨ) ਤਾਂ ਤਿਨ੍ਹਾਂ ਗੁਣਾਂ ਦਾ ਬਾਣੀ ਦੇ ਅਖਰੀ ਸਰੂਪ ਵਿਚ ਆਉਣਾ ਭੀ ਪਾਰਸ ਰੂਪ ਹੋ ਜਾਂਦਾ ਹੈ। ਪਾਰਸ ਰੂਪ ਇਸ ਕਰਕੇ ਕਿ ਇਹਨਾਂ ਗੁਣਾਂ ਦੇ ਪਰਸਣਹਾਰੇ, ਅਰਥਾਤ ਪੜ੍ਹਨ ਸੁਨਣ ਗਾਵਣਹਾਰੇ ਪਾਵਨ ਪੁਨੀਤ ਪਦ ਅਮਰੀਤ ਹੋ ਜਾਂਦੇ ਹਨ। ਇਨ੍ਹਾਂ ਅਮਰ ਰੂਪਾਂਤਰੀ ਗੁਣਾਂ ਦਾ ਪਰਸਣਾ ਅਤਿ

ਅਸਚਰਜਤਾ ਅਤੇ ਬਿਸਮਾਦ ਜਨਕ ਹੋ ਜਾਂਦਾ ਹੈ, ਜਦੋਂ ਕਿ ਇਨ੍ਹਾਂ ਗੁਣਾਂ ਨੂੰ ਗਾਵਣ ਸੁਨਣ ਪਠਨਹਾਰੇ ਤਿਨ੍ਹਾਂ ਗੁਣਾਂ ਦੀ ਦਿਬ-ਰੂਪਤਾ ਦਾ ਦਰਸ਼ਨ ਕਰ ਲੈਂਦੇ ਹਨ । ਐਸਾ ਹੀ ਪਰਤੱਖ ਦਰਸ਼ਨ, ਜੈਸਾ ਕਿ ਇਨ੍ਹਾਂ ਗੁਣਾਂ ਦੇ ਦਰਸਾਉਣ-ਹਾਰਿਆਂ ਸਰਬਗ ਗੁਰੂ ਸਾਹਿਬਾਨ ਨੇ ਕੀਤਾ ਹੈ । ਜਿਨ੍ਹਾਂ ਦੀ ਆਤਮ ਦਿਬ-ਸਰੂਪਤਾ ਨੂੰ ਪੇਖ ਪੇਖ ਸਤਿਗੁਰਾਂ ਨੇ ਇਹ ਗੁਣ ਗਾਇ ਅਤੇ ਬਾਣੀ ਰੂਪ ਵਿਚ ਅਉਤਰਾਏ ਹਨ, ਐਸੇ ਅਬਿਨਾਸ਼ੀ ਗੁਣਾਂ ਦੀ ਤੱਤ-ਰੂਪ-ਦਿਬਤਾ, ਦਿਬ-ਲਤੀਫ਼ਤਾ ਬਿਸਮੀਵਤਾ ਨੂੰ ਦੇਖ ਕੇ ਕਿਉਂ ਨਾ ਬਿਸਮੇ ਗੁਣ ਗਾਵਣਹਾਰਿਆਂ ਦੀ ਆਤਮ ਰੂਹੜੀ ਅਤੇ ਕਿਉਂ ਨਾ ਘਟੇ ਤਿਸ ਰੂਹੜੀ ਪ੍ਰਥਾਇ ਇਸ ਗੁਰਵਾਕ ਪੰਗਤੀ ਦੀ ਤੱਤ ਭਾਵ ਘਟਨਾ-

ਬਿਸਮਨ ਬਿਸਮ ਭਈ ਪੇਖਿ ਗੁਣ ਅਬਿਨਾਸੀ ਰਾਮ ॥...੩(੪॥੨)
[ਬਿਲਾਵਲੁ ਮ: ੫, ਪੰਨਾ ੮੪੬

ਐਸੀ ਸੁਹਾਗ ਭਾਗ ਨੂੰ ਪ੍ਰਾਪਤ ਹੋਈ ਜਗਿਆਸਾ ਗੁਰਮੁਖਿ ਸਹਿਜ ਸੁਹਾਗਣ ਪਤੀ ਪ੍ਰਮਾਤਮਾ ਨੇ ਅਪਣਾ ਲਈ, ਆਪਣੇ ਅੰਗ ਮਿਲਾ ਲਈ, ਆਪਣੇ ਸੰਗਿ ਲਗਾਇ ਲਈ । ਪਹਿਲਾਂ ਹੱਥੋਂ ਫੜੀ, ਫੇਰ ਪੌਂਚਿਓਂ ਬਾਂਹ ਜਾ ਫੜੀ ਅਤੇ—

ਬਾਹ ਪਕਰਿ ਪ੍ਰਿਅ ਸੇਜੈ ਆਨੀ ॥੧॥(੪॥੭)
[ਆਸਾ ਮ: ੫, ਪੰਨਾ ੩੭੨

ਐਸੀ ਕਰ ਗਹਿ ਭੁਜਾ ਲੀਨੀ ਸੁਹਾਗਣ ਦੀ ਤਾਂ ਸੁਤੇ ਸਿਧ ਹੀ ਜਮ ਦੀ ਫਾਸੀ ਕਦੇ ਦੀ ਕਟ ਗਈ ਹੁੰਦੀ ਹੈ । ਜਮ ਦੀ ਫਾਸੀ ਕਟ ਜਾਣ ਤੋਂ ਪਿਛੋਂ ਉੱਪਰ ਦੱਸੀ ਵਿਸਮਾਦਤਾ ਦੀ ਨੌਬਤ ਆਉਂਦੀ ਹੈ । ਜਮ ਦੀ ਫਾਸੀ ਕੱਟਣ ਵਾਲੀਆਂ ਤਾਂ ਪਹਿਲੀਆਂ ਪਰਮਾਰਥੀ ਮੰਜ਼ਲਾਂ (ਸਟੇਜਾਂ) ਹਨ, ਜੋ ਸੁਤੇ ਹੀ ਅਬੂਰ ਹੋ ਜਾਂਦੀਅ ਹਨ । ਅਬਿਨਾਸ਼ੀ ਵਾਹਿਗੁਰੂ ਦੇ ਗੁਣਤਾਸੀ ਦਰਸ਼ਨ ਵਾਸਤਵ ਵਿਚ ਵਾਹਿਗੁਰੂ ਦੇ ਸਾਕਸ਼ਾਤ ਦਰਸ਼ਨ ਹੀ ਹਨ । ਅਕਾਲ ਪੁਰਖ ਦੀ ਅਕਾਲ ਮੂਰਤਿ ਵਾਲੀ ਜ਼ਾਤੇ ਪਾਕ ਵਿਚ ਹੀ ਸਾਰੇ ਗੁਣ ਸਮਾਏ ਹੋਏ ਹਨ, ਉਸ ਤੋਂ ਵੱਖਰੇ ਨਹੀਂ । ਗੁਰਬਾਣੀ ਇਨ੍ਹਾਂ ਗੁਣਾਂ ਦਾ ਸਾਕਸ਼ਾਤ ਵਰਣਨ ਹੈ, ਜੋ ਕੇਵਲ ਗੁਰੂ ਸਾਹਿਬਾਨ ਦੇ ਅਪ੍ਰੋਕਸ਼ ਗਿਆਨ ਵਿਚ ਗੁੰਫਤ ਹੋਏ ਹਨ, ਕਿਉਂਕਿ ਗੁਰੂ ਸਾਹਿਬਾਨ ਨੇ ਪਰਤੱਖ ਗੁਣਤਾਸ ਗੁਣਾਂ ਨੂੰ ਸਾਕਸ਼ਾਤ ਦਰਸ਼ਨਾਂ ਸਮੇਤ ਪੇਖਿਆ । ਅਕਾਲ ਪੁਰਖ ਦੀ ਹਜ਼ੂਰੀ ਦੇ ਇਹ ਦਰਸ਼ਨ, ਦਰਸ਼ਨ ਲਿਵਤਾਰ ਸੁਰਤੀ ਵਿਚ ਪੇਖਦੇ ਹੋਏ ਹੀ ਸਰਬੱਗ ਗੁਰੂ ਸਾਹਿਬਾਨ ਇਸ ਸੰਸਾਰ ਵਿਖੇ ਆਣ ਅਵਤਰੇ । ਅਵਤਾਰ ਧਾਰ ਕੇ ਭੀ ਹਾਜ਼ਰ ਨਾਜ਼ਰ ਦਰਸ਼ਨ ਸਨਮੁਖ ਦੇਖਦੇ ਰਹੇ ਅਤੇ ਦਰਸ਼ਨ ਦੇਖ ਦੇਖ ਹੀ ਗੁਣ ਉਚਾਰਦੇ ਰਹੇ । ਇਹ ਦਰਸ਼ਨ ਇਕ ਨਿਮਖ ਭੀ ਗੁਰੂ ਸਾਹਿਬਾਨ ਦੀ ਦਿੱਬ-ਦ੍ਰਿਸ਼ਟੀ ਤੋਂ

ਉਹਲੇ ਨਹੀਂ ਹੋਏ। ਜਿਨ੍ਹਾਂ ਵਡਭਾਗੇ ਗੁਰਮੁਖਾਂ ਨੂੰ ਗੁਰੂ ਪ੍ਰਸਾਦ ਕਰਿ ਇਹ ਦਰਸ਼ਨ ਹੋਏ, ਇਸੇ ਲਾਈਟ ਵਿਚ ਹੀ ਹੋਏ। ਤਾਂ ਤੇ ਸੁਤੇ ਹੀ ਬਿਸਮਾਦ ਦਸ਼ਾ ਰਾਹੀਂ ਹੋ ਜਾਂਦੇ ਰਹੇ। ਏਸ ਅਤਿ ਉਚ ਬਿਸਮਨੀ ਮੰਜ਼ਲ, ਜਿਥੇ ਜਮਾਂ ਦਾ ਮਾਲਕ ਧਰਮਰਾਇ ਭੀ ਫਟਕਣਾ ਨਹੀਂ ਪਾਉਂਦਾ, ਤੋਂ ਅੱਤ ਹਿਠਾਹਾਂ ਜਮਪੁਰੀ ਤਬਕਾ ਰਹਿ ਜਾਂਦਾ ਹੈ।

ਅਗਲਾ ਗੁਰਵਾਕ ਦਸਦਾ ਹੈ ਕਿ ਆਸਾ ਮਨਸਾ ਮੋਹਣੀ ਦੇ ਮੋਹ-ਗ੍ਰਸਿਆਂ ਅਤੇ ਹੰਕਾਰ-ਅਭਿਮਾਨਸਿਆਂ ਨੂੰ ਹੀ ਬਹੁਤਾ ਜਮ ਗ੍ਰਸਦਾ ਹੈ। ਯਥਾ ਗੁਰਵਾਕ—

ਆਸਾ ਮਨਸਾ ਜਗਿ ਮੋਹਣੀ ਜਿਨਿ ਮੋਹਿਆ ਸੰਸਾਰੁ ॥
ਸਭੁ ਕੋ ਜਮ ਕੇ ਚੀਰੇ ਵਿਚਿ ਹੈ ਜੇਤਾ ਸਭੁ ਆਕਾਰੁ ॥
ਹੁਕਮੀ ਹੀ ਜਮੁ ਲਗਦਾ ਸੋ ਉਬਰੈ ਜਿਸੁ ਬਖਸੈ ਕਰਤਾਰੁ ॥
ਨਾਨਕ ਗੁਰਪਰਸਾਦੀ ਏਹੁ ਮਨੁ ਤਾਂ ਤਰੈ ਜਾ ਛੋਡੈ ਅਹੰਕਾਰੁ ॥
ਆਸਾ ਮਨਸਾ ਮਾਰੇ ਨਿਰਾਸੁ ਹੋਇ ਗੁਰ ਸਬਦੀ ਵੀਚਾਰ ॥੨॥(੫)
[ਬਿਲਾਵਲ ਕੀ ਵਾਰ,ਮ: ੩, ਪੰਨਾ ੮੫੧

ਵਿਆਖਿਆ—ਇਸ ਜਗ ਅੰਦਰ ਆਇਆਂ (ਜਨਮਿਆਂ) ਜੀਵਾਂ ਮਨੁੱਖਾਂ ਨੂੰ ਆਸਾ ਮਨਸਾ ਮੋਹਣ ਵਾਲੀ ਬਲਾ ਚੁੜੇਲ ਹੋ ਕੇ ਚਿਮੜੀ ਹੋਈ ਹੈ। ਇਸ ਨੇ ਸਾਰੇ ਹੀ ਸੰਸਾਰ ਨੂੰ ਸੰਸਾਰੀ ਜੀਵਾਂ ਨੂੰ ਮੋਹ ਛੱਡਿਆ ਹੈ। ਸੋ ਚਰਾਚਰੀ ਜੀਵਾਂ ਦੀ ਇਹ ਜੋ ਸਾਰੀ ਅਕਾਰ ਰਚਨਾ ਹੈ, ਆਸਾ ਮਨਸਾ ਮਾਇਆ ਮੋਹਣੀ ਦੀ ਮੁਠੀ ਹੋਈ, ਸਭ ਜਮ ਦੇ ਘੇਰੇ (ਹਲਕੇ) ਵਿਚ ਹੀ ਘਿਰੀ ਪਈ ਹੈ। ਕਰਤਾਰ ਸਿਰਜਣਹਾਰ ਦੇ ਹੁਕਮ ਨਾਲ ਜਮ ਲਗਦਾ ਹੈ। ਇਸ ਤੋਂ ਸੋਈ ਬਚਦਾ ਹੈ, ਜਿਸ ਉੱਪਰ ਕਰਤਾਰ ਦੀ ਬਖ਼ਸ਼ਿਸ਼ ਹੁੰਦੀ ਹੈ। ਇਹ ਮੋਹਣੀ ਮਨਸਾ ਆਸਾ ਮਾਇਆ-ਮਤਵਾਲੇ ਮਨਮੁਖਾਂ ਨੂੰ ਖਾ ਜਾਂਦੀ ਹੈ। ਲੈ ਕੇ ਭਵ ਸਾਗਰ ਵਿਚ ਡੁਬੋ ਦਿੰਦੀ ਹੈ। ਇਸ ਤੋਂ ਸੋਈ ਬਚਦਾ ਹੈ ਅਤੇ ਭੈ-ਸਾਗਰੋਂ ਡੁਬਿਆ ਹੋਇਆ ਸੋਈ ਤਰਦਾ ਹੈ, ਜੋ ਗੁਰਪ੍ਰਸਾਦ ਕਰਿ ਮੈਂ ਮੇਰੀ ਭਰੇ ਹੰਕਾਰ ਨੂੰ ਛਡਦਾ ਹੈ। ਅਤੇ ਆਸਾ ਮਨਸਾ ਨੂੰ ਮਾਰ ਕੇ ਉੱਕਾ ਹੀ ਆਪਣੀ ਅਪਣੱਤ ਤੋਂ, ਇਸ ਅਪਣੱਤ ਨਾਲ ਚਿਮੜੀ ਆਸਾ ਮਨਸਾ ਤੋਂ ਨਿਰਾਸ ਅਤੇ ਉਪਰਾਮ ਹੋ ਬਹਿੰਦਾ ਹੈ। ਪ੍ਰੰਤੂ ਇਹ ਸੱਚੀ ਨਿਰਾਸਤਾ ਉਪਰਾਮਤਾ ਗੁਰ-ਸ਼ਬਦਾਂ ਦੇ ਵੀਚਾਰ ਤੋਂ ਹੀ ਉਪਜਦੀ ਹੈ; ਆਪੋ ਆਪਣੇ ਮਨ ਦੇ ਵੀਚਾਰ ਨਾਲ ਨਹੀਂ ਉਪਜਦੀ। ਮਨ ਦਾ ਵੀਚਾਰ ਤਾਂ ਚਾਰ ਦਿਨਾਂ ਦਾ ਗਧਾ ਬੈਰਾਗ ਹੀ ਉਪਜਾਉਂਦਾ ਹੈ। ਹੀਂਗ ਹੀਂਗਣ ਦਾ ਗਧਾਪਣ ਛੇਤੀ ਹੀ ਹੀਂਗ ਉਠਦਾ ਹੈ ਅਤੇ ਪਾਖੰਡ ਬੈਰਾਗ ਦਾ ਸਾਰਾ ਪਾਜ ਲਹਿ ਜਾਂਦਾ ਹੈ। ਨਾਮ ਬਾਣੀ ਦੀ ਕਮਾਈ ਹੀ ਇਹ ਸਚੀ ਉਪਰਾਮਤਾ ਉਪਜਾਉਂਦੀ ਹੈ ਤੇ ਜਗ ਮੋਹਣੀ ਆਸਾ ਮਨਸਾ ਤੋਂ

ਉੱਕਾ ਉਦਾਸ ਨਿਰਾਸ ਕਰਾਉਂਦੀ ਹੈ ।

ਓਹੋ ! ਕਿਤਨੀ ਕਠਨ ਖੇਡ ਹੈ ਅਤੇ ਵਡਾ ਹੀ ਤਰਸਯੋਗ ਦ੍ਰਿਸ਼ਜ ਹੈ । ਆਸਾ ਮਨਸਾ ਦਾ ਮੋਹਿਆ ਹੋਇਆ ਮਨੁੱਖ ਮਾਤਰ ਹੀ ਹੈ ਅਤੇ ਸਭੋ ਹੀ ਜਮ ਦੀ ਦਾੜ੍ਹ ਹੇਠ ਹੈ । ਆਸਾ ਮਨਸਾ ਦੇ ਮੋਹੱਸੇ ਗ੍ਰਸੇ ਹੋਏ ਸਾਰੇ ਹੀ ਮਨੁੱਖ-ਸ਼੍ਰੇਣੀ ਦੇ ਜੀਵ ਜਮਪੁਰੀ ਨੂੰ ਜਾਣਗੇ ਅਤੇ ਸਭ ਜੀਵ ਸ਼੍ਰੇਣੀ ਵਿਚੋਂ ਮਨੁੱਖ-ਸ਼੍ਰੇਣੀ ਨੂੰ ਹੀ ਬਹੁਤੀ ਇਹ ਆਸਾ ਮਨਸਾ ਦੀ ਮੋਹ-ਰੋਗਨੀ ਤਪਦਿਕ ਵਾਂਗੂ ਲੱਗੀ ਹੋਈ ਹੈ । ਗੁਰ-ਸਰਨਾਗਤੀ ਆਏ ਬਿਨਾਂ ਅਤੇ ਗੁਰ-ਸਬਦੀ ਵੀਚਾਰ ਕਮਾਈ ਬਿਨਾਂ ਇਹ ਛੁਟਕਦੀ ਨਹੀਂ । ਤਾਂ ਤੇ ਤਹਿਕ ਵਾਲੀ ਗੱਲ ਤਾਂ ਇਹ ਹੈ ਕਿ ਪੂਰਾਂ ਦੇ ਪੂਰ ਜਮਪੁਰੀ ਨੂੰ ਹੀ ਜਾਣਗੇ। ਕਿਤਨੀ ਬਿਖਮ ਖੇਲ ਹੈ । ਆਓ ਪਿਆਰਿਓ ! ਆਸਾ ਮਨਸਾ ਮੋਹਣੀ ਦੀ ਫਾਂਸ ਚੋਂ ਨਿਕਲਣ ਦਾ ਉਪਾਵ ਕਰੀਏ, ਨਹੀਂ ਤਾਂ ਸਭ ਜਮਪੁਰੀ ਨੂੰ ਸਿਧਾਉਗੇ । ਇਸ ਦਾ ਇਕੋ ਇਕ ਉਪਾਵ ਹੈ, ਗੁਰ ਸਰਨਾਗਤਿ ਆ ਕੇ ਅਤੇ ਗੁਰ-ਦੀਖਿਆ ਗੁਰ-ਮੰਤ੍ਰ ਤੋਂ ਗੁਰੂ ਦੁਆਰਿਓਂ ਵਰੋਸਾਇ ਕੇ ਨਾਮ ਬਾਣੀ ਦੇ ਰੰਗਾਂ ਤਰੰਗਾਂ ਵਿਚ ਜੁਟ ਕੇ ਵਿਚੇ ਹੀ ਸਮਾ ਜਾਈਏ । ਨਹੀਂ ਤਾਂ ਇਸ ਪੌੜੀ ਤੋਂ ਖਿਸਕ ਕੇ ਪਤਾ ਨਹੀਂ ਕਿਸ ਰਸਾਤਲ ਜਾ ਪੈਣਾ ਹੈ । ਦ੍ਰਿਸ਼ਟਮਾਨ ਤੋਂ ਉਪਰਾਮ ਹੋ ਕੇ ਅਦ੍ਰਿਸ਼ਟ ਵਿਚ ਲੀਨ ਹੋਇਆਂ ਹੀ ਇਸ ਆਸਾ ਮਨਸਾ ਤੋਂ ਬਚਾਉ ਹੋ ਸਕਦਾ ਹੈ, ਨਹੀਂ ਤਾਂ ਹੋਰ ਕੋਈ ਉਪਾਵ ਨਹੀਂ ।

ਅਫ਼ਸੋਸ ਕਿ ਅਗਿਆਨ ਤੇ ਮਤਸਰਤਾ ਗ੍ਰਸੇ ਮਾਣੂ ਏਸ ਪਾਸੇ ਰੰਚਕ ਭੀ ਧਿਆਨ ਨਹੀਂ ਦਿੰਦੇ । ਗੁਰਬਾਣੀ ਵਿਚ ਆਏ ਜਮ ਪ੍ਰਥਾਇ ਉਚਾਰੇ ਮਹਾਂ ਵਾਕਾਂ ਨੂੰ ਐਵੇਂ ਟਿੱਚ ਕਰਕੇ ਹੀ ਸਮਝਦੇ ਹਨ । ਕਦੇ ਭੀ ਭਾਉ ਭਾਵਨੀ ਕਰਕੇ ਇਹਨਾਂ ਅਟੱਲ ਅਗੰਮੀ ਬਚਨਾਂ ਉਤੇ ਈਮਾਨ ਨਹੀਂ ਲਿਆਉਂਦੇ । ਈਮਾਨ ਲਿਆਉਣ ਤਾਂ ਇਹਨਾਂ ਬਚਨਾਂ ਤੇ ਪਹਿਰਾ ਦੇਣ । ਸਭ ਕੰਮ ਛੱਡ ਕੇ ਇਹਨਾਂ ਗੁਰ-ਬਚਨਾਂ ਦੀ ਅਨਕੂਲਤਾ ਅਖ਼ਤਿਆਰ ਕਰਨ ਅਤੇ ਡੂੰਘੇ ਖਾਤੇ ਵਿਚ ਡਿਗ ਕੇ ਨਾ ਮਰਨ ਤੇ ਜੂਨੀਆਂ ਵਿਚ ਨਾ ਖਰਨ । ਗੁਰਬਾਣੀ ਪੜ੍ਹੇ ਸੁਣੇ ਦਾ ਕੀ ਲਾਭ, ਜੇ ਅਨੁਸਾਰੀ ਹੋ ਕੇ ਇਸ ਉੱਪਰ ਚੱਲਣਾ ਨਹੀਂ ? ਬਸ, ਇਹੀ ਦੁਰਦਸ਼ਾ ਹੋਵੇਗੀ, ਜਿਹੀ ਇਸ ਅਗਲੇ ਗੁਰਵਾਕ ਵਿਚ ਦੱਸੀ ਹੈ —

ਹਰਿ ਨਾਮੁ ਨ ਭਾਇਆ ਬਿਰਥਾ ਜਨਮੁ ਗਵਾਇਆ
ਨਾਨਕ ਜਮੁ ਮਾਰਿ ਕਰੇ ਖੁਆਰ ॥੩॥(੭)

[ਬਿਲਾਵਲ ਕੀ ਵਾਰ, ਮ: ੩, ਪੰਨਾ ੮੫੨

ਭਾਵ—ਜਿਨ੍ਹਾਂ ਨੂੰ ਨਾਮ ਜਪਣ ਦੀ ਭਾਉ-ਭਾਉਣੀ ਭਰੀ ਚੌਂਪ ਨਹੀਂ ਉਪਜੀ, ਤਿਨ੍ਹਾਂ ਨੇ ਮਨੁੱਖ ਜਨਮ ਹੀ ਬਿਰਥਾ ਗੰਵਾ ਲਿਆ । ਬਸ, ਇਸ

ਅਨਗਹਿਲੀ ਦਾ ਇਹੀ ਬੁਰਾ ਨਤੀਜਾ ਹੈ ਕਿ ਤਿਨ੍ਹਾਂ ਨੂੰ ਅਗੇ ਗਇਆਂ ਜਮ ਕੰਕਰ ਮਾਰ ਮਾਰ ਕੇ ਖੁਆਰ ਕਰੇਗਾ। ਅਤੇ ਪਤਾ ਨਹੀਂ ਕਦ ਤਾਈਂ ਇਹ ਖੁਆਰੀ ਰਹੇਗੀ। ਅਤੇ ਕਦੋਂ ਬਹੁਰ ਵਾਰੀ ਆਵੇਗੀ ਮਨੁੱਖਾ ਜਨਮ ਦੀ। ਇਸ ਦੇ ਉਲਟ ਹੇਠਲੇ ਗੁਰਵਾਕ ਦਸਦੇ ਹਨ ਕਿ ਨਾਮ ਦੇ ਵਾਪਾਰੀ ਭਗਤਾਂ ਦੇ ਨੇੜੇ ਭੀ ਜਮਦੂਤ ਨਹੀਂ ਜਾਂਦੇ। ਯਥਾ ਗੁਰਵਾਕ—

ਹਰਿ ਕੇ ਨਾਮ ਕੇ ਵਾਪਾਰੀ ਹਰਿ ਭਗਤ ਹਹਿ
ਜਮੁ ਜਾਗਾਤੀ ਤਿਨਾ ਨੇੜਿ ਨ ਜਾਹੁ ॥
ਜਨ ਨਾਨਕਿ ਹਰਿ ਨਾਮ ਧਨੁ ਲਦਿਆ ਸਦਾ ਵੇਪਰਵਾਹੁ ॥੭॥
[ਬਿਲਾਵਲ ਕੀ ਵਾਰ, ਪੰਨਾ ੮੫੨

ਗੁਰਮਤਿ ਨਾਮ ਵਾਹਿਗੁਰੂ ਦਾ ਅਭਿਆਸ ਰੂਪੀ ਵਾਪਾਰ ਕਰਨਹਾਰੇ ਗੁਰਮੁਖ ਭਗਤ ਜਨਾਂ ਦੇ ਨੇੜੇ ਜਮ ਜਾਗਾਤੀ ਉੱਕਾ ਹੀ ਨਹੀਂ ਆਉਂਦਾ, ਨਹੀਂ ਤਾਂ ਹੋਰ ਸਭਨਾਂ ਨੂੰ ਜਾਗਾਤ ਰੂਪੀ ਡੰਨ ਦਿੰਦਾ ਹੈ। ਜਿਨ੍ਹਾਂ ਗੁਰੂ ਨਾਨਕ ਸਾਹਿਬ ਦੇ ਹੁਕਮੀ ਬੰਦੇ ਗੁਰਸਿਖਾਂ ਨੇ ਨਾਮ ਧਨ ਦੀ ਖੇਪ ਲੱਦੀ ਹੈ, ਓਹ ਅਗਲੀ ਦਰਗਾਹ ਵਿਖੇ ਜਾ ਕੇ ਨਿਰਭੈ ਅਤੇ ਬੇਪਰਵਾਹ ਹੋ ਕੇ ਵਿਚਰਦੇ ਹਨ। ਓਹਨਾਂ ਨੂੰ ਜਮ ਜਾਗਾਤੀਏ ਦੀ ਕੋਈ ਕਨੌਡ ਹੀ ਨਹੀਂ। ਓਹ ਤਾਂ ਸਦਾ ਹੀ ਨਾਮ-ਰੰਗਾਂ ਵਿਚ ਬੇਪਰਵਾਹ ਹੋ ਕੇ ਨਿਸੰਗ ਪਰਲੋਕ ਦੇ ਪੈਂਡੇ ਨੂੰ ਤੈਅ ਕਰਦੇ ਹਨ। ਸ੍ਰੀ ਕਬੀਰ ਭਗਤ ਜੀ ਬੇਨਤੀਆਂ ਵਿਚੋਂ ਇਕ ਇਹ ਬੇਨਤੀ ਭੀ ਪ੍ਰਮਾਰਥੀ ਜਗਿਆਸੂਆਂ ਨੂੰ ਕਰਨਾ ਸਿਖਾਉਂਦੇ ਹਨ, ਯਥਾ ਗੁਰਵਾਕ—

ਕਹਿ ਕਬੀਰ ਇਹ ਬਿਨਤੀ ਸੁਨੀਅਹੁ ਮਤ ਘਾਲਹੁ ਜਮ ਕੀ ਖਬਰੀ ॥
੨॥੬॥ [ਬਿਲਾਵਲੁ ਕਬੀਰ ਜੀ, ਪੰਨਾ ੮੫੬

ਭਾਵ—ਜਮ ਦੀ ਮਾਰ ਤੋਂ ਖ਼ਬਰਦਾਰ ਤੇ ਚੌਕਸ ਹੋਣ ਲਈ ਪਹਿਲਾਂ ਹੀ ਐਸੀ ਅਰਦਾਸ ਬੇਨਤੀ ਦੇ ਸਰੰਜਾਮ ਵਿਚ ਲਗਣਾ ਅਵੱਸ਼ਯ ਜ਼ਰੂਰੀ ਹੈ, ਜਿਸ ਤੋਂ ਕਿ ਜਮ ਦੀ ਸੱਦ ਹੀ ਨਾ ਸੁਣਨੀ ਪਵੇ, ਜਮ ਦੀ ਬੁਰੀ ਸੋਇ ਹੀ ਕੰਨੀਂ ਨ ਪਵੇ। ਕਬੀਰ ਸਾਹਿਬ ਜੈਸੇ ਸਰਬੱਗ ਮਹਾਂ ਪੁਰਖ ਤਾਂ ਜਮ ਦੀ ਲਾਗ ਤੋਂ ਬਚਣਾ ਏਤਨਾ ਲਾਜ਼ਮੀ ਜਾਣਦੇ ਹਨ, ਪਰ ਸੰਸਾਰੀ ਅਲਪਗ ਸ੍ਰੇਣੀ ਦੇ ਜੀਵ ਮਨੁੱਖ, ਜਮ ਦਾ ਗੁਮੇਹ ਹੀ ਨਹੀਂ ਕਰਦੇ। ਕੈਸੀ ਅਧੋਗਤੀ ਵਾਲੀ ਗੱਲ ਹੈ!

ਗੋਪਾਲ ਨਿਰੰਜਨ ਵਾਹਿਗੁਰੂ ਦਾ ਕੀਰਤਨ ਕਰਨਹਾਰੇ ਗੁਰਮੁਖ ਜਨ ਨੂੰ ਜਮਕਾਲ ਪੋਹ ਹੀ ਨਹੀਂ ਸਕਦਾ। ਯਥਾ ਗੁਰਵਾਕ—

ਜੋ ਜਨੁ ਕਰੈ ਕੀਰਤਨੁ ਗੋਪਾਲ ॥

ਤਿਸ ਕਉ ਪੋਹਿ ਨ ਸਕੈ ਜਮਕਾਲੁ ॥...੨॥(੪॥੧੪॥੧੬)
[ਗੋਂਡ ਮਹਲਾ ੫, ਪੰਨਾ ੮੬੭

ਅਗਲਾ ਗੁਰਵਾਕ ਭੀ ਉਪਰਲੀ ਪੁਸ਼ਟੀ ਹੀ ਕਰਦਾ ਹੈ । ਯਥਾ ਗੁਰਵਾਕ—

ਹਰਿ ਗੁਣ ਰਮਤ ਨਾਹੀ ਜਮ ਪੰਥ ॥
ਮਹਾ ਬੀਚਾਰ ਪੰਚ ਦੂਤਹ ਮੰਥ ॥੧॥(੪॥੧੫॥੧੭)
[ਗੋਂਡ ਮ: ੫, ਪੰਨਾ ੮੬੭

ਭਾਵ—ਪ੍ਰਮਾਰਥ ਦੇ ਪਾਂਧੀ ਗੁਰਮੁਖ ਜਨ ਵਾਹਿਗੁਰੂ ਦੇ ਗੁਣਾਵਾਦ ਗਾਉਂਦੇ ਹੀ ਰਹਿੰਦੇ ਹਨ, ਕੀਰਤਨ-ਮਈ ਸਿਫ਼ਤ-ਸਾਲਾਹ ਵਿਚ ਦਿਨ ਰਾਤ ਰੱਤੇ ਹੀ ਰਹਿੰਦੇ ਹਨ । ਇਸ ਬਿਧਿ ਹਰਿ ਗੁਣ ਰਮਣ (ਗਾਵਣ)-ਹਾਰਿਆਂ ਨੂੰ ਜਮ ਦੇ ਪੈਂਡੇ ਨਹੀਂ ਪੈਣਾ ਪੈਂਦਾ ਅਤੇ ਨਾਮ ਅਭਿਆਸ ਕਮਾਈ ਮਈ ਮਹਾਂ ਵੀਚਾਰ ਕਾਮ ਕ੍ਰੋਧ ਆਦਿ ਪੰਜ ਦੂਤਾਂ ਨੂੰ ਮੰਥਨ (ਮਾਰਨ) ਲਈ ਸਮਰੱਥ ਹੈ ।

ਜਮ ਦੀ ਹੋਂਦ ਤੋਂ ਅਵੇਸਲੇ ਮਨਮੁਖ ਨਰਾਂ ਨੂੰ ਓਦੋਂ ਹੀ ਸੁਰਤਿ ਆਉਂਦੀ ਹੈ, ਜਦੋਂ ਕਿ ਜਮ ਦਾ ਡੰਡਾ ਉਨ੍ਹਾਂ ਦੇ ਸਿਰ (ਕਪਾਲ) ਵਿਚ ਲਗਦਾ ਹੈ ।

ਕਹੁ ਕਬੀਰ ਤਬ ਹੀ ਨਰੁ ਜਾਗੈ ॥ ਜਮ ਕਾ ਡੰਡੁ ਮੂੰਡ ਮਹਿ ਲਾਗੈ ॥
੩॥੨॥ [ਗੋਂਡ ਕਬੀਰ ਜੀ, ਪੰਨਾ ੮੭੦

ਇਸ ਜਗ ਤੋਂ ਤਦ ਹੀ ਛੁਟੀਦਾ ਹੈ, ਜਦੋਂ ਮਨ ਨੂੰ ਨਾਮ ਦੀ ਕੁਠਾਲੀ ਵਿਚ ਪਾ ਕੇ ਕੁਟੀਦਾ ਹੈ । ਐਸਾ ਕੁਟੀਦਾ ਹੈ ਕਿ ਮਨ ਦਾ ਮਲੀਦਾ ਹੀ ਬਣ ਜਾਵੇ ।

ਕੂਟਨ ਸੋਇ ਜੁ ਮਨ ਕਉ ਕੂਟੈ ॥ ਮਨੁ ਕੂਟੈ ਤਉ ਜਮ ਤੇ ਛੂਟੈ ॥...੧॥
(੪॥੭॥੧੦) [ਗੋਂਡ ਕਬੀਰ ਜੀ, ਪੰਨਾ ੮੭੨

ਐਸੇ ਨਾਮ ਦੀ ਨੀਝ ਲਾ ਕੇ ਜਪਣਹਾਰਿਆਂ ਨੂੰ ਜਮ ਦਾ ਦੁਖ ਨਹੀਂ ਲਗਦਾ, ਜੋ ਨਾਮ ਜਪਦੇ ਹੋਏ ਨਾਮ-ਰੰਗਾਂ ਤ੍ਰੰਗਾਂ ਵਿਚ ਨਾਮੀ ਵਾਹਿਗੁਰੂ ਨੂੰ ਨਿਮਖ ਨਿਮਖ ਨਮਸ਼ਕਾਰ ਕਰਦੇ ਹਨ । ਯਥਾ ਗੁਰਵਾਕ—

ਹਰਏ ਨਮਸਤੇ ਹਰਏ ਨਮਹ ॥
ਹਰਿ ਹਰਿ ਕਰਤ ਨਹੀ ਦੁਖੁ ਜਮਹ ॥੧॥ਰਹਾਉ॥(੪॥੧॥੫)
[ਗੋਂਡ ਨਾਮਦੇਉ ਜੀ, ਪੰਨਾ ੮੭੪

ਅਗਲਾ ਗੁਰਵਾਕ ਦਸਦਾ ਹੈ ਕਿ ਵਾਹਿਗੁਰੂ ਦੇ ਗਾਵਣਹਾਰਿਆਂ ਅਤੇ ਹਰੀ ਸਿਮਰਨ-ਹਾਰਿਆਂ ਨੂੰ ਜਮ ਕੁਛ ਨਹੀਂ ਕਹਿੰਦਾ । ਯਥਾ ਗੁਰਵਾਕ—

ਰਾਮ ਨਾਮ ਗੁਣ ਗਾਇਲੇ ਮੀਤਾ ਹਰਿ ਸਿਮਰਤ ਤੇਰੀ ਲਾਜ ਰਹੈ ॥

ਹਰਿ ਸਿਮਰਤ ਜਮੁ ਕਛੁ ਨ ਕਹੈ ॥੧॥ਰਹਾਉ॥੪॥੧੧॥੨੨॥
[ਰਾਮਕਲੀ ਮਹਲਾ ੫, ਪੰਨਾ ੮੮੯

ਨਾਮ ਤੋਂ ਘੁਥੇ, ਹੰਕਾਰ ਦੇ ਅੰਧ ਗੁਬਾਰ ਵਰਤਾਰੇ ਵਿਚ ਵਰਤ ਰਹਿਆਂ ਨੂੰ ਅਗੇ ਜਮ ਦੀ ਜੇਵੜੀ ਦੇ ਬੰਧਨ ਪੈਣਗੇ । ਯਥਾ ਗੁਰਵਾਕ—

ਕਰਿ ਅਹੰਕਾਰ ਹੋਇ ਵਰਤਹਿ ਅੰਧ ॥
ਜਮ ਕੀ ਜੇਵੜੀ ਤੂ ਆਗੈ ਬੰਧ ॥੧॥(੪॥੧੨॥੨੩)
[ਰਾਮਕਲੀ ਮਹਲਾ ੫, ਪੰਨਾ ੮੮੯

ਜੋ ਜਨ ਗੁਰੂ ਘਰ ਦੀ ਸਾਧ ਸੰਗਤਿ ਸੰਗਿ ਮਿਲ ਕੇ ਅਹਿਨਿਸ ਰਾਮ-ਰੰਗ ਦੀਆਂ ਰਲੀਆਂ (ਮੌਜਾਂ) ਮਾਣਦੇ ਹਨ, ਤਿਨ੍ਹਾਂ ਦਾ ਅਗੇ ਜਮ ਸਿਉਂ ਵਾਹ ਨਹੀਂ ਪੈਂਦਾ, ਜਮ ਸਿਉਂ ਮੇਲ ਨਹੀਂ ਹੁੰਦਾ । ਜਮਦੂਤ ਤਿਨ੍ਹਾਂ ਨੂੰ ਅਗਿਓਂ ਟਕਰਦਾ ਹੀ ਨਹੀਂ । ਯਥਾ ਗੁਰਵਾਕ—

ਸੰਤ ਕੈ ਸੰਗਿ ਰਾਮ ਰੰਗ ਕੇਲ ॥
ਆਗੈ ਜਮ ਸਿਉ ਹੋਇ ਨ ਮੇਲ ॥...੧॥(੪॥੧੭॥੨੮)
[ਰਾਮਕਲੀ ਮਹਲਾ ੫, ਪੰਨਾ ੮੯੧

ਵਾਹਿਗੁਰੂ ਆਪਣੇ ਭਗਤਾਂ ਦੇ ਨਾਲ ਤਾਣੇ-ਪੇਟੇ ਵਾਂਗੂ ਓਤਿ ਪੋਤਿ ਹੋਇ ਲਪਟ ਰਹਿਆ ਹੈ । ਓਹ ਜਾਣਨਹਾਰ ਭਗਤਾਂ ਦੀ ਇਕ ਇਕ ਰਮਜ਼ ਨੂੰ ਜਾਣ ਰਹਿਆ ਹੈ । ਭਗਤ ਜਨ ਭੀ ਵਾਹਿਗੁਰੂ ਦਾ ਪਰਤੱਖ ਦਰਸ਼ਨ ਕਰ ਕਰ ਆਤਮ ਵਿਗਾਸ ਵਿਚ ਖਿੜ ਖਿੜ ਕੇ ਉਸ ਦੇ ਗੁਣ ਗਾਂਵਦੇ ਹਨ । ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਤਿਨ੍ਹਾਂ ਭਗਤ ਜਨਾਂ ਨੇੜੇ ਜਮਦੂਤ ਨਹੀਂ ਜਾਂਦੇ । ਯਥਾ ਗੁਰਵਾਕ—

ਜਾਨਣਹਾਰੁ ਰਹਿਆ ਪ੍ਰਭੁ ਜਾਨਿ ॥ ਓਤਿ ਪੋਤਿ ਭਗਤਨ ਸੰਗਾਨਿ ॥
ਬਿਗਸਿ ਬਿਗਸਿ ਅਪੁਨਾ ਪ੍ਰਭ ਗਾਵਹਿ ॥
ਨਾਨਕ ਤਿਨ ਜਮ ਨੇੜਿ ਨ ਆਵਹਿ ॥੩॥੧੯॥੩੦॥
[ਰਾਮਕਲੀ ਮ: ੫, ਪੰਨਾ ੮੯੨

ਦੇਖੋ ! ਨਿੰਦਾ ਕਰਨ ਵਾਲੇ ਦਾ ਅੱਗੇ ਕੀ ਹਾਲ ਹੁੰਦਾ ਹੈ—

ਨਿੰਦਾ ਕਰਿ ਕਰਿ ਬਹੁਤੁ ਵਿਗੂਤਾ ਗਰਭ ਜੋਨਿ ਮਹਿ ਕਿਰਤਿ ਪਇਆ ॥
ਪੂਰਬ ਕਮਾਣੇ ਛੋਡਹਿ ਨਾਹੀ ਜਮਦੂਤਿ ਗ੍ਰਾਸਿਓ ਮਹਾ ਭਇਆ ॥੨॥
(੪॥੪੪॥੫੫) [ਰਾਮਕਲੀ ਮਹਲਾ ੫, ਪੰਨਾ ੯੦੦

ਭਾਵ—ਨਿੰਦਿਆ ਕਰਿ ਕਰਿ ਨਿੰਦਕ ਨੇ ਆਪਣਾ ਹੀ ਬਹੁਤਾ ਵਿਗਾੜ

 www.sikhbookclub.com

ਕੀਤਾ ਹੈ, ਆਪ ਹੀ ਖੱਜਲ ਖੁਆਰ ਹੋਇਆ ਹੈ। ਐਸੇ ਹੀ ਹੁੰਦੇ ਹਨ ਅਤੇ ਹੋਣਗੇ ਜੋ ਨਿੰਦਾ ਕਰਨਗੇ। ਆਪਣੀ ਨਿੰਦਾ ਦੀ ਭੈੜੀ ਕਰਤੂਤ ਦੇ ਕਾਰਨ ਗਰਭ ਜੋਨੀਆਂ ਵਿਚਿ ਵਖ ਗਲਣਗੇ ਅਤੇ ਜਮਦੂਤਾਂ ਦੀਆਂ ਚੋਟਾਂ ਵੱਖਰੀਆਂ ਸਹਿਣਗੇ। ਪੂਰਬਲੀ ਨਿੰਦਾ ਕੀਤੀ ਦੇ ਪਾਪ ਉਗਵਿ ਆਉਣ ਕਰਕੇ ਜਮਦੂਤ ਨਿੰਦਕਾਂ ਨੂੰ ਛੱਡਣਗੇ ਨਹੀਂ, ਮਹਾਂ ਭਿਆਨਕ ਗ੍ਰਸਣੀ ਵਿਚ ਗ੍ਰਸਣਗੇ। ਜੋ ਜਮਪੁਰੀ ਵਿਚ ਉਹਨਾਂ ਨਾਲ ਬੀਤੇਗੀ ਉਹ ਬੜੀ ਹੀ ਭੈਦਾਇਕ ਬੀਤਣੀ ਹੋਵੇਗੀ, ਕੀਤਾ ਪਾਉਣਗੇ। ਦੇਖੋ ਅਗਲਾ ਗੁਰਵਾਕ-ਪ੍ਰਮਾਣ ਕੀ ਕਹਿੰਦਾ ਹੈ ? ਯਥਾ ਗੁਰਵਾਕ—

ਰਾਮ ਨਾਮੁ ਨਰੁ ਨਿਸਿ ਬਾਸੁਰ ਮਹਿ ਨਿਮਖ ਏਕ ਉਰਿਧਾਰੈ ॥
ਜਮ ਕੋ ਤ੍ਰਾਸੁ ਮਿਟੈ ਨਾਨਕ ਤਿਹ ਅਪੁਨੋ ਜਨਮੁ ਸਵਾਰੈ ॥੩॥੨॥
[ਰਾਮਕਲੀ ਮਹਲਾ ੯, ਪੰਨਾ ੯੦੨

ਵਿਆਖਿਆ—ਦਿਨੇ ਰਾਤ ਨਾਮ ਜਪਦਾ ਹੋਇਆ ਕੋਈ ਨਰ ਜੇ ਇਸ ਦਿਨ-ਰਾਤ ਦੇ ਨਾਮ ਰਟਣ ਵਿਚੋਂ ਇਕ ਨਿਮਖ ਮਾਤ੍ਰ ਭੀ ਮਨ ਬਚਨ ਕਰਮ ਕਰਿ ਵਾਹਿਗੁਰੂ ਨਾਮ ਨੂੰ ਹਿਰਦੇ ਦੀ ਗਹਿਰਾਈ ਵਿਚ ਉਤਾਰ ਕੇ ਉਰਿਧਾਰਦਾ ਹੈ, ਉਹ ਆਪਣਾ ਜਨਮ ਸੰਵਾਰਦਾ ਹੈ ਅਤੇ ਜਮ ਦੀ ਤ੍ਰਾਸ ਨੂੰ ਨਿਵਾਰਦਾ ਹੈ—

ਏਕ ਚਿਤਿ ਜਿਹ ਇਕ ਛਿਨ ਧਿਆਇਓ ॥
ਕਾਲ ਫਾਸ ਕੇ ਬੀਚ ਨ ਆਇਓ ॥ (ਪਾ: ੧੦)

ਇਹ ਸ੍ਰੀ ਦਸਮੇਸ਼-ਵਾਕ ਇਸੇ ਭਾਵ ਦੀ ਪ੍ਰੋੜ੍ਹਤਾ ਕਰਦਾ ਹੈ।

ਹਉਮੈ ਮਮਤਾ ਰੋਗੁ ਨ ਲਾਗੈ ॥ ਰਾਮ ਭਗਤਿ ਜਮ ਕਾ ਭਉ ਭਾਗੈ ॥
ਜਮੁ ਜੰਦਾਰੁ ਨ ਲਾਗੈ ਮੋਹਿ ॥ ਨਿਰਮਲ ਨਾਮੁ ਰਿਦੈ ਹਰਿ ਸੋਹਿ ॥੩॥
(੮॥੩) [ਰਾਮਕਲੀ ਮਹਲਾ ੧ ਅਸਟ:, ਪੰਨਾ ੯੦੪

ਵਾਹਿਗੁਰੂ ਦੀ ਅਨਿੰਨ ਭਗਤੀ ਕੀਤਿਆਂ ਇਕ ਤਾਂ ਹਉਮੈ ਮਮਤਾ ਰੋਗ ਨਹੀਂ ਵਿਆਪਦਾ, ਦੂਜੇ ਜਮ ਦਾ ਭਉ ਭਾਗ ਜਾਂਦਾ ਹੈ। ਜਿਸ ਦੇ ਹਿਰਦੇ ਅੰਦਰ ਨਿਰਮਲ ਨਾਮ ਸੁਭਾਇਮਾਨ ਹੈ, ਓਹ ਜਨ ਨਿਸੰਗ ਹੋ ਕੇ ਪੱਕੇ ਯਕੀਨ ਭਰੋਸੇ ਨਾਲ ਵੰਗਾਰ ਕੇ ਕਹਿ ਸਕਦਾ ਹੈ ਕਿ ਮੈਨੂੰ ਜਮ ਜੰਦਾਰ ਨਹੀਂ ਲੱਗ ਸਕੇਗਾ।

ਗੁਰ ਸਰਣਿ ਨ ਆਈਐ ਬ੍ਰਹਮੁ ਨ ਪਾਈਐ ॥
ਭਰਮਿ ਭੁਲਾਈਐ ਜਨਮਿ ਮਰਿ ਆਈਐ ॥
ਜਮ ਦਰਿ ਬਾਧਉ ਮਰੈ ਬਿਕਾਰੁ ॥ ਨਾ ਰਿਦੈ ਨਾਮੁ ਨਾ ਸਬਦੁ ਅਚਾਰੁ ॥
੬॥(੯॥੪) [ਰਾਮਕਲੀ ਮਹਲਾ ੧, ਪੰਨਾ ੯੦੪

ਵਿਆਖਿਆ—ਗੁਰ ਸ਼ਰਣੀ ਆਏ ਬਿਨਾਂ, ਭਾਵ ਪੂਰਨ ਗੁਰਮਤਿ ਅਨੁਸਾਰ ਗੁਰ-ਦੀਖਿਆ ਲੈ ਕੇ ਗੁਰੂ ਦਾ ਸਿਖ ਬਣੇ ਬਿਨਾਂ, ਪਾਰਬ੍ਰਹਮ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੋ ਸਕਦੀ, ਭਰਮ ਭੁਲਾਵੇ ਵਿਚ ਹੀ ਭੰਬਲ ਭੂਸੇ ਖਾਂਦੇ ਫਿਰੀਦਾ ਹੈ ਅਤੇ ਜੰਮਣ ਮਰਨ ਦੇ ਗੇੜ ਵਿਚ ਹੀ ਰਹਿਣਾ ਪੈਂਦਾ ਹੈ। ਜਿਸ ਦੇ ਹਿਰਦੇ ਅੰਦਰ ਨਾ ਨਾਮ ਵਸਿਆ ਹੈ, ਨਾ ਜਿਸ ਦੀ ਗੁਰ-ਉਪਦੇਸ਼ ਅਨੁਸਾਰਤਾ ਵਾਲੀ ਰਹਿਤ-ਰਹਿਣੀ ਹੈ, ਉਹ ਬਿਕਾਰੀ ਪੁਰਸ਼ ਹੈ। ਬਿਕਾਰ ਦਾ ਮੁਜੱਸਮ ਨਮੂਨਾ ਹੈ। ਐਸਾ ਬਿਕਾਰ-ਬੰਧੂਆ ਨਰ ਜਮ ਦਰਿ ਮਰ ਕੇ ਖੁਆਰ ਹੋਵੇਗਾ, ਮੂੰਹੋਂ ਮੂੰਹ ਮਾਰਾਂ ਖਾਏਗਾ, ਜਮ ਦੀਆਂ ਚੋਟਾਂ ਸਹੇਗਾ।

ਗੁਰੁ ਸੇਵਿ ਮਨਾ ਹਰਿ ਸੰਗੁ ਕੀਜੈ ॥
ਜਮੁ ਜੰਦਾਰੁ ਜੋਹਿ ਨਹੀ ਸਾਕੈ
ਸਰਪਨਿ ਡਸਿ ਨ ਸਕੈ ਹਰਿ ਕਾ ਰਸੁ ਪੀਜੈ ॥੧॥ਰਹਾਉ॥
(੮॥੫) [ਰਾਮਕਲੀ ਮ: ੧, ਪੰਨਾ ੯੦੫

ਭਾਵ—ਜਿਹੜੇ ਵਡਭਾਗੀ ਪੁਰਸ਼ ਵਾਹਿਗੁਰੂ ਦੀ ਸਿਮਰਨ ਭਗਤੀ ਕਰਦੇ ਹਨ, ਓਹ "ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ" (ਪੰਨਾ ੬੬) ਗੁਰਵਾਕ ਦੇ ਭਾਵ ਅਨੁਸਾਰ ਗੁਰੂ ਦੀ ਸੇਵਾ, ਸੱਚੀ ਸੇਵਾ ਕਰਦੇ ਹਨ। ਜੋ ਗੁਰੂ ਕੇ ਸਿਖ ਸੇਵਕ ਭਗਤ ਜਨ ਐਸੀ ਗੁਰੂ ਕੀ ਭਾਉ ਭਗਤਿ ਸੰਪੰਨ ਸੇਵਾ-ਭਗਤੀ ਕਰਦੇ ਹਨ ਅਤੇ ਐਸੇ ਭਗਤ ਜਨਾਂ ਸੇਵਕਾਂ ਸਿਖਾਂ ਹਰਿ ਜਨਾਂ ਦਾ ਸੰਗ ਕਰਦੇ ਹਨ, ਓਹਨਾਂ ਨੂੰ ਜਮ ਜੰਦਾਰ ਜੋਹਿ ਨਹੀਂ ਸਕਦਾ। ਅਤੇ ਜੋ ਗੁਰਮੁਖ ਪਿਆਰੇ ਦੰਮ ਬਦੰਮ ਵਾਹਿਗੁਰੂ ਨਾਮ ਦਾ ਸਿਮਰਨ-ਰਸ ਪੀਂਦੇ ਹਨ, ਤਿਨ੍ਹਾਂ ਨੂੰ ਮਾਇਆ ਨਾਗਨੀ ਡਸ ਨਹੀਂ ਸਕਦੀ। ਮਾਇਆ ਨਾਗਨੀ ਦਾ ਡੰਗ ਤਿਨ੍ਹਾਂ ਉੱਪਰ ਚੱਲ ਹੀ ਨਹੀਂ ਸਕਦਾ। ਐਸਾ ਹੈ ਵਾਹਿਗੁਰੂ ਨਾਮ ਦੇ ਸਿਮਰਨ ਦਾ ਪਰਤਾਪ।

ਐਸਾ ਮੇਰਾ ਠਾਕੁਰੁ ਗਹਿਰ ਗੰਭੀਰੁ ॥
ਜਿਨਿ ਜਪਿਆ ਤਿਨ ਹੀ ਸੁਖੁ ਪਾਇਆ
ਹਰਿ ਕੈ ਨਾਮਿ ਨ ਲਗੈ ਜਮ ਤੀਰੁ ॥੧॥ਰਹਾਉ॥...
ਜਤਨ ਕਰੈ ਬਿੰਦੁ ਕਿਵੈ ਨ ਰਹਾਈ ॥
ਮਨੂਆ ਡੋਲੈ ਨਰਕੇ ਪਾਈ ॥
ਜਮਪੁਰਿ ਬਾਧੋ ਲਹੈ ਸਜਾਈ ॥ ਬਿਨੁ ਨਾਵੈ ਜੀਉ ਜਲਿ ਬਲਿ ਜਾਈ ॥੫॥
(੮॥੬) [ਰਾਮਕਲੀ ਮ: ੧, ਪੰਨਾ ੯੦੫

ਭਾਵ—ਮੇਰਾ ਗੁਰ ਐਸਾ ਗਹਿਰ ਗੰਭੀਰ ਹੈ ਕਿ ਜਿਸ ਨੇ ਭੀ ਮੇਰੇ ਠਾਕੁਰ

ਵਾਹਿਗੁਰੂ ਨਾਮ ਜਪਿਆ ਹੈ, ਤਿਸ ਨੇ ਹੀ ਸੱਚਾ ਸੁਖ ਪਾਇਆ ਹੈ । ਵਾਹਿਗੁਰੂ ਦੇ ਨਾਮ ਦੇ ਪ੍ਰਭਾਵ ਕਰਿ ਆਗੇ ਗਇਆਂ ਜਮ ਦਾ ਬਾਣ ਲੱਗ ਹੀ ਨਹੀਂ ਸਕਦਾ, ਨਾਮ ਜਪਣਹਾਰੇ ਨੂੰ ।......ਗੁਰਮੁਖ ਗ੍ਰਿਹਸਤ-ਉਦਾਸੀਆਂ ਬਿਨਾਂ ਗ੍ਰਿਹਸਤ–ਤਿਆਗੀਆਂ, ਉਦਾਸੀਆਂ, ਭੇਖੀਆਂ, ਅਨਮਤੀਆਂ ਦਾ ਲੱਖ ਜਤਨ ਕੀਤਿਆਂ ਭੀ ਬੀਰਜ ਥਿਰ ਨਹੀਂ ਰਹਿੰਦਾ।ਓਹ ਕਾਮ ਚੇਸ਼ਟਾ ਦੇ ਚੇਸ਼ਟਾਏ ਹੋਏ ਕਾਮ ਪੂਰਤੀ ਦੇ ਵਹਿਣਾਂ ਵਿਚ ਹੀ ਰੁੜ੍ਹ ਤੁਰਦੇ ਹਨ, ਪਰ-ਤ੍ਰਿਆ ਗਮਨ ਕਰਨੋਂ ਭੀ ਨਹੀਂ ਟਲਦੇ । ਮਨੂਆ ਓਹਨਾਂ ਦਾ ਐਸਾ ਡੋਲ ਜਾਂਦਾ ਹੈ ਕਿ ਓਹਨਾਂ ਦੇ ਕਾਬੂ ਤੋਂ ਬਾਹਰ ਹੋ ਜਾਂਦਾ ਹੈ, ਵਿਭਚਾਰ ਵਿਚ ਪਰਵਿਰਤ ਕਰਾਉਂਦਾ ਹੈ । ਬਸ, ਓਹ ਨਰਕਾਂ ਵਿਚ ਜਾ ਪੈਂਦੇ ਹਨ । ਜਮਪੁਰਿ ਬੱਧੇ ਹੋਏ ਚੋਟਾਂ ਖਾਂਦੇ ਹਨ ਅਤੇ ਅਨਿਕ ਪ੍ਰਕਾਰੀ ਸਜ਼ਾਵਾਂ ਭੁਗਤਦੇ ਹਨ । ਨਾਮ ਤੋਂ ਬਿਨਾਂ ਕਾਮ ਸਤਾਉਂਦਾ ਹੈ ਅਤੇ ਕਾਮ ਦੇ ਦੱਧੇ ਜਲੇ ਹੋਏ ਸੁਸ਼ਕ ਗ੍ਰਿਹਸਤ-ਤਿਆਗੀ ਕਾਮ ਦਾ ਹੀ ਸ਼ਿਕਾਰ ਹੋ ਜਾਂਦੇ ਹਨ । ਇਹ ਗੁਰਮਤਿ ਗ੍ਰਿਹਸਤ-ਯੋਗੀਆਂ ਨੂੰ ਹੀ ਤੌਫ਼ੀਕ ਹੈ ਕਿ ਉਹ 'ਏਕਾ ਨਾਰੀ ਜਤੀ ਹੋਇ' ਕੈ ਪਰ-ਨਾਰੀ ਵਲ ਦ੍ਰਿਸ਼ਟ ਮਾਤਰ ਭੀ ਨਹੀਂ ਕਰਦੇ ਅਤੇ 'ਏਕਾ ਨਾਰੀ ਜਤੀ ਹੋਇ' ਗੁਰਵਾਕ ਦੇ ਭਾਵ ਅਨੁਸਾਰ ਇਕੋ ਨਿਜ ਇਸਤ੍ਰੀ ਤੇ ਹੀ ਈਮਾਨ ਰਖਦੇ ਹਨ, ਪਰ–ਗ੍ਰਿਹਿ ਜਾਣ ਲਈ ਡੋਲਦੇ ਨਹੀਂ । ਓਹਨਾਂ ਦਾ ਮਨ ਅਸਥਿਰ ਰਹਿੰਦਾ ਹੈ । ਨਹੀਂ ਤਾਂ ਸਭ ਆਨਮਤੀ ਤਿਆਗੀਆਂ ਦਾ ਮਨ ਸਦਾ ਹੀ ਡੋਲਦਾ ਰਹਿੰਦਾ ਹੈ ।

ਐਸਾ ਪੂਰਾ ਗੁਰਦੇਉ ਸਹਾਈ ॥
ਜਾ ਕਾ ਸਿਮਰਨੁ ਬਿਰਥਾ ਨ ਜਾਈ ॥੧॥ਰਹਾਉ॥
ਦਰਸਨੁ ਪੇਖਤ ਹੋਇ ਨਿਹਾਲੁ ॥ ਜਾ ਕੀ ਧੂਰਿ ਕਾਟੈ ਜਮਜਾਲੁ ॥
ਚਰਨ ਕਮਲ ਬਸੇ ਮੇਰੇ ਮਨ ਕੈ ॥ ਕਾਰਜ ਸਵਾਰੇ ਸਗਲੇ ਤਨ ਕੇ ॥੧॥
(੪॥੪੫॥੫੬) [ਰਾਮਕਲੀ ਮ: ੫, ਪੰਨਾ ੯੦੦

ਭਾਵ—ਪੂਰਾ ਗੁਰਦੇਵ ਸਿਖਾਂ ਦਾ ਸਹਾਈ ਹੈ, ਜਿਸ ਦਾ ਦੀਖਿਅਤ ਕੀਤਾ ਹੋਇਆ ਗੁਰ–ਮੰਤ੍ਰ ਰੂਪੀ ਗੁਰਮਤਿ ਨਾਮ ਸਿਮਰਨ ਅਭਿਆਸ ਕਦੇ ਬਿਰਥਾ ਨਹੀਂ ਜਾਂਦਾ । ਐਥੋਂ ਤਾਈਂ ਕਿ ਗੁਰੂ ਦਾ ਦਸਿਆ ਗੁਰਮੰਤ੍ਰ ਦੀਖਿਆ ਮਈ ਗੁਰਮਤਿ-ਨਾਮ ਦਾ ਸਿਮਰਨ ਗੁਰੂ ਪੂਰੇ ਅਤੇ ਵਾਹਿਗੁਰੂ ਦਾ ਦਰਸ਼ਨ ਭੀ ਕਰਾ ਦਿੰਦਾ ਹੈ। ਦਸਾਂ ਪਾਤਸ਼ਾਹੀਆਂ ਦੇ ਦਰਸ਼ਨ ਕਰਾਉਣ ਨੂੰ ਵੀ ਸਮਰੱਥ ਹੈ, ਗੁਰਮਤਿ ਨਾਮ ਦਾ ਸਿਮਰਨ, ਨਾਮ ਦੇ ਦਿਬਯ ਜੋਤਿ-ਸਰੂਪੀ ਦਰਸ਼ਨ ਭੀ ਘਟ ਅੰਦਰ ਕਰਾ ਦਿੰਦਾ ਹੈ । ਵਾਹਿਗੁਰੂ ਨਾਮ ਦੇ ਨਾਲ ਹੀ ਨਾਮੀ ਵਾਹਿਗੁਰੂ ਦੇ ਦਰਸ਼ਨ ਭੀ ਹੋ ਜਾਂਦੇ ਹਨ । ਇਹ ਸਾਰੇ ਦਰਸ਼ਨ ਦੇਖ ਕੇ ਐਸਾ ਨਿਹਾਲ ਹੋਈਦਾ ਹੈ ਕਿ ਨਿਹਾਲ ! ਨਿਹਾਲ ! ਨਿਹਾਲ


www.sikhbookclub.com

ਹੀ ਹੋ ਰਹੀਦਾ ਹੈ। ਐਸਾ ਦਰਸ਼ਨ ਕਰਨਹਾਰਿਆਂ ਦੀ ਚਰਨ ਧੂੜੀ ਹੀ ਜਮਜਾਲ ਕਟਣ ਨੂੰ ਪਾਰਸ-ਰਸਾਇਣੀ ਸ਼ਕਤਿ ਰਖਦੀ ਹੈ। ਚਰਨ ਕੰਵਲ ਤਾਂ ਦਰਸ਼ਨ ਸਰੂਪ ਦੇ ਮਨ ਅੰਦਰ ਹੀ ਵਸਦੇ ਹਨ। ਪਰ ਜਿਸ ਅੰਦਰ ਐਸਾ ਜੋਤਿ-ਪ੍ਰਕਾਸ਼ਕ ਦਰਸ਼ਨ ਵਸਦਾ ਹੈ, ਉਹ ਤਨ ਭੀ ਪਵਿੱਤਰ ਪਾਵਨ ਹੋ ਜਾਂਦਾ ਹੈ ਅਤੇ ਪਾਰਸ ਸ਼ਕਤਿ ਵਾਲਾ ਹੋ ਜਾਂਦਾ ਹੈ, ਜਿਸ ਤਨ ਨਾਲ ਪਰਸਨ-ਹਾਰਿਆਂ ਦੇ ਭੀ ਸਗਲੇ ਕਾਰਜ ਸੌਰ ਜਾਂਦੇ ਹਨ। ਤਨ ਪਾਰਜਾਤ ਰੂਪ ਹੋ ਜਾਣ ਕਰਕੇ ਆਪਣੇ ਸਗਲੇ ਕਾਰਜ ਸੁਤੇ ਹੀ ਸੰਵਾਰ ਬੈਠਦਾ ਹੈ। ਕੋਈ ਭੀ ਅਰਥ-ਪਰਮਾਰਥੀ ਕਾਰਜ ਨਹੀਂ, ਜੋ ਨ ਸੰਵਰ ਸਕੇ। ਸਗਲੇ ਹੀ ਸੰਵਰ ਜਾਂਦੇ ਹਨ।

ਪੈਜ ਰਾਖਹੁ ਹਰਿ ਜਨਹ ਕੇਰੀ ਹਰਿ ਦੇਹੁ ਨਾਮੁ ਨਿਰੰਜਨੋ ॥
ਅੰਤਿ ਚਲਦਿਆ ਹੋਇ ਬੇਲੀ ਜਮਦੂਤ ਕਾਲੁ ਨਿਖੰਜਨੋ ॥...੨॥
[ਰਾਮਕਲੀ ਸਦੁ, ਪੰਨਾ ੯੨੩

ਭਾਵ—ਇਹ ਕਿ ਨਾਮ ਨਿਰੰਜਨਾ, ਗੁਰਮਤਿ ਨਾਮ ਐਸਾ ਸਹਾਈ ਹੈ ਕਿ ਅੰਤ ਚਲਾਣੇ ਸਮੇਂ ਇਹੋ ਬੇਲੀ ਹੁੰਦਾ ਹੈ, ਹੋਰ ਕੋਈ ਸਹਾਈ ਨਹੀਂ ਹੋ ਸਕਦਾ। ਜਮਦੂਤ ਕਾਲ ਨੂੰ ਭੀ ਨਿਕਾਰੇ ਕਰ ਦਿੰਦਾ ਹੈ, ਜਿਸ ਦਾ ਚਾਰਾ ਨਹੀਂ ਚਲਦਾ। ਤਾਂ ਤੇ ਨਾਮ ਸਿਮਰਨਹਾਰੇ ਹਰਿ ਜਨ ਦੀ ਪੈਜ ਦੋਹੀਂ ਜਹਾਨੀਂ ਰਹਿ ਜਾਂਦੀ ਹੈ। ਰੱਖਣਹਾਰਾ ਆਪ ਪੈਜ ਰਖਦਾ ਹੈ, ਜਿਸ ਦਾ ਕਿ ਨਾਮ ਸਿਮਰਿਆ ਜਾਂਦਾ ਹੈ।

ਕਰਿ ਪਾਪ ਜੋਨੀ ਭੈ ਭੀਤ ਹੋਈ ਦੇਇ ਸਾਸਨ ਜਾਮ ਜੀਉ ॥
ਬਿਨਵੰਤਿ ਨਾਨਕ ਓਟ ਤੇਰੀ ਰਾਖੁ ਪੂਰਨ ਕਾਮ ਜੀਉ ॥੩॥
[ਰਾਮਕਲੀ ਮ: ੫ ਰੁਤੀ, ਪੰਨਾ ੯੨੮

ਇਸ ਗੁਰਵਾਕ ਤੋਂ ਭੀ ਸਿਧ ਹੁੰਦਾ ਹੈ ਕਿ ਇਥੇ ਪਾਪ ਕਮਾਵਣਹਾਰੇ ਜੀਵ ਦੀ ਰੂਹ ਅਗੇ ਗਇਆਂ ਭੈ-ਭੀਤ ਹੁੰਦੀ ਹੈ, ਜਦੋਂ ਜਮਦੂਤ ਸਜ਼ਾ ਦੇਣ ਲਗਦਾ ਹੈ। ਜਮ ਅਤੇ ਜਮ ਦੀ ਸ਼ਾਸਨਾ ਦੋਈ ਸਿਧ ਹਨ।

ਭਾਉ ਭਗਤਿ ਗੋਵਿੰਦ ਬਾਛਤ ਜਮੁ ਨ ਸਾਕੈ ਜੋਹਿ ਜੀਉ ॥...੬॥
[ਰਾਮਕਲੀ ਮ: ੫ ਰੁਤੀ, ਪੰਨਾ ੯੨੯

ਜੋ ਜਨ ਗੋਬਿੰਦ ਵਾਹਿਗੁਰੂ ਦੀ ਹੀ ਭਾਉ-ਭਗਤ ਪਰਮ ਰੁਚੀ ਸਹਿਤ ਕਰਦੇ ਹਨ, ਤਿਨ੍ਹਾਂ ਨੂੰ ਜਮ ਜੋਹ ਨਹੀਂ ਸਕਦਾ।

ਧੰਧਾ ਧਾਵਤ ਦਿਨੁ ਗਇਆ ਰੈਣਿ ਗਵਾਈ ਸੋਇ ॥
ਕੂੜੁ ਬੋਲਿ ਬਿਖੁ ਖਾਇਆ ਮਨਮੁਖਿ ਚਲਿਆ ਰੋਇ ॥
ਸਿਰੈ ਉਪਰਿ ਜਮ ਡੰਡੁ ਹੈ ਦੂਜੈ ਭਾਇ ਪਤਿ ਖੋਇ ॥

ਹਰਿਨਾਮੁ ਕਦੇ ਨ ਚੇਤਿਓ ਫਿਰਿ ਆਵਣ ਜਾਣਾ ਹੋਇ ॥
ਗੁਰਪਰਸਾਦੀ ਹਰਿ ਮਨਿ ਵਸੈ ਜਮ ਡੰਡੁ ਨ ਲਾਗੈ ਕੋਇ ॥
ਨਾਨਕ ਸਹਜੇ ਮਿਲਿ ਰਹੈ ਕਰਮਿ ਪਰਾਪਤਿ ਹੋਇ ॥੨॥(੩)
[ਰਾਮਕਲੀ ਕੀ ਵਾਰ, ਮ: ੩, ਪੰਨਾ ੯੪੮

ਵਿਆਖਿਆ—ਮਨਮੁਖ ਸਾਕਤ ਸੰਸਾਰੀ ਮਾਇਆਧਾਰੀ ਪੁਰਸ਼ ਦੀ ਸਾਰੀ ਅਵਰਦਾ ਬਿਰਥੀ ਹੀ ਜਾਂਦੀ ਹੈ । ਉਸ ਦਾ ਹਰ ਇਕ ਦਿਨ ਤਾਂ ਧੰਦਿਆਂ ਦੀਆਂ ਧਾਵਨੀਆਂ (ਮਾਇਆ ਦੇ ਧੰਦਿਆਂ ਪਿਛੇ ਦੌੜ ਧੂਪ ਕਰਦਿਆਂ) ਪਿਛੇ ਹੀ ਅਜਾਈਂ ਚਲਿਆ ਜਾਂਦਾ ਹੈ ਅਤੇ ਹਰ ਇਕ ਰਾਤ ਸੋਵਣ ਵਿਚ ਹੀ ਬਤੀਤ ਹੁੰਦੀ ਹੈ । ਅਤੇ ਮਾਇਆ ਰੂਪੀ ਬਿਖ ਖੱਟਣ ਲਈ ਕੂੜ ਕੁਸੱਤ ਬੋਲਣ ਵਿਚ ਹੀ ਵਿਹਾ ਜਾਂਦੀ ਹੈ । ਪਲੈ ਜ਼ਹਿਰ ਦਾ ਖਾਜ ਹੀ ਪੈਂਦਾ ਹੈ । ਓੜਕ ਮਨਮੁਖ ਇਸ ਦੁਨੀਆ ਤੋਂ ਦੁਇ ਹੱਥ ਝਾੜ ਕੇ ਰੋਂਦਾ ਕੁਰਲਾਂਦਾ ਅਤੇ ਪਛੁਤਾਂਦਾ ਹੀ ਚਲਿਆ ਜਾਂਦਾ ਹੈ। ਦੂਜੇ ਭਾਇ ਦੀ ਉਪਾਸ਼ਨਾ ਕਰਦਿਆਂ ਉਸ ਦੀ ਪਤਿ-ਪਰਤੀਤ ਸਭ ਖੋਈ ਜਾਂਦੀ ਹੈ । ਇਸ ਲੋਕ ਵਿਖੇ ਭੀ ਉਹ ਬੇਪਤਾ ਅਤੇ ਬੇਪ੍ਰਤੀਤਾ ਹੀ ਰਹਿੰਦਾ ਹੈ ਅਤੇ ਅਗਲੇ ਲੋਕ ਵਿਖੇ ਤਾਂ ਇਸ ਬੇਪਤੇ ਬੇਪ੍ਰਤੀਤੇ ਦੇ ਸਿਰ ਉਤੇ ਜਮ ਦਾ ਡੰਡਾ ਮਾਰੋ-ਮਾਰ ਕਰ ਕੇ ਪੈਂਦਾ ਹੈ, ਤਾਂ ਇਸ ਦੀ ਸੁਧਿ ਬੁਧਿ ਭੁਲ ਜਾਂਦੀ ਹੈ। ਮਨੁੱਖਾ ਜਨਮ ਪਾਇ ਕੈ ਮਨਮੁਖ ਨੇ ਨਾਮ ਕਦੇ ਚੇਤਿਆ ਨਹੀਂ ਹੁੰਦਾ, ਇਸ ਕਰਕੇ ਜਮਾਂ ਦੀ ਮਾਰ ਪੈਣ ਪਿਛੋਂ ਫੇਰ ਬਾਰੰਬਾਰ ਚੁਰਾਸੀ ਦੇ ਗੇੜ ਵਿਚ ਪੈਂਦਾ ਹੈ । ਜਿਨ੍ਹਾਂ ਗੁਰਮੁਖਾਂ ਦੇ ਮਨ ਵਿਖੇ ਗੁਰ ਪ੍ਰਸਾਦੀ ਵਾਹਿਗੁਰੂ ਅਤੇ ਵਾਹਿਗੁਰੂ ਨਾਮ ਵਸਿਆ ਹੋਇਆ ਹੁੰਦਾ ਹੈ, ਉਨ੍ਹਾਂ ਨੂੰ ਅਗੇ ਜਾ ਕੇ ਜਮ ਡੰਡ ਉੱਕਾ ਹੀ ਨਹੀਂ ਲਗਦਾ। ਬਲਕਿ ਸੁਕ੍ਰਿਤ ਕਰਨੀ-ਮਈ ਨਾਮ ਰੂਪੀ ਸ਼ੁਭ ਕਰਮ ਦੇ ਤੁਫ਼ੈਲ ਸਹਿਜ ਪਦ ਦੀ ਅਤੇ ਵਾਹਿਗੁਰੂ-ਮਿਲਾਪ ਦੀ ਪ੍ਰਾਪਤੀ ਹੋ ਜਾਂਦੀ ਹੈ ।

ਜਿਨੀ ਸਤਿਗੁਰ ਸਿਉ ਚਿਤੁ ਲਾਇਆ ਸੋ ਖਾਲੀ ਕੋਈ ਨਾਹਿ ॥
ਤਿਨ ਜਮ ਕੀ ਤਲਬ ਨ ਹੋਵਈ ਨਾ ਓਇ ਦੁਖ ਸਹਾਹਿ ॥
ਨਾਨਕ ਗੁਰਮੁਖਿ ਉਬਰੇ ਸਚੈ ਸਬਦਿ ਸਮਾਹਿ ॥੩॥ (੮)
[ਰਾਮਕਲੀ ਕੀ ਵਾਰ, ਮ: ੩, ਪੰਨਾ ੯੫੦

ਜਿਨ੍ਹਾਂ ਭੀ ਭਾਉ-ਭਾਵਨੀ ਸੱਚ ਕਰਕੇ ਸਤਿਗੁਰੂ ਉਤੇ ਆਈ ਹੈ, ਸੋ ਸ਼ਰਧਾਲੂ ਜਨ ਕੋਈ ਭੀ ਖ਼ਾਲੀ ਨਹੀਂ ਰਹਿੰਦਾ। ਓਹਨਾਂ ਨੂੰ ਪਰਮਾਰਥ ਦੀ ਪ੍ਰਾਪਤੀ ਹੋ ਜਾਂਦੀ ਹੈ, ਕਿਉਂਕਿ ਸਤਿਗੁਰੂ ਉਤੇ ਸ਼ਰਧਾ ਆਵਣ ਕਰਿ, ਉਹ ਸਤਿਗੁਰੂ ਦਾ ਹੁਕਮੀ ਬੰਦਾ ਸਿਖ ਸਜ ਜਾਂਦਾ ਹੈ । ਸਤਿਗੁਰੂ ਦੁਆਰਿਓ ਗੁਰ ਦੀਖਿਆ ਅੰਮ੍ਰਿਤ ਨਾਮ


www.sikhbookclub.com

ਪ੍ਰਾਪਤਿ ਹੋਣ ਕਰਿ, ਉਸ ਦਾ ਆਤਮਾ ਜੋਤਿ-ਰੰਗਾਂ ਨਾਲ ਨਕੋ-ਨਕ ਭਰਪੂਰ ਹੋ ਜਾਂਦਾ ਹੈ, ਜਦੋਂ ਕਿ ਉਹ ਅਤੁਟ ਨਾਮ ਅਭਿਆਸ ਕਮਾਈਆਂ ਕਰਦਾ ਹੈ। ਤਿਨ੍ਹਾਂ ਗੁਰਮੁਖਾਂ ਨੂੰ ਅਗੇ ਗਇਆਂ ਜਮ ਦੀ ਤਲਬ ਨਹੀਂ ਹੁੰਦੀ, ਨਾ ਓਹਨਾਂ ਨੂੰ ਏਹਨਾਂ ਜਮਾਂ ਦੇ ਦਿਤੇ ਦੁਖ ਸਹਿਣੇ ਪੈਂਦੇ ਹਨ, ਕਿਉਂਕਿ ਜਮ ਇਹਨਾਂ ਨੂੰ ਦੁਖ ਦੇ ਹੀ ਨਹੀਂ ਸਕਦੇ।

ਜਾ ਕਉ ਭਈ ਤੁਮਾਰੀ ਧੀਰ ॥
ਜਮ ਕੀ ਤ੍ਰਾਸ ਮਿਟੀ ਸੁਖੁ ਪਾਇਆ ਨਿਕਸੀ ਹਉਮੈ ਪੀਰ ॥੧॥ਰਹਾਉ॥
(੨॥੨॥੩) [ਨਟ ਮ: ੫, ੯੭੮

ਵਿਆਖਿਆ—ਜਿਸ ਜਨ ਨੂੰ ਵਾਹਿਗੁਰੂ ਦੀ ਸੱਚੀ ਧਿਰ ਪ੍ਰਾਪਤ ਹੋ ਗਈ, ਉਸ ਦੀ ਜਮ ਦੀ ਤ੍ਰਾਸ ਮਿਟ ਗਈ ਅਤੇ ਹਉਮੈ ਦੀ ਪੀੜ ਵਾਲਾ ਕੰਡਾ ਭੀ ਉਸ ਦੇ ਅੰਦਰੋਂ ਨਿਕਲ ਗਿਆ।

ਜਿਸੁ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ ॥
ਜਿਸੁ ਤੂ ਆਵਹਿ ਚਿਤਿ ਤਿਸੁ ਜਮ ਨਾਹਿ ਦੁਖ ॥...੬॥
[ਰਾਮਕਲੀ ਕੀ ਵਾਰ ਮ: ੫, ਪੰਨਾ੯੬੦

ਜਿਸ ਜਨ ਨੂੰ ਸਦਾ ਵਾਹਿਗੁਰੂ ਚਿਤ ਆਉਂਦਾ ਹੈ ਤਿਸ ਨੂੰ ਸਦਾ ਸੁਖ ਹੀ ਸੁਖ ਪ੍ਰਾਪਤ ਰਹਿੰਦਾ ਹੈ ਅਤੇ ਜਿਸ ਦੇ ਚਿਤ ਅੰਦਰ ਸਦਾ ਵਾਹਿਗੁਰੂ ਵਸਿਆ ਰਹਿੰਦਾ ਹੈ ਅਤੇ ਵਾਹਿਗੁਰੂ ਨਾਮ ਰਸਿਆ ਰਹਿੰਦਾ ਹੈ, ਤਿਸ ਨੂੰ ਅਗੇ ਗਇਆਂ ਜਮਦੂਤਾਂ ਦੇ ਦੁਖ ਤਸੀਹੇ ਨਹੀਂ ਸਹਿਣੇ ਪੈਂਦੇ।

ਸੁਣਿ ਕੈ ਜਮ ਕੇ ਦੂਤ ਨਾਇ ਤੇਰੈ ਛਡਿ ਜਾਹਿ ॥...੯॥
[ਰਾਮਕਲੀ ਕੀ ਵਾਰ, ਪੰਨਾ ੯੬੨

ਹੇ ਵਾਹਿਗੁਰੂ ! ਨਾਮ ਤੇਰੇ ਨੂੰ ਸੁਣ ਕੇ ਜਮ ਦੇ ਦੂਤ ਤੁਰਤ ਹੀ ਖਹਿੜਾ ਛਡ ਜਾਂਦੇ ਹਨ, ਦੂਰ ਭਜ ਜਾਂਦੇ ਹਨ।

ਜਿਸੁ ਖਸਮੁ ਨ ਆਵੈ ਚਿਤਿ ਤਿਸੁ ਜਮੁ ਡੰਡੁ ਦੇ ॥
ਜਿਸੁ ਖਸਮੁ ਨ ਆਵੀ ਚਿਤਿ ਰੋਗੀ ਸੇ ਗਣੇ ॥
ਜਿਸੁ ਖਸਮੁ ਨ ਆਵੀ ਚਿਤਿ ਸੁ ਖਰੋ ਅਹੰਕਾਰੀਆ ॥
ਸੋਈ ਦੁਹੇਲਾ ਜਗਿ ਜਿਨਿ ਨਾਉ ਵਿਸਾਰੀਆ ॥੧੪॥
[ਰਾਮਕਲੀ ਕੀ ਵਾਰ ਮ: ੫, ਪੰਨਾ ੯੬੪

ਵਿਆਖਿਆ—ਜਿਸ ਨੂੰ ਸੱਚਾ ਮਾਲਕ, ਵਾਹਿਗੁਰੂ ਖਸਮ ਚਿਤਿ ਨਹੀਂ ਆਉਂਦਾ, ਜਿਸ ਦੇ ਚਿਤ ਅੰਦਰ ਵਾਹਿਗੁਰੂ ਨਾਮ ਕਦੇ ਵਸਦਾ ਹੀ ਨਹੀਂ, ਤਿਸ ਨੂੰ

ਅਗੇ ਗਇਆਂ ਜ਼ਰੂਰ ਜਮ ਡੰਡ ਦਿੰਦਾ ਹੈ । ਓਹ ਪੁਰਸ਼ ਸਦਾ ਹੀ ਸਰੀਰਕ ਅਤੇ ਆਤਮ ਰੋਗਾਂ ਵਿਚ ਐਥੇ ਓਥੇ ਗ੍ਰਸੇ ਹੀ ਰਹਿੰਦੇ ਹਨ । ਸਭ ਤੋਂ ਵਡਾ ਅਤੇ ਨਿਰੋਲ ਹੰਕਾਰੀ ਪੁਰਸ਼ ਸੋ ਹੈ, ਜੋ ਸਿਰ ਦੇ ਸਾਈਂ ਸਿਰਜਨਹਾਰ ਵਾਹਿਗੁਰੂ ਨੂੰ ਚਿਤ ਵਿਚ ਨਹੀਂ ਲਿਆਉਂਦਾ ਕਦੇ ਭੀ । ਇਸ ਸੰਸਾਰ ਵਿਖੇ ਸੋਈ ਨਰ ਦੁਹੇਲਾ ਅਤੇ ਦੁਖੀਆ ਹੈ ਜਿਸ ਨੇ ਨਾਮ ਨੂੰ ਉੱਕਾ ਹੀ ਵਿਸਾਰ ਛਡਿਆ ਹੈ ।

ਦੁਨੀਆ ਹੁਸੀਆਰ ਬੇਦਾਰ ਜਾਗਤ ਮੁਸੀਅਤ ਹਉ ਰੇ ਭਾਈ ॥
ਨਿਗਮ ਹੁਸੀਆਰ ਪਹਰੂਆ ਦੇਖਤ ਜਮੁ ਲੇ ਜਾਈ ॥੧॥ਰਹਾਉ॥
(੨॥੩॥੧੨) [ਰਾਮਕਾਲੀ ਕਬੀਰ ਜੀ, ਪੰਨਾ ੯੭੨

ਵਿਆਖਿਆ—ਦੁਨੀਆ ਬੜੀ ਹੁਸ਼ਿਆਰ ਅਤੇ ਖ਼ਬਰਦਾਰ, ਚੰਚਲ, ਸਿਆਣੀ ਬਣੀ ਫਿਰਦੀ ਹੈ । ਪਰ ਏਸ ਦੀ ਹੁਸ਼ਿਆਰੀ ਬੇਦਾਰੀ ਖ਼ਬਰਦਾਰੀ ਸਾਵਧਾਨਤਾ ਕਾਹਦੀ ਹੈ ਤੇ ਕਿਸ ਲੇਖੇ ਹੈ, ਜਦੋਂ ਕਿ ਇਹ ਜਾਗਦੀ ਹੀ ਲੁਟੀਂਦੀ ਜਾਂਦੀ ਹੈ ? ਅਨੇਕ ਮਤ ਮਤਾਂਤਰੀ ਪਹਿਰੇਦਾਰਾਂ ਦੀ ਹੁਸ਼ਿਆਰੀ ਪਹਿਰੇਦਾਰੀ ਧਰੀ ਹੀ ਰਹਿ ਜਾਂਦੀ ਹੈ । ਏਹਨਾਂ ਪਹਿਰੇਦਾਰਾਂ ਦੇ ਪਹਿਰੇ ਵਿਚ ਹੀ, ਏਹਨਾਂ ਦੇ ਦੇਖਦਿਆਂ ਜਮ ਫੜ ਕੇ ਜਮਪੁਰੀ ਨੂੰ ਲੈ ਜਾਂਦਾ ਹੈ ਤੇ ਚਾਰਾ ਕੁਛ ਨਹੀਂ ਚਲਦਾ ।

ਗੁਰਮਤਿ ਰਾਮ ਨਾਮੁ ਧਨੁ ਪਾਇਆ ਸੁਣਿ ਕਹਤਿਆ ਪਾਪ ਨਿਵਾਰੇ ॥
ਧਰਮ ਰਾਇ ਜਮੁ ਨੇੜਿ ਨ ਆਵੈ ਮੇਰੇ ਠਾਕੁਰ ਕੇ ਜਨ ਪਿਆਰੇ ॥੬॥
(੮॥੧) [ਨਟ ਅਸਟ: ਮ: ੪, ੯੮੦-੮੧

ਗੁਰਮਤਿ ਰਾਮ ਨਾਮ ਰੂਪੀ ਧਨ ਗੁਰਮੁਖਾਂ ਨੂੰ ਐਸਾ ਮਿਲਿਆ ਹੈ ਕਿ ਉਸ **ਸਚੇ ਧਨ** ਵਾਹਿਗੁਰੂ ਨਾਮ ਨੂੰ ਸੰਚਣ ਕਹਨਹਾਰਿਆਂ ਦੇ ਸਭ ਪਾਪ ਨਿਵਾਰੇ ਜਾਂਦੇ **ਹਨ ਅਤੇ** ਮੇਰੇ ਵਾਹਿਗੁਰੂ ਦੇ ਜਨ ਵਾਹਿਗੁਰੂ ਨੂੰ ਐਸੇ ਪਿਆਰੇ ਹਨ ਕਿ ਤਿਨ੍ਹਾਂ **ਵਾਹਿਗੁਰੂ** ਪਿਆਰਿਆਂ, ਵਾਹਿਗੁਰੂ ਨਾਮ ਨੂੰ ਪਿਆਰ ਕਰਨਹਾਰਿਆਂ ਦੇ ਨੇੜੇ ਨਾ **ਤਾਂ ਧਰਮਰਾਇ** ਹੀ ਜਾਂਦਾ ਹੈ, ਨਾ ਹੀ ਧਰਮਰਾਇ ਦੇ ਦੂਤ ਜਮ ਓਹਨਾਂ ਦੇ ਨੇੜੇ **ਆਉਂਦੇ** ਹਨ ।

**ਕਿਥੋਂ** ਕੁ ਤਾਈਂ ਗੁਰ-ਪ੍ਰਮਾਣ ਵਿਆਖਿਆ ਸੰਯੁਕਤ ਦਿਤੇ ਜਾਣ । ਅਜੇ **ਅਨੇਕਾਂ ਗੁਰਵਾਕ** ਹਨ ਜਿਨ੍ਹਾਂ ਵਿਚ 'ਜਮ' ਦੀ ਹੋਂਦ ਦੀ ਪੁਸ਼ਟੀ ਹੁੰਦੀ ਹੈ । **ਵਿਸਥਾਰ ਤੋਂ** ਸੰਕੋਚ ਕੇ ਹੁਣ ਅਗੇ ਨਿਰੇ ਗੁਰ-ਪ੍ਰਮਾਣ ਹੀ ਦਿਤੇ ਜਾਂਦੇ ਹਨ । ਕਿਤੇ **ਕਿਤੇ ਅੱਤ** ਲੋੜ ਪਈ ਤਾਂ ਵਿਆਖਿਆ ਭੀ ਕੀਤੀ ਜਾਵੇਗੀ—

੧. ਜਿਨ੍ ਹਰਿ ਨਾਮੁ ਧਿਆਇਆ ਤਿਨ ਚੂਕੇ ਸਰਬ ਜੰਜਾਲਾ ॥
ਤਿਨ ਜਮੁ ਨੇੜਿ ਨ ਆਵਈ ਗੁਰਿ ਰਾਖੇ ਹਰਿ ਰਖਵਾਲਾ ॥੨॥
(੪॥੫) [ਮਾਲੀ ਗਉੜਾ ਮ: ੪, ਪੰਨਾ ੯੮੫

੨. ਰੇ ਮਨ ਟਹਲ ਹਰਿ ਸੁਖ ਸਾਰ ॥
ਅਵਰ ਟਹਲਾ ਝੂਠੀਆ ਨਿਤ ਕਰੈ ਜਮੁ ਸਿਰਿ ਮਾਰ ॥੧॥ਰਹਾਉ।
(੪॥੧) [ਮਾਲੀ ਗਉੜਾ ਮ: ੫, ਪੰਨਾ ੯੮੬

੩. ਹਉਮੈ ਜਲਿਆ ਮਨਹੁ ਵਿਸਾਰੇ॥ ਜਮਪੁਰਿ ਵਜਹਿ ਖੜਗ ਕਰਾਰੇ ॥
ਅਬ ਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ ॥੪॥
(੬॥੧॥੧੨) [ਮਾਰੂ ਮ: ੧ ਘਰੁ ੫, ਪੰਨਾ ੯੯੩

੪. ਮਾਇਆ ਮਮਤਾ ਪਵਹਿ ਖਿਆਲੀ ॥ ਜਮਪੁਰਿ ਫਾਸਹਿਗਾ ਜਮਜਾਲੀ ॥
ਹੇਤ ਕੇ ਬੰਧਨ ਤੋੜਿ ਨ ਸਾਕਹਿ ਤਾ ਜਮੁ ਕਰੇ ਖੁਆਰੀ ਜੀਉ ॥੫॥
(੬॥੧॥੧੨) [ਮਾਰੂ ਮ: ੧, ਪੰਨਾ ੯੯੩

੫. ਗੁਰ ਪਰਸਾਦੀ ਏਕ ਲਿਵ ਲਾਗੀ ਦੁਬਿਧਾ ਤਦੇ ਬਿਨਾਸੀ ॥
ਜੋ ਤਿਸੁ ਭਾਣਾ ਸੋ ਸਤਿ ਕਰਿ ਮਾਨਿਆ ਕਾਟੀ ਜਮ ਕੀ ਫਾਸੀ ॥੪॥
(੫॥੧) [ਮਾਰੂ ਮ: ੩ ਘਰੁ ੧, ਪੰਨਾ ੯੯੩

੬. ਇਹੁ ਮਨੁ ਲਾਲਚ ਕਰਦਾ ਫਿਰੈ ਲਾਲਚਿ ਲਾਗਾ ਜਾਇ ॥
ਧੰਧੈ ਕੂੜਿ ਵਿਆਪਿਆ ਜਮਪੁਰਿ ਚੋਟਾ ਖਾਇ ॥੩॥
(੪॥੩) [ਮਾਰੂ ਮ: ੩, ਪੰਨਾ ੯੯੪

੭. ਸਤਿਗੁਰੁ ਛੋਡਿ ਦੂਜੈ ਲਗੇ ਕਿਆ ਕਰਨਿ ਅਗੈ ਜਾਇ ॥
ਜਮਪੁਰਿ ਬਧੇ ਮਾਰੀਅਹਿ ਬਹੁਤੀ ਮਿਲੈ ਸਜਾਇ ॥੩॥
(੪॥੫) [ਮਾਰੂ ਮ: ੩, ਪੰਨਾ ੯੯੪

੮. ਹਰਿ ਹਰਿ ਨਾਮੁ ਨਿਧਾਨੁ ਲੈ ਗੁਰਮਤਿ ਹਰਿ ਪਤਿ ਪਾਇ ॥
ਹਲਤਿ ਪਲਤਿ ਨਾਲਿ ਚਲਦਾ ਹਰਿ ਅੰਤੇ ਲਏ ਛਡਾਇ ॥
ਜਿਥੈ ਅਵਘਟ ਗਲੀਆ ਭੀੜੀਆ ਤਿਥੈ ਹਰਿ ਹਰਿ ਮੁਕਤਿਕਰਾਇ ॥੧॥
ਜਿਨ ਹਰਿ ਹਰਿ ਨਾਮੁ ਨ ਚੇਤਿਓ ਸੇ ਭਾਗਹੀਣ ਮਰਿ ਜਾਇ ॥
ਓਇ ਫਿਰਿ ਫਿਰਿ ਜੋਨਿ ਭਵਾਈਅਹਿ ਮਰਿ ਜੰਮਹਿ ਆਵੈ ਜਾਇ ॥
ਓਇ ਜਮਦਰਿ ਬਧੇ ਮਾਰੀਅਹਿ ਹਰਿ ਦਰਗਹ ਮਿਲੈ ਸਜਾਇ ॥੩॥
(੪॥੧॥੩) [ਮਾਰੂ ਮ: ੪ ਘਰੁ ੩, ਪੰਨਾ ੯੯੬

ਇਹ ਗੁਰਵਾਕ ਅਗਲੀ ਦਰਗਾਹ ਭੀ ਸਿਧ ਕਰਦਾ ਹੈ । ਜਮਪੁਰੀ ਅਤੇ ਜਮਪੁਰੀ ਦੀਆਂ ਅਵਘਟ ਗਲੀਆਂ ਦਾ ਅਗੇ ਹੋਣਾ ਭੀ ਇਹ ਦਸਦਾ ਹੈ । ਨਾਮ-ਹੀਣਿਆਂ ਨੂੰ ਅਗੇ ਬਹੁਤੀ ਸਜ਼ਾਇ ਮਿਲਣ ਦਾ ਭੀ ਇਸ ਵਿਚ ਪੱਕਾ ਸਬੂਤ ਹੈ । ਪੱਕ ਪਰਤੀਤ ਸਹਿਤ ਇਸ ਗੁਰਵਾਕ ਦਾ ਭਾਵ ਮਨਿ ਵਸਾਓ ਜੀ !

੯. ਨਿਰਭਉ ਨਿਰੰਕਾਰੁ ਸਤਿ ਨਾਮੁ ॥ ਜਗ ਮਹਿ ਸ੍ਰੇਸਟੁ ਊਤਮ ਕਾਮੁ ॥
ਦੁਸਮਨ ਦੂਤ ਜਮਕਾਲੁ ਠੇਹ ਮਾਰਉ
ਹਰਿ ਸੇਵਕ ਨੇੜਿ ਨ ਜਾਈ ਜੀਉ ॥੨॥
ਜਿਸੁ ਊਪਰਿ ਹਰਿ ਕਾ ਮਨੁ ਮਾਨਿਆ ॥
ਸੋ ਸੇਵਕੁ ਚਹੁ ਜੁਗ ਚਹੁ ਕੁੰਟ ਜਾਨਿਆ ॥
ਜੇ ਉਸਕਾ ਬੁਰਾ ਕਰੈ ਕੋਈ ਪਾਪੀ ਤਿਸੁ ਜਮ ਕੰਕਰੁ ਖਾਈ ਜੀਉ ॥੩॥
(੫॥੨॥੮) [ਮਾਰੂ ਮ: ੪, ਪੰਨਾ ੯੯੮

੧੦. ਜਾ ਕਾ ਨਾਮਿ ਸੁਨਿਐ ਜਮੁ ਛੋਡੈ ਤਾ ਕੀ ਸਰਣਿ ਨ ਪਾਵਸਿ ਰੇ॥...੨॥
(੪॥੭) [ਮਾਰੂ ਮ: ੫, ਪੰਨਾ ੧੦੦੦

੧੧. ਮੇਰੇ ਮਨ ਕਰਨ ਸੁਣਿ ਹਰਿ ਨਾਮੁ ॥
ਮਿਟਹਿ ਅਘ ਤੇਰੇ ਜਨਮ ਜਨਮ ਕੇ ਕਵਨੁ ਬਪੁਰੋ ਜਾਮੁ ॥੧॥ਰਹਾਉ॥
(੨॥੧॥੨੪) [ਮਾਰੂ ਮ: ੫ ਘਰੁ ੬, ਪੰਨਾ ੧੦੦੬

੧੨. ਜਮ ਕੋ ਡੰਡ ਪਰਿਓ ਸਿਰ ਊਪਰਿ ਤਬ ਸੋਵਤ ਤੈ ਜਾਗਿਓ ॥
ਕਹਾ ਹੋਤ ਅਬ ਕੈ ਪਛੁਤਾਏ ਛੂਟਤ ਨਾਹਿ ਨ ਭਾਗਿਓ ॥੧॥
(੨॥੩) [ਮਾਰੂ ਮ: ੯, ਪੰਨਾ ੧੦੦੮

੧੩. ਗੁਰ ਪ੍ਰਸਾਦੀ ਪ੍ਰਭੁ ਅਰਾਧੇ ਜਮ ਕੰਕਰੁ ਕਿਛੁ ਨ ਕਹੀ ॥੨॥
(੮॥੨) [ਮਾਰੂ ਮ: ੫, ਪੰਨਾ ੧੦੧੭

੧੪. ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ ॥੪॥
[ਮਾਰੂ ਸੋਲਹੇ ਮ: ੧, ਪੰਨਾ ੧੦੨੦

੧੫. ਗੁਰ ਬਿਨੁ ਉਰਝਿ ਮਰਹਿ ਬੇਕਾਰਾ ॥ ਜਮੁ ਸਿਰਿ ਮਾਰੇ ਕਰੇ ਖੁਆਰਾ ॥
ਬਧੇ ਮੁਕਤਿ ਨਾਹੀ ਨਰ ਨਿੰਦਕ ਡੂਬਹਿ ਨਿੰਦ ਪਰਾਈ ਹੇ ॥੧੧॥
[ਮਾਰੂ ਮ: ੧, ਪੰਨਾ ੧੦੨੬

੧੬. ਖਾਜੈ ਪੈਝੈ ਰਲੀ ਕਰੀਜੈ ॥ ਬਿਨੁ ਅਭ ਭਗਤੀ ਬਾਦਿ ਮਰੀਜੈ ॥
ਸਰ ਅਪਸਰ ਕੀ ਸਾਰ ਨ ਜਾਣੈ ਜਮੁ ਮਾਰੇ ਕਿਆ ਚਾਰਾ ਹੇ ॥੧੩॥
ਮਾਰੂ ਮ: ੧, ਪੰਨਾ ੧੦੨੭

੧੭. ਜਿਸੁ ਬਿਸਰਿਐ ਜਮੁ ਜੋਹਣਿ ਲਾਗੈ ॥ ਸਭਿ ਸੁਖ ਜਾਹਿ ਦੁਖਾ ਫੁਨਿ ਆਗੈ॥
ਰਾਮ ਨਾਮੁ ਜਪਿ ਗੁਰਮੁਖਿ ਜੀਅੜੇ ਏਹੁ ਪਰਮ ਤਤੁ ਵੀਚਾਰਾ ਹੇ ॥੨॥..
ਅੰਤ ਕਾਲਿ ਜਮੁ ਜੋਹਿ ਨ ਸਾਕੈ ਹਰਿ ਬੋਲਹੁ ਰਾਮੁ ਪਿਆਰਾ ਹੇ ॥੫॥
ਸਤਿਗੁਰੁ ਪੁਰਖੁ ਦਾਤਾ ਵਡ ਦਾਣਾ ॥
ਜਿਸੁ ਅੰਤਰਿ ਸਾਚੁ ਸੁ ਸਬਦਿ ਸਮਾਣਾ ॥

ਜਿਸ ਕਉ ਸਤਿਗੁਰੁ ਮੇਲਿ ਮਿਲਾਏ ਤਿਸੁ ਚੂਕਾ ਜਮ ਭੈ ਭਾਰਾ ਹੇ ॥੬॥
ਸਾਕਤ ਜਮ ਕੀ ਕਾਣਿ ਨ ਚੂਕੈ ॥ ਜਮ ਕਾ ਡੰਡੁ ਨ ਕਬਹੂ ਮੂਕੈ ॥
ਬਾਕੀ ਧਰਮਰਾਇ ਕੀ ਲੀਜੈ ਸਿਰਿ ਅਫਰਿਓ ਭਾਰੁ ਅਫਾਰਾ ਹੇ ॥੧੦॥
[ਮਾਰੂ ਮ: ੧, ਪੰਨਾ ੧੦੩੦

੧੮. ਕੂੜੁ ਕਲਰੁ ਤਨੁ ਭਸਮੈ ਢੇਰੀ ॥ ਬਿਨੁ ਨਾਵੈ ਕੈਸੀ ਪਤਿ ਤੇਰੀ ॥
ਬਾਧੇ ਮੁਕਤਿ ਨਾਹੀ ਜੁਗ ਚਾਰੇ ਜਮ ਕੰਕਰਿ ਕਾਲਿ ਪਰਾਤਾ ਹੇ ॥੯॥
ਜਮਦਰਿ ਬਾਧੇ ਮਿਲਹਿ ਸਜਾਈ ॥ ਤਿਸੁ ਅਪਰਾਧੀ ਗਤਿ ਨਹੀ ਕਾਈ ॥
ਕਰਣਪਲਾਵ ਕਰੇ ਬਿਲਲਾਵੈ ਜਿਉ ਕੁੰਡੀ ਮੀਨੁ ਪਰਾਤਾ ਹੇ ॥੧੦॥
ਸਾਕਤੁ ਫਾਸੀ ਪੜੈ ਇਕੇਲਾ ॥ ਜਮ ਵਸਿ ਕੀਆ ਅੰਧੁ ਦੁਹੇਲਾ ॥
ਰਾਮ ਨਾਮ ਬਿਨੁ ਮੁਕਤਿ ਨ ਸੂਝੈ ਆਜੁ ਕਾਲ੍ਹਿ ਪਚਿ ਜਾਤਾ ਹੇ ॥੧੧॥
[ਮਾਰੂ ਮ: ੧, ਪੰਨਾ ੧੦੩੧

੧੯. ਹਰਿ ਕੇ ਲੋਗ ਨਹੀ ਜਮੁ ਮਾਰੈ ॥ ਨਾ ਦੁਖੁ ਦੇਖਹਿ ਪੰਥਿ ਕਰਾਰੈ ॥
ਰਾਮ ਨਾਮੁ ਘਟਿ ਅੰਤਰਿ ਪੂਜਾ ਅਵਰੁ ਨ ਦੂਜਾ ਕਾਹਾ ਹੇ ॥੧੪॥
[ਮਾਰੂ ਮ: ੧, ਪੰਨਾ ੧੦੩੩

੨੦. ਨਦਰਿ ਕਰੇ ਪੂਰਾ ਗੁਰੁ ਭੇਟੈ ॥ ਜਮ ਜੰਦਾਰੁ ਨ ਮਾਰੈ ਫੇਟੈ ॥
ਜਿਉ ਜਲ ਅੰਤਰਿ ਕਮਲੁ ਬਿਗਾਸੀ ਆਪੇ ਬਿਗਸਿ ਧਿਆਇਦਾ ॥੬॥
[ਮਾਰੂ ਮ: ੧, ੧੦੩੬

੨੧. ਦੁਖ ਭੈ ਭੰਜਨੁ ਪ੍ਰਭੁ ਅਬਿਨਾਸੀ ॥ ਰੋਗ ਕਟੇ ਕਾਟੀ ਜਮ ਫਾਸੀ ॥
ਨਾਨਕ ਹਰਿ ਪ੍ਰਭੁ ਸੋ ਭਉ ਭੰਜਨੁ ਗੁਰਿ ਮਿਲਿਐ ਹਰਿ ਪ੍ਰਭੁ ਪਾਇਆ
॥੧੦॥ [ਮਾਰੂ ਮ: ੧, ਪੰਨਾ ੧੦੪੦

੨੨. ਗੁਰਮਤਿ ਲੇਵਹੁ ਹਰਿ ਲਿਵ ਤਰੀਐ ॥
ਅਕਲੁ ਗਾਇ ਜਮ ਤੇ ਕਿਆ ਡਰੀਐ ॥
ਜਤ ਜਤ ਦੇਖਉ ਤਤ ਤਤ ਤੁਮਹੀ ਅਵਰੁ ਨ ਦੁਤੀਆ ਗਾਇਆ ॥੩॥...
ਉਪਜਹਿ ਬਿਨਸਹਿ ਬੰਧਨ ਬੰਧੇ ॥ ਹਉਮੈ ਮਾਇਆ ਕੇ ਗਲਿ ਫੰਧੇ ॥
ਜਿਸੁ ਰਾਮ ਨਾਮੁ ਨਾਹੀ ਮਤਿ ਗੁਰਮਤਿ
ਸੋ ਜਮਪੁਰਿ ਬੰਧਿ ਚਲਾਇਆ ॥੮॥...
ਗੁਰਮਤਿ ਲੇਹੁ ਤਰਹੁ ਸਚੁ ਤਾਰੀ ॥ ਆਤਮ ਚੀਨਹੁ ਰਿਦੈ ਮੁਰਾਰੀ ॥
ਜਮ ਕੇ ਫਾਹੇ ਕਾਟਹਿ ਹਰਿ ਜਪਿ ਅਕੁਲ ਨਿਰੰਜਨੁ ਪਾਇਆ ॥੧੧॥
[ਮਾਰੂ ਮ: ੧, ਪੰਨਾ ੧੦੪੦-੪੧

੨੩. ਜਿਨਿ ਜਪੁ ਜਪਿਓ ਸਤਿਗੁਰ ਮਤਿ ਵਾ ਕੇ ॥
ਜਮ ਕੰਕਰ ਕਾਲੁ ਸੇਵਕ ਪਗ ਤਾ ਕੇ ॥
ਊਤਮ ਸੰਗਤਿ ਗਤਿ ਮਿਤਿ ਊਤਮ ਜਗੁ ਭਉਜਲੁ ਪਾਰਿ ਤਰਾਇਆ ॥
੮॥ [ਮਾਰੂ ਮ: ੧, ਪੰਨਾ ੧੦੪੨

੨੪. ਜੋ ਆਇਆ ਸੋ ਸਭੁ ਕੋ ਜਾਸੀ ॥ ਦੂਜੈ ਭਾਇ ਬਾਧਾ ਜਮ ਫਾਸੀ ॥
ਸਤਿਗੁਰਿ ਰਾਖੇ ਸੇ ਜਨ ਉਬਰੇ ਸਾਚੇ ਸਾਚਿ ਸਮਾਈ ਹੇ ॥੧॥
[ਮਾਰੂ ਮ: ੩, ਪੰਨਾ ੧੦੪੭

ਸਭ ਆਵਣ-ਜਾਣ-ਹਾਰਾ ਸੰਸਾਰ ਦੂਜੇ ਭਾਇ ਦਾ ਪੁਜਾਰੀ ਹੋਣ ਕਰਕੇ ਜਮ ਦੀ ਫਾਸ ਵਿਚ ਜ਼ਰੂਰ ਪਵੇਗਾ । ਸੇਈ ਜਨ ਉਬਰਨਗੇ, ਜਿਨ੍ਹਾਂ ਦਾ ਰਾਖਾ ਸਤਿਗੁਰੂ ਹੋਵੇਗਾ । ਸਤਿਗੁਰੂ ਸਿਖਾਂ ਦਾ ਹੀ ਰਖਵਾਲਾ ਹੈ ।

੨੫. ਮੇਰੀ ਮੇਰੀ ਕਰਤ ਵਿਹਾਣੀ ॥ ਮਨਮੁਖਿ ਨ ਬੂਝੈ ਫਿਰੈ ਇਆਣੀ ॥
ਜਮਕਾਲੁ ਘੜੀ ਮੁਹਤੁ ਨਿਹਾਲੇ ਅਨਦਿਨੁ ਆਰਜਾ ਛੀਜੈ ਹੇ ॥੪॥
ਅੰਤਰਿ ਲੋਭੁ ਕਰੈ ਨਹੀ ਬੂਝੈ ॥ ਸਿਰ ਊਪਰਿ ਜਮਕਾਲੁ ਨ ਸੂਝੈ ॥
ਐਥੈ ਕਮਾਣਾ ਸੁ ਅਗੈ ਆਇਆ ਅੰਤ ਕਾਲਿ ਕਿਆ ਕੀਜੈ ਹੇ ॥੫॥
[ਮਾਰੂ ਮ: ੩, ਪੰਨਾ ੧੦੪੯

੨੬. ਇੰਦ੍ਰ ਇੰਦ੍ਰਾਸਣਿ ਬੈਠੇ ਜਮ ਕਾ ਭਉ ਪਾਵਹਿ ॥
ਜਮੁ ਨ ਛੋਡੈ ਬਹੁ ਕਰਮ ਕਮਾਵਹਿ ॥
ਸਤਿਗੁਰੁ ਭੇਟੈ ਤਾ ਮੁਕਤਿ ਪਾਈਐ ਹਰਿ ਹਰਿ ਰਸਨਾ ਪੀਜੈ ਹੇ ॥੧੧॥
[ਮਾਰੂ ਮ: ੩, ਪੰਨਾ ੧੦੪੯

ਇੰਦ੍ਰ ਆਦਿਕਾਂ ਨੂੰ ਭੀ ਅਪਣੀ ਇੰਦ੍ਰਾਸਣ ਵਿਖੇ ਬੈਠਿਆਂ ਜਮ ਦਾ ਭਉ ਵਿਆਪ ਰਹਿਆ ਹੈ । ਚਾਹੇ ਉਹ ਕਿਤਨੇ ਹੀ ਕਰਮ ਕਮਾ ਲੈਣ, ਪਰ ਓਹਨਾਂ ਨੂੰ ਜਮ ਨਹੀਂ ਛਡੇਗਾ, ਜ਼ਰੂਰ ਕਸਰਾਂ ਕਢੇਗਾ । ਸਤਿਗੁਰੂ ਨੂੰ ਭੇਟੇ ਬਿਨਾਂ ਇਹਨਾਂ ਇੰਦਰ ਆਦਿ ਦੇਵਤਿਆਂ ਦਾ ਵੀ ਜਮ ਤੋਂ ਛੁਟਕਾਰਾ ਨਹੀਂ ਹੋਣਾ ।

੨੭. ਆਪੇ ਸਾਜੇ ਸ੍ਰਿਸਟਿ ਉਪਾਏ ॥ ਵਿਰਲੇ ਕਉ ਗੁਰ ਸਬਦੁ ਬੁਝਾਏ ॥
ਸਤਿਗੁਰੁ ਸੇਵਹਿ ਸੇ ਜਨ ਸਾਚੇ ਕਾਟੇ ਜਮ ਕਾ ਫਾਹਾ ਹੇ ॥੫॥
ਭੰਨੈ ਘੜੇ ਸਵਾਰੇ ਸਾਜੇ ॥ ਮਾਇਆ ਮੋਹਿ ਦੂਜੈ ਜੰਤ ਪਾਜੇ ॥
ਮਨਮੁਖ ਫਿਰਹਿ ਸਦਾ ਅੰਧੁ ਕਮਾਵਹਿ ਜਮ ਕਾ ਜੇਵੜਾ ਗਲਿ ਫਾਹਾ ਹੇ॥
੬॥ [ਮਾਰੂ ਮ: ੩, ਪੰਨਾ ੧੦੫੩


www.sikhbookclub.com

੨੮. ਸੇ ਮਨਮੁਖ ਜੋ ਸਬਦੁ ਨ ਪਛਾਣਹਿ ॥ ਗੁਰ ਕੇ ਭੈ ਕੀ ਸਾਰ ਨ ਜਾਣਹਿ ॥
ਭੈ ਬਿਨੁ ਕਿਉ ਨਿਰਭਉ ਸਚੁ ਪਾਈਐ ਜਮੁ ਕਾਢਿ ਲਏਗਾ ਸਾਹਾ ਹੇ॥੬॥
ਅਫਰਿਓ ਜਮੁ ਮਾਰਿਆ ਨ ਜਾਈ ॥ ਗੁਰ ਕੇ ਸਬਦੇ ਨੇੜਿ ਨ ਆਈ ॥
ਸਬਦੁ ਸੁਣੇ ਤ ਦੂਰਹੁ ਭਾਗੈ ਮਤੁ ਮਾਰੇ ਹਰਿ ਜੀਉ ਵੇਪਰਵਾਹਾ ਹੇ ॥੭॥
ਹਰਿ ਜੀਉ ਕੀ ਹੈ ਸਭ ਸਿਰਕਾਰਾ ॥ ਏਹੁ ਜਮੁ ਕਿਆ ਕਰੇ ਵਿਚਾਰਾ ॥
ਹੁਕਮੀ ਬੰਦਾ ਹੁਕਮੁ ਕਮਾਵੈ ਹੁਕਮੇ ਕਢਦਾ ਸਾਹਾ ਹੇ ॥੮॥
[ਮਾਰੂ ਮ: ੩, ਪੰਨਾ ੧੦੫੪

ਮਨਮੁਖਾਂ ਦੀ ਤਾਰੀਫ਼ ( definition ) ਇਸ ਗੁਰਵਾਕ ਅੰਦਰ ਦਿਤੀ ਗਈ ਹੈ । ਮਨਮੁਖ ਉਹ ਹਨ, ਜੋ ਗੁਰ ਸ਼ਬਦ ਨਹੀਂ ਪਛਾਣਦੇ, ਜਿਨ੍ਹਾਂ ਨੂੰ ਗੁਰੂ ਦੇ ਸ਼ਬਦ ਦੀ ਸਾਰ ਨਹੀਂ । ਨਾ ਜਿਨ੍ਹਾਂ ਨੂੰ ਗੁਰੂ ਕੇ ਭੈ ਦੀ ਸਾਰ ਹੈ । ਅਰਥਾਤ ਗੁਰੂ ਅਤੇ ਗੁਰ ਸ਼ਬਦ ਉਤੇ ਓਹਨਾਂ ਦੀ ਸ਼ਰਧਾ, ਯਕੀਨ, ਭਉ ਭਾਵਨੀ ਹੀ ਨਹੀਂ । ਗੁਰ ਉਪਰ ਭੈ-ਭਾਵਨੀ ਯਾ ਯਕੀਨ ਸ਼ਰਧਾ ਲਿਆਏ ਬਿਨਾਂ ਵਾਹਿਗੁਰੂ ਨਿਰਭਉ ਸਚੇ ਸਾਹਿਬ ਨੂੰ ਨਹੀਂ ਪਾਇਆ ਜਾ ਸਕਦਾ । ਬਸ, ਸਾਰਿਆਂ ਮਨਮੁਖਾਂ ਦਾ ਸਾਹ ਪੀਣ ਨੂੰ ਜਮ ਤਿਆਰ ਬੈਠਾ ਹੈ । ਜੋ ਜ਼ਰੂਰ ਏਹਨਾਂ ਦਾ ਸਾਹ ਕਢ ਕੇ ਹਟੇਗਾ, ਟਲੇਗਾ ਨਹੀਂ । ਕਿਸੇ ਦੇ ਸਿਰ ਤੋਂ ਭੀ ਨਹੀਂ ਟਲਦਾ । ਪਰ ਜਿਥੇ ਗੁਰੂ ਦਾ ਸ਼ਬਦ ਹੈ, ਉਥੇ ਨੇੜੇ ਨਹੀਂ ਢੁਕਦਾ । ਸ਼ਬਦ ਨੂੰ ਸੁਣ ਕੇ ਦੂਰੋਂ ਹੀ ਭਜ ਜਾਂਦਾ ਹੈ ਡਰਦਾ ਮਾਰਿਆ, ਮਤੇ ਵਾਹਿਗੁਰੂ ਬੇ-ਪ੍ਰਵਾਹ ਦੀ ਮਾਰ ਪਵੇ । ਇਹ ਜਮ ਆਦਿਕ ਸਭ ਵਾਹਿਗੁਰੂ ਦੀ ਹੀ ਰਈਅਤ (ਰਿਆਇਆ) ਹਨ । ਏਸ ਜਮ ਵਿਚਾਰੇ ਦਾ ਉਥੇ ਚਾਰਾ ਕੁਝ ਨਹੀਂ ਚੱਲ ਸਕਦਾ । ਸੋ ਇਹ ਜਮ ਤਾਂ ਵਾਹਿਗੁਰੂ ਬੇ-ਪਰਵਾਹ ਦਾ ਹੁਕਮੀ ਬੰਦਾ ਹੈ । ਹੁਕਮੀ ਹੀ ਕਾਰ ਕਮਾਉਂਦਾ ਅਤੇ ਹੁਕਮ-ਅਨੁਸਾਰੀ ਹੋ ਕੇ ਹੀ ਚਲਦਾ ਹੈ । ਉਸ ਦੇ ਹੁਕਮ ਅੰਦਰ ਹੀ ਸਾਹ ਕਢਦਾ ਹੈ । ਵਾਹਿਗੁਰੂ ਅਤੇ ਵਾਹਿਗੁਰੂ-ਸ਼ਬਦ ਅਭੇਦ ਰੂਪ ਹੀ ਹਨ । ਤਾਂ ਤੇ ਜਿਥੇ ਵਾਹਿਗੁਰੂ ਨਾਮ ਹੈ ਉਥੇ ਵਾਹਿਗੁਰੂ ਭੀ ਹੈ । ਜਮ ਦਾ ਉਥੇ ਕੋਈ ਚਾਰਾ ਨਹੀਂ ਚਲਦਾ, ਜਿਸ ਘਟ ਵਿਖੇ ਵਾਹਿਗੁਰੂ ਨਾਮ ਵਸਦਾ ਹੈ ।

੨੯. ਦਿਸੰਤਰੁ ਭਵੈ ਅੰਤਰੁ ਨਹੀ ਭਾਲੇ ॥ ਮਾਇਆ ਮੋਹਿ ਬਧਾ ਜਮਕਾਲੇ ॥
ਜਮ ਕੀ ਫਾਸੀ ਕਬਹੂ ਨ ਤੂਟੈ ਦੂਜੈ ਭਾਇ ਭਰਮਾਇਦਾ ॥੧੧॥......
ਇਕਿ ਮਾਇਆ ਮੋਹਿ ਗਰਬਿ ਵਿਆਪੇ ॥ ਹਉਮੈ ਹੋਇ ਰਹੇ ਹੈ ਆਪੇ ॥
ਜਮ ਕਾਲੈ ਕੀ ਖਬਰਿ ਨ ਪਾਈ ਅੰਤਿ ਗਇਆ ਪਛੁਤਾਇਦਾ ॥੧੫॥
[ਮਾਰੂ ਮ: ੩, ਪੰਨਾ ੧੦੬੦

੩੦. ਹਉਮੈ ਕਰਦਿਆ ਜਨਮੁ ਗਵਾਇਆ ॥ ਆਗੈ ਮੋਹੁ ਨ ਚੂਕੈ ਮਾਇਆ ॥
ਅਗੈ ਜਮਕਾਲੁ ਲੇਖਾ ਲੇਵੈ ਜਿਉ ਤਿਲ ਘਾਣੀ ਪੀੜਾਇਦਾ ॥੯॥
ਪੂਰੈ ਭਾਗਿ ਗੁਰ ਸੇਵਾ ਹੋਈ ॥ ਨਦਰਿ ਕਰੇ ਤਾ ਸੇਵੇ ਕੋਈ ॥
ਜਮਕਾਲੁ ਤਿਸੁ ਨੇੜਿ ਨ ਆਵੈ ਮਹਲਿ ਸਚੈ ਸੁਖੁ ਪਾਇਦਾ ॥੧੦॥ ..
ਅਗਿਆਨੀ ਅੰਧੇ ਦੂਜੈ ਲਾਗੇ ॥ ਬਿਨੁ ਪਾਣੀ ਡੁਬਿ ਮੂਏ ਅਭਾਗੇ ॥
ਚਲਦਿਆ ਘਰੁ ਦਰੁ ਨਦਰਿ ਨ ਆਵੈ ਜਮ ਦਰਿ ਬਾਧਾ ਦੁਖੁ ਪਾਇਦਾ ॥
੧੩॥ [ਮਾਰੂ ਮ: ੩, ਪੰਨਾ ੧੦੬੩

ਗੁਰੂ ਸੇਵਕਾਂ ਸਿਖਾਂ ਦੇ ਤਾਂ ਜਮ ਨੇੜੇ ਹੀ ਨਹੀਂ ਜਾਵੇਗਾ। ਐਪਰ ਮਨਮੁਖਾਂ ਨੂੰ ਸਜ਼ਾ ਜ਼ਰੂਰ ਦੇਵੇਗਾ। ਐਸੀ ਸਜ਼ਾ ਜਿਵੇਂ ਕਿ ਤਿਲ ਕੋਹਲੂ ਵਿਚ ਘਾਣੀ ਪੀੜੀਦੇ ਹਨ।

੩੧. ਜਾ ਕੀ ਸੋਇ ਸੁਣੀ ਮਨੁ ਜੀਵੈ ॥ ਰਿਦੈ ਵਸੈ ਤਾ ਠੰਢਾ ਥੀਵੈ ॥
ਗੁਰ ਮੁਖਹੁ ਅਲਾਏ ਤਾ ਸੋਭਾ ਪਾਏ ਤਿਸੁ ਜਮੁ ਕੈ ਪੰਥਿ ਨ ਪਾਇਣਾ ॥
੧੧॥ [ਮਾਰੂ ਮ: ੫, ਪੰਨਾ ੧੦੭੮

ਵਾਹਿਗੁਰੂ ਵਾਹਿਗੁਰੂ, ਗੁਰੂ ਗੁਰੂ, ਮੁਖੋਂ ਅਲਾਉਣ ਕਰਕੇ ਜਮ ਦੇ ਪੈਂਡੇ ਨਹੀਂ ਪੈਣਾ ਪੈਂਦਾ।

੩੨. ਜਮਦੂਤੁ ਤਿਸੁ ਨਿਕਟਿ ਨ ਆਵੈ ॥ ਸਾਧ ਸੰਗਿ ਹਰਿ ਕੀਰਤਨੁ ਗਾਵੈ ॥
ਸਗਲ ਮਨੋਰਥ ਤਾ ਕੇ ਪੂਰਨ ਜੋ ਸ੍ਰਵਣੀ ਪ੍ਰਭ ਕਾ ਜਸੁ ਸੁਨਾ ॥੧੫॥
[ਮਾਰੂ ਸੋਲਹੇ ਮ: ੫, ਪੰਨਾ ੧੦੭੯

ਸਤਿਸੰਗ ਵਿਖੇ ਜੁੜ ਕੇ ਹਰਿ ਕੀਰਤਨ ਗਾਵਣਹਾਰਿਆਂ ਦੇ ਜਮ ਨਿਕਟ ਨਹੀਂ ਜਾਂਦਾ।

੩੩. ਸਾਗਰੁ ਕੀਨਾ ਅਤਿ ਤੁਮ ਭਾਰਾ ॥
ਇਕਿ ਖੜੇ ਰਸਾਤਲਿ ਕਰਿ ਮਨਮੁਖ ਗਾਵਾਰਾ ॥
ਇਕਨਾ ਪਾਰਿ ਲੰਘਾਵਹਿ ਆਪੇ ਸਤਿਗੁਰੁ ਜਿਨ ਕਾ ਸਚੁ ਬੇੜਾ ॥੮॥...
ਜਿਸਹਿ ਨਿਵਾਜੇ ਗੁਰਮੁਖਿ ਸਾਜੇ ॥ ਨਾਮੁ ਵਸੈ ਤਿਸੁ ਅਨਹਦ ਵਾਜੇ ॥
ਤਿਸ ਹੀ ਸੁਖੁ ਤਿਸੁ ਹੀ ਠਕੁਰਾਈ ਤਿਸਹਿ ਨ ਆਵੈ ਜਮੁ ਨੇੜਾ ॥੧੪॥
[ਮਾਰੂ ਮ: ੫, ਪੰਨਾ ੧੦੮੧-੮੨

੩੪. ਮਾਇਆ ਵੇਖਿ ਨ ਭੁਲੁ ਤੂ ਮਨਮੁਖ ਮੂਰਖਾ ॥
ਚਲਦਿਆ ਨਾਲਿ ਨ ਚਲਈ ਸਭੁ ਝੂਠੁ ਦਰਬੁ ਲਖਾ ॥
ਅਗਿਆਨੀ ਅੰਧੁ ਨ ਬੂਝਈ ਸਿਰ ਉਪਰਿ ਜਮ ਖੜਗੁ ਕਲਖਾ ॥

ਗੁਰ ਪਰਸਾਦੀ ਉਬਰੇ ਜਿਨ ਹਰਿ ਰਸੁ ਚਖਾ ॥
ਆਪਿ ਕਰਾਏ ਕਰੇ ਆਪਿ ਆਪੇ ਹਰਿ ਰਖਾ ॥੩॥
[ਪਉੜੀ ਵਾਰ ਮਾਰੂ ਮ: ੩, ੧੦੮੭-੮੮

੩੫. ਮਨਮਖ ਕਾਲੁ ਵਿਆਪਦਾ ਮੋਹਿ ਮਾਇਆ ਲਾਗੇ ॥
ਖਿਨ ਮਹਿ ਮਾਰਿ ਪਛਾੜਸੀ ਭਾਇ ਦੂਜੈ ਠਾਗੇ ॥
ਫਿਰਿ ਵੇਲਾ ਹਥਿ ਨ ਆਵਈ ਜਮ ਕਾ ਡੰਡੁ ਲਾਗੇ ॥
ਤਿਨ ਜਮ ਡੰਡੁ ਨ ਲਗਈ ਜੋ ਹਰਿ ਲਿਵ ਜਾਗੇ ॥...੧੨॥
[ਵਾਰ ਮਾਰੂ ਮ: ੩, ਪੰਨਾ ੧੦੯੦

੩੬. ਪੂਰਬ ਪ੍ਰੀਤਿ ਪਿਰਾਣਿ ਲੈ ਮੋਟਉ ਠਾਕੁਰੁ ਮਾਣਿ ॥
ਮਾਥੈ ਊਭੈ ਜਮੁ ਮਾਰਸੀ ਨਾਨਕ ਮੇਲਣ ਨਾਮਿ ॥੩॥ (੧੩)
[ਵਾਰ ਮਾਰੂ ਮ: ੧, ਪੰਨਾ ੧੦੯੦

੩੭. ਹਰਿ ਜਨ ਨੇੜਿ ਨ ਆਵਈ ਜਮ ਕੰਕਰ ਜਮਕਲੈ ॥...੧੫॥
[ਵਾਰ ਮਾਰੂ ਮ: ੩, ਪੰਨਾ ੧੦੯੧

੩੮. ਜਿਸੁ ਮਨਿ ਵਸੈ ਪਾਰਬ੍ਰਹਮੁ ਨਿਕਟਿ ਨ ਆਵੈ ਪੀਰ ॥
ਭੁਖ ਤਿਖ ਤਿਸੁ ਨ ਵਿਆਪਈ ਜਮੁ ਨਹੀ ਆਵੈ ਨੀਰ ॥੩॥(੨੩)
[ਡਖਣੇ ਮਾਰੂ ਵਾਰ ਮ: ੫. ਪੰਨਾ ੧੧੦੨

੩੯. ਜਬ ਜਮੁ ਆਇ ਕੇਸ ਤੇ ਪਕਰੈ
ਤਹ ਹਰਿ ਕੋ ਨਾਮੁ ਛਡਾਵਨ ॥੧॥ਰਹਾਉ॥ (੨॥੬)
[ਮਾਰੂ ਕਬੀਰ ਜੀਉ, ਪੰਨਾ ੧੧੦੪

੪੦. ਜਉ ਜਮੁ ਆਇ ਕੇਸ ਗਹਿ ਪਟਕੈ ਤਾ ਦਿਨ ਕਿਛੁ ਨ ਬਸਾਹਿਗਾ ॥
ਸਿਮਰਨੁ ਭਜਨੁ ਦਇਆ ਨਹੀ ਕੀਨੀ ਤਉ ਮੁਖਿ ਚੋਟਾ ਖਾਹਿਗਾ ॥੨॥
(੩॥੧) [ਕਬੀਰੁ ਮਾਰੂ, ਪੰਨਾ ੧੧੦੬

੪੧. ਦੂਜਾ ਪਹਰੁ ਭਇਆ ਜਾਗੁ ਅਚੇਤੀ ਰਾਮ ॥
ਵਖਰੁ ਰਾਖੁ ਮੁਈਏ ਖਾਜੈ ਖੇਤੀ ਰਾਮ ॥
ਰਾਖਹੁ ਖੇਤੀ ਹਰਿ ਗੁਰ ਹੇਤੀ ਜਾਗਤ ਚੋਰ ਨ ਲਾਗੈ ॥
ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ ਜਮ ਕਾ ਡਰੁ ਭਉ ਭਾਗੈ...੨॥
(੫॥੨॥) [ਤੁਖਾਰੀ ਮ: ੧, ਪੰਨਾ ੧੧੧੦

੪੨. ਏ ਮਨ ਮੇਰਿਆ ਤੂ ਸਮਝੁ ਅਚੇਤ ਇਆਣਿਆ ਰਾਮ ॥
ਏ ਮਨ ਮੇਰਿਆ ਛਡਿ ਅਵਗਣ ਗੁਣੀ ਸਮਾਣਿਆ ਰਾਮ ॥

ਬਹੁ ਸਾਦ ਲੁਭਾਣੇ ਕਿਰਤ ਕਮਾਣੇ ਵਿਛੁੜਿਆ ਨਹੀ ਮੇਲਾ ॥
ਕਿਉ ਦੁਤਰੁ ਤਰੀਐ ਜਮ ਡਰਿ ਮਰੀਐ ਜਮ ਕਾ ਪੰਥੁ ਦੁਹੇਲਾ ॥...੧॥
[ਤੁਖਾਰੀ ਮ: ੧, ਪੰਨਾ ੧੧੧੨

੪੩. ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ
ਤਿਨ ਜਮੁ ਜਾਗਾਤੀ ਨੇੜਿ ਨ ਆਇਆ ॥...੪॥
(੬॥੪॥੧੦) [ਤੁਖਾਰੀ ਮ: ੪, ਪੰਨਾ ੧੧੧੬

੪੪. ਬਿਨੁ ਨਾਵੈ ਮਨਮੁਖ ਜਮਪੁਰਿ ਜਾਹਿ ॥ ਅਉਖੇ ਹੋਵਹਿ ਚੋਟਾ ਖਾਹਿ ॥੩॥
(੪॥੭) [ਭੈਰਉ ਮ: ੩, ਪੰਨਾ ੧੧੨੯

੪੫. ਮਮਤਾ ਕਾਲਿ ਸਭਿ ਰੋਗਿ ਵਿਆਪੇ ਤਿਨ ਜਮ ਕੀ ਹੈ ਸਿਰਿ ਕਾਰਾ ॥
ਗੁਰਮੁਖਿ ਪ੍ਰਾਣੀ ਜਮੁ ਨੇੜਿ ਨ ਆਵੈ ਜਿਨ ਹਰਿ ਰਾਖਿਆ ਉਰਿਧਾਰਾ॥
੨॥ (੪॥੨॥੧੨) [ਭੈਰਉ ਮ: ੩, ਪੰਨਾ ੧੧੩੦

੪੬. ਨਾਮੁ ਲੈਤ ਜਮੁ ਨੇੜਿ ਨ ਆਵੈ ॥
ਨਾਮੁ ਲੈਤ ਦਰਗਹ ਸੁਖੁ ਪਾਵੈ ॥...੩॥
(੪॥੧੨॥੨੫) [ਭੈਰਉ ਮ: ੫, ਪੰਨਾ ੧੧੪੨

੪੭. ਸੰਤ ਮੰਡਲ ਮਹਿ ਜਨਮ ਮਰਣੁ ਰਹੈ ॥
ਸੰਤ ਮੰਡਲ ਮਹਿ ਜਮੁ ਕਿਛੁ ਨ ਕਹੈ ॥...੨॥
(੪॥੨੪॥੩੭) [ਭੈਰਉ ਮ: ੫, ਪੰਨਾ ੧੧੪੬

੪੮. ਸਦਾ ਸਖਾਈ ਹਰਿ ਹਰਿ ਨਾਮੁ ॥
ਜਿਸੁ ਚੀਤਿ ਆਵੈ ਤਿਸੁ ਸਦਾ ਸੁਖੁ ਹੋਵੈ
ਨਿਕਟਿ ਨ ਆਵੈ ਤਾ ਕੈ ਜਾਮੁ ॥੧॥ ਰਹਾਉ॥
(੪॥੨੫॥੩੮) [ਭੈਰਉ ਮ: ੫, ਪੰਨਾ ੧੧੪੬

੪੯. ਜਨਮ ਮਰਣ ਕੀ ਮਿਟੀ ਜਮ ਤ੍ਰਾਸ ॥
ਸਾਧ ਸੰਗਤਿ ਊਂਧ ਕਮਲ ਬਿਗਾਸ ॥੩॥
(੪॥੨੯॥੪੨) [ਭੈਰਉ ਮ: ੫, ਪੰਨਾ ੧੧੪੮

੫੦. ਅਪਨੇ ਸੇਵਕ ਕਉ ਸਦਾ ਪ੍ਰਤਿਪਾਰੈ ॥ ਭਗਤ ਜਨਾ ਕੇ ਸਾਸ ਨਿਹਾਰੈ ॥
ਮਾਨਸ ਕੀ ਕਹੁ ਕੇਤਕ ਬਾਤ ॥ ਜਮ ਤੇ ਰਾਖੈ ਦੇ ਕਰਿ ਹਾਥ ॥੩॥
(੪॥੩੩॥੪੬) [ਭੈਰਉ ਮ: ੫, ਪੰਨਾ ੧੧੪੯

੫੧. ਨਾਮੁ ਲੈਤ ਕਿਛੁ ਬਿਘਨੁ ਨ ਲਾਗੈ ॥
ਨਾਮੁ ਸੁਣਤ ਜਮੁ ਦੂਰਹੁ ਭਾਗੈ ॥...੧॥

 www.sikhbookclub.com

ਹਰਿ ਸਿਮਰਤ ਕਿਛੁ ਚਾਖੁ ਨ ਜੋਹੈ ॥
ਹਰਿ ਸਿਮਰਤ ਦੈਤ ਦੇਉ ਨ ਪੋਹੈ ॥...੨॥
(੪॥੩੬॥੪੯) [ਭੈਰਉ ਮ: ੫, ਪੰਨਾ ੧੧੫੦

੫੨. ਹਰਿ ਕੇ ਲੋਕ ਸਦਾ ਗੁਣ ਗਾਵਹਿ ਤਿਨ ਕਉ ਮਿਲਿਆ ਪੂਰਨ ਧਾਮ ॥
ਜਨ ਕਾ ਦਰਸੁ ਬਾਂਛੈ ਦਿਨ ਰਾਤੀ ਹੋਇ ਪੁਨੀਤ ਧਰਮਰਾਇ ਜਾਮ ॥੧॥
(੨॥੩੯॥੫੨) [ਭੈਰਉ ਮ: ੫, ਪੰਨਾ੧੧੫੧

੫੩. ਸੰਤ ਜਨਾ ਕਉ ਜਮੁ ਜੋਹਿ ਨ ਸਾਕੈ ਰਤੀ ਅੰਚ ਦੂਖ ਨ ਲਾਈ ॥੨॥
(੮॥੨॥੩) [ਭੈਰਉ ਮ: ੩, ਪੰਨਾ ੧੧੫੫

੫੪. ਇਹੁ ਮਨੁ ਛੂਟੈ ਜਾਂ ਸਤਿਗੁਰੁ ਭੇਟੈ ॥
ਜਮਕਾਲ ਕੀ ਫਿਰਿ ਆਵੈ ਨ ਫੇਟੈ ॥੩॥
(੪॥੪॥੧੬) [ਬਸੰਤੁ ਮ: ੩, ਪੰਨਾ ੧੧੭੬-੭੭

੫੫. ਭਗਤਿ ਬਿਹੂਨਾ ਖੰਡ ਖੰਡ ॥ ਬਿਨੁ ਬੂਝੇ ਜਮੁ ਦੇਤ ਡੰਡ ॥੧॥
(੮॥੨) [ਬਸੰਤੁ ਮ: ੫, ਪੰਨਾ ੧੧੯੨

੫੬. ਦੁਲਭ ਦੇਹ ਜਪਿ ਹੋਤ ਪੁਨੀਤਾ ਜਮ ਕੀ ਤ੍ਰਾਸ ਨਿਵਾਰੈ ॥
ਮਹਾ ਪਤਿਤ ਕੇ ਪਾਤਿਕ ਉਤਰਹਿ ਹਰਿਨਾਮਾ ਉਰਿਧਾਰੈ ॥੧॥
(੨॥੪॥੨੩) [ਸਾਰੰਗ ਮ: ੫, ੧੨੦੮-੯

੫੭. ਜਉ ਹੋਇ ਕ੍ਰਿਪਾਲੁ ਦੀਨ ਦੁਖ ਭੰਜਨ ਜਮ ਤੇ ਹੋਵੈ ਧਰਮਰਾਇ ॥੧॥
(੨॥੨॥੨੧) [ਸਾਰੰਗ ਮ: ੫, ਪੰਨਾ ੧੨੦੮

੫੮. ਜਬ ਜਮੁ ਆਇ ਸੰਘਾਰੈ ਪ੍ਰਾਨੀ ਤਬ ਤੁਮਰੋ ਕਉਨੁ ਹਵਾਲ ॥੧॥
(੨॥੬੯॥੯੨) [ਸਾਰੰਗ ਮ: ੫, ੧੨੨੨

੫੯. ਹਰਿ ਕਾ ਸਿਮਰਨੁ ਨਿਮਖ ਨ ਸਿਮਰਿਓ ਜਮ ਕੰਕਰ ਕਰਤ ਖੁਆਰ ॥੧॥
(੨॥੭੮॥੧੦੧) ਸਾਰੰਗ ਮ: ੫, ਪੰਨਾ ੧੨੨੩

੬੦. ਮਹਾ ਬਜਰ ਬਿਖ ਬਿਆਧੀ ਸਿਰਿ ਉਠਾਈ ਪੋਟ ॥
ਉਘਰਿ ਗਈਆਂ ਖਿਨੈ ਭੀਤਰਿ ਜਮਹਿ ਗ੍ਰਾਸੇ ਝੋਟ ॥੧॥
(੨॥੮੧॥੧੦੪) [ਸਾਰੰਗ ਮ: ੫, ਪੰਨਾ ੧੨੨੪

੬੧. ਨਿੰਦਕੁ ਜਮਦੂਤੀ ਆਇ ਸੰਘਾਰਿਓ ਦੇਵਹਿ ਮੂੰਡ ਉਪਰਿ ਮਟਾਕ ॥...
੨॥੮੨॥੧੦੫॥ [ਸਾਰੰਗ ਮ: ੫, ੧੨੨੪

੬੨. ਮਾਈ ਰੀ ਕਾਟੀ ਜਮ ਕੀ ਫਾਸ ॥
ਹਰਿ ਹਰਿ ਜਪਤ ਸਰਬ ਸੁਖ ਪਾਏ ਬੀਚੇ ਗ੍ਰਸਤ ਉਦਾਸ ॥੧॥ਰਹਾਉ॥
(੨॥੧੦੦॥੧੨੩) [ਸਾਰੰਗ ਮ: ੫, ੧੨੨੭-੨੮

੬੩. ਖਾਤ ਪੀਵਤ ਹਸਤ ਸੋਵਤ ਅਉਧ ਬਿਤੀ ਅਸਾਰ ॥
ਨਰਕ ਉਦਰਿ ਭ੍ਰਮੰਤ ਜਲਤੋ ਜਮਹਿ ਕੀਨੀ ਸਾਰ ॥੧॥
(੪॥੧॥੧੨੯) [ਸਾਰੰਗ ਮ: ੫, ਪੰਨਾ ੧੨੨੯

੬੪. ਸਰਬ ਕੁਸਲ ਸੁਖ ਬਿਸ੍ਰਾਮ ॥
ਆਨਦਾ ਆਨੰਦ ਨਾਮ ਜਮ ਕੀ ਕਛੁ ਨਾਹਿ ਤ੍ਰਾਸ ਸਿਮਰਿ ਅੰਤਰਜਾਮੀ ॥
੨॥੫॥੧੩੪॥ [ਸਾਰੰਗ ਮ: ੫, ਪੰਨਾ ੧੨੩੦

੬੫. ਪੁਤ੍ਰ ਕਲਤ੍ਰ ਮੋਹੁ ਹੇਤੁ ਹੈ ਸਭੁ ਦੁਖੁ ਸਬਾਇਆ ॥
ਜਮਦਰਿ ਬਧੇ ਮਾਰੀਅਹਿ ਭਰਮਹਿ ਭਰਮਾਇਆ ॥
ਮਨਮੁਖਿ ਜਨਮੁ ਗਵਾਇਆ ਨਾਨਕ ਹਰਿ ਭਾਇਆ ॥੩॥
[ਸਾਰੰਗ ਕੀ ਵਾਰ ਮ: ੪, ਪੰਨਾ ੧੨੩੮

੬੬. ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ ॥...॥੮॥
[ਸਾਰੰਗ ਕੀ ਵਾਰ ਮ: ੪, ਪੰਨਾ ੧੨੪੦

੬੭. ਸਤਿਗੁਰ ਕੈ ਭਾਣੈ ਜੋ ਚਲੈ ਹਰਿ ਸੇਤੀ ਰਲਿਆ ॥
ਜਮਕਾਲੁ ਜੋਹਿ ਨ ਸਕਈ ਘਟਿ ਚਾਨਣੁ ਬਲਿਆ ॥...॥੨੦॥
ਪੰਨਾ ੧੨੪੫

੬੮. ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥
ਨਾਨਕ ਜਮਪੁਰਿ ਬਧੇ ਮਾਰੀਅਹਿ ਜਿਉ ਸੰਨੀ ਉਪਰਿ ਚੋਰ ॥੧॥(੨੬)
[ਸਲੋਕੁ ਮ: ੩, ਵਾਰ ਸਾਰੰਗ, ਪੰਨਾ ੧੨੪੭

੬੯. ਸਭੁ ਕੋ ਲੇਖੇ ਵਿਚਿ ਹੈ ਮਨਮੁਖੁ ਅਹੰਕਾਰੀ ॥
ਹਰਿ ਨਾਮੁ ਕਦੇ ਨ ਚੇਤਈ ਜਮਕਾਲੁ ਸਿਰਿ ਮਾਰੀ ॥...॥੨੭॥
[ਪੰਨਾ ੧੨੪੭

੭੦. ਆਸ ਕਰੇ ਸਭੁ ਲੋਕੁ ਬਹੁ ਜੀਵਣੁ ਜਾਣਿਆ ॥
ਨਿਤ ਜੀਵਣ ਕਉ ਚਿਤੁ ਗੜ੍ਹ ਮੰਡਪ ਸਵਾਰਿਆ ॥
ਵਲਵੰਚ ਕਰਿ ਉਪਾਵ ਮਾਇਆ ਹਿਰਿ ਆਣਿਆ ॥
ਜਮਕਾਲੁ ਨਿਹਾਲੇ ਸਾਸ ਆਵ ਘਟੈ ਬੇਤਾਲਿਆ ॥
ਨਾਨਕ ਗੁਰ ਸਰਣਾਈ ਉਬਰੇ ਹਰਿ ਗੁਰ ਰਖਵਾਲਿਆ ॥੩੦॥
[ਸਾਰੰਗ ਕੀ ਵਾਰ, ਪੰਨਾ ੧੨੪੮

੭੧. ਪੜਿ ਪੜਿ ਪੰਡਿਤ ਵਾਦੁ ਵਖਾਣਦੇ ਮਾਇਆ ਮੋਹ ਸੁਆਇ ॥
ਦੂਜੈ ਭਾਇ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ ॥

ਜਿਨਿ ਕੀਤੇ ਤਿਸੈ ਨ ਸੇਵਨੀ ਦੇਦਾ ਰਿਜਕੁ ਸਮਾਇ ॥
ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵਹਿ ਜਾਇ ॥...੧॥
[ਸਲੋਕ ਮ: ੩, ਵਾਰ ਸਾਰੰਗ, ਪੰਨਾ ੧੨੪੯

੭੨. ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ ॥੧॥
(੪॥੨॥੭) [ਮਲਾਰ ਮ: ੧, ਪੰਨਾ ੧੨੫੬

੭੩. ਮਨਮੁਖ ਸਦਾ ਵਿਛੁੜੇ ਫਿਰਹਿ ਕੋਇ ਨ ਕਿਸ ਹੀ ਨਾਲਿ ॥
ਹਉਮੈ ਵਡਾ ਰੋਗੁ ਹੈ ਸਿਰਿ ਮਾਰੇ ਜਮਕਾਲਿ ॥੨॥ (੪॥੩)
[ਮਲਾਰ ਮ: ੩, ਪੰਨਾ ੧੨੫੮

੭੪. ਭ੍ਰਮਿ ਭ੍ਰਮਿ ਜੋਨਿ ਮਨਮੁਖ ਭਰਮਾਈ ॥
ਜਮਕਾਲੁ ਮਾਰੇ ਨਿਤ ਪਤਿ ਗਵਾਈ ॥
ਸਤਿਗੁਰ ਸੇਵਾ ਜਮ ਕੀ ਕਾਣਿ ਚੁਕਾਈ ॥...੧॥ (੪॥੨॥੧੧)
[ਮਲਾਰ ਮ: ੩, ਪੰਨਾ ੧੨੬੧

੭੫. ਹਰਿ ਕੇ ਚਰਨ ਅਰਾਧੀਅਹਿ ਗੁਰ ਸਬਦਿ ਰਤਨਾਗਰੁ ॥
ਮਿਲਿ ਸਾਧੂ ਸੰਗਿ ਉਧਾਰੁ ਹੋਇ ਫਾਟੇ ਜਮ ਕਾਗਰੁ ॥...੧੪॥
[ਕਾਨੜੇ ਕੀ ਵਾਰ ਮ: ੪, ਪੰਨਾ ੧੩੧੮

**ਗੁਰਮੁਖਾਂ ਨੂੰ ਜੀਉ ਕਹਿਣ ਦਾ ਫਲ—**

੭੬. ਤੁਧੁ ਸਾਲਾਹਨਿ ਤਿਨ ਧਨੁ ਪਲੈ ਨਾਨਕ ਕਾ ਧਨੁ ਸੋਈ ॥
ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ ॥੪॥੩॥
[ਪ੍ਰਭਾਤੀ ਮ: ੧, ਪੰਨਾ ੧੩੨੮

ਏਥੇ ਤਾਂ ਹੱਦ ਹੀ ਮੁੱਕ ਗਈ। ਨਾਮ-ਧਨ ਦੇ ਵਾਪਾਰੀਆਂ, ਨਾਮ ਸਲਾਹਨਹਾਰ, ਨਾਮ-ਭੰਡਾਰੀਆਂ ਨੂੰ ਜੇ ਕੋਈ 'ਜੀਉ' ਕਹਿ ਕੇ ਭੀ ਬੁਲਾਉਂਦਾ ਹੈ, ਤਿਸੁ ਜੀਉ ਕਹਿਣਹਾਰੇ ਦੇ ਨੇੜੇ ਅੰਤ ਸਮੇਂ ਜਮ ਨਹੀਂ ਆਉਂਦਾ। ਇਹ ਗੱਲ ਪਰਤੱਖ ਪਰਤਿਆਇ ਕੈ ਦੇਖੀ ਹੋਈ ਹੈ। ਹੁਣੇ ਕੋਈ ਪੰਜ ਸੱਤ ਸਾਲ ਹੋਏ, ਅਸਾਡੇ ਪਿੰਡ ਇਕ ਸਾਧਾਰਨ ਜਿਹਾ ਅਨਪੜ੍ਹ ਆਦਮੀ ਜਦੋਂ ਚੜ੍ਹਨ ਲੱਗਾ ਤਾਂ ਬੜਾ ਹੀ ਖੁਸ਼-ਖੁੱਰਮ ਸੀ। ਉਸ ਦੀ ਜ਼ਬਾਨ ਉਤੇ ਹਾਇ ਨਹੀਂ ਆਈ, ਹਸੂੰ ਹਸੂੰ ਕਰਦਾ ਰਿਹਾ। ਨਾ ਉਹ ਕੁਝ ਪੜ੍ਹਿਆ ਸੀ, ਨਾ ਕੁਛ ਗੁਣਿਆ ਸੀ। ਇਕ ਅੱਖਰ ਭੀ ਗੁਰਮੁਖੀ ਦਾ ਨਹੀਂ ਸੀ ਜਾਣਦਾ। ਨਾਮ ਬਾਣੀ ਤੋਂ ਉੱਕਾ ਹੀ ਅਗਿਆਤ ਸੀ।

ਇੰਦਰ ਸਿੰਘ ਉਸ ਦਾ ਨਾਮ ਸੀ। ਛੋਟੇ ਹੁੰਦੇ ਤੋਂ ਹੀ ਮੇਰਾ ਹਮਜੋਲੀ ਰਹਿਆ ਹੈ। ਪਰ ਬਹੁਤਾ ਰਾਇਪੁਰ ਚਿਲਣਾਂ ਦੇ ਗੁਰਦੁਆਰੇ ਗੁਰਮੁਖ ਭਾਈ ਸੱਜਣ ਸਿੰਘ ਪਾਸ ਰਹਿਆ ਕਰਦਾ ਸੀ। ਉਥੇ ਹੱਥੀਂ ਸੇਵ ਕਮਾਂਵਦਾ ਸੀ। ਆਏ-ਗਏ ਦੀ ਆਉ-ਭਗਤ ਬੜੇ ਹੀ ਆਦਰ-ਭਾਉ ਨਾਲ ਕਰਦਾ ਸੀ। ਇਹ ਉਸ ਦਾ ਸੁਭਾਉ ਹੋ ਚੁਕਾ ਸੀ। ਹਰੇਕ ਆਦਮੀ ਨੂੰ, ਖ਼ਾਸ ਕਰ ਗੁਰਸਿਖਾਂ ਨੂੰ 'ਜੀਉ' ਕਹਿ ਕੇ ਹੀ ਬੋਲਦਾ ਸੀ। ਇਹ ਉਸ ਦੀ ਆਦਤ ਹੀ ਪੱਕ ਚੁੱਕੀ ਸੀ। ਫਿੱਕਾ ਬੋਲਣਾ ਤਾਂ ਜਾਣਦਾ ਹੀ ਨਹੀਂ ਸੀ। ਫਿਰਦਾ ਤੁਰਦਾ ਸੇਵ ਕਮਾਂਵਦਾ ਹੀ ਬੀਮਾਰ ਹੋ ਗਿਆ। ਦੋ ਚਾਰ ਦਿਨ ਹੀ ਮੰਜੇ ਤੇ ਪਿਆ। ਗੁਰਮੁਖ ਪਿਆਰੇ ਭਾਈ ਸੱਜਣ ਸਿੰਘ ਨੇ ਤਾਂ ਉਸ ਦੀ ਪੁੰਜ ਕੇ ਸੇਵਾ ਕੀਤੀ। ਭਾਈ ਸਾਹਿਬ ਦਸਦੇ ਹਨ ਕਿ ਇਕ ਵਾਰ ਭੀ ਉਸ ਦੇ ਮੂੰਹੋਂ ਹਾਇ ਨਹੀਂ ਨਿਕਲੀ। ਜਦ ਪੁਛਣਾ, 'ਇੰਦਰ ਸਿੰਘ, ਕੀ ਹਾਲ ਹੈ ?' 'ਬੜਾ ਤਕੜਾ ਹਾਂ', ਉੱਤਰ ਆਉਂਦਾ। ਉਦਾਲੇ ਦੇ ਸਿੰਘਾਂ ਨੂੰ ਜੀਉ ਜੀਉ ਕਰਦਾ ਹੀ ਚਲਾਣਾ ਕਰ ਗਿਆ। ਮਾਸਾ ਦੁੱਖ ਨਹੀਂ ਹੋਇਆ। ਆਤਮ ਕਮਾਈ ਵਾਲੇ ਸਾਡੇ ਭਾਈ ਸੱਜਣ ਸਿੰਘ ਜੀ ਦਸਦੇ ਹਨ (ਜੋ ਹੁਣ ਤਾਈਂ ਮੌਜੂਦ ਹਨ) ਕਿ ਭਾਈ ਇੰਦਰ ਸਿੰਘ ਨੂੰ ਬਸ 'ਜੀਉ' 'ਜੀਉ' ਹੀ ਤਾਰ ਗਿਆ, ਅੰਤ ਕਾਲ ਜਮਾਂ ਦੇ ਭੈ ਦੁਖ ਤੋਂ ਨਿਰਵਾਰ ਗਿਆ।

੭੭. ਸੰਤਾ ਕੀ ਰੇਣੁ ਸਾਧ ਜਨ ਸੰਗਤਿ ਹਰਿ ਕੀਰਤਿ ਤਰੁ ਤਾਰੀ ॥
ਕਹਾ ਕਰੈ ਬਪੁਰਾ ਜਮੁ ਡਰਪੈ ਗੁਰਮੁਖਿ ਰਿਦੈ ਮੁਰਾਰੀ ॥੧॥ (੫॥੧੭)
[ਪ੍ਰਭਾਤੀ ਮ: ੧, ਪੰਨਾ ੧੩੩੨

੭੮. ਨਾਮਿ ਲਾਗੈ ਦੂਖੁ ਭਾਗੈ ਸਰਨਿ ਪਾਲਨ ਜੋਗੁ ॥
ਸਤਿਗੁਰੁ ਭੇਟੈ ਜਮੁ ਨ ਤੇਟੈ ਜਿਸੁ ਧੁਰਿ ਹੋਵੈ ਸੰਜੋਗੁ ॥੨॥(੪॥੧॥੧੩)
[ਪ੍ਰਭਾਤੀ ਮ: ੫, ਪੰਨਾ ੧੩੪੧

੭੯. ਕਬੀਰ ਊਜਲ ਪਹਿਰਹਿ ਕਾਪਰੇ ਪਾਨ ਸੁਪਾਰੀ ਖਾਹਿ ॥
ਏਕਸ ਹਰਿ ਕੇ ਨਾਮ ਬਿਨੁ ਬਾਧੇ ਜਮਪੁਰਿ ਜਾਂਹਿ ॥੩੪॥
[ਸਲੋਕ ਕਬੀਰ ਜੀ, ਪੰਨਾ ੧੩੬੬

੮੦. ਕਬੀਰ ਮੇਰੀ ਬੁਧਿ ਕਉ ਜਮੁ ਨ ਕਰੈ ਤਿਸਕਾਰ ॥
ਜਿਨਿ ਇਹੁ ਜਮੂਆ ਸਿਰਜਿਆ ਸੁ ਜਪਿਆ ਪਰਵਿਦਗਾਰ ॥੧੪੦॥
[ਸਲੋਕ ਕਬੀਰ ਜੀ, ਪੰਨਾ ੧੩੭੧

ਇਸ ਗੁਰਵਾਕ ਤੋਂ ਭੀ ਸਿੱਧ ਹੁੰਦਾ ਹੈ ਕਿ 'ਜਮ' ਕਰਤੇ ਪੁਰਖ ਸਿਰਜਨਹਾਰ ਦਾ ਹੀ ਰਚਿਆ ਹੋਇਆ ਹੈ, ਐਵੇਂ ਫ਼ਰਜ਼ੀ ਹੋਂਦ ਨਹੀਂ।

੮੧. ਕਬੀਰ ਗਹਗਚਿ ਪਰਿਓ ਕੁਟੰਬ ਕੈ ਕਾਂਠੈ ਰਹਿ ਗਇਓ ਰਾਮੁ ॥
ਆਇ ਪਰੇ ਧਰਮਰਾਇ ਕੇ ਬੀਚਹਿ ਧੂੰਮਾ ਧਾਮ ॥੧੪੨॥

'ਧਰਮਰਾਇ ਕੇ' ਤੋਂ ਭਾਵ ਜਮਦੂਤ ਹੈ ।

੮੨. ਕਬੀਰ ਪਾਟਨ ਤੇ ਊਜਰੁ ਭਲਾ ਰਾਮ ਭਗਤ ਜਿਹ ਠਾਇ ॥
ਰਾਮ ਸਨੇਹੀ ਬਾਹਰਾ ਜਮਪੁਰੁ ਮੇਰੇ ਭਾਂਇ ॥੧੫੧॥

੮੩. ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ ॥
ਏਕੁ ਜੁ ਸਾਧੂ ਮੋਹਿ ਮਿਲਿਓ ਤਿਨ੍ਹਿ ਲੀਆ ਅੰਚਲਿ ਲਾਇ ॥੭੮॥
[ਸਲੋਕ ਭਗਤ ਕਬੀਰ ਜੀਉ ਕੇ, ਪੰਨਾ ੧੩੬੮

੮੪. ਫ਼ਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ॥
ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ ॥੪੮॥
[ਸਲੋਕ ਫਰੀਦ ਜੀ, ਪੰਨਾ ੧੩੮੦

ਮਲਿਕ ਤੋਂ ਭਾਵ ਅਜਰਾਈਲ ਫ਼ਰਿਸ਼ਤਾ ਹੈ, ਜੋ ਜਮ ਰੂਪ ਹੋ ਕੇ ਮੌਤ ਸਮੇਂ ਆਉਂਦਾ ਹੈ ।

੮੫. ਫਰੀਦਾ ਭੰਨੀ ਘੜੀ ਸਵੰਨਵੀ ਟੁਟੀ ਨਾਗਰ ਲਜੁ ॥
ਅਜਰਾਈਲੁ ਫਰੇਸਤਾ ਕੈਂ ਘਰਿ ਨਾਠੀ ਅਜੁ ॥੬੮॥

੮੬. ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥
ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨਿ ॥
ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥
ਤਿਨ੍ਹਾ ਪਿਆਰਿਆ ਭਾਈਆਂ ਅਗੈ ਦਿਤਾ ਬੰਨਿ ॥
ਵੇਖਹੁ ਬੰਦਾ ਚਲਿਆ ਚਹੁ ਜਣਿਆ ਦੇ ਕੰਨ੍ਹਿ ॥
ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ॥੧੦੦॥
[ਸਲੋਕ ਸੇਖ ਫਰੀਦ ਕੇ, ਪੰਨਾ ੧੩੮੩

੮੭. ਗੁਰਮਤੀ ਜਮੁ ਜੋਹਿ ਨ ਸਕੈ ਸਚੈ ਨਾਇ ਸਮਾਇਆ ॥...੨੮॥
[ਸਲੋਕ ਮ: ੪, ਪੰਨਾ ੧੪੨੪

ਬਸ, ਏਤਨੇ ਗੁਰ ਪ੍ਰਮਾਣ ਬਥੇਰੇ ਹਨ ਜਮ ਦੀ ਹੋਂਦ ਦੀ ਸਿਧੀ ਲਈ । ਇਨ੍ਹਾਂ ਦੇ ਹੁੰਦਿਆਂ ਅਜੇ ਭੀ ਗੁਰਬਾਣੀ ਮੰਨਣ ਵਾਲਿਆਂ ਸਿੱਖਾਂ ਜਗਿਆਸੂਆਂ ਨੂੰ ਜਮ ਦੀ ਹੋਂਦ ਤੇ ਯਕੀਨ ਨਾ ਆਵੇ ਤਾਂ ਓਹਨਾਂ ਦੇ ਭਾਗ ਹੀ ਮੰਦੇ ਹਨ । ਤਿਨ੍ਹਾਂ ਦੇ ਸਿਰ ਫੇਰਿਆਂ ਜਮ ਨੇ ਟਲ ਨਹੀਂ ਜਾਣਾ । ਜਮ ਦਾ ਠੇਂਗਾ ਜ਼ਰੂਰ

ਸਿਰ ਤੇ ਲਗੇਗਾ, ਜੋ ਫੇਰ ਸਹਿਆ ਨਹੀਂ ਜਾਣਾ । ਭਾਗ ਮਾੜੇ ਏਸ ਕਰਕੇ ਹਨ ਜਮ ਤੋਂ ਮੁਨਕਰ ਹੋਣ ਵਾਲਿਆਂ ਦੇ ਕਿ ਓਹ ਨਿਰਭੈ ਹੋ ਕੇ ਪਾਪ ਕਰਮ ਕਰਨ ਵਿਚ ਪਰਵਿਰਤ ਹੋ ਜਾਂਦੇ ਹਨ, ਨਾਮ ਬਾਣੀ ਦੇ ਰਾਹ ਨਹੀਂ ਜਾਂਦੇ । ਨਾਮ ਬਾਣੀ ਹੀ ਜਮ ਅਤੇ ਜਮ ਦੇ ਭੈ ਤੋਂ ਬਚਾਉਣ ਵਾਲੀ ਹੈ । ਸਾਰਾ ਸੰਸਾਰ ਰੁੜ੍ਹਿਆ ਚਲਿਆ ਜਾ ਰਿਹਾ ਹੈ । ਕਿਸੇ ਦਾ ਡਰ ਨਹੀਂ, ਭੈ ਨਹੀਂ । ਬਾਝੋਂ ਗੁਰੂ ਕਰਤਾਰ ਦੇ ਕਿਸ ਨੇ ਥਾਂਗੀ ਬਣਨਾ ਹੈ ? ਗੁਰੂ ਦੇ ਨਾਮ-ਲੇਵਾ ਸਿੱਖਾਂ ਨੂੰ ਤਾਂ ਗੁਰਬਾਣੀ ਸਤਿ ਸਤਿ ਕਰਕੇ ਮੰਨਣੀ ਚਾਹੀਦੀ ਹੈ । ਜੋ ਨਾ ਮੰਨਣ ਤਾਂ ਓਹਨਾਂ ਦੀ ਅਧੋਗਤੀ ਹੀ ਸਮਝੋ । ਓਹ ਇਸ ਉਪਾਉ ਵਿਚ ਨਹੀਂ ਲਗਦੇ, ਜਿਸ ਤੋਂ ਕਿ ਜਮ ਤੋਂ ਬਚਾਉ ਹੁੰਦਾ ਹੈ ।

ਹੁਣ ਸੰਖੇਪ ਮਾਤ੍ਰ ਅਗਲੇ ਕਾਂਡ ਵਿਚ ਧਰਮਰਾਇ, ਚਿਤਰ ਗੁਪਤ ਆਦਿ ਦਾ ਮਜ਼ਮੂਨ ਲਵਾਂਗੇ, ਜੋ ਗਹੁ ਕਰਕੇ ਵੀਚਾਰਨਾ ਜੀ । ਪੁਸਤਕ ਬਹੁਤ ਭਾਰੀ ਹੋ ਜਾਣ ਦੇ ਭੈ ਕਰਕੇ ਹੁਣ ਬਹੁਤ ਥੋੜਾ ਥੋੜਾ ਹੀ ਹਵਾਲਾ ਦੇਵਾਂਗੇ ।

 www.sikhbookclub.com

# ੧੩

# ਧਰਮਰਾਇ, ਚਿਤਰ ਗੁਪਤ ਤੇ ਆਵਾਗਵਨ

ਰਚਨਹਾਰ ਕਰਤਾਰ ਦੇ ਬਿਸਥਾਰਕ ਗੁਣਾਂ ਵਿਚੋਂ ਨਾ ਵਰਨਣ ਕੀਤੇ ਜਾ ਸਕਣ ਵਾਲੇ ਗੁਣ ਨਾਨਾ ਪ੍ਰਕਾਰ ਦੇ ਹਨ। ਜਿਥੇ ਗੁਰਬਾਣੀ ਦੁਆਰਾ ਖੁਲ੍ਹਮ-ਖੁਲ੍ਹਾ ਇਸ ਭੇਦ ਦਾ ਇਜ਼ਹਾਰ ਹੁੰਦਾ ਹੈ ਕਿ ਕਰਤਾਰ ਦੀ ਰਚਨਾ ਅੰਦਰ ਇਕ ਨਹੀਂ, ਅਨੇਕ ਕੋਟ-ਕੋਟਾਨ ਬਿਸ਼ਨੂੰ ਅਵਤਾਰ ਰਚੇ ਗਏ ਹਨ, ਇਸ ਧਰਤੀ ਵਾਂਗੂ ਕੋਟ-ਕੋਟਾਨ ਬ੍ਰਿਹਿਮੰਡ ਬਣਾਏ ਗਏ ਹਨ, ਕੋਟਿ ਮਹੇਸ਼ ਉਪਾਏ ਗਏ ਹਨ ਅਤੇ ਉਪਾਇ ਕੇ ਸਮਾਏ ਗਏ ਹਨ, ਕੋਟਿ ਬ੍ਰਹਮੇ ਜਗ ਸਾਜਣ ਲਾਏ ਗਏ ਹਨ, ਜਿਸ ਧਣੀ ਗੋਬਿੰਦ ਗੋਪਾਲ ਦੇ ਦੁਆਰੇ ਉਤੇ ਕੋਟਿ ਇੰਦਰ ਖੜੇ ਪਾਣੀ ਭਰਦੇ ਹਨ, ਕੋਟਿ ਸ਼ਿਵ ਸ਼ਕਤੀਆਂ ਜਿਸ ਦੀ ਆਗਿਆਕਾਰ ਹੋ ਕੇ ਵਰਤਦੀਆਂ ਹਨ, ਓਥੇ ਇਹ ਸਚਾਈ ਵੀ ਗੁਰਬਾਣੀ ਵਰਨਣ ਕਰਦੀ ਹੈ ਕਿ "ਧਰਮਰਾਇ ਹੈ ਹਰਿ ਕਾ ਕੀਆ", ਵਾਹਿਗੁਰੂ ਸਿਰਜਨਹਾਰ ਦੀ ਸਿਰਜੀ ਰਚਨਾ ਵਿਚੋਂ ਧਰਮਰਾਇ ਭੀ ਵਾਹਿਗੁਰੂ ਦਾ ਹੀ ਸਿਰਜਿਆ ਹੋਇਆ ਹੈ। ਗੁਰੂ ਨਾਨਕ ਪੰਚਮੇਸ਼ ਦੀ ਅਪਾਰ ਵਿਸ਼ਾਲ ਦਿਬ-ਦ੍ਰਿਸ਼ਟੀ ਹੀ ਕਰਤਾਰ ਦੀ ਇਸ ਅਗਮ ਅਗੋਚਰੀ ਸਿਰਜਨਹਾਰਤਾ ਦੀ ਨਿਜ ਅੱਖੀਂ ਡਿੱਠੀ ਸ਼ਾਹਦੀ ਭਰਦੀ ਹੈ, ਜੈਸੇ ਕਿ ਅਜਿਹੇ ਗੁਰਵਾਕਾਂ ਦੀ ਅਥਾਰਿਟੀ ( authority ) ਤੋਂ ਸਾਬਤ ਹੈ। ਯਥਾ ਗੁਰਵਾਕ—

ਕੋਟਿ ਬਿਸਨ ਕੀਨੇ ਅਵਤਾਰ ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ ॥
ਕੋਟਿ ਮਹੇਸ ਉਪਾਇ ਸਮਾਏ ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ ॥੧॥
ਐਸੋ ਧਣੀ ਗੁਵਿੰਦ ਹਮਾਰਾ ॥
ਬਰਨਿ ਨ ਸਾਕਉ ਗੁਣ ਬਿਸਥਾਰਾ ॥੧॥ਰਹਾਉ॥
ਕੋਟਿ ਮਾਇਆ ਜਾ ਕੈ ਸੇਵਕਾਇ ॥ ਕੋਟਿ ਜੀਅ ਜਾ ਕੀ ਸਿਹਜਾਇ ॥
ਕੋਟਿ ਉਪਾਰਜਨਾ ਤੇਰੈ ਅੰਗਿ ॥ ਕੋਟਿ ਭਗਤ ਬਸਤ ਹਰਿ ਸੰਗਿ ॥੨॥
ਕੋਟਿ ਛਤ੍ਰਪਤਿ ਕਰਤ ਨਮਸਕਾਰ ॥ ਕੋਟਿ ਇੰਦ੍ਰ ਠਾਢੇ ਹੈ ਦੁਆਰ ॥
ਕੋਟਿ ਬੈਕੁੰਠ ਜਾ ਕੀ ਦ੍ਰਿਸਟੀ ਮਾਹਿ ॥
ਕੋਟਿ ਨਾਮ ਜਾ ਕੀ ਕੀਮਤਿ ਨਾਹਿ ॥੩॥

ਕੋਟਿ ਪੂਰੀਅਤ ਹੈ ਜਾ ਕੈ ਨਾਦ ॥ ਕੋਟਿ ਅਖਾਰੇ ਚਲਿਤ ਬਿਸਮਾਦ ॥
ਕੋਟਿ ਸਕਤਿ ਸਿਵ ਆਗਿਆਕਾਰ ॥ ਕੋਟਿ ਜੀਅ ਦੇਵੈ ਆਧਾਰ ॥੪॥
ਕੋਟਿ ਤੀਰਥ ਜਾ ਕੇ ਚਰਨ ਮਝਾਰ॥ ਕੋਟਿ ਪਵਿਤ੍ਰ ਜਪਤ ਨਾਮ ਚਾਰ ॥
ਕੋਟਿ ਪੂਜਾਰੀ ਕਰਤੇ ਪੂਜਾ ॥ ਕੋਟਿ ਬਿਸਥਾਰਨੁ ਅਵਰੁ ਨ ਦੂਜਾ ॥੫॥
ਕੋਟਿ ਮਹਿਮਾ ਜਾ ਕੀ ਨਿਰਮਲ ਹੰਸ ॥
ਕੋਟਿ ਉਸਤਤਿ ਜਾ ਕੀ ਕਰਤ ਬ੍ਰਹਮੰਸ ॥
ਕੋਟਿ ਪਰਲਉ ਓਪਤਿ ਨਿਮਖ ਮਾਹਿ ॥
ਕੋਟਿ ਗੁਣਾ ਤੇਰੇ ਗਣੇ ਨ ਜਾਹਿ ॥੬॥
ਕੋਟਿ ਗਿਆਨੀ ਕਥਹਿ ਗਿਆਨੁ ॥ ਕੋਟਿ ਧਿਆਨੀ ਧਰਤ ਧਿਆਨੁ ॥
ਕੋਟਿ ਤਪੀਸਰ ਤਪ ਹੀ ਕਰਤੇ ॥ ਕੋਟਿ ਮੁਨੀਸਰ ਮੋਨਿ ਮਹਿ ਰਹਤੇ ॥੭॥
ਅਵਿਗਤ ਨਾਥੁ ਅਗੋਚਰ ਸੁਆਮੀ ॥ ਪੂਰਿ ਰਹਿਆ ਘਟ ਅੰਤਰਜਾਮੀ ॥
ਜਤ ਕਤ ਦੇਖਉ ਤੇਰਾ ਵਾਸਾ ॥ ਨਾਨਕ ਕਉ ਗੁਰਿ ਕੀਓ ਪ੍ਰਗਾਸਾ ॥੮॥
੨॥੫॥ [ਭੈਰਉ ਮ: ੫, ਪੰਨਾ ੧੨੫੬-੫੭

ਇਹ ਪਿਛਲੀ ਪੰਗਤੀ ਦਸਦੀ ਹੈ ਕਿ ਉੱਪਰ ਦੱਸੀ ਗੁਪਤ ਖੇਡ ਕਰਤਾਰ ਗੁਰੂ ਦੀ ਅਗੰਮੀ ਦਾਤ ਦੁਆਰਾ ਹੀ ਗੁਰੂ ਪੰਚਮ ਪਾਤਸ਼ਾਹ ਨੂੰ ਗੁਪਤੋਂ ਪ੍ਰਕਾਸ਼ਤ ਹੋਈ ਅਤੇ ਅਦ੍ਰਿਸ਼ਟੋਂ ਦ੍ਰਿਸ਼ਟਮਾਨ ਹੋਈ । ਇਸ ਸਰਬੱਗਤਾ ਦੀ ਬਖ਼ਸ਼ਿਸ਼ ਵਾਲੇ ਵਸੀਅ ਵਿਕਾਸ ਨੂੰ ਭਾਵੇਂ ਅਲਪਗ ਦ੍ਰਿਸ਼ਟੀ ਦੇ ਆਮ ਬੰਦੇ ਨਹੀਂ ਪਹੁੰਚ ਸਕਦੇ, ਪਰ ਗੁਰੂ ਸਾਹਿਬਾਨ ਉਤੇ ਪੂਰਨ ਗੁਰਤੱਤਾ ਤੇ ਸਰਬੱਗਤਾ ਦੇ ਮਾਲਕ ਹੋਣ ਦੀ ਸ਼ਰਧਾ-ਭਾਵਨੀ ਰੱਖਣ ਵਾਲੇ ਗੁਰੂ ਕੇ ਸਿੱਖ, ਉੱਪਰ-ਦਿਤੇ ਗੁਰ-ਪਰਮਾਣ ਦੀ ਸਤਿ ਬਿਸਥਾਰਤਾ ਉਤੇ ਪਰਪੱਕ ਯਕੀਨ ਰਖਦੇ ਹਨ । ਅਤੇ ਕਈ ਗੁਰੂ ਦੇ ਦਿਬਿ-ਦ੍ਰਿਸ਼ਟਿ ਵਰੋਸਾਏ ਹੋਏ ਅਨਿੰਨ ਗੁਰਮੁਖ ਜਨਾਂ ਨੇ ਇਸ ਬਿਸਥਾਰਤਾ ਨੂੰ ਆਪਣੀ ਅੱਖੀਂ ਪਰਤੱਖ ਭੀ ਪੇਖ ਲਿਆ ਹੈ । ਗੁਰਬਾਣੀ ਨੂੰ ਸਤਿ ਸਤਿ ਕਰਿ ਮੰਨਣ ਵਾਲੇ ਸ਼ਰਧਾਵਾਨ ਗੁਰਸਿੱਖਾਂ ਨੂੰ ਸੰਦੇਹ ਕੁਛ ਭੀ ਨਹੀਂ ਰਹਿ ਜਾਂਦਾ, ਜਦੋਂ ਓਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰ ਬਿਸਥਾਰਨੀ ਸਮੁੰਦਰ-ਕੂਜਨੀ ਕੁੰਜੀ ਸ੍ਰੀ ਜਪੁਜੀ ਸਾਹਿਬ ਦਾ ਨਿਤਾਪ੍ਰਤੀ ਨਿਯਮ-ਪ੍ਰਿਮਨੀ ਪਾਠ ਕਰਦੇ ਹੋਏ ਅੰਤਲੇ ਸਲੋਕ ਉਤੇ ਮੱਥਾ ਨਿਵਾਇ ਕੈ ਭੋਗ ਪਾਉਂਦੇ ਹਨ ਅਤੇ ਇਹ ਤੁਕਾਂ ਪੜ੍ਹਦੇ ਹਨ—

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥
[ਸਲੋਕ, ਜਪੁਜੀ ਸਾਹਿਬ, ਪੰਨਾ ੮

ਸਪੱਸ਼ਟ ਭਾਵ ਹੈ ਕਿ ਕਰਤੇ ਦਾ ਥਾਪਿਆ ਹੋਇਆ ਧਰਮਰਾਇ ਸੰਸਾਰੀਆਂ ਦੀਆਂ ਕਰਨੀਆਂ ਕਰਤੂਤਾਂ ਨੂੰ, ਚੰਗਿਆਈਆਂ ਬੁਰਿਆਈਆਂ ਨੂੰ ਆਪਣੀ ਹਜ਼ੂਰੀ ਵਿਚ ਵਾਚਦਾ ਵੀਚਾਰਦਾ ਹੈ, ਜਦੋਂ ਕਿ ਸੰਸਾਰੀ ਪੁਰਸ਼ ਆਪਣੀ ਜੀਵਨ-ਯਾਤਰਾ ਸੰਪੂਰਨ ਕਰ ਕੇ, ਅਗੇ ਚਲ ਕੇ ਧਰਮਰਾਇ ਦੀ ਹਜ਼ੂਰੀ ਵਿਚ ਪੇਸ਼ ਹੁੰਦੇ ਹਨ। ਪਰ ਨਾਮ ਜਪਣਹਾਰੇ, ਨਾਮ ਦੀ ਘਾਲ ਕਮਾਈਆਂ ਕਰਨਹਾਰੇ ਗੁਰਮੁਖ ਧਰਮਰਾਇ ਦੀ ਕਚਹਿਰੀ ਵਿਚ ਪੇਸ਼ ਹੋਣੇ ਹੀ ਨਹੀਂ ਪਾਉਂਦੇ, ਸਗੋਂ ਧਰਮਰਾਇ ਉਨ੍ਹਾਂ ਦਾ ਸਨਮਾਨ ਕਰਦਾ ਹੈ। ਗੁਰਮਤਿ ਤੋਂ ਉਰੇ ਆਨ ਕਰਮ-ਧਰਮੀਆਂ ਦੀਆਂ ਪੇਸ਼ੀਆਂ ਧਰਮਰਾਇ ਦੀ ਹਜ਼ੂਰੀ ਵਿਚ ਹੁੰਦੀਆਂ ਹਨ ਅਤੇ ਅਵਸ਼ਜ ਹੁੰਦੀਆਂ ਹਨ। ਇਸ ਵਿਚ ਰੰਚਕ ਸੰਦੇਹ ਨਹੀਂ। ਜੈਸਾ ਕਿ ਉਪਰਲਾ ਵ੍ਾਕ ਪ੍ਰੂੜ੍ਹਤਾ ਕਰਦਾ ਹੈ। ਇਸ ਗੁਰਵਾਕ ਦੀ ਰੌਸ਼ਨੀ ਵਿਚ ਕੋਈ ਗੁਰਸਿੱਖ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦਾ ਕਿ ਧਰਮਰਾਇ ਦੀ ਹੋਂਦ ਹਸਤੀ ਹੈ।

ਅਕਾਲ ਪੁਰਖ ਦੇ ਹੁਕਮ ਅਨੁਸਾਰ ਹੀ ਗੁਰਮੁਖਾਂ ਨੂੰ ਇਹ ਬਖ਼ਸ਼ੀਸ਼ ਹੁੰਦੀ ਹੈ ਕਿ ਓਹ ਮੁੱਖ ਉਜਲਾ ਲੈ ਕੇ ਸੁਰਖ਼ਰੂਈ ਸਹਿਤ ਸਚਖੰਡੀ ਦਰਬਾਰ ਵਿਚ ਪੈਂਧੇ ਜਾਂਦੇ ਹਨ। ਅਤੇ ਓਨ੍ਹਾਂ ਦੇ ਤੁਫ਼ੈਲ, ਓਨ੍ਹਾਂ ਦੇ ਸਤਿਸੰਗ ਦੇ ਪ੍ਰਭਾਵ ਨਾਲ ਹੋਰ ਕੇਤੀ ਲੁਕਾਈ ਭੀ ਛੁਟਕਾਰਾ ਪਾਉਂਦੀ ਹੈ, ਧਰਮਰਾਇ ਪਾਸ ਲੇਖਾ ਦੇਣੋਂ ਅਤੇ ਆਵਾਗਵਣ ਦੇ ਗੇੜ ਵਿਚ ਪੈਣੋਂ ਬਚ ਜਾਂਦੀ ਹੈ। ਇਸ ਬਖਸ਼ੀਸ਼ ਤੋਂ ਵਾਂਜੇ ਹੋਏ ਸਾਰੇ ਸੰਸਾਰੀ ਜੀਵ ਜਨਮ ਮਰਨ (ਆਵਾਗਉਣ) ਦੇ ਗੇੜ ਵਿਚ ਸਦਾ ਭਵਾਈਦੇ ਹਨ। ਸ੍ਰੀ ਜਪੁਜੀ ਸਾਹਿਬ ਦੀ ਇਹ ਪੰਗਤੀ "ਇਕਿ ਹੁਕਮੀ ਸਦਾ ਭਵਾਈਅਹਿ" ਆਵਾਗਉਣ ਦੇ ਗੁਰਮਤਿ ਅਸੂਲ ਨੂੰ ਹੀ ਪ੍ਰਤਿਪਾਦਨ ਕਰਾਉਂਦੀ ਹੈ।

ਗੁਰ-ਸ਼ਬਦ ਗੁਰਦੀਖਿਆ ਗੁਰਮੰਤ੍ਰ ਗੁਰਮਤਿ ਨਾਮ ਦੀ ਕਮਾਈ ਦੁਆਰਾ ਹੀ ਇਸ ਭਵ-ਸਾਗਰ ਤੋਂ ਤਰ ਕੇ ਪਾਰ ਪਈਦਾ ਹੈ। ਅਤੇ ਆਵਾਗਉਣ ਤੋਂ ਛੁਟਕਾਰਾ ਪਾਇ ਕੇ ਧਰਮਰਾਇ ਤੋਂ ਅਛੂਤ ਜਾਇ ਕੇ ਸਿਧੇ ਗੁਰਪੁਰੀ ਨੂੰ ਸਿਧਾਈਦਾ ਹੈ। ਜਿਨ੍ਹਾਂ ਨੂੰ ਗੁਰਮਤਿ ਨਾਮ ਵਾਹਿਗੁਰੂ ਦੀ ਸੂਝ-ਬੂਝ ਨਹੀਂ ਆਈ, ਤਿਨ੍ਹਾਂ ਨੂੰ ਜਨਮ ਮਰਨ ਆਵਾਗਵਣ ਦੇ ਗੇੜ ਵਿਚ ਜ਼ਰੂਰੀ ਹੀ ਪੈਣਾ ਪੈਂਦਾ ਹੈ। ਯਥਾ ਗੁਰਵਾਕ—

ਮਨ ਰੇ ਸਬਦਿ ਤਰਹੁ ਚਿਤੁ ਲਾਇ ॥

 www.sikhbookclub.com

ਜਿਨਿ ਗੁਰਮੁਖਿ ਨਾਮੁ ਨ ਬੂਝਿਆ ਮਰਿ ਜਨਮੈ ਆਵੈ ਜਾਇ ॥੧॥ਰਹਾਉ॥
(੪॥੧੫॥ [ਸਿਰੀਰਾਗੁ ਮ: ੧, ਪੰਨਾ ੧੯

ਸਿੱਧ ਹੋਇਆ ਕਿ ਨਾਮ-ਹੀਣਿਆਂ ਮਨਮੁਖਾਂ ਨੂੰ ਆਵਾਗਉਣ ਭੁਗਤਣਾ ਹੀ ਪੈਂਦਾ ਹੈ। ਸਤਿਗੁਰਾਂ ਦੇ ਬਣਾਏ ਜਹਾਜ਼ ਬੇੜੇ ਸਚੇ ਬੋਹਿਥੈ ਚੜ੍ਹ ਕੇ ਹੀ ਗੁਰ-ਗਿਆਨ ਵੀਚਾਰ ਦੁਆਰਾ ਹੀ ਇਸ ਭਵ-ਸਾਗਰ ਤੋਂ ਪਾਰ ਪੈ ਸਕੀਦਾ ਹੈ। ਨਹੀਂ ਤਾਂ ਪੂਰਾਂ ਦੇ ਪੂਰ ਹੀ ਹੰਕਾਰ ਭਰੇ ਆਵਾਗਉਣ ਦੇ ਗੇੜ, ਘੁੰਮਣ-ਘੇਰੀ ਵਿਚ ਪੈਂਦੇ ਹਨ। ਅਨੇਕਾਂ ਆਉਂਦੇ ਹਨ, ਜਨਮ ਜੂਨੀਆਂ ਵਿਚ ਪੈਂਦੇ ਹਨ। ਅਨੇਕਾਂ ਹੀ ਮਰ ਮਰ ਕੇ ਜਾਂਦੇ ਹਨ। ਯਥਾ ਗੁਰਵਾਕ—

ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥
ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥...੧॥
(੫॥੧੬) [ਸਿਰੀਰਾਗੁ ਮ: ੧, ਪੰਨਾ ੨੦

ਹੰਕਾਰੀਆਂ ਮਨ-ਮਤਸਰੀਆਂ ਦੇ ਪੂਰਾਂ ਦੇ ਪੂਰ ਭਰੇ ਹੋਏ ਲੱਦੇ ਹੋਏ ਆਵਾ-ਗਵਨੀ ਜਨਮ-ਜੋਨੀਆਂ ਵਿਚ ਪੈਂਦੇ ਰਹਿੰਦੇ ਹਨ। ਅਗਲਾ ਗੁਰਵਾਕ ਇਸ ਆਵਾਗਉਣ ਦੇ ਗੁਰਮਤਿ ਅਸੂਲ ਦਾ ਅਤੇ ਧਰਮਰਾਇ ਦੀ ਹੋਂਦ ਦਾ ਪੱਕਾ ਪ੍ਰੌੜ੍ਹਤਾ-ਮਈ ਸਬੂਤ ਦਿੰਦਾ ਹੈ। ਯਥਾ ਗੁਰਵਾਕ—

ਹਰਿ ਜੀ ਸਚਾ ਸਚੁ ਤੂ ਸਭੁ ਕਿਛੁ ਤੇਰੈ ਚੀਰੈ ॥
ਲਖ ਚਉਰਾਸੀਹ ਤਰਸਦੇ ਫਿਰੇ ਬਿਨੁ ਗੁਰ ਭੇਟੇ ਪੀਰੈ ॥
ਹਰਿ ਜੀਉ ਬਖਸੇ ਬਖਸਿ ਲਏ ਸੂਖ ਸਦਾ ਸਰੀਰੈ ॥
ਗੁਰ ਪਰਸਾਦੀ ਸੇਵ ਕਰੀ ਸਚੁ ਗਹਿਰ ਗੰਭੀਰੈ ॥੧॥
ਮਨ ਮੇਰੇ ਨਾਮਿ ਰਤੇ ਸੁਖੁ ਹੋਇ ॥
ਗੁਰਮਤੀ ਨਾਮੁ ਸਲਾਹੀਐ ਦੂਜਾ ਅਵਰੁ ਨ ਕੋਇ ॥੧॥ਰਹਾਉ॥
ਧਰਮਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥
ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥
ਅਧਿਆਤਮੀ ਹਰਿ ਗੁਣਤਾਸੁ ਮਨਿ ਜਪਹਿ ਏਕੁ ਮੁਰਾਰਿ ॥
ਤਿਨ ਕੀ ਸੇਵਾ ਧਰਮਰਾਇ ਕਰੈ ਧੰਨੁ ਸਵਾਰਣਹਾਰ ॥੨॥
(੪॥੩੦॥੬੩) [ਸਿਰੀਰਾਗੁ ਮ: ੩, ਪੰਨਾ ੩੮-੩੯

ਭਾਵ—ਹੇ ਵਾਹਿਗੁਰੂ! ਤੂੰ ਸਚਾ ਹੈਂ, ਤੂੰ ਹੀ ਸਚੁ ਹੈਂ। ਤੂੰ ਮੁਜੱਸਮ ਸਚੁ ਹੈਂ। ਤੁਧੁ ਬਾਝੋਂ ਹੋਰ ਸਚੁ ਕੋਈ ਨਹੀਂ। ਤੂੰ ਸਚੁ ਸਰੂਪ ਹੈਂ। ਸਭ ਕਿਛ ਅਤੇ ਸਭ ਕੋਈ ਤੇਰੇ ਹੀ ਸਚੇ ਹੁਕਮ ਦੇ ਦਾਇਰੇ ਤੇ ਪ੍ਰਬੰਧ ਅੰਦਰ ਹੈ। ਤੇਂ ਐਸੀ ਸਚ ਹੁਕਮ-ਮਈ

ਬਣਤ ਬਣਾਈ ਹੈ ਕਿ ਤੇਰੇ ਹੁਕਮ ਅਨੁਸਾਰ ਸਚੇ ਸਤਿਗੁਰੂ ਨੂੰ ਭੇਟੇ ਬਾਝੋਂ ਸਭ ਲਖ ਚੁਰਾਸੀ ਮੇਦਨੀ ਲਖ ਚੁਰਾਸੀ ਜੂਨਾਂ ਦੇ ਗੇੜ ਵਿਚ ਹੀ ਭਉਂਦੀ ਫਿਰਦੀ ਹੈ। ਸਤਿਗੁਰੂ ਬਾਝੋਂ ਹੋਰ ਕੋਈ ਗੁਰ ਪੀਰ ਨਹੀਂ, ਜੋ ਇਸ ਚੁਰਾਸੀ ਦੇ ਗੇੜ ਵਿਚੋਂ ਚੁਰਾਸੀ ਦੇ ਜੀਵਾਂ ਨੂੰ ਕਢ ਸਕਦਾ ਹੈ। ਸਤਿਗੁਰੂ ਦੀ ਸ਼ਫ਼ਾਅਤ ਦੁਆਰਾ ਜਿਸ ਨੂੰ ਤੂੰ ਹੇ ਵਾਹਿਗੁਰੂ ! ਬਖ਼ਸ਼ ਲਵੇਂ ਸੋ ਬਖ਼ਸ਼ਿਆ ਜਾ ਸਕਦਾ ਹੈ ਅਤੇ ਓਸੇ ਦੇ ਤਨ ਮਨ ਅੰਦਰ ਹੀ ਸਚਾ ਸੁਖੁ ਸਦਾ ਲਈ ਵਸ ਸਕਦਾ ਹੈ। ਹੇ ਸਚੇ ਗਹਿਰ ਗੰਭੀਰ ਵਾਹਿਗੁਰੂ! ਜੋ ਤੇਰੀ ਸਚੀ ਸੇਵਾ ਭਗਤੀ, ਸਿਮਰਨ-ਮਈ ਸੇਵਾ ਗੁਰਪ੍ਰਸਾਦ ਕਰਿ ਕਰਦਾ ਹੈ ਅਤੇ ਕਰਨ ਵਿਚ ਸਦਾ ਤੱਤਪਰ ਰਹਿੰਦਾ ਹੈ, ਨਾਮ ਵਿਚ ਰਤਿਆਂ, ਸਦਾ ਨਾਮ ਵਿਚ ਰਤੇ ਰਹਿਣ ਕਰਕੇ ਹੀ ਉਸ ਨੂੰ ਸਚਾ ਸੁਖ ਪ੍ਰਾਪਤ ਹੁੰਦਾ ਹੈ। ਗੁਰਮਤਿ ਅਨੁਸਾਰ ਹੀ ਜੋ ਨਾਮੁ ਸਲਾਹੁੰਦੇ ਧਿਆਉਂਦੇ ਹਨ ਅਤੇ ਦੂਜੇ ਹੋਰ ਪਾਸੇ ਚਿਤ ਨਹੀਂ ਲਾਉਂਦੇ, ਸੋਈ ਬਖ਼ਸ਼ੇ ਜਾਂਦੇ ਹਨ ਅਤੇ ਸਚੀ ਦਰਗਹ ਪਰਵਾਨ ਪੈਂਦੇ ਹਨ। ਧਰਮਰਾਇ ਨੂੰ ਵਾਹਿਗੁਰੂ ਦਾ ਸਦਾ ਹੁਕਮੁ ਹੈ ਕਿ ਸਚਾ ਧਰਮ ਨਿਆਉਂ ਵਿਚਾਰੇ ਤੇ ਸਚ ਨਿਬੇੜਾ ਕਰੇ। ਦੂਜੇ ਭਾਇ ਦੇ ਗ੍ਰਸੇ ਹੋਏ ਦੁਸ਼ਟ-ਆਤਮੀ ਜੀਵ ਹੀ ਧਰਮਰਾਇ ਦੇ ਵਸਿ ਪੈਂਦੇ ਹਨ। ਇਹ ਸਭ ਧਰਮਰਾਇ ਦੀ ਰਈਅਤ ਹਨ। ਵਾਹਿਗੁਰੂ ਗੁਣਤਾਸ ਨੂੰ ਹਰ ਦੰਮ ਹਿਰਦੇ ਅੰਦਰ ਰਖਣ ਵਾਲੇ ਅਧਿਆਤਮੀ (ਪਰਮਾਤਮਾ ਨਾਲ ਜੁੜੀ ਹੋਈ ਆਤਮਾ ਵਾਲੇ) ਪੁਰਸ਼, ਇਹ ਸਭ ਨਿਰੰਕਾਰੀ ਦਰਗਾਹ ਦੇ ਸੀਗੇ ਵਿਚ ਹੀ ਹਨ। ਏਥੇ ਏਹਨਾਂ ਏਕ ਮੁਰਾਰਿ ਨਿਰੰਕਾਰ ਦੇ ਜਪਣਹਾਰਿਆਂ ਤਾਈਂ ਧਰਮਰਾਇ ਦੀ ਪਹੁੰਚ ਨਹੀਂ, ਸਗੋਂ ਤਿਨ੍ਹਾਂ ਵਾਹਿਗੁਰੂ ਦੇ ਧੰਨ ਸੰਵਾਰਨਹਾਰਿਆਂ ਦੀ ਧਰਮਰਾਇ ਸੇਵਾ ਕਰਦਾ ਹੈ। ਓਹਨਾਂ ਵਲ ਕੈਰੀ ਨਿਗਾਹ ਤਾਂ ਕੀ ਝਾਕ ਸਕਣਾ ਸੀ ਧਰਮਰਾਇ ਨੇ, ਉਲਟਾ ਹੁਕਮੀ ਬੰਦਾ ਸੇਵਾਦਾਰ ਰਹਿੰਦਾ ਹੈ। ਇਹ ਸਭ ਕੁਛ ਕਰਤਾਰ ਦੇ ਹੁਕਮ ਅਨੁਸਾਰ ਹੀ ਹੈ। ਕਰਤਾਰ ਦਾ ਸਾਜਿਆ ਹੋਇਆ ਹੀ ਧਰਮਰਾਇ ਹੈ। ਉਸ ਕਰਤਾਰ ਦੇ ਹੁਕਮਾਂ ਅਨੁਸਾਰ ਕਾਰ ਕਮਾਵੰਦਾ ਹੈ।

ਨਿਰੰਕਾਰ ਕਰਤਾਰ ਦੇ ਹੁਕਮ ਅੰਦਰ ਆਵਾਗਉਣ ਬਣਿਆ ਹੈ ਅਤੇ ਹੁਕਮ ਅੰਦਰ ਹੀ ਜੀਵਾਂ ਨੂੰ ਆਵਾਗਉਣ ਭੁਗਤਣਾ ਬਣਦਾ ਹੈ। ਯਥਾ ਗੁਰਵਾਕ—

ਇਕਨਾ ਮਨਮੁਖਿ ਸਬਦੁ ਨ ਭਾਵੈ ਬੰਧਨਿ ਬੰਧਿ ਭਵਾਇਆ ॥
ਲਖ ਚਉਰਾਸੀਹ ਫਿਰਿ ਫਿਰਿ ਆਵੈ ਬਿਰਥਾ ਜਨਮੁ ਗਵਾਇਆ ॥੪॥
(੮॥੭॥੨੪) [ਸਿਰੀਰਾਗੁ ਮ: ੩, ਪੰਨਾ ੬੯

ਭਾਵ—ਅਨੇਕਾਂ ਐਸੇ ਮਨਮੁਖ ਸਾਕਤ ਪੁਰਸ਼ ਹਨ, ਜਿਨ੍ਹਾਂ ਨੂੰ ਗੁਰ-ਸ਼ਬਦ

 www.sikhbookclub.com

ਨਹੀਂ ਭਾਉਂਦਾ। ਗੁਰਮੰਤ੍ਰ ਗੁਰ ਦੀਖਿਆ ਲੈਣ ਵਲ ਤਿਨ੍ਹਾਂ ਮਨਮੁਖਾਂ ਦੀ ਰੁਚੀ ਹੀ ਨਹੀਂ ਆਉਂਦੀ। ਆਪਣੀ ਮਨ-ਮਤਸਰੀ ਹਉਮੈ ਦੇ ਹੀ ਮੱਤੇ ਰਹਿੰਦੇ ਹਨ। ਹਉਮੈ ਬੰਧਨ ਦੇ ਪੇਖੜ ਐਸੇ ਪੈਂਦੇ ਹਨ ਕਿ ਸਾਰੀ ਉਮਰ ਏਸੇ ਆਕੜ ਵਿਚ ਗੁਜ਼ਾਰ ਲੈਂਦੇ ਹਨ, ਬਿਰਥਾ ਜਨਮ ਗਵਾ ਲੈਂਦੇ ਹਨ, ਮਾਨੁਖਾ ਜਨਮ ਅਜਾਈਂ ਹੀ ਗੰਵਾ ਲੈਂਦੇ ਹਨ, ਬੰਧਨ ਬੰਧ ਭਵਾਏ ਹੋਏ ਲਖ ਚੁਰਾਸੀ ਜੂਨਾਂ ਵਿਚ ਜਾ ਪੈਂਦੇ ਹਨ ਅਤੇ ਮੁੜ ਮੁੜ ਆਵਾਗਵਨ ਦਾ ਗੇੜ ਸਹਿੰਦੇ ਹਨ।

ਅਗਲਾ ਗੁਰਵਾਕ ਖ਼ਾਸ ਤੌਰ ਤੇ ਨਿਰਣੇ ਕਰਾਉਂਦਾ ਹੈ ਕਿ ਦੁਨੀਆ ਦੇ ਬੜੇ ਬੜੇ ਵੱਡੀਆਂ ਕਰਤੂਤਾਂ ਵਾਲਿਆਂ ਨੂੰ ਕਿਸ ਕਿਸ ਖ਼ਾਸ ਜੂਨੀ ਵਿਚ ਅਵੱਸ਼ ਪੈਣਾ ਪੈਂਦਾ ਹੈ। ਦੇਖੋ ਇਹ ਗੁਰਵਾਕ—

ਰਾਜ ਮਿਲਕ ਸਿਕਦਾਰੀਆ ਰਸ ਭੋਗਣ ਬਿਸਥਾਰ ॥
ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ ॥
ਰੰਗ ਤਮਾਸੇ ਬਹੁ ਬਿਧੀ ਚਾਇ ਲਗਿ ਰਹਿਆ ॥
ਚਿਤਿ ਨ ਆਇਓ ਪਾਰਬ੍ਰਹਮੁ ਤਾ ਸਰਪ ਕੀ ਜੂਨਿ ਗਇਆ ॥੬॥
(੮॥੨॥੨੭) [ਸਿਰੀ ਰਾਗੁ ਮ: ੫, ਪੰਨਾ ੭੦

ਭਾਵ—ਇਹ ਭੁੱਲਿਆ ਹੋਇਆ ਮਨਮੁਖੀ ਜੀਵ ਪਰਮਾਰਥ ਤੋਂ ਘੁਥਿਆ ਹੋਇਆ, ਰਾਜ ਮਿਲਕ ਸਿਕਦਾਰੀਆਂ ਦੇ ਨਾਨਾ ਪ੍ਰਕਾਰੀ ਬਿਸਥਾਰ ਰੂਪ ਰਸ ਭੋਗਣ ਵਿਚ ਹੀ ਸਦਾ ਖੱਚਤ ਰਹਿੰਦਾ ਹੈ। ਉਸ ਨੂੰ ਕਈ ਮਦ (ਨਸ਼ੇ) ਚੜ੍ਹੇ ਰਹਿੰਦੇ ਹਨ, ਜੋ ਕਦੇ ਉਤਰਦੇ ਹੀ ਨਹੀਂ। ਕਦੇ ਬਾਗ ਸੁਹਾਵੇ ਸੋਹਣੇ ਦੇਖਿ ਦੇਖਿ ਫੁਲਦਾ ਹੈ, ਕਦੇ ਰਾਜ-ਮਦ ਦੇ ਹੁਕਮ ਤੇ ਭੂਲਦਾ ਹੈ। ਏਹਨਾਂ ਰਾਜ-ਮਦੀ ਹੁਕਮਾਂ ਦੇ ਐਸੇ ਅਫਰੇਵੇਂ ਉਸ ਨੂੰ ਹੁੰਦੇ ਹਨ ਕਿ ਕਿਸੇ ਨੂੰ ਨਜ਼ਰ ਤਲੇ ਹੀ ਨਹੀਂ ਲਿਆਉਂਦਾ। ਕਦੇ ਬਹੁ ਬਿਧੀ ਰੰਗ ਤਮਾਸ਼ਿਆਂ ਦੇ ਚੰਚਲ ਚਾਵਾਂ ਵਿਚ ਲਗਿਆ ਰਹਿੰਦਾ ਹੈ। ਇਕ ਖਿਨ ਭੀ ਪਾਰਬ੍ਰਹਮ ਪਰਮੇਸ਼ਰ ਨੂੰ ਚੇਤੇ ਨਹੀਂ ਕਰਦਾ, ਚਿਤ ਵਿਚ ਹੀ ਨਹੀਂ ਲਿਆਉਂਦਾ। ਇਹ ਰੰਗ ਤਮਾਸ਼ਿਆਂ ਦੇ ਚੰਚਲ ਚਾਉ ਅਤੇ ਰਾਜ ਮਦ ਦੇ ਹੁਕਮ ਅਫਰਾਉ, ਅਤੇ ਮਾਇਆ ਦੀਆਂ ਮਿਲਖਾਂ ਅਤੇ ਸਰਦਾਰੀਆਂ ਦੇ ਰਸ ਭੋਗਣ ਬਿਸਥਾਰ, ਅਤੇ ਬਾਗ ਸੁਹਾਵੇ ਸੋਹਣਿਆਂ ਦੇ ਕੂੜਾਵੇ ਚਾਉ ਮਲ੍ਹਾਰ, ਉਸ ਦੀ ਚੰਚਲ ਬਿਰਤੀ ਨੂੰ ਪਰਮਾਰਥ ਦੇ ਪਾਸੇ ਆਉਣ ਹੀ ਨਹੀਂ ਦਿੰਦੇ। ਪਾਰਬ੍ਰਹਮ ਕਿਵੇਂ ਚੇਤੇ ਆਵੇ? ਐਸਾ ਪ੍ਰਾਣੀ, ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਸੱਪ ਦੀ ਜੂਨੀ ਵਿਚ ਪੈਂਦਾ ਹੈ। ਓਹ! ਕੈਸੀ ਤਰਸਜੋਗ ਅਤੇ ਤ੍ਰਾਸਮਈ ਦਸ਼ਾ ਹੈ ਐਸੇ ਪ੍ਰਾਣੀਆਂ ਦੀ। ਇਕ ਨਹੀਂ, ਅਨੇਕਾ ਪ੍ਰੂਗਾਂ ਦੇ

ਪੂਰ ਏਹਨਾਂ ਵਹਿਣਾਂ ਵਿਚ ਰੁੜ੍ਹੇ ਰਹਿੰਦੇ ਹਨ ਅਤੇ ਰੁੜੇ ਹੀ ਰੁੜ੍ਹੇ ਜਾਂਦੇ ਹਨ। ਸੱਪ੍ਰ ਦੀਆਂ ਜੂਨੀਆਂ ਵਿਚ ਪੈਂਦੇ ਹਨ, ਇਹ ਸਾਰੇ ਉਪਰ ਦਸੇ ਐਬਾਂ ਵਾਲੇ ਸੱਪਾਂ ਦੀ ਜੂਨੀ ਵਿਚ ਪੈਂਦੇ ਹਨ ਅਤੇ ਚਿਰੰਕਾਲ ਇਹ ਜੂਨੀ ਭੁਗਤਦੇ ਹਨ।

ਸੱਪ ਦੀ ਜੂਨੀ ਬੇਸ਼ੁਮਾਰ ਇਸੇ ਕਰਕੇ ਹੈ ਕਿ ਇਸ ਦਿਸਦੀ ਦੁਨੀਆ ਵਿਚ ਬੇਸ਼ੁਮਾਰ ਗਿਣਤੀ ਓਹਨਾਂ ਮਨਮੁਖਾਂ ਦੀ ਹੈ, ਜਿਹੜੇ ਉੱਪਰ ਦੱਸੇ ਕੁਕਰਮਾਂ ਐਸ਼ ਇਸ਼ਰਤਾਂ ਵਿਚ ਹੀ ਬਹੁਤ ਪਰਵਿਰਤ ਨਕਾ-ਨੱਕ ਖੱਚਤ ਰਹਿੰਦੇ ਹਨ। ਪਰ ਯਾਦ ਰਹੇ, ਬਲਕਿ ਨਿਸਚਤ ਰਹੇ ਕਿ ਇਹ ਸਾਰੇ ਰਾਜ ਮਿਲਕ ਸਿਕਦਾਰੀਆਂ ਦੇ ਨਾਨਾ ਪ੍ਰਕਾਰੀ ਬਹੁ-ਬਿਸਥਾਰੀ ਰਸ ਭੋਗਣਹਾਰੇ ਅਤੇ ਬਾਗ ਸੁਹਾਵੇ ਸੋਹਣਿਆਂ ਦੇ ਮਾਣ ਕਰਨਹਾਰੇ ਅਤੇ ਨਿਸਦਿਨ ਏਸੇ ਮਾਣ ਵਿਚ ਰਤੇ ਰਹਿਣ ਵਾਲੇ ਕੂੜਾਵੇ ਹੁਕਮ ਕਰਿ ਕਰਿ ਬਫਾਵਣਹਾਰੇ ਅਤੇ ਨਿਕੰਮੇ ਥੀਏਟਰ ਆਦਿ ਰੰਗ ਤਮਾਸ਼ਿਆਂ ਦੇ ਦੇਖਣਹਾਰੇ, ਦਿਖਾਉਣਹਾਰੇ ਚੰਚਲ ਚਾਵਾਂ ਦੇ ਕ੍ਰੋੜਾਂ ਲੱਖਾਂ ਅੱਜ ਕਲ ਦੀ ਰਵਸ਼ ਦੇ ਐਸ਼-ਇਸ਼ਰਤੀ ਮਰੀਜ਼ ਸਭ ਸੱਪਾਂ ਦੀਆਂ ਜੂਨੀਆਂ ਵਿਚ ਹੀ ਪੈਣਗੇ। ਚੰਦ ਦਿਨਾਂ ਦੀਆਂ ਕੂੜਾਵੀਆਂ ਮੌਜਾਂ ਮਾਣ ਲੈਣ, ਅੰਤ ਓਹਨਾਂ ਦਾ ਬਹੁਤ ਹੀ ਬੁਰਾ ਹੋਵੇਗਾ। ਏਦੂੰ ਬੁਰਾ ਹੋਰ ਕੀ ਹੋ ਸਕਦਾ ਹੈ ਕਿ ਸੱਪ ਜਿਹੀ ਚੰਦਰੀ ਜੂਨੀ ਓਹਨਾਂ ਨੂੰ ਮਿਲੇਗੀ, ਜਿਸ ਵਿਚ ਖੀਨ ਖਰਾਬ ਹੁੰਦੇ ਚਿਰ ਤਕ ਬੱਧੇ ਦੁਖ ਸਹਿਣਗੇ। ਅੰਤ ਨੂੰ ਰਸਾਤਲ ਜਾ ਪੈਣਗੇ, ਛੁਟਕਾਰਾ ਫੇਰ ਭੀ ਨਹੀਂ। ਨਰਕ ਰਸਾਤਲੀਂ ਹੀ ਜਾਣਾ ਹੋਵੇਗਾ। ਜੈਸਾ ਕਿ ਅਗਲਾ ਗੁਰਵਾਕ ਦਸਦਾ ਹੈ—

ਬਹੁਤੁ ਧਨਾਢਿ ਅਚਾਰਵੰਤੁ ਸੋਭਾ ਨਿਰਮਲ ਰੀਤਿ ॥
ਮਾਤ ਪਿਤਾ ਸੁਤ ਭਾਈਆ ਸਾਜਨ ਸੰਗਿ ਪਰੀਤਿ ॥
ਲਸਕਰ ਤਰਕਸਬੰਦ ਬੰਦ ਜੀਉ ਜੀਉ ਸਗਲੀ ਕੀਤ ॥
ਚਿਤਿ ਨ ਆਇਓ ਪਾਰਬ੍ਰਹਮੁ ਤਾ ਖੜਿ ਰਸਾਤਲਿ ਦੀਤ ॥੭॥
[ਸਿਰੀਰਾਗੁ ਮ: ੫, ਪੰਨਾ ੭੦-੭੧

ਓਹੋ! ਕੈਸੀ ਭਿਆਨਕ ਦਸ਼ਾ ਹੈ ਕਿ ਇਸ ਲੋਕ ਵਿਚ ਬਹੁਤੇ ਧਨਾਢ ਅਤੇ ਅਚਾਰਵੰਤ, ਸੋਭਾਵੰਤ ਅਤੇ ਵਧ ਵਧ ਕੇ ਨਿਰਮਲ ਰੀਤੀਆਂ ਕਰਨ ਵਾਲਿਆਂ ਨੂੰ ਅਗੇ ਜਾ ਕੇ ਫੜ ਖੜ ਕੇ ਰਸਾਤਲੀਂ ਹੀ ਪਾਇਆ ਘਤਿਆ ਜਾਏਗਾ। ਜਿਨ੍ਹਾਂ ਨੂੰ ਪਾਰਬ੍ਰਹਮ ਕਦੇ ਚਿਤ ਨਹੀਂ ਆਇਆ, ਓਹਨਾਂ ਦੇ ਧਨਾਢਪੁਣੇ ਨੇ ਕੱਖ ਭੀ ਸਹਾਇਤਾ ਨਹੀਂ ਕਰਨੀ। ਓਹਨਾਂ ਦੇ ਅਚਾਰਵੰਤ ਹੋਣ ਦਾ ਰਾਈ ਮਾਤ੍ਰ ਭੀ ਸੁਬੇਹਤਾ ਨਹੀਂ ਹੋਵੇਗਾ। ਓਥੇ ਅਗੇ ਚੱਲ ਕੇ ਓਹਨਾਂ ਦੀਆਂ ਸੰਸਾਰੀ ਸੋਭਾ ਖੱਟਣ ਖ਼ਾਤਰ ਉੱਚੀਆਂ ਕਰਨੀਆਂ ਕਰਤੂਤਾਂ ਕੀਤੀਆਂ ਕਿਸੇ ਭੀ ਕੰਮ ਨਹੀਂ ਆਉਣੀਆਂ।

ਕਿਸੇ ਭੀ ਸੰਸਾਰਕ ਸਬੰਧੀਆਂ ਰਿਸ਼ਤੇਦਾਰਾਂ ਤੇ ਕੁਟੰਬੀਆਂ ਨੇ ਓਨ੍ਹਾਂ ਦਾ ਕੁਛ ਭੀ ਨਹੀਂ ਸਾਰਨਾ, ਜਿਨ੍ਹਾਂ ਦੀ ਖ਼ਾਤਰ ਸਾਰੀ ਉਮਰ ਖਪਿ ਖਪਿ ਮਰਨ ਵਿਚ ਹੀ ਓਹਨਾਂ ਦੀ ਵਿਹਾਈ। ਓਹਨਾਂ ਦੇ ਲਸ਼ਕਰਾਂ, ਤਰੱਕਸ਼ਾਂ, ਅਨਿਕ ਪ੍ਰਕਾਰੀ ਹਥਿਆਰਾਂ ਨੇ ਭੀ ਉਹਨਾਂ ਦੀ ਰੰਚਕ ਭਰ ਇਮਦਾਦ ਨਹੀਂ ਕਰਨੀ, ਜਿਨ੍ਹਾਂ ਉਤੇ ਐਡਾ ਮਾਣ ਕਰੀ ਫਿਰਦੇ ਰਹੇ ਸਨ। ਨਾ ਹੀ ਜੀਉ ਜੀਉ ਕਰਿ ਬੋਲਣ ਵਾਲੇ ਖ਼ੁਸ਼ਾਮਦੀਆਂ ਨੇ ਕਿਸੇ ਕੰਮ ਆਉਣਾ ਹੈ। ਰਸਾਤਲ-ਗ੍ਰਸਿਆਂ ਨੂੰ ਕਿਸੇ ਨੇ ਨਹੀਂ ਛੁਡਾਉਣਾ। ਛੁਡਾਉਣਹਾਰਾ ਇਕ ਪਾਰਬ੍ਰਹਮ ਦਾ ਨਾਉਂ ਹੀ ਹੈ, ਸੋ ਕਦੇ ਚਿਤਿ ਨਹੀਂ ਆਇਆ। ਹੁਣ ਕੌਣ ਛੁਡਾਵੇ ਜਦੋਂ ਸਿਰ ਤੇ ਆ ਬਣਨਗੀਆਂ ? ਆ ਬਣਨਗੀਆਂ ਜ਼ਰੂਰ, ਇਹ ਰਸਾਤਲੀ ਸਜ਼ਾਵਾਂ ਜ਼ਰੂਰ ਭੁਗਤਣੀਆਂ ਬਣਨਗੀਆਂ।

ਅਜਿਹੇ ਉਪਰਲੇ ਗੁਰਵਾਕ ਪੜ੍ਹ ਸੁਣ ਕੇ ਕੁਛ ਭੀ ਗੁਮੇਹ ਨਾ ਕਰਨ ਵਾਲਿਆਂ ਦਾ ਇਹੋ ਹਾਲ ਹੋਊ। ਇਸ ਦਿਸਦੀ ਦੁਨੀਆ ਦੀਆਂ ਮਿੱਠੀਆਂ ਐਸ਼-ਇਸ਼ਰਤੀ ਲੋਰੀਆਂ ਦੇ ਭਰਮ-ਭੁਲਾਵਿਆਂ ਵਿਚ ਨਿਘਰਤ ਹੋਇਆਂ ਦੀ ਏਥੇ ਤਾਂ ਅੱਖ ਨਹੀਂ ਉਘੜੀ ਅਤੇ ਅਗਲੀ ਗੱਲ ਨਹੀਂ ਸੁਝੀ, ਪਰ ਓਦੋਂ ਹੀ ਕੰਨ ਖੁਲ੍ਹਣਗੇ, ਜਦ ਸਿਰ ਤੇ ਆ ਬਣੂ। ਫੇਰ ਕੀ ਬਣਨਾ ਹੈ ? ਅਉਸਰ ਖੁੰਝਿਆਂ ਲੱਖ ਚੁਰਾਸੀ ਜੂਨਾਂ ਦੇ ਫੇਰੇ ਵਿਚ ਪਇਆਂ ਖ਼ਬਰੇ ਕਦੋਂ ਮਨੁਖਾ ਜਨਮ ਮਿਲਣਾ ਹੈ ? ਜੰਮਣ ਮਰਣਾ ਕਦੇ ਮੁਕਣਾ ਹੀ ਨਹੀਂ, ਜੈਸਾ ਕਿ ਅਗਲਾ ਗੁਰਵਾਕ ਦਸਦਾ ਹੈ। ਯਥਾ—

ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥
ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥...੧॥(੧੪)
[ਸਿਰੀਰਾਗ ਕੀ ਵਾਰ, ਸਲੋਕ ਮ: ੩, ਪੰਨਾ ੮੮

ਭਾਵ—ਜਿਨ੍ਹਾਂ ਨੇ ਮਨੁੱਖਾ-ਜਨਮ ਪਾਇਕੇ ਸਤਿਗੁਰੂ ਦੀ ਦੀਖਿਆ ਨਹੀਂ ਲਈ, ਗੁਰਸਿਖੀ ਧਾਰਨ ਨਹੀਂ ਕੀਤੀ, ਸ਼ਬਦ-ਕਮਾਈ ਰੂਪੀ ਸੇਵਾ ਭਗਤੀ ਵਾਲੀ ਸੁਮੱਤ ਨਹੀਂ ਲੀਤੀ, ਓਹ ਸਾਰੀ ਉਮਰ ਅਗਿਆਨੀ ਅੰਧਲੇ ਹੀ ਰਹੇ। ਤਿਨ੍ਹਾਂ ਦੀ ਸਾਰੀ ਅਵਰਦਾ ਅਗਿਆਨ ਵਿਚ ਹੀ ਵਿਹਾਈ। ਕਿਉਂਕਿ ਨਾਮ ਅਭਿਆਸ ਕਮਾਈ ਮਈ ਸ਼ਬਦ ਰਸ ਵੀਚਾਰ ਬਾਝੋਂ ਅੰਤਰ ਆਤਮੇ ਗਿਆਨ (ਸੱਚਾ ਗੁਰਮਤਿ ਗਿਆਨ) ਨਹੀਂ ਉਪਜਦਾ। ਬਸ ਇਸ ਗਿਆਨ, ਸੱਚੜੇ ਗੁਰਮਤਿ ਗਿਆਨ ਬਾਝੋਂ ਸਾਰਾ ਸੰਸਾਰ ਮਿਰਤਕ ਹੀ ਹੈ, ਐਵੇਂ ਮੁਰਦਾ ਲੋਥ ਹੀ ਹੈ। ਤਾਂ ਤੇ ਗੁਰ-ਗਿਆਨ ਵਿਹੂਣੇ ਨਿਗੁਰੇ ਮਿਰਤਕ ਸੰਸਾਰ ਨੂੰ ਚਉਰਾਸੀਹ ਲੱਖ ਜੂਨਾਂ ਦੇ

 www.sikhbookclub.com

ਫੇਰ ਵਿਚ ਅਵੱਸ਼ ਫਸਣਾ ਪਵੇਗਾ। ਮੁੜ ਮੁੜ ਮਰ ਮਰ ਜੰਮ ਜੰਮ ਕੇ ਖੁਆਰ ਹੋਣਾ ਪਊ। ਜੁਗਾਂ ਬੱਧੀ ਖੁਆਰ ਹੋਣਾ ਪਊ। ਪਰ ਜੁਆਨੀ, ਜੋਬਨ ਦੀਆਂ ਅਹੰਮੇਵ-ਗਤੀਆਂ ਭਰ ਲਹਿਰਾਂ ਵਿਚ ਅਗਲੀ ਗੱਲ ਸੁਝਦੀ ਨਹੀਂ ਕਿ ਅਗੇ ਜਾ ਕੇ ਆਪਣੀਆਂ ਕੀਤੀਆਂ ਕਰਤੂਤਾਂ ਦਾ ਦੇਣੀਆ ਭੀ ਦੇਣਾ ਪਊ। ਪਰ ਦੇਣਾ ਜ਼ਰੂਰ ਪਊ, ਜੈਸਾ ਕਿ ਅਗਲਾ ਗੁਰਵਾਕ ਕੰਨ ਖੋਲ੍ਹਦਾ ਹੈ—

ਧਰਮਰਾਇ ਜਬ ਪਕਰਸਿ ਬਵਰੇ ਤਬ ਕਿਆ ਜਬਾਬੁ ਕਰੇਇ ॥
ਕਹੁ ਨਾਨਕ ਦੂਜੈ ਪਹਰੈ ਪ੍ਰਾਣੀ ਭਰਿ ਜੋਬਨੁ ਲਹਰੀ ਦੇਇ ॥੨॥
(੫॥੧॥੪) [ਸਿਰੀਰਾਗੁ ਮ: ੫, ਪੰਨਾ ੭੭

ਗੁਰੂ ਨਾਨਕ ਸਾਹਿਬ ਸਾਫ਼ ਫ਼ੁਰਮਾਂਦੇ ਹਨ ਕਿ ਅਗੇ ਜਾ ਕੇ ਧਰਮਰਾਇ ਜ਼ਰੂਰ ਫੜ ਕੇ ਲੇਖਾ ਮੰਗੇਗਾ, ਤਾਂ ਓਥੇ (ਧਰਮਰਾਇ ਦੇ ਅਗੇ) ਕੀ ਜਵਾਬ ਦੇਵੇਗਾ ? ਕੁਛ ਭੀ ਨਹੀਂ। ਬੱਸ ਫਸਿਆ ਸੱਟਾਂ ਖਾਵੇਗਾ। ਐਥੇ ਉਸ ਦਾ ਇਹ ਕਹਿ ਛੱਡਣਾ ਕਿ 'ਅੱਗਾ ਕੁਛ ਨਹੀਂ, ਨਾ ਹੀ ਧਰਮਰਾਇ ਹੈ, ਇਹ ਤਾਂ ਐਵੇਂ ਹਊਏ ਹੀ ਹਨ' ਅਗੇ ਜਾ ਕੇ ਸਰਪਰ ਉਘੜੇਗਾ। ਫੇਰ ਪਛਤਾਵਾ ਲਗੂ ਕਿ ਸਤਿਗੁਰੂ ਦੇ ਬਚਨ ਵਾਕਾਂ ਨੂੰ ਭੀ ਐਵੇਂ ਅਸੱਤਿ ਕਰ ਕੇ ਹੀ ਮੰਨਿਆ। ਸਤਿ ਸਤਿ ਕਰ ਕੇ ਮੰਨਦੇ ਤਾਂ ਜਵਾਬ-ਦੇਹੀ ਤਾਂ ਨਾ ਦੇਣੀ ਪੈਂਦੀ। ਧਰਮਰਾਇ ਦੀ ਹੋਂਦ ਨ ਮੰਨੀ ਤਾਂ ਹੀ ਅਵੇਸਲੇ ਹੋਏ, ਪਾਪ ਕਰਮ ਕਮਾਵੰਦੇ ਰਹੇ। ਭਰਿ ਜੋਬਨ ਜੁਆਨੀ ਦੀਆਂ ਲਹਿਰਾਂ ਕੁਲਹਿਰਾਂ ਨੇ ਉਸ ਦੀ ਸੁਰਤੀ ਪਰਮਾਰਥ ਅਤੇ ਪਰਮਾਰਥੀ ਗੁਰ ਬਚਨਾਂ ਵਲ ਆਉਣ ਹੀ ਨਹੀਂ ਦਿਤੀ। ਪਰ ਜਿਨ੍ਹਾਂ ਦੀ ਪਹਿਲੀ ਜਗਿਆਸਾ ਵਿਚ ਹੀ ਨਾਮ ਜਪਣ ਦੀ ਚੌਂਪ ਆ ਗਈ ਹੈ ਅਤੇ ਸੱਚੜੀ ਲਗਨ ਲੱਗ ਗਈ ਹੈ, ਓਹ ਗੁਰੂ ਚਰਨੀਂ ਲੱਗ ਕੇ ਗੁਰਮੁਖ ਬਣ ਗਏ ਹਨ। ਗੁਰਮੁਖਿ ਗੁਰ-ਦੀਖਿਆ ਲੈ ਕੇ ਨਾਮ ਅਭਿਆਸ ਵਿਚ ਅਰੂੜ ਹੋ ਗਏ ਹਨ। ਤਿਨ੍ਹਾਂ ਨੂੰ ਨਾਮ ਕਮਾਈਆਂ ਕਰਿ ਪਹਿਲੀ ਅੱਲ੍ਹੜ ਅਵਸਥਾ ਵਿਚ ਹੀ ਸੁਹਾਗ ਭਾਗ ਹਰਿ-ਵਰ ਦਰਸ਼ਨ ਦਾ ਪ੍ਰਾਪਤਿ ਹੋ ਗਿਆ ਹੈ। ਤਿਨ੍ਹਾਂ ਗੁਰ-ਮੁਖੀਆਂ ਹਰਿ-ਦਰਸ਼ਨੀ ਸੁਹਾਗ-ਵੰਤੀਆਂ ਵਲ ਪਰਲੋਕ ਵਿਚ ਜਾ ਕੇ ਧਰਮਰਾਇ ਅੱਖ ਭਰ ਕੇ ਭੀ ਨਹੀਂ ਝਾਕ ਸਕਦਾ, ਕਿਉਂਕਿ ਓਹਨਾਂ ਦਾ ਸਾਰਾ ਲੇਖਾ ਚੁੱਕ ਜਾਂਦਾ ਹੈ। ਰੱਤੀ ਭਰ ਭੀ ਲੇਖੇ ਦੀ ਬਾਕੀ ਨਹੀਂ ਰਹਿੰਦੀ। ਯਥਾ ਗੁਰਵਾਕ—

ਲੇਖਾ ਧਰਮਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥
ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥
(੫॥੧) [ਸਿਰੀਰਾਗੁ ਮ: ੪ ਘਰੁ ੨ ਛੰਤ, ਪੰਨਾ ੭੮

ਗੁਰ ਸ਼ਬਦ ਰਾਸੀਆਂ, ਨਾਮ ਅਭਿਆਸੀਆਂ, ਜੋਤਿ ਵਿਗਾਸੀਆਂ ਗੁਰਮੁਖਾਂ ਨੂੰ ਨਾ ਹੀ ਧਰਮਰਾਇ ਦਾ ਲੇਖਾ ਦੇਣਾ ਪੈਂਦਾ ਹੈ ਅਤੇ ਨਾ ਹੀ ਲੱਖ ਚੁਰਾਸੀ ਜੂਨਾਂ ਵਿਚ ਪੈਣਾ ਪੈਂਦਾ ਹੈ। ਓਹਨਾਂ ਦਾ ਇਹ ਜੂਨਾਂ ਵਿਚ ਪੈਣ ਵਾਲਾ ਆਵਾਗਵਨੀ ਸਿਲਸਿਲਾ ਹੀ ਮੁੱਕ ਜਾਂਦਾ ਹੈ। ਮਨਮੁਖਾਂ, ਸਾਕਤ-ਸੰਸਾਰੀਆਂ ਦੇ ਸਿਰ ਤੇ ਆਵਾਗਵਣ ਖੜਾ ਹੈ। ਯਥਾ ਗੁਰਵਾਕ—

ਤਿਸਨਾ ਅਗਨਿ ਜਲੈ ਸੰਸਾਰਾ॥ ਲੋਭੁ ਅਭਿਮਾਨੁ ਬਹੁਤੁ ਅਹੰਕਾਰਾ॥
ਮਰਿ ਮਰਿ ਜਨਮੈ ਪਤਿ ਗਵਾਏ ਅਪਣੀ ਬਿਰਥਾ ਜਨਮੁ ਗਵਾਵਣਿਆ॥੩॥
ਗੁਰ ਕਾ ਸਬਦੁ ਕੋ ਵਿਰਲਾ ਬੂਝੈ॥ ਆਪੁ ਮਾਰੇ ਤਾ ਤ੍ਰਿਭਵਣੁ ਸੂਝੈ॥
ਫਿਰਿ ਓਹੁ ਮਰੈ ਨ ਮਰਣਾ ਹੋਵੈ ਸਹਜੇ ਸਚਿ ਸਮਾਵਣਿਆ॥੪॥
(੮॥੧੮॥੧੯) [ਮਾਝ ਮ: ੩, ਪੰਨਾ ੧੨੦

ਵਿਆਖਿਆ—ਸਾਰਾ ਸੰਸਾਰ ਤ੍ਰਿਸ਼ਨਾ ਦੀ ਅਗਨੀ ਵਿਚ ਪਿਆ ਜਲਦਾ ਸੜਦਾ ਬਲਦਾ ਹੈ। ਬਹੁਤਾ ਹੀ ਲੋਭ ਅਭਿਮਾਨ ਅਹੰਕਾਰ ਸਾਰੇ ਸੰਸਾਰ ਨੂੰ ਵਿਆਪਿਆ ਹੋਇਆ ਹੈ, ਜਿਸ ਕਰਕੇ ਪਰਮਾਰਥ ਵਲ ਸੰਸਾਰ ਦੀ ਰੁਚੀ ਨਹੀਂ, ਨਾਮ ਜਪਣ ਵਲੋਂ ਉੱਕਾ ਹੀ ਅਰੁਚੀ ਹੈ, ਸਿੱਟਾ ਇਹੀ ਨਿਕਲਦਾ ਹੈ ਕਿ ਮੁੜਿ ਮੁੜਿ ਫੇਰ ਜੰਮਦਾ ਮਰਦਾ ਅਤੇ ਮਰਦਾ ਜੰਮਦਾ ਹੈ, ਆਪਣੀ ਪਤ-ਪਰਤੀਤ ਸਗੋਂ ਉੱਕਾ ਹੀ ਗਵਾ ਬੈਠਦਾ ਹੈ। ਸਾਰਾ ਮਨੁੱਖਾ-ਜਨਮ ਹੀ ਸਮੁਚੇ ਸੰਸਾਰ ਦਾ ਬਿਰਥਾ ਹੀ ਜਾਂਦਾ ਹੈ।

ਗੁਰੂ ਦਾ ਸ਼ਬਦ-ਗੁਰਮੰਤ੍ਰ ਬੁਝਣਹਾਰਾ ਕੋਈ ਵਿਰਲਾ ਹੀ ਹੁੰਦਾ ਹੈ। ਜਿਸ ਗੁਰਮੁਖ ਨੇ ਬੁੱਝ ਲਿਆ, ਉਸ ਨੂੰ ਸ਼ਬਦ-ਕਮਾਈ ਕਰਿ ਤ੍ਰਿਭਵਣ ਦੀ ਸੋਝੀ ਆ ਗਈ, ਕਿਉਂਕਿ ਅਭਿਆਸ ਕਮਾਈਆਂ ਦੇ ਪਰਤਾਪ ਕਰਿ ਉਸ ਦਾ ਆਪਾ ਮਰ ਗਿਆ। ਸਾਰੇ ਆਪੇ ਦੇ ਹੀ ਸਿਆਪੇ ਹਨ। ਆਪੇ ਦੇ ਹੀ ਸਿਆਪੇ ਕਰਿ ਤ੍ਰਿਸ਼ਨਾ-ਅਗਨ ਦੇ ਜਲਨ ਜਲਾਪੇ ਹਨ। ਆਪੇ ਦੇ ਸਿਆਪੇ ਕਰਿ ਹੀ ਲੋਭ ਮੋਹ ਅਭਿਮਾਨ ਦੇ ਲਹਿਰ ਵਿਆਪੇ ਹਨ। ਜਿਸ ਨੇ ਇਹ ਆਪਾ ਮਾਰ ਲਿਆ, ਗੁਰ-ਸ਼ਬਦ ਕਮਾਈ ਕਰਿ ਜਿਸ ਨੇ ਇਹ ਆਪਾ ਸੰਵਾਰ ਲਿਆ, ਤਿਸ ਨੂੰ, ਬਸ ਤਿਸੇ ਨੂੰ ਹੀ ਤ੍ਰਿਭਵਣ ਦੀ ਸੋਝੀ ਹੋਇ ਆਈ। ਸਹਿਜ ਸੱਚ ਵਿਚਿ ਹੀ ਉਸ ਦੀ ਸਮਾਈ ਹੋ ਗਈ। ਉਹ ਫੇਰ ਨਾ ਮਰਦਾ ਹੈ ਨਾ ਉਸ ਦਾ ਮਰਨ ਹੁੰਦਾ ਹੈ। ਇਉਂ ਆਵਾਗਵਣ ਉਸ ਦਾ ਮਿਟ ਜਾਂਦਾ ਹੈ। ਪਰ ਸ਼ਬਦ-ਬਿਮੁਖਾਂ ਦੇ ਸਿਰ ਤੇ ਇਹ ਆਵਾਗਉਣ ਦਾ ਭੂਤ ਸਵਾਰ ਹੀ ਰਹਿੰਦਾ ਹੈ। ਭਾਵੇਂ ਕੋਈ ਕਿਤਨਾ ਹੀ ਸ਼ਾਸਤ੍ਰ-ਬੇਤਾ ਪੜ੍ਹਿਆ ਪੰਡਿਤ ਹੋਵੇ। ਦੂਜੇ ਭਾਇ ਦੀਆਂ ਪੜ੍ਹਾਈਆਂ

ਪੰਡਤਾਈਆਂ ਇਹ ਆਵਾਗਵਣੀ ਚੱਕਰ ਨਹੀਂ ਮਿਟਾ ਸਕਦੀਆਂ। ਸਗੋਂ ਜਿਤਨੀਆਂ ਭੀ ਹੋਰ ਭਾਇ ਦੀਆਂ ਚੰਚਲ ਚਤਰਾਈਆਂ, ਸ਼ਾਸਤ੍ਰ ਪੜ੍ਹਾਈਆਂ ਹਨ, ਹੋਰ ਦਸੂਣੀ ਜੂਨੀਆਂ ਦੇ ਆਵਾਗਵਣੀ ਜੰਜਾਲ ਵਿਚ ਪਾਉਂਦੀਆਂ ਹਨ। ਯਥਾ ਗੁਰਵਾਕ—

ਮਨਮੁਖ ਪੜਹਿ ਪੰਡਿਤ ਕਹਾਵਹਿ ॥ ਦੂਜੈ ਭਾਇ ਮਹਾ ਦੁਖੁ ਪਾਵਹਿ ॥
ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥੧॥
[ਮਾਝ ਮ: ੩, ੧੨੭-੨੮

ਆਵਾਗਵਣੀ ਸੰਗਲੀ ਦਾ ਨਿਖੇਰ ਨਿਰਣਾ ਇਹ ਅਗਲਾ ਗੁਰਵਾਕ ਖ਼ੂਬ ਵਿਸਥਾਰ ਪੂਰਬਕ ਦਰਸਾਉਂਦਾ ਹੈ। ਦੇਖੋ ਜ਼ਰਾ ਵਿਚਾਰ ਕੇ। ਯਥਾ—

ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥
ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥੧॥ਰਹਾਉ॥
ਕਈ ਜਨਮ ਸੈਲ ਗਿਰਿ ਕਰਿਆ ॥ ਕਈ ਜਨਮ ਗਰਭ ਹਿਰਿ ਖਰਿਆ ॥
ਕਈ ਜਨਮ ਸਾਖ ਕਰਿ ਉਪਾਇਆ ॥
ਲਖ ਚਉਰਾਸੀਹ ਜੋਨਿ ਭ੍ਰਮਾਇਆ ॥੨॥
ਸਾਧ ਸੰਗਿ ਭਇਓ ਜਨਮੁ ਪਰਾਪਤਿ ॥
ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥
ਤਿਆਗਿ ਮਾਨੁ ਝੂਠੁ ਅਭਿਮਾਨੁ ॥ ਜੀਵਤ ਮਰਹਿ ਦਰਗਹ ਪਰਵਾਨੁ ॥੩॥
(੪॥੩॥੭੨) [ਗਉੜੀ ਗੁਆਰੇਰੀ ਮ: ੫, ਪੰਨਾ ੧੭੬

ਇਸ ਗੁਰਵਾਕ ਵਿਖੇ ਸਪੱਸ਼ਟ ਹੀ ਆਵਾਗਵਣੀ ਦੁਨੀਆ ਨੂੰ ਨਿਰਣਾਇਆ ਹੈ। ਇਹ ਬੜਾ ਹੀ ਇਬਰਤ-ਆਮੇਜ਼ ਨਿਰਣਾ ਹੈ ਜੂਨੀਆਂ ਦਾ। ਕਈ ਕਈ ਜਨਮ ਤਾਂ ਕੀੜਿਆਂ ਪਤੰਗਿਆਂ ਦੀਆਂ ਜੂਨੀਆਂ ਵਿਚ ਖਪਤ ਹੋ ਜਾਂਦੇ ਹਨ। ਅਨੇਕਾਂ ਜਨਮ ਹਾਥੀ, ਮਛੀਆਂ ਤੇ ਹਰਨਾਂ ਮਿਰਗਾਂ ਦੀਆਂ ਜੂਨੀਆਂ ਦੇ ਗੁਜ਼ਾਰਨੇ ਪਏ ਹਨ। ਕਈ ਜਨਮ ਪੰਖੀਆਂ ਪਰਿੰਦਿਆਂ ਦੀਆਂ ਨਾਨਾ ਪ੍ਰਕਾਰੀ ਜੂਨੀਆਂ ਦੇ ਅਤੇ ਕਈ ਕਈ ਜਨਮ ਭਾਂਤ ਭਾਂਤ ਦੇ ਸੱਪਾਂ ਦੀਆਂ ਜੂਨੀਆਂ ਵਿਚ ਦੀ ਹੋ ਕੇ ਆਉਣਾ ਪਿਆ ਹੈ। ਕਈ ਕਈ ਜਨਮ ਹਾਥੀ ਆਦਿਕ ਚਰਾਚਰ ਚਉਪਾਇਆਂ ਦੀਆਂ ਜੂਨੀਆਂ ਵਿਚ ਦੀ ਲੰਘਣਾ ਪਿਆ ਹੈ। ਕਈ ਕਈ ਜਨਮ ਅਨਿਕ ਪ੍ਰਕਾਰ ਦੀਆਂ ਕਿਸਮਾਂ ਦੇ ਬ੍ਰਿਛਾਂ ਦੀ ਜੜ੍ਹ ਜੂਨੀਆਂ ਵਿਚ ਸੈਂਕੜੇ ਸੈਂਕੜੇ ਹਜ਼ਾਰਾਂ ਹਜ਼ਾਰਾਂ ਬਰਸਾਂ ਤੀਕ ਖਪਤ ਹੋਣਾ

ਪਿਆ। ਬੜੇ ਚਿਰੰਕਾਲ ਪਿਛੋਂ ਇਹ ਮਨੁਖ-ਜੂਨੀ ਵਡੇ ਭਾਗਾਂ ਕਰਿ ਮਿਲਦੀ ਹੈ ਤੇ ਹੁਣ ਤੈਨੂੰ ਮਿਲੀ ਹੈ। ਹੇ ਮਨੁੱਖ ! ਇਹੀ ਮਨੁੱਖ ਜੂਨੀ ਜਗਦੀਸ਼ ਨੂੰ ਮਿਲਣ ਦੀ ਬਰੀਆ (ਵੇਲਾ) ਹੈ। ਇਸ ਮਨੁੱਖ ਜਨਮ ਨੂੰ ਅਜਾਈਂ ਗਵਾ ਕੇ ਫੇਰ ਓਸ ਆਵਾਗਉਣ ਦੇ ਲਖ ਚਉਰਾਸੀ ਜੂਨੀਆਂ ਦੇ ਨਾ-ਮੁੱਕਣ ਵਾਲੇ ਸਿਲਸਿਲੇ ਵਿਚ ਪੈਣਾ ਪਊ। ਪਤਾ ਨਹੀਂ ਫੇਰ ਇਹ ਅਉਸਰ ਮਨੁੱਖਾ ਜਨਮ ਦਾ ਹਥਿ ਜੁੜੇ ਕਿ ਨ ਜੁੜੇ। ਤਾਂ ਤੇ ਏਸੇ ਜਨਮ ਵਿਚ ਹੀ ਨਾਮ ਜਪ ਕੇ ਜਗਦੀਸ਼ ਨੂੰ ਮਿਲਣ ਦੇ ਸਰੰਜਾਮ ਵਿਚ ਪੈਣਾ ਅਵੱਸ਼ਕ ਉੱਦਮ ਹੈ, ਹੇ ਪ੍ਰਾਣੀ ਤੇਰਾ। ਮਿਲਣਾ ਹੈ ਤਾਂ ਜਗਦੀਸ਼ ਨੂੰ ਮਿਲ ਲੈ। ਗੋਬਿੰਦ ਮਿਲਣ ਦੀ ਇਹੋ ਬਰੀਆ ਹੈ।

ਏਥੋਂ ਖਿਸਕਿਆਂ ਫੇਰ ਉਹੀ ਭਿਆਨਕ ਜੂਨੀਆਂ ਦਾ ਅਤਿ ਲੰਮਾ ਗੇੜਾ ਕਦੇ ਨਾ ਮੁੱਕਣ ਵਾਲਾ ਭੁਗਤਣਾ ਪਊ। ਦੇਖੋ ਜੂਨੀਆਂ ਦੇ ਸਿਲਸਿਲੇ ਦਾ ਬਿਖਮ ਬਿਖੜੇਮਾ ਕਿਤਨਾ ਲੰਮੇਰਾ ਹੈ। ਕਈ ਕਈ ਜਨਮ ਜਨਮਾਂਤ੍ਰਾਂ ਤੋੜੀ ਪੱਥਰਾਂ ਪਹਾੜਾਂ ਦੀ ਜੂਨ ਹੀ ਭੁਗਤਣੀ ਪੈਂਦੀ ਹੈ, ਕਈ ਕਈ ਜਨਮਾਂ ਤੋੜੀ ਗਰਭਾਂ ਵਿਚ ਖੁਰਨ ਖਪਣ ਦੀਆਂ ਸਜ਼ਾਵਾਂ ਮਿਲਦੀਆਂ ਹਨ। ਜੀਵ ਜੰਮਣੇ ਹੀ ਨਹੀਂ ਪਾਉਂਦੇ, ਗਰਭਾਂ ਅੰਦਰ ਹੀ ਖੁਰ ਖਪ ਜਾਂਦੇ ਹਨ। ਗਰਭ ਵਿਚ ਪਏ ਤੇ ਗਰਭ ਵਿਚ ਹੀ ਖੁਰ ਖਪ ਗਏ। ਫੇਰ ਪਏ, ਫੇਰ ਖੁਰੇ ਖਪੇ। ਇਹ ਅਮੁੱਕ ਸਜਾਈਂ ਮੁਕਣੀਆਂ ਹੀ ਨਹੀਂ। ਗਰਭੋਂ ਬਾਹਰ ਜਨਮ ਹੋਣਾ ਹੀ ਨਹੀਂ ਪਾਉਣਾ, ਵਿਚੇ ਹੀ ਜੰਮਣਾ ਮਰਣਾ ਜੁਗਾਂ ਪਰਯੰਤ ਅਨੇਕ ਅਭਾਗੇ ਅਤੇ ਖੋਟੇ ਭਾਗਾਂ ਵਾਲੇ ਜੀਵਾਂ ਦਾ ਹੁੰਦਾ ਹੈ। ਕਈ ਜਨਮ ਬਨਾਸਪਤੀ ਦੀਆਂ ਅਸੰਖਾਂ ਸ਼ਾਖ਼ਾਂ ਦੀਆਂ ਜੂਨਾਂ ਵਿਚ ਭੁਗਤਣੇ ਪੈਂਦੇ ਹਨ। ਗੱਲ ਕੀ, ਇਸ ਬਿਧਿ ਲੱਖ ਚੁਰਾਸੀ ਜੂਨਾਂ ਵਿਚ ਭ੍ਰਮਣ ਦਾ ਸਿਲਸਿਲਾ ਮੁਕਦਾ ਹੀ ਨਹੀਂ। ਹੇ ਪ੍ਰਾਣੀ ! ਵੱਡੇ ਭਾਗਾਂ ਕਰਿ ਤੈਨੂੰ ਮਾਨੁੱਖਾ ਜੂਨੀ ਪ੍ਰਾਪਤ ਹੋਈ ਹੈ। ਫੇਰ ਓਦੂੰ ਵੀ ਵਡੇ ਉਗਰ ਭਾਗ ਤੇਰੇ ਇਹ ਹਨ ਕਿ ਗੁਰੂ-ਘਰ ਦੀ ਸਾਧ-ਸੰਗਤਿ ਵਿਚ ਜਨਮ ਪਾ ਕੇ ਵਾਸਾ ਮਿਲਿਆ ਹੈ। ਤਾਂ ਤੇ ਇਹ ਅਵਸਰ ਵਡਾ ਅਮੋਲਕ ਤੇਰੇ ਹੱਥ ਆਇਆ ਹੈ। ਸਾਧ-ਸੰਗਤਿ ਦੀ ਸੇਵਾ ਜਿਤਨੀ ਭੀ ਕਰ ਸਕਦਾ ਹੈਂ ਕਰ ਲੈ ਅਤੇ ਸੇਵ ਕਰਿ ਕਰਿ ਨਾਲੋ-ਨਾਲ ਹੀ ਗੁਰਮਤਿ ਬਿਧੀ ਅਨੁਸਾਰ ਰੱਜ ਰੱਜ ਕੇ ਭਜਨ ਕਰ ਲੈ। ਕੂੜਾਵੇ ਮਾਣ ਨੂੰ, ਝੂਠ ਅਭਿਅਮਾਨ ਨੂੰ ਉੱਕਾ ਹੀ ਤਿਆਗ ਦੇਹ। ਤਾਂ ਤੂੰ ਇਸ ਜਗ ਵਿਚ ਜੀਉਂਦਾ ਭੀ ਅਤੇ ਅਗੇ ਮਰ ਕੈ ਭੀ ਹਰਿ ਦਰਗਾਹ ਪਰਵਾਨ ਪਵੇਂਗਾ, ਨਹੀਂ ਤਾਂ ਤੇਰਾ ਠਿਕਾਣਾ ਕੋਈ ਨਹੀਂ। ਆਵਾਗਉਣ ਵਿਚ ਪਿਆ ਤਾਂ ਬਸ ਗਿਆ। ਐਥੋਂ ਥਿੜਕਿਆ ਠਉਰ ਨ ਠਾਉਂ।

ਕੀ ਇਸ ਗੁਰਵਾਕ ਨੂੰ ਵੀਚਾਰ ਕੇ ਕੋਈ ਸਿਖ ਮਾਤਰ ਆਵਾਗਉਣ ਤੋਂ

 www.sikhbookclub.com

ਮੁਨਕਰ ਹੋ ਸਕਦਾ ਹੈ ? ਕਦਾਚਿਤ ਨਹੀਂ । ਜੋ ਹੁੰਦਾ ਹੈ ਉਹ ਅਭਾਗਾ ਹੈ । ਨਾ ਹੀ ਕੋਈ ਧਰਮਰਾਇ ਦੇ ਵਜੂਦ ਤੋਂ ਮੁਨਕਰ ਹੋ ਸਕਦਾ ਹੈ । ਹਾਂ ਜੋ ਅਕ੍ਰਿਤਘਣ ਨਾਮ ਅਤੇ ਨਾਮੀ ਵਾਹਿਗੁਰੂ ਤੋਂ ਹੀ ਮੁਨਕਰ ਹਨ, ਓਹ ਭਾਵੇਂ ਮੁਨਕਰ ਹੋ ਜਾਣ ਧਰਮਰਾਇ ਦੀ ਹੋਂਦ ਹਸਤੀ ਮੰਨਣ ਤੋਂ । ਪਰ ਚਾਹੇ ਮੁਨਕਰ ਹੋਣ, ਚਾਹੇ ਨਾ ਹੋਣ, ਓਹਨਾਂ ਨੂੰ ਅਗੇ ਜਾ ਕੇ ਧਰਮਰਾਇ ਅਤੇ ਧਰਮਰਾਇ ਦੇ ਦੂਤਾਂ ਦੀਆਂ ਸੱਟਾਂ ਸਹਿਣੀਆਂ ਹੀ ਪੈਣਗੀਆਂ । ਯਥਾ ਗੁਰਵਾਕ—

ਖਾਦਾ ਪੈਨਦਾ ਮੂਕਰਿ ਪਾਹਿ ॥ ਤਿਸ ਨੋ ਜੋਹਹਿ ਦੂਤ ਧਰਮਰਾਇ ॥੧॥

(੭੮॥੧੪੭) [ਗਉੜੀ ਮ ੫, ਪੰਨਾ ੧੯੫

ਜੋ ਹੰਕਾਰੀ ਪੁਰਸ਼ ਕਿਸੇ ਨੂੰ ਨਹੀਂ ਬਿਦਦਾ, ਉਹਨੂੰ ਅਗੇ ਜਾ ਕੇ ਧਰਮਰਾਇ ਦੇ ਹੱਥੋਂ ਖੁਆਰੀ ਵਿਚ ਪੈਣਾ ਪੈਂਦਾ ਹੈ । ਯਥਾ ਗੁਰਵਾਕ—

ਕਿਸੈ ਨ ਬਦੈ ਆਪਿ ਅਹੰਕਾਰੀ ॥ ਧਰਮਰਾਇ ਤਿਸੁ ਕਰੇ ਖੁਆਰੀ ॥...੨॥

[ਗਉੜੀ ਸੁਖਮਨੀ ਮ: ੫, ਪੰਨਾ ੨੭੮

ਕੀ ਇਹ ਸੁਖਮਨੀ ਸਾਹਿਬ ਦਾ ਵਾਕ ਐਵੇਂ ਹੀ ਉਚਾਰਨ ਹੋਇਆ ਹੈ ? ਇਸ ਦੀ ਸੱਚਾਈ ਦੀ ਰੌਸ਼ਨੀ ਅੰਦਰ ਧਰਮਰਾਇ ਦੀ ਹੋਂਦ ਸਪੱਸ਼ਟ ਹੈ । ਕਉਣ ਮੁਨਕਰ ਹੋ ਸਕਦਾ ਹੈ ? ਹੰਕਾਰੀਆਂ ਨੂੰ ਖੁਆਰੀ ਧਰਮਰਾਇ ਦੇ ਦਰਬਾਰ ਵਿਚ ਜਾ ਕੇ ਭੁਗਤਣੀ ਹੀ ਪਏਗੀ । ਫੇਰ ਇਹੋ ਅਸਟਪਦੀ ਸੁਖਮਨੀ ਸਾਹਿਬ ਦੀ ਦਸਦੀ ਹੈ—

ਜਬ ਲਗੁ ਮੋਹ ਮਗਨ ਸੰਗਿ ਮਾਇ ॥
ਤਬ ਲਗੁ ਧਰਮਰਾਇ ਦੇਇ ਸਜਾਇ ॥...੪॥

[ਗਉੜੀ ਸੁਖਮਨੀ ਮ: ੫, ਪੰਨਾ ੨੭੮

ਸਾਫ਼ ਜ਼ਾਹਰ ਹੈ ਕਿ ਮਾਇਆ ਦੇ ਮੋਹ ਵਿਚ ਮੱਤਿਆਂ ਮਗਨੱਤਿਆਂ ਨੂੰ ਅਗੇ ਚੱਲ ਕੇ ਧਰਮਰਾਇ ਦੀ ਸਜ਼ਾਇ ਜ਼ਰੂਰ ਭੁਗਤਣੀ ਪਏਗੀ । ਧਰਮਰਾਇ ਬਣਾਇਆ ਹੀ ਏਸ ਖ਼ਾਤਰ ਹੈ : ਸੱਚਾ ਨਿਆਉਂ ਵਿਚਾਰਨ ਨੂੰ, ਪਾਪੀਆਂ ਨੂੰ ਸਜ਼ਾਵਾਂ ਦੇਣ ਨੂੰ, ਅਤੇ ਧਰਮੀਆਂ ਨੂੰ ਬਰੀ ਕਰਨ ਨੂੰ । ਧਰਮੀਆਂ ਕਰਮੀਆਂ ਦੇ ਨਿਆਉਂ ਨਿਬੇੜੇ ਜ਼ਰੂਰ ਹੁੰਦੇ ਹਨ । ਨਾਮ ਜਪਣਹਾਰਿਆਂ ਦੇ ਹਿਸਾਬ-ਲੇਖੇ ਏਥੇ ਹੀ ਮੁੱਕ ਜਾਂਦੇ ਹਨ । ਤਿਨ੍ਹਾਂ ਦੇ ਨੇੜੇ ਧਰਮਰਾਇ ਨਹੀਂ ਆਉਂਦਾ ਨਾ ਹੀ ਲੇਖਾ ਮੰਗਦਾ ਹੈ । ਨਾ ਹੀ ਚਿਤਰ ਗੁਪਤ ਲੇਖਾ ਮੰਗਦੇ ਹਨ । ਯਥਾ ਗੁਰਵਾਕ—

ਜਹ ਲਾਲਚ ਜਾਗਾਤੀ ਘਾਟ ॥ ਦੂਰਿ ਰਹੀ ਉਹ ਜਨ ਤੇ ਬਾਟ ॥੨॥
ਜਹ ਆਵਟੇ ਬਹੁਤ ਘਨ ਸਾਥ ॥ ਪਾਰਬ੍ਰਹਮ ਕੇ ਸੰਗੀ ਸਾਧ ॥੩॥

ਚਿਤ੍ਰ ਗੁਪਤੁ ਸਭ ਲਿਖਤੇ ਲੇਖਾ ॥
ਭਗਤ ਜਨਾ ਕਉ ਦ੍ਰਿਸਟਿ ਨ ਪੇਖਾ ॥੪॥ (੫॥੪੦॥੯੧)
[ਆਸਾ ਮ: ੫, ਪੰਨਾ ੩੯੩

ਭਾਵ—ਅਗੇ ਜਾ ਕੇ ਜਿਥੇ ਲੋਭ ਦਾ ਮਸੂਲੀ ਪੱਤਣ ਹੈ, ਓਹ ਰਸਤਾ ਭਗਤਾਂ ਤੋਂ ਦੂਰ ਲਾਂਭੇ ਹੀ ਰਹਿ ਜਾਂਦਾ ਹੈ। ਜਿਥੇ ਬਹੁਤ ਸਾਰੇ ਕਾਫ਼ਲੇ ਪੀੜੇ ਤਪਾਏ ਜਾਂਦੇ ਹਨ, ਓਥੇ ਸਾਧ ਲੋਕਾਂ ਨੂੰ ਕੋਈ ਤੌਖਲਾ ਨਹੀਂ ਹੁੰਦਾ, ਕਿਉਂਕਿ ਓਹ ਤਾਂ ਪਾਰਬ੍ਰਹਮ ਦੇ ਦੇਸ ਦੇ ਵਾਸੀ ਹੁੰਦੇ ਹਨ। ਵਾਹਿਗੁਰੂ ਓਹਨਾਂ ਦੇ ਅੰਗ ਸੰਗ ਹੁੰਦਾ ਹੈ, ਓਹ ਵਾਹਿਗੁਰੂ ਦੇ ਅੰਗ ਸੰਗ ਰਹਿੰਦੇ ਹਨ। ਹੋਰਨਾਂ ਸਾਰਿਆਂ ਭਗਤਿ-ਹੀਣਿਆਂ ਦੇ ਲੇਖੇ ਚਿਤਰ ਗੁਪਤ ਲਿਖਦੇ ਹਨ, ਪਰ ਭਗਤ ਜਨਾਂ ਵਲ ਇਹ ਚਿਤਰ ਗੁਪਤ ਅੱਖ ਭਰ ਕੇ ਭੀ ਨਹੀਂ ਝਾਕ ਸਕਦੇ।

ਇਸ ਗੁਰਵਾਕ ਤੋਂ ਸਿਧ ਹੋਇਆ ਕਿ ਪਰਲੋਕ ਦੀ ਅਣਡਿਠੀ ਰਚਨਾ ਵਿਖੇ ਜਮ ਜਾਗਾਤੀਆਂ ਦੇ ਪੱਤਣ ਘਾਟ ਭੀ ਬਣੇ ਹੋਏ ਹਨ। ਚਿਤਰ ਗੁਪਤ (ਧਰਮਰਾਇ ਦੇ ਮੁਨਸ਼ੀਆਂ) ਦੇ ਮਹਿਕਮੇ ਅਲੱਗ ਹਨ। ਦਫ਼ਤਰਾਂ ਦੇ ਦਫ਼ਤਰ ਉਥੇ ਖੁਲ੍ਹੇ ਹੋਏ ਹਨ। ਇਥੇ ਪਾਪੀ ਪੁਰਸ਼ਾਂ ਦੇ ਟੋਲਿਆਂ ਦੀਆਂ ਕਤਾਰਾਂ ਪੁਰਸਲਾਤ ਤੋਂ ਲੰਘਦੀਆਂ ਹਨ, ਖੰਨਿਓਂ ਤਿਖੇ ਵਾਲਹੁ ਨਿਕੇ ਥਾਉਂ ਅੱਡਰੇ ਬਣੇ ਹੋਏ ਹਨ। ਅਜਿਹੇ ਥਾਉਂ ਮੌਤ ਦੇ ਘਾਟ ਲੰਘ ਕੇ ਫੇਰ ਮੁੜ ਕੇ ਦੇਖ ਕੇ ਕਈ ਪ੍ਰਾਣੀ ਆਏ ਹਨ। ਇਕ ਨਹੀਂ, ਅਨੇਕਾਂ ਦੀਆਂ ਮਿਸਾਲਾਂ ਮਉਜੂਦ ਹਨ।

ਪਹਿਲੀ ਪਲੇਗ ਜਦੋਂ ਪੰਜਾਬ ਆਈ ਹੈ, ਓਦੋਂ ਪਲੇਗ ਡੀਊਟੀ ਤੇ ਮੈਂ ਨਾਇਬ ਤਹਿਸੀਲਦਾਰ ਲਗਾ ਹੋਇਆ ਸੀ। ਅਜਿਹੇ ਕਈ ਕੇਸ ਓਦੋਂ ਦੇਖੇ ਕਿ ਓਹ ਮਰ ਕੇ ਫੇਰ ਜੀਉਂਦੇ ਹੋ ਗਏ ਅਤੇ ਓਹਨਾਂ ਦੇ ਮੁੜ ਜੀਉ ਉਠਣ ਸਾਰ ਓਹਨਾਂ ਦੇ ਨਾਮਾਂ ਦੇ ਹੋਰ ਆਦਮੀ ਓਸੇ ਘੜੀ ਹੀ ਮਰ ਗਏ। ਓਹਨਾਂ ਤੋਂ ਜ਼ਬਾਨੀ ਇਹ ਗੱਲਾਂ ਸੁਣੀਆਂ। ਜਿਥੇ ਜਿਥੇ ਓਹਨਾਂ ਨੂੰ ਅਗਲੀ ਅਣਡਿਠੀ ਦੁਨੀਆ ਵਿਚ ਫੜਨਹਾਰੇ ਫੜ ਕੇ ਲੈ ਜਾਂਦੇ ਰਹੇ ਅਤੇ ਮੁੜ ਕੇ ਫੇਰ ਵਾਪਸ ਲਿਆਉਂਦੇ ਰਹੇ, ਓਹਨਾਂ ਨੇ ਧਰਮਰਾਇ ਅਤੇ ਧਰਮਰਾਇ ਦੇ ਦਫ਼ਤਰ ਤੇ ਦਫ਼ਤਰੀ ਚਿਤਰ ਗੁਪਤ ਭੀ ਦੇਖੇ। ਲੇਖੇ ਦੀਆਂ ਵਹੀਆਂ ਭੀ ਦੇਖੀਆਂ। ਕੰਬਦਿਆਂ ਕੰਬਦਿਆਂ ਨੇ ਸਾਰੇ ਭਿਅੰਕਰ ਦ੍ਰਿਸ਼ ਦਸੇ, ਜੋ ਓਹਨਾਂ ਨੇ ਦੇਖੇ। ਕਈ ਸੰਤ ਜਨਾਂ ਗੁਰਮੁਖ ਫ਼ਕੀਰ ਲੋਕਾਂ ਨੇ ਭੀ ਇਹ ਭਿਆਨਕ ਦ੍ਰਿਸ਼ ਦੇਖੇ ਇਸ ਲੋਕ ਵਿਚ ਬੈਠਿਆਂ ਨੇ। ਜੀਉਂਦੇ ਜਾਗਦਿਆਂ ਨੇ ਹੀ ਇਹ ਝਾਕੀਆਂ ਅਣਡਿਠੀ ਦੁਨੀਆ ਦੀਆਂ ਦੇਖੀਆਂ। ਜੋ ਐਨ ਉਪਰ ਦਸੇ ਗੁਰਵਾਕਾਂ ਦੇ ਭਾਵ ਨਾਲ ਢੁਕਦੀਆਂ ਹਨ।

੧੯੦੩ ਵਿਚ ਸਾਡੇ ਸਾਹਮਣੇ ਹੀ ਸਾਡੇ ਪਿੰਡ ਦੀ ਇਕ ਜੀਊਣੀ ਨਾਮੇ ਜ਼ਿਮੀਦਾਰਨੀ ਪਲੇਗ ਨਾਲ ਮਰ ਗਈ । ਉਸ ਨੂੰ ਮਰੀ ਹੋਈ ਨੂੰ ਸਿੜ੍ਹੀ ਤੇ ਪਾ ਕੇ ਮੜ੍ਹੀਆਂ (ਮਸਾਣ ਭੂਮੀ) ਵਿਚ ਲੈ ਗਏ, ਜਿਥੇ ਜਾ ਕੇ ਉਹ ਫੂਕੇ ਜਾਣ ਤੋਂ ਪਹਿਲਾਂ ਹੀ ਅਚਾਨਕ ਜੀਉਂਦੀ ਹੋ ਗਈ ਅਤੇ ਉਠ ਬੈਠੀ । ਉਠਦੀ ਨੇ ਹੀ ਦਸਿਆ ਕਿ ਮੇਰੇ ਥਾਉਂ ਜੀਊਣੀ ਸੈਂਸਣ ਨੂੰ ਲੈ ਜਾਣਾ ਸੀ । ਮੈਨੂੰ ਗ਼ਲਤੀ ਨਾਲ ਲੈ ਗਏ ਸਨ । ਲੈ ਜਾਣ ਵਾਲੇ ਜਮਦੂਤ ਜਿਵੇਂ ਉਸ ਨੇ ਦੇਖੇ ਤਿਵੇਂ ਦਸੇ । ਧਰਮਰਾਇ ਅਤੇ ਚਿਤਰਗੁਪਤ ਦਾ ਭਿਆਨਕ ਨਜ਼ਾਰਾ ਉਸ ਨੇ ਆਪਣੀ ਜ਼ਬਾਨੀ ਦਸਿਆ। ਐਨ ਉਸੇ ਛਿਨ ਵਿਖੇ ਜਦੋਂ ਉਹ ਜੀਉਂਦੀ ਹੋਈ, ਓਦੋਂ ਹੀ ਜੀਊਣੀ ਸੈਂਸਣ ਮਰ ਗਈ । ਇਹੋ ਜਿਹੀਆਂ ਹੋਰ ਕਈ ਉਦਾਹਰਨਾਂ ਹਨ । ਇਕੜ ਦੁਕੜ ਨਹੀਂ, ਦਹਿ ਦਹੱਕੜ ਹਨ ।

ਅਗਮ ਅਗੋਚਰ ਵਾਹਿਗੁਰੂ ਦੇ ਦਰਸ-ਦਰਸਾਰੀਆਂ, ਭਗਤ ਬਿਰਦ-ਬਿਰਦਾਰੀਆਂ ਦੀ ਅਗਮ ਗਤੀ ਨੂੰ ਦੇਖ ਕੇ ਤਾਂ ਧਰਮਰਾਜਾ ਭੀ ਬਿਸਮਾਦ ਹੋ ਕੇ ਓਹਨਾਂ ਦੀ ਪੈਰੀਂ ਪੈ ਜਾਂਦਾ ਹੈ । ਐਸਾ ਕਲਿਜੁਗ ਅੰਦਰ ਸਤਿਗੁਰੂ ਨੇ ਕਲਜੁਗੀ ਜੀਵਾਂ ਦਾ ਉਧਾਰ ਕੀਤਾ ਹੈ ਕਿ ਅਨੇਕਾਂ ਮੂਤ-ਪਲੀਤੀ ਘੇਰੀਆਂ, ਮਲੀਨ ਮਨੇਰੀਆਂ, ਮਲ-ਭਖ-ਧਾਰੀਆਂ, ਮੂੜ੍ਹ ਮੁਗਧਾਰੀਆਂ ਨੂੰ ਸੇਵਾ ਭਗਤੀ ਵਿਚ ਲਾਇ ਕੇ ਉਧਾਰਿਆ ਹੈ । ਉਹਨਾਂ ਅੰਦਰ ਵਾਹਿਗੁਰੂ ਸ੍ਰਿਸ਼ਟ ਧਰਤੇ ਕਰਤੇ ਪੁਰਖ ਦੀ ਪਰਤੱਖ ਜੋਤਿ ਜਗਦੀ ਦੇਖ ਕੇ ਧਰਮਰਾਇ ਚਕ੍ਰਿਤ ਰਹਿ ਗਿਆ ਹੈ। ਪੂਰਾਂ ਦੇ ਪੂਰ ਸਤਿਗੁਰੂ ਦੀ ਪੈਰੀਂ ਪੈ ਕੇ ਪਾਰ ਪਏ ਅਤੇ ਅਗੇ ਨੂੰ ਪਾਰ ਪੈਣਗੇ ਸਤਿਗੁਰੂ ਦੇ ਬੇੜੇ ਚੜ੍ਹ ਕੇ । ਸਤਿਜੁਗ, ਤ੍ਰੇਤਾ, ਦੁਆਪਰ ਜੁਗਾਂ ਨਾਲੋਂ ਏਸੇ ਕਰਕੇ ਕਲਜੁਗ ਸ੍ਰੇਸ਼ਟ ਅਤੇ ਉੱਤਮ ਹੈ ਕਿ ਇਸ ਵਿਖੇ ਨਾਮ ਦੇ ਪ੍ਰਤਾਪ ਕਰਿ ਬਹੁਤਿਆਂ ਦੇ, ਅਨੇਕਾਂ ਅਸੰਖਾਂ ਦੇ ਉਧਾਰ ਹੋਏ ਤੇ ਹੋਣਗੇ ਤੇ ਹੱਥੋ-ਹੱਥ ਨਿਬੇੜੇ ਹੋਣਗੇ । ਆਪੋ ਆਪਣੇ ਕੀਤੇ ਕਰਮਾਂ ਦਾ ਫਲ ਅੱਡੋ-ਅੱਡ ਕਰਮ ਕਰਨਹਾਰੇ ਭੀ ਭੁਗਤਣਗੇ । ਕੋਈ ਕਿਸੇ ਦੇ ਥਾਉਂ ਨਹੀਂ ਫੜਿਆ ਅਤੇ ਫੜ ਕੇ ਨਪੀੜਿਆ ਜਾਏਗਾ । ਵਾਹਿਗੁਰੂ ਦਾ ਐਸਾ ਬਿਰਦ ਹੈ ਕਿ ਜੋਈ ਉਸ ਦੇ ਭਗਤ ਜਨ ਜਾਚਦੇ ਹਨ ਸੋਈ ਵਾਹਿਗੁਰੂ ਕਰਦਾ ਹੈ । ਭਗਤਾਂ ਦਾ ਅਗਿਆਕਾਰੀ ਬਣਦਾ ਹੈ । ਭਗਤਾਂ ਆਪਣਿਆਂ ਦੇ ਆਖੇ ਹੋਰ ਅਨੇਕਾਂ ਦਾ ਉਧਾਰ ਭੀ ਕਰ ਦੇਂਦਾ ਹੈ। ਅਣਜਾਚੇ ਹੀ ਕੁਲਾਂ ਦੀਆਂ ਕੁਲਾਂ ਭਗਤਾਂ ਦੀਆਂ ਤਾਰ ਦਿੰਦਾ ਹੈ । ਧੰਨ ਸੱਚਾ ਵਾਹਿਗੁਰੂ ! ਧੰਨ ਧੰਨ !! ਇਸੇ ਭਾਵ ਨੂੰ ਢੁਕਦਾ ਹੀ ਇਹ ਅਗਲਾ ਗੁਰਵਾਕ ਮਿਲਦਾ ਜੁਲਦਾ ਹੈ । ਯਥਾ ਗੁਰਵਾਕ—

ਅਗਮ ਅਗੋਚਰੁ ਦਰਸੁ ਤੇਰਾ ਸੋ ਪਾਏ ਜਿਸੁ ਮਸਤਕਿ ਭਾਗੁ ॥

ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਸਤਿਗੁਰਿ ਬਖਸਿਆ ਹਰਿ ਨਾਮੁ ॥੧॥
ਕਲਿਜੁਗੁ ਉਧਾਰਿਆ ਗੁਰਦੇਵ ॥
ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ ॥੧॥ਰਹਾਉ॥
ਤੂ ਆਪਿ ਕਰਤਾ ਸਭ ਸ੍ਰਿਸਟਿ ਧਰਤਾ ਸਭ ਮਹਿ ਰਹਿਆ ਸਮਾਇ ॥
ਧਰਮ ਰਾਜਾ ਬਿਸਮਾਦੁ ਹੋਆ ਸਭ ਪਈ ਪੈਰੀ ਆਇ ॥੨॥
ਸਤਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ ॥
ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ ॥੩॥
ਹਰਿ ਜੀਉ ਸੋਈ ਕਰਹਿ ਜਿ ਭਗਤ ਤੇਰੇ ਜਾਚਹਿ ਏਹੁ ਤੇਰਾ ਬਿਰਦੁ ॥
ਕਰ ਜੋੜਿ ਨਾਨਕ ਦਾਨੁ ਮਾਗੈ ਅਪਣਿਆ ਸੰਤਾ ਦੇਹਿ ਹਰਿ ਦਰਸੁ ॥੪॥
੫॥੧੪੦॥ [ਆਸਾ ਮ: ੫, ਪੰਨਾ ੪੦੬

ਧਰਮ ਰਾਜਾ ਹੈਰਾਨ ਇਸ ਕਰਕੇ ਹੋਇਆ ਕਿ ਉਸ ਨੂੰ ਇਹ ਉਮੈਦ ਸੀ ਕਿ ਕਲਜੁਗ ਵਿਖੇ ਲੋਕੀ ਰੱਬ ਤੋਂ ਮੁਨਕਰ ਹੋਣ ਕਰਕੇ ਬਹੁਤੇ ਨਰਕਾਂ ਦੇ ਭਾਗੀ ਹੋਣਗੇ ਅਤੇ ਉਹਦੇ (ਧਰਮਰਾਇ ਦੇ) ਹੱਥੋਂ ਨਰਕਾਂ ਵਿਚ ਬਹੁਤੇ ਪੈਣਗੇ। ਪਰ ਉਸ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦੋਂ ਇਸ ਤੋਂ ਉਲਟ ਉਸ ਨੇ ਇਹ ਦੇਖਿਆ ਕਿ ਗੁਰੂ ਸਾਹਿਬ ਦੇ ਪਰਉਪਕਾਰ ਪੁਰਸ਼ਾਰਥ ਕਰਕੇ ਸਾਰੇ ਕਲਜੁਗੀ ਜੀਵ ਹੀ ਪਰਮਾਰਥ ਵਾਲੇ ਪਾਸੇ ਝੁਕਣ ਲਈ ਆਮਾਦਾ ਹੋ ਗਏ ਹਨ। ਇਹ ਗੁਰਵਾਕ ਹੈਰਾਨਗੀ ਨਾਲ ਮੂੰਹ-ਅਡੇ ਧਰਮਰਾਇ ਦੀ ਉਗਾਹੀ ਭਰਦਾ ਹੈ ਅਤੇ ਧਰਮਰਾਇ ਦੀ ਪੱਕੀ ਹੋਂਦ ਦਾ ਸਬੂਤ ਦਿੰਦਾ ਹੈ।

ਸ੍ਰੀ ਆਸਾ ਜੀ ਦੀ ਵਾਰ ਦਾ ਪਾਠ ਕਰਦੇ ਹੋਏ ਅਸੀਂ ਹਰ ਰੋਜ਼ ਪੜ੍ਹਦੇ ਹਾਂ—

ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥
ਭੈ ਵਿਚਿ ਰਾਜਾ ਧਰਮ ਦੁਆਰੁ ॥...੧॥
[ਆਸਾ ਦੀ ਵਾਰ, ਸਲੋਕ ਮ: ੧, ਪੰਨਾ ੪੬੪

ਤਾਂ ਦਸੋ ਧਰਮਰਾਇ ਦੀ ਹੋਂਦ ਤੋਂ ਮੁਨਕਰ ਹੋਣ ਦੀ ਕੋਈ ਗੁੰਜਾਇਸ਼ ਹੈ ? ਹੈ ਹੀ ਨਹੀਂ। ਧਰਮਰਾਇ ਦੀ ਹਸਤੀ ਮੰਨਣੀ ਪਈ, ਨਾਲੇ ਇੰਦਰ ਆਦਿਕਾਂ ਦੀ ਭੀ।

ਇਸ ਪਰਕਾਰ ਦੇ ਪ੍ਰਥਾਇਕ ਗੁਰਵਾਕਾਂ ਤੋਂ ਮੁਨਕਰਾਂ ਦੀ ਦੁਬਿਧਾ-ਗ੍ਰਸਤ ਦਸ਼ਾ ਭੀ ਤਿਨ੍ਹਾਂ ਨੂੰ ਧਰਮਰਾਇ ਦੇ ਦਰਬਾਰ ਵਿਚ ਸਜ਼ਾ ਮਿਲਣ ਦੇ ਭਾਗੀ ਬਣਾਵੇਗੀ। ਯਥਾ ਗੁਰਵਾਕ—

ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮਰਾਇ ਤਿਸੁ ਦੇਇ ਸਜਾਇ ॥
੩॥ (੪॥੪॥੬) [ਗੂਜਰੀ ਮ: ੩, ਪੰਨਾ ੪੯੧

ਨਾਮ ਬਿਨਾਂ, ਨਾਮ ਦੀ ਕ੍ਰਿਸ਼ਮ-ਕਲਾ ਵਰਤੇ ਬਿਨਾਂ ਸਾਰਾ ਸੰਸਾਰ ਹੀ ਦੁਬਿਧਾ-ਗ੍ਰਸਤ ਰੋਗੀ ਹੈ, ਦੁਬਿਧਾ-ਬਾਧਾ ਹੀ ਆਉਂਦਾ ਜਾਂਦਾ ਹੈ । ਉਸ ਨਰ ਦੀ ਦੁਬਿਧਾ ਤਾਂ ਕਦੇ ਮਿਟਦੀ ਹੀ ਨਹੀਂ, ਜਿਸ ਨੂੰ ਸਤਿਗੁਰਾਂ ਦੇ ਵਾਕਾਂ ਉਤੇ ਪਰਤੀਤ ਨਹੀਂ ਆਉਂਦੀ । ਉਸ ਨੂੰ ਹੋਰ ਥਾਉਂ ਕਿਹੜਾ ਮਿਲਸੀ, ਦੁਬਿਧਾ ਮਿਟਾਉਣ ਦਾ । ਬੱਸ, ਧਰਮਰਾਇ ਦੇ ਵਸ ਹੀ ਪੈਣਗੇ । ਧਰਮਰਾਇ ਦੇ ਦੇਸ (region) ਸਮਸਰ ਹੀ ਪਰਲੋਕ ਵਿਖੇ ਬ੍ਰਹਮ ਲੋਕ, ਰੁਦ੍ਰ ਲੋਕ ਆਦਿਕ ਤਬਕੇ ਭੀ ਹਨ । ਯਥਾ ਗੁਰਵਾਕ—

ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ ॥
ਸਾਧ ਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ ॥੧॥
ਅਬ ਮੋਹਿ ਆਇ ਪਰਿਓ ਸਰਨਾਇ ॥
ਗੁਹਜ ਪਾਵਕੋ ਬਹੁਤੁ ਪ੍ਰਜਾਰੈ
ਮੋਕਉ ਸਤਿਗੁਰਿ ਦੀਓ ਹੈ ਬਤਾਇ ॥੧॥ਰਹਾਉ॥
ਸਿਧ ਸਾਧਿਕ ਅਰ ਜਖ੍ ਕਿੰਨਰ ਨਰ ਰਹੀ ਕੰਠਿ ਉਰਝਾਇ ॥
ਜਨ ਨਾਨਕ ਅੰਗੁ ਕੀਆ ਪ੍ਰਭਿ ਕਰਤੈ ਜਾ ਕੈ ਕੋਟਿ ਐਸੀ ਦਾਸਾਇ ॥੨॥
(੨॥੧੩॥੨੧) [ਗੂਜਰੀ ਮ: ੫, ਪੰਨਾ ੫੦੦

ਇਸ ਗੁਰਵਾਕ ਤੋਂ ਇਹ ਸਿੱਧ ਹੁੰਦਾ ਹੈ ਕਿ ਬ੍ਰਹਮਾ, ਮਹਾਦੇਉ, ਇੰਦਰ ਆਦਿਕ ਦੇਵਤਿਆਂ ਦੇ ਮੰਡਲ ਅਣਦ੍ਰਿਸ਼ਟੀ ਰਚਨਾ ਵਿਚ ਵੱਖੋ-ਵੱਖ ਬਣੇ ਹੋਏ ਹਨ । ਇਹ ਮਾਇਆ ਏਹਨਾਂ ਬ੍ਰਹਮਾ, ਰੁਦ੍ਰ (ਸ਼ਿਵਜੀ), ਇੰਦਰ ਆਦਿਕ ਦੇਵਤਿਆਂ ਦੇ ਮੰਡਲਾਂ ਤੇ ਤਾਂ ਹਾਵੀ ਹੋ ਜਾਂਦੀ ਹੈ, ਏਹਨਾਂ ਮੰਡਲਾਂ ਨੂੰ ਸਰ ਕਰ ਕੇ ਜਦੋਂ ਏਧਰ ਧਾਈ ਕਰਿ ਆਈ ਤਾਂ ਸਾਧ-ਸੰਗਤਿ ਵਲ ਮਾੜੀ ਨਿਗਾਹ ਨਾਲ ਤੱਕ ਭੀ ਨਾ ਸਕੀ, ਸਗੋਂ ਸਾਧ ਸੰਗਤਿ ਦੇ ਚਰਨ ਮਲ ਮਲ ਧੋਂਦੀ ਹੈ; ਵਾਹਿਗੁਰੂ ਅਤੇ ਗੁਰ-ਸਰਨਾਈ ਆਇਆਂ ਨੂੰ ਜੋਹਿ ਨਹੀਂ ਸਕਦੀ । ਇਸ ਦੇ ਮੁੱਠੇ-ਗਰੁੱਠੇ ਹੋਇਆਂ ਨੂੰ ਹੀ ਅਗੇ ਜਾ ਕੇ ਧਰਮਰਾਇ ਅਤੇ ਉਸ ਦੇ ਦੂਤਾਂ ਦਾ ਜ਼ੋਰ-ਧਿੰਙਾਣਾ ਹੁੰਦਾ ਹੈ । ਇਹ ਮਾਇਆ-ਮਈ ਗੁਝੀ ਅਗਨੀ ਬਹੁਤਿਆਂ ਨੂੰ ਸਾੜ ਦੇ ਦਗਧ ਕਰ ਦੇਂਦੀ ਹੈ । ਐਸੀ ਗੁਹਜ ਖ਼ਬਰ ਸਤਿਗੁਰੂ ਨੂੰ ਹੋਈ ਹੈ । ਸਿੱਧਾਂ ਸਾਧਕਾਂ ਅਤੇ ਕਰਾਮਾਤੀਆਂ, ਜਖਾਂ, ਕਿੰਨਰਾਂ, ਨਰਾਂ ਮਨੁੱਖਾਂ ਸਾਰਿਆਂ ਦੇ ਗਲ ਆ ਚਿੰਮੜਦੀ ਹੈ । ਪਰੰਤੂ ਸਤਿਗੁਰੂ ਜਿਨ੍ਹਾਂ ਨੂੰ ਅੰਗੀਕਾਰ ਕਰਦਾ ਹੈ, ਤਿਨ੍ਹਾਂ ਦੇ

ਲਵੇ ਨਹੀਂ ਲੱਗ ਸਕਦੀ, ਕਿਉਂਕਿ ਕਰਤੇ ਪੁਰਖ ਦੇ ਘਰ ਅਜਿਹੀਆਂ ਮਾਇਆ ਲਛਮੀਆਂ ਵਰਗੀਆਂ ਕ੍ਰੋੜਾਂ ਹੀ ਗੋਲੀਆਂ 'ਪਾਣੀ ਭਰਦੀਆਂ ਅਤੇ ਵਾਹਿਗੁਰੂ ਦੇ ਜਨਾਂ ਦੀਆਂ ਦਾਸੀਆਂ ਬਣ ਕੇ ਕਰਮ ਕਮਾਉਂਦੀਆਂ ਹਨ।

ਭਗਤ ਜਨਾਂ ਨ੍ਹੀ ਤਾਂ ਮਾਇਆ ਦਾਸੀ ਹੈ, ਤਿਨ੍ਹਾਂ ਅਗੇ ਕਾਰ ਕਮਾਵੰਦੀ ਹੈ। ਪਰ ਭਗਤ ਜਨ ਇਸ ਤੋਂ ਅਲੇਪ ਰਹਿੰਦੇ ਹਨ। ਕੋਈ ਲੇਪ ਛੇਪ ਤਿਨ੍ਹਾਂ ਨੂੰ ਇਸ ਨਾਗਨੀ ਦਾ ਲੱਗਣਾ ਹੀ ਨਹੀਂ ਪਾਉਂਦਾ। ਮਨਮੁਖਾਂ ਸੰਸਾਰੀਆਂ ਉਤੇ ਅਨਿਕ ਰੂਪ ਧਾਰ ਧਾਰ ਕੇ ਆਪਣਾ ਅਸਰ ਐਸਾ ਪਾਉਂਦੀ ਹੈ ਕਿ ਓਹਨਾਂ ਨੂੰ ਆਪਣੇ ਦਾਸ ਹੀ ਬਣਾ ਲੈਂਦੀ ਹੈ। ਸਾਰੀ ਉਮਰ ਮਨਮੁਖ ਇਸੇ ਦੇ ਦਾਸ ਬਣੇ ਰਹਿੰਦੇ ਹਨ। ਇਸ ਨਾਗਨੀ ਦੇ ਜਿਸ ਸਰੂਪ ਦਾ ਸਾਰੀ ਉਮਰ ਪਰਬਲ ਪਰਭਾਵ ਜਿਸ ਜਿਸ ਸੰਸਾਰੀ ਦੀ ਚਿਤ-ਬਿਰਤੀ ਤੇ ਹਾਵੀ ਰਹਿੰਦਾ ਹੈ, ਓਹੀ ਅੰਤੀ ਅਉਸਰ ਪ੍ਰਾਣੀ ਤੇ ਭਾਰੂ ਰਹਿੰਦਾ ਹੈ ਤੇ ਓਹੋ ਜਿਹੀ ਚਿੰਤਾ ਅੰਦਰ ਉਹ ਮਰਦਾ ਹੈ। ਜਿਸ ਚਿੰਤਾ ਬੱਧਾ ਉਹ ਮਰਦਾ ਹੈ, ਉਸੇ ਅਨੁਸਾਰ ਉਸ ਨੂੰ ਆਵਾਗਵਣੀ ਜਨਮ ਮਿਲਦਾ ਹੈ ਤੇ ਉਹ ਜੂਨੀਆਂ ਵਿਚ ਪੈਂਦਾ ਰਹਿੰਦਾ ਹੈ। ਗੁਰਬਾਣੀ ਅੰਦਰ ਇਸ ਪ੍ਰਕਾਰ ਇਸ ਦਾ ਕੁਝਕੁ ਵਿਸਥਾਰ ਆਇਆ ਹੈ। ਯਥਾ ਗੁਰਵਾਕ—

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥੧॥
ਅਰੀ ਬਾਈ ਗੋਬਿੰਦ ਨਾਮੁ ਮਤਿ ਬੀਸਰੈ ॥ਰਹਾਉ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥
ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥

[ਗੂਜਰੀ ਤ੍ਰਿਲੋਚਨ ਜੀ, ਪੰਨਾ ੫੨੬

ਵਿਆਖਿਆ—ਅੰਤ ਕਾਲ ਵਿਖੇ ਜੋ ਲਛਮੀ ਮਾਇਆ (ਧਨ) ਦਾ ਹੀ ਚਿੰਤਨ ਕਰਦਾ ਹੈ ਅਤੇ ਏਸੇ ਮਾਇਆ ਦੀ ਚਿੰਤਾ ਵਿਚ ਮਰਦਾ ਹੈ ਉਹ ਮੁੜ ਮੁੜ ਸੱਪ ਦੀ ਜੂਨੀ ਵਿਚ ਹੀ ਪੈਂਦਾ ਹੈ, (ਏਸੇ ਕਰਕੇ ਦੇਖਿਆ ਗਿਆ ਹੈ ਕਿ ਅਕਸਰ

ਕਰਕੇ ਸੱਪ ਖ਼ਜ਼ਾਨਿਆਂ ਉੱਪਰ ਰਹਿੰਦਾ ਹੈ)। ਪ੍ਰਾਣੀ ਦੀ ਚਿਤ-ਬਿਰਤੀ ਉਤੇ ਹਰ ਵਕਤ ਕੋਈ ਨ ਕੋਈ ਸੰਕਲਪ ਚਿਤਵਨੀ ਸਵਾਰ ਹੀ ਰਹਿੰਦੀ ਹੈ। ਜੋ ਪਰਬਲ ਚਿਤਵਣੀ ਅੰਤੀ ਅਉਸਰ ਚਿਤ-ਬਿਰਤੀ ਉਤੇ ਹਾਵੀ ਹੁੰਦੀ ਹੈ, ਉਸੇ ਸੰਕਲਪ ਚਿਤਵਨੀ ਦਾ ਬੱਧਾ ਜੀਵ ਜਨਮ ਧਾਰਦਾ ਹੈ। ਮੁੜ ਮੁੜ ਉਹੀ ਜਨਮ ਧਾਰਦਾ ਹੈ। ਨਾਮ ਤੋਂ ਬਿਨਾਂ ਜਿਤਨੀਆਂ ਭੀ ਚਿਤਵਨੀਆਂ ਹਨ, ਓਹ ਇਸ ਜੀਵ ਨੂੰ ਨਾਨਾ ਪ੍ਰਕਾਰ ਦੀਆਂ ਜੂਨੀਆਂ ਵਿਚ ਲੈ ਜਾ ਕੇ ਖੁਆਰ ਕਰਨਹਾਰੀਆਂ ਹਨ। ਇਨ੍ਹਾਂ ਜਨਮ ਜੂਨਾਂ ਦੀ ਖੁਆਰੀ ਤੋਂ ਬਚਣ ਲਈ ਇਕੋ ਇਕ ਇਲਾਜ ਬਸ ਇਹੀ ਹੈ ਕਿ ਨਾਮ ਦੀ ਹੀ ਸਿਮਰਨ ਰੂਪ ਚਿਤਵਨੀ ਮਨ ਅੰਦਰ ਵਸਾਵੇ। ਪਹਿਲਾਂ ਤੋਂ ਹੀ ਨਾਮ ਅਭਿਆਸ ਦੀ ਖਿਨ ਖਿਨ ਦੰਮ-ਬਦੰਮ ਸਿਮਰਨ ਚਿਤਵਨੀ ਦੀ ਸੰਥਾ ਪਕਾਵੇ, ਐਸੀ ਪਕਾਵੇ ਕਿ ਅੰਤੀ ਅਉਸਰ ਨਾਮ ਬਿਨਾਂ ਹੋਰ ਸੰਕਲਪ ਹੀ ਨਾ ਫੁਰੇ। ਇਹ ਤਦੇ ਹੀ ਹੋ ਸਕਦਾ ਹੈ ਕਿ ਮੁੱਢ ਤੋਂ, ਸੁਰਤੀ ਸੰਭਾਲਣ ਦੇ ਸੁਮੇਂ ਤੋਂ ਹੀ ਸਿਮਰਨ ਕਰਨ ਲਗ ਜਾਵੇ। ਨਹੀਂ ਤਾਂ "ਆਵੈ ਅੰਤੁ ਨ ਭਜਿਆ ਜਾਈ" ਦੇ ਗੁਰਵਾਕ ਅਨੁਸਾਰ ਅੰਤ ਦਾ ਅਉਸਰ ਆਉਣ ਤੇ ਭਜਨ ਹੋਣਾ ਅਤੀ ਕਠਨ ਹੈ, ਹੋ ਹੀ ਨਹੀਂ ਸਕਦਾ। ਕਿਸੇ ਵਿਰਲੇ ਦਾ ਪੂਰਬਲੇ ਜਨਮ ਦਾ ਕਰਮ ਐਸਾ ਉਗਵਿ ਆਇਆ ਹੋਵੇ ਤਾਂ ਭਾਵੇਂ ਕ੍ਰੋੜਾਂ ਵਿਚੋਂ ਕਿਸੇ ਇਕ ਅੱਧੇ ਦੀ ਬਿਰਤੀ ਅਚਾਨਕ ਹੀ ਸਿਮਰਨ ਵਲ ਆ ਲਗੇ। ਨਹੀਂ ਤਾਂ ਜੋ ਕਰਮ ਕਰਨ ਵਿਚ ਪ੍ਰਾਣੀ ਸਾਰੀ ਉਮਰ ਖੱਚਤ ਅਤੇ ਪਰਵਿਰਤ ਰਹਿੰਦਾ ਹੈ ਓਹੋ ਕਰਮ ਕਮਾਇਣੀ ਸੰਸਕਾਰ-ਮਈ ਸੰਕਲਪ ਹੀ ਪ੍ਰਾਣੀ ਦੀ ਅੰਤੀ ਅਉਸਰ ਚਿਤ-ਬਿਰਤੀ ਨੂੰ ਚਿਮੜੇ ਰਹਿੰਦੇ ਹਨ। ਓਹਨਾਂ ਅਨੁਸਾਰ ਹੀ ਉਸ ਨੂੰ ਜਨਮ-ਜੂਨੀ ਮਿਲਦੀ ਹੈ। ਮਰ ਕੇ ਹਰ ਇਕ ਮਨਮੁਖ ਪ੍ਰਾਣੀ ਇਕ-ਦੰਮ ਹੀ ਜੂਨੀਆਂ ਵਿਚ ਨਹੀਂ ਜਾ ਪੈਂਦਾ, ਪਹਿਲਾਂ ਜਮ ਮਾਰਗ ਦੇ ਧੱਕੇ-ਧੋੜੇ ਖਾਂਦਾ ਹੈ, ਨਰਕ ਸਜ਼ਾਈਂ ਸਹਿੰਦਾ ਹੈ, ਫੇਰ ਪੁਰਬ-ਜਨਮੀ ਅੰਤ-ਕਾਲ ਅਉਸਰੀ ਚਿਤ-ਬ੍ਰਿਤੀ ਦੀ ਪਰਬਲ ਚਿਤਵਨੀ ਅਨੁਸਾਰ ਢੁਕਵੀਂ ਜੂਨ ਵਿਚ ਹੁਕਮ ਅਨੁਸਾਰ ਪੈਂਦਾ ਹੈ। ਇਸ ਗੇੜ ਤੋਂ ਬਚਣ ਲਈ ਕੇਵਲ ਇਹ ਉਪਾਵ ਹੈ ਕਿ ਕਿਸੇ ਖਿਨ ਭੀ ਗੋਬਿੰਦ ਨਾਮ ਉੱਕਾ ਹੀ ਨ ਬਿਸਰੇ।

ਜਿਸ ਪ੍ਰਾਣੀ ਦੀ ਮਾਇਆ-ਮਈ ਮੋਹ-ਮਮਤਾ ਅੰਤ ਕਾਲ ਸਮੇਂ ਇਸਤ੍ਰੀ ਤੇ ਇਸਤ੍ਰੀ ਭੋਗਣ ਵਿਚ ਹੁੰਦੀ ਹੈ ਅਤੇ ਇਸੇ ਮੋਹ-ਮਮਤਾ ਮਈ ਖ਼ਿਆਲ ਚਿੰਤਾ-ਮਈ ਚਿਤਵਨੀਆਂ ਚਿਤਵਦਾ ਮਰ ਜਾਂਦਾ ਹੈ, ਓਹ ਅਗਲੇ ਜਨਮ ਵਿਖੇ ਵੇਸਵਾ ਦੀ ਜੂਨੀ ਵਿਚ ਹੀ ਮੁੜ ਮੁੜ ਪੈਂਦਾ ਹੈ। ਜਿਸ ਮਰਨ ਲਗੇ ਪ੍ਰਾਣੀ ਦੀ ਸੁਰਤ ਸੰਤਾਨ ਦੀ ਮੋਹ ਮਮਤਾ ਵਿਚ ਹੁੰਦੀ ਹੈ, ਉਹ ਪ੍ਰਾਣੀ ਸੂਰੀ ਦੀ ਜੂਨੀ ਵਿਚ ਹੀ

 www.sikhbookclub.com

ਮੁੜ ਮੁੜ ਪੈਂਦਾ ਹੈ, ਕਿਉਂਕਿ ਸੂਰੀ ਦੀ ਸੰਤਾਨ ਸਾਰਿਆਂ ਨਾਲੋਂ ਬਹੁਤੀ ਹੁੰਦੀ ਹੈ। ਅੰਤ ਵਿਚ ਚਿਤ ਚਿਤਵੇ ਸੰਕਲਪ ਦੀ ਭੋਗ ਭੋਗਣੀ ਹੀ ਪੈਂਦੀ ਹੈ। ਨਾਮ ਵਿਚ ਅਰੂੜ੍ਹ ਹੋਏ ਬਿਨਾਂ, ਆਨ-ਮਤ ਸ਼ੁਭ ਕਰਮੀ ਦੀ ਸੁਰਤੀ ਅੰਤੀ ਅਉਸਰ ਅਕਸਰ ਗੜਬੜ ਵਿਚ ਹੀ ਪੈ ਜਾਇਆ ਕਰਦੀ ਹੈ, ਜੋ ਉਸ ਨੂੰ ਰਸਾਤਲ ਵਿਚ ਲੈ ਜਾਂਦੀ ਹੈ, ਚਾਹੇ ਉਸ ਨੇ ਕਿਤਨੇ ਭੀ ਸੁਭ ਕਰਮ ਕੀਤੇ ਹੋਣ। ਪਰ ਉਸ ਨੂੰ ਅੰਤੀ ਅਉਸਰ ਪਰਬਲ ਚਿਤ-ਬਿਰਤੀ ਦੇ ਸੰਸਕਾਰੀ ਸੰਕਲਪ ਦੇ ਹੀ ਭੋਗ ਭੋਗਣੇ ਪੈਂਦੇ ਹਨ।

ਕਹਿੰਦੇ ਹਨ, ਇਕ ਆਨ-ਮਤ ਅਵਲੰਬੀ ਤਪੀਸਰ ਰਿਖੀ ਨੇ ਸਾਰੀ ਉਮਰ ਤਪੱਸਿਆ ਸਾਧੀ, ਪਰ ਦੇਵਨੇਤ ਐਸੀ ਹੋਈ ਕਿ ਉਸ ਦੀ ਚਿਤ-ਬਿਰਤੀ ਸੰਤਾਨ ਉਤਪਤੀ ਦੇ ਸੰਕਲਪ-ਸੰਸਕਾਰਾਂ ਵਲ ਹੀ ਮਬਜ਼ੂਲ ਹੋ ਗਈ। ਮਰਨ ਸਮੇਂ ਉਸ ਨੂੰ ਅਗਾਂਹ ਲੈ ਜਾਣ ਲਈ ਦੇਵਗਣ ਭੀ ਆ ਗਏ ਅਤੇ ਜਮਗਣ ਭੀ ਆ ਗਏ, ਫੜ ਕੇ ਧਰਮਰਾਜ ਪਾਸ ਲੈ ਗਏ। ਉਸ ਦੇ ਦੇਵ ਕਰਮ ਬਹੁਤੇ ਕੀਤੇ ਹੋਏ ਸਨ। ਅਸੁਰ ਕਰਮੀ ਸੰਸਕਾਰ ਕੇਵਲ ਅੰਤ ਸਮੇਂ ਹੀ ਉਸ ਦੀ ਬਿਰਤੀ ਤੇ ਆ ਪਰਬਲ ਪਏ ਸਨ। ਉਸ ਦੀ ਉਛਲ ਉੱਪਰ ਹੀ ਵਿਹ ਬਾਤ ਛੱਡ ਦਿਤੀ ਗਈ ਕਿ ਪਹਿਲਾਂ ਸੁਭ ਕਰਮਾਂ ਦਾ ਸਵਾਬ ਸੁਰਗ ਭੁਗਤਣਾ ਹੈ ਕਿ ਅਸੁਰ ਕਰਮੀ ਸਜ਼ਾ ਪਿਛਲੇ ਮਰਨ ਸਮੇਂ ਦੇ ਸੰਸਕਾਰ ਅਨੁਸਾਰ ਭੁਗਤਣੀ ਹੈ। ਇਹ ਭੁਗਤਣੀ ਅਵੱਸ਼ ਪਊ। ਭਾਵੇਂ ਸਵਰਗ-ਭੁਗਤਣੀ ਪਹਿਲਾਂ ਭੁਗਤ ਲਵੇ ਭਾਵੇਂ ਪਿਛੋਂ। ਉਸ ਤਪੱਸਵੀ ਨੇ ਪਹਿਲਾਂ ਨਾਲੋਂ ਪਿਛੋਂ ਹੀ ਸੁਰਗ ਭੁਗਤਣਾ ਮਨਜ਼ੂਰ ਕੀਤਾ। ਉਸ ਨੂੰ ਸੂਰੀ ਦੀ ਜੂਨੀ ਵਿਚ ਪੌਂ ਦਿਤਾ ਗਿਆ। ਇਸ ਜੂਨੀ ਵਿਚ ਪੂਰਾਂ ਦੇ ਪੂਰ ਹੀ ਬੱਚੇ ਉਸ ਨੇ ਜਣੇ। ਜਦੋਂ ਉਸ ਦੀ ਅਉਧ ਭੀ ਆ ਪੁਜੀ ਤਾਂ ਫੇਰ ਦੇਵ ਗਣ ਤੇ ਜਮ ਗਣ ਲੈਣ ਆਏ। ਦੇਵ ਗਣਾਂ ਨੇ ਉਸ ਨੂੰ ਪੁਛਿਆ ਕਿ ਹੁਣ ਤੈਨੂੰ ਸੁਰਗਾਂ ਵਿਚ ਲ ਚਲੀਏ। ਸੂਰੀ ਦੀ ਜੂਨ ਬਹੁਤ ਭੁਗਤ ਲਈ ਹੈ। ਹੁਕਮ ਹੈ ਧਰਮਰਾਇ ਦਾ ਕਿ ਤੈਨੂੰ ਹੁਣ ਸੁਰਗ ਭੁਗਤਾਏ ਜਾਣ। ਤਾਂ ਉਸ ਨੇ ਉੱਤਰ ਦਿੱਤਾ ਕਿ ਮੈਨੂੰ ਤੁਸਾਡੇ ਦੱਸੇ ਸੁਰਗਾਂ ਨਾਲੋਂ ਇਹ ਸੂਰੀ ਦੀ ਜੂਨੀ ਹੀ ਚੰਗੀ ਹੈ। ਇਸ ਸੰਤਾਨ ਨੂੰ ਛੱਡ ਕੇ ਕਿਤੇ ਭੀ ਜਾਣ ਨੂੰ ਜੀਅ ਨਹੀਂ ਚਾਹੁੰਦਾ। ਸੁਰਗ ਬਹਿਸ਼ਤਾਂ ਸਾਰੀਆਂ ਹੇਚ ਹਨ। ਤੁਸਾਡੇ ਧਰਮਰਾਇ ਦਾ ਵਾਸਤਾ, ਮੈਨੂੰ ਇਸ ਸੰਤਾਨ ਤੋਂ ਨਾ ਵਿਛੋੜੋ। ਇਸ ਦੀ ਇਹ ਅਧੋਗਤੀ ਦੇਖ ਕੇ ਦੇਵਗਣਾਂ ਨੇ ਉਸ ਨੂੰ ਉਸ ਦੇ ਪੂਰਬਲੇ ਜਨਮ ਦੀ ਤਪੱਸਿਆ ਚੇਤੇ ਕਰਾਈ ਕਿ ਤੈਂ ਐਸੀ ਗਿਆਨ-ਮਈ ਤਪੱਸਿਆ ਸਾਧੀ ਹੈ। ਗੱਲ ਕੀ, ਜਦ ਉਸ ਦੀ ਪੂਰਬਲੀ ਯਾਦਾਸ਼ਤ ਸਾਰੀ ਜਾਗ੍ਰਤ ਵਿਚ ਸਾਵਧਾਨ ਕਰ ਦਿਤੀ ਤਾਂ ਉਸ ਨੂੰ ਬਹੁਤ ਹੀ ਸ਼ਰਮਸਾਰੀ ਹੋਈ।

 www.sikhbookclub.com

ਓਹੋ ! ਕੈਸੀ ਰਸਾਤਲੀ ਗ਼ਾਰਤਗਰੀ ਵਿਚ ਨਿਘਰਤਾ ਹੋ ਰਹੀ ਸੀ, ਬੜਾ ਪਛੋਤਾਉ ਕੀਤਾ; ਤਾਂ ਮਨਜ਼ੂਰ ਕੀਤਾ ਸੁਰਗਾਂ ਵਿਚ ਜਾਣਾ । ਨਹੀਂ ਤਾਂ ਉਸ ਨੂੰ ਸੂਕਰ ਜੋਨ ਵਿਚ ਹੀ ਵਲਿ ਵਲਿ ਅਉਤਰਨ ਦੀ ਲਿੱਲ ਲਗੀ ਹੋਈ ਸੀ । ਅੰਤਲੀ ਲਿੱਲ ਇਉਂ ਖ਼ਰਾਬ ਕਰਦੀ ਹੈ ਆਨਮਤ ਕਰਮਚਾਰੀਆਂ ਨੂੰ । ਇਹ ਕੇਵਲ ਗੁਰਮਤਿ ਨਾਮ ਦੀ ਕਮਾਈ ਹੀ ਹੈ ਜੋ ਏਧਰ ਓਧਰ ਦੇ ਠਿਠਰ ਬਿਠਰ ਫੁਰਨੇ ਕਫੁਰਨੇ ਅੰਤੀ ਅਉਸਰ ਸਫੁਰਨ ਨਹੀਂ ਹੋਣ ਦਿੰਦੀ । ਨਾਮ ਅਭਿਆਸ ਨਾਲ ਸਾਰੇ ਸੰਸਕਾਰ ਨਾਮ ਦੀ ਪਾਰਸ-ਸ਼ਕਤ ਦੀ ਬਰਕਤ ਨਾਲ ਦਗਧ ਹੋ ਜਾਂਦੇ ਹਨ ।

ਉਪਰਲੇ ਗੁਰਵਾਕ ਦੇ ਤੀਜੇ ਅੰਗ ਵਿਚ ਇਉਂ ਉਚਾਰਨ ਹੋਇਆ ਹੈ ਕਿ ਅੰਤ ਕਾਲ ਵਿਖੇ ਜੇ ਪ੍ਰਾਣੀ ਦੀ ਸੁਰਤ ਨਿਜ ਬਣਾਈਆਂ ਮੰਦਰ ਮਾੜੀਆਂ ਮਕਾਨ ਮੰਦਰਾਂ ਵਿਚ ਚਲੀ ਜਾਵੇ ਅਤੇ ਮੰਦਰ ਦੀਆਂ ਚਿਤਵਨ ਚਿੰਤਨੀਆਂ ਚਿਤਵਦਾ ਹੀ ਉਹ ਮਰ ਜਾਵੇ ਤਾਂ ਉਸ ਨੂੰ ਪ੍ਰੇਤ (ਭੂਤ) ਦੀ ਜੂਨੀ ਹੀ ਮੁੜ ਮੁੜ ਅਤੇ ਚਿਰੰਕਾਲ ਲਈ ਭੁਗਤਣੀ ਪੈਂਦੀ ਹੈ । ਭੂਤ ਪ੍ਰੇਤ ਦੀਆਂ ਜੂਨੀਆਂ ਭੀ ਹਨ, ਜੈਸਾ ਕਿ "ਕਈ ਕੋਟਿ ਭੂਤ ਪ੍ਰੇਤ ਸੂਕਰ ਮਿਰਗਾਚ" ਆਦਿ ਹੋਰ ਕਈ ਗੁਰ ਪ੍ਰਮਾਣਾਂ ਤੋਂ ਸਿਧ ਹੈ । ਏਸੇ ਪ੍ਰੇਤ ਜੋਨ ਦੀ ਹੋਂਦ ਦਾ ਹਡ ਵਰਤਿਆ ਉਦਾਹਰਨ ਇਸ ਪੁਸਤਕ ਪੜ੍ਹਨਹਾਰਿਆਂ ਦੇ ਪੇਸ਼ ਕੀਤਾ ਜਾਂਦਾ ਹੈ ।

## ਪ੍ਰੇਤ-ਉਧਾਰ—

ਪਰਸਿਧ ਅਖੰਡ ਪਾਠੀ ਅਤੇ ਕੀਰਤਨੀ ਜੱਥੇ ਦੀ ਪੈਦਲ ਯਾਤ੍ਰਾ ਸਮੂਹ ਗੁਰਦਵਾਰਿਆਂ ਦੀ ਕਰਨ ਦਾ ਦਉਰ ਦਉਰਾ ਅਰੰਭ ਹੋ ਗਿਆ । ਦ੍ਰਿੜ੍ਹ ਸੰਕਲਪ ਜੱਥੇ ਦਾ ਇਹ ਹੋ ਗਿਆ ਕਿ ਜਿਨ੍ਹੀਂ ਰਾਹੀਂ ਸ੍ਰੀ ਦਸਮੇਸ਼ ਜੀ ਬਿਚਰਦੇ ਸ੍ਰੀ ਹਜ਼ੂਰ ਸਾਹਿਬ ਓਰ ਪਧਾਰੇ ਹਨ, ਓਹਨੀਂ ਰਾਹੀਂ ਅਤੇ ਓਹਨੀਂ ਹੀ ਮੰਜ਼ਲੀਂ ਮੁਕਾਮੀਂ ਤੁਰਿ ਤੁਰਿ (ਚਲਿ ਚਲਿ) ਤੇ ਠਹਿਰ ਠਹਿਰ ਕੇ ਹੀ ਸਾਰਾ ਜੱਥਾ ਪੈਦਲ ਅਨੰਦ ਮਾਣਦਾ ਜਾਵੇ । ਯਾਤਰਾ ਕਰਦੇ ਕਰਦੇ ਰਾਹ ਵਿਚ ਇਕ ਪੁਰਾਣਾ ਕਸਬਾ ਆ ਗਿਆ, ਉਪਰੋਂ ਰਾਤ ਪੈਣ ਵਾਲੀ ਹੋ ਗਈ । ਰਹਿਰਾਸ ਦੇ ਪਾਠ ਦਾ ਸਮਾਂ ਭੀ ਹੋ ਗਿਆ । ਜੱਥੇ ਨੇ ਇਸੇ ਕਸਬੇ ਵਿਚ ਹੀ ਰੈਣ-ਬਸੇਰੇ ਲਈ ਕਿਆਮ ਕਰਨ ਦੀ ਧਾਰਨਾ ਧਾਰੀ । ਕਸਬੇ ਦੇ ਕਸਬਾਰੀਆਂ ਲੋਕਾਂ ਪਾਸੋਂ (ਜੋ ਸਾਰੇ ਆਨਮਤੀ ਸਨ) ਠਹਿਰ ਕਿਆਮ ਲਈ ਕੋਈ ਮੁਕਾਮ ਅਸਥਾਨ ਮਕਾਨ ਪੁਛਿਆ ਗਿਆ । ਓਹਨਾਂ ਨੇ ਮਥ ਕੇ ਸ਼ਰਾਰਤ ਨਾਲ ਉਹ ਮਕਾਨ ਦਸਿਆ, ਜਿਥੇ ਕਦੇ ਕੋਈ ਮੁਸਾਫ਼ਰ ਯਾ ਕਰਾਏਦਾਰ ਇਕ ਰਾਤ ਭੀ ਨਹੀਂ ਸੀ ਕੱਟ ਸਕਦਾ । ਇਸ ਪੱਕੇ ਮਕਾਨ ਵਿਖੇ ਕੋਈ ਆਸੇਬ ਹੋਂਦਨੀ (ਪ੍ਰੇਤ ਦਾ ਹੋਣਾ) ਮਸ਼ਹੂਰ ਸੀ, ਜਿਥੇ ਵਾਸਾ ਕਰਨ ਲਈ ਕਈ

ਜਾਨਾਂ ਭੀ ਜੋਖੋਂ ਵਿਚ ਪੈ ਚੁੱਕੀਆਂ ਸਨ। ਸ਼ਰਾਰਤੀਆਂ ਨੇ ਜਾਣ ਬੁਝ ਕੇ ਅਤੇ ਗਿਣ ਮਿਥ ਕੇ ਜੱਥੇ ਨੂੰ ਉਸੇ ਮਕਾਨ ਵਿਚ ਹੀ ਉਤਾਰਾ ਦੇ ਦਿਤਾ। ਮਕਾਨ ਬੜਾ ਵਸੀਅ ਅਤੇ ਪੱਕਾ ਬਣਿਆ ਹੋਇਆ ਸੀ, ਪਰ ਬੜੇ ਪੁਰਾਣੇ ਵੇਲਿਆਂ ਦਾ ਬਣਿਆ ਹੋਇਆ ਪਰਤੀਤ ਹੁੰਦਾ ਸੀ। ਅਨੇਕਾਂ ਰਿਹਾਇਸ਼ੀ ਕਮਰੇ ਉਸ ਵਿਚ ਸਨ, ਪਰ ਐਸਾ ਪਰਤੀਤ ਹੁੰਦਾ ਸੀ ਕਿ ਕਦੇ ਰਿਹਾਇਸ਼ ਉਸ ਵਿਚ ਕਿਸੇ ਦੀ ਹੋਈ ਹੀ ਨਹੀਂ। ਬੜਾ ਕੁਸੁਥਰਾ ਪਿਆ ਸੀ। ਜੱਥੇ ਨੇ ਰੈਣ-ਬਸੇਰਾ ਜ਼ਰੂਰ ਕਰਨਾ ਸੀ। ਤੀਹ ਪੈਂਤੀ ਸਿੰਘਾਂ ਦਾ ਜੱਥਾ ਸੀ। ਹੱਥੋ-ਹੱਥੀ ਸਿੰਘਾਂ ਨੇ ਰੈਨ-ਬਸੇਰੇ ਜੋਗੀ ਜਗ੍ਹਾ ਦੀ ਸਫ਼ਾਈ ਕਰ ਲਈ। ਇਕ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਿਵਾਸ ਭੀ ਦੇ ਦਿੱਤਾ। ਖ਼ੂਬ ਸਫ਼ਾਈ ਵਿਛਾਈ ਕਰ ਕੇ ਸ੍ਰੀ ਗੁਰਦੇਵ ਜੀ ਬਿਰਾਜਮਾਨ ਕਰਾ ਦਿਤੇ ਅਤੇ ਉਸੇ ਕਮਰੇ ਵਿਚ ਜੱਥੇ ਦੇ ਅਧਮ ਸੇਵਕ ਜਥੇਦਾਰ ਸਿੰਘ ਜੀ ਨੇ ਭੀ ਭੂਮ-ਆਸਨ ਬਿਸਤਰਾ ਕਰ ਲਿਆ। ਸੋਦਰ ਦਾ ਦੀਵਾਨ ਭੀ ਸ੍ਰੀ ਗੁਰੂ ਮਹਾਰਾਜ ਦੇ ਤਾਬੇ ਉਸੇ ਕਮਰੇ ਵਿਚ ਹੀ ਸਜਿਆ। ਕੀਰਤਨ ਭਜਨ ਭੀ ਖ਼ੂਬ ਖ਼ੁਰਾਕ ਹੈ। ਫੇਰ ਆਪੋ-ਆਪਣੇ ਕਮਰਿਆਂ ਵਿਚ ਸਾਰੇ ਸਿੰਘ ਜਾ ਬਿਰਾਜੇ। ਜਥੇਦਾਰ ਸਿੰਘ ਹੀ ਸਵਾ ਲਖ ਨਾਲ ਗੁਰੂ ਸਾਹਿਬ ਵਾਲੇ ਕਮਰੇ ਰਹਿ ਗਏ। ਸਿਆਲੇ ਦੀ ਰੁਤ ਸੀ। ਬੂਹਾ ਭੇੜ ਕੇ ਦਰਵਾਜ਼ੇ ਮਾਰ ਕੇ ਹੀ ਸਵਣਾ ਬਣਦਾ ਸੀ। ਇਕਾਂਤ-ਵਾਸੀ ਜਥੇਦਾਰ ਸਿੰਘ ਨੇ ਭਜਨ ਏਕਾਂਤ ਦਾ ਆਨੰਦ ਲੈਣ ਲਈ ਅੰਦਰੋਂ ਬੂਹਾ ਮਾਰ ਲਿਆ ਅਤੇ ਕੀਰਤਨ ਸੋਹਿਲਾ ਪੜ੍ਹ ਕੇ ਅਭਿਆਸ ਆਨੰਦ ਵਿਚ ਜੁਟ ਗਏ।

ਰਾਤ ਤਕੜੀ ਬੀਤ ਚੁਕੀ ਸੀ। ਹੋਰ ਸਾਰੇ ਥਾਉਂ-ਥਾਈਂ ਸੌਂ ਚੁਕੇ ਸਨ। ਕੇਵਲ ਭੂਮ-ਆਸਨੀ ਗੁਰੂ ਤਾਬਿਆ ਨਿਵਾਸਨੀ ਜਥੇਦਾਰ ਸਿੰਘ ਹੀ ਜਾਗ ਰਹੇ ਸਨ। ਸੁਤੇ ਜਾਗਨੀ, ਸਿਮਰਨ ਸੁਜਾਗਨੀ ਵਿਚ ਸੁਰਤ ਇਸਥਿਤਨੀਏ ਹੋ ਰਹੇ ਸਨ ਕਿ ਯਕਾ-ਯਕ ਦਰਵਾਜ਼ੇ ਤੇ ਖਟਖਟਾਹਟੀ ਠੋਕਰਾਂ ਪੈਣ ਲੱਗ ਪਈਆਂ। ਸਿੰਘ ਸੁਜਾਨ ਜੀ ਨੇ ਉੱਠ ਕੇ ਦਰਵਾਜ਼ਾ ਖੋਲ੍ਹਿਆ ਤਾਂ ਕੀ ਦੇਖਦੇ ਹਨ, ਬੂਹਿਓਂ ਬਾਹਰ ਚੰਦ ਦੀ ਚਾਨਣੀ ਵਿਚ ਇਕ ਬੜੀ ਹੀ ਵਿਕਰਾਲ ਰੂਪ ਬੜੀ ਭਿਆਨਕ ਸ਼ਕਲ ਖੜੀ ਹੈ, ਜੋ ਸਿਰ ਤੋਂ ਪੈਰਾਂ ਤਾਈਂ ਲਰਜ਼ਾਉਂਦੀ ਹੋਈ ਥਰ ਥਰ ਕੰਬ ਰਹੀ ਹੈ। ਅਭਿਆਸ ਮੁਜੱਸਮੀ ਨਾਮ ਰਸੀਏ ਸਿੰਘ ਨੇ ਰੰਚਕ ਭੀ ਖ਼ੌਫ਼ ਨਹੀਂ ਖਾਧਾ ਅਤੇ ਉਸ ਨੂੰ ਵੰਗਾਰ ਕੇ ਪੁਛਿਆ ਕਿ ਤੂੰ ਕੌਣ ਹੈਂ? ਬੜੀ ਝੀਣੀ ਰੁਦਨ ਖ਼ੀਣੀ ਅਵਾਜ਼ ਵਿਚ ਉਸ ਬਿਕਰਾਲ ਰੂਪ ਵਲੋਂ ਉੱਤਰ ਆਇਆ ਕਿ ਮੈਂ ਇਸ ਮਕਾਨ ਦਾ ਮਾਲਕ ਹਾਂ। ਸਦੀਆਂ ਹੋਈਆਂ ਮੈਨੂੰ ਮਰ ਚੁੱਕੇ ਨੂੰ, ਮੇਰੇ ਅਭਾਗ ਕਿ ਇਸ ਪੱਕੇ ਮਕਾਨ ਦੀ ਪੱਕ ਮੁਹੱਬਤੀ ਪਦ-ਕੁਫੇਨੀ ਮੋਹ ਮਮਤੇਰ

ਨੇ ਮੈਨੂੰ ਪ੍ਰੇਤ ਦੀ ਜੂਨ ਵਿਚ ਪੁਆਇਆ, ਜਿਸ ਵਿਚ ਮੈਂ ਚਿਰੰਕਾਲ ਤੋਂ ਦੁਖ ਭੋਗ ਰਿਹਾ ਹਾਂ, ਜੋ ਮੈਥੋਂ ਦਸੇ ਨਹੀਂ ਜਾਂਦੇ। ਇਸ ਮਕਾਨ ਦੀ ਚਾਰ-ਦੀਵਾਰੀ ਵਿਚ ਕੈਦ ਹਾਂ ਅਤੇ ਪੁੱਜ ਕੇ ਦੁਖੀ ਹੋ ਰਿਹਾ ਹਾਂ। ਅਨੇਕਾਂ ਨੂੰ ਦੁਖ ਦਿਤੇ। ਇਸ ਮਕਾਨ ਵਿਚ ਆਇਆਂ ਅਨੇਕਾਂ ਦੀ ਮੈਂ ਰੱਤ ਚੂਸੀ। ਸਗੋਂ ਹੋਰ ਭੀ ਦੁਖੀਆ ਹੋਇਆ। ਹੁਣ ਮੇਰੇ ਭਾਗਾਂ ਨੂੰ ਗੁਰੂ ਕੇ ਲਾਡਲੇ ਜੱਥੇ ਨੇ ਏਥੇ (ਇਸ ਮਕਾਨ ਵਿਖੇ) ਆਣ ਉਤਾਰਾ ਕੀਤਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੀ ਪਵਿੱਤਰ ਚਰਨ ਪਏ ਹਨ। ਇਸ ਲਈ ਮੈਂ ਹੁਣ ਇਹ ਬੇਨਤੀ ਘਿਗਿਆ ਕੇ ਕਰਨ ਆਇਆ ਹਾਂ ਆਪ ਦੀ ਸੇਵਾ ਵਿਖੇ ਕਿ ਆਪ ਗੁਰੂ ਦੇ ਪਰਉਪਕਾਰੀ ਸਿੰਘ ਹੋ। ਮੇਰੀ ਕਲਿਆਣ ਕਰੋ। ਇਸ ਪ੍ਰੇਤ ਜੂਨੀ ਤੋਂ ਮੈਨੂੰ ਛੁਡਾਓ। ਕਲਜੁਗ ਵਿਚ ਹੋਰ ਕੋਈ ਸਾਧਨ ਨਹੀਂ ਇਸ ਛੁਟਕਾਰੇ ਦਾ। ਸੋ ਦਇਆ-ਮਇਆ ਕਰੋ, ਮੇਰੀ ਸਦਗਤੀ ਨਮਿਤ। ਏਸ ਮਕਾਨ ਵਿਚ ਇਕ ਅਖੰਡ-ਪਾਠ ਕਰ ਦੇਵੋ ਅਤੇ ਦੇਗਾਂ ਬਣਾ ਕੇ ਯੱਗ ਭੀ ਰਚ ਦੇਵੋ। ਮੈਨੂੰ ਯਕੀਨ ਹੈ ਕਿ ਮੇਰਾ ਇਸ ਜੂਨੀ ਤੋਂ ਸਦਾ ਲਈ ਛੁਟਕਾਰਾ ਹੋ ਜਾਵੇਗਾ ਤੇ ਮੇਰੀ ਕਲਿਆਣ ਹੋ ਜਾਵੇਗੀ।

ਦਇਆਵਾਨ ਸਿੰਘ ਜੀ ਨੂੰ ਬੜਾ ਹੀ ਤਰਸ ਆਇਆ ਉਸ ਦੀ ਹਾਲਤ ਉਤੇ। ਦ੍ਰਵੀ-ਭੂਤ ਹੋ ਕੇ ਅੰਤੇ ਕਰੁਣਾ ਰਸ ਵਿਚ ਢਰ ਕੇ ਉਸ ਨੂੰ ਇਉਂ ਉੱਤਰ ਦਿੱਤਾ: 'ਹੇ ਦੁਖੀਏ! ਤੇਰੀ ਹਾਲਤ ਤੇ ਬੜਾ ਹੀ ਰਹਿਮ ਆਉਂਦਾ ਹੈ। ਅਸੀਂ ਤੁਰਤ ਹੀ ਤੇਰਾ ਭਲਾ ਕਰਨ ਲਈ ਤਿਆਰ ਹਾਂ। ਪਰ ਔਖੀ ਗੱਲ ਇਹ ਹੈ ਕਿ ਇਹ ਜੱਥਾ ਤਾਂ ਬਿਹੰਗਮੀ ਬਿਬੇਕੀਆਂ ਦਾ ਹੈ। ਅਖੰਡਪਾਠ ਦੀ ਸਮਗਰੀ ਲਈ ਅਤੇ ਦੇਗ ਲਈ ਤੇ ਲੰਗਰ ਚਲਾਉਣ ਲਈ ਇਤਨੀ ਮਾਇਆ ਅਸਾਡੇ ਪਾਸ ਨਹੀਂ ਕਿ ਤੇਰੀ ਰੁਚੀ ਅਨੁਸਾਰ ਯੱਗ ਭੀ ਰਚਿਆ ਜਾਵੇ, ਅਖੰਡਪਾਠ ਭੀ ਪੂਰਨ ਗੁਰਮਤਿ ਬਿਧੀ ਅਨੁਸਾਰ ਸੰਪੂਰਨ ਕੀਤਾ ਜਾਵੇ।'

ਇਹ ਸੁਣ ਕੇ ਉਸ ਨੇ ਉੱਤਰ ਦਿਤਾ, 'ਇਹ ਗੱਲ ਮੈਨੂੰ ਪਹਿਲਾਂ ਹੀ ਮਲੂਮ ਹੈ ਕਿ ਇਹ ਬੈਰਾਗੀ ਬਿਬੇਕ ਅਨੁਰਾਗੀ ਜੱਥਾ ਮਾਇਆ ਦਾ ਤਿਆਗੀ ਹੈ। ਪਰ ਮਾਇਆ ਆਪ ਦੇ ਚਰਨਾਂ ਦੀ ਦਾਸੀ ਹੈ। ਮੇਰੇ ਹੀ ਇਸ ਮਕਾਨ ਵਿਚ ਜਿਤਨੀ ਮਾਇਆ ਆਪ ਚਾਹੋ, ਖੰਦ ਕੇ ਕੱਢ ਸਕਦੇ ਹੋ। ਪਰ ਆਪ ਨੂੰ ਹੋਰ ਕੋਈ ਚਾਹਨਾ ਨਹੀਂ, ਕੇਵਲ ਮੇਰੇ ਕਲਿਆਣ-ਕਾਰੀ ਸਮਾਗਮ ਰਚਣ ਲਈ ਤਾਂ ਫਲਾਣੇ ਖੂੰਜੇ ਵਿਚ ਪੰਜ ਸੌ ਦਮੜੇ (ਰੁਪਏ) ਦੇਗਚੀ ਵਿਚ ਬੰਦ ਕਰ ਕੇ ਦਬੇ ਪਏ ਹਨ, ਓਹ ਕੱਢ ਲਵੋ ਅਤੇ ਦਿਨ ਚੜ੍ਹਦੇ ਨੂੰ ਅਖੰਡਪਾਠ-ਮਈ ਕਲਿਆਣ-ਕਾਰੀ ਯੱਗ ਮੇਰੇ ਨਮਿਤ ਰਚ ਦੇਵੋ। ਆਪ ਦੇ ਗੁਰੂ ਦੀ ਦੁਹਾਈ ਪਾ ਕੇ

ਬੇਨਤੀ ਕਰਦਾ ਹਾਂ ।'

ਸਿੰਘ ਜਥੇਦਾਰ ਨੇ ਉੱਤਰ ਦਿਤਾ ਕਿ ਚੰਗਾ, ਐਸਾ ਹੀ ਹੋਵੇਗਾ । ਪਰ ਸਾਨੂੰ ਏਤਨੀ ਗੱਲ ਤਾਂ ਦੱਸ ਜਾ ਕਿ ਸਾਨੂੰ ਕਿਵੇਂ ਪਤਾ ਲਗੇਗਾ ਕਿ ਤੇਰੀ ਕਲਿਆਣ ਹੋ ਗਈ । ਉੱਤਰ ਵਿਚ ਉਸ ਨੇ ਕਿਹਾ ਕਿ ਔਸ ਸਾਹਮਣੇ ਦੇ ਆਲੇ ਵਿਚ ਭੋਗ ਪੈਣ ਤੇ ਮੇਰੀ ਨਮਿੱਤ ਕੜਾਹ ਪ੍ਰਸ਼ਾਦ ਦਾ ਛਾਂਦਾ ਰਖਿਆ ਜਾਵੇ ਬਾਟੇ ਵਿਚ ਪਾ ਕੇ ਅਤੇ ਆਲੇ ਨੂੰ ਬੰਦ ਕਰ ਦਿਤਾ ਜਾਵੇ । ਅਖੰਡਪਾਠ ਦੇ ਭੋਗ ਤੇ ਹੀ ਭੋਗ ਲਗਾ ਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ । ਅਤੇ ਮੇਰੀ ਨਮਿੱਤ ਭੀ ਰੱਖਿਆ ਜਾਵੇ । ਅਖੰਡ ਕੀਰਤਨ ਦੇ ਭੋਗ ਪਿਛੋਂ ਸਾਰੀ ਆਈ ਸੰਗਤ ਨੂੰ ਲੰਗਰ ਛਕਾ ਕੇ ਪਿਛੋਂ ਇਹ ਆਲਾ ਖੋਲ੍ਹ ਕੇ ਦੇਖਿਆ ਜਾਵੇ (ਨਿਸੰਗ ਜਿੰਦਾ ਹੀ ਪਹਿਲਾਂ ਲਾ ਦਿੱਤਾ ਜਾਵੇ) । ਜਿੰਦਰਾ ਖੋਲ੍ਹ ਕੇ ਦੇਖਣ ਪਰ ਜੇ ਬਾਟਾ ਖ਼ਾਲੀ ਦਿਸੇ ਤਾਂ ਸਮਝਣਾ ਕਿ ਕੜਾਹ ਪ੍ਰਸ਼ਾਦ ਦਾ ਛਾਂਦਾ ਮੈਨੂੰ ਪ੍ਰਾਪਤ ਹੋ ਗਿਆ । ਮੈਂ ਗੱਫੇ ਲੈ ਗਿਆ ਅਤੇ ਮੇਰੀ ਕਲਿਆਣ ਹੋ ਗਈ । ਜੇ ਕੜਾਹ ਪ੍ਰਸ਼ਾਦ ਜਿਉਂ ਦਾ ਤਿਉਂ ਹੀ ਬਾਟੇ ਵਿਚ ਪਿਆ ਰਹਿ ਜਾਏ ਤਾਂ ਜਾਨਣਾ ਕਿ ਮੈਨੂੰ ਗੱਫਾ ਪ੍ਰਾਪਤ ਨਹੀਂ ਹੋਇਆ, ਨਾ ਹੀ ਮੇਰੀ ਕਲਿਆਣ ਹੋਈ ਹੈ । ਬਸ, ਏਤਨੀ ਗੱਲ ਕਰ ਕੇ ਉਹ ਬਿਕਰਾਲ ਰੂਪ ਅਲੋਪ ਹੋ ਗਿਆ ।

ਦਿਨ ਚੜ੍ਹਦੇ ਨੂੰ ਸਾਰੀ ਸੰਗਤ ਵਿਚ ਇਹ ਵਾਰਤਾ ਸੁਣਾਈ ਗਈ । ਸਰਬਤਰ ਦੀ ਸੰਮਤੀ ਇਹੋ ਹੋਈ ਕਿ ਜ਼ਰੂਰੀ ਅਖੰਡਪਾਠ ਰੂਪੀ ਯੱਗ ਉਸ ਨਮਿੱਤ ਰਚਿਆ ਜਾਵੇ । ਉਸ ਪ੍ਰੇਤ ਦੇ ਦਸੇ ਅਨੁਸਾਰ ਜਦੋਂ ਉਸ ਦਾ ਦਸਿਆ ਖੂੰਜਾ ਪਟ ਕੇ ਟੋਲਿਆ ਗਿਆ ਤਾਂ ਉਸ ਵਿਚੋਂ ਸਚਮੁਚ ਦੇਗਚੀ ਨਿਕਲ ਆਈ, ਜਿਸ ਵਿਚ ਉਸ ਦੇ ਦੱਸੇ ਦਮੜੇ ਭਰੇ ਪਏ ਸਨ । ਤੁਰਤੋ ਫੁਰਤੀ ਸਮਗਰੀ ਅਖੰਡਪਾਠ ਦੀ ਖ਼ਰੀਦੀ ਗਈ। ਲੰਗਰ ਯੱਗ ਆਦਿਕ ਦਾ ਸਾਮਾਨ ਬੜੇ ਪੈਮਾਨੇ ਤੇ ਖ਼ਰੀਦਣਾ ਖ਼ਰੀਦਿਆ ਗਿਆ । ਖੁਲ੍ਹੇ ਡੁਲ੍ਹੇ ਖ਼ਰਚਣੇ ਖ਼ਰਚੇ ਗਏ । ਸਾਰੇ ਕਸਬੇ ਵਿਚ ਧੁੰਮ ਮਚ ਗਈ । ਹੁੰਮ ਹੁੰਮਾ ਕੇ ਖ਼ਲਕਤ ਆਣ ਇਕੱਠੀ ਹੋਈ । ਬਹੁਤੀ ਹੈਰਾਨੀ ਇਸ ਗੱਲ ਦੀ ਸਾਰੀ ਲੁਕਾਈ ਨੂੰ ਹੋਈ ਕਿ ਏਥੇ (ਇਸ ਮਕਾਨ ਵਿਖੇ) ਤਾਂ ਕੋਈ ਦੋ ਘੜੀਆਂ ਭੀ ਨਹੀਂ ਕੱਟ ਸਕਦਾ ਸੀ, ਦੁਹਾਈ ਮੱਚ ਜਾਂਦੀ ਸੀ । ਇਹ ਕੀ ਕੌਤਕ ਹੋਇਆ ? ਗੁਰੂ ਦੇ ਸਿੰਘਾਂ ਨੇ ਤਾਂ ਹੋਰ ਹੀ ਉਲਟੀ ਰਚਨਾ ਰਚ ਲਈ, ਅਖੰਡਪਾਠ ਸਮਾਗਮ ਦੀ ।

ਪੂਰਨ ਗੁਰਮਤਿ ਰੀਤੀ ਮਰਯਾਦਾ ਅਨੁਸਾਰ ਅਖੰਡ ਪਾਠੀਆਂ ਤੇ ਜਪੁਜੀ ਸਾਹਿਬ ਦੇ ਪਾਠੀਆਂ ਰਹਿਤ ਬਹਿਤ ਵਿਚ ਤਿਆਰ ਬਰ ਤਿਆਰ ਸਿੰਘਾਂ ਦੇ

ਸਕੇਸ਼ ਇਸ਼ਨਾਨ ਕਰਾਏ ਗਏ । ਸਾਰੇ ਤੇੜ ਸਿਰ ਦੇ ਬਸਤਰ ਧੁਆਏ ਗਏ । ਅਖੰਡਪਾਠ ਅਰੰਭ ਹੋ ਗਿਆ । ਆਦਿ ਮਧ ਅੰਤਿ ਸੰਪੂਰਨ ਹੋਇਆ । ਅਰਦਾਸ ਉਸ ਪ੍ਰੇਤ ਦੀ ਕਲਿਆਣ ਨਮਿਤ ਕੀਤੀ ਗਈ । ਕੜਾਹ ਪ੍ਰਸ਼ਾਦ ਦੇ ਖ਼ੂਬ ਗਹਿਰੇ ਛਾਂਦੇ ਵਰਤਾਏ ਗਏ । ਲੰਗਰ ਭੀ ਖੁਲ੍ਹੇ ਵਰਤਾਏ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਸਮੇਂ ਦਾ ਵਾਕ ਜੋ ਲਇਆ ਗਇਆ ਤਾਂ ਉਸ ਦੀ ਪਿਛਲੀ ਤੁਕ ਤੋਂ ਇਹ ਪਰਤੀਤ ਹੋਇਆ ਕਿ ਤਨਕ ਅਚੇਤ ਬਿਘਨ ਪੈ ਜਾਣ ਕਰਕੇ ਪ੍ਰੇਤ ਦੀ ਕਲਿਆਣ ਹੋਣ ਵਿਚ ਕੁਝ ਕਸਰ ਰਹਿ ਗਈ ਹੈ । ਪਰ ਫੇਰ ਭੀ ਇਸ ਕਸਰ ਦਾ ਕਿਸੇ ਨੇ ਗੁਮੇਹ ਨਾ ਕੀਤਾ ਸਿਵਾਏ ਜਥੇਦਾਰ ਸਿੰਘ ਦੇ । ਓੜਕ ਉਸ ਪ੍ਰੇਤ ਦੀ ਦੱਸੀ ਨਿਸ਼ਾਨੀ ਅਨੁਸਾਰ ਉਸ ਨਮਿਤ ਆਲੇ ਵਿਚ ਰਖੇ ਕੜਾਹ ਪ੍ਰਸ਼ਾਦ ਦੇ ਛਾਂਦੇ ਨੂੰ ਆਲਾ ਖੋਲ੍ਹ ਕੇ ਦੇਖਿਆ ਗਿਆ ਤਾਂ ਕੀ ਦੇਖਦੇ ਹਾਂ ਕਿ ਕੜਾਹ ਪ੍ਰਸ਼ਾਦ ਓਵੇਂ ਕਿਵੇਂ ਬਾਟੇ ਵਿਚ ਹੀ ਪਿਆ ਹੈ । ਤਾਂ ਯਕੀਨ ਕਰਕੇ ਸਭ ਨੇ ਜਾਣ ਲਿਆ ਕਿ ਜ਼ਰੂਰ ਕੋਈ ਅਚੇਤ ਬਿਘਨ ਪੈ ਗਿਆ ਹੈ । ਨਹੀਂ ਤਾਂ ਕਲਿਆਣ ਵਿਚ ਕੋਈ ਕਸਰ ਨਹੀਂ ਸੀ । ਪਰ ਇਸ ਰਾਜ਼ ਦਾ ਭੇਦ ਜਥੇ ਦੇ ਖ਼ਾਸ ਖ਼ਾਸ ਸਿੰਘਾਂ ਦੀ ਛਾਤੀ ਵਿਚ ਉਕਰਿਆ ਗਿਆ । ਆਮ ਨੂੰ ਪਤਾ ਨਹੀਂ ਲਗਣ ਦਿਤਾ । ਸਰਬਤ ਦੀ ਸੰਮਤੀ ਨਾਲ ਇਹ ਸਲਾਹ ਠਹਿਰੀ ਕਿ ਅਜ ਅਗਾਹਾਂ ਪਿਆਨੇ ਦੇ ਚਾਲੇ ਨਾ ਪਾਏ ਜਾਣ । ਇਕ ਰਾਤ ਜੱਥਾ ਹੋਰ ਇਸੇ ਮਕਾਨ ਵਿਖੇ ਬਿਸਰਾਮ ਕਰੇ । ਜੱਥੇਦਾਰ ਨੂੰ ਯਕੀਨ ਪੱਕਾ ਸੀ ਕਿ ਭਾਵੇਂ ਉਸ ਦੀ ਕਲਿਆਣ ਨਹੀਂ ਹੋਈ, ਇਸ ਕਰਕੇ ਉਹ ਪ੍ਰੇਤ ਅਜ ਰਾਤ ਨੂੰ ਫੇਰ ਆਵੇਗਾ । ਬਸ, ਇਹ ਠਾਣ ਕੇ ਮੋਰਚੇ ਕਾਇਮ ਦੇ ਕਾਇਮ ਹੀ ਰਹੇ ।

ਰਾਤ ਨੂੰ ਓਹੋ ਗੱਲ ਹੋਈ ਕਿ ਐਨ ਓਸੇ ਸਮੇਂ ਫੇਰ ਦਰਵਾਜ਼ਾ ਖਟਖਟਾਇਆ ਗਿਆ । ਜੱਥੇਦਾਰ ਨੇ ਬੂਹਾ ਖੋਲ੍ਹ ਕੇ ਦੇਖਿਆ ਤਾਂ ਓਹੀ ਪ੍ਰੇਤ ਹੈ । ਪਰ ਉਸ ਦਾ ਅਗੇ ਵਰਗਾ ਬਿਕਰਾਲ ਰੂਪ ਨਹੀਂ, ਨਾ ਹੀ ਓਹ ਕੰਬ ਰਿਹਾ ਹੈ । ਸਵਾਲ ਪੁਛਿਆ ਗਿਆ, 'ਪ੍ਰੇਤ ! ਕਿਵੇਂ ਹੋਈ ? ਕੀ ਗੁਜ਼ਰੀ ? ਕੜਾਹ ਪ੍ਰਸ਼ਾਦ ਕਿਉਂ ਨਹੀਂ ਲੈ ਗਏ ?' ਉਸ ਨੇ ਅਤ ਅਧੀਨ ਹੋ ਕੇ ਬੇਨਤੀ ਕੀਤੀ, 'ਇਕ ਅਖੰਡਪਾਠ ਮੇਰੀ ਨਮਿਤ ਹੋਰ ਕਰੋ । ਥੋੜੀ ਕਸਰ ਰਹਿ ਗਈ, ਮੇਰੀ ਬਦਕਿਸਮਤੀ ਨੂੰ। ਪਰ ਮੈਨੂੰ ਯਕੀਨ ਹੈ ਕਿ ਮੇਰੀ ਇਹ ਬਦਕਿਸਮਤੀ ਆਪ ਦੇ ਇਕ ਹੋਰ ਹੰਭਲਾ ਉਪਕਾਰਾਂ ਦਾ ਮੇਰੀ ਨਮਿਤ ਮਾਰੇ ਤੇ ਦੂਰ ਹੋ ਜਾਵੇਗੀ ।'

ਜਥੇਦਾਰ ਸਿੰਘ ਨੇ ਪੁਛਿਆ ਕਿ ਆਖ਼ਰ ਕੀ ਕਸਰ ਰਹਿ ਗਈ ਤੈਨੂੰ ਜਾਪੀ ।

ਉਸ ਨੇ ਬੜੇ ਅਦਬ ਸਹਿਤ ਉਚਾਰਿਆ । ਲਓ ਸੁਣੋ ਜੀ—'ਅਖੰਡਪਾਠੀਆਂ

ਵਿਚ ਫਲਾਣੇ ਨਾਮ ਦਾ ਸਿੰਘ ਆਪਣੀ ਰੌਲ ਲਾ ਕੇ ਜਾ ਸੁੱਤਾ । ਰਾਤ ਦਾ ਸਮਾਂ ਸੀ । ਉਸ ਨੂੰ ਕਿਸੇ ਕਾਰਨ ਤੀਜੀ ਰੌਲ ਲਈ ਹੀ ਜਗਾ ਦਿਤਾ ਗਿਆ । ਉਸ ਨੇ ਇਹ ਸਮਝ ਕੇ ਕਿ ਉਹ ਮਦਾਨ ਆਦਿਕ ਤਾਂ ਗਿਆ ਹੀ ਨਹੀਂ ਸੀ, ਇਸ ਕਰਕੇ ਉਹ ਕਾਹਲੀ ਵਿਚ ਪੰਜ-ਇਸ਼ਨਾਨਾ ਕਰ ਕੇ ਹੀ ਪਾਠ ਤੇ ਜਾ ਬੈਠਾ, ਪੂਰਾ ਇਸ਼ਨਾਨ ਕੀਤੇ ਬਿਨਾਂ । ਪਾਠੀਆਂ ਨੂੰ ਸਕੇਸ਼ ਇਸ਼ਨਾਨ ਕਰਨ ਦਾ ਹੁਕਮ ਸੀ, ਪਰ ਉਹ ਪਲੀਤ ਦਸ਼ਾ ਵਿਚ ਹੀ ਪਾਠ ਕਰਨ ਲਗ ਪਿਆ । ਕਿਉਂਕਿ ਜਦ ਉਹ ਕੁਝਕੁ ਕਾਲ ਸੁੱਤਾ ਸੀ ਤਾਂ ਸੁਪਨੇ ਵਿਚ ਉਸ ਦਾ ਬੀਰਜ ਪਾਤ ਹੋ ਗਿਆ ਸੀ, ਚਾਹੇ ਇਸ ਸੁਪਨ-ਦੋਸ਼ ਦਾ ਪਤਾ ਕੋਈ ਨਹੀਂ ਸੀ । ਪਰ ਅਪਵਿਤ੍ਰਤਾ ਤਾਂ ਹੋ ਹੀ ਗਈ । ਪਲੀਤ ਕਛਹਿਰੇ ਨਾਲ ਹੀ ਪਾਠ ਤੇ ਜਾ ਬੈਠਾ। ਇਸ ਬਿਘਨ ਦੇ ਹੋ ਜਾਣ ਕਰਕੇ ਪੂਰਨ ਫਲ ਮੇਰੀ ਕਲਿਆਣ ਦਾ ਨਾ ਸਫਲ ਹੋਇਆ । ਇਹ ਸੁਤੇ ਹੀ ਐਸਾ ਬਿਘਨ ਪੈ ਗਿਆ । ਮੈਨੂੰ ਪੂਰਨ ਨਿਸਚਾ ਹੈ ਕਿ ਇਕ ਹੋਰ ਪਾਠ ਜੇ ਮੇਰੇ ਨਮਿਤ ਕੀਤਾ ਜਾਵੇ ਤਾਂ ਮੇਰੀ ਕਲਿਆਣ ਹੋਣ ਵਿਚ ਕੋਈ ਸੰਦੇਹ ਨਹੀਂ । ਮਕਾਨ ਦੇ ਇਕ ਹੋਰ ਗੁਪਤ ਕੋਨੇ ਵਿਚ ਸੌ ਦਮੜਿਆਂ ਦੀ ਦੇਗਚੀ ਹੋਰ ਪਈ ਹੈ । ਉਹ ਕੱਢ ਕੇ ਦੂਜੇ ਅਖੰਡਪਾਠ ਦੇ ਖਰਚਾਂ ਲਈ ਸਫ਼ਲਾਈ ਜਾਵੇ ।"

ਨਿਸ਼ਾਨ ਪਤਾ ਦੱਸ ਕੇ ਪ੍ਰੇਤ ਗਣ ਤਾਂ ਚਲਿਆ ਗਿਆ । ਸਾਰੀ ਵਾਰਦਾਤ ਜੱਥੇ ਦੇ ਸਿੰਘਾਂ, ਖ਼ਾਸ ਕਰ ਅਖੰਡ ਪਾਠੀਆਂ ਵਿਚ ਗੁਰਮਤਾ ਕਰਨ ਨਮਿਤ ਦਸੀ ਗਈ । ਓਹ ਅਖੰਡ-ਪਾਠੀ ਨਾਮ ਦੱਸੇ ਬਿਨਾਂ ਹੀ ਬੋਲ ਉਠਿਆ ਕਿ ਇਹ ਅਵੱਗਿਆ ਸਚਮੁਚ ਮੈਥੋਂ ਹੀ ਹੋਈ ਸੀ ਅਤੇ ਅਣਜਾਣੇ ਹੀ ਹੋ ਗਈ ਸੀ । ਮੈਨੂੰ ਬੀਰਜ ਪਾਤ ਹੋਣ ਦਾ ਕੋਈ ਭੀ ਪਤਾ ਨਹੀਂ ਸੀ । ਪਿਛੋਂ ਇਸ਼ਨਾਨ ਸਮੇਂ ਕਛਹਿਰਾ ਪਲੀਤ ਹੋਇਆ ਦੇਖਣ ਪਰ ਪਤਾ ਲੱਗਾ ਅਤੇ ਬੜਾ ਹੀ ਪਸਚਾਤਾਪ ਹੋਇਆ ।

ਮੁਕਦੀ ਗੱਲ, ਉਸ ਸਿੰਘ ਨੂੰ ਯਥਾ ਯੋਗ ਦੰਡ ਤਨਖ਼ਾਹ ਲਾਈ ਗਈ ਅਤੇ ਅਗੇ ਨੂੰ ਸਭ ਤਾਈਂ ਸਾਵਧਾਨ ਰਹਿਣ ਲਈ ਸੁਚੇਤ ਕੀਤਾ ਗਿਆ । ਦੂਜੇ ਦਮੜੇ, ਦੇਗਚੀ ਕੱਢ ਕੇ ਫੇਰ ਅਖੰਡਪਾਠ ਅਰੰਭ ਕਰ ਦਿਤਾ ਅਤੇ ਪੂਰਨ ਸੰਕੋਚਤਾ ਸਹਿਤ ਯੱਗ ਨਿਰਬਿਘਨ ਸੰਪੂਰਨ ਹੋਇਆ। ਅਤੇ ਪ੍ਰਿਥਮ ਨੇਮੇ ਨਿਯਮ ਅਨੁਸਾਰ ਪ੍ਰੇਤ ਨਮਿਤ ਆਲੇ ਵਿਚ ਰਖਿਆ ਕੜਾਹ ਪ੍ਰਸ਼ਾਦ ਭੀ ਜਦੋਂ ਪਰਤ ਕੇ ਦੇਖਿਆ ਗਿਆ ਤਾਂ ਬਾਟੇ ਵਿਚ ਹੈ ਨਹੀਂ ਸੀ । ਲੇਖੇ ਲਗ ਚੁਕਾ ਹੈ । ਸਭ ਨੂੰ ਪਰਤੀਤ ਨਿਸਚੇ ਹੋ ਗਿਆ ਕਿ ਪ੍ਰੇਤ ਦੀ ਪ੍ਰੇਤ-ਜੂਨੀ ਵਿਚੋਂ ਬੰਦ-ਖਲਾਸੀ ਹੋਈ । ਇਹ ਉਪਕਾਰ ਕਰ ਕੇ ਖ਼ਾਲਸਾ ਜੀ ਨੇ ਦੂਜੇ ਦਿਨ ਓਥੋਂ ਅਗਾਹਾਂ ਪਿਆਨੇ ਕੀਤੇ ।

## ਸਾਰ ਸਿੱਟਾ—

ਇਸ ਸੱਚ-ਸਚੀਤੀ ਪਰਤੱਖ ਬੀਤੀ ਉਦਾਹਰਨ ਤੋਂ ਇਕ ਗੱਲ ਤਾਂ ਇਹ ਨਿਸਚਿਤ ਹੋਈ ਕਿ ਉਪਰਲੇ ਗੁਰ-ਪਰਮਾਣ ਦੇ ਭਾਵ ਅਨੁਸਾਰ ਅੰਤਕਾਲ ਮੰਦਰ ਦੀ ਚਿੰਤਾ ਵਿਚ ਮਰਨ ਵਾਲਿਆਂ ਨੂੰ ਜ਼ਰੂਰ ਪ੍ਰੇਤ ਜੂਨੀ ਮਿਲਦੀ ਹੈ। ਦੂਜੇ ਪ੍ਰੇਤ ਜੂਨੀ ਦਾ ਪਰਤੱਖ ਕਲਬੂਤ ਭੀ ਦੇਖਿਆ ਗਿਆ। ਨਿਰਾ ਵਹਿਮ ਹੀ ਨਹੀਂ ਰਹਿ ਗਿਆ ਕਿ ਪ੍ਰੇਤ ਹੁੰਦੇ ਭੀ ਹਨ ਕਿ ਨਹੀਂ। ਤੀਜੇ ਇਹ ਸਾਬਤ ਹੋ ਗਿਆ ਕਿ ਪ੍ਰੇਤਾਂ ਨੂੰ ਪ੍ਰੇਤ ਜੂਨ ਵਿਚੋਂ ਖ਼ਲਾਸ ਕਰਨ ਲਈ ਨਾਮ ਗੁਰਬਾਣੀ ਦੀ ਸੱਚੀ ਔਖਧੀ ਠੀਕ ਬੈਠਦੀ ਹੈ।

ਉਪਰਲੇ ਗੁਰਵਾਕ ਵਿਚ ਚੌਥਾ ਅੰਕ ਇਹ ਦਸਦਾ ਹੈ ਕਿ ਅੰਤ ਕਾਲ ਜਿਹੜੇ ਨਾਰਾਇਣ ਵਾਹਿਗੁਰੂ ਨੂੰ ਸਿਮਰਦੇ ਹਨ ਅਤੇ ਸਿਮਰਦੇ ਹੋਏ ਹੀ ਸਿਮਰਨ-ਚਿਤਵਨੀ ਵਿਚ ਹੀ ਓਹਨਾਂ ਦੇ ਸੁਆਸ ਪੂਰੇ ਹੋ ਜਾਂਦੇ ਹਨ, ਓਹਨਾਂ ਦੀ ਨਿਰ-ਸੰਦੇਹ ਕਲਿਆਣ ਹੋ ਜਾਂਦੀ ਹੈ ਅਤੇ ਸਿਧੇ ਹੀ ਓਹ ਪਰਮੇਸ਼ਰ ਪਾਰਬ੍ਰਹਮ ਦੇ ਦੁਆਰੇ ਨੂੰ ਜਾ ਪਧਾਰਦੇ ਹੈਨ। ਰਾਹ ਵਿਚ ਕੋਈ ਰੋਕ-ਟੋਕ ਨਹੀਂ ਹੁੰਦੀ।

ਆਵਾਗਵਨ ਦਾ ਅਸੂਲ ਪਰਪੱਕ ਹੈ। ਜੰਮਣ ਮਰਨ ਦਾ ਤੋਰਾ ਤੁਰਿਆ ਹੀ ਰਹਿੰਦਾ ਹੈ। ਜੀਵ ਨਾਨਾ ਪਰਕਾਰ ਦੀਆਂ ਜੂਨਾਂ ਵਿਚ ਵਟ ਵਟ ਕੇ ਪੈਂਦਾ ਹੈ। ਪਰ ਗੁਰਮਤਿ ਨਾਮ ਅਭਿਆਸੀਆਂ, ਹਰਿ ਚਰਨ ਸਰਨ ਨਿਵਾਸੀਆਂ ਦਾ ਜਨਮ ਮਰਨ, ਮੁੜ ਮੁੜ ਜੰਮਣ ਮਰਣ, ਜੂਨੀਆਂ ਵਿਚ ਪੈ ਪੈ ਕੇ ਮਰਨਾ ਸਭ ਮਿਟ ਜਾਂਦਾ ਹੈ। ਯਥਾ ਗੁਰਵਾਕ—

ਹਰਿ ਚਰਣ ਸਰੋਵਰ ਤਹ ਕਰਹੁ ਨਿਵਾਸੁ ਮਨਾ ॥
ਕਰਿ ਮਜਨੁ ਹਰਿ ਸਰੇ ਸਭਿ ਕਿਲਬਿਖ ਨਾਸੁ ਮਨਾ ॥
ਕਰਿ ਸਦਾ ਮਜਨੁ ਗੋਬਿੰਦ ਸਜਨੁ ਦੁਖ ਅੰਧੇਰਾ ਨਾਸੇ ॥
ਜਨਮ ਮਰਣੁ ਨ ਹੋਇ ਤਿਸ ਕਉ ਕਟੈ ਜਮ ਕੇ ਫਾਸੇ ॥...੧॥
(੪॥੨॥੫) [ਬਿਹਾਗੜਾ ਮ: ੫, ਪੰਨਾ ੫੪੫

ਭਾਵ—ਜਨਮ ਮਰਨ ਹੋਰਨਾਂ ਨੂੰ ਹੈ, ਪਰ ਹਰਿ ਚਰਨ ਸਰੋਵਰ ਨਿਵਾਸੀਆਂ, ਹਰਿ ਸਰ ਮਜਨਾਸੀਆਂ ਨੂੰ ਨਹੀਂ। ਉਸ ਦੇ ਤਾਂ ਸਾਰੇ ਕਿਲਵਿਖ ਨਾਸ ਹੋ ਜਾਂਦੇ ਹਨ, ਜਿਸ ਦਾ ਨਾਮ ਅਭਿਆਸ ਦੇ ਪਾਰਸ ਪ੍ਰਭਾਵ ਕਰਿ ਚਰਨ ਸਰਨ ਨਿਵਾਸ ਹੋ ਗਿਆ। ਜੋ ਨਾਮ ਅਭਿਆਸੀ ਹਰਿ ਸਰੋਵਰੀ ਤਾਰੀਆਂ ਲਾਉਣ ਲਗ ਪਿਆ, ਉਹ ਭਵ-ਸਾਗਰ ਤੋਂ ਪਾਰ ਪਿਆ ਅਤੇ ਆਵਾਗਵਣ ਦੇ ਝਮੇਲੇ ਨੂੰ ਭੀ ਉਸ ਨੇ

ਮੁਕਾ ਦਿਤਾ । ਫਿਰ ਉਸ ਦਾ ਨਾ ਜੰਮਣਾ, ਨ ਮਰਣਾ, ਨ ਜੂਨਾਂ ਵਿਚ ਪੈਣਾ ਹੁੰਦਾ ਹੈ ।

ਪਾਪ-ਗ੍ਰਸਤ ਲੋਕੀ ਜਾਣਦੇ ਭੀ ਹਨ ਕਿ ਪਾਪ ਕਰਮਾਂ ਦਾ ਫਲ ਮਾੜਾ ਹੈ । ਓਹ ਆਪਣੇ ਇਸ ਮੂੜ੍ਹਪਣ ਨੂੰ ਲੁਕਾਉਣ ਲਈ ਅਨਿਕ ਪ੍ਰਕਾਰ ਦੇ ਵਲ-ਛਲ ਕਰਦੇ ਹਨ । ਪਰ ਪਾਪ ਕਮਾਣਾ ਸਰਪਰ ਉਘੜ ਹੀ ਆਵੰਦਾ ਹੈ, ਜੈਸਾ ਕਿ ਅਗਲੇਰਾ ਗੁਰਵਾਕ ਦਸਦਾ ਹੈ—

ਤੂੰ ਵਲਵੰਚ ਲੂਕਿ ਕਰਹਿ ਸਭ ਜਾਣੈ ਜਾਣੀ ਰਾਮ ॥
ਲੇਖਾ ਧਰਮ ਭਇਆ ਤਿਲ ਪੀੜੇ ਘਾਣੀ ਰਾਮ ॥
ਕਿਰਤ ਕਮਾਣੇ ਦੁਖ ਸਹੁ ਪਰਾਣੀ ਅਨਿਕ ਜੋਨਿ ਭ੍ਰਮਾਇਆ ॥
ਮਹਾ ਮੋਹਨੀ ਸੰਗਿ ਰਾਤਾ ਰਤਨ ਜਨਮੁ ਗਵਾਇਆ ॥
ਇਕਸੁ ਹਰਿ ਕੇ ਨਾਮ ਬਾਝਹੁ ਆਨ ਕਾਜ ਸਿਆਣੀ ॥
ਬਿਨਵੰਤ ਨਾਨਕ ਲੇਖੁ ਲਿਖਿਆ ਭਰਮਿ ਮੋਹਿ ਲੁਭਾਣੀ ॥੨॥
ਬੀਚੁ ਨ ਕੋਇ ਕਰੇ ਅਕ੍ਰਿਤਘਣੁ ਵਿਛੁੜਿ ਪਇਆ ॥
ਆਏ ਖਰੇ ਕਠਿਨ ਜਮ ਕੰਕਰਿ ਪਕੜਿ ਲਇਆ ॥
ਪਕੜੇ ਚਲਾਇਆ ਅਪਣਾ ਕਮਾਇਆ ਮਹਾ ਮੋਹਨੀ ਰਾਤਿਆ ॥
ਗੁਨ ਗੋਵਿੰਦ ਗੁਰਮੁਖਿ ਨ ਜਪਿਆ ਤਪਤ ਥੰਮ੍ ਗਲਿ ਲਾਤਿਆ ॥
ਕਾਮ ਕ੍ਰੋਧਿ ਅਹੰਕਾਰਿ ਮੂਠਾ ਖੋਇ ਗਿਆਨੁ ਪਛੁਤਾਪਿਆ ॥
ਬਿਨਵੰਤ ਨਾਨਕ ਸੰਜੋਗਿ ਭੂਲਾ ਹਰਿ ਜਾਪੁ ਰਸਨ ਨ ਜਾਪਿਆ ॥੩॥
(੫॥੪॥੭) [ਬਿਹਾਗੜਾ ਮ: ੫, ਛੰਤ, ਪੰਨਾ ੫੪੬

ਕੈਸਾ ਇਬਰਤਨਾਕ ਦ੍ਰਿਸ਼ ਦਰਸਾਇਆ ਗਿਆ ਹੈ ਇਸ ਗੁਰਵਾਕ ਅੰਦਰ। ਪਾਪੀ ਜੀਉੜੇ ਆਪਣੇ ਜਾਣੇ ਲੁਕ-ਛਿਪ ਕੇ ਅਤੇ ਵਲ-ਛਲ ਕਰ ਕੇ ਪਾਪ ਕਰਮ ਕਮਾਉਂਦੇ ਹਨ, ਪਰ ਪਾਪ ਕਰਮ ਕੀਤਾ ਲੁਕਦਾ ਨਹੀਂ, ਕਿਉਂਕਿ ਵਾਹਿਗੁਰੂ ਅੰਤਰਯਾਮੀ ਸਭ ਕੁਛ ਜਾਣਦਾ ਹੈ । ਸਰਬ-ਵਿਆਪੀ ਹੋਣ ਕਰਕੇ ਸਾਰੀਆਂ ਲੁਕੀਆਂ-ਛਿਪੀਆਂ ਕਛਾਂ ਕੂੰਨਾਂ ਵਿਖੇ ਭੀ ਹਾਜ਼ਰ-ਨਾਜ਼ਰ ਹੈ । ਲੁਕਵੇਂ ਪਾਪ ਕਮਾਤਿਆਂ ਨੂੰ ਭੀ ਦੇਖਣਹਾਰ ਹੈ। ਕਮਾਤੇ ਪਾਪਾਂ ਦਾ ਲੇਖਾ ਅਗੇ ਜਾ ਕੇ ਧਰਮਰਾਇ ਦੀ ਕਚਹਿਰੀ ਵਿਚ ਜ਼ਰੂਰ ਦੇਣਾ ਪਊ । ਮਤ ਕੋਈ ਜਾਣੇ ਕਿ ਲੁਕਿ ਕਮਾਣੇ ਪਾਪ ਅਗੇ ਜਾ ਕੇ ਭੀ ਗੁਝੇ ਰਹਿਣਗੇ । ਓਹ ਤਾਂ ਧਰਮਰਾਜ ਦੇ ਹਰ ਜੀਵ ਨਾਲ ਛਡੇ ਹੋਏ ਮੁਨਸ਼ੀ ਚਿਤਰ ਗੁਪਤ ਹਰ ਦੰਮ ਕੀਤੇ ਕਰਮਾਂ ਦੀ ਸ਼ਹਾਦਤ ਦਰਜ ਕਰਦੇ ਰਹਿੰਦੇ ਹਨ । ਅਗਾਹਾਂ ਜਾ ਕੇ ਜਦੋਂ ਧਰਮਰਾਇ ਅਗੇ ਲੇਖਾ ਹੁੰਦਾ ਹੈ ਵਲਵੰਚੀ

ਕਰਮਾਂ ਦਾ, ਤਾਂ ਜੀਵ ਤਿਲ ਘਾਣੀ ਵਾਂਗੂ ਪੀੜਿਆ ਜਾਣਾ ਹੈ। ਆਪਣੀਆ ਕੀਤੀਆਂ ਕਰਤੂਤਾਂ ਦੀਆਂ ਸਜ਼ਾਵਾਂ ਦਾ ਦੁਖ ਸਹਿਣਾ ਪੈਂਦਾ ਹੈ। ਨਰਕ ਵਿਚ ਤਿਲ ਘਾਣੀ ਪੀੜੇ ਜਾਣ ਦੀਆਂ ਸਜ਼ਾਵਾਂ ਭੁਗਤ ਕੇ ਫੇਰ ਪਾਪੀ ਜੀਵ ਅਨੇਕ ਜੂਨਾਂ ਵਿਚ ਫਿਰਾਇਆ ਭ੍ਰਮਾਇਆ ਜਾਂਦਾ ਹੈ। ਓਹੋ ! ਕੈਸੀ ਤਰਸ-ਯੋਗ ਦਸ਼ਾ ਹੈ !! ਮਾਨੁੱਖਾ-ਜਨਮ ਜੈਸਾ ਰਤਨ ਜਨਮ ਪਾ ਕੇ ਐਵੇਂ ਅਜਾਈਂ ਹੀ ਗੰਵਾਇਆ, ਮਹਾਂ ਮੋਹਨੀ ਮਾਇਆ ਛਲਣੀ ਦੇ ਰਸਾਂ ਕਸਾਂ ਵਿਚ ਰਚ ਪਚ ਕੇ ਗਵਾ ਲਿਆ, ਹੋਰਨਾਂ ਧੰਦਿਆਂ ਵਿਚ ਹੀ ਖੱਚਤ ਹੋਇਆ ਰਹਿਆ। ਵਾਹਿਗੁਰੂ ਦੇ ਨਾਮ ਵਲ ਰੁਚੀ ਹੀ ਨਾ ਕੀਤੀ। ਸਹਸ ਸਿਆਣਫਾਂ ਵਿਚ ਖਪਤ ਹੋਇਆ ਰਿਹਾ।

ਇਕ ਵਾਹਿਗੁਰੂ ਦੇ ਨਾਮ ਬਾਝਹੁੰ ਹੋਰ ਸਿਆਣਪਾਂ ਵਾਲੇ ਕਾਜ ਕਿਸੇ ਕੰਮ ਨਹੀਂ ਆਉਂਦੇ। ਸਭਨਾਂ ਦਾ ਲੇਖਾ ਹਿਸਾਬ ਅਗੇ ਜਾ ਕੇ ਮੰਗਿਆ ਜਾਂਦਾ ਹੈ। ਜਿਹੜੇ ਭਰਮ ਮੋਹ ਦੇ ਭਰਮਾਏ ਰਹੇ, ਓਹ ਨਾਮ ਵਲੋਂ ਵੰਞਾਏ ਹੀ ਰਹੇ। ਓਹਨਾਂ ਦਾ ਅਗੇ ਜਾ ਕੇ ਇਹ ਹਾਲ ਹੋਣਾ ਹੀ ਸੀ। ਕਰਤਾਰ ਵਾਹਿਗੁਰੂ ਦਾ ਨਾਮ ਵਿਸਾਰਨਹਾਰੇ ਅਕ੍ਰਿਤਘਣ ਨਾਸ਼ੁਕਰੇ ਪੁਰਸ਼ਾਂ ਦਾ ਅਗੇ ਜਾ ਕੇ ਕੋਈ ਭੀ ਹਿਮਾਇਤੀ ਨਹੀਂ ਬਣਦਾ। ਕੋਈ ਭੀ ਵਿਚ ਪੈ ਕੇ, ਸਿਫ਼ਾਰਸ਼ ਕਰ ਕੇ ਓਹਨਾਂ ਨੂੰ ਬਚਾਉਣ-ਹਾਰਾ ਨਹੀਂ ਹੁੰਦਾ। ਜਦੋਂ ਧਰਮਰਾਇ ਦੇ ਅੱਤ ਕਠੋਰ ਜਮਦੂਤ ਜੀਵ ਨੂੰ ਆ ਗਲੋਂ ਫੜਦੇ ਹਨ, ਓਥੇ ਉਸ ਨੂੰ ਛੁਡਾਉਣਹਾਰਾ ਕੋਈ ਨਹੀਂ। ਬਸ, ਆਪਣੇ ਕੀਤੇ ਕਮਾਤੇ ਪਾਪਾਂ ਦੀ ਸਜ਼ਾ ਭੁਗਤਣ ਲਈ ਧਰਮਰਾਇ ਦੀ ਦਰਗਾਹ ਵਿਚ ਫੜਿਆ ਹੋਇਆ ਬੰਧੂਆ ਬਣਾ ਕੇ ਲੈ ਜਾਇਆ ਜਾਂਦਾ ਹੈ। ਬਥੇਰੀ ਹਾਹਾਕਾਰ, ਹਾਲ ਪੁਕਾਰ ਕਰਦਾ ਹੈ ਤੇ ਪਛਤਾਉਂਦਾ ਹੈ। ਪਰ ਫੇਰ ਪਛਤਾਇਆਂ ਕੀ ਬਣਦਾ ਹੈ ? ਜਦੋਂ ਸੰਭਲਣ ਦਾ ਵੇਲਾ ਸੀ ਓਦੋਂ ਤਾਂ ਸੰਭਲਿਆ ਨਾ। ਗੁਣ ਗੋਵਿੰਦ ਅਤੇ ਗੁਰਮੁਖਿ (ਵਾਹਿਗੁਰੂ) ਨਾਮ ਇਕ ਨਿਮਖ ਭੀ ਨ ਜਪਿਆ। ਮਹਾਂ ਮੋਹਨੀ ਰਤਿਆ ਸੋਹੱਤਿਆ ਪਾਪਾਂ ਵਿਚ ਖੱਚਤ ਰਿਹਾ। ਮਹਾਂ ਮੋਹਨੀ ਦੇ ਸੁਆਦ ਚੱਖਣ ਦੀ ਇਹ ਸਜ਼ਾ ਮਿਲੀ ਕਿ ਅੰਗਾਰਾਂ ਵਾਂਗੂ ਤਪਦੇ ਥੰਮਾਂ ਨਾਲ ਚੰਮੇੜਿਆ ਗਲਫੇੜਿਆ ਗਿਆ। ਕਾਮ ਕ੍ਰੋਧ ਹੰਕਾਰ ਦੇ ਮੱਤਿਆਂ ਨੂੰ ਇਹ ਸਜ਼ਾਵਾਂ ਮਿਲਣੀਆਂ ਹੀ ਸਨ। ਓਦੋਂ ਤਾਂ ਵੀਚਾਰ ਗਿਆਨ ਦਾ ਵੇਲਾ ਸੀ, ਸੋ ਖੋ ਬੈਠਾ। ਖੋਇ ਗਿਆਨ ਪਛੋਤਾਪ ਕਰਨਾ ਕੁਵੇਲੇ ਦਾ ਕੰਮ ਨਹੀਂ ਆਉਂਦਾ। ਕਿਰਤ ਸੰਜੋਗਾਂ ਦਾ ਭੁਲਿਆ ਹੋਇਆ ਪਾਪ-ਰਤੇ ਕਰਮਾਂ ਵਿਚ ਹੀ ਖੱਚਤ ਰਿਹਾ। ਰਸਨਾ ਕਰਕੇ ਨਿਮਖ ਭਰ ਨਾਮ ਦਾ ਜਾਪ ਨ ਕੀਤਾ। ਗੁਰਮਤਿ ਨਾਮ ਦਾ ਜਾਪ ਹੀ ਬਚਾ ਸਕਦਾ ਸੀ, ਉਹ ਜਮਾ (ਬਿਲਕੁਲ) ਈ ਨ ਕਰਿਆ।

ਇਸ ਅਗੇ ਹੋਣ ਵਾਲੀ ਦੁਰਦਸ਼ਾ ਨੂੰ ਵੀਚਾਰ ਕੇ ਜੇ ਅਜੇ ਭੀ ਪਾਪ

 www.sikhbookclub.com

ਕਰਮਾਂ ਤੋਂ ਬੰਚਤ ਰਹਿਣ ਦੀ ਸੋਝੀ ਨਾ ਆਵੇ ਤਾਂ ਬੜੇ ਹੀ ਖੋਟੇ ਭਾਗ ਹਨ । ਇਹ ਗੁਰਵਾਕ ਦਰਸਾਇਆ ਅਗੇ ਵਰਤਣ ਵਾਲਾ ਪਾਪ-ਸਜ਼ਾਈਆਂ ਵਾਲਾ ਝਾਕਾ, ਇੰਨ-ਬਿੰਨ ਸਚਾਵਾ ਖ਼ਾਕਾ ਖਿਚਿਆ ਗਿਆ ਹੈ । ਇਸ ਵਿਚ ਸੰਦੇਹ ਰੰਚਕ ਨਹੀਂ । ਮਨਮੋਹਨੀਆਂ ਦੇ ਮੋਹ ਖੁਆਰੀ ਬਿਭਚਾਰ ਵਿਚ ਖੀਨ-ਖਰਾਬ ਹੋਣ ਵਾਲਿਆਂ ਨਾਲ ਇਹ ਉੱਪਰ ਦਰਸਾਈ ਕੁਪੱਤ ਜ਼ਰੂਰ ਹੋਵੇਗੀ । ਤਿਨ੍ਹਾਂ ਨੂੰ ਜ਼ਰੂਰ ਤਪਦੇ ਥੰਮਾਂ ਨਾਲ ਲਾਇਆ ਜਾਵੇਗਾ । ਜੋ ਪਰ-ਤ੍ਰਿਆ ਰਮਣ ਦੇ ਸੁਆਦਾਂ ਵਿਚ ਆਪਣੀਆਂ ਛਾਤੀਆਂ ਅਤੇ ਗਲ ਜਫਕੜੀਆਂ ਨੂੰ ਕਲੰਕਤ ਕਰਦੇ ਹਨ ਅਤੇ ਲੁਕ-ਛਿਪ ਕੇ ਬਿਭਚਾਰ ਕਰਨ ਵਿਚ ਖੱਚਤ ਪਰਵਿਰਤ ਹੁੰਦੇ ਹਨ, ਓਹਨਾਂ ਦੀ ਅਗੇ ਜਾ ਕੇ ਉੱਪਰ ਦਰਸਾਈ ਖੁਆਰੀ ਜ਼ਰੂਰ ਹੋਵੇਗੀ । ਜਿਨ੍ਹਾਂ ਅਭਾਗਿਆਂ ਨੂੰ ਉਪਰਲਾ ਹਵਾਲ ਪੜ੍ਹ ਕੇ ਇਬਰਤ ਨਹੀਂ ਆਈ, ਓਹਨਾਂ ਦਾ ਕੀ ਠਿਕਾਣਾ ਹੈ ? ਕੋਈ ਨਹੀਂ । ਨਾਮ ਮਹਾਂ ਰਸ ਦੇ ਅੰਮ੍ਰਿਤਾ ਸੁਆਦ ਛਡ ਕੇ ਬਿਖੇ ਰਸ ਭੋਗਾਂ ਦੇ ਸੁਆਦਾਂ ਵਿਚ ਪੈਣ ਵਾਲਿਆਂ ਨੂੰ ਇਹ ਸਜ਼ਾਈਂ ਜ਼ਰੂਰ ਮਿਲਣਗੀਆਂ । ਮਤ ਕੋਈ ਭੁਲੇਖੇ ਵਿਚ ਰਹੇ ਕਿ ਇਹ ਐਵੇਂ ਹੀ ਡਰਾਉਣ ਵਾਲੀਆਂ ਗੱਲਾਂ ਲਿਖੀਆਂ ਹਨ । ਗੁਰੂ ਸਾਹਿਬ ਨੇ ਜੋ ਕੁਝ ਲਿਖਿਆ ਹੈ ਸੋ ਸਭ ਸਤਿ ਸਤਿ ਹੈ, ਵਰਤ ਕੇ ਰਹੇਗਾ, ਆਹਲਾ ਨਹੀਂ ਜਾਣਾ ।

ਅਗਲਾ ਗੁਰਵਾਕ ਬਿਭਚਾਰੀਆਂ ਪਰ ਤ੍ਰਿਆ-ਗਾਮੀਆਂ ਪੁਰਸ਼ਾਂ ਦੇ ਖ਼ੂਬ ਬਣਾ ਕੇ ਕੰਨ ਖੋਲ੍ਹਦਾ ਹੈ । ਯਥਾ—

> ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥
> ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥੩॥
> (੪॥੧੫॥੨੬) (ਸੋਰਠਿ ਮ: ੫, ਪੰਨਾ ੬੧੬

ਭਾਵ-ਪਰ-ਇਸਤ੍ਰੀ-ਗਾਮੀ ਪੁਰਸ਼ (ਯਾ ਪਰ-ਪੁਰਸ਼ ਨਾਲ ਝਖ ਮਾਰਨ ਵਾਲੀਆਂ ਇਸਤ੍ਰੀਆਂ) ਆਪਣੇ ਪਾਪ ਕਰਮ ਨੂੰ ਢਕਣ (ਲੋਕਾਂ ਪਾਸੋਂ ਛਪਾਉਣ) ਲਈ ਬਿਵਰਜਤ ਬਿਭਚਾਰ ਕਰਮ ਕਰਨ ਖ਼ਾਤਰ, ਅੰਦਰੋਂ ਕਿਵਾੜ (ਬੂਹੇ) ਮਾਰਦੇ (ਬੰਦ ਕਰਦੇ) ਹਨ ਅਤੇ ਹੋਰ ਭੀ ਅਨਿਕ ਪ੍ਰਕਾਰ ਦੀਆਂ ਪੜਦਾ-ਪੋਸ਼ੀਆਂ ਕਰਦੇ ਹਨ, ਪਰ ਅਗੇ ਜਾ ਕੇ ਜਦੋਂ ਧਰਮਰਾਇ ਦੇ ਦਰਬਾਰ ਵਿਚ ਚਿਤਰ ਗੁਪਤ ਖ਼ੁਦ ਆਪਣੀ ਡਿਠੀ ਗਵਾਹੀ ਦੇਣਗੇ ਬਿਭਚਾਰ ਕਰਮ ਦੀ, ਤਾਂ ਓਥੇ ਪੜਦਾ ਉਘੜ ਜਾਣਾ ਹੈ, ਢਕਿਆ ਨਹੀਂ ਰਹਿਣਾ । ਕਿਉਂਕਿ ਭਾਵੇਂ ਲਖਾਂ ਪੜਦਿਆਂ ਵਿਚ ਪਾਪ ਕਮਾਏ ਜਾਣ, ਗੁੱਝਾ ਨਹੀਂ ਰਹਿਣਾ । ਚਿਤਰ ਗੁਪਤ ਹਰ ਦੰਮ ਹਰ ਜਗਹ ਸਾਥ ਰਹਿੰਦੇ ਹਨ । ਹੋਰ ਤਾਂ ਹੋਰ, ਘਟ ਘਟ ਦਾ ਅੰਤਰਯਾਮੀ ਹਨੇਰੇ,

ਚਾਨਣੇ ਹਰ ਥਾਂ ਮੌਜੂਦ ਹੈ ਤੇ ਅੰਤਰ ਬਾਹਰ ਦੀ ਗਤਿ ਜਾਨਣਹਾਰ ਹੈ । ਉਸ ਪਾਸੋਂ ਕੋਈ ਕੀਤਾ ਕਰਮ ਕਿਸੇ ਪ੍ਰਾਣੀ ਦਾ ਛੁਪਿਆ ਨਹੀਂ ਰਹਿੰਦਾ । ਚਾਹੇ ਕੋਈ ਧਰਤੀ ਵਿਚ ਬਹਿ ਕੇ, ਪਤਾਲ ਵਿਚ ਉਤਰ ਕੇ ਕਰਮ ਕਮਾਵੇ ।

ਪਰ-ਤ੍ਰਿਆ-ਗਾਮੀਆਂ ਨੂੰ ਅਤੇ ਪਰ-ਪੁਰਸ਼ ਰਮਨੀਆਂ ਨੂੰ ਜੇਕਰ ਇਸ ਉੱਪਰਲੇ ਵਾਕ ਦੀ ਦਸੀ ਹਕੀਕਤ ਮਨ ਬਚ ਕਰਮ ਕਰਕੇ ਜ਼ਿਹਨ-ਨਸ਼ੀਨ ਹੋ ਜਾਵੇ ਤਾਂ ਪਾਪ ਕਰਮ ਕੋਈ ਨ ਕਰੇ । ਜੇ ਗੁਰੂ ਕੇ ਸਿਖਾਂ ਨੂੰ ਇਸ ਗੁਰਵਾਕ ਦੀ ਸਚਾਈ ਤੇ ਪੱਕਾ ਯਕੀਨ ਦ੍ਰਿੜ੍ਹ ਹੋ ਜਾਵੇ ਤਾਂ ਕੋਈ ਭੀ ਪਤਿਤ ਨ ਹੋਣਾ ਪਾਵੇ । ਸਮੂਹ ਗੁਰਸਿਖਾਂ ਪ੍ਰਤੀ ਨਿਸਚਿਤ ਰਹੇ ਕਿ ਉਪਰਲੇ ਗੁਰ-ਪ੍ਰਮਾਣ ਦੀ ਸਚਾਈ ਦੀ ਰੌਸ਼ਨੀ ਅੰਦਰ ਦਰਸ਼ਾਈ ਦਸਾਈ ਚਿਤਰ ਗੁਪਤ ਦੀ ਹੋਂਦ ਸਹੀ ਅਤੇ ਸੱਚ ਹਕੀਕਤ ਹੈ ।

ਪਾਤਕਾਂ, ਪਤਿਤ ਕਰਮੀਆਂ ਦਾ ਪਿਛਲਾ ਲੇਖਾ ਤਦੇ ਮੁਕਦਾ ਹੈ, ਜੇਕਰ ਨਾਮ ਦੀ ਪੂੰਜੀ ਗੁਰਮੁਖਾਂ ਪੰਜ ਪਿਆਰਿਆਂ ਦੇ ਪੁੰਜ ਸੰਤਾਂ ਪਾਸੋਂ ਗੁਰੂ ਸਾਹਿਬ ਦੇ ਤਾਬਿਆ ਮਿਲਣ ਪਸਚਾਤ, ਉਹ ਪਤਿਤ-ਕਰਮੀ ਫੇਰ ਪਤਿਤ ਕਰਮ ਨਾ ਕਮਾਉਣ ।

ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥
ਧਰਮਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥੩॥
(੪॥੮॥੧੯) [ਸੋਰਠਿ ਮ: ੫, ਪੰਨਾ ੬੧੪

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਸਤਿਗੁਰ ਕੇ ਜਨਮ ਗਵਨ ਮਿਟਾਵਣ ਪਰ, ਅਰਥਾਤ ਅੰਮ੍ਰਿਤ ਪਾਨ ਕਰਕੇ ਸਿੰਘ ਖਾਲਸਾ ਸਜਣ ਪਰ, ਗੁਰਦੀਖਿਆ ਗੁਰਮੰਤਰ ਮਿਲਣ ਸਾਰ ਅਤੇ ਅੰਮ੍ਰਿਤ ਦੀਆਂ ਘੁੱਟਾਂ ਘਟ ਅੰਦਰ ਜਾਣ ਸਾਰ ਸਾਰੇ ਪੂਰਬਲੇ ਕੀਤੇ ਕਮਾਤੇ ਪਾਪ-ਕਰਮ ਦਗਧ ਹੋ ਜਾਂਦੇ ਹਨ । ਪਰ ਏਹਨਾਂ ਪਾਪ-ਕਰਮਾਂ ਤੋਂ ਬਚਣ ਲਈ, ਪਾਪ ਬਿਭਚਾਰ ਤੋਂ ਅਗੇ ਨੂੰ ਬਚਣ ਲਈ, ਸੁਆਸ ਸੁਆਸ ਨਾਮ ਦੇ ਅਭਿਆਸ ਦੀ ਕਮਾਈ ਕਰੀ ਜਾਣੀ ਅਵੱਸ਼ ਜ਼ਰੂਰੀ ਅਤੇ ਲਾਜ਼ਮੀ ਹੈ, ਕਦੇ ਅਵੇਸਲੇ ਨਹੀਂ ਹੋਣਾ ਚਾਹੀਦਾ । ਨਾਮ ਤੋਂ ਅਵੇਸਲੇ ਹੋਇਆਂ ਪੰਜਾਂ ਦੂਤਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦਾ ਦਾਉ ਕਦੇ ਨਾ ਕਦੇ ਚਲ ਹੀ ਜਾਂਦਾ ਹੈ । ਅਤੇ ਮਨੂਆ ਡੋਲ ਜਾਂਦਾ ਹੈ । ਮਨ ਤਾਂ ਏਹਨਾਂ ਪੰਜਾਂ ਦਾ ਹੀ ਪੁੰਜ ਹੈ । ਮਨ ਅਮੋੜ ਹੈ । ਮਦ-ਮਤੇ ਹਾਥੀ (ਮੈਗਲ) ਵਾਂਗੂੰ ਇਸ ਦੇ ਉਪਰ ਨਾਮ ਦਾ ਅੰਕਸ ਪੈਂਦਾ ਹੀ ਰਹੇ, ਤਦੇ ਹੀ ਸੂਤ ਰਹਿੰਦਾ ਹੈ । ਹਾਂ, ਨਾਮ ਅਭਿਆਸੀ ਦੀ ਅਭਿਆਸ ਕਮਾਈ ਜਦ ਇਸ ਟੀਸੀ ਤਾਈਂ ਪੁਜ ਜਾਂਦੀ ਹੈ ਕਿ ਘਟ ਅੰਤਰ ਹੀ ਜੋਤਿ ਪ੍ਰਕਾਸ਼ ਹੋ ਕੇ ਪਰਮਾਤਮਾ ਪਰਤੱਖ ਨਜ਼ਰੀਂ ਆਉਣ ਲਗ ਜਾਂਦਾ ਹੈ, ਇਸ

ਅਵਸਥਾ ਵਿਖੇ ਕੋਈ ਪਾਪ ਕਰਮ ਹੋਣਾ ਹੀ ਨਹੀਂ ਪਾਉਂਦਾ। ਮਨ ਦੀ ਦਸ਼ਾ ਹੀ ਅਫੁਰ ਹੋ ਜਾਂਦੀ ਹੈ, ਕਾਮ ਵਾਸ਼ਨਾ-ਮਈ ਕੋਈ ਫੁਰਨਾ ਹੀ ਨਹੀਂ ਫੁਰਦਾ। ਮੋਹ-ਮਦ ਦੇ ਸੰਕਲਪ ਸਭ ਨਾਬੂਦ ਹੋ ਜਾਂਦੇ ਹਨ। ਪਰ ਇਸ ਦੇ ਪ੍ਰਾਪਤ ਹੋਣ ਤੀਕ ਕੇਵਲ ਉੱਪਰ ਲਿਖੇ ਸਾਰਖੇ ਗੁਰਵਾਕਾਂ ਦੀ ਟੇਕ ਹੀ ਸਿਖਾਂ ਨੂੰ ਬਿਭਚਾਰ, ਪਤਿਤ ਕਰਮਾਂ ਤੋਂ ਬਚਾਏਗੀ।

ਅਗਲਾ ਗੁਰਵਾਕ ਭੀ ਉਪਰਲੀ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ—

ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿਧਾਰਿਓ ਮਨ ਮਾਝਾ॥
ਧਰਮਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥੪॥੫॥

[ਜੈਤਸਰੀ ਮ: ੪, ਪੰਨਾ ੬੯੮

ਭਾਵ—ਜਗਤ ਦੇ ਜੀਵਨ-ਆਧਾਰ ਵਾਹਿਗੁਰੂ ਦੀ ਅਪਾਰ ਕਿਰਪਾ ਜਿਨ੍ਹਾਂ ਜਨਾਂ ਉਤੇ ਹੋ ਗਈ, ਤਿਨ੍ਹਾਂ ਜਨਾਂ ਨੇ ਵਾਹਿਗੁਰੂ ਅਤੇ ਵਾਹਿਗੁਰੂ ਨਾਮ ਨੂੰ ਆਪਣਿਆਂ ਹਿਰਦਿਆਂ ਅੰਦਰ ਦ੍ਰਿੜ੍ਹ ਕਰ ਕੇ ਵਸਾਇਆ ਹੈ। ਓਹ ਸੁਆਸ ਸੁਆਸ ਨਾਮ-ਅਭਿਆਸ ਵਿਚ ਹੀ ਜੁਟੇ ਰਹਿੰਦੇ ਹਨ, ਹਰ ਦਮ ਨਾਮ ਲਿਵਤਾਰੀ ਹੀ ਰਹਿੰਦੇ ਹਨ। ਓਹਨਾਂ ਦੇ ਕਰਮਾਂ ਦੇ ਲੇਖਾਂ ਅਤੇ ਲੇਖਿਆਂ ਦੇ ਜੋ ਕਾਗਦ ਭੀ ਸਨ ਧਰਮਰਾਇ ਦੇ ਦਫ਼ਤਰ ਵਿਚ, ਸਭ ਫਾੜੇ ਗਏ ਅਤੇ ਲੇਖਾ ਮੁਕ ਚੁਕ ਗਇਆ। ਕੁਛ ਬਾਕੀ ਨਹੀਂ ਰਹੀ।

ਨਾਮ-ਰਾਸੀਆਂ, ਅਭਿਆਸੀਆਂ, ਸ਼ਬਦ ਵਿਗਾਸੀਆਂ ਤੋਂ ਬਿਨਾਂ ਗਰੀਬ ਅਮੀਰ, ਕੀ ਰੰਕ ਕੀ ਰਾਜੇ, ਭਾਵੇਂ ਕਿਸੇ ਤਬਕੇ ਦੇ, ਕਿਸੇ ਸੁਸਾਇਟੀ ਦੇ ਆਦਮੀ ਹੋਣ, ਨਾਮੋਂ ਸਖਣੇ ਹੋਣ ਕਰਕੇ ਸਾਰਿਆਂ ਨੂੰ ਧਰਮਰਾਇ ਪਾਸ ਪਕੜ ਕੇ ਮੁਜਰਮ ਅਤੇ ਮੁਲਜ਼ਮ ਦੀ ਨਿਆਈਂ ਲਿਜਾਇ ਕੈ ਖੜਾ ਕੀਤਾ ਜਾਊ ਤੇ ਸਜ਼ਾਯਾਬ ਹੋਣਾ ਪਊ। ਯਥਾ ਗੁਰਵਾਕ—

ਨਰਪਤਿ ਰਾਜੇ ਰੰਗ ਰਸ ਮਾਣਹਿ
ਬਿਨੁ ਨਾਵੈ ਪਕੜਿ ਖੜੇ ਸਭਿ ਕਲਘਾ॥
ਧਰਮਰਾਇ ਸਿਰਿ ਡੰਡੁ ਲਗਾਨਾ
ਫਿਰਿ ਪਛੁਤਾਨੇ ਹਥ ਫਲਘਾ ॥੨॥ (੪॥੨॥੧੧)

[ਸੂਹੀ ਮ: ੪, ਪੰਨਾ ੭੩੧

ਭਾਵ—ਇਹ ਜੋ ਰਾਜੇ ਨਰਾਂ ਦੇ ਪਤੀ ਮਾਲਕ ਸਦਾਉਂਦੇ ਹਨ ਅਤੇ ਰਸ-ਕਸਾਂ ਵਿਚ ਖੱਚਤ ਹੋਣ ਦੀਆਂ ਰੰਗ-ਰਲੀਆਂ ਮਾਣਦੇ ਹਨ ਅਤੇ ਸੰਸਾਰੀ ਰਾਜ ਮਦ ਦੇ ਰਸਾਂ ਦੇ ਮਦ ਵਿਚ ਮਸਤ ਹੋਣ ਕਰਕੇ ਪਰਮਾਰਥ ਵਲ ਪਾਸਾ ਹੀ ਨਹੀਂ

ਪਰਤਦੇ, ਨਾਮ ਹੀਣ ਹੀ ਰਹਿੰਦੇ ਹਨ, ਏਹਨਾਂ ਸਾਰਿਆਂ ਨੂੰ ਬੋਦੀਓਂ ਫੜ ਕੇ ਜਮਦੂਤਾਂ ਰਾਹੀਂ ਧਰਮਰਾਇ ਦੇ ਦਰਬਾਰ ਵਿਚ ਲੈ ਜਾਇਆ ਜਾਵੇਗਾ, ਜਿਥੇ ਧਰਮਰਾਇ ਦੇ ਹੁਕਮ ਨਾਲ ਜਮ-ਡੰਡਾ ਏਹਨਾਂ ਦੇ ਸਿਰ ਤੇ ਫਾੜ ਫਾੜ ਪਵੇਗਾ। ਫੇਰ ਇਹ ਪਛਤਾਉਣਗੇ, ਜਦੋਂ ਏਹਨਾਂ ਦੇ ਹੱਥ ਅੱਗ ਭਖਦੇ ਫਾਲਿਆਂ ਨਾਲ ਫਾਲੇ ਜਾਣਗੇ ਅਤੇ ਭਖਦੇ ਫਾਲਿਆਂ ਦੇ ਘਾਉ (ਨਾ ਮਿਟਣ ਵਾਲੇ ਦਾਗ) ਏਹਨਾਂ ਦੇ ਹੱਥਾਂ ਤੇ ਪੈਣਗੇ। ਓਹਨਾਂ ਹੱਥਾਂ ਤੇ ਜਿਨ੍ਹਾਂ ਹੱਥਾਂ ਨਾਲ ਨਰਪਤ ਰਾਜੇ ਹੋਣ ਦੀ ਹੈਸੀਅਤ ਵਿਚ ਏਹਨਾਂ ਨੇ ਅਨਿਆਉਂ ਭਰੇ ਜ਼ੁਲਮੀ ਹੁਕਮਾਂ ਦੇ ਫ਼ੁਰਮਾਣ ਲਿਖੇ ਹੋਣਗੇ। ਰਾਜ-ਮਦ ਵਾਲਿਆਂ ਤੋਂ ਰਾਜ-ਮਦ ਕੀ ਕੀ ਕਰਮ ਨਹੀਂ ਕਰਾਉਂਦਾ? ਅਤੇ ਏਹਨਾਂ ਦੇ ਹੱਥੋਂ ਕੀ ਕੀ ਕੁਧਰਮ ਅਨਿਆਉਂ ਦੇ ਕੁਲੇਖ ਕਾਲਖ ਦਾਗੀ ਕਾਗਦ ਨਹੀਂ ਲਿਖਾਉਂਦਾ। ਏਸ ਦੁਨੀਆ ਵਿਚ ਹੀ ਚਾਰ ਦਿਨ ਦੀਆਂ ਰਸ ਰੰਗੀਲੀਆਂ ਮਾਣਦੇ ਦਿਸਦੇ ਹਨ। ਅਗੇ ਚੱਲ ਕੇ ਏਹਨਾਂ ਦਾ ਜ਼ਰੂਰ ਹੀ ਉੱਪਰ ਦਸਿਆ ਹਾਲ ਹੋਵੇਗਾ।

ਪਰ ਜਿਨ੍ਹਾਂ ਨੂੰ ਨਾਮ ਰੂਪੀ ਹੁੰਡੀ ਦਾ ਪਰਵਾਨਾ ਧੁਰਿ ਗੁਰ ਪਰਮੇਸ਼ਰ ਦੀ ਦਰਗਾਹੋਂ ਮਿਲ ਗਿਆ, ਤਿਨ੍ਹਾਂ ਦੇ ਧਰਮਰਾਇ ਦੇ ਸਭ ਦਫ਼ਤਰੀ ਲੇਖੇ ਮਿਟ ਗਏ। ਯਥਾ ਗੁਰਵਾਕ—

ਬਹਤਰਿ ਘਰ ਇਕੁ ਪੁਰਖੁ ਸਮਾਇਆ ਉਨਿ ਦੀਆ ਨਾਮੁ ਲਿਖਾਈ ॥
ਧਰਮਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ ॥੩॥
(੪॥੫) [ਸੂਹੀ ਬਾਣੀ ਭਗਤ ਕਬੀਰ ਜੀ, ਪੰਨਾ ੭੯੩

ਭਾਵ—ਵਾਹਿਗੁਰੂ ਨਾਮ ਦੀ ਪਾਰਸ-ਅਭਿਆਸੀ ਸੁਕ੍ਰਿਤ ਕਮਾਈ ਦੇ ਪਰਤਾਪ ਰਸਾਇਣੀ ਪ੍ਰਭਾਵ ਕਰਿ, ਜਿਸ ਜਨ ਦੇ ਦੇਹੀ ਰੂਪੀ ਘਰ ਦੀਆਂ ਬਹੱਤਰ ਹਜ਼ਾਰੀ ਨਾੜੀ ਰੂਪੀ ਕੋਠੜੀਆਂ ਵਿਖੇ, ਅਰਥਾਤ ਜਿਸ ਜਨ ਦੇ ਰਗ ਰੇਸ਼ੇ ਅੰਦਰ ਵਾਹਿਗੁਰੂ ਜੋਤੀ ਸਰੂਪ ਦੀ ਜੋਤਿ ਪਰਕਾਸ਼ ਹੋ ਗਈ ਅਤੇ ਵਾਹਿਗੁਰੂ ਹੀ ਵਾਹਿਗੁਰੂ ਰੋਮ ਰੋਮ ਅੰਦਰ, ਨਾੜ ਨਾੜ ਅੰਦਰ ਸਮਾ ਗਿਆ, ਉਸ ਜਨ ਤੋਂ ਫੇਰ ਮਨੁੱਖਾ ਦੇਹੀ ਅੰਦਰ ਕੋਈ ਪਾਪ ਕੁਕਰਮ ਸਰਜ਼ਦ ਨਹੀਂ ਹੁੰਦਾ। ਤਿਸ ਪਾਪਾਂ ਤੋਂ ਪਾਕ ਦੇਹੀ ਵਾਲੇ ਨਾਮ-ਜੋਤਿ-ਪ੍ਰਕਾਸ਼ੀ ਰੰਗਾਂ ਵਿਚ ਚਲਾਣਾ (ਪਰਲੋਕ ਪਿਆਨਾ) ਕਰਨ ਵਾਲੇ ਜਨ ਦੇ ਹੱਕ ਵਿਚ ਪਰਮ ਪੁਰਖ ਵਾਹਿਗੁਰੂ ਪਹਿਲਾਂ ਹੀ ਨਾਮ ਰੂਪੀ ਹੁੰਡੀ ਅਖੁਟ ਮਲਕੀਅਤ ਦਾ ਪਰਵਾਨਾ (ਪਟਾ) ਲਿਖ ਦਿੰਦਾ ਹੈ। ਜਿਸ ਦੀ ਸਰਚ ਲਾਈਟ ( search light ) ਨਾਲ ਜਦੋਂ ਧਰਮਰਾਇ ਦਾ ਦਫ਼ਤਰ ਸੋਧਿਆ ਪੜਤਾਲਿਆ ਜਾਂਦਾ ਹੈ ਤਾਂ ਰਾਈ ਭਰ ਭੀ ਬਾਕੀ ਦੇਣੀ ਨਹੀਂ ਨਿਕਲਦੀ।

ਕਰਮਾਂ ਦਾ ਹਿਸਾਬ ਸਭ ਨਿਬੜਿਆ ਹੀ ਨਿਕਲਦਾ ਹੈ । ਦੇਖੋ ਧਰਮਰਾਇ ਸਬੰਧੀ ਅਗਲਾ ਗੁਰਵਾਕ ਕੈਸਾ ਸਪੱਸ਼ਟ ਹੈ । ਯਥਾ ਗੁਰਵਾਕ—

ਗੁਪਤ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ ॥
ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ ॥੧॥
ਰੇ ਨਰ ਕਾਇ ਪਰ ਗ੍ਰਿਹਿ ਜਾਇ ॥

ਕੁਚਲ ਕਠੋਰ ਕਾਮਿ ਗਰਧਭ ਤੁਮ ਨਹੀ ਸੁਨਿਓ ਧਰਮਰਾਇ ॥੧॥ਰਹਾਉ॥
(੫॥੨॥੧੧) [ਮਾਰੂ ਮ: ੫, ਪੰਨਾ ੧੦੦੧

ਭਾਵ—ਪਰਾਈ ਇਸਤ੍ਰੀ ਨਾਲ ਵਿਸ਼ੇ ਭੋਗ (ਬਿਭਚਾਰ) ਕਰਨ ਵਾਲਿਆਂ ਨੂੰ ਇਸ ਗੁਰਵਾਕ ਦੁਆਰਾ ਤਕੜੀ ਕੰਨ-ਖੋਲ੍ਹਵੀਂ ਚਪੇੜ ਲਾਈ ਗਈ ਹੈ ਤੇ ਉਪਦੇਸ਼ਿਆ ਗਿਆ ਹੈ : ਹੇ ਅਮੋੜ ਨਰ ! ਤੂੰ ਕਿਸ ਵਾਸਤੇ (ਕਾਹਨੂੰ) ਪਰ-ਗ੍ਰਿਹ ਜਾਂਦਾ ਹੈਂ ਅਤੇ ਪਰ-ਇਸਤ੍ਰੀ ਨਾਲ ਬਿਭਚਾਰ ਕਮਾਂਦਾ ਹੈਂ ? ਆਪਣੇ ਜਾਣੇ ਇਸ ਕਰਕੇ ਬੇਖੌਫ਼ ਹੋ ਕੇ ਇਹ ਵਿਸ਼ਾ (ਪਰ-ਗ੍ਰਿਹ ਜਾ ਕੇ ਪਰ ਤ੍ਰਿਅ ਰਮਣ ਵਾਲਾ) ਭੋਗਦਾ ਹੈਂ ਕਿ ਕੋਈ ਦੇਖਦਾ ਥੋੜੋ ਹੈ । ਪਰ ਗੁਰੂ ਸਾਹਿਬ ਇਹ ਭਰਮ-ਭੁਲਾਵਾ ਦੂਰ ਕਰਦੇ ਹਨ ਇਉਂ ਉਚਾਰ ਕੇ ਕਿ ਤੂੰ ਚੋਰੀਓਂ ਬਿਭਚਾਰ ਪਰ-ਇਸਤ੍ਰੀ ਨਾਲ ਕਰ ਕੇ ਸਿਰਫ਼ ਮਨੁੱਖਾਂ, ਅਲਪਗ ਇਨਸਾਨਾਂ ਨੂੰ ਹੀ ਧੋਖਾ ਦੇ ਸਕਦਾ ਹੈਂ, ਅਲਪਗ ਇਨਸਾਨ ਤੋਂ ਹੀ ਇਸ ਪਾਪ ਦੀ ਚੋਰੀ ਰੱਖ ਸਕਦਾ ਹੈਂ । ਪਰ ਹੇ ਮੂੜ੍ਹ ! ਉਸ ਵਾਹਿਗੁਰੂ ਕਰਤੇ ਪੁਰਖ ਅੰਤਰਯਾਮੀ ਤੋਂ ਤੂੰ ਕਿਵੇਂ ਚੋਰੀ ਰੱਖ ਸਕੇਂਗਾ ? ਜੋ ਹਰ ਥਾਉਂ, ਅੰਦਰ ਬਾਹਰ, ਗੁਪਤ ਥਾਵਾਂ ਤੇ ਭੀ ਗੁਪਤੋਂ ਗੁਪਤ ਵਿਆਪ ਰਹਿਆ ਹੈ ਅਤੇ ਤੈਨੂੰ ਪਾਪ ਕਮਾਉਂਦੇ ਨੂੰ ਦੇਖਦਾ ਹੈ । ਚਾਹੇ ਤੈਨੂੰ ਉਹ ਗੁਪਤ ਅਤੇ ਸਰਬ ਵਿਆਪਕ ਵਾਹਿਗੁਰੂ ਦਿਸਦਾ ਨਹੀਂ, ਪਰ ਓਹ ਤਾਂ ਤੈਨੂੰ ਦੇਖਦਾ ਹੈ । ਐਸੇ ਹਾਜ਼ਰ-ਨਾਜ਼ਰ ਵਾਹਿਗੁਰੂ ਨੂੰ ਵਿਸਾਰ ਕੇ ਤੂੰ ਕਾਮ-ਚੇਸ਼ਟਾ ਦਾ ਗ੍ਰਸਿਆ ਹੋਇਆ ਪਰ-ਤ੍ਰਿਆ ਰਮਤ ਵਿਸ਼ੇ ਭੋਗਦਾ ਹੈਂ । ਪਰ ਤੈਨੂੰ ਇਹ ਪਤਾ ਨਹੀਂ ਕਿ ਅਗੇ ਜਾ ਕੇ ਤੇਰੇ ਨਾਲ ਕੀ ਬੀਤਣੀ ਹੈ ? ਸੋ ਗੁਰੂ ਸਾਹਿਬ ਦਸਦੇ ਹਨ ਕਿ ਅਗੇ ਜਾ ਕੇ ਤੱਤਿਆਂ ਅੰਗਿਆਰਾਂ ਵਾਂਗੂ ਭਖਦਿਆਂ ਥੰਮਾਂ ਨਾਲ ਤੇਰੇ ਜਫੇ ਪੁਆਏ ਜਾਣਗੇ । ਜਿਵੇਂ ਤੂੰ ਪਰਾਈਆਂ ਇਸਤ੍ਰੀਆਂ ਨੂੰ ਜੱਫੀਆਂ ਪਾ ਕੇ ਬਿਭਚਾਰ ਕਰ ਕੇ ਪਾਪ ਕਮਾਂਵਦਾ ਹੈ, ਤਿਵੇਂ ਹੀ (ਇਹਨਾਂ ਦੇ ਬਦਲੇ) ਤੈਨੂੰ ਸਜ਼ਾਵਾਂ ਇਹੋ ਜਿਹੀਆਂ ਹੀ ਅਗੇ ਜਾ ਕੇ ਭੁਗਤਣੀਆਂ ਪੈਣਗੀਆਂ, ਅਰਥਾਤ ਤੱਤਿਆਂ ਥੰਮਾਂ ਨਾਲ ਨਰੜ ਨਰੜ ਕੇ ਤੈਨੂੰ ਚਮੇੜਿਆ ਜਾਊ । ਇਉਂ ਮਤ ਖ਼ਿਆਲ ਕਰੀਂ ਕਿ ਤੇਰੇ ਗੁਹਜ ਪਾਪਾਂ ਨੂੰ ਕੋਈ ਦੇਖਣਹਾਰਾ ਨਹੀਂ । ਪਹਿਲਾਂ ਤਾਂ ਹਾਜ਼ਰਾ ਹਜ਼ੂਰ ਵਾਹਿਗੁਰੂ ਦੇਖਦਾ

 www.sikhbookclub.com

ਹੈ। ਗੁਪਤ ਤੋਂ ਗੁਪਤ ਥਾਉਂ ਵਿਖੇ ਦੇਖਣਹਾਰਾ ਹੈ। ਦੂਜੇ ਚਿਤਰ ਗੁਪਤ ਧਰਮਰਾਇ ਦੇ ਛਡੇ ਹੋਏ ਮੁਨਸ਼ੀ ਤੇਰੀ ਹਰੇਕ ਹਰਕਤ ਦੇ ਸ਼ਾਹਦੇ ਹਾਲ ਹਨ। ਓਹ ਤੇਰੇ ਕੀਤੇ ਕਰਮਾਂ ਦੀ ਉਗਾਹੀ ਦੇਣਗੇ। ਫੇਰ ਤੈਥੋਂ ਮੁਕਰਿਆ ਨਹੀਂ ਜਾਣਾ। ਹੇ ਕੁਚੀਲ ਕਾਮੀ ਪੁਰਸ਼! ਹੇ ਅਮੋੜ ਕਰਮਾਂਹੀਣ ਕਠੋਰ ਪੁਰਸ਼! ਹੇ ਗੱਧੇ! ਤੈਂ ਕਦੇ ਧਰਮਰਾਇ ਸੁਣਿਆ ਨਹੀਂ? ਜੇ ਨਹੀਂ ਸੁਣਿਆ ਤਾਂ ਅਸੀਂ ਤੈਨੂੰ ਸੁਣਾਉਂਦੇ ਹਾਂ ਕਿ ਧਰਮਰਾਇ ਜ਼ਰੂਰ ਹੈ ਅਤੇ ਪਾਪੀਆਂ ਦੇ ਕਰਮਾਂ ਦਾ ਹੱਥੋ-ਹੱਥ ਸਚੋ-ਸੱਚ ਨਿਬੇੜਾ ਕਰਨਹਾਰਾ ਪਰਮਾਤਮਾ ਨੇ ਖ਼ੁਦ ਇਸ ਕੰਮ ਲਈ ਥਾਪਿਆ ਹੈ। ਉਹ ਕਾਮੀਆਂ, ਵਿਸ਼ੇ-ਗਰਾਮੀਆਂ ਨੂੰ ਤੱਤਿਆਂ ਥੰਮਾਂ ਦੇ ਨਾਲ ਜਫੜੀਆਂ ਪੁਆ ਕੇ ਸਜ਼ਾਵਾਂ ਦੇਂਦਾ ਹੈ। ਤੈਨੂੰ ਅਗਲੀ ਗੱਲ ਦਾ ਪਤਾ ਇਉਂ ਕਰਾਉਂਦੇ ਹਾਂ ਕਿ ਅਵੱਸ਼ ਅਗੇ ਜਾ ਕੇ ਇਹ ਬਿਕਟ ਸਜ਼ਾਈਂ ਬਿਭਚਾਰ ਪਾਪ ਕਰਮਾਂ ਦੇ ਬਦਲੇ ਮਿਲਣਗੀਆਂ। ਤੈਨੂੰ ਦਸਦੇ ਹਾਂ ਕਿ 'ਕਾਇ ਪਰ ਗ੍ਰਿਹਿ ਜਾਇ'? ਪਰਾਈ ਇਸਤ੍ਰੀ ਨਾਲ ਬਿਭਚਾਰ ਕਰਮ ਕਰਨੋਂ ਮੂਲੋਂ ਹੀ ਸੰਕੋਚ ਰਖ, ਤਾਂ ਬਚੇਂਗਾ ਇਹਨਾਂ ਅਗਲੀਆਂ ਅਵੱਸ਼ ਮਿਲਣ ਵਾਲੀਆਂ ਘੋਰ ਸਜ਼ਾਵਾਂ ਤੋਂ।

ਅਗਲਾ ਗੁਰਵਾਕ ਦਸਦਾ ਹੈ ਕਿ ਦਿਨਸ ਰਾਤਿ ਨਾਮ ਜਪਣ ਵਾਲਿਆਂ ਦਾ ਉਲਟਾ ਧਰਮਰਾਇ ਐਨ ਅਨੁਸਾਰੀ ਮੀਤ ਸਖਾਈ ਹੁੰਦਾ ਹੈ। ਯਥਾ ਗੁਰਵਾਕ—

ਜਿਨੀ ਅੰਦਰੁ ਭਾਲਿਆ ਗੁਰ ਸਬਦਿ ਸੁਹਾਵੈ ॥
ਜੋ ਇਛਨਿ ਸੋ ਪਾਇਦੇ ਹਰਿ ਨਾਮੁ ਧਿਆਵੈ ॥

ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ ਸੋ ਹਰਿ ਗੁਣ ਗਾਵੈ ॥
ਧਰਮਰਾਇ ਤਿਨ ਕਾ ਮਿਤੁ ਹੈ ਜਮ ਮਗਿ ਨ ਪਾਵੈ ॥
ਹਰਿ ਨਾਮੁ ਧਿਆਵਹਿ ਦਿਨਸੁ ਰਾਤਿ ਹਰਿ ਨਾਮਿ ਸਮਾਵੈ ॥੧੪॥
[ਵਾਰ ਮਾਰੂ ਮ: ੩, ਪੰਨਾ ੧੦੯੧

ਵਿਆਖਿਆ—ਜਿਨ੍ਹਾਂ ਗੁਰਮੁਖ ਪਿਆਰਿਆਂ ਨੇ ਸੋਹਣੇ ਸੁਹਾਵੇ ਗੁਰਮੰਤ੍ਰ (ਨਾਮ) ਦੀ ਕਮਾਈ ਦੁਆਰਾ ਅੰਦਰੁ ਹਿਰਦਾ ਭਾਲਿਆ ਹੈ, ਖੋਜ ਢੰਢੋਲਿਆ ਹੈ, ਤਿਨ੍ਹਾਂ ਨੂੰ ਅੰਦਰੋਂ ਹੀ ਸਭ ਕੁਛ ਲੱਭ ਗਿਆ ਹੈ। ਵਾਹਿਗੁਰੂ ਹੀ ਗੁਪਤੋਂ ਪਰਗਟ ਹੋ ਕੇ ਆਸ਼ਕਾਰ ਹੋ ਗਿਆ ਹੈ। ਸਰਬ ਇਛਾਂ ਪੂਰੀਆਂ ਕਰਨਹਾਰ ਵਾਹਿਗੁਰੂ ਹੀ ਜਦੋਂ ਜੋਤਿ ਪ੍ਰਕਾਸ਼ਕ ਅੰਦਰੋਂ ਹੀ ਪਰਗਟ ਹੋ ਗਿਆ ਤਾਂ ਨਾਮ ਧਿਆਵਨਹਾਰੇ ਗੁਰਮੁਖਾਂ ਦੀਆਂ ਸਾਰੀਆਂ ਹੀ ਇਛਾਂ ਪੂਰੀਆਂ ਹੋ ਜਾਂਦੀਆਂ ਹਨ। ਮਨ-ਇਛਤ ਫਲ ਤਿਨ੍ਹਾਂ ਨੂੰ ਪ੍ਰਾਪਤ ਹੋਇ ਆਵੰਦੇ ਹਨ। ਜਿਸ ਜਨ ਉਤੇ ਵਾਹਿਗੁਰੂ ਦੀ ਕਿਰਪਾ ਹੁੰਦੀ ਹੈ, ਤਿਸ ਨੂੰ ਸਚੇ ਸਤਿਗੁਰੂ ਗੁਰੂ ਨਾਨਕ ਦੇਵ ਜੀ

ਦੀ ਪ੍ਰਾਪਤੀ ਹੁੰਦੀ ਹੈ ਤੇ ਗੁਰੂ ਦੁਆਰਾ ਨਾਮ ਮਿਲਦਾ ਹੈ। ਗੁਰੂ ਅਤੇ ਗੁਰੂ-ਬਖ਼ਸ਼ੇ ਨਾਮ ਦੀ ਪ੍ਰਾਪਤੀ ਵਾਲੇ ਹੀ ਪ੍ਰੇਮ-ਰਸ ਪ੍ਰਾਇਣ ਹੋ ਕੇ ਹਰਿ ਗੁਣ ਗਾਂਵਦੇ ਹਨ। ਤਿਨ੍ਹਾਂ ਦਾ ਗੁਣ-ਗਾਵਣਾ ਅਮਲ ਲੇਖੇ ਪੈਂਦਾ ਹੈ। ਓਹ ਦਿਨੇ ਰਾਤ ਨਾਮ ਧਿਆਵਨ ਵਿਚ ਹੀ ਜੁਟੇ ਰਹਿੰਦੇ ਹਨ, ਨਾਮ ਦੇ ਰਸ-ਜੋਤਿ ਰੰਗਾਂ ਵਿਚ ਹੀ ਸਮਾਏ ਰਹਿੰਦੇ ਹਨ। ਧਰਮਰਾਇ ਤਿਨ੍ਹਾਂ ਦਾ ਐਨ ਅਨੁਸਾਰੀ ਮਿੱਤਰ ਬਣ ਕੇ ਅਗਾਹਾਂ ਗਿਆਂ ਓਹਨਾਂ ਦਾ ਸਤਿਕਾਰ ਕਰਦਾ ਹੈ। ਜਿਥੇ ਹੋਰਨਾਂ ਦਾ ਤਾਂ ਧਰਮਰਾਇ ਦੋਖੀ ਹੁੰਦਾ ਹੈ, ਓਥੇ ਅਜਿਹੇ ਗੁਰਮੁਖਾਂ ਦਾ ਮਿੱਤਰ ਤੇ ਤੋਖੀ ਬਣ ਜਾਂਦਾ ਹੈ। ਆਪਣੇ ਜਮਦੂਤਾਂ ਨੂੰ ਭੀ ਓਹਨਾਂ ਦੇ ਮਾਰਗ ਵਿਚ ਅਟਕਾਊ ਠਹਿਰਾਊ ਨਹੀਂ ਹੋਣ ਦਿੰਦਾ। ਗੁਰਮੁਖਾਂ ਦੇ ਪਰਲੋਕ ਗਮਨਾਰੀ ਮਾਰਗ ਅੰਦਰ ਜਮ ਦੇ ਦੂਤ ਭੀ ਬਿਘਨਕਾਰੀ ਨਹੀਂ ਹੋ ਸਕਦੇ।

ਸੱਚ ਹੈ ਜਿਸ ਦੇ ਵਾਹਿਗੁਰੂ ਵਲ ਹੈ ਉਸ ਦੇ ਸਭ ਕੋਈ ਵਲ ਹੈ, ਉਸ ਦਾ ਸਭ ਕੋਈ ਮਿੱਤਰ ਹੈ। ਜਿਸ ਗੁਰਮੁਖ ਪਿਆਰੇ ਨੇ ਸਭ ਥੋਕ ਵਿਸਾਰ ਕੇ, ਸਭਨਾਂ ਨੂੰ ਤਿਆਗ ਕੇ ਇਕੋ ਵਾਹਿਗੁਰੂ ਨਾਲ ਮਿਤ੍ਰਾਈ ਗੰਢੀ ਹੈ, ਉਸ ਦੇ ਕਮਾਤੇ ਪਾਪ ਵਾਹਿਗੁਰੂ ਨੇ ਸਾਰੇ ਦਾਹ ਸਿਟੇ ਹਨ (ਦਘਧ ਕਰ ਦਿਤੇ ਹਨ), ਉਸ ਦਾ ਆਵਣ ਜਾਣਾ (ਆਵਾ-ਗਵਣ ਦਾ ਸਿਲਸਿਲਾ) ਭੀ ਦੂਰ ਹੋ ਗਿਆ ਹੈ। ਨਾ ਓਹ ਫੇਰ ਜੰਮਦਾ ਹੈ ਨਾ ਮਰਦਾ ਹੈ। ਉਸ ਨੂੰ ਸਚੇ ਨਾਮ ਦਾ ਹੀ ਹਰ ਵਕਤ ਆਧਾਰ ਰਹਿੰਦਾ ਹੈ। ਸਚੇ ਨਾਮ ਦੇ ਆਧਾਰ ਵਿਚ ਹੀ ਨਿਮਗਨ ਰਹਿਣ ਕਰਕੇ ਉਸ ਨੂੰ ਸੋਗ ਮੋਹ ਨਹੀਂ ਵਿਆਪਦੇ, ਜਲ ਕੇ ਸੁਆਹ ਹੋ ਜਾਂਦੇ ਹਨ। ਸੋਗ ਮੋਹ ਆਦਿ ਦੀ ਅਗਨੀ ਵਿਚ ਓਹ ਜਲ ਸੜ ਨਹੀਂ ਸਕਦੇ। ਨਾ ਹੀ ਓਹ ਸੋਗ ਮੋਹ ਰੂਪ ਅਗਨੀ ਵਿਚ ਪੈਂਦੇ ਹਨ। ਅਤੇ ਨਾ ਹੀ ਸੋਗ ਮੋਹ ਦੀ ਅਗਨੀ ਓਹਨਾਂ ਨੂੰ ਜਾਲ ਸਕਦੀ ਹੈ, ਕਿਉਂਕਿ ਨਾਮ ਨਿਧਾਨ ਰੂਪੀ ਸ਼ਾਂਤ ਸੀਤਲਤਾ ਓਹਨਾਂ ਦੇ ਅੰਤਰ ਸੰਚਰੀ ਹੋਈ ਹੁੰਦੀ ਹੈ। ਇਹ ਐਸੀ ਸੀਤਲਤਾ ਹੈ ਜਿਸ ਨੂੰ ਕੋਈ ਅਗਨੀ ਪੋਹ ਨਹੀਂ ਸਕਦੀ। ਇਹ ਉਪਰ ਅੰਕਰਿਤ ਭਾਵ ਏਸ ਹੇਠਲੇ ਗੁਰਵਾਕ ਦਾ ਇੰਨ-ਬਿੰਨ ਅਨੁਵਾਦ ਹੈ। ਯਥਾ—

ਸਭੇ ਥੋਕ ਵਿਸਾਰਿ ਇਕੋ ਮਿਤੁ ਕਰਿ ॥
ਮਨੁ ਤਨੁ ਹੋਇ ਨਿਹਾਲੁ ਪਾਪਾ ਦਹੈ ਹਰਿ ॥
ਆਵਣ ਜਾਣਾ ਚੁਕੈ ਜਨਮਿ ਨ ਜਾਹਿ ਮਰਿ ॥
ਸਚੁ ਨਾਮੁ ਆਧਾਰੁ ਸੋਗਿ ਨ ਮੋਹਿ ਜਰਿ ॥
ਨਾਨਕ ਨਾਮੁ ਨਿਧਾਨੁ ਮਨ ਮਹਿ ਸੰਜਿ ਧਰਿ ॥੨੦॥

[ਮਾਰੂ ਵਾਰ ਮ: ੩, ਪੰਨਾ ੧੦੯੩

 www.sikhbookclub.com

ਇਹ ਮਨ ਨਾਮ ਬਿਨਾ ਅਹਿਨਿਸਿ ਪੰਜਾਂ ਦੂਤਾਂ ਦੇ ਵਸਿ ਹੀ ਪਿਆ ਰਹਿੰਦਾ ਹੈ, ਕਿਉਂਕਿ ਇਸ ਦੇਹੀ ਅੰਦਰ ਹੀ ਪੰਜ ਚੋਰ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਵਸਦੇ ਹਨ। ਇਹਨਾਂ ਦੇ ਵਸਗਤਿ ਹੋਇਆ ਜੀਵ ਦੁਖੀ ਹੁੰਦਾ ਹੈ। ਧਰਮਰਾਇ ਦੇ ਦੂਤਾਂ, ਜਮ ਅਤੇ ਚਿਤਰ ਗੁਪਤਾਂ ਦੇ ਵਸਿ ਪੈਂਦਾ ਹੈ। ਅਗਲੇ ਗੁਰਵਾਕ ਵਿਖੇ ਇਸ ਦਸ਼ਾ ਨੂੰ ਕੈਸਾ ਖੋਲ੍ਹ ਕੇ ਦਰਸਾਇਆ ਹੈ। ਯਥਾ ਗੁਰਵਾਕ—

ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ ॥
ਨੈਨੂ ਨਕਟੂ ਸ੍ਰਵਨੂ ਰਸਪਤਿ ਇੰਦ੍ਰੀ ਕਹਿਆ ਨ ਮਾਨਾ ॥੧॥
ਬਾਬਾ ਅਬ ਨ ਬਸਉ ਇਹ ਗਾਉ ॥
ਘਰੀ ਘਰੀ ਕਾ ਲੇਖਾ ਮਾਗੈ ਕਾਇਥੁ ਚੇਤੂ ਨਾਉ ॥੧॥ਰਹਾਉ॥
ਧਰਮਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ ॥
ਪੰਚ ਕ੍ਰਿਸਾਨ ਵਾ ਭਾਗਿ ਗਏ ਲੈ ਬਾਧਿਉ ਜੀਉ ਦਰਬਾਰੀ ॥੨॥
ਕਹੈ ਕਬੀਰੁ ਸੁਨਹੁ ਰੇ ਸੰਤਹੁ ਖੇਤ ਹੀ ਕਰਹੁ ਨਿਬੇਰਾ ॥
ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ ॥੩॥੭॥
[ਮਾਰੂ ਕਬੀਰ ਜੀ, ਪੰਨਾ ੧੧੦੪

ਵਿਆਖਿਆ—ਇਸ ਦੇਹੀ ਰੂਪੀ ਗਾਉਂ (ਪਿੰਡ) ਦੀ ਧਰਤੀ ਦਾ ਚਉਧਰੀ (ਮਹਿਤਾ, ਮਾਲਕ) ਜੀਵ-ਆਤਮਾ ਹੈ। ਇਹ ਦੇਹੀ ਰੂਪੀ ਪਿੰਡ ਦੀ ਧਰਤੀ ਨੂੰ ਵਾਹੁਣ ਵਾਲੇ ਪੰਜ ਕਿਰਸਾਣ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਹਨ, ਜੋ ਇਸ ਦੇਹੀ ਵਿਚ ਵਸਦੇ ਹਨ। ਅੱਖਾਂ, ਨੱਕ, ਕੰਨ ਤੇ ਰਸਨਾ ਆਦਿਕ ਇੰਦਰੀਆਂ ਇਹਨਾਂ ਪੰਚਾਂ ਦੇ ਵਸਿ ਪਈਆਂ ਹੋਈਆਂ ਹਨ, ਜੀਵ-ਆਤਮਾ ਦੇ ਕਹੇ ਤੋਂ ਬਾਹਰ ਹੀ ਆਪ-ਮੁਹਾਰੀਆਂ ਮਨ ਨੂੰ ਦਬੱਲੀ ਫਿਰਦੀਆਂ ਹਨ। ਐਸੀ ਹਾਲਤ ਦੇਖ ਕੇ ਇਹੀ ਸਿੱਟਾ ਨਿਕਲਦਾ ਹੈ ਕਿ ਇਹ ਦੇਹੀ ਰੂਪੀ ਗਾਉਂ (ਪਿੰਡ) ਹੁਣ ਨਹੀਂ ਵਸਦਾ, ਉਜੜ ਜਾਣਾ ਹੈ (ਉਜਾੜ ਹੀ ਛਡਿਆ ਹੈ ਪੰਜਾਂ ਚੋਰਾਂ ਨੇ) ਅਤੇ ਅਗੇ ਜਾ ਕੇ ਘੜੀ ਘੜੀ ਦਾ ਲੇਖਾ ਮੰਗੇਗਾ ਚਿਤਰ ਗੁਪਤ (ਚੇਤੂ) ਨਾਮ ਵਾਲਾ ਧਰਮਰਾਇ ਦਾ ਮੁਨਸ਼ੀ (ਕਾਇਥ) ਇਸ ਜੀਵ ਪਾਸੋਂ, ਅਤੇ ਧਰਮਰਾਇ ਭੀ ਇਸ ਜੀਵ ਪਾਸੋਂ ਹੀ ਲੇਖਾ ਮੰਗੇਗਾ। ਜਦ ਲੇਖਾ ਮੰਗਸੀ ਧਰਮਰਾਇ ਤਾਂ ਇਸ ਜੀਵ ਦੇ ਜ਼ੁਮੇ ਪਾਪ-ਕਰਮਾਂ ਦੀ ਬਾਕੀ ਭਾਰੀ (ਬਹੁਤ ਬਾਹਲੀ) ਨਿਕਲਣੀ ਹੈ। ਪੰਜ ਕ੍ਰਿਸਾਨ (ਕਾਮ, ਕ੍ਰੋਧ, ਲੋਭ, ਮੋਹ, ਆਦਿਕ) ਸਣੇ ਕਰਮ-ਇੰਦਰੀਆਂ ਦੇ ਅਛੂਤ ਨਿਕਲ ਕੇ ਭਜ ਜਾਣਗੇ। ਇਕੱਲਾ ਵਿਚਾਰਾ ਜੀਵ ਹੀ ਧਰਮਰਾਇ ਦੇ ਦਰਬਾਰੀਆਂ (ਜਮਦੂਤਾਂ) ਨੇ ਫੜ ਕੇ ਬੰਨ੍ਹ ਲੈਣਾ ਹੈ। (ਇਹਨਾਂ ਪੰਜਾਂ ਕਿਰਸਾਨਾਂ ਦਾ ਕੀ

ਜਾਣਾ ਹੈ ?) ਤਾਂ ਤੇ ਜੋ ਉਪਾਵ ਜੀਵ ਦੇ ਬਚਾਉ ਦਾ ਹੋ ਸਕਦਾ ਹੈ, ਇਹੋ ਇਸੇ ਮਨੁੱਖਾ ਦੇਹੀ ਦੇ ਹੁੰਦਿਆਂ-ਕਰਦਿਆਂ ਹੀ ਹੋ ਸਕਦਾ ਹੈ। ਉਹ ਉਪਾਵ ਹੈ ਨਾਮ ਸਿਮਰਨ ਦੀ ਅਤੁੱਟ ਕਮਾਈ ਦਾ, ਜਿਸ ਦੇ ਪ੍ਰਤਾਪ ਨਾਲ ਏਸੇ ਮਾਨੁਖਾ ਜਨਮ ਦੀ ਬਰੀਆ (ਏਸੇ ਮਿਲੀ ਬਾਰੀ) ਵਿਖੇ ਹੀ ਬਖ਼ਸ਼ਿਆ ਜਾ ਸਕਦਾ ਹੈ ਅਤੇ ਫੇਰ ਭਵਜਲ ਅੰਦਰ ਫੇਰਾ ਨਹੀਂ ਹੁੰਦਾ, ਆਵਾਗਵਣ ਮਿਟ ਜਾਂਦਾ ਹੈ। ਤਾਂ ਤੇ ਇਸੇ ਮਾਨੁਖਾ ਜਨਮ ਦੀ ਮਿਲੀ ਬਰੀਆਂ ਵਿਖੇ ਹੀ ਸਾਰਾ ਸਰੰਜਾਮ ਭਵਜਲ ਤਰਨ ਦਾ ਅਤੇ ਅੱਗਾ ਸੰਭਾਰਣ ਦਾ ਬਣ ਸਕਦਾ ਹੈ, ਕਿਉਂਕਿ ਮੁੜ ਕੇ ਇਹ ਬਾਰੀ ਮਿਲੇ ਕਿ ਨਾ ਮਿਲੇ, ਮਿਲੇ ਤਾਂ ਖ਼ਬਰੇ ਕਿਤਨੇ ਗੇੜ ਪਿਛੋਂ ਮਿਲੇ। ਜੇ ਖੁੰਝ ਗਏ ਤਾਂ ਮੁੜ ਧਰਮਰਾਇ ਦੇ ਜਮਦੂਤਾਂ ਦੇ ਵਸਿ ਹੀ ਪੈਣਾ ਪਊ।

ਉਪਰਲੇ ਗੁਰਵਾਕ ਦੇ ਭਾਵ ਦੀ ਪੁਸ਼ਟੀ ਹੀ ਇਹ ਅਗਲਾ ਗੁਰਵਾਕ ਕਰਾਉਂਦਾ ਹੈ। ਯਥਾ—

ਜਉ ਜਮੁ ਆਇ ਕੇਸ ਗਹਿ ਪਟਕੈ
ਤਾ ਦਿਨ ਕਿਛੁ ਨ ਬਸਾਹਿਗਾ ॥
ਸਿਮਰਨੁ ਭਜਨੁ ਦਇਆ ਨਹੀ ਕੀਨੀ
ਤਉ ਮੁਖਿ ਚੋਟਾ ਖਾਹਿਗਾ ॥੨॥
ਧਰਮਰਾਇ ਜਬ ਲੇਖਾ ਮਾਗੈ
ਕਿਆ ਮੁਖੁ ਲੈ ਕੈ ਜਾਹਿਗਾ ॥...੩॥੧॥

[ਮਾਰੂ ਕਬੀਰ ਜੀ, ਪੰਨਾ ੧੧੦੬

ਭਾਵ—ਜਿਸ ਪ੍ਰਾਣੀ ਨੇ ਮਾਨੁਖਾ ਦੇਹ ਜਨਮ ਧਾਰ ਕੇ ਵਾਹਿਗੁਰੂ ਦਾ ਸਿਮਰਨ ਭਜਨ ਨਹੀਂ ਕੀਤਾ ਅਤੇ ਜੀਅ-ਦਇਆ ਨਹੀਂ ਪਾਲੀ, ਉਸ ਨੂੰ ਮਰਨ ਪਸਚਾਤ ਮੌਤ ਦੇ ਘਾਟ ਉਤਰਦੇ ਨੂੰ ਹੀ ਜਮ ਨੇ ਆ ਗ੍ਰਸਣਾ ਹੈ ਅਤੇ ਵਾਲਾਂ ਤੋਂ ਫੜ ਕੇ ਪਟੜੇ ਵਾਂਗੂ ਪਛਾੜਨਾ ਹੈ। ਉਸ ਦਿਨ ਉਸ ਦਾ ਕੱਖ ਭੀ ਚਾਰਾ ਨਹੀਂ ਚਲਣਾ। ਫੇਰ ਉਸ ਦੇ ਵਸ ਦੀ ਗੱਲ ਨਹੀਂ ਰਹਿਣੀ। ਤਾਂ ਤੇ ਜੇ ਅਗੇ ਚਲ ਕੇ ਇਹਨਾਂ ਕਰੜੀਆਂ ਸਜ਼ਾਵਾਂ ਤੋਂ ਬਚਣਾ ਹੈ ਤਾਂ ਹਰੇਕ ਪ੍ਰਾਣੀ ਮਾਤ੍ਰ ਨੂੰ ਸਿਮਰਨ ਭਜਨ ਦਇਆ ਦੇ ਗੁਰਮਤਿ ਅਸੂਲ ਉਤੇ ਤੱਤਪਰ ਹੋ ਜਾਣਾ ਚਾਹੀਦਾ ਹੈ, ਅਮਲੀ ਤੌਰ ਤੇ। ਇਸ ਸਿਮਰਨ ਭਜਨ ਦਇਆ-ਮਈ ਗੁਰਮਤਿ ਦੀ ਅਮਲੀ ਜ਼ਿੰਦਗੀ ਬਿਨਾਂ ਅਗੇ ਗਇਆਂ ਧਰਮਰਾਇ ਜ਼ਰੂਰ ਲੇਖਾ ਹੀ ਮੰਗੇਗਾ। ਤਾਂ ਓਹਦੇ ਅਗੇ ਕੀ ਮੂੰਹ ਲੈ ਕੇ ਜਾਣਾ ਹੋਊ ? ਅਤੇ ਉਸ ਨੂੰ ਕੀ ਜਵਾਬ ਦੇਣਾ ਪਊ ? ਕੁਛ ਭੀ ਨਹੀਂ, ਮੂੰਹੋਂ-ਮੂੰਹ ਚੋਟਾਂ ਖਾਣੀਆਂ ਪੈਣਗੀਆਂ, ਤੈ ਜ਼ਰੂਰ

 www.sikhbookclub.com

ਖਾਣੀਆਂ ਪੈਣਗੀਆਂ ।

ਉੱਪਰਲੇ ਗੁਰਵਾਕ ਦੇ ਭਾਵ ਤੋਂ ਉਲਟ ਹੇਠਲਾ ਗੁਰਵਾਕ ਦਸਦਾ ਹੈ ਕਿ ਨਾਮ ਸਿਮਰਨ ਵਾਲਿਆਂ ਦਾ ਅਗੇ ਜਾ ਕੇ ਧਰਮਰਾਇ ਆਦਰ ਸਤਿਕਾਰ ਕਰਦਾ ਹੈ । ਯਥਾ ਗੁਰਵਾਕ—

ਭੈ ਕਉ ਭਉ ਪੜਿਆ ਸਿਮਰਤ ਹਰਿ ਨਾਮ ॥
ਸਗਲ ਬਿਆਧਿ ਮਿਟੀ ਤ੍ਰਿਹੁ ਗੁਣ ਕੀ
ਦਾਸ ਕੇ ਹੋਇ ਪੂਰਨ ਕਾਮ ॥੧॥ਰਹਾਉ॥
ਹਰਿ ਕੇ ਲੋਕ ਸਦਾ ਗੁਣ ਗਾਵਹਿ
ਤਿਨ ਕਉ ਮਿਲਿਆ ਪੂਰਨ ਧਾਮ ॥
ਜਨ ਕਾ ਦਰਸੁ ਬਾਂਛੈ ਦਿਨ ਰਾਤੀ
ਹੋਇ ਪੁਨੀਤ ਧਰਮਰਾਇ ਜਾਮ ॥੧॥ (੨॥੩੯॥੫੨)
[ਭੈਰਉ ਮ: ੫, ਪੰਨਾ ੧੧੫੧

ਭਾਵ—ਨਾਮ ਦੇ ਸਿਮਰਨ ਪਰਤਾਪ ਨਾਲ ਜੀਵ ਨੂੰ ਸਤਾਵਣ ਵਾਲੇ ਭੈ ਸਾਰੇ, ਭੈ-ਭੀਤ ਹੋ ਗਏ, ਅਰਥਾਤ ਮਿਠ ਗਏ । ਸਗਲ ਭਉ ਮਿਟ ਗਏ । ਨਾਮ ਦੀ ਸਿਮਰਨ-ਕਮਾਈ ਦੇ ਤੁਫ਼ੈਲ ਤੇਹਾਂ ਗੁਣਾਂ ਦੀ ਬਿਆਧੀ ਉਪਾਧੀ ਮਿਟ ਗਈ ਅਤੇ ਨਾਮ ਸਿਮਰਨ ਕਮਾਈ ਵਾਲੇ ਦਾਸ ਦੇ ਸਾਰੇ ਮਨੋਰਥ ਪੂਰੇ ਹੋ ਗਏ (ਅਤੇ ਅਗਾਹਾਂ ਨੂੰ ਅਜਿਹੀਆਂ ਨਾਮ ਕਮਾਈਆਂ ਵਾਲਿਆਂ ਦੇ ਹੁੰਦੇ ਰਹਿਣਗੇ ਮਨੋਰਥ ਪੂਰੇ) । ਵਾਹਿਗੁਰੂ ਦੇ ਸਦਾ ਗੁਣ ਗਾਵਣਹਾਰਿਆਂ ਹਰਿ ਕੇ ਲੋਗਾਂ ਨੂੰ ਅਗੇ ਜਾ ਕੇ ਪੂਰਨ ਗੁਰਧਾਮ ਦਾ ਨਿਵਾਸ ਮਿਲੇਗਾ । ਭਾਵ ਗੁਰਪੁਰੀ ਵਿਚ ਹੋਵੇਗਾ ਵਾਜ਼ਾ ਤਿਨ੍ਹਾਂ ਦਾ । ਐਥੇ ਪੂਰਨ ਧਾਮੀ, ਪੂਰਨ ਪਰਤਾਪੀ, ਪੁਗ ਖਲੋਏ ਗੁਰਮੁਖ ਜਨਾਂ ਦੇ ਦਰਸ਼ਨਾਂ ਦੀ ਬਾਂਛਾ, ਦਿਨ ਰਾਤੀ ਦਰਸ਼ਨ ਕਰਨ ਦੀ ਬਾਂਛਾ ਧਰਮਰਾਇ ਅਤੇ ਉਸ ਦੇ ਦੂਤ ਜਮ ਭੀ ਲੋਚਦੇ ਹਨ । ਜੇ ਪੂਰੀ ਹੋ ਜਾਵੇ ਤਾਂ ਉਹ ਭੀ ਪੁਨੀਤ ਹੋ ਜਾਂਦੇ ਹਨ । ਧਰਮਰਾਇ ਅਤੇ ਉਸ ਦੇ ਦੂਤ ਜਮ ਆਦਿਕ ਭੀ ਉੱਪਰ ਦੀਆਂ ਸਿਫ਼ਤਾਂ ਵਾਲੇ ਗੁਰਮੁਖਾਂ ਦਾ ਦਰਸ਼ਨ ਕਰ ਕੇ, ਪਾਵਨ ਅਤੇ ਪੁਨੀਤ ਹੋ ਜਾਂਦੇ ਹਨ । ਐਸਾ ਹੈ ਮਹਾਤਮ ਪੂਰਨ-ਧਾਮੀ, ਹਰਿ ਪਦ-ਪੁਗਾਮੀ ਗੁਰਮੁਖ ਜਨਾਂ ਦੇ ਦਰਸ਼ਨਾਂ ਦਾ ਅਤੇ ਦਰਸ਼ਨਾਂ ਦੀ ਬਾਂਛਾ ਦਾ ।

ਨਾਮ ਬਿਹੂਨੜਿਆਂ ਨੂੰ ਹੀ ਧਰਮਰਾਇ ਦੀ ਅਗੇ ਜਾ ਕੇ ਪਕੜ ਧਕੜ ਹੈ । ਸਿਮਰਨ ਭਜਨ ਬਿਨਾਂ ਮਾਨੁੱਖਾ ਜਨਮ ਬਾਦ ਗਵਾਵਣਹਾਰਿਆਂ ਦੇ ਮੂੰਹ ਧਰਮਰਾਇ ਦੇ ਸ਼ਾਹਮਣੇ ਕਾਲੇ ਕੀਤੇ ਜਾਣਗੇ । (ਅੱਗੇ ਚੱਲ ਕੇ) ਓਹਨਾਂ ਦੇ ਮੂੰਹ ਕਾਲੇ ਕਰ

ਕੇ, ਧਰਮਰਾਇ ਓਹਨਾਂ ਨੂੰ ਗ੍ਰਿਫ਼ਤਾਰ ਕਰ ਕੇ ਬੇਪਤੀ ਕਰੇਗਾ ਅਤੇ ਐਹੋ ਜਿਹੇ ਕਾਲੇ ਮੂੰਹ ਵਾਲਿਆਂ ਨੂੰ ਸਜ਼ਾ ਧਰਮਰਾਇ ਦੇ ਦਰਬਾਰੋਂ ਜੋ ਮਿਲੇਗੀ ਉਹ ਵੱਖਰੀ ਰਹੀ। ਅਰਥਾਤ ਓਹ ਸਜ਼ਾਵਾਂ ਭੀ ਭੁਗਤਣੀਆਂ ਪੈਣਗੀਆਂ, ਜੈਸਾ ਕਿ ਇਸ ਹੇਠਲੇ ਗੁਰਵਾਕ ਦਾ ਭਾਵ ਹੈ—

ਧਰਮਰਾਇ ਜਬ ਪਕਰਸਿ ਬਵਰੇ
ਤਉ ਕਾਲਮੁਖਾ ਉਠਿ ਜਾਹੀ ॥੩॥ (੪॥੨॥੧੬)
[ਸਾਰੰਗ ਮ: ੫, ਪੰਨਾ ੧੨੦੭

ਸ਼ੰਕਾ, ਸੰਕੋਚ, ਲਾਜ ਕੁਲਾਜ ਲੋਕਾਵੀ ਤਜ ਕੇ ਅਤੇ ਅਹੰਕਾਰ ਰਹਿਤ ਹੋ ਕੇ ਸਦਾ ਸਤਿਸੰਗਤ ਕਰਨ ਵਾਲਿਆਂ ਅਤੇ ਸਾਧ ਸੰਗਤਿ ਵਿਚ ਮਿਲ ਕੇ ਰਹਿਣ ਵਾਲਿਆਂ ਦੀ ਸਭ ਮੁਥਾਜੀ ਧਰਮਰਾਇ ਦੀ ਈਨ ਅਤੇ ਕਾਣ ਮੰਨਣ ਦੀ ਚੁੱਕੀ ਜਾਣੀ ਹੈ ਅਤੇ ਬਿਖ ਡੁਬਦੇ ਦੇ ਬਚਣ ਦੀ ਕਾਢ ਭੀ ਨਿਕਲ ਆਉਣੀ ਹੈ। ਯਥਾ ਗੁਰਵਾਕ—

ਤਜਿ ਲਾਜ ਅਹੰਕਾਰੁ ਸਭੁ ਤਜੀਐ ਮਿਲਿ ਸਾਧੂ ਸੰਗਿ ਰਹੀਜੈ ॥
ਧਰਮਰਾਇ ਕੀ ਕਾਨਿ ਚੁਕਾਵੈ ਬਿਖੁ ਡੁਬਦਾ ਕਾਢਿ ਕਢੀਜੈ ॥੨॥
(੮॥੬) [ਕਲਿਆਨੁ ਮ: ੪, ਪੰਨਾ ੧੩੨੬

ਨਾਮ ਦੇ ਸਿਮਰਨ ਦੀ ਪਾਰਸ-ਪਰਤਾਪੀ ਪਰਭਾਵ-ਕਲਾ ਦੇ ਕਾਰਨ ਨਾਮ ਅਭਿਆਸੀ ਦੇ ਸਾਰੇ ਕਿਲਵਿਖ ਪਾਪ ਕਟੇ ਜਾਂਦੇ ਹਨ ਅਤੇ ਧਰਮਰਾਇ ਦੇ ਦਫ਼ਤਰੀ ਲੇਖੇ ਦੀ ਮਿਸਲ ਸਬੰਧੀ ਸਭ ਕਾਗਜ਼ ਫਾੜੇ ਜਾਂਦੇ ਹਨ। ਯਥਾ ਗੁਰਵਾਕ—

ਸਿਮਰਤ ਨਾਮੁ ਕਿਲਬਿਖ ਸਭਿ ਕਾਟੇ ॥
ਧਰਮਰਾਇ ਕੇ ਕਾਗਰ ਫਾਟੇ ॥...੧॥ (੮॥੩॥੨॥੭॥੧੨)
[ਪ੍ਰਭਾਤੀ ਮ: ੫, ਪੰਨਾ ੧੩੪੮

ਗੁਰੂ ਸਤਿਗੁਰੂ ਧੰਨ ਗੁਰੂ ਰਾਮਦਾਸ ਦੇ ਚਰਨ ਕੰਵਲਾਂ ਦਾ ਧਿਆਨ ਧਰਨਹਾਰਿਆਂ ਨੂੰ ਭੀ ਧਰਮਰਾਇ ਦਾ ਤ੍ਰਾਸ ਨਹੀਂ ਰਹਿੰਦਾ। ਯਥਾ ਗੁਰਵਾਕ—

ਰਵਿ ਕੇ ਸੁਤ ਕੋ ਤਿਨ੍ ਤ੍ਰਾਸੁ ਕਹਾ ਜੁ ਚਰੰਨ ਗੁਰੂ ਚਿਤੁ ਲਾਵਤ ਹੈ ॥੩॥
[ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੪

'ਰਵਿ ਕੇ ਸੁਤ' ਦੇ ਅਰਥ ਧਰਮਰਾਇ ਦੇ ਹਨ। ਪਾਪ ਕਰਮ ਕਮਾਵਨਹਾਰੇ ਪਾਪੀ ਪੁਰਸ਼ ਅਗੇ ਜਾ ਕੇ ਰੋਂਦੇ ਕੁਰਲਾਂਦੇ ਹਾਇ ਹਾਇ ਕੁਰਲਾਟ ਕਰਦੇ ਹਨ। ਓਹਨਾਂ ਨੂੰ ਧਰਮਰਾਇ ਐਉਂ ਪੀੜਦਾ ਹੈ ਜਿਉਂ ਕੋਹਲੂ ਵਿਚ ਤਿਲ ਪੀੜੀਂਦੇ

ਹਨ; ਜਿਉਂ ਘਾਣ ਪਈਆਂ ਮਧਾਣੀਆਂ ਘਾਣ ਨੂੰ ਮਥਦੀਆਂ ਹਨ। ਯਥਾ ਗੁਰਵਾਕ—

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਰਾਇ ॥੯॥
[ਸਲੋਕ ਮ: ੫, ਪੰਨਾ ੧੪੨੫

ਏਤਨੇ ਗੁਰ ਪ੍ਰਮਾਣਾਂ ਦੀ ਮੌਜੂਦਗੀ ਵਿਚ ਕੋਈ ਪ੍ਰਾਣੀ ਭੀ ਗੁਰਬਾਣੀ ਉੱਪਰ ਸ਼ਰਧਾ ਰੱਖਣ ਵਾਲਾ ਇਹ ਦੰਮ ਨਹੀਂ ਮਾਰ ਸਕਦਾ ਕਿ ਧਰਮਰਾਇ ਦੀ ਹੋਂਦ ਤੋਂ ਇਨਕਾਰ ਕਰ ਸਕੇ ਯਾ ਆਵਾਗਵਣ ਦੇ ਅਸੂਲ ਨੂੰ ਨਾ ਮੰਨਿ ਸਕੇ ਅਤੇ ਚਿਤਰਗੁਪਤ ਆਦਿ ਪ੍ਰਥਾਇ ਗੁਰਬਾਣੀ ਅੰਦਰ ਜਗਾ-ਬਜਗਾ ਆਈਆਂ ਪ੍ਰਮਾਣੀਕ ਉਦਾਹਰਨਾਂ ਦੀ ਰੌਸ਼ਨੀ ਵਿਚ ਏਹਨਾਂ ਹੋਂਦਾਂ ਤੋਂ ਸਿਰ ਫੇਰ ਸਕੇ। ਆਵਾ ਗਵਣ ਪ੍ਰਥਾਇ ਤਾਂ ਗੁਰਬਾਣੀ ਅੰਦਰ ਹੋਰ ਬਥੇਰੇ ਪ੍ਰਮਾਣ ਹਨ, ਪ੍ਰੰਤੂ ਉੱਪਰ ਦਿਤੇ ਗੁਰ-ਪ੍ਰਮਾਣ ਹੀ ਕਾਫ਼ੀ ਹਨ। ਪੁਸਤਕ ਅਗੇ ਹੀ ਵਧ ਗਈ ਹੈ। ਇਸ ਕਰਕੇ ਏਥੇ ਹੀ ਸਮਾਪਤ ਕਰਦੇ ਹਾਂ। ਕਰਮਾਂ ਦੇ ਨਿਰਣੇ ਸਬੰਦੀ ਪਰਕਰਣ ਬਹੁਤ ਲੰਬਾ ਹੈ, ਇਸ ਕਰਕੇ ਕਰਮ ਫ਼ਿਲਾਸਫ਼ੀ ਸਬੰਧੀ ਵਖਰੀ ਪੁਸਤਕ ਲਿਖਣ ਦੀ ਧਾਰਨਾ ਧਾਰੀ ਹੈ। ਜੇ ਸਤਿਗੁਰੂ ਨੂੰ ਮਨਜ਼ੂਰ ਹੋਇਆ ਤਾਂ ਇਹ ਭੀ ਪੂਰੀ ਹੋ ਹੀ ਜਾਵੇਗੀ।*

ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥...੩॥
(੫॥੫॥੧੨੬) [ਗਉੜੀ ਮ: ੫, ਪੰਨਾ ੨੦੬

—ਇਤਿ—

* ਪੁਸਤਕ 'ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ' ਛਪ ਚੁੱਕੀ ਹੈ।

 www.sikhbookclub.com